33 ਅਪ੍ਰੈਲ-ਜੂਨ, 2014
ISSN 2321- 4449

# ਕਹਾਣੀ ਧਾਰਾ


## ਯਾਦਾਂ | ਵਿਸ਼ੇਸ਼ ਅੰਕ



ਮੁੱਲ : 40/-

Year: 9 Issue No. 33
'KAHANI DHARA'(PUNJABI QUARTERLY) April-June, 2014 R.N.I. Regd No. PUN PUN 2006 / 19971

ਪਰਵਾਜ਼ ਪ੍ਰਕਾਸ਼ਨ ਦੀਆਂ ਹੁਣ ਤੱਕ ਪ੍ਰਕਾਸ਼ਤ ਪੁਸਤਕਾਂ, 'ਕਹਾਣੀ ਧਾਰਾ' ਦੇ ਪਾਠਕਾਂ ਨੂੰ 40% ਡਿਸਕਾਊਂਟ 'ਤੇ ਮਿਲਣਗੀਆਂ। ਪੁਸਤਕਾਂ ਮੰਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ !




ਪਰਵਾਜ਼ ਪ੍ਰਕਾਸ਼ਨ Parwaz Parkashan

**ਅਪ੍ਰੈਲ-ਜੂਨ 2014 ਅੰਕ :33**

KAHANI DHARA (Punjabi Quarterly)
R.N.I.Regd No.PUN PUN/2006/19971
ISSN 2321-4449

e-mail:
kahanidhara@gmail.com
kahani_dhara@yahoo.co.in
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
***KAHANI DHARA***
Vill. Dharampur, P.O. Khambra,
Distt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,**
**10 ਅੰਕ: ਡਾਲਰ:40, ਤੇ ਪੌਂਡ: 35**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ**
**ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kishanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਮਈ, 2014)

**ਸੰਪਾਦਕੀ:**
ਲੇਖਕ, ਯਾਦਾਂ ਅਤੇ ਸਾਹਿਤ-2
**ਯਾਦਾਂ:**
ਗੁਰਦਿਆਲ ਸਿੰਘ-3
ਪ੍ਰੇਮ ਪ੍ਰਕਾਸ਼-5
ਪ੍ਰੋ. ਨਰਿੰਜਨ ਤਸਨੀਮ-9
ਪ੍ਰੋ. ਹਰਭਜਨ ਸਿੰਘ-15
ਤੇਜਵੰਤ ਮਾਨ (ਡਾ.)-26
ਪਿਆਰਾ ਸਿੰਘ ਭੋਗਲ-31
ਡਾ.ਐੱਸ.ਤਰਸੇਮ-40
ਬਲਬੀਰ ਸੰਘੇੜਾ-47
ਅਵਤਾਰ ਸਿੰਘ ਬਿਲਿੰਗ-54
ਅਸ਼ੋਕ ਚਰਨ ਆਲਮਗੀਰ-56
ਭਗਵੰਤ ਰਸੂਲਪੁਰੀ-62
ਕੁਲਬੀਰ ਬਡੇਸਰੋਂ-65
ਗੁਰਮੀਤ ਕੜਿਆਲਵੀ-70
ਦਰਸ਼ਨ ਸਿੰਘ ਗੁਰੂ-76
ਅਜਮੇਰ ਸਿੱਧੂ-79
ਡਾ. ਦਵਿੰਦਰ ਮੰਡ-85
ਸੁਰਿੰਦਰ ਸੋਹਲ-89

ਜਸਪਾਲ ਮਾਨਖੇੜਾ-95
ਡਾ.ਕਰਮਜੀਤ ਸਿੰਘ ਨਡਾਲਾ-98

ਪ੍ਰੀਤ ਨੀਤਪੁਰ-100
ਪਰਗਟ ਸਿੰਘ ਸਤੌਜ-107
ਮਹਿੰਦਰ ਸਿੰਘ ਤਤਲਾ-111
ਬਿੰਦਰ ਸਿੰਘ ਭੁਮਸੀ-115
ਸਰਿੰਦਰ ਸ਼ਿੰਦਰ (ਜਗਨਾਲ)-118
ਸਰੋਜ-121
ਸ਼ਰਣ ਕੁਮਾਰ ਲਿੰਬਾਲੇ-123
ਓਮ ਪ੍ਰਕਾਸ਼ ਵਾਲਮੀਕ-128
**ਆਲੋਚਨਾ:**
ਪ੍ਰੋ. ਸਤਿੰਦਰ ਕੌਰ-131
ਪ੍ਰੋ. ਸਿਮਰਜੀਤ ਕੌਰ-133
ਡਾ. ਮਿਨਾਕਸ਼ੀ ਰਠੌਰ-135
**ਪੁਸਤਕ ਰੀਵਿਊ:** ਸਰੋਜ-139

**ਟਾਈਟਲ ਪੇਟਿੰਗ: ਪੁਨੀਤ ਦੁਸਾਂਝ, ਜਲੰਧਰ 90414-59767**



**ਸੰਪਾਦਕੀ :**

## ਲੇਖਕ, ਯਾਦਾਂ ਅਤੇ ਸਾਹਿਤ

ਯਾਦਾਂ ਦਾ ਲੇਖਕ ਦੀ ਜ਼ਿੰਦਗੀ ਨਾਲ ਗੂੜ੍ਹਾ ਰਿਸ਼ਤਾ ਹੁੰਦਾ ਹੈ। ਜਿੰਨੀਆਂ ਕਰੂਰ, ਖਤਰਨਾਕ ਅਤੇ ਦੁਰਲੱਭ ਯਾਦਾਂ ਦਾ ਭੰਡਾਰ ਲੇਖਕ ਕੋਲ ਹੁੰਦਾ ਹੈ, ਉਸ ਦਾ ਸਾਹਿਤ ਓਨਾ ਹੀ ਉੱਚ ਪਾਏ ਦਾ ਬਣਦਾ ਹੈ। ਇਹ ਯਾਦਾਂ ਹੀ ਹੁੰਦੀਆਂ ਹਨ ਜਿਹੜੀਆਂ ਲੇਖਕ ਦੇ ਸਾਹਿਤ ਨੂੰ ਅਮੀਰ ਕਰਦੀਆਂ ਹਨ। ਜਿਸ ਲੇਖਕ ਦਾ ਬਚਪਨ, ਉਸ ਦਾ ਪਰਿਵਾਰ, ਉਸ ਦਾ ਵਿਰਸਾ ਔਖਾ, ਸਖ਼ਤ ਅਤੇ ਦੁੱਖਾਂ ਨਾਲ ਭਰਿਆ ਹੁੰਦਾ ਹੈ... ਉਹ ਥਾਂ ਥਾਂ ਤੇ ਜ਼ਲੀਲ ਹੋਇਆ, ਸਮਾਜ ਵਲੋਂ ਤ੍ਰਿਸਕਾਰਿਆ ਹੁੰਦਾ ਹੈ। ਉਸ ਦਾ ਸਾਹਿਤ ਓਨਾ ਹੀ ਟੰਬਣ ਵਾਲਾ ਸਾਹਿਤ ਹੁੰਦਾ ਹੈ। ਯਾਦਾਂ ਹੀ ਹੁੰਦੀਆਂ ਹਨ ਜਿਹੜੀਆਂ ਕੁਝ ਲੇਖਕਾਂ ਨੂੰ ਵੱਡਾ ਬਣਾ ਦਿੰਦੀਆਂ ਹਨ, ਕੁਝ ਨੂੰ ਸਧਾਰਨ ਅਤੇ ਕੁਝ ਨੂੰ ਨਿਮਨ ਪੱਧਰ ਦਾ ਬਣਾ ਦਿੰਦੀਆਂ ਹਨ। ਯਾਦਾਂ ਦੇ ਅਮੀਰ ਖ਼ਜ਼ਾਨੇ ਦੇ ਨਾਲ-ਨਾਲ ਜਿਨ੍ਹਾਂ ਲੇਖਕਾਂ ਕੋਲ ਉਨ੍ਹਾਂ ਯਾਦਾਂ ਨੂੰ ਸਾਹਿਤ ਵਿਚ ਤਬਦੀਲ ਕਰਨ ਦੀ ਉੱਚ ਪੱਧਰ ਦੀ ਕਲਾ ਹੁੰਦੀ ਹੈ, ਸਮਾਜਿਕ ਸੂਝ ਹੁੰਦੀ ਹੈ, ਅਮੀਰ ਦ੍ਰਿਸ਼ਟੀ ਹੁੰਦੀ ਹੈ, ਉਹੀ ਲੇਖਕ ਯਾਦਾਂ ਨੂੰ ਸਾਹਿਤ ਵਿਚ ਤਬਦੀਲ ਕਰਕੇ ਵੱਡਾ ਸਾਹਿਤ ਰਚ ਜਾਂਦਾ ਹੈ ਜਿਹੜਾ ਕਿ ਦੇਰ ਤੱਕ ਜਿਉਂਦਾ ਰਹਿੰਦਾ ਹੈ। ਯਾਦਾਂ ਕੱਚਾ ਮਸਾਲਾ ਜ਼ਰੂਰ ਹੁੰਦੀਆਂ ਹਨ। ਪਰ ਸੁਲਝਿਆ ਹੋਇਆ ਲੇਖਕ ਹੀ ਉਨ੍ਹਾਂ ਯਾਦਾਂ ਨੂੰ ਆਪਣੀ ਕੁਸ਼ਲਤਾ ਨਾਲ ਉਨ੍ਹਾਂ ਵਿਚੋਂ ਵੱਡਾ ਸਾਹਿਤ ਕੱਢ ਲੈਂਦਾ ਹੈ। ਯਾਦਾਂ ਤਾਂ ਹਰ ਸੋਚਵਾਨ ਮਨੁੱਖ ਕੋਲ ਹੁੰਦੀਆਂ ਹਨ। ਪਰ ਉਨ੍ਹਾਂ ਯਾਦਾਂ ਨੂੰ ਸਾਹਿਤ ਵਿਚ ਕਿਵੇਂ ਤਬਦੀਲ ਕਰਨਾ ਹੁੰਦਾ ਹੈ ਇਹ ਉਹ ਕੁਸ਼ਲਤਾ ਸਾਹਿਤਕਾਰ ਕੋਲ ਹੀ ਹੁੰਦੀ ਹੈ। ਭਲਾ ਇਕ ਕਮਰੇ ਵਿਚ ਜਾਂ ਇਕ ਘਰ ਵਿਚ ਸਿਮਟ ਕੇ ਰਹਿਣ ਵਾਲਾ ਲੇਖਕ ਕਿੰਨਾ ਕੁ ਵੱਡਾ ਸਾਹਿਤ ਰਚ ਸਕਦਾ ਹੈ। ਹੁਣ ਤੱਕ ਜਿੰਨੇ ਵੀ ਵੱਡੇ ਸਾਹਿਤਕਾਰ ਹੋਏ ਹਨ ਉਹ ਘੁਮੱਕੜ ਕਿਸਮ ਦੇ ਹੋਏ ਹਨ। ਅਕਸਰ ਹੀ ਲੇਖਕ ਸਮਾਜ ਵਿਚ ਵਿਚਰਦੇ ਹਨ। ਆਪਣੀਆਂ ਯਾਦਾਂ ਨੂੰ ਅਮੀਰ ਕਰਨ ਲਈ ਉਹ ਤਰ੍ਹਾਂ ਤਰ੍ਹਾਂ ਲੋਕਾਂ ਨੂੰ ਮਿਲਦੇ ਹਨ। ਉਹ ਦਲਿਤਾਂ ਦੇ ਵਿਹੜਿਆਂ ਵਿਚ ਵਿਚਰਦੇ ਹਨ, ਸਲੰਮ ਏਰੀਏ ਵਿਚ ਜਾਂਦੇ ਹਨ, ਵੇਸਵਾਵਾਂ ਦੇ ਅੱਡਿਆ ਵਿਚ ਜਾਂਦੇ ਹਨ, ਰੰਡੀਆਂ ਦੇ ਕੋਠਿਆ ਵਿਚ ਜਾਂਦੇ ਹਨ, ਜੰਗਲੀ ਕਬੀਲਿਆਂ ਵਿਚ ਵਿਚਰਦੇ ਹਨ, ਚੋਰਾਂ , ਜੇਬ ਕਤਰਿਆਂ, ਖੁਸਰਿਆਂ ਨਾਲ ਸਾਂਝ ਪਾਉਂਦੇ ਹਨ, ਅਨੇਕਾਂ ਮਰਦਾਂ-ਔਰਤਾਂ ਨਾਲ ਸਾਂਝ ਵੀ ਰੱਖਦੇ ਹਨ ਤਾਂ ਕਿ ਉਨ੍ਹਾਂ ਦੀਆਂ ਯਾਦਾਂ ਨੂੰ ਸੁਣ ਸਕਣ ਅਤੇ ਆਪਣੀਆਂ ਯਾਦਾਂ ਨੂੰ ਅਮੀਰ ਕਰ ਸਕਣ। ਪਿੰਡਾਂ ਦੀ ਸੱਥਾਂ ਵਿਚ ਬਜ਼ਰਗਾਂ ਕੋਲ ਯਾਦਾਂ ਦੇ ਭੰਡਾਰ ਹੁੰਦੇ ਹਨ। ਸਾਹਿਤਕਾਰ ਉਨ੍ਹਾਂ ਦੀਆਂ ਯਾਦਾਂ ਸੁਣਦੇ ਹਨ। ਇਨ੍ਹਾਂ ਲੋਕਾਂ ਕੋਲ, ਸਮਾਜ ਨੂੰ ਸਮਝਣ ਲਈ ਬਹੁਤ ਮੁੱਲਵਾਨ ਗਿਆਨ ਹੁੰਦਾ ਹੈ, ਇਨ੍ਹਾਂ ਦੀਆਂ ਯਾਦਾਂ ਨੂੰ ਸੁਣ ਸੁਣ ਕੇ ਸਾਹਿਤਕਾਰ ਕਹਾਣੀਆਂ ਤੇ ਨਾਵਲਾਂ ਦੀ ਸਿਰਜਣਾ ਕਰਦੇ ਹਨ। ਭਗਤੀ ਕਾਲ, ਸੂਫੀ ਕਾਲ, ਕਿੱਸਾ ਕਾਲ ਉਪਰੰਤ ਬਾਅਦ ਦੇ ਸਮੇਂ ਵਿਚ ਪੈਦਾ ਹੋਏ ਕਲਮਕਾਰ ਲੋਕਾਂ ਨੂੰ ਸਮਝਣ ਲਈ ਲੰਮੀਆਂ ਯਾਤਰਾਵਾਂ ਕਰਦੇ ਰਹੇ ਹਨ। ਆਜ਼ਾਦੀ ਤੋਂ ਬਾਅਦ ਦੇ ਪੰਜਾਬੀ ਤੇ ਭਾਰਤੀ ਜ਼ੁਬਾਨਾਂ ਦੇ ਸਾਹਿਤਕਾਰ ਵਧੇਰੇ ਕਰਕੇ ਪਿੰਡਾਂ ਦੇ ਲੋਕਾਂ ਵਿਚ ਹੀ ਵਿਚਰਦੇ ਸਨ। ਪੇਂਡੂ ਲੋਕਾਂ ਦੀਆਂ ਯਾਦਾਂ ਅਤੇ ਸਮਾਜ ਦੀ ਬਣਤਰ ਨੂੰ ਸਮਝ ਕੇ ਹੀ ਸਾਹਿਤ ਲਿਖਦੇ ਰਹੇ ਹਨ।

ਸਾਹਿਤਕਾਰਾਂ ਕੋਲੋਂ ਯਾਦਾਂ ਲਿਖਵਾਉਣ ਦੀ ਜਦੋਂ ਵਿਉਂਤ ਬਣਾਈ ਤਾਂ ਮਕਸਦ ਇਹੀ ਸੀ ਕਿ ਲੇਖਕਾਂ ਕੋਲੋਂ ਉਹ ਯਾਦਾਂ ਲਿਖਵਾਈਆਂ ਜਾਣ ਜਿਹੜੀਆਂ ਯਾਦਾਂ ਦੇ ਸਹਾਰੇ ਉਹ ਉੱਚ ਪਾਏ ਦੀਆਂ ਰਚਨਾਵਾਂ ਕਰਦੇ ਸਨ। ਉਹ ਅਸਲ ਯਾਦਾਂ ਕਿਸ ਰੂਪ ਵਿਚ ਸਨ ਅਤੇ ਜਦੋਂ ਸਾਹਿਤ ਦਾ ਅੰਗ ਬਣਦੀਆਂ ਹਨ ਤਾਂ ਉਹ ਕਿਸ ਤਰ੍ਹਾਂ ਦੀ ਸ਼ਕਲ ਅਖਤਿਆਰ ਕਰ ਲੈਂਦੀਆਂ ਹਨ। ਇਸ ਮਕਸਦ ਵਿੱਚ ਕੁਝ ਹੱਦ ਤੱਕ ਸਫ਼ਲਤਾ ਮਿਲੀ ਹੈ। ਬਹੁਤੇ ਲੇਖਕਾਂ ਨੇ ਯਾਦਾਂ ਹੀ ਲਿਖ ਦਿੱਤੀਆਂ, ਹੁਣ ਇਨ੍ਹਾਂ ਯਾਦਾਂ ਵਿਚੋਂ ਪਾਠਕ ਉਨ੍ਹਾਂ ਦੇ ਲਿਖੇ ਸਾਹਿਤ ਦੇ ਸੂਤਰ ਲੱਭ ਸਕਦੇ ਹਨ।

**- ਭਗਵੰਤ ਰਸੂਲਪੁਰੀ**

## ... ਤਿਉ ਸਾਧੂ ਰਮਤੇ ਭਲੇ !/ - ਗੁਰਦਿਆਲ ਸਿੰਘ

ਧਰਤੀ ਉੱਤੇ ਕੁਦਰਤ ਨੇ ਸਭ ਤੋਂ ਵੱਡਾ ਜੋ ਚਮਤਕਾਰ ਕੀਤਾ ਹੈ ਉਹ ਮਨੁੱਖ ਹੈ। ਪਰ ਇਸ ਚਮਤਕਾਰ ਨੂੰ ਜੋ ਕਰੋੜਾਂ-ਅਰਬਾਂ ਸੈਲਾਂ ਵਾਲ਼ਾ ਦਿਮਾਗ਼ ਦਿੱਤਾ ਹੈ, ਉਸ ਵਿਚ ਵਿਤਕਰਾ ਕੀਤਾ ਹੈ। ਬਹੁ ਗਿਣਤੀ ਨੂੰ ਦਿਮਾਗ਼ ਸਾਧਾਰਨ ਦਿੱਤਾ ਹੈ, ਪਰ ਵਿਰਲੇ ਵਿਅਕਤੀਆਂ ਨੂੰ ਬਹੁਤ ਸੰਵੇਦਨਸ਼ੀਲ ਬੁੱਧੀ ਦਿੱਤੀ ਹੈ। ਅਜਿਹੇ ਬੰਦੇ ਬਹੁਤ ਹੀ ਘੱਟ ਪੈਦਾ ਕੀਤੇ ਹਨ ਜੋ ਸੰਸਾਰ ਤੋਂ ਬ੍ਰਹਿਮੰਡ ਤਕ ਦੇ ਰਹੱਸ ਨੂੰ ਸਮਝਣ ਦਾ ਯਤਨ ਕਰਦੇ ਆਏ ਹਨ। ਅਜਿਹੇ ਮਨੁੱਖਾਂ ਨੇ ਹੀ, ਜੰਗਲੀ ਜਾਨਵਰਾਂ ਵਰਗਾ ਜੀਵਨ ਜਿਉਣ ਵਾਲੇ ਮਨੁੱਖੀ ਜੀਵਨ ਨੂੰ ਅੱਜ ਦੇ ਆਧੁਨਿਕ ਸਮਾਜਾਂ ਤਕ ਲਿਆਂਦਾ ਹੈ। ਇਹੋ ਵਿਰਲੇ ਬੰਦੇ ਹਨ ਜਿਨ੍ਹਾਂ ਵਿਚੋਂ ਮਹਾਨ ਵਿਦਵਾਨ, ਸਾਹਿਤਕਾਰ ਤੇ ਵਿਗਿਆਨੀ ਪੈਦਾ ਹੁੰਦੇ ਆਏ ਹਨ। ਇਹੋ ਬੰਦੇ ਜਾਣ ਸਕੇ ਹਨ ਕਿ ਇਹ ਬ੍ਰਹਿਮੰਡ ਕਿਵੇਂ ਸਿਰਜਿਆ ਗਿਆ ਤੇ ਧਰਤੀ ਤੇ ਪਾਣੀ, ਪਹਾੜਾਂ, ਬਨਸਪਤੀ ਤੇ ਕੀੜੀ ਤੋਂ ਹਾਥੀ ਤੱਕ ਵਰਗੇ ਜੀਵ ਕਿੰਜ, ਕਦੋਂ, ਕਿਵੇਂ ਪੈਦਾ ਹੋਏ ਤੇ ਕਰੋੜਾਂ ਸਾਲਾਂ ਵਿੱਚ ਉਹਨਾਂ ਨੇ ਆਪਣੇ ਆਪ ਨੂੰ ਕਿੰਜ, ਧਰਤੀ ਦੇ ਵਾਯੂਮੰਡਲ ਅਨੁਸਾਰ ਬਦਲਿਆ। (ਮਨੁੱਖ ਤਾਂ ਸਿਰਫ ਪਿਛਲੀਆਂ ਕੁਝ ਸਦੀਆਂ ਵਿੱਚ ਹੀ ਚੰਦਰਮਾ ਦੀ ਧਰਤੀ ਉੱਤੇ ਵੀ ਪਹੁੰਚ ਗਿਆ।)

ਤੁਹਾਡੇ ਦਿਤੇ ਵਿਸ਼ੈ ਬਾਰੇ, ਹਰ ਵਿਦਵਾਨ, ਦਾਰਸ਼ਨਿਕ, ਵਿਗਿਆਨੀ ਤੇ ਸਾਹਿਤਕਾਰ ਆਉਂਦੇ ਰਹੇ ਹਨ ਜਿਨ੍ਹਾਂ ਦੀ ਗਿਣਤੀ ਕਦੇ ਵੀ ਬਹੁਤੀ ਨਹੀਂ ਰਹੀ (ਵਰਤਮਾਨ ਸਮੇਂ ਸੱਤ ਅਰਬ ਬੰਦਿਆਂ ਵਿਚੋਂ ਕੁਝ ਲੱਖ ਵੀ ਮੁਸ਼ਕਲ ਨਾਲ ਹੋ ਸਕਦੀ ਹੈ) ਅਜਿਹੇ ਪਹਿਲੇ ਦੋ ਵਿਗਿਆਨੀ ਕਾਪਰਨੀਕਸ ਤੇ ਗਲੀਲਿਓ ਸਨ। ਸਿਰਫ ਚਾਰ-ਪੰਜ ਸਦੀਆਂ ਪਹਿਲਾਂ ਪੈਦਾ ਹੋਏ ਇਹਨਾਂ ਦੋ ਵਿਗਿਆਨੀਆਂ ਨੇ ਸੰਸਾਰ ਦੇ ਕਰੋੜਾਂ ਬੰਦਿਆਂ ਦੀ ਸੋਚ ਸਮਝ ਬਦਲ ਦਿੱਤੀ। ਅਤਿਅੰਤ ਸੰਵੇਦਨਸ਼ੀਲ ਬੰਦਿਆਂ ਦੇ, ਤੇ ਆਮ ਲੋਕਾਂ ਦੇ ਦਿਮਾਗ਼ਾਂ ਵਿਚ ਅਜਿਹਾ ਹੰਘਾਲ਼ ਪਾਇਆ ਕਿ ਅਰਬਾਂ ਸਾਲ ਵਿੱਚ ਵਿਕਸਿਤ ਹੋਈ ਧਰਤੀ ’ਤੇ ਖਰਬਾਂ ਸਾਲ ਪਹਿਲਾਂ ਵਜੂਦ ਵਿੱਚ ਆਏ ਬ੍ਰਹਿਮੰਡ ਤਕ ਦੀਆਂ ਖੋਜਾਂ ਲਈ ਚਮਤਕਾਰੀ ਦਿਮਾਗ਼ਾਂ ਵਾਲੇ ਅਜਿਹੇ ਕੁਝ ਵਿਰਲੇ ਬੰਦਿਆਂ ਨੂੰ ਇੰਜ ਉਤੇਜਿਤ ਕੀਤਾ ਕਿ ਕਰੋੜਾਂ ਸਾਧਾਰਨ ਦਿਮਾਗ਼ਾਂ ਵਾਲੇ ਬੰਦਿਆਂ ਨੂੰ ਧਰਤੀ ਤੇ ਸੰਸਾਰ ਦੇ ਅਤਿਅੰਤ ਜਟਿਲ ਭੇਦਾਂ ਨੂੰ ਸਮਝਣ ਲਈ ਤੇ ਕਰੋੜਾਂ ਆਮ ਲੋਕਾਂ ਦੇ ਸਾਧਾਰਨ ਦਿਮਾਗ਼ਾਂ ਨੂੰ ਸੋਚਣ ਲਾ ਦਿੱਤਾ। (ਬੰਦੇ ਦੇ ਸਰੀਰਕ ਤੇ ਦਿਮਾਗ ਦੇ ਵਿਕਾਸ ਬਾਰੇ ਤਾਂ ਡਾਰਵਿਨ ਨਾਂ ਦੇ ਵਿਗਿਆਨੀ ਨੇ ਸਿਰਫ ਡੇਢ ਕੁ ਸਦੀ ਪਹਿਲਾਂ ਹੀ ਖੋਜਾਂ ਕਰਕੇ ਦੱਸਿਆ ਸੀ ਕਿ ਮਨੁੱਖ ਨੇ ਵਰਤਮਾਨ ਸਰੀਰ ਕਿਵੇਂ ਗ੍ਰਹਿਣ ਕੀਤਾ।)

ਉਪਰਲੇ ਕੁਝ ਵੇਰਵੇ ਇਸ ਲਈ ਹਨ ਕਿ ਮਨੁੱਖੀ ਸਰੀਰ ਤੇ ਦਿਮਾਗ ਬਾਰੇ ਮੁਢਲੀ ਜਾਣਕਾਰੀ ਹੋ ਸਕੇ। ਪਰ ਤੁਸੀਂ ਜੋ ਜਾਣਕਾਰੀ ਦੇਣ ਲਈ ਕਿਹਾ ਹੈ ਉਹਦਾ ਸੰਬੰਧ ਲੇਖਕ ਤੇ ਸਾਹਿਤ ਦੀ ਰਚਨਾ ਨਾਲ ਹੈ। ਇਹਦਾ ਉੱਤਰ ਸ਼ਾਇਦ ਕੋਈ ਵੀ ਲੇਖਕ ਪੂਰੀ ਤਰ੍ਹਾਂ ਨਾ ਦੇ ਸਕੇ। ਉੱਤਮ ਲੇਖਕ, ਵਿਦਵਾਨ, ਕਵੀ ਹਮੇਸ਼ਾ ਬਹੁਤ ਘੱਟ ਗਿਣਤੀ ਵਿਚ ਰਹੇ ਹਨ। ਮਿਸਾਲ ਵਜੋਂ ਗੁਰੂ ਨਾਨਕ ਦੇਵ ਦੇ ਸਮੇਂ ਮਹਾਨ ਕਵੀ ਉਹ ਇੱਕੋ ਸਨ। (ਉਹਨਾਂ ਤੋਂ ਦੂਜੀ, ਤੀਜੀ ਜਾਂ ਚੌਥੀ ਸ਼੍ਰੇਣੀ ਦੇ ਕਵੀ ਚਾਹੇ ਖਾਸੀ ਗਿਣਤੀ ’ਚ ਹੋਣ ਪਰ ਉਹ ਪੰਜਾਬੀ ਸਮਾਜ ’ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਾਲਾ ਪ੍ਰਭਾਵ ਨਹੀਂ ਪਾ ਸਕੇ।)

ਸੰਵੇਦਨਸ਼ੀਲ ਸਾਹਿਤਕਾਰ ਉੱਤਮ ਬੁੱਧੀ ਵਾਲੇ ਹੀ ਹੁੰਦੇ ਹਨ। ਉਂਜ ਭਾਵੇਂ ਜਨਮ ਤੋਂ ਮੌਤ ਤਕ ਹਰ ਸਾਧਾਰਨ ਆਦਮੀ ਵੀ ਆਪਣੇ ਪਰਿਵਾਰ, ਸਮਾਜ ਬਾਰੇ ਨੀਵੀਂ ਪੱਧਰ ’ਤੇ ਸੋਚਦਾ ਸਮਝਦਾ ਰਹਿੰਦਾ ਹੈ।



ਪਰ ਉਹਦਾ ਅਨੁਭਵ ਉੱਤਮ ਤੇ ਵਧੇਰੇ ਗਹਿਰਾ ਨਹੀਂ ਹੁੰਦਾ। ਇਸੇ ਕਾਰਨ ਉਹ ਰਚਨਾਤਮਿਕ ਪਰਵਿਰਤੀ ਵਾਲੇ ਨਹੀਂ ਹੁੰਦੇ (ਤਦੇ ਉਹ ਸਾਧਾਰਨ ਤੇ ਆਪੇ ਬਣੇਂ ਬਾਬਿਆਂ ਦੇ ਡੇਰਿਆਂ ਵਿੱਚ ਭਟਕਦੇ ਰਹਿੰਦੇ ਹਨ)।

ਸਾਹਿਤ ਰਚਨਾਤਮਿਕ ਤੇ ਅਤਿਅੰਤ ਜਟਿਲ ਕਾਰਜ ਹੈ ਇਸੇ ਕਾਰਨ ਉੱਤਮ ਸਾਹਿਤਕਾਰ ਦਾ ਅਨੁਭਵ, ਆਮ ਬੰਦੇ ਤੋਂ ਵੱਖਰਾ ਹੁੰਦਾ ਹੈ। ਜਨਮ ਤੋਂ ਹੀ ਉਹ ਆਮ ਬੰਦੇ ਤੋਂ ਵੱਖਰੀ ਤਰ੍ਹਾਂ ਸੋਚਦਾ ਤੇ ਜੀਵਨ-ਯਥਾਰਥ ਨੂੰ ਗਹਿਰਾਈ ਨਾਲ ਸਮਝਣ ਸੋਚਣ ਦਾ ਯਤਨ ਕਰਦਾ ਹੈ। ਤੇ ਬੰਦੇ, ਘਟਨਾਵਾਂ ਤੇ ਮਨੁੱਖੀ ਵਰਤਾਰੇ ਦੇ ਰਹੱਸ ਨੂੰ ਸਮਝਣ ਦਾ ਯਤਨ ਕਰਦਾ ਰਹਿੰਦਾ ਹੈ। ਪਰ ਕਿਸੇ ਵੀ ਸਾਹਿਤਿਕ ਰਚਨਾ ਲਈ ਏਨਾਂ ਹੀ ਕਾਫ਼ੀ ਨਹੀਂ ਹੁੰਦਾ। ਕੋਈ ਵੀ ਉੱਤਮ ਸਾਹਿਤਿਕ ਰਚਨਾ, ਫੋਟੋਗ੍ਰਾਫੀ ਵਾਂਗ ਮਾਨਵੀ ਵਰਤਾਰੇ ਦੀ ਤਸਵੀਰ ਨਹੀਂ ਹੁੰਦੀ। ਸਾਧਾਰਨ ਸ਼ਬਦਾਂ ਵਿਚ ਉਹ ਉੱਤਮ ਚਿਤਰਕਾਰੀ ਵਾਂਗ ਹੁੰਦੀ ਹੈ। ਭਾਵੇਂ ਉਹ ਸਾਹਿਤਕਾਰ ਦੇ ਅਸਾਧਾਰਨ ਅਨੁਭਵ ਤੇ ਵਿਸ਼ੇਸ਼ ਦ੍ਰਿਸ਼ਟੀਕੋਣ ’ਤੇ ਅਧਾਰਿਤ ਹੁੰਦੀ ਹੈ। ਪਰ ਪਾਠਕ ਨੂੰ ਦਿਸਦੇ ਸੰਸਾਰ ਦੀ ਨਕਲ ਵੀ ਮਹਿਸੂਸ ਹੁੰਦੀ ਹੈ, ਪਰ ਇਹ ਲਾਜ਼ਮੀ ਹੈ ਕਿ ਉਹਨੂੰ ਦਿਸਦੇ ਸੰਸਾਰ ਤੋਂ ਵੱਖਰੀ ਦਿੱਸਣ ਦਾ ਅਹਿਸਾਸ ਵੀ ਹੋਵੇ। ਸਫ਼ਲ ਸਾਹਿਤਿਕ ਰਚਨਾ ਕਦੇ ਵੀ ਮਨੋਰਥਹੀਣ ਨਹੀਂ ਹੁੰਦੀ। ਭਾਵੇਂ ਸੰਸਾਰਕ ਮਾਹੌਲ ਵਿਚ ਬਿਤਾਏ ਜੀਵਨ ਦੇ ਅਨੁਭਵ ਅਨੁਸਾਰ ਪਾਠਕ ਨੂੰ ਸਾਹਿਤ ਵਿਚ ਦਰਸਾਏ ਦ੍ਰਿਸ਼ਟੀਕੋਣ ਨੂੰ ਸਮਝਣ ਵਿਚ ਕੁਝ ਅਉਖ ਮਹਿਸੂਸ ਹੁੰਦੀ ਹੈ, ਪਰ ਅਜਿਹੇ ਦ੍ਰਿਸ਼ਟੀਕੋਣ ਤੋਂ ਸੱਖਣਾ ਸਾਹਿਤ, ਕਦੇ ਵੀ ਮਾਨਵੀ ਜੀਵਨ ਲਈ ਸਾਰਥਿਕ ਨਹੀਂ ਹੁੰਦਾ। ਸਾਹਿਤ ਨੇ ਹੀ ਮਨੁੱਖੀ ਜੀਵਨ ਨੂੰ ਜਿਉਣ-ਜੋਗਾ ਬਣਾਇਆ ਹੈ। ਵਰਤਮਾਨ ਸਮਾਜਾਂ ਅੰਦਰ, ਕੁਝ ਅਮਾਨਵੀ ਬਿਰਤੀ ਵਾਲੇ ਬੰਦਿਆਂ ਨੇ ਇਹਨੂੰ ਮਾਨਵੀ ਗੁਣਾਂ ਤੋਂ ਸੱਖਣਾ ਰੱਖਣ ਦੇ ਸਭ ਯਤਨ ਕੀਤੇ ਹਨ (ਤੇ ਲਗਾਤਾਰ ਕਰ ਰਹੇ ਹਨ।) ਪਰ ਕਦੇ ਵੀ ਹਮੇਸ਼ਾ ਸਫ਼ਲ ਨਹੀਂ ਹੋ ਸਕਦੇ।

ਮਾਨਵੀ ਜੀਵਨ ਦੇ ਵਿਤਕਰਿਆਂ ਤੇ ਅਉਗਣਾਂ ਤੋਂ ਮੁਕਤੀ, ਉਤਮ, ਸਾਹਿਤ ਨੇ ਕਰਾਉਣੀ ਹੈ ਚਾਹੇ ਉਹ ਕਬੀਰ ਦਾ ਜਾਤੀਵਾਦ ਦਾ ਖੰਡਨ ਹੋਵੇ ਜਾਂ ਗੁਰਬਾਣੀ (ਜੋ ਅਧਿਆਤਮਿਕ ਮੁਹਾਵਰੇ ਰਾਹੀਂ, ਅਮਾਨਵੀ ਵਰਤਾਰੇ ਦਾ ਖੰਡਨ ਹੀ ਹੈ)।

ਤੁਸੀਂ ਜੋ ਲੇਖਕ ਦੀਆਂ ਰਚਨਾਵਾਂ ਦੀਆਂ ਜੜ੍ਹਾਂ ਬਾਰੇ ਪੁੱਛਿਆ ਹੈ, ਆਸ ਹੈ ਉਹ ਸਿਧੇ ਅਸਿੱਧੇ ਢੰਗ ਨਾਲ ਦੱਸ ਦਿੱਤਾ ਹੈ। ਵਿਸ਼ੇਸ਼ ਪੱਖ ਇਹੋ ਹੈ ਕਿ ਮੈਂ ਕੋਈ ਵੀ ਰਚਨਾ ਮਨੋਰਥਹੀਣ ਨਹੀਂ ਲਿਖੀ। ਅਜਿਹੀ ਕਿਸੇ ਵੀ ਰਚਨਾ ਦਾ ਮੂਲ ਆਧਾਰ ਭਾਵੇਂ ਜਾਣੇ-ਪਛਾਣੇ ਲੋਕ ਹੋਣ ਜਾਂ ਸਮਾਜਿਕ ਜੀਵਨ ਦਾ ਅਨੁਭਵ, ਪਰ ਉਹਨੂੰ ਉੱਤਮ ਸਾਹਿਤ ਦਾ ਰੂਪ ਦੇਣ ਲਈ (ਸਿਰਜਣਾ ਲਈ) ਉਹ ਗੁਣ ਹੋਣੇ ਜ਼ਰੂਰੀ ਹਨ ਜੋ ਉਪਰ ਦੱਸੇ ਗਏ ਹਨ। ਇਸਨੂੰ ਸਭ ਤੋਂ ਸਾਉਖੇ ਸ਼ਬਦਾਂ ਵਿਚ ਇੰਜ ਵੀ ਵਧੇਰੇ ਸਪਸ਼ਟ ਕੀਤਾ ਜਾ ਸਕਦਾ ਹੈ ਕਿ ਉਤੋਂ ਸ਼ਾਂਤ ਵਗਦੇ ਦਰਿਆ ਦੇ ਪਾਣੀ ਨੂੰ ਕੋਈ ਸਾਧਾਰਨ ਬੰਦਾ ਦੇਖ ਸਕਦਾ ਹੈ, ਉਹੋ ਉਸਦਾ ਸਾਧਾਰਨ ਅਨੁਭਵ ਹੁੰਦਾ ਹੈ। ਪਰ ਉਤੋਂ ਸ਼ਾਂਤ ਵਗਦੇ ਪਾਣੀ ਦੇ ਹੇਠਲੀਆਂ ਲਹਿਰਾਂ ਦੀ ਬੇਚੈਨੀ, ਛੋਟੇ ਵੱਡੇ ਪਾਣੀ ਦੇ ਜੀਵ, ਡੂੰਘੀਆਂ ਜੜਾਂ ਵਾਲੇ ਬੂਟੇ ਆਦਿ ਦੇਖਣ ਲਈ ਉੱਤਮ ਬੁੱਧੀ, ਅਸਾਧਾਰਨ ਅਨੁਭਵ ਤੇ ਦ੍ਰਿਸ਼ਟੀ ਦੀ ਲੋੜ ਹੁੰਦੀ ਹੈ ਜੋ ਕੇਵਲ ਮਹਾਨ ਵਿਦਵਾਨਾਂ ਵਿਗਿਆਨੀਆਂ ਤੇ ਮਾਨਵੀ ਜੀਵਨ ਦੇ ਹਰ ਪੱਖ ਨੂੰ ਦੇਖਣ, ਸਮਝਣ ਤੇ ਸੰਵੇਦਨਸ਼ੀਲ ਸਾਹਿਤਕਾਰਾਂ ਨੂੰ ਮਿਲੀ ਹੁੰਦੀ ਹੈ। ਜੇ ਉਹ ਮਾਨਵੀ ਜੀਵਨ ਦੀਆਂ ਅਜਿਹੀਆਂ ਅਦਿੱਸ਼ ਗਹਿਰਾਈਆਂ ਨੂੰ ਦੇਖ, ਸਮਝ ਨਹੀਂ ਸਕਦੇ ਤੇ ਸਮਾਜ ਦੇ ਅਮਾਨਵੀ ਵਰਤਾਰੇ ਦਾ, ਰਚਨਾਤਮਿਕ ਤੇ ਪ੍ਰਭਾਵਸ਼ਾਲੀ ਕ੍ਰਿਤੀਆਂ ਰਾਹੀਂ ਪਾਠਕਾਂ ਨੂੰ ਅਹਿਸਾਸ ਨਹੀਂ ਕਰਵਾ ਸਕਦੇ ਤੇ ਉਹਨਾਂ ਨੂੰ ਅਮਾਨਵੀ ਮਾਹੌਲ ਨੂੰ ਬਦਲਣ ਲਈ ਉਤੇਜਿਤ ਨਹੀਂ ਕਰ ਸਕਦੇ ਤਾਂ ਉਹ ਕਦੇ ਵੀ ਉੱਤਮ ਸਾਹਿਤ ਦੀ ਰਚਨਾ ਨਹੀਂ ਕਰ ਸਕਦੇ। ਜੇ ਉਹ ਨਿਮਨ ਤੇ ਪ੍ਰਭਾਵਹੀਣ ਸਾਹਿਤ ਦੀ ‘ਰਚਨਾ’ ਦੇ ਭੁਲੇਖੇ

ਵਿਚ, ਸਿਰਫ ਆਪਣੀਆਂ ਅਰਥਹੀਣ ਤੇ ਅਮਾਨਵੀ ਭਾਵਨਾਵਾਂ ਦੀ ਪਕੜ ਵਿਚ ਕੇਵਲ ਦਰਿਆ ਦੇ ਸਤੱਹੀ ਪਾਣੀ ਦਾ ਹੀ ਵਰਨਣ ਕਰੀ ਜਾਂਦੇ ਹਨ ਤਾਂ ਉਹ 'ਕਾਗਦਕਾਰੇ' ਕਰ ਰਹੇ ਹੁੰਦੇ ਹਨ, ਉੱਤਮ ਸਾਹਿਤ ਦੀ ਸਿਰਜਣਾ ਨਹੀਂ ਕਰ ਰਹੇ ਹੁੰਦੇ। ਉੱਤਮ ਸਾਹਿਤ ਦਾ ਮਨੋਰਥ ਇਸ ਪੰਗਤੀ ਵਿਚ ਹੈ-

ਬਹਿਤਾ ਪਾਣੀ ਨਿਰਮਲਾ ਖੜੇ ਤੇ ਕੰਧਲਾ ਹੋਏ।
ਤਿਉ ਸਾਧੂ ਰਮਤੇ ਭਲੇ ਦਾਗ ਨਾ ਲਾਗੇ ਕੋਏ।

ਤੇ ਮਹਾਨ ਸਾਹਿਤਕਾਰ ਵੀ ਅਜਿਹੇ ਸਾਧੂ ਹੁੰਦੇ ਹਨ ਜੋ ਸਦਾ ਜੀਵਨ ਨੂੰ ਗੰਧਲਾ ਹੋਣ ਤੋਂ ਬਚਾਉਣ ਲਈ ਸਦਾ ਸਾਹਿਤ-ਸਿਰਜਣਾ ਦੇ ਰਾਹ ਚਲਦੇ ਰਹਿੰਦੇ ਹਨ।

ਮੋਬਾ. 97799-03485

---

## ਕਿਤਾਬਾਂ ਦਾ ਹਸ਼ਰ/ - ਪ੍ਰੇਮ ਪ੍ਰਕਾਸ਼

ਮੇਰੇ ਘਰ ਜਾਂ ਮੇਰੀ ਉਮਰ ਦੇ ਅੱਸੀ ਸਾਲਾਂ ਤੋਂ ਟੱਪੇ ਦੋਸਤਾਂ ਦੇ ਘਰਾਂ ਵਿੱਚ ਉਮਰ ਭਰ ਦੀ ਕਮਾਈ ਵਜੋਂ ਬਹੁਤ ਵਧੀਆ ਤੇ ਹੁਣ ਨਾ ਮਿਲਣ ਵਾਲੀਆਂ ਕਿਤਾਬਾਂ ਦੀਆਂ ਵੱਡੀਆਂ ਵੱਡੀਆਂ ਲਾਇਬਰੇਰੀਆਂ ਨੇ। ਜਿਨ੍ਹਾਂ ਵਿੱਚ ਅਜਿਹੀਆਂ ਪੁਸਤਕਾਂ ਵੀ ਹੁੰਦੀਆਂ ਨੇ, ਜਿਹੜੀਆਂ ਮੁੜ ਕਿਸੇ ਛਾਪਣੀਆਂ ਨਹੀਂ ਤੇ ਕਿਤੋਂ ਮਿਲਣੀਆਂ ਵੀ ਨਹੀਂ। ਉਹਨਾਂ ਦੇ ਮਾਲਕਾਂ ਦੇ ਤੁਰ ਜਾਣ ਦੇ ਬਾਅਦ ਉਹਨਾਂ ਦਾ ਆਮ ਤੌਰ 'ਤੇ ਹਸ਼ਰ ਇਹੋ ਹੁੰਦਾ ਏ ਕਿ ਮਗਰਲੇ ਰੱਦੀ ਚੁਕਵਾ ਕੇ ਕਮਰੇ ਨੂੰ ਆਪਣੇ ਵਰਤਣ ਜੋਗਾ ਕਰ ਲੈਂਦੇ ਨੇ। ਨਾ ਉਹਨਾਂ ਨੂੰ ਕੋਈ ਲਾਇਬਰੇਰੀ ਸਾਂਭਦੀ ਏ ਤੇ ਨਾ ਈ ਕੋਈ ਸੰਸਥਾ।

ਡਾ. ਮੋਹਨ ਸਿੰਘ ਜੌਹਲ ਖ਼ਾਲਸਾ ਕਾਲਜ, ਜਲੰਧਰ 'ਚ ਬੜਾ ਚਿਰ ਪੜ੍ਹਾਉਂਦੇ ਰਹੇ। ਫੇਰ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਰਜਿਸਟਰਾਰ ਰਹੇ ਤੇ ਫੇਰ ਪੰਜਾਬੀ ਯੂਨੀਵਰਸਿਟੀ, ਪਟਿਆਲਾ 'ਚ ਵੀ ਸੀ ਦੇ ਸੈਕਟਰੀ ਰਹੇ। ਉਹਨਾਂ ਕੋਲ ਪੰਜਾਬੀ, ਅੰਗਰੇਜ਼ੀ ਤੇ ਉਰਦੂ ਦੀਆਂ ਕਿਤਾਬਾਂ ਦਾ ਬਹੁਤ ਵੱਡਾ ਖ਼ਜ਼ਾਨਾ ਸੀ। ਉਹ ਹਰੇਕ ਪਰਚੇ ਦੀ ਵੀ ਫਾਈਲ ਬਣਾ ਕੇ ਰੱਖਦੇ ਸਨ। ਜਦੋਂ ਕਦੇ 'ਲਕੀਰ' ਦਾ ਕੋਈ ਅੰਕ ਵੇਲੇ ਸਿਰ ਨਾ ਮਿਲਦਾ ਤਾਂ ਉਹ ਆਪ ਮੇਰੇ ਘਰ ਆ ਕੇ ਪਰਚਾ ਲੈ ਕੇ ਜਾਂਦੇ ਸਨ। ..... ਉਹਨਾਂ ਦੇ ਬਾਅਦ ਉਹਨਾਂ ਦੀ ਸਾਰੀ ਲਾਇਬਰੇਰੀ ਖਾਲਸਾ ਕਾਲਜ ਦੇ ਹਵਾਲੇ ਕਰ ਦਿੱਤੀ ਗਈ ਸੀ। ਉਹਨਾਂ ਦੇ ਪੂਰੇ ਹੋਣ ਦੇ ਛੇ ਕੁ ਮਹੀਨਿਆਂ ਬਾਅਦ ਮੈਂ ਕਾਲਜ 'ਚ ਗਿਆ ਤਾਂ ਇਕ ਕਮਰੇ 'ਚ ਕਿਤਾਬਾਂ ਦਾ ਚੱਠਾ ਲੱਗਿਆ ਖੜ੍ਹਾ ਸੀ। ਪੁੱਛਣ 'ਤੇ ਪਤਾ ਚੱਲਿਆ ਕਿ ਇਹ ਜੌਹਲ ਸਾਹਿਬ ਦੀਆਂ ਕਿਤਾਬਾਂ ਨੇ। ਪਰ ਹੁਣ ਇਹਨਾਂ ਦੀ ਕੈਟਾਲੌਗਿੰਗ ਕਰਨ ਵਾਲਾ ਕੋਈ ਨਹੀਂ। ਰੱਖਣ ਜੋਗੀ ਥਾਂ ਵੀ ਨਹੀਂ।

ਦੂਜੀ ਉਦਾਹਰਨ ਕਹਾਣੀਕਾਰ, ਨਾਟਕਕਾਰ ਤੇ ਫਿਲਮਸਾਜ਼ ਸੁਰਜੀਤ ਸਿੰਘ ਸੇਠੀ ਦੀਆਂ ਕਿਤਾਬਾਂ ਦੀ ਏ। ਮੇਰੇ ਨਾਲ ਉਹਨਾਂ ਦੀ ਜਾਣ ਪਛਾਣ ਉਦੋਂ ਤੋਂ ਸੀ, ਜਦ ਉਹ ਆਲ ਇੰਡੀਆ ਰੇਡਿਓ, ਜਲੰਧਰ 'ਚ ਪ੍ਰੋਡਿਊਸਰ ਸਨ। ਉਹਨਾਂ ਕੋਲ ਕਿਤਾਬਾਂ ਦਾ ਭਾਰੀ ਜ਼ਖ਼ੀਰਾ ਸੀ। ਫੇਰ ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਡਰਾਮਾ ਵਿਭਾਗ 'ਚ ਚਲੇ ਗਏ ਸੀ। ਉਹਨਾਂ ਨੇ ਇਕ ਫਿਲਮ 'ਮੁਗ਼ਲਾਨੀ ਬੇਗਮ' ਵੀ ਬਣਾਈ ਸੀ। ਜੀਹਦੇ ਡਾਇਰੈਕਟਰ, ਪ੍ਰੋਡਿਯੂਸਰ, ਗੀਤਕਾਰ ਤੇ ਸੰਗੀਤਕਾਰ ਉਹ ਆਪ ਈ ਸਨ। ਵੱਡੀ ਉਮਰ 'ਚ ਉਹ ਪਟਿਆਲੇ ਰਹਿੰਦੇ ਸਨ। ਸ਼ਾਇਦ ਉਹਨਾਂ ਦਾ ਕੋਈ ਬੱਚਾ ਵਿਦੇਸ਼ ਜਾ ਵਸਿਆ ਸੀ। ਸੇਠੀ ਜੀ ਓਸ ਬੱਚੇ ਦੇ ਕੋਲ ਜਾਣ ਲਈ ਵੀਜ਼ਾ ਲੈਣ ਦਿੱਲੀ ਗਏ ਸਨ। ਜਿਥੇ ਦੂਤਾਵਾਸ ਦੇ ਸਾਹਮਣੇ ਈ ਉਹ ਡਿੱਗ ਪਏ ਸਨ ਤੇ ਫੇਰ ਗੁਜ਼ਰ ਗਏ। .... ਉਹਨਾਂ ਦੇ ਬੱਚੇ ਨੇ ਉਹਨਾਂ ਪ੍ਰਤੀ ਰੱਖੇ ਪਾਠ ਦਾ ਭੋਗ ਪੈ ਜਾਣ



ਦੇ ਬਾਅਦ ਉਹਨਾਂ ਦੀਆਂ ਕਿਤਾਬਾਂ ਨੂੰ ਠੀਕ ਥਾਂ ਦੇਣ ਲਈ ਬਥੇਰਾ ਸੋਚਿਆ ਹੋਵੇਗਾ। ਪਰ ਅੰਤ 'ਚ ਉਹ ਰੱਦੀ ਵਾਲੇ ਨੂੰ ਚੁਕਵਾਉਣੀਆਂ ਪਈਆਂ ਸਨ। ਜਿਹੜਾ ਬੋਰੀਆ ਭਰ ਕੇ ਘੋੜਾ-ਰੇੜ੍ਹੇ 'ਤੇ ਲੱਦ ਕੇ ਲੈ ਗਿਆ ਸੀ।

ਮੈਂ ਲਗਪਗ ਤੀਹ ਵਰ੍ਹੇ ਤਿਮਾਹੀ ਪਰਚਾ 'ਲਕੀਰ' ਕੱਢਿਆ। ਮੇਰੇ ਕੋਲ ਰੀਵਿਊ ਲਈ ਜਾਂ ਪ੍ਰੇਮ-ਭੇਟਾ ਵਜੋਂ ਏਨੀਆਂ ਕਿਤਾਬਾਂ ਆਉਂਦੀਆਂ ਕਿ ਮੇਰੇ ਕੱਢਣ ਤੇ ਵੀ ਨਾ ਮੁੱਕਦੀਆਂ। ਫੇਰ ਮੇਰੇ ਵਲਾਇਤੀ ਯਾਰ ਦੋਸਤ ਕਿਤਾਬਾਂ ਛਪਵਾ ਕੇ ਮੇਰੇ ਘਰ ਰੱਖ ਜਾਂਦੇ। ਸ਼ੁਰੂ 'ਚ ਮੈਂ ਆਪਣੇ ਕਮਰੇ ਨੂੰ ਸੌਖਾ ਕਰਨ ਲਈ ਪਿੰਡਾਂ ਕਸਬਿਆਂ 'ਚ ਖੁਲ੍ਹਦੀਆਂ ਲਾਇਬਰੇਰੀਆਂ ਨੂੰ ਕਿਤਾਬਾਂ ਦੇਣੀਆਂ ਸ਼ੁਰੂ ਕੀਤੀਆਂ। ਜਿਹੜਾ ਆਉਂਦਾ ਮੈਂ 60/70 ਕਿਤਾਬਾਂ ਦੇ ਦੇਂਦਾ। ਨਵੇਂ ਲੇਖਕਾਂ ਨੂੰ ਵੀ ਦੇ ਦੇਂਦਾ। ਕਈ ਤਾਂ ਉਹਨਾਂ ਨੂੰ ਮੇਰੇ ਕਮਰੇ 'ਚ ਈ ਭੁੱਲ ਜਾਂਦੇ। ਕਈ ਲੈ ਤਾਂ ਜਾਂਦੇ, ਪਰ ਪੜ੍ਹਦੇ ਨਹੀਂ ਸਨ। ਲਾਇਬਰੇਰੀਆਂ ਬਾਰੇ ਪਤਾ ਲੱਗਿਆ ਕਿ ਉਹਨਾਂ ਵਿੱਚ ਕਿਤਾਬਾਂ ਤਾਂ ਹਨ, ਪਰ ਉਹ ਅਲਮਾਰੀਆਂ 'ਚ ਬੰਦ ਪਈਆਂ ਰਹਿੰਦੀਆਂ ਨੇ। ਕੋਈ ਬੰਦਾ ਜਾਰੀ ਕਰਨ ਵਾਲਾ ਨਹੀਂ ਏ।

ਏਸ ਦੇ ਉਲਟ ਮੈਨੂੰ ਰਾਮਪੁਰਾ ਫੂਲ ਤੋਂ ਕਿਸੇ ਨੇ ਮਿਉਂਸੀਪਲ ਲਾਇਬਰੇਰੀ ਲਈ ਕਿਤਾਬਾਂ ਮੰਗੀਆਂ। ਮੈਂ ਕਿਹਾ ਕਿ ਆ ਜਾਓ, ਬੋਰੀ ਭਰੀ ਪਈ ਏ। ਲੈ ਜਾਓ। ਤੀਜੇ ਦਿਨ ਉਹ ਕਾਰ ਵਿੱਚ ਆ ਗਏ। ਮੈਂ ਉਹਨਾਂ ਨੂੰ ਪਿਆਰ ਨਾਲ ਚਾਹ ਪਿਆਈ ਤੇ ਬੋਰੀ ਹੇਠਾਂ ਲੁਹਾ ਕੇ ਉਹਨਾਂ ਦੀ ਗੱਡੀ ਦੇ ਪਿੱਛੇ ਰਖਵਾ ਦਿੱਤੀ। ਕੁਝ ਦਿਨਾਂ ਬਾਅਦ ਉਹਨਾਂ ਦੀ ਧੰਨਵਾਦ ਦੀ ਚਿੱਠੀ ਆਈ। ਜੀਹਦੇ ਵਿੱਚ ਕਿਤਾਬਾਂ ਦੀ ਪੂਰੀ ਸੂਚੀ ਸੀ ਤੇ ਹੇਠਾਂ ਲਾਇਬਰੇਰੀ ਦੀ ਮੋਹਰ।

ਕਈ ਲੇਖਕ ਜਦ ਮੈਥੋਂ ਕਿਤਾਬ ਮੰਗਦੇ। ਮੈਂ ਦੇ ਦੇਂਦਾ ਰਿਹਾ। ਪਰ ਜਾਂਦੇ ਹੋਏ ਉਹ ਮੇਰੇ ਕਮਰੇ 'ਚ ਈ ਭੁੱਲ ਜਾਂਦੇ। ਮੈਂ ਸਮਝ ਗਿਆ ਕਿ ਇਹ ਮੁਫਤ ਦੇ ਮਾਲ ਦਾ ਇਹੀ ਹਾਲ ਹੁੰਦਾ ਏ। ਫੇਰ ਮੈਂ ਦੇਸ਼ ਭਗਤ ਯਾਦਗਾਰ ਹਾਲ 'ਚ ਲੱਗੇ ਪੁਸਤਕ ਮੇਲੇ 'ਚ ਸਟਾਲ ਲਾ ਕੇ ਦਸ ਰੁਪਏ ਪ੍ਰਤੀ ਕਿਤਾਬ ਦੇ ਹਿਸਾਬ ਨਾਲ ਡੇਢ ਕੁ ਹਜ਼ਾਰ ਕਿਤਾਬਾਂ ਵੇਚ ਦਿੱਤੀਆਂ ਤੇ ਪੈਸੇ ਲਕੀਰ ਫੰਡ 'ਚ ਪਾ ਲਏ। ਇਹ ਰਾਹ ਮੈਨੂੰ ਚੰਗਾ ਲੱਗਿਆ। ਜਦ ਮੈਂ ਮੁਫਤ ਦੇਂਦਾ ਸੀ ਤਾਂ ਅਗਲਾ ਚੰਗੀਆਂ ਮਾੜੀਆਂ ਸਾਰੀਆਂ ਕਿਤਾਬਾਂ ਚੁੱਕ ਲੈ ਜਾਂਦਾ ਸੀ, ਪਰ ਜਦ ਦਸ ਰੁਪਏ ਪ੍ਰਤੀ ਕਿਤਾਬ ਦੇਣ ਦਾ ਤਰੀਕਾ ਚਲਾਇਆ ਤਾਂ ਉਹ ਚੁਨਣ ਲੱਗਦੇ। ਕਵਿਤਾ ਦੀਆਂ ਕਿਤਾਬਾਂ ਕੱਢ ਕੇ ਇਕ ਪਾਸੇ ਰੱਖ ਦੇਂਦੇ।

ਜਦ ਮੈਂ 2010 'ਚ 'ਲਕੀਰ' ਬੰਦ ਕੀਤਾ ਤਾਂ ਮੈਂ ਏ. ਐੱਸ. ਕਾਲਜ ਖੰਨਾ ਨੂੰ ਚਿੱਠੀ ਲਿਖੀ ਕਿ ਮੈਂ ਤੁਹਾਡੇ ਕਾਲਜ ਨੂੰ 'ਲਕੀਰ' ਦੇ ਸਾਰੇ ਅੰਕ ਤੇ 2000 ਕਿਤਾਬਾਂ ਦੇਣਾ ਚਾਹੁੰਦਾ ਹਾਂ। ਤੁਸੀਂ ਲਿਆਉਣ ਦੀ ਚਿੰਤਾ ਨਾ ਕਰਿਓ, ਮੈਂ ਆਪ ਈ ਕਾਲਜ 'ਚ ਦੇ ਜਾਵਾਂਗਾ। ਉਹਨਾਂ ਨੇ ਮੈਨੂੰ ਕੋਈ ਜਵਾਬ ਨਾ ਦਿੱਤਾ। ਕੁਝ ਸਮਾਂ ਬਾਅਦ ਮੈਂ 'ਲਕੀਰ' ਦੇ ਸੈੱਟ ਨਾਲ ਢਾਈ ਕੁ ਸੌ ਕਿਤਾਬਾਂ ਪਾ ਕੇ ਇਕ ਬੰਡਲ ਬਣਾ ਲਿਆ ਕਿ ਮਾਲਵਾ ਕਾਲਜ ਬੌਂਦਲੀ, ਸਮਰਾਲਾ ਨੂੰ ਦੇ ਦਿਆਂਗਾ। ਮੇਰੇ ਅਜ਼ੀਜ਼ ਨਰਿੰਦਰ ਸ਼ਰਮਾ ਵਕੀਲ ਨੂੰ ਮੈਂ ਫੋਨ ਕਰ ਕੇ ਏਸ ਬਾਰੇ ਪੁੱਛਿਆ। ਉਹ ਕਹਿੰਦਾ ਕਿ ਉਹ ਆਪ ਪ੍ਰਬੰਧਕ ਕਮੇਟੀ ਦਾ ਮੈਂਬਰ ਏ। ਮੈਂ ਉਹ ਕਿਤਾਬਾਂ ਆਪ ਸਮਰਾਲੇ ਲੈ ਗਿਆ। ਜਿਥੇ ਨਰਿੰਦਰ ਨੇ ਸਾਂਭ ਲਈਆਂ। ਪਰ ਕਾਲਜ ਵੱਲੋਂ ਮੈਨੂੰ ਕੋਈ ਰਸੀਦ ਨਹੀਂ ਮਿਲੀ। ਮੈਂ ਕਿਹਾ.... ਚਲ ਕੋਈ ਨਾ, ਅਸੀਂ ਪੰਜਾਬੀ ਇਹੋ ਜਿਹੇ ਈ ਹੁੰਦੇ ਹਾਂ। ਪਰ ਕਿਤਾਬਾਂ ਦਾ ਪਤਾ ਨਹੀਂ ਕਿ ਕਿਸੇ ਨੇ ਸਾਂਭੀਆਂ ਕਿ ਨਹੀਂ। ਵਿਦਿਆਰਥੀਆਂ ਨੂੰ ਪੜ੍ਹਨ ਨੂੰ ਦਿੱਤੀਆਂ ਜਾਂਦੀਆਂ ਨੇ ਕਿ ਨਹੀਂ।

ਏਸੇ ਤਰ੍ਹਾਂ ਮੇਰ ਕੋਲ ਨਕਸਲੀ ਲਹਿਰ ਵੇਲ਼ੇ ਦੇ ਨਿੱਕਲਦੇ ਨਿੱਕੇ ਵੱਡੇ ਪਰਚਿਆਂ ਦੀਆਂ ਫਾਈਲਾਂ ਤੇ

ਕਿਤਾਬਾਂ ਦਾ ਵੱਡਾ ਭੰਡਾਰ 'ਕੱਠਾ ਹੋ ਗਿਆ ਸੀ। ਮੈਂ ਹਰ ਸਾਲ ਉਹਨਾਂ ਨੂੰ ਝਾੜਦਾ ਤੇ ਹੇਠਾਂ ਡੀ ਟੀ ਪਾਉਂਦਾ ਹੁੰਦਾ ਸੀ। ਇਹ ਗੱਲ ਮੈਂ ਇਕ ਪੰਜਾਬੀ ਲੈਕਚਰਰ ਨੂੰ ਦੱਸੀ। ਉਹ ਏਸ ਸਮੇਂ ਦੇ ਸਾਹਿਤ 'ਤੇ ਰਿਸਰਚ ਕਰ ਰਿਹਾ ਸੀ। ਉਹਨੇ ਮੈਥੋਂ ਉਹ ਸਾਰਾ ਈ ਸਾਹਿਤ ਕਾਲਜ ਦੀ ਲਾਇਬਰੇਰੀ ਲਈ ਮੰਗ ਲਿਆ। ਤੇ ਇਕ ਦਿਨ ਆ ਕੇ ਅੱਧੀ ਭਰੀ ਬੋਰੀ ਲੈ ਕੇ ਚਲਿਆ ਗਿਆ। ਮੁੜ ਕੇ ਮੈਨੂੰ ਉਹਦੀ ਕੋਈ ਖਬਰ ਸੁਹ ਨਾ ਲੱਗੀ। ਚਿਰ ਬਾਅਦ ਪਤਾ ਲੱਗਿਆ ਕਿ ਉਹ ਚੰਡੀਗੜ੍ਹ ਚਲਿਆ ਗਿਆ ਏ।

ਮੇਰੇ ਕਮਰੇ 'ਚ ਸੁਰਜੀਤ ਹਾਂਸ ਦੀਆਂ ਸਾਰੀਆਂ ਕਿਤਾਬਾਂ ਪਈਆਂ ਸਨ। ਮੈਂ ਦਿਲ ਖੋਲ੍ਹ ਕੇ ਦੋਸਤਾਂ ਨੂੰ ਤੋਹਫੇ ਵਜੋਂ ਦੇਂਦਾ ਰਿਹਾ ਸੀ। ਫੇਰ ਮੈਂ ਉਹਨਾਂ ਦੇ ਸੈੱਟ ਬਣਵਾ ਕੇ ਰੱਖ ਲਏ। ਜਦ ਵੀ ਸੁਰਜੀਤ ਆਉਂਦਾ, ਮੈਂ ਕਹਿੰਦਾ, "ਤੂੰ ਆਪਣੀਆਂ ਕਿਤਾਬਾਂ ਲੈ ਜਾ ਹੁਣ। ਕਿਸੇ ਟਿਕਾਣੇ ਲਾ।.... ਫੇਰ ਇਹ ਕਿੱਥੇ ਜਾਣਗੀਆਂ?"..... ਉਹ ਇਹੀ ਜਵਾਬ ਦੇਂਦਾ, "ਜਿਥੇ ਤੇਰੀਆਂ ਜਾਣਗੀਆਂ, ਉਥੇ ਇਹ ਚਲੀਆਂ ਜਾਣਗੀਆਂ।"

ਇਕ ਦਿਨ ਮੈਂ ਲੁਧਿਆਣੇ ਜਾਣਾ ਸੀ। ਮੈਂ ਤਿੰਨ ਬਕਸੇ ਕਿਤਾਬਾਂ ਦੇ ਭਰ ਕੇ ਬਣਾਏ। ਜਿਨ੍ਹਾਂ 'ਚ ਇਕ ਸੁਰਜੀਤ ਹਾਂਸ ਵਾਲੀਆਂ ਸਨ। ਫੈਸਲਾ ਕੀਤਾ ਕਿ ਜੇ ਰੈਫਰੈਂਸ ਲਾਇਬਰੇਰੀ, ਲੁਧਿਆਣਾ ਵਾਲਿਆਂ ਨੇ ਨਾ ਲਈਆਂ ਤਾਂ ਮੈਂ ਮੁੜਦੇ ਹੋਏ ਨੇ ਇਹ ਤਿੰਨੇ ਬਕਸੇ ਸਤੁਲਜ 'ਚ ਜਲ-ਪਰਵਾਹ ਕਰ ਆਓਣੇ ਨੇ। ....ਸ਼ੁਕਰ ਹੋਇਆ ਕਿ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਨੇ ਬੜੇ ਪਿਆਰ ਤੇ ਅਦਬ ਨਾਲ ਉਹ ਬਕਸੇ ਕਬੂਲ ਕਰ ਲਏ। ਮੇਰਾ ਧੰਨਵਾਦ ਵੀ ਕੀਤਾ। ਏਸੇ ਖੁਸ਼ੀ 'ਚ ਮੈਂ ਹੋਰ ਦੋ ਬਕਸੇ ਭਰ ਕੇ ਉਥੇ ਦੇ ਕਰਮਚਾਰੀ ਬੁੱਧ ਸਿੰਘ ਨੀਲੋਂ ਦੇ ਹੱਥ ਫੇਰ ਭੇਜ ਦਿੱਤੇ। ਨਾਲੇ ਮੈਂ ਬਹਿਸਾਂ ਦੀਆਂ ਕੈਸਟਾਂ, ਕੁਝ ਚਿੱਠੀਆਂ ਵੀ ਦੇ ਦਿੱਤੀਆਂ। ਉਥੇ ਸੁਰਿੰਦਰ ਸਿੰਘ ਨਰੂਲਾ ਤੇ ਹੋਰ ਵਿਦਵਾਨਾਂ ਦੀਆਂ ਲਾਇਬਰੇਰੀਆਂ ਦੇ ਖ਼ਜ਼ਾਨੇ ਵੀ ਰੱਖੇ ਹੋਏ ਨੇ। ਸਭ ਕੁਝ ਸਾਂਭਿਆ ਪਿਆ ਏ। ਉਹ ਉਰਦੂ ਦੀਆਂ ਕਿਤਾਬਾਂ ਵੀ ਲੈ ਲੈਂਦੇ ਨੇ।

ਇਕ ਵਾਰ ਮੈਂ ਖੰਨੇ ਦੀ ਲਾਇਬਰੇਰੀ, ਜਿਥੇ ਦੀਆਂ ਮੈਂ ਸਾਰੀਆਂ ਕਿਤਾਬਾਂ ਸਕੂਲ ਵੇਲੇ ਪੜ੍ਹ ਲਈਆਂ ਸਨ, ਉਥੇ ਦੀ ਮੈਂ ਉਰਦੂ ਕਿਤਾਬਾਂ ਦੇਖਣ ਗਿਆ। ਮੈਨੂੰ ਰਾਜਿੰਦਰ ਸਿੰਘ ਬੇਦੀ ਦੇ ਨਾਟਕਾਂ ਦੀ ਪੁਸਤਕ 'ਸਾਤ ਖੇਲ' ਮਿਲ ਗਈ। ਮੈਂ ਦੋ ਕਿਤਾਬਾਂ ਲਾਇਬਰੇਰੀਅਨ ਤੋਂ ਲੈ ਆਇਆ। ਉਹ ਮੈਂ ਪੜ੍ਹ ਕੇ ਮਹੀਨੇ ਕੁ ਬਾਅਦ ਮੋੜ ਦਿੱਤੀਆਂ। ਮੈਂ ਲਾਇਬਰੇਰੀਅਨ ਨੂੰ ਪੁੱਛਿਆ ਕਿ ਜੇ ਉਹ ਚਾਹੇ ਤਾਂ ਮੈਂ ਲਾਇਬਰੇਰੀ ਵਾਸਤੇ ਹਜ਼ਾਰ ਕੁ ਕਿਤਾਬਾਂ ਪੰਜਾਬੀ ਦੀਆਂ ਦੇ ਦਿਆਂ? ਉਹ ਕਹਿੰਦਾ, "ਕੀ ਕਰਨੀਆਂ ਜੀ, ਇਹੀ ਨੀ ਕੋਈ ਇਸ਼ੂ ਕਰਾਉਂਦਾ।"

ਮੈਨੂੰ ਏਸ ਗੱਲ ਦੀ ਤਕਲੀਫ ਹੋਈ ਕਿ ਖੰਨੇ ਲੋਕ ਕਿਤਾਬਾਂ ਈ ਨਹੀਂ ਪੜ੍ਹਦੇ। ਇਏ ਬਾਣੀਆ ਦਾ ਸ਼ਹਿਰ ਏ, ਇਹਨਾਂ ਨੂੰ ਪੈਸਾ ਕਮਾਓਣ ਤੋਂ ਈ ਵਿਹਲ ਨਹੀਂ। ਮੈਨੂੰ ਏਸ ਗੱਲ ਦਾ ਵੀ ਹੁੰਦਾ ਏ ਕਿ ਖੰਨੇ 'ਚ ਕੋਈ ਸਾਹਿਤਕਾਰ ਪੈਦਾ ਨਹੀਂ ਹੋਇਆ। ਏਸ ਤੋਂ ਏਸ ਸ਼ਾਹਿਰ ਦੇ ਕਲਚਰ ਦਾ ਪਤਾ ਲੱਗਦਾ ਏ। ਜਦਕਿ ਹੁਸ਼ਿਆਰ ਪੁਰ, ਬਟਾਲਾ, ਸਿਆਲਕੋਟ, ਨਕੋਦਰ, ਮੋਗਾ, ਮਲੇਰਕੋਟਲਾ ਵਰਗੇ ਖੰਨੇ ਤੋਂ ਛੋਟੇ ਤੇ ਘੱਟ ਪੜ੍ਹੇ ਲਿਖੇ ਬੰਦਿਆਂ ਦੇ ਸ਼ਹਿਰਾਂ 'ਚ ਵੀ ਸਾਹਿਤਕਾਰ ਜੰਮੇ ਨੇ।

ਕਿਤਾਬਾਂ ਦੇ ਏਸ ਹਸ਼ਰ ਬਾਰੇ ਮੈਨੂੰ ਵੀ ਚਿੰਤਾ ਤਾਂ ਨਹੀਂ, ਪਰ ਮੈਂ ਇਹ ਗੱਲ ਪੱਕੀ ਸਮਝਦਾ ਹਾਂ ਕਿ ਮੇਰੇ ਬਾਅਦ ਵੀ ਮੇਰੀਆਂ ਕਿਤਾਬਾਂ ਰੱਦੀ 'ਚ ਈ ਜਾਣਗੀਆਂ। ਕਿਉਂਕਿ ਮੇਰੇ ਘਰ 'ਚ ਕੋਈ ਪੁਸਤਕਾਂ ਪੜ੍ਹਨ ਵਾਲਾ ਨਹੀਂ। ਪੰਜਾਬੀ ਦੀਆਂ ਕਿਤਾਬਾਂ ਤਾਂ ਮੈਂ ਦੇ ਦੇਂਦਾ ਹਾਂ, ਪਰ ਉਰਦੂ ਤੇ ਹਿੰਦੀ ਦੀਆਂ 'ਹਵਾਲਾ ਪੁਸਤਕਾਂ' ਮੈਂ ਨਹੀਂ ਦੇਂਦਾ। ਉਹ ਵੀ ਰੱਦੀ 'ਚ ਈ ਜਾਣਗੀਆਂ। ਏਥੇ ਤੱਕ ਕਿ ਹਿੰਦੀ ਦੀ ਰਾਮਾਇਣ ਤੇ ਮਹਾਭਾਰਤ ਤੇ ਹਿੰਦੂ ਮਿਥਿਹਾਸ ਦੀਆਂ ਕਿਤਾਬਾਂ ਦੇ ਵੀ ਗੋਹਲੇ ਈ ਬਣਨਗੇ। ਹੁਣ ਗੋਹਲੇ



ਤਾਂ ਕੋਈ ਬਣਾਉਂਦਾ ਨਹੀਂ, ਰੀਸਾਈਕਲ ਹੋਣ ਲਈ ਤੁਰ ਜਾਣਗੀਆਂ।

ਕਿਤਾਬਾਂ ਦਾ ਅਜਿਹਾ ਹਸ਼ਰ ਹੋਣ ਵਾਲੀ ਗੱਲ ਸਾਡੇ ਭਾਰਤ 'ਚ ਈ ਨਹੀਂ, ਹੋਰ ਦੇਸ਼ਾਂ 'ਚ ਵੀ ਚੱਲਦੀ ਏ। ਏਸ ਸਿਲਸਿਲੇ 'ਚ ਟੋਰੈਂਟੋ ਦੇ ਰਹਿਣ ਵਾਲੇ ਵਿਦਵਾਨ ਸੱਜਣ ਬੇਦਾਰਬਖ਼ਤ ਨੇ ਉਰਦੂ ਦੇ ਰਸਾਲੇ 'ਜ਼ਿਹਨੇ ਜਦੀਦ' ਨੂੰ ਲਿਖੀ ਇਕ ਚਿੱਠੀ 'ਚ ਦੱਸਿਆ ਏ ਕਿ ਉਹਨਾਂ ਕੋਲ ਭਾਰਤ ਤੇ ਪਾਕਿਸਤਾਨ ਤੋਂ ਲਿਆਂਦੀਆਂ ਉਰਦੂ ਤੇ ਫਾਰਸੀ ਕਿਤਾਬਾਂ ਏਨੀਆਂ 'ਕੱਠੀਆਂ ਹੋ ਗਈਆਂ ਨੇ ਕਿ ਹੁਣ ਖਿਆਲ ਆਉਂਦਾ ਏ ਕਿ ਮੇਰੇ ਬਾਅਦ ਇਹਨਾਂ ਦਾ ਕੀ ਹੋਵੇਗਾ? ਉਹਨਾਂ ਤੇ ਉਹਨਾਂ ਵਰਗਿਆਂ ਦੀਆਂ ਔਲਾਦਾਂ ਤਾਂ ਹੁਣ ਰੱਦੀ ਵਾਲਿਆਂ ਨੂੰ ਚੁਕਾਓਣ ਲਈ ਤਿਆਰ ਨੇ।

ਜਨਾਬ ਬੇਦਾਰਬਖ਼ਤ ਨੇ ਆਪਣੇ ਈ ਸੂਬੇ ਦੇ ਇਕ ਪ੍ਰੋਫੈਸਰ ਮਕਬੂਲ ਅਜ਼ੀਜ਼ ਦੀ ਮਿਸਾਲ ਦਿੱਤੀ ਏ, ਜਿਹੜੇ ਔਨਟੇਰੀਓ ਦੀ 'ਮੇਕ ਮਾਸਟਰ ਯੂਨੀਵਰਸਿਟੀ 'ਚ ਅੰਗਰੇਜ਼ੀ ਦੇ ਪ੍ਰੋਫੈਸਰ ਰਹੇ ਨੇ। ਜਿਨ੍ਹਾਂ ਕੋਲ ਉਰਦੂ, ਹਿੰਦੀ ਤੇ ਅੰਗਰੇਜ਼ੀ ਕਿਤਾਬਾਂ ਦਾ ਵੱਡਾ ਜ਼ਖੀਰਾ ਸੀ। ਚਾਰ ਕੁ ਸਾਲ ਪਹਿਲਾਂ ਉਹ ਅਚਾਨਕ ਪੂਰੇ ਹੋ ਗਏ ਤਾਂ ਉਹਨਾਂ ਦੇ ਬੱਚਿਆਂ ਨੇ ਉਹਨਾਂ ਦੀਆਂ ਕਿਤਾਬਾਂ ਉਹਨਾਂ ਦੀ ਯੂਨੀਵਰਸਿਟੀ ਨੂੰ ਲੈਣ ਲਈ ਕਿਹਾ ਤਾਂ ਯੂਨੀਵਰਸਿਟੀ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਕਿਉਂਕਿ ਦੱਖਣੀ ਅਮਰੀਕਾ ਦੀਆਂ ਲਾਇਬਰੇਰੀਆਂ ਬਿਨਾਂ ਮੰਗਿਆਂ ਮਿਲਣ ਵਾਲੀਆਂ ਕਿਤਾਬਾਂ ਲੈਣ ਤੋਂ ਗੁਰੇਜ਼ ਕਰਦੀਆਂ ਨੇ। ਜੇ ਲੈ ਲੈਣ ਤਾਂ ਸਸਤੇ ਭਾਅ ਵੇਚ ਦੇਂਦੀਆਂ ਨੇ। ਕਨੇਡੀਅਨ ਲਾਇਬਰੇਰੀ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਉਹਨਾਂ ਨੂੰ ਸ਼ੈਲਫ 'ਚ ਕਿਤਾਬ ਰੱਖਣ ਲਈ ਵੀਹ ਡਾਲਰ ਪ੍ਰਤੀ ਪੁਸਤਕ ਖਰਚ ਕਰਨੇ ਪੈਂਦੇ ਨੇ। ਏਸ ਲਈ ਪ੍ਰੋਫੈਸਰ ਦੀਆਂ ਪੁਸਤਕਾਂ ਫੁੱਟ-ਪਾਥ 'ਤੇ ਰੱਖ ਦਿੱਤੀਆਂ ਗਈਆਂ, ਤਾਂਕਿ ਜਿਹੜਾ ਲੋੜਵੰਦ ਚਾਹੇ ਚੁੱਕ ਕੇ ਲੈ ਜਾਵੇ। ਉਹਨਾਂ ਕਿਤਾਬਾਂ ਨੂੰ ਪਾਠਕ ਘੱਟ ਨਸੀਬ ਹੋਏ, ਬਹੁਤੀਆਂ ਰੀਸਾਈਕਲਿੰਗ ਵਾਲੇ ਚੁੱਕ ਕੇ ਲੈ ਗਏ।

ਜਨਾਬ ਬੇਦਾਰਬਖ਼ਤ ਨੇ ਦੱਸਿਆ ਕਿ ਉਹਨਾਂ ਨੇ 2005 'ਚ ਯੂਨੀਵਰਸਿਟੀ ਆਫ ਟੋਰੈਂਟੋ ਨੂੰ ਲਿਖਿਆ ਕਿ ਮੈਂ ਆਪਣੀਆਂ ਸਾਰੀਆਂ ਪੁਸਤਕਾਂ ਦੀ ਵਸੀਅਤ ਲਾਇਬਰੇਰੀ ਦੇ ਨਾਂ ਕਰਨਾ ਚਾਹੁੰਦਾ ਹਾਂ। ਪਹਿਲਾਂ ਤਾਂ ਉਹਨਾਂ ਦੇ ਕਰਮਚਾਰੀ ਕਿਤਾਬਾਂ ਨੂੰ ਦੇਖਣ ਆਏ। ਫੇਰ ਕਿਤਾਬਾਂ ਦਾ ਮੁੱਲ ਆਂਕਿਆ ਗਿਆ। ਉਹ ਕੋਈ ਚਾਰ ਹਜ਼ਾਰ ਕਨੇਡੀਅਨ ਡਾਲਰ ਤੋਂ ਵੱਧ ਬਣਿਆ। ਉਹ ਮੁੱਲ ਤਾਰਨ ਦੀ ਰਸਮ ਪੂਰੀ ਕਰ ਕੇ ਉਹਨਾਂ ਨੇ ਓਨੀ ਰਕਮ ਦੀ ਰਸੀਦ ਦੇ ਦਿੱਤੀ। ਜਿਸ 'ਤੇ ਲਿਖਿਆ ਕਿ ਇਹ ਰਕਮ ਯੂਨੀਵਰਸਿਟੀ ਨੂੰ ਦਾਨ ਵਜੋਂ ਦਿੱਤੀ ਗਈ। ਫੇਰ ਉਹਨਾਂ ਆਖਿਆ ਕਿ ਇਹਨਾਂ ਦੀ ਕੈਟਾਲਾਗਿੰਗ ਕਰੋ। ਇਹ ਕੰਮ ਲਾਇਬਰੇਰੀ ਨਹੀਂ ਕਰ ਸਕਦੀ। ਕਿਉਂਕਿ ਇਹਦੇ 'ਤੇ ਬੜਾ ਖਰਚ ਆਉਂਦਾ ਏ। ਖੈਰ, ਮੈਂ ਵਿਦਿਆਰਥੀਆਂ ਦੀ ਸਹਾਇਤਾ ਨਾਲ ਕੈਟਾਲਾਗਿੰਗ ਕੀਤੀ। ਇਹ ਕੰਮ ਚਾਰ ਮਹੀਨਿਆਂ 'ਚ ਖਤਮ ਹੋਇਆ। ਜੇ ਇਹ ਕੰਮ ਕਿਸੇ ਤੋਂ ਕਰਵਾਂਦੇ ਤਾਂ ਕਈ ਹਜ਼ਾਰ ਡਾਲਰ ਲੱਗ ਜਾਂਦੇ।

ਹੁਣ ਉਹ ਕਿਤਾਬਾਂ ਲਾਇਬਰੇਰੀ ਦੀਆਂ ਨੇ। ਜਦ ਮੈਂ ਉਹਨਾਂ 'ਚੋਂ ਵਰਤਦਾ ਹਾਂ ਤਾਂ ਬਹੁਤ ਸਾਂਭ ਕੇ। ਜਦ ਕੋਈ ਨਵੀਂ ਕਿਤਾਬ ਲਿਆਉਂਦਾ ਹਾਂ ਤਾਂ ਆਪਣੇ ਕੰਪਿਊਟਰ ਦੀ ਕੈਟਾਲੌਗਿੰਗ 'ਚ ਦਰਜ ਕਰ ਲੈਂਦਾ ਹਾਂ। ਜੇ ਯੂਨੀਵਰਸਿਟੀ ਨੂੰ ਇਹ ਸਾਰੇ ਕੰਮ ਕਰਨੇ ਪੈਂਦੇ ਤਾਂ ਉਹਦਾ ਖਰਚਾ ਕਿਤਾਬਾਂ ਦੇ ਮੁੱਲ ਨਾਲੋਂ ਵਧ ਜਾਂਦਾ।

ਮੇਰਾ ਖਿਆਲ ਏ ਕਿ ਗਿਆਨ ਤੇ ਵਿਦਿਆ ਨੂੰ ਦੇਵਤਾ ਤੇ ਮਾਤਾ ਕਹਿਣ ਵਾਲੇ ਸਾਡੇ ਦੇਸ 'ਚ ਵੀ ਆਓਣ ਵਾਲੇ ਸਮੇਂ 'ਚ ਪੁਸਤਕਾਂ ਦੀ ਇਹੋ ਹਾਲਤ ਉਦੋਂ ਤਕ ਹੋਵੇਗੀ, ਜਦ ਤਕ ਸਰਕਾਰਾਂ, ਮਿਊਂਸੀਪਲ ਕਾਰਪੋਰੇਸ਼ਨਾਂ, ਮਿਊਂਸਪਲ ਕਮੇਟੀਆਂ ਤੇ ਪੰਚਾਇਤਾਂ ਨੂੰ ਪੁਸਤਕਾਂ ਦੀ ਅਹਿਮੀਅਤ ਦਾ

ਅਹਿਸਾਸ ਨਹੀਂ ਹੁੰਦਾ।

ਮੈਂ ਹੁਣ ਫੈਸਲਾ ਕੀਤਾ ਏ ਕਿ ਮੇਰੀਆਂ ਕਿਤਾਬਾਂ ਦਾ ਜੋ ਹਸ਼ਰ ਹੋਣਾ ਏ, ਹੋਵੇ, ਪਰ ਮੈਂ ਲਾਇਬ੍ਰੇਰੀਆਂ ਲਈ ਮੰਗਣ ਵਾਲਿਆਂ ਨੂੰ ਕੋਈ ਵੀ ਪੁਸਤਕ ਮੁਫਤ ਨਹੀਂ ਦੇਣੀ, 10/20 ਰੁਪਏ ਪ੍ਰਤੀ ਪੁਸਤਕ ਲੈ ਕੇ ਦੇਣੀ ਏ। ਸਭ ਨਾਲੋਂ ਮਾੜਾ ਹਸ਼ਰ ਮੁਫਤ ਦਿੱਤੀ ਕਿਤਾਬ ਦਾ ਹੁੰਦਾ ਏ। ਮੋਬਾ. 94632-20319

## ਅਦਬੀ ਦੁਨੀਆ ਵਿਚ ਪ੍ਰਵੇਸ਼ ਕਰਨ ਦੀਆਂ ਯਾਦਾਂ / -ਪ੍ਰੋ. ਨਰਿੰਜਨ ਤਸਨੀਮ

'ਦਿ ਗਰੋਥ ਆਫ਼ ਦਿ ਮਾਈਂਡ' ਦੀ ਗੱਲ ਬਹੁਤੇ ਲੇਖਕਾਂ ਅਤੇ ਕਵੀਆਂ ਨੇ ਕੀਤੀ ਹੈ, ਖਾਸ ਤੌਰ 'ਤੇ ਵਿਲੀਅਮ ਵਰਡਜ਼ਵਰਥ ਨੇ ਆਪਣੇ ਮਹਾਂਕਾਵਿ 'ਦਿ ਪਰਿਲਿਊਡ' ਵਿਚ। ਉਨ੍ਹਾਂ ਘਟਨਾਵਾਂ ਦਾ ਵਰਣਨ ਕਰਨ ਅਤੇ ਉਨ੍ਹਾਂ ਵਿਅਕਤੀਆਂ ਦਾ ਵੇਰਵਾ ਦੇਣ ਦੀ ਲੋੜ ਹੁੰਦੀ ਹੈ, ਜਿਨ੍ਹਾਂ ਨੇ ਲੇਖਕ ਨੂੰ ਪ੍ਰਭਾਵਿਤ ਕੀਤਾ ਹੋਵੇ। ਉਂਜ ਤਾਂ ਇਹ ਸਭ ਕੁਝ ਅਚੇਤ ਹੀ ਵਾਪਰਦਾ ਹੈ, ਲੇਕਿਨ ਬਾਅਦ ਵਿਚ ਇਹ ਸਭ ਇਕ ਪੈਟਰਨ ਵਿਚ ਬੱਝਾ ਹੋਇਆ ਪ੍ਰੀਤ ਹੁੰਦਾ ਹੈ। ਜਿਵੇਂ ਕਿ ਸਭ ਤੋਂ ਪਹਿਲਾਂ ਮੈਨੂੰ ਦਸਵੀਂ ਦਾ ਇਮਤਿਹਾਨ ਦੇਣ ਤੋਂ ਬਾਅਦ, ਨਤੀਜਾ ਆਉਣ ਤੱਕ, ਦੋ ਢਾਈ ਮਹੀਨਿਆਂ ਦੇ ਵਕਫ਼ੇ ਵਿਚ, ਅਖ਼ਬਾਰ ਅਤੇ ਰਿਸਾਲੇ ਪੜ੍ਹਨ ਦੀ ਲਿਲ੍ਹਕ ਜਿਹੀ ਲੱਗ ਗਈ ਸੀ।

ਜੂਨ 1944 ਵਿਚ ਹਿੰਦੂ ਕਾਲਜ, ਅੰਮ੍ਰਿਤਸਰ ਵਿਚ ਦਾਖ਼ਲਾ ਲੈ ਲਿਆ, ਐਫ਼.ਏ. ਦੀ ਕਲਾਸ ਵਿਚ। ਇਸ ਤੋਂ ਬਾਅਦ ਛੇਤੀ ਹੀ ਗਰਮੀਆਂ ਦੀਆਂ ਛੁੱਟੀਆਂ ਹੋ ਗਈਆਂ। ਸਤੰਬਰ ਵਿਚ ਜਦੋਂ ਕਾਲਜ ਦੁਬਾਰਾ ਖੁੱਲ੍ਹਿਆ ਤਾਂ ਇਸ ਦੇ ਅਦਬੀ ਮਾਹੌਲ ਨਾਲ ਮੇਰੀ ਵਾਕਫ਼ੀਅਤ ਹੋ ਗਈ। ਮੇਰੀ ਪਹਿਲੀ (ਅਭੁੱਲ) ਯਾਦ ਉਰਦੂ ਮੁਸ਼ਾਇਰੇ ਦੀ ਹੈ ਜੋ ਕਾਲਜ ਦੇ ਵਿਹੜੇ ਵਿਚ ਇਕ ਢਲਦੀ ਸ਼ਾਮ ਨੂੰ ਆਯੋਜਿਤ ਹੋਇਆ ਸੀ। ਇਸ ਵਿਚ ਸਥਾਨਕ ਸ਼ਾਇਰਾਂ ਤੋਂ ਇਲਾਵਾ ਲਾਹੌਰ ਤੋਂ ਵੀ ਕੁਝ ਸ਼ਾਇਰ ਆਏ। ਮੈਂ ਵਿਸਮਾਦ ਦੀ ਅਵਸਥਾ ਵਿਚ ਉਹ ਮੁਸ਼ਾਇਰਾ ਸੁਣਿਆ। ਅਜੇ ਤਕ ਮੈਨੂੰ ਇਕ ਸ਼ਿਅਰ ਯਾਦ ਹੈ-

ਮਨਸੂਰ ਤੋ ਸਰ ਦੇ ਕੇ ਭੀ ਜ਼ਿੰਦਾ ਰਹਾ ਮਗਰ
ਜੱਲਾਦ ਪੈ ਹੈ ਕਤਲ ਕਾ ਇਲਜ਼ਾਮ ਅਭੀ ਤਕ

ਬਾਅਦ ਵਿਚ ਪ੍ਰੋ. ਮਾਥੁਰ ਦੀ ਨਜ਼ਰ ਮੇਰੇ ਉੱਤੇ ਟਿਕ ਗਈ ਅਤੇ ਉਨ੍ਹਾਂ ਨੇ ਮੈਨੂੰ 'ਬਜ਼ਮਿ-ਸੁਖ਼ਨ' ਦਾ ਜਨਰਲ ਸਕੱਤਰ ਅਤੇ ਕਾਲਜ ਮੈਗਜ਼ੀਨ 'ਸ਼ਿਵਾਲਾ' ਦੇ ਉਰਦੂ ਭਾਗ ਦਾ ਵਿਦਿਆਰਥੀ ਸੰਪਾਦਕ ਬਣਾ ਦਿੱਤਾ। ਕਲਾਸ ਵਿਚ ਉਰਦੂ ਫ਼ਾਰਸੀ ਵਿਚ ਬਹੁਤ ਚੰਗੇ ਨੰਬਰ ਲੈਣ ਕਰਕੇ ਮੇਰੇ ਅਦਬ-ਫ਼ਹਿਮ ਦੋਸਤਾਂ ਦਾ ਹਲਕਾ ਵਸੀਹ ਹੁੰਦਾ ਗਿਆ। ਉਦੋਂ ਹੀ ਸਾਡੇ ਮੁਹੱਲੇ ਵਿਚ ਰਹਿ ਰਹੇ ਮੇਰੇ ਸਹਿਪਾਠੀ ਇੰਦਰ ਕੁਮਾਰ ਸਾਗਰ ਨਾਲ ਮੇਰੀ ਦੁਬਾਰਾ ਜਾਣ-ਪਹਿਚਾਣ ਹੋਈ। ਦੁਬਾਰਾ ਮੈਂ ਇਸ ਲਈ ਕਹਿ ਰਿਹਾ ਹਾਂ ਕਿ ਕੱਚੀ ਜਮਾਤ ਵਿਚ ਵੀ ਅਸੀਂ ਇਕੱਠੇ ਪੜ੍ਹਦੇ ਸਾਂ। ਬੰਬੇ ਵਾਲਾ ਖੂਹ ਦੇ ਚੌਕ ਦੇ ਇਕ ਪਾਸੇ ਕਮੇਟੀ ਦਾ ਸਕੂਲ ਸੀ, ਜਿਸ ਨੂੰ ਸਬਜ਼ੀ ਮੰਡੀ ਸਕੂਲ ਕਿਹਾ ਜਾਂਦਾ ਸੀ, ਕਿਉਂਕਿ ਉਸ ਸਕੂਲ ਦੇ ਸਾਹਮਣੇ ਕਦੀ ਸਬਜ਼ੀ ਮੰਡੀ ਲਗਦੀ ਹੁੰਦੀ ਸੀ। ਇਸ ਚੌਕ ਦੇ ਦੂਸਰੇ ਪਾਸੇ ਵਾਲੇ ਬਾਜ਼ਾਰ ਵਿਚ, ਥੋੜ੍ਹਾ ਅੱਗੇ ਜਾ ਕੇ, ਸਾਡੀ ਗਲੀ ਸੀ। ਇਸ ਚੌਕ ਦੇ ਖੱਬੇ ਪਾਸੇ ਵਾਲੇ ਬਾਜ਼ਾਰ ਵਿਚ ਇਕ ਗਲੀ ਸੀ, ਜਿਸ ਵਿਚ ਇੰਦਰ ਕੁਮਾਰ ਸਾਗਰ ਰਹਿੰਦਾ ਸੀ।

ਕਾਲਜ ਵਿਚ ਖ਼ਾਲੀ ਪੀਰੀਅਡਾਂ ਵਿਚ ਅਸੀਂ ਦੋਵੇਂ ਇਕੱਠੇ ਘੁੰਮਦੇ ਰਹਿੰਦੇ ਸੀ। ਛੇਤੀ ਹੀ ਸਾਡੇ ਸੰਪਰਕ ਵਿਚ ਦੋ ਹੋਰ ਵਿਦਿਆਰਥੀ ਆ ਗਏ- ਕ੍ਰਿਸ਼ਨ ਕੁਮਾਰ ਰਾਜ਼ਦਾਨ (ਕੈਫ਼) ਅਤੇ ਕ੍ਰਿਸ਼ਨ ਗੋਪਾਲ



ਚੱਡਾ। ਕੈਫ਼ ਤਾਂ ਸ਼ਾਇਰ ਸੀ ਅਤੇ ਚੱਡਾ ਵਧੀਆ ਡਿਬੇਟਰ। ਸਾਡੀ ਚੌਹਾਂ ਦੀ ਚੰਗੀ ਟੋਲੀ ਬਣ ਗਈ। ਅਗਲੇ ਸਾਲ, ਸਤੰਬਰ ਦੇ ਮਹੀਨੇ ਵਿਚ, ਦੀਨਾ ਨਗਰ ਵਿਚ ਇਕ ਵੱਡਾ ਮੁਸ਼ਾਇਰਾ ਹੋਣ ਦੀ ਘੋਸ਼ਣਾ ਹੋਈ। ਅਸੀਂ ਸਭ ਉਥੇ ਜਾਣ ਲਈ ਤਿਆਰ ਹੋ ਗਏ। ਉਹ ਇਸ ਕਰਕੇ ਕਿ ਕੈਫ਼ ਨੂੰ ਸੱਦਾ ਪੱਤਰ ਆ ਗਿਆ ਸੀ ਅਤੇ ਉਸ ਨੂੰ ਦਾਦ ਵਸੂਲ ਕਰਨ ਲਈ ਸਾਡੀ ਜ਼ਰੂਰਤ ਸੀ। ਇਤਫ਼ਾਕ ਨਾਲ ਕ੍ਰਿਸ਼ਨ ਗੋਪਾਲ ਚੱਡਾ ਦੇ ਨਾਨਕੇ ਦੀਨਾ ਨਗਰ ਵਿਚ ਸਨ। ਸੋ ਅਸੀਂ ਚੌਹਾਂ ਨੇ ਮੁਸ਼ਾਇਰੇ ਤੋਂ ਦੋ ਦਿਨ ਪਹਿਲਾਂ ਉਥੇ ਜਾ ਡੇਰੇ ਲਾਏ ਅਤੇ ਦੋ ਦਿਨ ਬਾਅਦ ਤੱਕ ਦੀਨਾ ਨਗਰ ਹੀ ਰਹੇ। ਸਾਡੇ ਸਭ ਲਈ ਇਹ ਇਕ ਅਨੋਖਾ ਤਜਰਬਾ ਸੀ, ਖ਼ਾਸ ਕਰਕੇ ਇਸ ਲਈ ਕਿ ਉਦੋਂ ਸਾਡੀ ਉਮਰ ਸੋਲ੍ਹਾਂ ਅਤੇ ਸਤਾਰਾਂ ਵਰ੍ਹਿਆਂ ਦੇ ਵਿਚ ਸੀ। ਉਥੇ ਅਸੀਂ ਪਹਿਲੀ ਵਾਰ ਪੰਡਿਤ ਲੱਭੂ ਰਾਮ ਜੋਸ਼ ਮਲਸਿਆਨੀ, ਪੰਡਿਤ ਮੇਲਾ ਰਾਮ ਵਫ਼ਾ, ਜਨਾਬ ਸੋਹਨ ਲਾਲ ਸਾਹਿਰ ਕਪੂਰਥਲਵੀ ਅਤੇ ਖ਼ਾਂ ਗ਼ਾਜ਼ੀ ਕਾਬਲੀ ਨੂੰ ਮਿਲੇ। ਏਥੇ ਹੀ ਨਰੇਸ਼ ਕੁਮਾਰ ਸ਼ਾਦ ਨਾਲ ਸਾਡੀ ਗੂੜ੍ਹੀ ਮਿੱਤਰਤਾ ਦਾ ਆਰੰਭ ਹੋਇਆ। ਬਾਅਦ ਵਿਚ ਉਹ ਲਾਹੌਰੋਂ ਆ ਕੇ ਸਾਨੂੰ ਅੰਮ੍ਰਿਤਸਰ ਵਿਚ ਮਿਲਦਾ ਰਿਹਾ। ਉਹਦੇ ਕਹਿਣ 'ਤੇ ਕਿ ਜੇਕਰ ਅਦਬੀ ਹਲਕਿਆਂ ਵਿਚ ਨਾਂ ਪੈਦਾ ਕਰਨਾ ਹੈ ਤਾਂ ਇਕ ਵੱਡਾ ਮੁਸ਼ਾਇਰਾ ਕਰਵਾਓ, ਅਸੀਂ 1945 ਦੀਆਂ ਸਰਦੀਆਂ ਵਿਚ ਅੰਮ੍ਰਿਤਸਰ ਦੇ ਟਾਊਨ ਹਾਲ ਵਿਚ ਮੁਸ਼ਾਇਰਾ ਕਰਵਾਇਆ। ਉਸ ਦਿਨ ਸ਼ੁਰੂ ਵਿਚ ਤਾਂ ਹਾਲ ਵਿਚ ਸਰੋਤਿਆਂ ਤੋਂ ਜ਼ਿਆਦਾ ਸ਼ਾਇਰ ਮੌਜੂਦ ਸਨ, ਕਿਉਂਕਿ ਸ਼ਾਦ ਦੇ ਕਹਿਣ 'ਤੇ ਲਾਹੌਰੋਂ ਬਹੁਤ ਸ਼ਾਇਰ ਆ ਗਏ ਸਨ। ਫੇਰ ਹੌਲੀ ਹੌਲੀ ਸਰੋਤੇ ਆਉਣੇ ਸ਼ੁਰੂ ਹੋ ਗਏ ਅਤੇ ਸਾਡੀ ਇੱਜ਼ਤ ਰਹਿ ਗਈ।

ਇਕੋ ਮਹੱਲੇ ਵਿਚ ਰਹਿਣ ਕਰਕੇ ਮੇਰੀ ਤੇ ਸਾਗਰ ਦੀ ਦੋਸਤੀ ਦਿਨ-ਪ੍ਰਤੀ-ਦਿਨ ਪੱਕੀ ਹੁੰਦੀ ਗਈ। ਉਦੋਂ ਹੀ ਅਸੀਂ 'ਬੀਸਵੀ ਸਦੀ', 'ਸ਼ਮਾਅ', 'ਹੁਸਨ ਪ੍ਰਸਤ', 'ਚਿੱਤਰਾ ਵਕੀਲੀ', 'ਮਾਸਿਕ ਕ੍ਰਾਂਤੀ' ਅਤੇ ਕੁਝ ਹੋਰ ਰਸਾਲੇ ਪੜ੍ਹਨੇ ਸ਼ੁਰੂ ਕਰ ਦਿੱਤੇ। ਇੰਞ ਸਾਡਾ ਧਿਆਨ ਕੋਰਸ ਦੀਆਂ ਕਿਤਾਬਾਂ ਤੋਂ ਹਟ ਕੇ ਰੁਮਾਨੀ ਅਦਬ ਨੂੰ ਪੜ੍ਹਨ ਵੱਲ ਚਲਿਆ ਗਿਆ। ਉਨ੍ਹੀਂ ਦਿਨੀਂ ਹੀ ਸਾਗਰ ਨੇ ਮੈਨੂੰ ਦੱਸਿਆ ਕਿ ਉਹਦੀ ਗਲੀ ਵਿਚ ਇਕ ਵਿਅਕਤੀ ਹੈ, ਬਾਵਾ ਗੋਪਾਲ, ਜਿਸ ਨੇ ਘਰ ਵਿਚ ਲਾਇਬ੍ਰੇਰੀ ਖੋਲ੍ਹੀ ਹੋਈ ਹੈ, ਜਿਸ ਦਾ ਨਾਂ ਹੈ 'ਫਰੈਂਡਜ਼ ਲਾਇਬ੍ਰੇਰੀ'। ਇਕ ਦਿਨ ਸ਼ਾਮ ਨੂੰ ਉਹ ਮੈਨੂੰ ਇਸ ਲਾਇਬ੍ਰੇਰੀ ਵਿਚ ਲੈ ਗਿਆ। ਉਥੇ ਸਾਡੇ ਤੋਂ ਕੁਝ ਸਾਲ ਵੱਡੀ ਉਮਰ ਦਾ ਬਾਵਾ ਗੋਪਾਲ ਬੈਠਾ ਸੀ, ਜੋ ਇਨਕਮ ਟੈਕਸ ਦੇ ਦਫ਼ਤਰ ਵਿਚ ਕਲਰਕ ਲੱਗਾ ਹੋਇਆ ਸੀ। ਉਹ ਸਾਨੂੰ ਬੜੇ ਤਪਾਕ ਨਾਲ ਮਿਲਿਆ ਅਤੇ ਚੰਗੇ ਰਸਾਲੇ ਅਤੇ ਕਿਤਾਬਾਂ ਪੜ੍ਹਨ ਵੱਲ ਰੁਚਿਤ ਕੀਤਾ। ਸਾਨੂੰ ਪਹਿਲਾਂ ਵਾਲ ਪਤਾ ਲੱਗਾ ਕਿ ਉਰਦੂ ਵਿਚ 'ਅਦਬੇ-ਲਤੀਫ਼', 'ਹੁਮਾਯੂੰ', 'ਸਾਕੀ', 'ਅਦਬੀ ਦੁਨੀਆ', 'ਸ਼ਾਹਕਾਰ', 'ਨਿਗਾਰ' ਅਤੇ 'ਹਜ਼ਾਰ ਦਾਸਤਾਨ' ਵਰਗੇ ਨਿਰੋਲ ਅਦਬੀ ਰਸਾਲੇ ਵੀ ਛਪਦੇ ਹਨ। ਉਦੋਂ ਤੱਕ ਅਸੀਂ ਕਾਲਜ ਦੀ ਲਾਇਬ੍ਰੇਰੀ ਵਿਚੋਂ ਕੁਝ ਕਿਤਾਬਾਂ ਤਾਂ ਇਸ਼ੂ ਕਰਵਾਉਂਦੇ ਰਹੇ ਸਾਂ ਪਰ ਨਵਾਂ ਸਾਹਿਤ ਸਾਡੇ ਤੀਕ ਨਹੀਂ ਸੀ ਪੁੱਜਾ। ਬਾਵਾ ਗੋਪਾਲ ਨੇ ਸਾਨੂੰ ਨਵੀਆਂ ਕਿਤਾਬਾਂ ਪੜ੍ਹਨ ਲਈ ਦਿੱਤੀਆਂ ਤਾਂ ਜਿਵੇਂ ਸਾਡੀਆਂ ਅੱਖਾਂ ਖੁੱਲ੍ਹ ਗਈਆਂ।

ਛੇਤੀ ਹੀ ਸਾਡੀ ਦੋਸਤੀ ਬਾਵਾ ਗੋਪਾਲ ਦੇ ਛੋਟੇ ਭਰਾ ਮਹਿੰਦਰ ਬਾਵਾ ਨਾਲ ਹੋ ਗਈ। ਉਹ ਵੀ ਸਾਡੇ ਤੋਂ ਦੋ ਕੁ ਸਾਲ ਵੱਡਾ ਸੀ ਪਰ ਸਾਡਾ ਹਮ-ਖ਼ਿਆਲ ਸੀ। ਉਹ ਇਸ ਤਰ੍ਹਾਂ ਕਿ ਬਾਵਾ ਗੋਪਾਲ ਫ਼ਲਸਫ਼ੀ ਵਾਂਗ ਸੀ ਜੋ ਹਰ ਵਕਤ ਖ਼ਲੀਲ ਜ਼ਿਬਰਾਨ ਦੀਆਂ ਗੱਲਾਂ ਹੀ ਕਰਦਾ ਰਹਿੰਦਾ ਸੀ। ਉਸ ਨੇ ਸਾਨੂੰ ਉਹਦੀਆਂ ਉਰਦੂ ਵਿਚ ਛਪੀਆਂ ਹੋਈਆਂ ਕਿਤਾਬਾਂ ਪੜ੍ਹਨ ਲਈ ਦਿੱਤੀਆਂ ਪਰ ਸਾਡੇ ਪੱਲੇ ਕੁਝ ਨਹੀਂ ਸੀ ਪੈਂਦਾ। ਉਨ੍ਹੀਂ ਦਿਨੀਂ ਮਹਿੰਦਰ ਬਾਵਾ, ਸਾਡੇ ਕਾਲਜ ਤੋਂ ਐਫ਼.ਐਸਸੀ. ਤੱਕ ਪੜ੍ਹਨ ਤੋਂ ਬਾਅਦ ਪੰਜਾਬ ਨੈਸ਼ਨਲ ਬੈਂਕ (ਹਾਲ ਬਾਜ਼ਾਰ) ਵਿਚ ਕਲਰਕ ਲੱਗ ਗਿਆ ਸੀ ਪਰ 'ਅਦੀਬ-ਆਲਮ' ਲਈ ਸ਼ਾਮ ਦੀਆਂ

ਕਲਾਸਾਂ ਲਗਾ ਰਿਹਾ ਸੀ। ਅਸੀਂ ਫਰੈਂਡਜ਼ ਲਾਇਬ੍ਰੇਰੀ ਵਿਚ ਬੈਠੇ ਬਾਵਾ ਗੋਪਾਲ ਨਾਲ ਗੱਲਾਂ ਕਰ ਰਹੇ ਹੁੰਦੇ ਤਾਂ ਉਹ ਹੱਥ ਵਿਚ ਕੁਝ ਕਿਤਾਬਾਂ ਫੜ੍ਹੀ, ਸਾਨੂੰ ਵਿਸ਼ ਕਰਕੇ, ਉੱਪਰਲੀਆਂ ਪੌੜੀਆਂ ਚੜ੍ਹ ਜਾਂਦਾ। ਇਕ ਦਿਨ ਅਸੀਂ ਜਦੋਂ ਉਥੇ ਗਏ ਤਾਂ ਬਾਵਾ ਗੋਪਾਲ ਦੀ ਥਾਂ 'ਤੇ ਮਹਿੰਦਰ ਬਾਵਾ ਬੈਠਾ ਹੋਇਆ ਸੀ। ਉਥੇ ਬੈਠਾ ਉਹ ਡਾ. ਮੁਹੰਮਦ ਇਕਬਾਲ ਦੀ ਪੁਸਤਕ 'ਬਾਂਗੇ-ਦਰਾ' ਪੜ੍ਹ ਰਿਹਾ ਸੀ, ਜੋ 'ਅਦੀਬ-ਆਲਮ' ਦੇ ਕੋਰਸ ਦਾ ਹਿੱਸਾ ਸੀ। ਇਸ ਮੁਲਾਕਾਤ ਤੋਂ ਬਾਅਦ ਅਸੀਂ ਹੌਲੀ ਹੌਲੀ ਮਹਿੰਦਰ ਬਾਵਾ ਦੇ ਨੇੜੇ ਹੁੰਦੇ ਚਲੇ ਗਏ। ਕੁਝ ਸਾਲਾਂ ਬਾਅਦ ਉਸ ਨੇ ਉਰਦੂ ਮਾਸਿਕ 'ਪਗਡੰਡੀ' ਜਾਰੀ ਕੀਤਾ।

ਉਂਜ ਤਾਂ ਮੈਂ 1945 ਵਿਚ ਹੀ ਲਾਹੌਰ ਦੇ ਪਰਚਿਆਂ, ਜਿਵੇਂ ਕਿ ਮਾਸਿਕ 'ਕ੍ਰਾਂਤੀ' ਅਤੇ 'ਹਿੰਦੂ ਵੀਕਲੀ', ਵਿਚ ਛਪਣ ਲੱਗ ਪਿਆ ਸੀ। ਹਲਕੇ ਫੁਲਕੇ ਲੇਖ 'ਹਿੰਦੂ' ਲਈ ਅਤੇ ਮਿੰਨੀ ਕਹਾਣੀਆਂ 'ਕ੍ਰਾਂਤੀ' ਲਈ। ਕਾਲਜ ਮੈਗਜ਼ੀਨ 'ਸ਼ਿਵਾਲਾ' ਵਿਚ ਮੇਰੇ ਕਤੇਅ ਤੇ ਗ਼ਜ਼ਲਾਂ ਛਪਦੀਆਂ। ਲੇਕਿਨ 'ਪਗਡੰਡੀ' ਵਿਚ ਛਪਣਾ ਕੁਝ ਹੋਰ ਗੱਲ ਸੀ। ਉਨ੍ਹੀਂ ਦਿਨੀਂ ਮੈਂ ਇਕ ਆਲੋਚਨਾਤਮਕ ਲੇਖ ਲਿਖਿਆ- 'ਉਰਦੂ ਮਸਨਵੀ ਪਰ ਏਕ ਸਰਸਰੀ ਨਜ਼ਰ।' 'ਪਗਡੰਡੀ' ਦਾ ਮੈਂ ਅਦਬੀ ਸਲਾਹਕਾਰ ਸੀ, ਇਸ ਲਈ ਮੇਰੀ ਭੇਜੀ ਹੋਈ ਕੋਈ ਰਚਨਾ, ਭਾਵੇਂ ਕਿਸੇ ਹੋਰ ਦੀ ਹੋਵੇ, ਕਦੀ ਵਾਪਸ ਨਹੀਂ ਸੀ ਆਈ। ਸ਼ਿਮਲੇ ਜਾ ਕੇ ਮੈਂ ਈਸ਼ਵਰ ਚਿਤਰਕਾਰ ਦੀਆਂ ਕੁਝ ਕਹਾਣੀਆ, ਪੰਜਾਬੀ ਤੋਂ ਉਰਦੂ ਵਿਚ ਅਨੁਵਾਦ ਕਰਕੇ, ਇਸ ਪਰਚੇ ਲਈ ਭੇਜਦਾ ਰਿਹਾ। ਕੁਝ ਸਾਲਾਂ ਬਾਅਦ ਮਹਿੰਦਰ ਬਾਵਾ ਨੇ 'ਪਗਡੰਡੀ' ਆਪਣੇ ਸਹਿ-ਸੰਪਾਦਕ ਅਮਰੀਕ ਆਨੰਦ ਦੇ ਹਵਾਲੇ ਕਰ ਦਿੱਤਾ ਅਤੇ ਆਪ ਤ੍ਰੈਮਾਸਿਕ 'ਨਿਗਾਰਿਸ਼' ਦਾ ਸੰਪਾਦਨ ਕਾਰਜ ਸੰਭਾਲ ਲਿਆ।

ਮੇਰੀ ਲਿਖਣ ਪ੍ਰਕਿਰਿਆ ਦਾ ਪਹਿਲਾ ਦੌਰ 1945 ਤੋਂ 1950 ਤਕ ਦਾ ਹੈ ਜਦੋਂ ਮੈਂ ਵਧੇਰੇ ਕਰਕੇ ਹਿੰਦੂ ਕਾਲਜ, ਅੰਮ੍ਰਿਤਸਰ ਨਾਲ ਬਤੌਰ ਵਿਦਿਆਰਥੀ ਸੰਬੰਧਿਤ ਰਿਹਾ ਸੀ। ਇਨ੍ਹਾਂ ਸਾਲਾਂ ਵਿਚ ਹੀ ਮੇਰਾ ਮਾਨਸਿਕ ਵਿਕਾਸ ਹੋਇਆ। ਗੱਲ ਮੈਂ ਉਹੀ ਕਰਨੀ ਚਾਹੁੰਦਾ ਹਾਂ- 'ਦਿ ਗਰੋਥ ਆਫ਼ ਦੀ ਮਾਈਂਡ'। ਬਾਵਾ ਗੋਪਾਲ ਨੇ ਚੰਗੇ ਉਰਦੂ ਰਸਾਲਿਆਂ ਅਤੇ ਵਧੀਆ ਉਰਦੂ ਪੁਸਤਕਾਂ ਨਾਲ ਪਰੀਚਿਤ ਕਰਵਾਇਆ। ਇੰਜ ਮੈਂ ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਸਆਦਤ ਹਸਨ ਮੰਟੋ, ਬਲਵੰਤ ਸਿੰਘ ਅਤੇ ਇਸਮਤ ਚੁਗ਼ਤਾਈ ਨੇ ਅਫ਼ਸਾਨੇ ਬੜੇ ਸ਼ੋਕ ਨਾਲ ਪੜ੍ਹਦਾ ਰਿਹਾ। ਸ਼ਾਇਰਾਂ ਵਿਚ ਪਹਿਲਾਂ ਅਖ਼ਤਰ ਸ਼ੀਰਾਨੀ ਅਤੇ ਬਾਅਦ ਵਿਚ ਫ਼ੈਜ਼, ਸਾਹਿਰ, ਮਜਾਜ਼, ਜਜ਼ਬੀ, ਸਲਾਮ ਅਤੇ ਮਖ਼ਮੂਰ ਜਾਲੰਧਰੀ ਦੇ ਕਲਾਮ ਦਾ ਅਧਿਐਨ ਕੀਤਾ। ਛੇਤੀ ਹੀ ਸਾਨੂੰ ਨਰੇਸ਼ ਕੁਮਾਰ ਸ਼ਾਦ ਨੇ ਮੀਰਾਂ ਜੀ, ਯੂਸਫ਼ ਜ਼ਫ਼ਰ ਅਤੇ ਕੱਯੂਮ ਨਜ਼ਰ ਦੇ ਕਵਿਤਾ-ਸੰਗ੍ਰਿਹਾਂ ਤੋਂ ਜਾਣੂ ਕਰਵਾਇਆ। ਇੰਝ ਮੇਰੀ ਸੋਚ ਦਾ ਘੇਰਾ ਵਿਸ਼ਾਲ ਹੁੰਦਾ ਗਿਆ।

ਮੇਰੀ ਨਜ਼ਰ ਵਿਚ ਮੇਰੇ ਉਰਦੂ ਨਾਵਲਾਂ 'ਸੋਗਵਾਰ' (1960) ਅਤੇ 'ਮੋਨਾਲਿਜ਼ਾ' (1962) ਦੀ ਮਕਬੂਲੀਅਤ ਦਾ ਰਾਜ਼ ਇਹ ਸੀ ਕਿ ਮੈਂ ਸ਼ਿਮਲੇ ਦੀ ਮੱਧਵਰਗੀ ਸੁਸਾਇਟੀ ਵਿਚਲੇ ਵਿਰੋਧਾਭਾਸ ਨੂੰ ਤਿਰਛੀ ਨਜ਼ਰ ਨਾਲ ਦੇਖਿਆ ਸੀ। ਇਸ ਦੀ ਰੰਗੀਨੀ ਨੂੰ ਉਭਾਰਿਆ ਸੀ ਅਤੇ ਇਸ ਵਿਚ ਪਣਪ ਰਹੇ ਨਵੇਂ ਜਜ਼ਬਾਤ ਦੀ ਤਰਜਮਾਨੀ ਕੀਤੀ ਸੀ। ਪਾਰਟੀਸ਼ਨ ਤੋਂ ਬਾਅਦ ਦੇ ਦਹਾਕੇ ਵਿਚ ਨਿਚਲੀ ਮੱਧ-ਸ਼੍ਰੇਣੀ ਦੱਬੇ-ਪੈਰੀਂ ਮੱਧ-ਸ਼੍ਰੇਣੀ ਵਿਚ ਸ਼ਾਮਿਲ ਹੋ ਰਹੀ ਸੀ। ਇੰਝ ਹੀ ਮੱਧ-ਸ਼੍ਰੇਣੀ ਨਵੇਂ ਸਾਧਨਾਂ ਸਦਕਾ ਉੱਪਰਲੀ ਸ਼੍ਰੇਣੀ ਵੱਲ ਰੁਚਿਤ ਸੀ। ਇੰਜ ਸੀ ਜਿਵੇਂ ਕੋਈ ਅੰਗੜਾਈ ਲੈ ਰਿਹਾ ਹੋਵੇ, ਅਸਮਾਨ ਵੱਲ ਮੂੰਹ ਕਰਕੇ, ਪਰ ਉਹਦੇ ਪੈਰ ਧਰਤੀ 'ਤੇ ਟਿਕ ਨਾ ਰਹੇ ਹੋਣ। 'ਸੋਗਵਾਰ' ਵਿਚ 'ਨਿਊ ਵੂਮਨ' ਦੇ ਹਾਵ-ਭਾਵ ਸਨ ਪਰ ਨਾਲ ਹੀ ਉਸ ਦੇ ਆਦਰਸ਼ਿਆਏ ਜੀਵਨ ਵਿਚ ਖ਼ਲਲ-ਅੰਦਾਜ਼ੀ ਦਾ ਪ੍ਰਗਟਾਵਾ ਵੀ ਸੀ। ਉਸ ਦੀਆ ਸਰੀਰਕ ਲੋੜਾਂ ਦੀ ਇਕ ਫ਼ਰਜ਼ ਵਜੋਂ ਪੂਰਤੀ ਕਿਸੇ ਨਾ ਕਿਸੇ ਢੰਗ ਨਾਲ ਉਸ ਦੇ ਮਾਨਸਿਕ ਦਵੰਦ ਦਾ ਕਾਰਨ ਬਣ ਰਹੀ ਸੀ। 'ਮੋਨਾਲਿਜ਼ਾ' ਵਿਚ ਨਾਵਲਕਾਰ ਦਾ ਆਪਾ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੋ ਗਿਆ।



ਬਜ਼ਾਹਰ ਤਾਂ ਮਾਹੌਲ ਰੂਮਾਨੀ ਹੈ ਇਸ ਵਿਚ, ਪਰ ਅੰਦਰੇ ਅੰਦਰ ਤਲਖ਼ੀ ਦਾ ਪ੍ਰਵੇਸ਼ ਵੀ ਹੈ ਇਸ ਵਿਚ। ਸ਼ਿਮਲੇ ਦੀ ਫ਼ਿਜ਼ਾ ਵਿਚਲੀ ਤਾਜ਼ਗੀ ਨੇ ਇਸ ਦੇ ਵਸਨੀਕਾਂ ਵਿਚ ਨਵੇਂ ਵਲਵਲੇ ਤਾਂ ਪੈਦਾ ਕਰ ਦਿੱਤੇ, ਲੇਕਿਨ ਇਨ੍ਹਾਂ ਵਲਵਲਿਆਂ ਦੀ ਪੂਰਤੀ ਮਾਲੀ ਮੁਸ਼ਕਲਾਂ ਕਰਕੇ ਮੁਮਕਿਨ ਨਹੀਂ ਸੀ। ਇਸ ਹਕੀਕਤ ਨਾਲ ਜਦੋਂ ਯੁਵਾ ਪੀੜ੍ਹੀ ਪਰੀਚਿਤ ਹੋਈ ਤਾਂ ਸੁਪਨਿਆਂ ਦੇ ਸੁੰਦਰ ਖੰਭ ਹਵਾ ਵਿਚ ਖਿੰਡ ਗਏ।

ਸ਼ਿਮਲੇ ਵਿਚ ਗੁਜ਼ਾਰੇ ਹੋਏ ਦਸ ਸਾਲ, ਅਕਤੂਬਰ 1951 ਤੋਂ ਅਕਤੂਬਰ 1961 ਤਕ, ਮੇਰੀ ਨਿੱਜੀ ਅਤੇ ਅਦਬੀ ਜ਼ਿੰਦਗੀ ਦਾ ਹਾਸਿਲ ਹਨ। ਈਸ਼ਵਰ ਚਿਤਰਕਾਰ ਦੀ ਸੰਗਤ ਵਿਚ ਸਭ ਤੋਂ ਪਹਿਲਾਂ ਮੈਨੂੰ ਮਨੁੱਖੀ ਜੀਵਨ ਦੀ ਸੂਖ਼ਮਤਾ ਦਾ ਅਨੁਭਵ ਹੋਇਆ। ਸੰਵਾਦ ਰਾਹੀਂ ਇਕ ਦੂਸਰੇ ਨੂੰ ਸਮਝਣ ਦੀ ਸੋਝੀ ਪ੍ਰਾਪਤ ਹੋਈ। ਇਕ ਦੂਸਰੇ ਦੇ ਜਜ਼ਬਾਤ ਦੀ ਕਦਰ ਕਰਨ ਦਾ ਸਲੀਕਾ ਆਇਆ। ਜੀਵਨ ਦੀ ਗਤੀ ਦੇ ਧੀਮੇਪਣ ਵਿਚ ਮਨੁੱਖੀ ਭਾਵਾਂ ਅਤੇ ਵਿਚਾਰਾਂ ਦੀ ਕਦਰ-ਸ਼ਨਾਸੀ ਹੋਈ। ਦੂਸਰੇ ਪਾਸੇ, ਅਦਬੀ ਜ਼ਿੰਦਗੀ ਦੇ ਮਾਲਾ-ਮਾਲ ਹੋਣ ਦਾ ਅਹਿਸਾਸ ਵੀ ਪੈਦਾ ਹੋਇਆ। ਬਹੁਤ ਕੁਝ ਗ੍ਰਹਿਣ ਕੀਤਾ ਪੁਸਤਕਾਂ ਦੇ ਅਧਿਐਨ ਉਪਰੰਤ। ਸਿਲਸਿਲੇਵਾਰ ਕਿਸੇ ਇਮਤਿਹਾਨ ਦੀ ਖ਼ਾਤਰ ਪੜ੍ਹਨ ਦੀ ਸਾਰਥਕਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਬੇਤਰਤੀਬੀ ਵਿਚ, ਮਨ ਦੀ ਮੌਜ ਅਨੁਸਾਰ, ਪੁਸਤਕਾਂ ਨੂੰ ਪ੍ਰੇਮ ਕਰਨ ਵਿਚ, ਉਨ੍ਹਾਂ ਦਾ ਸਪਰਸ਼ ਪ੍ਰਾਪਤ ਕਰਨ ਵਿਚ, ਉਨ੍ਹਾਂ ਨਾਲ ਸੰਵਾਦ ਰਚਾਉਣ ਵਿਚ ਜੋ ਲੁਤਫ਼ ਹੈ, ਉਹ ਅਨੂਠਾ ਹੈ। ਏਥੇ ਰਹਿ ਕੇ ਕੁਝ ਸਾਲ ਰਚਨਾਤਮਕ ਅਮਲ ਵਿਚੋਂ ਲੰਘਣ ਦਾ ਅਵਸਰ ਵੀ ਪ੍ਰਾਪਤ ਹੋਇਆ। ਵੱਡੀ ਪ੍ਰਾਪਤੀ ਤਾਂ ਇਹ ਦੋ ਉਰਦੂ ਨਾਵਲ ਹੀ ਸਨ, ਜੋ ਭਾਵੇਂ ਆਕਾਰ ਵਿਚ ਛੋਟੇ ਸਨ ਪਰ ਇਨ੍ਹਾਂ ਦੇ ਅਰਥਾਂ ਵਿਚ ਵਿਸ਼ਾਲਤਾ ਸੀ। ਇਹ ਸਭ ਕੁਝ ਕਿਸੇ ਗਿਣੀ-ਮਿਥੀ ਸਕੀਮ ਅਨੁਸਾਰ ਨਹੀਂ ਸੀ ਹੋਇਆ। ਬਸ ਕਲਮ ਅਤੇ ਕਾਗ਼ਜ਼ ਹੀ ਸਨ ਮੇਰੇ ਪੱਲੇ, ਜਿਨ੍ਹਾਂ ਦੁਆਰਾ ਮੇਰੇ ਸੁਪਨੇ ਸਾਕਾਰ ਹੋ ਸਕੇ। ਪਰ ਇਹ ਵੀ ਕਿਹਾ ਜਾ ਸਕਦਾ ਹੈ-

ਤੂੰ ਹੀ ਨਾਦਾਂ ਚੰਦ ਕਲੀਓਂ ਪਰ ਕਨਾਇਤ ਕਰ ਗਿਆ
ਵਰਨਾ ਗੁਲਸ਼ਨ ਮੇਂ ਇਲਾਜੇ-ਤੰਗੀਏ-ਦਾਮਾਂ ਭੀ ਥਾ

ਪੰਜਾਬ ਐਜੂਕੇਸ਼ਨ ਸਰਵਿਸ ਵਿਚ ਮੈਂ 1962 ਵਿਚ ਆ ਗਿਆ। ਪਹਿਲੀ ਨਿਯੁਕਤੀ ਗੌਰਮਿੰਟ ਕਾਲਜ, ਮੁਕਤਸਰ ਵਿਚ ਹੋਈ। ਏਥੇ ਮੈਂ ਸਿਰਫ਼ ਇਕ ਸਾਲ ਹੀ ਰਿਹਾ ਅਤੇ ਅਗਲੇ ਸਾਲ ਨਵੰਬਰ 1963 ਵਿਚ ਮੇਰੀ ਬਦਲੀ ਗੌਰਮਿੰਟ ਕਾਲਜ, ਟਾਂਡਾ ਉੜਮੁੜ ਦੀ ਹੋ ਗਈ। ਟਾਂਡਾ ਉੜਮੁੜ ਰਹਿੰਦੇ ਹੋਏ ਮੇਰਾ ਸੰਪਰਕ ਪ੍ਰੋ. ਜਗਜੀਤ ਸਿੰਘ ਛਾਬੜਾ ਨਾਲ ਦਿਨ ਪ੍ਰਤੀ ਦਿਨ ਵਧਦਾ ਹੀ ਗਿਆ। ਉਹ ਆਪ ਅਦੀਬ ਤਾਂ ਸੀ ਪਰ ਅਦਬ ਫ਼ਹਿਮ ਅਤੇ ਅਦੀਬ ਨਿਵਾਜ਼ ਜ਼ਿਆਦਾ ਸੀ। ਜਿਥੇ ਕਿਤੇ ਉਹਨੂੰ ਪ੍ਰਤਿਭਾ ਨਜ਼ਰ ਆਉਂਦੀ, ਕਿਸੇ ਵਿਦਿਆਰਥੀ ਵਿਚ, ਕਿਸੇ ਸਹਿਕਰਮੀ ਵਿਚ ਜਾਂ ਕਿਸੇ ਹੋਰ ਵਿਅਕਤੀ ਵਿਚ, ਤਾਂ ਉਹ ਉਸ ਵਿਅਕਤੀ ਨੂੰ ਉਤਸ਼ਾਹਿਤ ਕਰਦਾ। ਉਹ ਮੇਰਾ ਸਹਿ-ਕਰਮੀ ਰਹਿ ਚੁੱਕਾ ਸੀ, ਰਾਮਗੜ੍ਹੀਆ ਆਰਟ ਕਾਲਜ, ਫਗਵਾੜਾ ਵਿਚ ਜਿਥੇ ਉਹਦੇ ਰਾਹੀਂ ਮੇਰੀ ਨੇੜਤਾ ਕਵੀ ਸ਼ਿਵ ਕੁਮਾਰ ਅਤੇ ਆਰਟਿਸਟ ਸੋਹਣ ਕਾਦਰੀ ਨਾਲ ਹੋਈ। ਦੁਬਾਰਾ ਸਾਡੀ ਦੋਹਾਂ ਦੀ ਮੁਲਾਕਾਤ ਸ. ਸ. ਮੀਸ਼ਾ ਰਾਹੀਂ ਜਲੰਧਰ ਵਿਚ ਉਹਦੇ ਘਰ ਹੋਈ। ਜਲੰਧਰੋਂ ਟਾਂਡਾ ਬਹੁਤੀ ਦੂਰ ਨਹੀਂ, ਇਸ ਲਈ ਅਸੀਂ ਅਕਸਰ ਮਿਲਦੇ ਰਹਿੰਦੇ। ਉਸ ਦੀ ਤੀਬਰ ਖ਼ਾਹਿਸ਼ ਸੀ ਕਿ ਪੰਜਾਬੀ ਸਾਹਿਤ ਗਾਡੀ-ਰਾਹ ਵਿਚੋਂ ਬਾਹਰ ਨਿਕਲੇ ਅਤੇ ਨਵੀਆਂ ਲੀਹਾਂ ਸਥਾਪਤ ਕਰੇ। ਉਹ ਕਹਿੰਦਾ ਸੀ ਕਿ ਅੰਗਰੇਜ਼ੀ ਸਾਹਿਤ ਰਾਹੀਂ ਅਤੇ ਅੰਗਰੇਜ਼ੀ ਵਿਚ ਅਨੁਵਾਦਿਤ ਪੱਛਮੀ ਸਾਹਿਤ ਰਾਹੀਂ ਸਾਡੇ ਤੀਕ ਜੋ ਕੁਝ ਪਹੁੰਚ ਰਿਹਾ ਸੀ, ਉਹ ਸਾਡੇ ਲਈ ਇਕ ਵਰਦਾਨ ਵਾਂਗ ਵੀ ਹੈ ਅਤੇ ਵੰਗਾਰ ਵਾਂਗ ਵੀ। ਪ੍ਰੋ. ਛਾਬੜਾ ਆਧੁਨਿਕਤਾ ਦਾ ਪ੍ਰਸ਼ੰਸਕ ਸੀ ਪਰ ਉਹ ਆਧੁਨਿਕਤਾਵਾਦੀ ਨਹੀਂ ਸੀ। ਕੋਈ

ਨਵਾਂ ਖ਼ਿਆਲ, ਕੋਈ ਨਵਾਂ ਜਜ਼ਬਾ ਜਾਂ ਕੋਈ ਨਵੀਂ ਬਿਰਤਾਂਤ-ਵਿਧੀ ਉਹਨੂੰ ਟੁੰਬ ਜਾਂਦੀ ਸੀ।

ਪਹਿਲਾ ਪੰਜਾਬੀ ਨਾਵਲ 'ਪਰਛਾਵੇਂ' (1966) ਲਿਖਣ ਤੋਂ ਬਾਅਦ ਮੈਂ 'ਸੋਗਵਾਰ' ਨੂੰ ਉਰਦੂ ਤੋਂ ਪੰਜਾਬੀ ਵਿਚ 'ਕਸਕ' ਦੇ ਨਾਂ ਹੇਠ ਉਲਥਾਇਆ। ਇਸ ਤੋਂ ਬਾਅਦ 'ਤ੍ਰੇੜਾਂ ਤੇ ਰੂਪ' ਦੀ ਰਚਨਾ ਕੀਤੀ, ਜਿਸ ਵਿਚ ਮਾਂ-ਬੇਟੀ ਦੇ ਨੈਤਿਕ ਤੇ ਜਿਨਸੀ ਨਜ਼ਰੀਏ ਦਾ ਪਰਸਪਰ ਵਿਰੋਧ ਦਰਸਾਇਆ ਗਿਆ। ਫੇਰ ਖ਼ਿਆਲ ਆਇਆ ਕਿ ਕਿਉਂ ਨਾ 'ਮੋਨਾਲਿਜ਼ਾ' ਨੂੰ ਪੰਜਾਬੀ ਰੂਪ ਵਿਚ ਪੇਸ਼ ਕੀਤਾ ਜਾਏ। ਇਸ ਦਾ ਅਨੁਵਾਦ ਕਰਨ ਦੀ ਬਜਾਏ, ਮੈਂ ਇਸ ਨਾਵਲ ਨੂੰ ਨਵੇਂ ਸਿਰਿਓਂ ਪੰਜਾਬੀ ਵਿਚ ਲਿਖਿਆ। ਪਾਤਰ ਤਾਂ ਉਹੀ ਰਹੇ, ਪਰ ਘਟਨਾਵਾਂ ਵਿਚ ਚੋਖਾ ਵਾਧਾ ਕੀਤਾ ਗਿਆ। ਇੰਝ ਇਹ ਨਾਵਲ 'ਰੇਤ ਛਲ' ਦੇ ਨਾਂ ਹੇਠ ਪ੍ਰਕਾਸ਼ਿਤ ਹੋਇਆ। ਉਦੋਂ ਮੈਂ ਗੌਰਮਿੰਟ ਕਾਲਜ ਟਾਂਡਾ ਉੜਮੁੜ ਤੋਂ ਗੌਰਮਿੰਟ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ ਵਿਚ ਜਾ ਚੁੱਕਾ ਸੀ। ਫ਼ਰੀਦਕੋਟ ਆ ਕੇ ਮੇਰਾ ਸੰਪਰਕ ਪ੍ਰੋ. ਜਗਜੀਤ ਸਿੰਘ ਛਾਬੜਾ ਨਾਲ ਟੁੱਟ ਗਿਆ। ਏਥੇ ਮੇਰੀ ਗੂੜ੍ਹੀ ਮਿੱਤਰਤਾ ਪ੍ਰੋ. ਕਰਮਜੀਤ ਸਿੰਘ ਨਾਲ ਹੋ ਗਈ। ਉਸ ਨੇ ਮੇਰੇ ਪਹਿਲੇ ਤਿੰਨਾਂ ਨਾਵਲਾਂ ਬਾਰੇ ਪਹਿਲਾ ਆਲੋਚਨਾਤਮਕ ਲੇਖ 'ਦੋਹਰੇ ਜੀਵਨ ਦਾ ਨਾਵਲਕਾਰ' ਲਿਖਿਆ ਜੋ 'ਹੇਮ ਜਿਉਤੀ' ਲੁਧਿਆਣਾ ਵਿਚ ਪ੍ਰਕਾਸ਼ਿਤ ਹੋਇਆ। ਇੰਜ ਪੰਜਾਬੀ ਸਾਹਿਤ ਦੇ ਖੇਤਰ ਵਿਚ ਮੇਰੀ ਜਾਣ-ਪਹਿਚਾਣ ਵਧੇਰੇ ਹੋ ਗਈ। ਫ਼ਰੀਦਕੋਟ ਜਾ ਕੇ ਪਹਿਲੇ ਸਾਲ ਵਿਚ ਹੀ ਮੈਂ ਨਿਵੇਕਲੀ ਤਰਜ਼ ਦਾ ਨਾਵਲ ਲਿਖਿਆ, 'ਹਨੇਰਾ ਹੋਣ ਤੱਕ'। ਇਸ ਵਿਚ ਮਾਲੀ ਸੰਕਟ ਅਤੇ ਜਿਨਸੀ ਤਨਾਉ ਦੀ ਦਾਸਤਾਨ ਅਨੋਖੀ ਵਰਣਨ ਸ਼ੈਲੀ ਦੁਆਰਾ ਬਿਆਨ ਕੀਤੀ ਗਈ। ਮੇਰੇ ਇਸ ਪੰਜਵੇਂ ਨਾਵਲ ਨੇ ਸ਼ਿਮਲੇ ਵਿਚ ਗੁਜ਼ਾਰੇ ਦਸਾਂ ਸਾਲਾਂ ਦੇ 'ਹੈਂਗ ਓਵਰ' ਤੋਂ ਮੈਨੂੰ ਮੁਕਤ ਕਰ ਦਿੱਤਾ। ਕੁਝ ਸਾਲਾਂ ਬਾਅਦ, ਯਾਨੀ ਜਨਵਰੀ 1974 ਵਿਚ, ਮੈਂ ਰਿਕਸ਼ਾ ਚਾਲਕ ਬਾਰੇ ਨਾਵਲ ਲਿਖਿਆ, 'ਇਕ ਹੋਰ ਨਵਾਂ ਸਾਲ', ਜੋ ਮੇਰੇ ਪਹਿਲਾਂ ਨਾਵਲਾਂ ਨਾਲੋਂ ਬਿਲਕੁਲ ਵੱਖਰੀ ਭਾਂਤ ਦਾ ਸੀ।

ਕਿਸੇ ਥਾਂ 'ਤੇ ਮੈਂ ਲਿਖਿਆ ਹੈ ਕਿ ਫ਼ਰੀਦਕੋਟ ਵਿਚ ਕੱਟੇ ਛੇ ਸਾਲਾਂ ਵਿਚ ਮੇਰੀ ਸਭ ਤੋਂ ਵੱਡੀ ਪ੍ਰਾਪਤੀ ਪ੍ਰੋ. ਕਰਮਜੀਤ ਸਿੰਘ ਨਾਲ ਮੇਰੀ ਦੋਸਤੀ ਸੀ। ਅਸੀਂ ਦੋਹਾਂ ਨੇ ਪ੍ਰੋ. ਕਿਰਪਾਲ ਸਿੰਘ ਕੋਮਲ ਅਤੇ ਸ਼੍ਰੀਕਾਂਤ ਨਾਲ ਰਲ ਕੇ ਤ੍ਰੈਮਾਸਿਕ 'ਸੁਚੇਤਨਾ' ਜਾਰੀ ਕੀਤਾ, ਜੋ ਨਿਰੋਲ ਆਲੋਚਨਾ ਨੂੰ ਸਮਰਪਿਤ ਸੀ। ਇਸ ਪਰਚੇ ਲਈ ਮੈਂ ਦੋ ਲੇਖ ਲਿਖੇ- 'ਪਰੰਪਰਾਗਤ ਨਾਵਲ ਤੋਂ ਚੇਤਨਤਾ-ਪ੍ਰਵਾਹ ਨਾਵਲ ਤਕ' ਅਤੇ 'ਨਾਵਲ ਦਾ ਰੂਪ-ਵਿਧਾਨ ਅਤੇ ਤਕਨੀਕ।' ਇਨ੍ਹਾਂ ਲੇਖਾਂ ਨੂੰ ਪਾਠਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਅਤੇ ਮੈਂ ਆਲੋਚਨਾਤਮਕ ਕਾਰਜ ਵਿਚ ਵਧੇਰੇ ਖੁਭ ਗਿਆ। ਹੌਲੀ ਹੌਲੀ ਹੋਰ ਆਲੋਚਨਾਤਮਕ ਲੇਖ ਵੀ ਵਜੂਦ ਵਿਚ ਆਏ, ਜਿਨ੍ਹਾਂ ਨੇ 1973 ਵਿਚ ਮੇਰੀ ਪੁਸਤਕ, 'ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ' ਦਾ ਰੂਪ ਧਾਰਨ ਕੀਤਾ। ਉਨ੍ਹੀਂ ਦਿਨੀਂ ਫ਼ਰੀਦਕੋਟ ਰਹਿੰਦੇ ਹੋਏ ਮੈਂ ਆਪਣੇ ਅਗਲੇ ਨਾਵਲ 'ਜਦੋਂ ਸਵੇਰ ਹੋਈ' ਦੇ ਪਹਿਲੇ 60 ਸਫ਼ੇ ਅੰਕਿਤ ਕਰ ਲਏ। ਫ਼ਰੀਦਕੋਟ ਵਿਚ ਰਹਿੰਦੇ ਹੋਏ ਮੈਂ ਮਾਲੀ ਸੰਕਟ ਦਾ ਸ਼ਿਕਾਰ ਤਾਂ ਰਿਹਾ, ਲੇਕਿਨ ਸਾਹਿਤ ਦੇ ਪੱਖੋਂ ਮੈਨੂੰ ਏਨੀ ਪ੍ਰਫੁੱਲਤਾ ਪਹਿਲਾਂ ਕਿਤੇ ਹੋਰ ਨਹੀਂ ਸੀ ਮਿਲੀ।

ਮੇਰੀ ਬੜੀ ਪੁਰਾਣੀ ਖਾਹਿਸ਼ ਸੀ ਕਿ ਮੈਂ ਕਪੂਰਥਲਾ ਦੇ ਗੌਰਮਿੰਟ ਰਣਧੀਰ ਕਾਲਜ (ਹੁਣ 'ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ') ਵਿਚ ਸਰਵਿਸ ਕਰਾਂ। ਕਪੂਰਥਲੇ ਆ ਕੇ, ਜੂਨ 1974 ਵਿਚ, ਮੈਨੂੰ ਐਮ.ਏ. (ਇੰਗਲਿਸ਼) ਦੀਆਂ ਕਲਾਸਾਂ ਪੜ੍ਹਾਉਣ ਦਾ ਅਵਸਰ ਪ੍ਰਾਪਤ ਹੋਇਆ। ਇੰਜ ਮੈਂ ਪੰਜਾਬੀ ਸਾਹਿਤ ਨਾਲ ਘੱਟ ਅਤੇ ਅੰਗਰੇਜ਼ੀ ਸਾਹਿਤ ਨਾਲ ਵਧੇਰੇ ਜੁੜ ਗਿਆ। ਏਥੇ ਮੇਰਾ ਸੰਪਰਕ ਡਾ. ਕੁਲਵੀਰ ਸਿੰਘ ਕਾਂਗ ਅਤੇ ਪ੍ਰੋ. ਜਸਵੰਤ ਸਿੰਘ ਵਿਰਦੀ ਨਾਲ ਪੈਦਾ ਹੋ ਗਿਆ ਸੀ। ਪ੍ਰੋ. ਜਗਜੀਤ ਸਿੰਘ ਛਾਬੜਾ, ਜਲੰਧਰ ਵਿਚ ਹੋਣ ਕਰਕੇ, ਇਕ ਵਾਰ ਫੇਰ ਮੇਰੇ ਨੇੜੇ ਆ ਗਿਆ। ਜਲੰਧਰ ਵਿਚ ਹੋਣ ਵਾਲੇ



ਅਦਬੀ ਸਮਾਗਮਾਂ 'ਤੇ ਮੇਰਾ ਆਣਾ-ਜਾਣਾ ਵਧ ਗਿਆ। ਖ਼ੂਬ ਗਹਿਮਾ-ਗਹਿਮੀ ਰਹਿਣ ਲੱਗੀ। ਬੜੀ ਮੁਸ਼ਕਿਲ ਨਾਲ ਵਕਤ ਕੱਢ ਕੇ ਮੈਂ ਆਪਣੇ ਨਾਵਲ 'ਜਦੋਂ ਸਵੇਰ ਹੋਈ' ਨੂੰ ਜਨਵਰੀ 1977 ਵਿਚ ਮੁਕੰਮਲ ਕੀਤਾ। ਇਸ ਤੋਂ ਪਹਿਲਾਂ ਮੇਰਾ ਨਾਵਲ 'ਇਕ ਹੋਰ ਨਵਾਂ ਸਾਲ' ਜੋ ਭਾਵੇਂ ਲਿਖਿਆ ਫ਼ਰੀਦਕੋਟ ਵਿਚ ਲਿਆ ਗਿਆ ਸੀ ਪਰ ਛਪਿਆ ਮੇਰੇ ਕਪੂਰਥਲਾ ਆਉਣ 'ਤੇ, ਚੰਗੀ ਪ੍ਰਸ਼ੰਸਾ ਲੈ ਚੁੱਕਾ ਸੀ। 'ਜਦੋਂ ਸਵੇਰ ਹੋਈ' ਨੇ ਤਾਂ ਜਿਵੇਂ ਮੈਨੂੰ ਪੰਜਾਬੀ ਨਾਵਲ ਦੇ ਖੇਤਰ ਵਿਚ 'ਕਾਇਮ' ਕਰ ਦਿੱਤਾ। ਕਪੂਰਥਲੇ ਰਹਿੰਦੇ ਹੋਏ ਮੈਂ 1981 ਵਿਚ ਆਪਣਾ ਅਠਵਾਂ ਨਾਵਲ 'ਜੁਗਾਂ ਤੋਂ ਪਾਰ' ਲਿਖਿਆ। ਇਹ ਨਾਵਲ ਅਜੇ ਤਕ ਪਾਠਕਾਂ ਅਤੇ ਆਲੋਚਕਾਂ ਦੀ ਨਜ਼ਰੇ ਨਹੀਂ ਚੜ੍ਹਿਆ। ਉਂਜ ਮੇਰੀ ਨਜ਼ਰ ਵਿਚ ਇਹ ਨਾਵਲ ਪੰਜਾਬੀ ਸਾਹਿਤ ਜਗਤ ਦਾ ਉਚੇਚਾ ਧਿਆਨ ਮੰਗਦਾ ਹੈ।

ਕਪੂਰਥਲੇ ਤੋਂ ਤਬਦੀਲ ਹੋ ਕੇ ਮੈਂ 1982 ਵਿਚ ਲੁਧਿਆਣੇ ਦੇ ਗੌਰਮਿੰਟ ਕਾਲਜ ਵਿਚ 'ਜਾਇਨਿੰਗ ਰਿਪੋਰਟ' ਦਿੱਤੀ। ਅੱਗੋਂ ਫੇਰ ਐਮ.ਏ. ਇੰਗਲਿਸ਼ ਦੀਆਂ ਕਲਾਸਾਂ ਮਿਲੀਆਂ ਅਤੇ ਮੇਰੇ ਅਧਿਆਪਨ ਕਾਰਜ ਵਿਚ ਵਿਘਨ ਨਾ ਪਿਆ। ਉਂਜ ਤਾਂ ਉਦੋਂ ਤਕ ਅਦਬੀ ਹਲਕੇ ਵਿਚ ਮੇਰੀ ਚੰਗੀ ਜਾਣ-ਪਹਿਚਾਣ ਹੋ ਚੁੱਕੀ ਸੀ, ਸਿਰਫ਼ ਸ਼ਹਿਰ ਹੀ ਓਪਰਾ ਸੀ ਅਤੇ ਉਹ ਵੀ ਉਦਯੋਗਿਕ ਸ਼ਹਿਰ, ਜਿਥੇ ਸ਼ੁਰੂ ਸ਼ੁਰੂ ਵਿਚ ਆਰਥਿਕ ਪੱਖੋਂ ਕਈ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਹੌਲੀ ਹੌਲੀ 'ਲੋਗ ਸਾਥ ਆਤੇ ਗਏ ਔਰ ਕਾਰਵਾਂ ਬਨਤਾ ਗਿਆ', ਯਾਨਿ ਮੈਂ ਵੀ ਲੋੜ ਅਨੁਸਾਰ ਗਤੀਸ਼ੀਲ ਹੋ ਗਿਆ। ਆਪਣੀ ਪਹਿਚਾਣ ਕਾਇਮ ਰੱਖਣ ਲਈ ਮੈਂ 'ਦਿ ਟ੍ਰਿਬਿਊਨ' ਵਿਚ 'ਮਿਡਲ ਆਰਟੀਕਲ' ਲਿਖਣੇ ਸ਼ੁਰੂ ਕੀਤੇ। ਪੰਜਾਬੀ ਵਿਚ ਵੀ ਆਲੋਚਨਾਤਮਕ ਲੇਖਾਂ ਦਾ ਸਿਲਸਿਲਾ ਜਾਰੀ ਰੱਖਿਆ। ਏਨਾ ਜ਼ਰੂਰ ਹੋਇਆ ਕਿ ਨਾਵਲ ਲਿਖਣ ਲਈ ਮੈਨੂੰ ਏਥੇ ਕਾਫ਼ੀ ਦੇਰ ਤੱਕ ਲੋੜੀਂਦਾ ਵਿਹਲ ਪ੍ਰਾਪਤ ਨਾ ਹੋ ਸਕਿਆ। ਇਹ ਵਿਹਲ ਉਦੋਂ ਵੀ ਨਾ ਮਿਲਿਆ ਜਦੋਂ ਮੈਂ 1987 ਵਿਚ ਗੌਰਮਿੰਟ ਕਾਲਜ, ਲੁਧਿਆਣਾ ਤੋਂ ਰਿਟਾਇਰ ਹੋ ਕੇ ਗੁਰੂ ਹਰਗੋਬਿੰਦ (ਜੀ.ਐਚ.ਜੀ) ਖ਼ਾਲਸਾ ਕਾਲਜ, ਗੁਰੂਸਰ ਸੁਧਾਰ ਵਿਚ ਐ.ਏ. ਇੰਗਲਿਸ਼ ਦੀਆਂ ਕਲਾਸਾਂ ਪੜ੍ਹਾਉਣ ਲਈ ਪੰਜਾਂ ਸਾਲਾਂ ਵਾਸਤੇ ਨਿਯੁਕਤ ਹੋ ਗਿਆ। ਏਥੇ ਵੀ ਬਹੁਤਾ ਧਿਆਨ ਪੜ੍ਹਾਈ ਵੱਲ ਦੇਣ ਕਰਕੇ ਅਤੇ ਕੁਝ ਸਮਾਂ ਬੱਸਾਂ ਵਿਚ ਆਉਣ ਜਾਣ ਵਜੋਂ ਬੀਤਣ ਕਰਕੇ, ਮੈਂ ਰਚਨਾਤਮਕ ਕਾਰਜ ਤੋਂ ਲਗਭਗ ਵਾਂਝਿਆਂ ਹੀ ਰਿਹਾ। ਉਂਜ ਫੁਟਕਲ ਲੇਖ, ਅੰਗਰੇਜ਼ੀ ਅਤੇ ਪੰਜਾਬੀ ਵਿਚ, ਲਿਖਦਾ ਰਿਹਾ।

ਲੁਧਿਆਣੇ ਆ ਕੇ ਮੈਂ ਬਹੁਤ ਕੰਮ ਗੌਰਮਿੰਟ ਕਾਲਜ ਅਤੇ ਇਸ ਤੋਂ ਬਾਅਦ ਖ਼ਾਲਸਾ ਕਾਲਜ, ਗੁਰੂਸਰ ਸੁਧਾਰ ਤੋਂ ਸੇਵਾ-ਮੁਕਤੀ ਤੋਂ ਬਾਅਦ ਹੀ ਕੀਤਾ। ਬਾਰਾਂ ਸਾਲਾਂ ਦੇ ਵਕਫ਼ੇ ਤੋਂ ਬਾਅਦ ਮੈਂ ਆਪਣਾ ਨੌਵਾਂ ਨਾਵਲ 'ਗਵਾਚੇ ਅਰਥ' 1992 ਵਿਚ ਲਿਖਿਆ। ਇਸ ਨਾਵਲ ਦੇ ਛਪਣ ਨਾਲ ਇੰਜ ਹੋਇਆ ਜਿਵੇਂ ਦੇਰ ਤੋਂ ਜੰਮੀ ਹੋਈ ਬਰਫ਼ ਪਿਘਲਣੀ ਸ਼ੁਰੂ ਹੋ ਗਈ ਹੋਵੇ। 'ਗਵਾਚੇ ਅਰਥ' ਨੂੰ ਭਾਸ਼ਾ ਵਿਭਾਗ, ਪੰਜਾਬ ਨੇ ਉਸ ਸਾਲ ਦੇ ਸਰਵੋਤਮ ਨਾਵਲ ਵਜੋਂ 1994 ਵਿਚ 'ਨਾਨਕ ਸਿੰਘ ਗਲਪ ਪੁਰਸਕਾਰ' ਦਿੱਤਾ। ਇਸ ਤੋਂ ਪਹਿਲਾਂ 1993 ਵਿਚ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵਲੋਂ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਵੀ ਮੈਨੂੰ ਮਿਲ ਚੁੱਕਾ ਸੀ। ਸ਼੍ਰੋਮਣੀ ਪੰਜਾਬੀ ਸਾਹਿਤਕਾਰ ਵਾਲਾ ਪੁਰਸਕਾਰ 1995 ਵਿਚ ਪ੍ਰਾਪਤ ਹੋਇਆ। ਇਸ ਤੋਂ ਬਾਅਦ 1999 ਵਿਚ ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਵੱਲੋਂ ਇਸੇ ਨਾਵਲ ਲਈ ਐਵਾਰਡ ਮਿਲਿਆ। ਇੰਜ ਹੀ 1998-99 ਵਿਚ ਇੰਡੀਅਨ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀ, ਸ਼ਿਮਲਾ ਵਿਚ ਮੈਨੂੰ ਫੈਲੋਸ਼ਿਪ ਪ੍ਰਦਾਨ ਹੋਈ ਅਤੇ ਇਸ ਅਦਾਰੇ ਵੱਲੋਂ ਮੇਰਾ ਮੋਨੋਗਰਾਫ਼ 'ਨੈਰੇਟਿਵ ਮੋਡਜ਼ ਇਨ ਪੰਜਾਬੀ ਨਾਵਲ' 2002 ਵਿਚ ਪ੍ਰਕਾਸ਼ਿਤ ਕੀਤਾ ਗਿਆ। ਸ਼ਿਮਲੇ ਤੋਂ ਆ ਕੇ ਸੰਨ 2000 ਵਿਚ ਮੈਂ ਆਪਣਾ ਹੁਣ ਤਕ ਦਾ ਆਖਰੀ ਨਾਵਲ 'ਤਲਾਸ਼ ਕੋਈ ਸਦੀਵੀ' ਲਿਖਿਆ।

ਇਤਫ਼ਾਕ ਨਾਲ ਪਿਛਲੇ ਕੁਝ ਸਾਲਾਂ ਤੋਂ ਮੇਰੀਆਂ ਪੁਸਤਕਾਂ, ਪੰਜਾਬੀ ਅਤੇ ਅੰਗਰੇਜ਼ੀ ਵਿਚ, ਪ੍ਰਕਾਸ਼ਿਤ ਹੋਣ ਦਾ ਐਸਾ ਸਿਲਸਿਲਾ ਸ਼ੁਰੂ ਹੋਇਆ ਹੈ ਜੋ ਹੈਰਾਨੀਜਨਕ ਹੈ। ਕਿਸੇ ਜ਼ਮਾਨੇ ਵਿਚ ਮੈਂ ਆਪਣੇ ਦੋ ਪੰਜਾਬੀ ਨਾਵਲ 'ਪਰਛਾਵੇਂ' ਅਤੇ 'ਰੇਤ ਛਲ' ਅੰਗਰੇਜ਼ੀ ਵਿਚ ਅਨੁਵਾਦ ਕੀਤੇ ਸਨ। ਬਾਅਦ ਵਿਚ ਮੇਰੇ 100 'ਮਿਡਲ ਆਰਟੀਕਲਜ਼' ਦਾ ਸੰਗ੍ਰਹਿ 'ਦਿ ਫ਼ੈਸਿਟਸ ਆਫ਼ ਹਿਊਮਨ ਲਾਈਫ਼' 2003 ਵਿਚ ਇੰਡੀਅਨ ਪਬਲਿਸ਼ਰਜ਼ ਡਿਸਟ੍ਰੀਬਿਊਟਰਜ਼, ਦਿੱਲੀ ਵੱਲੋਂ ਪ੍ਰਕਾਸ਼ਿਤ ਹੋਇਆ। ਇਸ ਤੋਂ ਬਾਅਦ ਪੰਜਾਬੀ ਕਵੀਆਂ ਬਾਰੇ ਮੇਰੇ ਅੰਗਰੇਜ਼ੀ ਵਿਚ ਲਿਖੇ ਆਲੋਚਨਾਤਮਕ ਲੇਖਾਂ ਦੀ ਪੁਸਤਕ 'ਦਿ ਕੰਟੂਰਜ਼ ਆਫ਼ ਪੰਜਾਬੀ ਪੋਇਟਰੀ' ਸਾਲ 2005 ਵਿਚ ਪ੍ਰਕਾਸ਼ਿਤ ਹੋਈ। ਮੇਰੇ ਲੇਖ-ਸੰਗ੍ਰਹਿ 'ਐਟ ਦਿ ਕਰਾਸਰੋਡਜ਼', 2006 ਵਿਚ ਅਤੇ 'ਸਪਲੈਂਡਿਡ ਮਿਰਰ ਆਫ਼ ਲਾਈਫ਼' 2008 ਵਿਚ ਪਾਠਕਾਂ ਦੇ ਸਾਹਮਣੇ ਆਏ। ਸਤੰਬਰ 2006 ਵਿਚ, ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਨੇ ਮੇਰੇ ਪੁਰਸਕਾਰਿਤ ਪੰਜਾਬੀ ਨਾਵਲ 'ਗਵਾਚੇ ਅਰਥ' ਦਾ ਮੇਰੇ ਦੁਆਰਾ ਕੀਤਾ ਗਿਆ ਅੰਗਰੇਜ਼ੀ ਅਨੁਵਾਦ, 'ਦਿ ਲੌਸਟ ਮੀਨਿੰਗ' ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਕਾਸ਼ਿਤ ਕੀਤਾ। ਮੇਰੀਆਂ ਪੰਜਾਬੀ ਪੁਸਤਕਾਂ, ਜਿਵੇਂ ਕਿ 'ਆਧੁਨਿਕ ਪ੍ਰਵਿਰਤੀਆਂ ਅਤੇ ਪੰਜਾਬੀ ਨਾਵਲ' (2005), 'ਸਮਕਾਲੀ ਸਾਹਿਤਕ ਸੰਦਰਭ' (2006) ਅਤੇ ਕਹਾਣੀ-ਸੰਗ੍ਰਹਿ 'ਲੇਖਾ-ਜੋਖਾ' (2007) ਨੂੰ ਪੰਜਾਬੀ ਜਗਤ ਵਲੋਂ ਪ੍ਰਸ਼ੰਸਾ ਮਿਲੀ। ਹੁਣ ਮੈਂ ਕਹਿ ਸਕਦਾ ਹਾਂ ਕਿ ਮੇਰਾ ਬਸਤਾ ਕਾਫ਼ੀ ਭਾਰਾ ਹੋ ਚੁੱਕਾ ਹੈ। ਉਂਜ ਇਹ ਗੱਲ ਤਾਂ ਵਕਤ ਹੀ ਸਿੱਧ ਕਰੇਗਾ ਕਿ ਇਸ ਵਿਚ ਕੰਮ ਦਾ ਮਾਲ ਹੈ ਵੀ ਕਿ ਨਹੀਂ।

(ਮ) 9872555091

## ਸੰਗਰਾਮੀ ਜੀਵਨ ਦੀਆਂ ਯਾਦਾਂ / - ਪ੍ਰੋ. ਹਰਭਜਨ ਸਿੰਘ

ਮੇਰਾ ਜਨਮ ਇਕ ਗਰੀਬ ਪਰਿਵਾਰ ਵਿਚ ਹੋਇਆ। ਇਸ ਕਾਰਨ ਮੇਰੇ ਮਿਹਨਤਕਸ਼ ਜੀਵਨ ਦੀ ਸ਼ੁਰੂਆਤ ਮੇਰੇ ਬਚਪਨ ਵਿਚ ਹੀ ਹੋ ਗਈ ਸੀ। ਮੇਰਾ ਬਾਬਾ ਜਵਾਲਾ ਸਿੰਘ ਖੇਤੀ ਕਰਦਾ ਸੀ। ਚਾਰ-ਪੰਜ ਏਕੜ ਦੀ ਖੇਤੀ ਤੇ ਸਾਰਾ ਕੰਮ ਹੱਥੀਂ ਕਰ ਕੇ ਖੁਸ਼ ਹੁੰਦਾ ਸੀ। ਮੇਰੇ ਡੈਡੀ ਫੌਜ ਵਿਚ ਹੋਣ ਕਰਕੇ ਸਾਲ ਭਰ ਵਿਚ ਡੇਢ-ਦੋ ਮਹੀਨੇ ਦੀ ਛੁੱਟੀ ਕੱਟਣ ਹੀ ਘਰ ਆਉਂਦੇ ਸਨ। ਇਸ ਲਈ ਜਦੋਂ ਤੋਂ ਮੈਂ ਹੋਸ਼ ਸੰਭਾਲੀ ਆਪਣੇ ਆਪ ਨੂੰ ਖੇਤਾਂ ਵਿਚ ਹੀ ਦੇਖਿਆ। ਮੈਂ ਮਸਾਂ ਚਾਰ ਪੰਜ ਸਾਲ ਦਾ ਸੀ, ਜਦੋਂ ਬਾਬੇ ਲਈ ਚਾਹ ਲੈ ਕੇ ਖੂਹ ਤੇ ਜਾਂਦਾ ਸੀ। ਉਹ ਮੈਨੂੰ ਖੂਹ ਦੀ ਗਾਧੀ ਉਪਰ ਬਿਠਾ ਦਿੰਦਾ ਸੀ ਜਾਂ ਫਿਰ ਕਿਆਰੇ ਮੋੜਣ ਲਾ ਦਿੰਦਾ ਸੀ। ਛੇ ਸੱਤ ਸਾਲ ਦੀ ਉਮਰ ਵਿਚ ਪੱਠੇ ਵੱਢਣੇ, ਕੁਤਰਨ ਲਈ ਮਸ਼ੀਨ ਵਿਚ ਰੁੱਗ ਰੱਖਣੇ ਅਤੇ ਡੰਗਰ ਚਰਾਉਣੇ ਵੀ ਮੇਰੀ ਡਿਊਟੀਆਂ ਵਿਚ ਸ਼ਾਮਲ ਹੋ ਗਏ ਸਨ। ਇਹਨਾਂ ਕੰਮ ਵਿਚੋਂ ਕੁਝ ਮੈਨੂੰ ਸਕੂਲ ਜਾਣ ਤੋਂ ਪਹਿਲਾਂ ਅਤੇ ਕੁਝ ਸਕੂਲ ਤੋਂ ਆ ਜਾਣ ਤੋਂ ਬਾਅਦ ਕਰਨੇ ਪੈਂਦੇ ਸਨ। ਛੁੱਟੀ ਵਾਲੇ ਸਾਰੇ ਦਿਨ ਤਾਂ ਖੇਤਾਂ ਵਿਚ ਬੀਤਦੇ ਹੀ ਸਨ।

ਮੇਰਾ ਬਾਬਾ ਪੜ੍ਹਾਈ ਲਿਖਾਈ ਦੇ ਬਹੁਤਾ ਹੱਕ ਵਿਚ ਨਹੀਂ ਸੀ, 'ਪੜ੍ਹ ਕੇ ਤੂੰ ਕਿਹੜਾ ਲਾਟ ਬਣ ਜਾਣਾਂ'! ਉਹਦਾ ਤਕੀਆ ਕਲਾਮ ਸੀ। ਪਰ ਮੇਰੇ ਮਾਂ-ਬਾਪ ਮੈਨੂੰ ਪੜ੍ਹਾਉਣਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਮੈਂ ਪੜ੍ਹ ਲਿਖ ਕੇ ਕੋਈ ਵੱਡਾ ਅਫਸਰ ਬਣ ਜਾਵਾਂ। ਇਸ ਕਾਰਨ ਮੈਨੂੰ ਬਚਪਨ ਵਿਚ ਹੀ ਇਸ ਦੋ-ਧਾਰੀ ਪਰਿਵਾਰਕ ਸੋਚ ਦਾ ਸਾਹਮਣਾ ਕਰਨਾ ਪੈਂਦਾ ਸੀ: ਜੇ ਮੈਂ ਬਾਬੇ ਨਾਲ ਖੇਤੀ ਦਾ ਕੰਮ ਨਾ ਕਰਾਵਾਂ ਤਾਂ ਉਹ ਕੁੱਟਦਾ ਸੀ ਤੇ ਜੇ ਵਕਤ ਸਿਰ ਸਕੂਲ ਨਾ ਜਾ ਸਕਾਂ ਤਾਂ ਮੰਮੀ ਝਿੜਕਦੀ ਸੀ। ਇੰਜ, ਇਕ ਗਰੀਬ ਕਿਸਾਨ



ਪਰਿਵਾਰ ਵਿਚ ਪੈਦਾ ਹੋਣ ਦਾ ਸੰਤਾਪ ਮੈਂ ਬਚਪਨ ਵਿਚ ਹੀ ਚੰਗੀ ਤਰ੍ਹਾਂ ਭੋਗ-ਹੰਢਾ ਲਿਆ ਸੀ। ਸ਼ਾਇਦ, ਇਸੇ ਕਾਰਨ ਮੈਂ ਪੜ੍ਹਨ ਵਿਚ ਬਹੁਤ ਹੁਸ਼ਿਆਰ ਨਿਕਲਿਆ। ਹਾਈ ਸਕੂਲ ਤੱਕ ਆਪਣੇ ਸਕੂਲ ਦੀ ਹਰ ਕਲਾਸ ਵਿਚੋਂ ਫਸਟ ਆਉਂਦਾ ਰਿਹਾ। ਫਿਰ ਕਾਲਜ ਅਤੇ ਯੂਨੀਵਰਸਿਟੀ ਪਹੁੰਚ ਕੇ ਵੀ ਉੱਚ ਫਸਟ ਕਲਾਸ ਵਿਚ ਪਾਸ ਹੁੰਦਾ ਰਿਹਾ। ਇਸੇ ਸਦਕਾ ਐਮ. ਐਸ. ਸੀ. ਪਾਸ ਕਰਦੇ ਸਾਰ ਹੀ ਮੈਂ ਨੈਸ਼ਨਲ ਕਾਲਜ ਜੰਡਿਆਲਾ (ਜਲੰਧਰ) ਵਿਚ ਫਿਜ਼ਿਕਸ ਦਾ ਲੈਕਚਰਾਰ ਲੱਗ ਗਿਆ।

ਇਸ ਸਫਲ ਵਿਦਿਅਕ ਕੈਰੀਅਰ ਦੇ ਨਾਲ-ਨਾਲ ਦਿਹਾਤੀ ਮਿਹਨਤਕਸ਼ ਅਵਾਮ ਦੀ ਗਰੀਬੀ, ਤੰਗਹਾਲੀ ਅਤੇ ਦਰਿਦਰਤਾ ਦੂਰ ਕਰਨ ਦਾ ਸੰਕਲਪ ਵੀ ਮੇਰੇ ਦਿਲੋ-ਦਿਮਾਗ ਵਿਚ ਜਵਾਨ ਹੁੰਦਾ ਗਿਆ। ਇਸ ਦੀ ਬਦੌਲਤ ਮੈਂ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀ ਅੰਦੋਲਨ ਵਿਚ ਵੀ ਸਰਗਰਮ ਹੁੰਦਾ ਗਿਆ। ਮੇਰੇ ਇਸ ਸੰਗਰਾਮੀ ਜੀਵਨ ਦੀ ਸ਼ੁਰੂਆਤ ਦੀ ਕੋਈ ਤਾਰੀਖ ਤਾਂ ਹੁਣ ਮੈਨੂੰ ਯਾਦ ਨਹੀਂ, ਪਰ ਏਨਾ ਜ਼ਰੂਰ ਯਾਦ ਹੈ ਕਿ ਜਦੋਂ ਮੈਂ ਖਾਲਸਾ ਕਾਲਜ ਜਲੰਧਰ ਵਿਚ ਬੀ. ਐਸ. ਸੀ. ਦਾ ਵਿਦਿਆਰਥੀ ਸੀ, ਮੈਂ ਵਿਦਿਆਰਥੀ ਯੂਨੀਅਨ ਦਾ ਮੈਂਬਰ ਬਣ ਕੇ ਜਲਸੇ ਜਲੂਸਾਂ ਵਿਚ ਹਿੱਸਾ ਲੈਣ ਲੱਗ ਪਿਆ ਸੀ। ਉਨ੍ਹਾਂ ਸਮਿਆਂ ਵਿਚ ਅਮਰੀਕੀ ਸਾਮਰਾਜ ਦੁਆਰਾ ਵਿਅਤਨਾਮ ਉਪਰ ਜੰਗ ਥੋਪੇ ਜਾਣ ਅਤੇ ਕਬਜ਼ਾ ਕਰਨ ਦੇ ਵਿਰੁੱਧ ਵਿਸ਼ਵ-ਵਿਆਪੀ ਅੰਦੋਲਨ ਚੱਲ ਰਿਹਾ ਸੀ। ਅਸੀਂ ਵੀ ਇਕ ਦਿਨ ਕਾਲਜ ਵਿਚ ਜਲਸਾ ਕਰਨ ਤੋਂ ਬਾਅਦ ਜਲੰਧਰ ਸ਼ਹਿਰ ਵਿਚ ਬੜਾ ਭਾਰੀ ਜਲੂਸ ਕੱਢਿਆ ਸੀ। ਫਿਰ ਇਕ ਵਾਰੀ ਜਲੰਧਰ ਦੌਰੇ ਤੇ ਆਏ ਪੰਜਾਬ ਦੇ ਮੁੱਖ ਮੰਤਰੀ ਦਾ ਘਿਰਾਓ ਵੀ ਕੀਤਾ ਸੀ ਤੇ ਪੁਲੀਸ ਦੀਆਂ ਲਾਠੀਆਂ ਤੇ ਅਥਰੂ ਗੈਸ ਦੇ ਗੋਲਿਆਂ ਤੋਂ ਭੱਜ ਕੇ ਜਾਨ ਬਚਾਈ ਸੀ। ਇਸ ਲਈ ਮੈਂ ਇਹ ਕਹਿ ਸਕਦਾ ਹਾਂ ਕਿ ਸੰਨ 1966-67 ਮੇਰੇ ਸੰਗਰਾਮੀ ਜੀਵਨ ਦੀ ਸ਼ੁਰੂਆਤ ਦਾ ਦੌਰ ਸੀ।

ਫਿਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ. ਐਸ. ਸੀ. ਦੀ ਪੜ੍ਹਾਈ (ਸੰਨ 1968-69) ਦੌਰਾਨ ਮੇਰੀ ਸਰਗਰਮੀ ਹੋਰ ਵਧ ਗਈ ਸੀ। ਅਸੀਂ ਵਿਦਿਆਰਥੀ ਮੰਗਾਂ ਨੂੰ ਲੈ ਕੇ ਯੂਨੀਵਰਸਿਟੀ ਵਿਚ ਕਈ ਛੋਟੇ ਵੱਡੇ ਮੋਰਚੇ ਲਾਏ ਅਤੇ ਕੁਝ ਫਤਹਿ ਵੀ ਕੀਤੇ ਸਨ। ਉਦੋਂ ਹੀ ਮੈਨੂੰ ਪਹਿਲੀ ਵਾਰੀ ਲੋਕ ਜਨਵਾਦੀ ਇਨਕਲਾਬ ਲਈ ਚੱਲ ਰਹੇ ਅੰਦੋਲਨ ਬਾਰੇ ਕੁਝ ਜਾਣਕਾਰੀ ਹਾਸਲ ਹੋਈ ਸੀ ਤੇ ਮੈਂ ਇਸ ਦੀ ਜਿੱਤ ਦੇ ਸੁਪਨੇ ਪਾਲਣੇ ਸ਼ੁਰੂ ਕਰ ਲਏ ਸਨ। ਇਸ ਤੋਂ ਬਾਅਦ ਮੈਂ ਮਾਰਕਸਵਾਦ-ਲੈਨਿਨਵਾਦ-ਮਾਓਵਾਦ ਦਾ ਨਿੱਠ ਕੇ ਅਧਿਐਨ ਕੀਤਾ, ਤਾਂ ਮੈਨੂੰ ਇਹ ਪੱਕਾ ਵਿਸ਼ਵਾਸ ਹੋ ਗਿਆ ਕਿ ਇਨਕਲਾਬ ਦੀ ਜਿੱਤ ਯਕੀਨੀ ਹੈ, ਇਸ ਨੂੰ ਦੁਨੀਆ ਦੀ ਕੋਈ ਤਾਕਤ ਨਹੀਂ ਰੋਕ ਸਕਦੀ। ਇਸ ਸੰਕਲਪ ਨੂੰ ਸਹੀ ਸਿੱਧ ਕਰਨ ਲਈ ਮੈਂ ਉਦੋਂ ਮਾਰਕਸ, ਐਂਜਲਜ਼, ਲੈਨਿਨ, ਸਟਾਲਿਨ ਅਤੇ ਮਾਓ ਦੀਆਂ ਪੁਸਤਕਾਂ ਵਿਚੋਂ ਸੈਂਕੜੇ ਟੂਕਾਂ ਕੋਟ ਕਰ ਸਕਦਾ ਸੀ। ਇਸ ਵਿਚਾਰਧਾਰਕ ਸੂਝ ਅਤੇ ਸਿਧਾਂਤਕ ਸਮਝ ਨੇ ਮੇਰੇ ਅੰਦਰ ਇਕ ਅਜਿਹੇ ਨਵੇਂ ਮਨੁੱਖ ਨੂੰ ਪੈਦਾ ਕਰ ਦਿੱਤਾ, ਜੋ ਇਨਕਲਾਬੀ ਰਸਤੇ ਦੀ ਹਰ ਮੁਸ਼ਕਿਲ ਨਾਲ ਮੁਕਾਬਲਾ ਕਰਨ ਲਈ ਤਿਆਰ ਸੀ।

ਇਸ ਵਿਚਾਰਧਾਰਕ ਪ੍ਰਤੀਬੱਧਤਾ ਨੇ ਮੇਰੇ ਜ਼ਿਹਨ ਵਿਚ ਦੁਨੀਆ ਭਰ ਦੇ ਦਲਿਤ, ਦਮਿਤ ਅਤੇ ਮਿਹਨਤਕਸ਼ ਅਵਾਮ ਦੇ ਹਿੱਤਾਂ ਨਾਲ ਗਹਿਰੀ ਵਚਣਬੱਧਤਾ ਵਿਕਸਿਤ ਕਰ ਦਿੱਤੀ ਸੀ। ਇਸ ਦੀ ਬਦੌਲਤ ਮੈਂ ਨੈਸ਼ਨਲ ਕਾਲਜ ਨਕੋਦਰ ਵਿਚ ਨੌਕਰੀ (ਸੰਨ 1970-1973) ਦੇ ਨਾਲ-ਨਾਲ ਕਾਲਾ ਸੰਘਿਆਂ ਇਲਾਕੇ ਦੇ ਕਿਸਾਨਾਂ ਤੇ ਦਿਹਾਤੀ ਮਜਦੂਰਾਂ ਵਿਚ ਜਥੇਬੰਦਕ ਕੰਮ ਕਰਨ ਲੱਗ ਪਿਆ ਸਾਂ। ਇਹ ਮੇਰੇ ਬਹੁਤ ਹੀ ਸਰਗਰਮੀ ਭਰੇ ਦਿਨ ਸਨ ਅਤੇ ਅਸੀਂ ਇਕ ਵੱਡਾ ਕਾਫ਼ਲਾ ਤਿਆਰ ਕਰ ਲਿਆ ਸੀ। ਇਸ

ਕਾਫਲੇ ਦੀਆਂ ਸਰਗਰਮੀਆਂ ਨਾਲ ਅਸੀਂ ਕਾਲਾ ਸੰਘਿਆਂ ਇਲਾਕੇ ਵਿਚ ਇਕ ਵੱਡਾ ਜਨਤਕ ਆਧਾਰ ਪੈਦਾ ਕਰ ਲਿਆ ਅਤੇ ਮਜਦੂਰਾਂ ਕਿਸਾਨਾਂ ਦੇ ਫੌਰੀ ਅਤੇ ਬੁਨਿਆਦਿ ਮਸਲਿਆਂ ਨੂੰ ਲੈ ਕੇ ਅੰਦੋਲਨ ਲਾਮਬੰਦ ਕਰਨਾ ਸ਼ੁਰੂ ਕਰ ਲਿਆ।

ਇਸ ਦੌਰਾਨ (ਜੁਲਾਈ, 1973 ਵਿਚ) ਸਟੇਟ, ਪੁਲੀਸ ਤੇ ਟਾਊਟ-ਗੁੰਡਾ ਗਠਜੋੜ ਨੇ ਪਿੰਡ ਕਾਲਾ ਸੰਘਿਆਂ ਦੇ ਜਨਤਕ ਸੰਘਰਸ਼ ਉੱਤੇ ਏਨਾ ਖੂੰਖਾਰ ਹਮਲਾ ਕਰ ਦਿੱਤਾ ਕਿ ਮੈਨੂੰ ਆਪਣੇ ਕਈ ਸਾਥੀਆਂ ਨਾਲ ਅੰਡਰਗਰਾਊਂਡ ਹੋਣਾ ਪੈ ਗਿਆ।

ਫਿਰ ਮਾਰਚ, 1975 ਵਿਚ ਮੇਰੀ ਪਾਰਟੀ ਨੇ ਦਲਿਤ ਵਰਗਾਂ ਨੂੰ ਜਥੇਬੰਦ ਕਰਨ ਲਈ ਮੇਰੀ ਡਿਊਟੀ ਉਤਰ ਪ੍ਰਦੇਸ਼ ਵਿਚ ਲਾ ਦਿੱਤੀ। ਮੈਂ ਯੂਪੀ ਦੇ ਦਲਿਤ ਵਰਗਾਂ ਵਿਚ ਲਗਭਗ ਅਠਾਰਾਂ ਸਾਲ ਦਿਨ ਰਾਤ ਨਿੱਠ ਕੇ ਕੰਮ ਕੀਤਾ। ਉਸ ਦੌਰਾਨ ਅਸੀਂ ਭੂਮੀਹੀਨ ਕਿਸਾਨ ਸੰਘਰਸ਼ ਸਮਿਤੀ ਦਾ ਗਠਨ ਕਰਕੇ ਸਾਮੰਤਵਾਦ ਵਿਰੋਧੀ ਅਨੇਕ ਸੰਘਰਸ਼ ਲੜੇ ਅਤੇ ਕਈ ਜ਼ਿਕਰਯੋਗ ਪ੍ਰਾਪਤੀਆਂ ਵੀ ਹਾਸਲ ਕੀਤੀਆਂ।

ਪਰ ਫਿਰ ਇਕ ਦੌਰ ਅਜਿਹਾ ਵੀ ਆਇਆ, ਜਦੋਂ ਸਮੁੱਚਾ ਨਕਸਲਬਾੜੀ ਅੰਦੋਲਨ ਫੁੱਟ ਦਰ ਫੁੱਟ ਦਾ ਸ਼ਿਕਾਰ ਹੋ ਕੇ ਖਿਲਰ ਪੱਤਰ ਗਿਆ। ਗਰੁੱਪ ਹੀ ਗਰੁੱਪ ਪੈਦਾ ਹੋ ਗਏ। ਅਨੇਕ ਛੋਟੇ ਵੱਡੇ ਗਰੁੱਪ। ਉਧਰ ਅੰਤਰ-ਰਾਸ਼ਟਰੀ ਪ੍ਰਸਥਿਤੀਆਂ ਵੀ ਏਨੀਆਂ ਪ੍ਰਤੀਕੂਲ ਹੋ ਗਈਆਂ ਕਿ ਮਾਰਕਸਵਾਦੀ ਵਿਚਾਰਧਾਰਾ ਦੀ ਵਿਹਾਰਕਤਾ ਅਤੇ ਸਾਰਥਕਤਾ ਉਪਰ ਹੀ ਪ੍ਰਸ਼ਨ ਚਿੰਨ੍ਹ ਲੱਗ ਗਏ। ਸਾਮਰਾਜਵਾਦੀ ਸ਼ਕਤੀਆਂ, ਜਿਨ੍ਹਾਂ ਨੂੰ ਅਸੀਂ ਕਾਗਜ਼ੀ ਸ਼ੇਰ ਸਮਝਦੇ ਹੁੰਦੇ ਸੀ, ਇਕ ਵਾਰ ਫਿਰ ਅਮਰੀਕਨ ਸਾਮਰਾਜ ਦੀ ਅਗਵਾਈ ਵਿਚ ਵਿਸ਼ਵ-ਭਰ ਵਿਚ ਦਨਦਨਾਉਣ ਲੱਗ ਪਈਆਂ। ਇਸ ਦੌਰੇ ਗਰਦਿਸ਼ ਦੌਰਾਨ, ਮੈਨੂੰ ਇਹ ਅਹਿਸਾਸ ਹੋਣ ਲੱਗ ਪਿਆ ਕਿ ਅਸੀਂ ਮੰਜ਼ਲ ਤੋਂ ਦੂਰ, ਬਹੁਤ ਦੂਰ ਸਰਕਦੇ ਜਾ ਰਹੇ ਹਾਂ।

'ਪਰ ਕਿਉਂ?

ਇਸ ਸਵਾਲ ਦੀਆਂ ਏਨੀਆਂ ਤਿੱਖੀਆਂ ਜੀਭਾਂ ਨਿਕਲ ਆਈਆਂ ਸਨ ਕਿ ਮੇਰੇ ਸੋਚ ਕੇਂਦਰ ਵਿਚ ਅਣਜਵਾਬੇ, ਅਣਸੁਲਝੇ ਸਵਾਲਾਂ ਦਾ ਅਜਿਹਾ ਧਾਰਾ-ਪ੍ਰਵਾਹ ਨਿਰੰਤਰ ਵਗਣ ਲੱਗ ਪਿਆ ਕਿ ਮੈਂ ਆਪ-ਮੁਹਾਰੇ ਹੀ ਸਾਹਿਤ ਸਿਰਜਨਾ ਦੇ ਰਾਹ ਵੱਲ ਤੁਰ ਪਿਆ।

ਸੰਨ 1982 ਵਿਚ, ਮੈਂ 'ਜੋ ਹਾਰੇ ਨਹੀਂ ਨਾਵਲ ਲਿਖਣਾ ਸ਼ੁਰੂ ਕੀਤਾ ਸੀ, ਜੋ ਮੇਰੇ ਹੱਡੀਂ ਹੰਢਾਏ ਯਥਾਰਥ ਤੇ ਤੱਲਖ ਤਜਰਬਿਆਂ ਉਪਰ ਆਧਾਰਿਤ ਸੀ। ਸੰਨ 2001 ਤੱਕ ਇਸ ਨਾਵਲ ਤੇ ਤਿੰਨ ਭਾਗ: 'ਜੋ ਹਾਰੇ ਨਹੀਂ', 'ਮਿੱਟੀ ਜਾਏ', 'ਵਿੰਗ ਤੜਿੰਗੇ ਰਾਹ' ਮੈਂ ਮੁਕੰਮਲ ਕਰ ਲਏ ਸਨ ਅਤੇ ਇਕ ਇਕ ਕਰਕੇ ਛਪਵਾ ਵੀ ਲਏ ਸਨ। ਇਨ੍ਹਾਂ ਨੂੰ ਪਾਠਕਾਂ ਦਾ ਵਧੀਆ ਹੁੰਗਾਰਾ ਵੀ ਮਿਲਿਆ ਸੀ। ਫਿਰ ਸੰਨ 2003 ਵਿਚ ਇਹ ਤਿੰਨੇਂ ਭਾਗ 'ਜੋ ਹਾਰੇ ਨਹੀਂ ' (ਤ੍ਰੈਲੜੀ) ਨਾਂ ਹੇਠ ਛਪੇ ਤਾਂ ਇਸ ਨੂੰ ਏਨੀ ਵੱਡੀ ਮਕਬੂਲਤਾ ਹਾਸਲ ਹੋਈ ਕਿ ਇਸ ਸਿਰਜਨਾ ਨੇ ਮੇਰਾ ਸਿਰ ਫਖਰ ਨਾਲ ਉੱਚਾ ਕਰ ਦਿੱਤਾ ਹੈ।

ਪਰ ਮੇਰੇ ਸੰਗਰਾਮੀ ਜੀਵਨ ਦੇ ਯਥਾਰਥ ਦਾ ਬਿਆਨ ਇਸ ਤ੍ਰੈਲੜੀ ਨਾਵਲ ਨਾਲ ਵੀ ਮੁਕੰਮਲ ਨਹੀਂ ਹੋ ਸਕਿਆ। ਇਹ ਸਿਲਸਿਲਾ ਮੇਰੇ ਚਾਰੇ ਕਹਾਣੀ-ਸੰਗ੍ਰਹਿਾਂ 'ਹਲਫਨਾਮਾ' ; 'ਮੰਜ਼ਿਲ ਤੋਂ ਉਰੇ ਉਰੇ' ; 'ਬਿਨ ਸੰਗੇ ਸਾਨ੍ਹ' ; 'ਰੇਸ, ਕਲਾਸ ਤੇ ਜੰਗ' ਵਿਚ ਵੀ ਜਾਰੀ ਰਿਹਾ ਹੈ ਅਤੇ ਨਾਵਲ 'ਬਲਦੇ ਸਿਵਿਆਂ ਦਾ ਸੇਕ' ਵਿਚ ਵੀ ਬਰਕਰਾਰ ਰਿਹਾ ਹੈ।

ਉਸ ਦੌਰ ਦੀਆਂ ਵਸਤੂਗਤ ਸਥਿਤੀਆਂ ਦੀ ਯਥਾਰਥਮਈ ਘਟਨਾਵੀ ਪੇਸ਼ਕਾਰੀ ਮੇਰੇ ਵਰਤਮਾਨ ਵਿਚ ਰਚੇ ਜਾ ਰਹੇ ਸਾਹਿਤ ਵਿਚ ਵੀ ਨਿਰੰਤਰ ਹੋ ਰਹੀ ਹੈ। ਪਰ ਫਿਰ ਵੀ ਮੇਰੇ ਸੰਗਰਾਮੀ ਜੀਵਨ ਦੀਆਂ



ਹਜ਼ਾਰਾਂ ਯਾਦਾਂ ਅਤੇ ਸੈਂਕੜੇ ਘਟਨਾਵਾਂ ਹਾਲੇ ਵੀ ਅਣਕਹੀਆਂ, ਅਣਲਿਖੀਆਂ ਪਈਆਂ ਹਨ। ਇਹ ਯਾਦਾਂ ਮੇਰੇ ਜ਼ਿਹਨ ਵਿਚ ਅਕਸਰ ਜਗਦੀਆਂ ਬੁਝਦੀਆਂ ਰਹਿੰਦੀਆਂ ਹਨ। ਇਹ ਮੈਨੂੰ ਬੱਲ ਵੀ ਬਖਸ਼ਦੀਆਂ ਹਨ ਅਤੇ ਸਾਹਿਤ ਸਿਰਜਨਾ ਦੇ ਰਾਹ ਤੇ ਨਿਰੰਤਰ ਤੁਰੇ ਰਹਿਣ ਲਈ ਪ੍ਰੇਰਦੀਆਂ ਵੀ ਰਹਿੰਦੀਆਂ ਹਨ।

ਇਨ੍ਹਾਂ ਵਿਚੋਂ ਹੀ ਕੁਝ ਕੁ ਯਾਦਾਂ ਮੈਂ ਇੱਥੇ ਬਿਆਨ ਕਰਨ ਜਾ ਰਿਹਾ ਹਾਂ।

## ਮੋਗਾ ਵਿਦਿਆਰਥੀ ਅੰਦੋਲਨ ਨੂੰ ਯਾਦ ਕਰਦਿਆਂ

ਅਕਤੂਬਰ, 1972 ਵਿਚ ਮੋਗੇ ਰੀਗਲ ਸਿਨਮੇ ਵਿਚ ਮਾਲਕਾਂ ਅਤੇ ਪ੍ਰਬੰਧਕਾਂ ਦੇ ਵਿਦਿਆਰਥੀਆਂ ਨਾਲ ਝਗੜੇ ਦੌਰਾਨ, ਪਹਿਲਾਂ ਪੰਜ ਤਾਰੀਖ ਤੇ ਫਿਰ ਸੱਤ ਤਾਰੀਖ ਨੂੰ ਪੁਲਿਸ ਦੀ ਗੋਲੀਬਾਰੀ ਨਾਲ ਕੁਝ ਵਿਦਿਆਰਥੀਆਂ ਦੀ ਸ਼ਹਾਦਤ ਦੀਆਂ ਖ਼ਬਰਾਂ ਸੁਣੀਆਂ ਤਾਂ ਇਸ ਨੇ ਸਾਡੇ ਰੌਂਗਟੇ ਖੜ੍ਹੇ ਕਰ ਦਿੱਤੇ। ਅਸੀਂ ਵਲੂੰਧਰੇ ਮਨਾਂ ਨਾਲ ਇਸ ਹੱਤਿਆ-ਕਾਂਡ ਦਾ ਵਿਰੋਧ ਕਰਨ ਲਈ ਕਮਰਕੱਸੇ ਕਰ ਲਏ ਕਿਉਂਕਿ ਆਪਣੇ ਗ਼ਮ ਨੂੰ ਸ਼ਕਤੀ ਵਿਚ ਬਦਲਣ ਦਾ ਇਹ ਹੀ ਇਕੋ ਇਕ ਢੰਗ ਸਾਨੂੰ ਪਤਾ ਸੀ।

ਉਦੋਂ, ਮੈਂ ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ ਵਿਚ ਲੈਕਚਰਾਰ ਸਾਂ। ਸਾਡੇ ਕਾਲਜ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਕਾਫ਼ੀ ਮਜ਼ਬੂਤ ਆਧਾਰ ਬਣਾ ਚੁੱਕੀ ਸੀ। ਮੇਰੇ ਪਿੰਡ ਕਾਲਾ ਸੰਘਿਆਂ ਦੇ ਆਸ-ਪਾਸ ਦੇ ਦਿਹਾਤੀ ਇਲਾਕੇ ਵਿਚ ਸਾਡਾ ਜਥੇਬੰਦਕ ਜਨਤਕ ਆਧਾਰ ਏਨਾ ਕੁ ਫੈਲ ਚੁੱਕਾ ਸੀ ਕਿ ਅਸੀਂ ਕਈ ਪਿੰਡਾਂ ਵਿਚ ਨੌਜਵਾਨ ਭਾਰਤ ਸਭਾ ਤੇ ਕਿਰਤੀ ਕਿਸਾਨ ਸਭਾ ਦੀਆਂ ਇਕਾਈਆਂ ਦਾ ਗਠਨ ਕਰ ਲਿਆ ਸੀ। ਇਸ ਆਧਾਰ ਨੂੰ ਇਕ ਆਮ ਦਿਸ਼ਾ ਪ੍ਰਦਾਨ ਕਰਨ ਲਈ ਸਤੰਬਰ, 1971 ਤੋਂ ਇਕ ਸਾਹਿਤਕ ਰਾਜਨੀਤਕ ਮਾਸਿਕ ਮੈਗਜ਼ੀਨ 'ਰੋਹਲੇ ਬਾਣ' ਕੱਢਣਾ ਵੀ ਸ਼ੁਰੂ ਲਿਆ ਸੀ। ਇਨ੍ਹਾਂ ਇਦਾਰਿਆਂ ਦੇ ਆਗੂਆਂ ਦੀ ਬੈਠਕ ਕਰ ਕੇ ਅਸੀਂ ਇਕ ਸਾਂਝਾ ਮੋਰਚਾ ਬਣਾ ਕੇ ਇਸ ਪੁਲੀਸ ਤਸ਼ੱਦਦ ਦੇ ਵਿਰੁੱਧ ਜਲਸੇ ਜਲੂਸ ਕਰਨ ਦਾ ਫੌਰੀ ਪ੍ਰੋਗਰਾਮ ਤੈਅ ਕਰ ਲਿਆ ਸੀ।

ਪੰਜਾਬ ਸਟੂਡੈਂਟਸ ਯੂਨੀਅਨ ਦੀ ਸੂਬਾਈ ਲੀਡਰਸ਼ਿਪ ਤੇ ਕੁਝ ਹੋਰ ਵਿਦਿਆਰਥੀ ਜਥੇਬੰਦੀਆਂ ਨੇ ਵੀ ਇਸ ਗੋਲੀ-ਕਾਂਡ ਦੇ ਵਿਰੋਧ ਦਾ ਬਿਗੁਲ ਵਜਾ ਦਿੱਤਾ ਸੀ। ਉਦੋਂ ਗਿਆਨੀ ਜ਼ੈਲ ਸਿੰਘ ਪੰਜਾਬ ਦਾ ਮੁੱਖ ਮੰਤਰੀ ਸੀ। ਉਸ ਨੇ ਇਹ ਐਲਾਨ ਕੀਤਾ ਕਿ ਉਹ ਸਰਕਾਰੀ ਖਜਾਨੇ ਵਿਚੋਂ ਸ਼ਹੀਦਾਂ ਦੇ ਵਾਰਸਾਂ ਨੂੰ ਪੰਜ ਪੰਜ ਹਜ਼ਾਰ ਰੁਪਏ ਦੇਵੇਗਾ। ਇਸ ਨੇ ਜ਼ਖ਼ਮਾਂ ਤੇ ਲੂਣ ਛਿੜਕਣ ਦਾ ਕੰਮ ਕੀਤਾ ਤੇ ਲੋਕ-ਰੋਹ ਹੋਰ ਭੱਖ ਉੱਠਿਆ। ਸ਼ਹੀਦ ਵਿਦਿਆਰਥੀ ਹਰਜੀਤ ਸਿੰਘ ਦੇ ਪਿਤਾ ਜੀ ਨੇ ਵੀ ਇਸ ਐਲਾਨ ਦਾ ਸਖ਼ਤ ਵਿਰੋਧ ਕੀਤਾ ਤੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦਿਨ੍ਹਾਂ ਵਿਚ, ਪੰਜਾਬ ਦੀ ਨਕਸਲਬਾੜੀ ਲਹਿਰ ਵੀ ਇੰਨੀ ਮੱਧਮ ਸੁਰ ਵਿਚ ਨਹੀਂ ਸੀ ਕਿ ਇਸ ਨੰਗੇ ਚਿੱਟੇ ਤਸ਼ੱਦਦ ਨੂੰ ਚੁੱਪ-ਚਾਪ ਬਰਦਾਸ਼ਤ ਕਰ ਲੈਂਦੀ। ਇਸ ਲਈ ਘੋਲ ਇਕਦਮ ਮਘ ਉੱਠਿਆ।

ਰੈਲੀਆਂ, ਜਲਸੇ, ਜਲੂਸ, ਮੁਜ਼ਾਹਰੇ ਹੋਣ ਲੱਗੇ।

ਇਸ ਤਰ੍ਹਾਂ ਦਾ ਹੀ ਇਕ ਮੁਜ਼ਾਹਰਾ ਅਸੀਂ 9 ਅਕਤੂਬਰ ਨੂੰ ਨਕੋਦਰ ਸ਼ਹਿਰ ਵਿਚ ਰੱਖਿਆ। ਸ਼ਹਿਰ ਵਿਚ ਕਰਫਿਊ ਵਰਗੀ ਸਥਿਤੀ ਸੀ। ਪੁਲਿਸ ਦੇ ਨਾਲ ਮਿਲ ਕੇ ਬੀ. ਐਸ. ਐਫ. ਚੌਬੀ ਘੰਟੇ ਗਸ਼ਤ ਕਰਦੀ ਰਹਿੰਦੀ ਸੀ। ਪੰਜਾਬ ਭਰ ਦੇ ਸਾਰੇ ਕਾਲਜਾਂ ਵਿਚ ਛੁੱਟੀਆਂ ਕਰ ਦਿੱਤੀਆਂ ਗਈਆਂ ਸਨ। ਪਰ ਇਸ ਦੇ ਬਾਵਜੂਦ, ਅਸੀਂ ਇਕ ਟੀਮ ਬਣਾ ਕੇ ਪਿੰਡ ਪਿੰਡ ਘੁੰਮ ਕੇ ਵਿਦਿਆਰਥੀਆਂ ਤੇ ਹੋਰ ਲੋਕਾਂ ਨਾਲ ਸੰਪਰਕ ਕੀਤਾ।

ਲੋਕ ਇਸ ਪ੍ਰਤੀਰੋਧ ਮੁਜ਼ਾਹਰੇ ਲਈ ਤਿਆਰ ਸਨ।

ਉਸ ਮੁਜ਼ਾਹਰੇ ਵਾਲੇ ਦਿਨ ਅਸੀਂ ਆਪਣੇ ਪਿੰਡ ਕਾਲਾ ਸੰਘਿਆਂ ਤੋਂ ਦੋ ਬੱਸਾਂ ਵਿਚ ਲੋਕਾਂ ਨੂੰ ਇਸ ਤਰ੍ਹਾਂ ਲਿਆਂਦਾ ਜਿਸ ਤਰ੍ਹਾਂ ਆਮ ਸਵਾਰੀਆਂ ਆਉਂਦੀਆਂ ਹਨ ਤੇ ਬੱਸ ਅੱਡੇ ਦੇ ਪਿੱਛੇ ਆ ਕੇ ਡੀ. ਏ. ਵੀ. ਕਾਲਜ ਦੇ ਸਾਹਮਣੇ ਇਕ ਪਿੱਪਲ ਦੇ ਥੱਲੇ ਬਣੇ ਥੜੇ ਉਪਰ ਲਾਊਡ ਸਪੀਕਰ ਰੱਖ ਕੇ ਆਮ ਸਭਾ ਸ਼ੁਰੂ ਕਰ ਦਿੱਤੀ। ਇਸੇ ਤਰ੍ਹਾਂ ਹੋਰ ਥਾਵਾਂ ਤੋਂ ਵੀ ਲੋਕਾਂ ਨੂੰ ਆਉਣ ਲਈ ਕਿਹਾ ਗਿਆ ਸੀ ਤੇ ਉਹ ਵੀ ਜਿਵੇਂ ਜਿਵੇਂ ਪਹੁੰਚਦੇ ਗਏ ਅੱਡੇ ਵਿਚੋਂ ਨਿਕਲ ਨਿਕਲ ਕੇ ਸਭਾ ਵਿਚ ਆਉਣ ਲੱਗ ਪਏ।

ਜਦੋਂ ਤੱਕ ਪੁਲਿਸ ਆਈ ਭੀੜ ਜੰਮ ਚੁੱਕੀ ਸੀ।

ਉਸ ਸਮੇਂ ਨਕੋਦਰ ਦਾ ਐਸ. ਡੀ. ਐਮ. ਸਾਡੇ ਕਾਲਜ ਦਾ ਪ੍ਰਧਾਨ ਥਾਪਿਆ ਹੋਇਆ ਸੀ। ਉਹ ਸਟੇਜ ਤੇ ਚੜ੍ਹ ਆਇਆ ਅਤੇ ਧਮਕੀ ਵਾਲੇ ਲਹਿਜੇ ਵਿਚ ਕਹਿਣ ਲੱਗਾ, "ਹਰਭਜਨ, ਤੂੰ ਮੇਰੇ ਕਾਲਜ ਦਾ ਪ੍ਰੋਫੈਸਰ ਹੋ ਕੇ ਇਹ ਕਿੰਜ ਕਰ ਸਕਦਾ ਏਂ?"

ਮੈਂ ਕਿਹਾ, "ਤੁਹਾਡੇ ਸਾਹਮਣੇ ਹੀ ਹੋ ਰਿਹਾ ਹੈ ਸਭ ਕੁਝ, ਚੋਰੀ ਤਾਂ ਨਹੀਂ ਕਰ ਰਹੇ।"

ਉਸਨੇ ਕਿਹਾ, "ਸ਼ਹਿਰ ਵਿਚ ਕਰਫਿਊ ਹੈ।"

ਮੈਂ ਕਿਹਾ, "ਕਰਫਿਊ ਤਾਂ ਹੁਣ ਟੁੱਟ ਚੁੱਕਾ ਹੈ।"

ਉਸਨੇ ਕਿਹਾ, "ਅਸੀਂ ਇਹ ਜਲਸਾ ਨਹੀਂ ਕਰਨ ਦਿਆਂਗੇ।"

ਮੈਂ ਕਿਹਾ, "ਸਾਨੂੰ ਮੋਗੇ ਦੇ ਸ਼ਹੀਦਾਂ ਦੀ ਸੁੰਹ ਅਸੀਂ ਇਹ ਵਿਰੋਧ ਕਰਾਂਗੇ।"

ਇੰਨੇ ਨੂੰ ਕੁਝ ਨੌਜੁਆਨ ਵੀ ਸਟੇਜ 'ਤੇ ਚੜ੍ਹ ਆਏ ਤੇ ਇਸ ਤੋਂ ਪਹਿਲਾਂ ਕਿ ਐਸ. ਡੀ. ਐਮ. ਨੂੰ ਧੱਕੇ ਮਾਰ ਕੇ ਸਟੇਜ ਤੋਂ ਉਤਾਰਦੇ, ਉਹ ਖੁਦ ਹੀ ਉਤਰ ਗਿਆ। ਮੈਨੂੰ ਅੱਜ ਤੱਕ ਯਾਦ ਹੈ ਕਿ ਸਟੇਜ ਤੇ ਚੜ੍ਹ ਆਉਣ ਵਾਲੇ ਉਨ੍ਹਾਂ ਨੌਜਵਾਨਾਂ ਵਿਚ ਅਵਤਾਰ ਸਿੰਘ ਪਾਸ਼ ਵੀ ਸ਼ਾਮਲ ਸੀ। ਸਟਜ ਤੇ ਖੜੋ ਕੇ ਨੌਜਵਾਨਾਂ ਨੇ ਨਾਅਰੇ ਸ਼ੁਰੂ ਕਰ ਦਿੱਤੇ ਅਤੇ ਇਹ ਨਾਅਰੇ ਹਰ ਮਿੰਟ ਹਰ ਪਲ ਹੋਰ ਉੱਚੇ ਹੁੰਦੇ ਗਏ।

ਲੋਕ ਜੁੜਦੇ ਗਏ, ਰੋਹ ਭਖਦਾ ਗਿਆ।

ਪਰ ਦਸ ਕੁ ਮਿੰਟ ਬਾਅਦ ਜਿਸ ਸਮੇਂ ਕੋਈ ਸਾਥੀ ਗੀਤ ਗਾ ਰਿਹਾ ਸੀ, ਐਸ. ਡੀ. ਐਮ. ਫਿਰ ਮੇਰੇ ਕੋਲ ਸਟੇਜ ਤੇ ਆਇਆ ਤੇ ਕਹਿਣ ਲੱਗਾ:

"ਤੁਹਾਡੇ ਕੁਝ ਨੌਜੁਆਨਾਂ ਕੋਲ ਤੂਤ ਦੀਆਂ ਛਿਟੀਆਂ ਹਨ।"

"ਮੈਂ ਕਿਹਾ ਇਹ ਝੰਡੇ ਲਾਉਣ ਲਈ ਡੰਡੇ ਹਨ।"

ਉਸ ਨੇ ਕਿਹਾ ਮੈਂ ਲੋਕਾਂ ਨੂੰ ਇਕ ਦੋ ਮਿੰਟ ਲਈ ਸੰਬੋਧਨ ਕਰਨਾ ਚਾਹੁੰਦਾ ਹਾਂ ਤਾਂ ਮੈਂ ਕਿਹਾ, "ਇਹ ਸੰਭਵ ਨਹੀਂ। ਤੁਸੀਂ ਦੱਸੋ ਕੀ ਕਹਿਣਾ ਚਾਹੁੰਦੇ ਓ?"

ਉਸ ਨੇ ਕਿਹਾ, "ਮੈਂ ਸ਼ਾਂਤੀ ਲਈ ਅਪੀਲ ਕਰਨਾ ਚਾਹੁੰਦਾ ਹਾਂ।"

ਮੈਂ ਕਿਹਾ, "ਇਹ ਅਪੀਲ ਮੈਂ ਕਰ ਦਿੰਦਾ ਹਾਂ।"

ਮੈਂ ਅਪੀਲ ਕਰ ਦਿੱਤੀ ਤਾਂ ਉਹ ਚਲਾ ਗਿਆ।

ਇਸ ਤੋਂ ਮਗਰੋਂ ਭਾਸ਼ਣ ਹੋਏ ਤੇ ਫਿਰ ਇਹ ਐਲਾਨ ਵੀ ਕੀਤਾ ਗਿਆ ਕਿ ਸ਼ਹਿਰ ਵਿਚ ਜਲੂਸ ਕੱਢਿਆ ਜਾਵੇਗਾ। ਇਹ ਐਲਾਨ ਸੁਣਦਿਆਂ ਹੀ ਐਸ. ਡੀ. ਐਮ. ਮਹੋਦਅ ਫਿਰ ਸਟੇਜ ਉਪਰ ਆ



ਧਮਕੇ। ਤਦ ਤੱਕ ਅਸੀਂ ਸਾਰੇ ਪਾਸਿਆਂ ਤੋਂ ਪੁਲਿਸ, ਬੀ. ਐਸ. ਐਫ. ਦੀ ਵਿਸ਼ਾਲ ਤਾਕਤ ਵਿਚ ਘਿਰ ਚੁੱਕੇ ਸਾਂ। ਪਰ ਲੋਕ ਤਾਕਤ ਸਭ ਤੋਂ ਵੱਡੀ ਤਾਕਤ ਹੁੰਦੀ ਹੈ। ਐਸ. ਡੀ. ਐਮ. ਦੀਆਂ ਧਮਕੀਆਂ ਦੀ ਪ੍ਰਵਾਹ ਨਾ ਕਰਦਿਆਂ ਇਹ ਜਨਤਕ ਇਕੱਠ ਇਕ ਹੜ੍ਹ ਵਾਂਗ ਸ਼ਹਿਰ ਵੱਲ ਤੁਰ ਪਿਆ। ਦਸ ਹਜ਼ਾਰ ਤੋਂ ਘੱਟ ਨਹੀਂ ਹੋਣਗੇ ਉਸ ਦਿਨ ਨਕੋਦਰ ਦੀਆਂ ਸੜਕਾਂ ਤੇ ਨਾਅਰੇ ਲਾਉਂਦੇ ਲੋਕ।

ਪਰ ਅਚਾਨਕ ਡਾਕਖਾਨੇ ਤੇ ਇੱਟਾਂ ਵੱਜਣੀਆਂ ਸ਼ੁਰੂ ਹੋ ਗਈਆਂ। ਮੈਂ ਡਾਕਖਾਨੇ ਦੇ ਅੱਗੇ ਚਬੂਤਰੇ ਤੇ ਖੜ੍ਹੇ ਹੋ ਕੇ ਇਹ ਇੱਟਾਂ ਰੋਕੀਆਂ ਪਰ ਤਦ ਤਕ ਥੋੜੀ ਦੂਰ ਅਗਾਂਹ ਟੈਲੀਫ਼ੋਨ ਐਕਸਚੇਂਜ ਭੀੜ ਦੇ ਹਮਲੇ ਨਾਲ ਢਹਿ-ਢੇਰੀ ਹੋ ਗਿਆ ਸੀ। ਬੜੀ ਮੁਸ਼ਕਿਲ ਨਾਲ ਸਭ ਕੁਝ ਕਾਬੂ ਕੀਤਾ ਤਾਂ ਜਲੂਸ ਆਪ-ਮੁਹਾਰੇ ਸਟੇਸਨ ਵੱਲ ਮੁੜ ਤੁਰਿਆ ਤੇ ਮੰਡੀ ਵਿਚ ਪੁਲਿਸ ਨਾਲ ਇੱਟ-ਵੱਟਾ ਟਕਰਾਵ ਸ਼ੁਰੂ ਹੋ ਗਿਆ। ਤਿੰਨ ਘੰਟੇ ਦੇ ਇਸ ਟਕਰਾਵ ਤੋਂ ਬਾਅਦ ਅਸੀਂ ਕਈ ਜਣੇ ਫੜੇ ਗਏ ਅਤੇ ਟਰੱਕ ਵਿਚ ਲੱਦ ਕੇ ਲਿਆ ਕੇ ਸਦਰ ਥਾਣੇ ਵਿਚ ਧੱਕ ਦਿੱਤੇ ਗਏ। ਕਈ ਸਾਥੀਆਂ ਦੇ ਪੁਲਿਸ ਮਾਰ-ਕੁੱਟ ਨਾਲ ਗੰਭੀਰ ਚੋਟਾਂ ਲੱਗੀਆਂ ਸਨ। ਉਹ ਕਰਾਹ ਰਹੇ ਸਨ। ਨਵੇਂ ਪਿੰਡ ਦੇ ਸਾਥੀ ਰਣਜੀਤ ਸਿੰਘ ਦੀ ਤਿੰਨ ਥਾਂਵਾਂ ਤੋਂ ਲੱਤ ਟੁੱਟੀ ਪਈ ਸੀ। ਉਸ ਦਾ ਸਭ ਤੋਂ ਬੁਰਾ ਹਾਲ ਸੀ। ਪੱਗ ਤਾਂ ਕਿਸੇ ਦੇ ਵੀ ਸਿਰ ਤੇ ਨਹੀਂ ਸੀ ਰਹੀ। ਪਰ ਜਦੋਂ ਹਵਾਲਾਤੀਆਂ ਦੀ ਗਿਣਤੀ ਦੋ ਦਰਜਨ ਵੀ ਟੱਪ ਗਈ ਤਾਂ ਸੱਟਾਂ, ਜ਼ਖ਼ਮਾਂ ਅਤੇ ਕੁਰਲਾਹਟਾਂ ਨਾਅਰਿਆਂ ਦਾ ਰੂਪ ਲੈ ਲੈ ਕੇ ਫੁੱਟ ਤੁਰੀਆਂ। ਫਿਰ ਦੇਰ ਰਾਤ ਤੱਕ ਨਾਅਰੇ ਲਗਦੇ ਰਹੇ। ਕਿਸੇ ਖਾਣ ਨੂੰ ਕੁਝ ਨਾ ਦਿੱਤਾ, ਪਾਣੀ ਤੱਕ ਲਈ ਬਹੁਤ ਤਰੱਦਦ ਕਰਨਾ ਪਿਆ। ਮੇਰੇ ਨਾਲ ਗ੍ਰਿਫਤਾਰ ਹੋਣ ਵਾਲਿਆਂ ਵਿਚ ਪਾਸ਼ ਅਤੇ ਵਕੀਲ ਹਰਭਜਨ ਸਿੰਘ ਵੀ ਸ਼ਾਮਲ ਸਨ।

ਪਰ ਅਚਾਨਕ ਰਾਤ ਦੇ ਦੋ ਵਜੇ ਪੁਲਿਸ ਨੇ ਮੈਨੂੰ ਹਵਾਲਾਤ ਵਿਚੋਂ ਬਾਹਰ ਕੱਢ ਲਿਆ ਤਾਂ ਸਾਰੇ ਸਾਥੀ ਡਰ ਗਏ ਕਿ ਪੁਲੀਸ ਕਿਤੇ 'ਮੁਕਾਬਲਾ' ਹੀ ਨਾ ਬਣਾ ਦੇਵੇ। ਇਸ ਡਰ ਵਿਚੋਂ ਨਾਅਰੇ ਫਿਰ ਗੂੰਜ ਉੱਠੇ। ਨਾਅਰਿਆਂ ਦੀ ਇਸ ਗੂੰਜ ਵਿਚ ਉਹ ਮੈਨੂੰ ਇਕ ਅਜਿਹੇ ਕਮਰੇ ਵਿਚ ਲੈ ਗਏ ਜਿੱਥੇ ਇਸ ਤਰ੍ਹਾਂ ਦਾ ਖ਼ੌਫਨਾਕ ਵਾਤਾਵਰਣ ਸਿਰਜਿਆ ਹੋਇਆ ਸੀ ਕਿ ਮੈਂ ਡਰ ਜਾਵਾਂ। ਮੈਨੂੰ ਜਬਰਨ ਨੰਗਾ ਕੀਤਾ ਗਿਆ। ਸਿਰਫ ਇਕ ਅੰਡਰ-ਵੀਅਰ ਤੋਂ ਬਿਨਾ ਮੇਰੇ ਸਰੀਰ ਉਪਰ ਹੋਰ ਕੋਈ ਕਪੜਾ ਨਹੀਂ ਸੀ ਰਹਿਣ ਦਿੱਤਾ ਗਿਆ। ਮੇਰੇ ਚਾਰੇ ਬੰਨੇ ਪੁਲਸੀਏ ਲਾਠੀਆਂ ਲੈ ਕੇ ਖੜੋ ਗਏ ਸਨ। ਇਸ ਵਾਤਾਵਰਨ ਵਿਚ ਮੇਰੇ ਤੋਂ ਪੁੱਛ-ਗਿੱਛ ਸ਼ੁਰੂ ਹੋ ਗਈ।

"ਕੀ ਅੱਗਾਂ ਲਾਉਣ ਨਾਲ ਇਨਕਲਾਬ ਹੋ ਜਾਵੇਗਾ?" ਕਿਸੇ ਪੁਲਿਸ ਉੱਚ ਅਧਿਕਾਰੀ ਨੇ ਪੁੱਛਿਆ।

ਮੈਂ ਉਲਟਾ ਸਵਾਲ ਕੀਤਾ, "ਕੀ ਨਿਹੱਥੇ ਵਿਦਿਆਰਥੀਆਂ ਨੂੰ ਗੋਲੀਆਂ ਮਾਰਨ ਨਾਲ, ਮੇਰੇ ਵਰਗੇ ਬੰਦੇ ਨੂੰ ਨੰਗੇ ਕਰਨ ਨਾਲ ਇਨਕਲਾਬੀ ਸੰਘਰਸ਼ ਮੁੱਕ ਜਾਏਗਾ?"

ਸਵਾਲ ਜਵਾਬ ਹੁੰਦੇ ਰਹੇ ਪਰ ਮੈਂ ਡਰਿਆ ਨਹੀਂ।

ਮੈਨੂੰ ਹੁਣ ਲੱਗਦਾ ਹੈ ਜੇ ਮੈਂ ਉਸ ਰਾਤ ਡਰ ਜਾਂਦਾ ਤਾਂ ਬਿਨਾਂ ਮਾਰਿਆਂ ਹੀ ਮਰ ਜਾਂਦਾ। ਮੈਂ ਉਹ ਤਸ਼ੱਦਦ ਝੱਲ ਗਿਆ ਤੇ ਅੱਜ ਤੱਕ ਵੀ ਇਨਕਲਾਬ ਦੀ ਜਿੱਤ ਦੀ ਚਾਹ ਮੇਰੇ ਰੋਮ ਰੋਮ ਵਿਚੋਂ ਸਜਰੇ ਇਸ਼ਕ ਵਾਂਗ ਉਗਮ ਰਹੀ ਹੈ। ਪੁਲਿਸ ਅਧਿਕਾਰੀ ਨੇ ਜਦੋਂ ਵਾਰ-ਵਾਰ ਇਹ ਹੀ ਪੁੱਛਿਆ ਕਿ ਅੱਗ ਕਿਉਂ ਲਾਈ ਤਾਂ ਮੈਂ ਇਕ ਸਿਪਾਹੀ ਵੱਲ ਇਸ਼ਾਰਾ ਕਰਕੇ ਕਿਹਾ - "ਇਸ ਨੂੰ ਪੁੱਛੋ ਕਿ ਇਹ ਟੈਲੀਫ਼ੋਨ ਐਕਸਚੇਂਜ ਤੇ ਗੰਢਾਸੀਆਂ ਮਾਰਦਾ ਮੈਂ ਫੜਿਆ ਕਿ ਨਹੀਂ?" ਉਦੋਂ ਇਸਦੇ ਕਪੜੇ ਸਫੈਦ ਸਨ, ਹੁਣ ਖਾਕੀ ਹਨ। ਪਰ ਇਹ ਆਦਮੀ ਓਹੀ ਹੈ। ਉਸ ਸਿਪਾਹੀ ਨੇ ਅੱਖਾਂ ਝੁਕਾ ਲਈਆਂ, ਤੇ ਮੈਂ ਬੜੀ ਠਰੰਮੇ ਵਾਲੀ ਆਵਾਜ਼ ਵਿਚ ਜ਼ੋਰ

ਦੇ ਕੇ ਕਿਹਾ- "ਦੱਸ ਦੇ ਬਈ ਸ਼ੇਰਾ ਕਿਉਂ ਮਾਰਦਾ ਸੀ ਲਾਠੀਆਂ?"

ਪਤਾ ਨਹੀਂ ਕਿਵੇਂ ਉਹਦੇ ਮੂੰਹੋਂ ਨਿਕਲ ਗਿਆ, "ਪ੍ਰੋਫੈਸਰ ਸਾਹਿਬ ਸਾਨੂੰ ਡਿਊਟੀ ਕਰਨੀ ਪੈਂਦੀ ਹੈ।" ਉਸ ਦੇ ਇਨ੍ਹਾਂ ਲਫਜ਼ਾਂ ਨੇ ਉਸ ਖੌਫ਼ਨਾਕ ਵਾਤਾਵਰਨ ਤੇ ਡਰਾਉਣੇ ਨਾਟਕੀ ਸੀਨ ਨੂੰ ਮੇਰੇ ਪੱਖ ਵਿਚ ਬਦਲ ਦਿੱਤਾ ਤੇ ਮੈਂ ਜੇਤੂ ਅੰਦਾਜ਼ ਵਿੱਚ ਹੱਸਿਆ। ਵਾਪਸ ਹਵਾਲਾਤ ਵਿਚ ਆਇਆ ਤਾਂ ਸਾਰਿਆਂ ਨੇ ਸੁੱਖ ਦਾ ਸਾਹ ਲਿਆ। ਨਾਅਰੇ ਬੰਦ ਹੋ ਗਏ ਤੇ ਹਰ ਕੋਈ ਮੈਨੂੰ ਜੱਫੀਆਂ ਪਾ ਪਾ ਮਿਲ ਰਿਹਾ ਸੀ। ਪਾਸ਼ ਨੇ ਕਿਹਾ - "ਅਸੀਂ ਤਾਂ ਸਮਝ ਲਿਆ ਕਿ ਸਾਡਾ ਪ੍ਰੋਫੈਸਰ ਅੱਜ ਗਿਆ।" ਉਸਦੀਆਂ ਅੱਖਾਂ ਵਿਚ ਰੋਹ ਦੀ ਅੱਗ ਸੀ ਤੇ ਅੱਖਾਂ ਦੀ ਲਾਲੀ ਘੱਟ ਕਿਸੇ ਸਾਥੀ ਦੀ ਵੀ ਨਹੀਂ ਸੀ।

ਅਗਲੇ ਦਿਨ ਸਾਨੂੰ ਜਲੰਧਰ ਜੇਲ੍ਹ ਭੇਜ ਦਿੱਤਾ ਗਿਆ। ਮੋਗਾ ਅੰਦੋਲਨ ਦੌਰਾਨ ਇਸ ਜੇਲ੍ਹ ਵਿਚ ਸੈਂਕੜੇ ਵਿਦਿਆਰਥੀ ਬੰਦ ਸਨ। ਮੈਨੂੰ, ਪਾਸ਼ ਤੇ ਹਰਭਜਨ ਵਕੀਲ ਨੂੰ ਖਤਰਨਾਕ ਕਰਾਰ ਦੇ ਕੇ ਇਕੋ ਚੱਕੀ ਵਿਚ ਬੰਦ ਕਰ ਦਿੱਤਾ ਗਿਆ। ਬਾਕੀਆਂ ਨੂੰ ਬੈਰਕਾਂ ਵਿਚ ਭੇਜ ਦਿੱਤਾ ਗਿਆ। ਸਾਡੇ ਨਾਲ ਵਾਲੀਆਂ ਚੱਕੀਆਂ ਵਿਚ ਨਕਸਲਾਈਟ ਕੈਦੀ ਬੰਦ ਸਨ, ਇਨ੍ਹਾਂ ਵਿਚ ਦਰਸ਼ਨ ਖਟਕੜ ਤੇ ਜਸਵੰਤ ਖਟਕੜ ਵੀ ਸ਼ਾਮਲ ਸਨ। ਕੁਝ ਦਿਨ ਬਾਅਦ ਕਿਸੇ ਵਿਦਿਆਰਥੀ ਜਥੇਬੰਦੀ ਨੇ ਸਰਕਾਰ ਨਾਲ ਸਮਝੌਤਾ ਕਰ ਲਿਆ ਤਾਂ ਸਾਰੇ ਵਿਦਿਆਰਥੀ ਤੇ ਹੋਰ ਅੰਦੋਲਨਕਾਰੀ ਬਿਨਾ ਸ਼ਰਤ ਰਿਹਾਅ ਕਰ ਦਿੱਤੇ ਗਏ। ਅਸੀਂ ਤਿੰਨੇ ਜਣੇ ਛੱਬੀ ਦਿਨ ਉਸ ਕੋਠੜੀ ਵਿਚ ਬੰਦ ਰਹੇ। ਆਖਰ ਜਮਾਨਤਾਂ ਕਰਵਾ ਕੇ ਬਾਹਰ ਆਉਣਾ ਪਿਆ। ਇਹ ਮੇਰਾ ਜ਼ਿੰਦਗੀ ਦਾ ਪਹਿਲਾ ਵੱਡਾ ਸਕੂਲ ਸੀ, ਜਿਸ ਨੇ ਇਨਕਲਾਬੀ ਸੰਗਰਾਮ ਦੇ ਰਸਤੇ ਪੱਕੇ ਪੈਰੀਂ ਚੱਲਣ ਲਈ ਹੋਰ ਹੱਲਾਸ਼ੇਰੀ ਦਿੱਤੀ ਤੇ ਨਿਡਰਤਾ ਪ੍ਰਦਾਨ ਕੀਤੀ।

## ਬੰਧੂਆ ਮਜ਼ਦੂਰ ਮੁਕਤੀ ਸੰਘਰਸ਼

ਅਨੇਕ ਦਹਾਕਿਆਂ ਦੀ ਤਥਾਕਥਿਤ ਆਜ਼ਾਦੀ ਅਤੇ ਲੋਕਤੰਤਰ ਦੇ ਬਾਵਜੂਦ, ਹਿੰਦੁਸਤਾਨੀ ਸਮਾਜਕ-ਆਰਥਕ ਢਾਂਚਾ ਹਾਲੇ ਵੀ ਅਰਧ-ਸਾਮੰਤੀ, ਅਰਧ-ਬਸਤੀਵਾਦੀ ਹੋਣ ਕਰਕੇ ਦਾਸ ਪ੍ਰਥਾ ਦੇ ਅਵਿਸ਼ੇਸ਼ ਕਈ ਰੂਪਾਂ ਵਿਚ ਮੌਜੂਦ ਹਨ। ਇਨ੍ਹਾਂ ਵਿਚੋਂ ਹੀ ਇਕ ਬੰਧੂਆ ਮਜ਼ਦੂਰ ਪ੍ਰਣਾਲੀ ਹਾਲੇ ਵੀ ਪ੍ਰਚਲਿਤ ਹੈ। ਇਹ ਪਹਿਲਾਂ ਵੇਗਾਰ ਦੇ ਰੂਪ ਵਿਚ ਤੇ ਉਸ ਤੋਂ ਵੀ ਪਹਿਲਾਂ ਸਿੱਧੀ ਗੁਲਾਮੀ ਦੇ ਰੂਪ ਵਿਚ ਹਿੰਦੁਸਤਾਨ ਵਿਚ ਸਦੀਆਂ ਤੱਕ ਪ੍ਰਚਲਿਤ ਰਹੀ ਹੈ। ਕੁਝ ਇਤਿਹਾਸਕਾਰ ਇਸ ਦੀ ਸ਼ੁਰੂਆਤ ਆਰੀਆ ਲੋਕਾਂ ਦੇ ਹਿੰਦੁਸਤਾਨ ਵਿਚ ਆਉਣ ਤੇ ਵੱਸ ਜਾਣ ਤੋਂ ਦੱਸਦੇ ਹਨ। ਇਹ ਠੀਕ ਵੀ ਹੋ ਸਕਦਾ ਹੈ। ਗੁਲਾਮ ਪ੍ਰਥਾ, ਵੇਗਾਰ ਪ੍ਰਥਾ ਅਤੇ ਬੰਧੂਆਂ ਮਜ਼ਦੂਰੀ ਤੱਤ ਰੂਪ ਵਿਚ ਇਕ ਹੀ ਵਰਤਾਰਾ ਹੈ। ਇਸ ਦਾ ਸਮਾਜਕ-ਆਰਥਕ ਮੂਲ ਤੱਤ ਮਾਲਕ ਗੁਲਾਮ ਦਾ ਰਿਸ਼ਤਾ ਹੀ ਹੈ। ਜਿਸ ਵਿਚ ਗੁਲਾਮ ਦੀ ਹਰ ਚੀਜ਼ ਤੇ ਮਾਲਕ ਦਾ ਕਬਜ਼ਾ ਹੁੰਦਾ ਹੈ। ਉਸ ਦੀ ਜ਼ਿੰਦਗੀ ਉਪਰ ਵੀ।

ਬੰਧੂਆ ਮਜ਼ਦੂਰ ਬਣਾਉਣ ਲਈ ਚਾਹੇ ਕੁਝ ਪੈਸੇ ਦੇ ਕੇ ਫਸਾਇਆ ਜਾਂਦਾ ਹੈ। ਪਰ ਇਹ ਪ੍ਰਥਾ ਵੀ ਪੀੜ੍ਹੀ ਦਰ ਪੀੜ੍ਹੀ ਚਲੀ ਆ ਰਹੀ ਹੈ। ਬਾਪ ਦੇ ਬਾਪ ਨੇ ਕਰਜ਼ ਲਿਆ ਸੀ, ਸਾਰੀ ਉਮਰ ਮਾਲਕ ਦੇ ਖੇਤਾਂ, ਕਾਰੋਬਾਰ ਜਾਂ ਘਰ ਵਿਚ ਕੰਮ ਕੀਤਾ ਪਰ ਕਰਜ਼ ਨਹੀਂ ਉਤਾਰ ਸਕਿਆ। ਉਹ ਕਰਜ਼ ਉਸ ਦਾ ਬੇਟਾ ਵੀ ਨਹੀਂ ਉਤਾਰ ਸਕਿਆ, ਤੇ ਫਿਰ ਉਸ ਦਾ ਬੇਟਾ ਵੀ ਨਹੀਂ। ਉਹ ਬੰਦਾ ਜਾਂ ਕਈ ਵਾਰ ਉਸ ਦਾ ਸਾਰਾ ਪਰਿਵਾਰ ਸਿਰਫ ਕਰਜ਼ ਉਤਾਰਨ ਲਈ ਕੰਮ ਕਰਦੇ ਹਨ ਪਰ ਇਹ ਕਰਜ਼ ਬਣਿਆ ਹੀ ਰਹਿੰਦਾ ਹੈ। ਇਸ ਲਈ ਕੰਮ ਬਦਲੇ ਕੋਈ ਤਨਖਾਹ ਨਹੀਂ ਮਿਲਦੀ, ਜਿਊਂਦਾ ਰੱਖਣ ਲਈ ਮਾੜੀ ਮੋਟੀ ਦਾਲ ਰੋਟੀ ਬੇਸ਼ਕ ਦੇ ਦਿੱਤੀ ਜਾਂਦੀ ਹੈ ਜਾਂ ਫਟਿਆ ਪੁਰਾਣਾ ਕੋਈ ਕਪੜਾ।



ਪੰਜਾਬ ਵਿਚ ਚਾਹੇ ਇਸ ਪ੍ਰਥਾ ਦੇ ਓਨੇ ਭਿਅੰਕਰ ਨਿਮੂਨੇ ਨਾ ਦੇਖੇ ਜਾ ਸਕਦੇ ਹੋਣ। ਪਰ ਉੱਤਰ ਪ੍ਰਦੇਸ਼, ਬਿਹਾਰ, ਉੜੀਸਾ, ਮੱਧ ਪ੍ਰਦੇਸ਼, ਬੰਗਾਲ ਆਦਿ ਸੂਬਿਆਂ ਵਿਚ ਇਹ ਆਮ ਵਰਤਾਰਾ ਹੈ। ਇਸ ਵਰਤਾਰੇ ਦੇ ਕਈ ਵੱਖਰੇ ਵੱਖਰੇ ਰੂਪ ਹਨ।

ਮੈਨੂੰ ਕਿਉਂਕਿ ਉੱਤਰ ਪ੍ਰਦੇਸ਼ ਵਿਚ ਇਹ ਸਾਰਾ ਕੁਝ ਵੇਖਣ ਤੇ ਇਸ ਦੇ ਵਿਰੁੱਧ ਸੰਘਰਸ਼ ਲਈ ਲੋਕਾਂ ਨੂੰ ਲਾਮਬੰਦ ਕਰਨ ਦਾ ਪੂਰਾ ਮੌਕਾ ਮਿਲਿਆ ਹੈ। ਇਸ ਲਈ ਮੇਰਾ ਇਹ ਭਾਵ ਹੈ ਇਹ ਪ੍ਰਣਾਲੀ ਐਨੀ ਗੁੰਝਲਦਾਰ ਅਤੇ ਸਰਵ-ਵਿਆਪਕ ਹੈ ਕਿ ਇਹ ਵਰਤਮਾਨ ਢਾਂਚੇ ਦਾ ਇਕ ਅੰਗ ਤੇ ਸਮਾਜਿਕ ਆਧਾਰ ਬਣ ਚੁੱਕੀ ਹੈ। ਦਰਅਸਲ ਬੰਧਆ ਮਜ਼ਦੂਰ ਮੁਕਤੀ ਹਕੀਕੀ ਰੂਪ ਵਿਚ ਤਦ ਹੀ ਸੰਭਵ ਹੈ ਜੋ ਇਹ ਢਾਂਚਾ ਬਦਲ ਕੇ ਇਸ ਦੀ ਥਾਂ ਲੋਕ-ਜਨਵਾਦੀ ਵਿਵਸਥਾ ਕਾਇਮ ਕੀਤੀ ਜਾਏ। ਇਸ ਵਰਤਾਰੇ ਦੀ ਜੜ੍ਹ ਉਸ ਪੁਰਾਣੇ ਸਾਮੰਤੀ ਢਾਂਚੇ ਵਿਚ ਹੈ ਜੋ ਇਸ ਸਮੇਂ ਵੀ ਅਰਧ-ਸਾਮੰਤੀ ਰੂਪ ਵਿਚ ਬਰਕਰਾਰ ਹੈ। ਇਸ ਦੀ ਧਰਾਤਲ ਉਹ ਬ੍ਰਾਹਮਣਵਾਦੀ ਦਕਿਆਨੂਸੀ ਸੰਸਕ੍ਰਿਤੀ ਤੇ ਉਸ ਦੀ ਪੈਦਾਇਸ਼ ਜਾਤੀ ਪ੍ਰਥਾ ਹੈ ਜੋ ਹਾਲੇ ਵੀ ਬੁਰੀ ਤਰ੍ਹਾਂ ਬਰਕਰਾਰ ਹੈ। ਇਸ ਲਈ ਬੰਧੂਆ ਮੁਕਤੀ ਦਾ ਸਵਾਲ ਜਨਵਾਦੀ ਇਨਕਲਾਬ ਦਾ ਮਹੱਤਵਪੂਰਨ ਸਵਾਲ ਹੈ ਤੇ ਬੰਧੂਆ ਮੁਕਤੀ ਸੰਗਰਾਮ ਨਵ-ਜਨਵਾਦੀ ਅੰਦੋਲਨ ਦਾ ਇਕ ਮਹੱਤਵਪੂਰਨ ਅੰਗ ਹੈ।

ਇਸ ਲਈ ਜੋ ਵਿਅਕਤੀ ਤੇ ਸੰਸਥਾਵਾਂ ਸਿਰਫ ਸਰਕਾਰੀ ਸੁਧਾਰਾਂ ਰਾਹੀਂ, ਵਰਤਮਾਨ ਭ੍ਰਿਸ਼ਟ ਪ੍ਰਸ਼ਾਸਨ ਦੁਆਰਾ ਬੰਧੂਆ ਮੁਕਤੀ ਹਾਸਲ ਕਰਨਾ ਚਾਹੁੰਦੇ ਹਨ, ਉਹ ਇੱਲਾਂ ਦਿਆਂ ਆਲ੍ਹਣਿਆਂ ਵਿਚੋਂ ਮਾਸ ਲੱਭਦੇ ਫ਼ਿਰਦੇ ਹਨ। ਉਹ ਭੱਜ ਨੱਠ ਕਰਕੇ ਜੇਕਰ ਕੁਝ ਬੰਧੂਆਂ ਮਜ਼ਦੂਰਾਂ ਨੂੰ ਮੁਕਤ ਕਰਵਾ ਵੀ ਦੇਣ ਤਾਂ ਇਹ ਢਾਂਚਾ ਹੋਰ ਬੰਧੂਆ ਮਜ਼ਦੂਰ ਪੈਦਾ ਕਰ ਲੈਂਦਾ ਹੈ। ਦਰਅਸਲ, ਇਸ ਦਾ ਆਧਾਰ ਉਹ ਬਾਲ ਬੰਧੂਆ ਮਜ਼ਦੂਰੀ ਹੈ, ਜੋ ਬਹੁਤ ਹੀ ਭਿਅੰਕਰ ਰੂਪ ਵਿਚ ਵਿਕਸਿਤ ਹੋ ਰਹੀ ਹੈ। ਉੱਤਰ ਪ੍ਰਦੇਸ਼ ਦਾ ਕਾਲੀਨ ਉਦਯੋਗ ਤਾਂ ਬਾਲ ਬੰਧੂਆ ਮਜ਼ਦੂਰਾਂ ਨਾਲ ਭਰਿਆ ਪਿਆ ਹੈ।

ਮੈਂ ਜਦੋਂ ਉੱਤਰ ਪ੍ਰਦੇਸ਼ ਵਿਚ ਇਨਕਲਾਬੀ ਸਰਗਰਮੀਆਂ ਵਿਚ ਵਿਅਸਤ ਸੀ, ਅਸੀਂ ਬੰਧੂਆ ਮਜ਼ਦੂਰ ਮੁਕਤੀ ਦੀ ਸਮੱਸਿਆ ਨੂੰ ਜਨਤਕ ਸੰਘਰਸਾਂ ਰਾਹੀਂ ਹੱਲ ਕਰਨ ਦਾ ਰਾਹ ਚੁਣਿਆ। ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਇਸ ਦਿਸ਼ਾ ਵਿਚ ਲਾਮਬੰਦ ਕਰਨ ਲਈ ਵਿਸ਼ੇਸ਼ ਤੌਰ ਤੇ ਚੁਣਿਆ, ਜਿੱਥੇ ਇਹ ਸਦੀਆਂ ਪੁਰਾਣੀ ਪ੍ਰਣਾਲੀ ਵਜੋਂ ਕਾਇਮ ਹੋਣ ਕਰਕੇ ਵਧੇਰੇ ਵਿਕਰਾਲ ਰੂਪ ਵਿਚ ਮੌਜੂਦ ਸੀ। ਇਸ ਸੰਘਰਸ਼ ਦੌਰਾਨ ਕਈ ਜਗ੍ਹਾ ਸਫ਼ਲਤਾ ਵੀ ਹਾਸਲ ਕੀਤੀ। ਇਨ੍ਹਾਂ ਵਿਚੋਂ ਮੈਨੂੰ ਗੁਲਾਬ-ਗੰਜ (ਜ਼ਿਲਾ ਇਲਾਹਾਬਾਦ) ਦਾ ਸੰਘਰਸ਼ ਹਾਲੇ ਤੱਕ ਵੀ ਯਾਦ ਹੈ, ਜੋ ਇਸ ਸੰਦਰਭ ਵਿਚ ਖ਼ਾਸ ਤੌਰ ਤੇ ਵਰਣਨਯੋਗ ਹੈ।

ਗੁਲਾਬ-ਗੰਜ ਨਾਂ ਦੀ ਇਹ ਛੋਟੀ ਜਿਹੀ ਆਦਿਵਾਸੀ ਬਸਤੀ, ਤਹਿਸੀਲ ਸ਼ੰਕਰਗੜ੍ਹ ਦੇ ਉਸ ਕੱਕਰੀਲੇ ਅਤੇ ਪੱਥਰੀਲੇ ਇਲਾਕੇ ਵਿਚ ਸਥਿਤ ਹੈ, ਜਿੱਥੇ ਸਮੁੱਚੀ ਖੇਤੀਬਾੜੀ ਤੇ ਹਰ ਫਸਲ ਕੁਦਰਤੀ ਮੇਹਰਬਾਨੀਆਂ ਉੱਤੇ ਨਿਰਭਰ ਕਰਦੀ ਹੈ। ਇਸ ਇਲਾਕੇ ਵਿਚ ਬਹੁਤ ਵੱਡੇ-ਵੱਡੇ ਜਿਮੀਦਾਰ ਉਸ ਸਮੇਂ ਤੱਕ ਵੀ ਹਜ਼ਾਰਾਂ ਏਕੜਾਂ ਦੇ ਮਾਲਕ ਬਣੇ ਬੈਠੇ ਸਨ। ਇਨ੍ਹਾਂ ਵਿਚ ਇਕ ਰਾਜਾ ਸ਼ੰਕਰਗੜ੍ਹ ਵੀ ਸੀ, ਜਿਸ ਦੀ ਖੇਤੀ ਦੀ ਜ਼ਮੀਨ ਪੈਂਤੀ ਪਿੰਡਾਂ ਵਿਚ ਸੀ। ਇਸ ਉਪਜਾਊ ਜ਼ਮੀਨ ਤੋਂ ਇਲਾਵਾ, ਉਸ ਨੇ ਪੱਥਰ ਤੋੜ ਤੋੜ ਕੇ ਗਿੱਟੀ ਬਣਾਉਣ ਅਤੇ ਛੋਟੇ ਵੱਡੇ ਪੱਥਰਾਂ ਥੱਲਿਓਂ ਬਾਲੂ-ਮਿੱਟੀ ਕੱਢਣ ਲਈ ਇਕ ਬਹੁਤ ਵੱਡੇ ਪਥਰੀਲੇ ਇਲਾਕੇ ਦੀ ਸੌ ਸਾਲਾ ਲੀਜ਼ ਵੀ ਲੈ ਰੱਖੀ ਸੀ। ਇਹ ਲੀਜ਼-ਇਲਾਕਾ ਬਹੁਤ ਵੱਡੇ ਇਲਾਕੇ ਅਰਥਾਤ ਕਈ ਤਹਿਸੀਲਾਂ ਨੂੰ ਕਵਰ ਕਰਦਾ ਸੀ, ਜਿਸ ਵਿਚ ਲਗਭਗ ਸੌ ਪਿੰਡ ਆਉਂਦੇ ਸਨ। ਉਸ ਨੇ

ਅੱਗੇ ਹਜ਼ਾਰਾਂ ਸੈਂਕੜੇ ਛੋਟੇ ਮੋਟੇ ਠੇਕੇਦਾਰ ਰੱਖੇ ਹੋਏ ਸਨ। ਇਹਨਾਂ ਸੈਂਕੜੇ ਪਿੰਡਾਂ ਦੇ ਗਰੀਬ ਲੋਕ ਖ਼ਾਸ ਕਰਕੇ ਆਦਿਵਾਸੀ, ਹਰੀਜਨ, ਪਾਸੀ, ਮਲਾਹ ਆਦਿ ਗਿੱਟੀ ਤੋੜ ਕੇ ਰੋਜ਼ੀ ਰੋਟੀ ਕਮਾਉਣ ਦਾ ਕੰਮ ਕਰਦੇ ਸਨ। ਇਹ ਗਿੱਟੀ ਤੋੜਨਾ ਬਹੁਤ ਹੀ ਸਖ਼ਤ ਕੰਮ ਹੈ। ਇਹਦੇ ਨਾਲ ਹੱਥ ਪੈਰ ਫਟ ਜਾਂਦੇ ਹਨ ਤੇ ਖ਼ੁਰਾਕ ਦੀ ਕਮੀ ਕਰਕੇ ਲੋਕ ਭੁੰਡੇ ਹੋ ਜਾਂਦੇ ਹਨ ਜਾਂ ਟੀ.ਬੀ. ਆਦੀ ਦੇ ਮਰੀਜ਼ ਬਣ ਜਾਂਦੇ ਹਨ।

ਗੁਲਾਬ-ਗੰਜ ਵਿਚ ਕੁੱਲ ਆਬਾਦੀ ਦੇ ਬਾਨਿਸਬਤ ਡੁੱਡਿਆਂ ਦੀ ਗਿਣਤੀ ਕਾਫ਼ੀ ਸੀ। ਫਿਰ ਵੀ ਉਹ ਲੋਕ ਦੋਹਰੀ ਗੁਲਾਮੀ ਕਰਨ ਲਈ ਮਜ਼ਬੂਰ ਸਨ। ਇਕ ਤਾਂ ਗਿੱਟੀ ਤੜਵਾਉਣ ਵਾਲੇ ਠੇਕੇਦਾਰਾਂ ਦੀ ਤੇ ਦੂਜੀ ਉਸ ਇਲਾਕੇ ਦੇ ਇਕ ਖ਼ੂੰਖਾਰ ਜਾਲਮ ਜਿਮੀਂਦਾਰ ਤਿਵਾੜੀ ਦੀ। ਤਿਵਾੜੀ ਉਨ੍ਹਾਂ ਤੋਂ ਖੇਤੀ ਦਾ ਕੰਮ ਕਰਵਾਉਂਦਾ ਸੀ। ਬਦਲੇ ਵਿਚ ਗਾਲ੍ਹਾਂ, ਡੰਡਿਆਂ ਤੋਂ ਇਲਾਵਾ ਸ਼ਾਇਦ ਹੀ ਕਦੇ ਕੁਝ ਦਿੰਦਾ ਹੋਵੇ। ਲੋਕ ਭੁੱਖਮਰੀ ਦਾ ਸ਼ਿਕਾਰ ਸਨ ਤੇ ਅੱਤ ਦਰਜੇ ਦੀ ਜਹਾਲਤ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਸਨ। ਅਸੀਂ ਇਸ ਸਥਿਤੀ ਨੂੰ ਬਦਲਣ ਲਈ ਸੰਘਰਸ਼ ਵਿੱਢਣ ਦਾ ਫੈਸਲਾ ਲੈ ਲਿਆ।

ਉਂਜ ਇਸ ਇਲਾਕੇ ਵਿਚ ਲੋਕਾਂ ਨੂੰ ਲਾਮਬੰਦ ਕਰਨ ਲਈ ਕੰਮ ਸੰਨ 1980 ਵਿਚ ਸ਼ੁਰੂ ਹੋ ਗਿਆ ਸੀ ਪਰ ਗੁਲਾਬ-ਗੰਜ ਵਿਚ ਸੰਪਰਕ ਸੰਨ 1981 ਵਿਚ ਹੀ ਹੋ ਸਕਿਆ। ਉਸ ਸਮੇਂ ਤੱਕ ਆਸ-ਪਾਸ ਦੇ ਕਈ ਪਿੰਡਾਂ ਵਿਚ ਛੋਟੇ ਮੋਟੇ ਸੰਘਰਸ਼ ਹੋ ਚੁੱਕੇ ਸਨ, ਜਿਨ੍ਹਾਂ ਵਿਚ ਪੱਟਿਆਂ ਵਾਲੀ ਜ਼ਮੀਨ ਭੂਮੀਹੀਨਾਂ ਨੂੰ ਦਵਾਉਣ ਲਈ ਸੰਘਰਸ਼ ਵੀ ਸ਼ਾਮਲ ਸੀ। ਕਈ ਪਿੰਡਾਂ ਵਿਚ ਖੇਤ ਮਜਦੂਰੀ ਤਿੰਨ ਪਾਈਆ ਧਾਨ ਦੀ ਥਾਂ, ਅੱਠ ਘੰਟੇ ਕੰਮ ਬਦਲੇ ਪੰਜ ਰੁਪਏ ਨਕਦ ਭੁਗਤਾਨ ਕਰਨ ਲਈ ਵੀ ਅੰਦੋਲਨ ਹੋ ਚੁੱਕਾ ਸੀ।

ਗੁਲਾਬ-ਗੰਜ ਵਿਚ ਜਦੋਂ ਅਸੀਂ ਪਹਿਲੀ ਮੀਟਿੰਗ ਕੀਤੀ ਤਾਂ ਉਸ ਦੀ ਖ਼ਬਰ ਜਿਮੀਂਦਾਰ ਤਿਵਾੜੀ ਨੂੰ ਉਸੇ ਦਿਨ ਮਿਲ ਗਈ। ਅਗਲੇ ਦਿਨ ਹੀ ਉਸਨੇ ਆਪਣੇ ਗੁੰਡਿਆਂ ਨੂੰ ਭੇਜ ਕੇ ਪੂਰੀ ਬਸਤੀ ਨੂੰ ਧਮਕਾ ਦਿੱਤਾ। ਉਸ ਸਮੇਂ ਤੱਕ ਸਾਡੇ ਅੰਦੋਲਨ ਦੀ ਘਾਟ ਇਹ ਸੀ ਕਿ ਸਾਡੇ ਕੋਲ ਕੋਈ ਹੱਥਿਆਰਬੰਦ ਸੁਰੱਖਿਆ ਦਸਤਾ ਨਹੀਂ ਸੀ। ਉਂਝ ਇਹ ਘਾਟ ਅੰਤ ਤੱਕ ਵੀ ਰਹੀ। ਚਾਹੇ ਮੈਂ ਅੰਡਰਗਰਾਉਂਡ ਸਾਂ ਪਰ ਉਥੇ ਕਿਸੇ ਨੂੰ ਇਸ ਦੀ ਕਨਸੋਅ ਤੱਕ ਵੀ ਨਹੀਂ ਸੀ, ਪਾਰਟੀ ਸਾਥੀਆਂ ਨੂੰ ਵੀ ਨਹੀਂ। ਇਸ ਲਈ ਮੈਂ ਖੁੱਲ੍ਹੇ ਆਮ ਕੰਮ ਕਰਦਾ ਸੀ। ਮੇਰੇ ਨਾਲ ਹਾਈ ਕੋਰਟ ਦਾ ਇਕ ਵਕੀਲ ਰਾਕੇਸ਼ ਦਿਵੇਦੀ ਵੀ ਹੁੰਦਾ ਸੀ। ਉਹ ਉੱਤਰ ਪ੍ਰਦੇਸ਼ ਦੀ ਭੂਮੀਹੀਨ ਕਿਸਾਨ ਕਮੇਟੀ ਦਾ ਸੂਬਾਈ ਪ੍ਰਧਾਨ ਵੀ ਸੀ। ਸਾਨੂੰ ਦੋਨਾਂ ਨੂੰ ਪੂਰਾ ਸ਼ੰਕਰਗੜ੍ਹ ਇਲਾਕਾ ਨੈਕਸਲਾਈਟ ਲੀਡਰਾਂ ਦੇ ਨਾਂ ਨਾਲ ਤੋਂ ਜਾਣਦਾ ਸੀ।

ਸ਼ੁਰੂਆਤ ਕਰਨ ਲਈ ਅਸੀਂ ਗੁਲਾਬ-ਗੰਜ ਵਿਚ ਇਕ ਵੱਡੀ ਕਾਨਫਰੰਸ ਤੇ ਰਾਤ ਭਰ ਚੱਲਣ ਵਾਲੀ ਨੌਟੰਕੀ ਦਾ ਪ੍ਰੋਗਰਾਮ ਉਲੀਕਿਆ। ਇਕ ਮਹੀਨੇ ਦਾ ਸਮਾਂ ਰੱਖ ਕੇ ਪੂਰੇ ਜ਼ਿਲ੍ਹੇ ਵਿਚ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਸਾਡਾ ਨਾਆਰਾ ਸੀ: 'ਗੁਲਾਬ ਗੰਜ ਜਾਣਾ ਹੈ, ਬੰਧੂਆ ਮਜ਼ਦੂਰੋਂ ਕੋ ਮੁਕਤ ਕਰਾਨਾ ਹੈ। ' ਗੁਲਾਬ ਗੰਜ ਦੇ ਚੁਣੀਂਦਾ ਲੋਕਾਂ ਦੀਆਂ ਮੀਟਿੰਗਾਂ ਵੀ ਗੁਪਤ ਰੂਪ ਵਿਚ ਅਸੀਂ ਕਰਦੇ ਰਹੇ। ਇਕ ਪਾਰਟੀ ਕਮੇਟੀ ਵੀ ਸਥਾਪਿਤ ਕਰਨ ਵਿਚ ਸਫ਼ਲ ਹੋ ਗਏ। ਲੋਕਾਂ ਦਾ ਡਰ ਦੂਰ ਕਰਨ ਲਈ ਕਈ ਜਗ੍ਹਾ ਸਾਈਕਲ ਮਾਰਚ ਕੀਤੇ, ਪਰਚੇ ਵੰਡੇ, ਦੀਵਾਰਾਂ ਤੇ ਨਾਆਰੇ ਲਿਖੇ ਤੇ ਕਾਨਫਰੰਸ ਦੀ ਤਰੀਖ ਦੇ ਲਾਗੇ ਜਾ ਕੇ ਲਾਊਡ ਸਪੀਕਰਾਂ ਰਾਹੀਂ ਅਨਾਊਸਮੈਂਟ ਵੀ ਕੀਤੀ। ਕਾਨਫਰੰਸ ਦਾ ਸਮਾਂ ਸ਼ਾਮ ਪੰਜ ਵਜੇ ਦਾ ਰੱਖਿਆ ਗਿਆ ਸੀ। ਪਰ ਲੋਕ ਚਾਰੇ ਪਾਸਿਆਂ ਤੋ ਦੁਪਹਿਰ ਦੋ ਵਜੇ ਤੱਕ ਹੀ ਪਹੁੰਚਣੇ ਸ਼ੁਰੂ ਹੋ ਗਏ ਸਨ। ਪੰਜ ਵਜੇ ਤੱਕ ਲਗਭਗ ਦੋ ਹਜ਼ਾਰ ਲੋਕ ਪਹੁੰਚ ਗਏ ਤੇ ਕਾਨਫਰੰਸ ਦੀ ਕਾਰਵਾਈ ਸ਼ੁਰੂ ਹੋ ਗਈ। ਧੂੰਆਂ-ਧਾਰ ਭਾਸ਼ਣ ਹੋਏ, ਖ਼ੂਬ ਨਾਅਰੇ ਲੱਗੇ ਤੇ ਇਨਕਲਾਬੀ ਗੀਤ ਗਾਏ ਗਏ।



ਫਿਰ ਰਾਤ ਦੇ ਖਾਣੇ ਤੋਂ ਬਾਅਦ (ਖਾਣਾ ਵੀ ਲੋਕ ਆਪਣਾ-ਆਪਣਾ ਨਾਲ ਲੈ ਕੇ ਆਏ ਸਨ, ਜਿਸ ਵਿਚ ਸੱਤੂ ਤੇ ਛੋਲੇ ਮੁੱਖ ਸਨ) ਨੌਟੰਕੀ ਦਾ ਪ੍ਰੋਗਰਾਮ ਸ਼ ਹੋਇਆ। ਇਹ ਨੌਟੰਕੀ ਓਪੇਰੇ ਵਰਗੀ ਹੁੰਦੀ ਹੈ ਤੇ ਰਾਤ ਭਰ ਚਲਦੀ ਹੈ। ਨੌਟੰਕੀ ਸਾਡੇ ਆਪਣੇ ਸਾਥੀਆਂ ਨੇ ਤਿਆਰ ਕੀਤੀ ਸੀ ਤੇ ਉਸ ਦਾ ਨਾ ਸੀ: 'ਕ੍ਰਿਸ਼ੀ ਕਰਾਂਤੀ ਬਨਾਮ ਜਾਲਮ ਜਿਮੀਂਦਾਰ।' ਕਾਮੇਰਡ ਹੀਰਾ ਲਾਲ ਦੀ ਨਿਰਦੇਸ਼ਨਾ ਹੇਠ ਨੌਟੰਕੀ ਜਿਵੇਂ ਹੀ ਸ਼ੁਰੂ ਹੋਈ ਜਿਮੀਂਦਾਰ ਤਿਵਾੜੀ ਦੇ ਗੁੰਡੇ ਟਰੈਕਟਰਾਂ ਉਤੇ ਚੜ੍ਹ ਕੇ ਬੰਦੂਕਾਂ ਲੈ ਕੇ ਆ ਗਏ। ਸਾਡੇ ਕੈਂਪ ਵਿਚ ਕੁਝ ਹਫ਼ਰਾ-ਤਫ਼ਰੀ ਮੱਚੀ ਪਰ ਮੈਂ ਰਾਕੇਸ਼ ਨੂੰ ਕਿਹਾ ਚਲੋ ਗੱਲ ਕਰਦੇ ਹਾਂ। ਪੰਜ ਛੇ ਨੌਜੁਆਨਾਂ ਨੂੰ ਨਾਲ ਲੈ ਕੇ ਅਸੀਂ ਉਹਨਾਂ ਵੱਲ ਵਧੇ ਤੇ ਮੈਂ ਉਹਨਾਂ ਗੁੰਡਿਆਂ ਦੇ ਸਰਦਾਰ ਨੂੰ ਮੈਂ ਕਿਹਾ, 'ਗੋਲੀ ਚਲਾਉਣ ਆਏ ਹੋ ਕਿ ਬੰਦੂਕਾਂ ਨਾਲ ਡਰਾਉਣ ਆਏ ਹੋ?

ਸ਼ਾਇਦ ਉਹ ਕਿਸੇ ਗੱਲਬਾਤ ਦੀ ਉਮੀਦ ਨਹੀਂ ਰੱਖਦੇ ਸੀ ਤੇ ਇਹ ਸੋਚ ਕੇ ਆਏ ਸੀ ਕਿ ਬਦੂੰਕਾਂ ਦੇਖਦੇ ਸਾਰ ਹੀ ਲੋਕ ਭੱਜ ਜਾਣਗੇ। ਉਹ ਸਰਦਾਰ ਹਾਲੇ ਜੁਆਬ ਹੀ ਲੱਭ ਰਿਹਾ ਸੀ ਕਿ ਮੈਂ ਕਿਹਾ, "ਗੋਲੀ ਚਲਾਉਣੀ ਹੈ ਤਾਂ ਚਲਾਓ, ਪਰ ਗੋਲੀ ਅੱਜ ਦੋਨਾਂ ਪਾਸਿਆਂ ਤੋਂ ਚੱਲੇਗੀ।" ਤਦ ਤੱਕ ਨਾਅਰੇ ਲਾਉਂਦੀ ਭੀੜ ਨੇ ਉਹਨਾਂ ਨੂੰ ਚਾਰੇ ਬੰਨਿਓਂ ਤੋਂ ਘੇਰ ਲਿਆ। ਲੋਕਾਂ ਨੂੰ ਲੜਨ ਮਰਨ ਦੇ ਮੂਡ ਵਿਚ ਦੇਖ ਕੇ ਉਹ ਬੁਰੀ ਤਰ੍ਹਾਂ ਘਬਰਾ ਗਏ। ਮੌਕਾ ਦੇਖ ਕੇ ਉਹਨਾਂ ਦੇ ਸਰਦਾਰ ਨੇ ਕਿਹਾ - "ਭਾਈ ਸਾਹਿਬ ਅਸੀਂ ਤਾਂ ਨੌਟੰਕੀ ਦੇਖਣ ਆਏ ਹਾਂ।" ਅਸੀਂ ਕਿਹਾ, "ਨੌਟੰਕੀ ਦੇਖਣੀ ਹੈ ਤਾਂ ਟਰੈਕਟਰ ਛੱਡ ਕੇ ਬਦੂੰਕਾਂ ਰੱਖ ਕੇ ਆਓ ਤੇ ਫੇਰ ਰਾਤ ਭਰ ਬੇਸ਼ਕ ਦੇਖੋ!"

"ਗੁੰਡਾ ਗਰਦੀ ਨਹੀਂ ਚਲੇਗੀ — ਨਹੀਂ ਚਲੇਗੀ, ਨਹੀਂ ਚਲੇਗੀ" ਨਾਅਰਿਆਂ ਦੀ ਗੂੰਜ ਵਿਚ ਉਹ ਵਾਪਸ ਚਲੇ ਗਏ, ਤੇ ਨੌਟੰਕੀ ਰਾਤ ਭਰ ਚਲਦੀ ਰਹੀ। ਉਸ ਤੋਂ ਬਾਅਦ ਇਕ ਲੰਬਾ ਸੰਘਰਸ਼ ਹੋਇਆ। ਜਿਸ ਦੀ ਸ਼ੁਰੂਆਤ ਉਸੇ ਤਿਵਾੜੀ ਨੇ ਸੱਤ ਲੋਕਾਂ ਨੂੰ ਅਗਵਾ ਕਰਕੇ ਮੱਧ ਪ੍ਰਦੇਸ਼ ਦੇ ਇਕ ਥਾਣੇ ਵਿਚ ਝੂਠਾ ਕੇਸ ਪੁਆ ਕੇ ਕੀਤੀ। ਇਸ ਦੇ ਵਿਰੁੱਧ ਇਕ ਜਨਤਕ ਅੰਦੋਲਨ ਕਾਫ਼ੀ ਜੁਝਾਰੂ ਰੂਪ ਵਿਚ ਕਈ ਦਿਨ ਚੱਲਿਆ।

ਪ੍ਰੈਸ ਨੇ ਵੀ ਬਹੁਤ ਪ੍ਰਭਾਵਸ਼ਾਲੀ ਮਦਦ ਕੀਤੀ।

ਅੰਤ, ਗੁਲਾਬ-ਗੰਜ ਦੇ ਬੰਧੂਆ ਮਜ਼ਦੂਰਾਂ ਨੂੰ ਮੁਕਤ ਕਰਾਉਣ ਵਿਚ ਤਾਂ ਅਸੀਂ ਸਫ਼ਲ ਹੋ ਗਏ ਪਰ ਉਹ ਮੁਕਤ ਹੋਣ ਤੋਂ ਤੁਰੰਤ ਬਾਅਦ ਕੰਮ ਦੀ ਘਾਟ ਕਰਕੇ ਪੰਜਾਬ ਵੱਲ ਪ੍ਰਵਾਸ ਕਰ ਗਏ। ਉਸ ਪਿੰਡ ਵਿਚ ਕੁਝ ਬਜ਼ੁਰਗ, ਬੱਚੇ ਤੇ ਔਰਤਾਂ ਰਹਿ ਗਏ।

## ਜਦੋਂ ਲੋਕਾਂ ਤੋਂ ਡਰਦੇ : ਲੁਟੇਰੇ ਜਾਨ ਬਚਾ ਕੇ ਭੱਜ ਗਏ

ਇਹ ਸੰਨ 1982 ਦੀ ਗੱਲ ਹੈ, ਉਸ ਵੇਲੇ ਸਾਡੀ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਚੰਦਰ ਪੂਲਾ ਰੈਡੀ ਨੂੰ ਅਸੀਂ ਉੱਤਰ ਪ੍ਰਦੇਸ਼ ਦੇ ਦੌਰੇ ਤੇ ਸੱਦਿਆ ਸੀ। ਉਹ ਦਸੰਬਰ ਮਹੀਨੇ ਵਿਚ ਆਏ ਸਨ ਤੇ ਉਨ੍ਹਾਂ ਨੇ ਆਪਣਾ ਦੌਰਾ ਦੇਹਰਾਦੂਨ ਜ਼ਿਲੇ ਤੋਂ ਸ਼ੁਰੂ ਕੀਤਾ ਸੀ।

ਫਿਰ ਪਿੰਡ ਬਾਦਸ਼ਾਹਪੁਰ (ਤਦ ਜ਼ਿਲ੍ਹਾ ਸਰਾਹਨਪੁਰ ਹੁਣ ਜ਼ਿਲ੍ਹਾ ਹਰਦੁਆਰ) ਵਿਖੇ ਕਿਸਾਨ ਜਲਸੇ ਵਿਚ ਬੈਠੇ। ਉਹ ਉਸ ਸਮੇਂ ਅੰਡਰ-ਗਰਾਊਂਡ ਸਨ ਤੇ ਆਂਧਰਾ ਪ੍ਰਦੇਸ਼ ਸਰਕਾਰ ਨੇ ਉਨ੍ਹਾਂ ਦੇ ਸਿਰ ਤੇ ਸਵਾ ਲੱਖ ਰੁਪਏ ਦਾ ਇਨਾਮ ਵੀ ਘੋਸ਼ਤ ਕਰ ਰੱਖਿਆ ਸੀ। ਅਸੀਂ ਬਾਦਸ਼ਾਹਪੁਰ ਪਿੰਡ ਦੇ ਅਨੇਕ ਕਿਸਾਨਾਂ ਨਾਲ ਉਨ੍ਹਾਂ ਨੂੰ ਮਿਲਾਇਆ ਤੇ ਸਾਰਿਆਂ ਨੂੰ ਇਹ ਦੱਸਿਆ ਕਿ ਉਹ ਬੰਬਈ ਯੂਨੀਵਰਸਿਟੀ ਦੇ ਰਿਟਾਇਰਡ ਪ੍ਰੋਫੈਸਰ ਹਨ। ਉਹਨਾਂ ਨੂੰ ਹਿੰਦੀ ਬੋਲਣੀ ਬਹੁਤ ਘੱਟ ਆਉਂਦੀ ਸੀ, ਅੰਗਰੇਜ਼ੀ ਬਹੁਤ ਵਧੀਆ ਬੋਲ ਲੈਂਦੇ

ਸਨ।

ਤੇਲਗੂ ਭਾਸ਼ਾ ਦੇ ਤਾਂ ਉਹ ਬਹੁਤ ਹੀ ਅੱਛੇ ਭਾਸ਼ਣਕਰਤਾ ਵੀ ਰਹੇ ਸਨ। ਜਦੋਂ ਆਂਧਰਾ ਪ੍ਰਦੇਸ਼ ਦੇ ਵਿਧਾਨ ਸਭਾ ਦੇ ਮੈਂਬਰ ਹੋਇਆ ਕਰਦੇ ਸਨ ਉਨ੍ਹਾਂ ਦੇ ਲੋਕ-ਪੱਖੀ ਭਾਸ਼ਣਾਂ ਦੀਆਂ ਆਂਧਰਾ ਪ੍ਰਦੇਸ਼ ਵਿਚ ਧੁੰਮਾਂ ਹੋਇਆ ਕਰਦੀਆਂ ਸਨ। ਬਾਦਸ਼ਾਹਪੁਰ ਦੀ ਕਿਸਾਨ ਸਭਾ ਵਿਚ ਬੈਠਿਆਂ ਉਹਨਾਂ ਮੈਨੂੰ ਕਿਹਾ – "ਯਹ ਤੁਮਾਰੇ ਲੀਡਰ ਬੋਲ ਤੋ ਅੱਛਾ ਰਹੇ ਹੈਂ ਪਰ ਲੋਗੋਂ ਕੇ ਦਿਲ ਮੇਂ ਉਤਰ ਰਹਾ ਨਹੀਂ ਲਗ ਰਹਾ।"

ਉਨ੍ਹਾਂ ਦਾ ਇਹ ਪ੍ਰਭਾਵ ਇਸ ਕਰਕੇ ਬਣਿਆ ਕਿਉਂਕਿ ਲੋਗ ਕਦੇ ਬੈਠ ਜਾਂਦੇ ਸਨ, ਕਦੇ ਉੱਠ ਕੇ ਇਧਰ-ਉਧਰ ਘੁੰਮਣ ਲੱਗ ਜਾਂਦੇ ਸਨ, ਅਸਲ ਵਿਚ ਉਹ ਵਿਚੋਂ ਡਰ ਰਹੇ ਸਨ ਕਿ ਪਤਾ ਨਹੀਂ ਕਦੋਂ ਪੁਲੀਸ ਆਏਗੀ ਤੇ ਉਨ੍ਹਾਂ ਨੂੰ ਫੜ ਕੇ ਲੈ ਜਾਏਗੀ। ਕਿਸਾਨਾਂ ਦੀ ਗਿਣਤੀ ਵੀ ਮਸਾਂ ਪੰਜ ਸੌ ਦੇ ਕਰੀਬ ਸੀ। ਤੇ ਇਹ ਸਭਾ ਬਾਦਸ਼ਾਹਪੁਰ ਦੇ ਮਹੰਤ ਦੀ ਜ਼ਮੀਨ ਉੱਤੇ ਕਬਜ਼ੇ ਦੀ ਤਿਆਰੀ ਦੇ ਸਿਲਸਿਲੇ ਵਿਚ ਕੀਤੀ ਜਾ ਰਹੀ ਸੀ। ਕਾਮਰੇਡ ਚੰਦਰ ਪੂਲਾ ਰੈਡੀ ਨੇ ਮੀਟਿੰਗ ਦੇ ਹਾਵ ਭਾਵ ਦੇਖ ਕੇ ਹੀ ਦੱਸ ਦਿੱਤਾ ਕਿ ਹਾਲੇ ਜ਼ਮੀਨ ਤੇ ਕਬਜ਼ੇ ਦੀ ਗੱਲ ਬਹੁਤ ਦੂਰ ਦੀ ਹੈ। ਰਾਤ ਨੂੰ ਉਨ੍ਹਾਂ ਨੇ ਸਾਡੀ ਸਕੂਲਿੰਗ ਵੀ ਕੀਤੀ ਤੇ ਪਿੰਡਾਂ ਵਿਚ ਵਰਗ ਸੰਘਰਸ਼ ਦਾ ਵਿਕਾਸ ਕਿੰਜ ਕੀਤਾ ਜਾਵੇ ਵਿਸਥਾਰ ਸਹਿਤ ਦੱਸਿਆ।

ਉਸ ਤੋਂ ਬਾਅਦ ਉਹ ਹਰਦੋਈ ਗਏ ਅਤੇ ਫਿਰ ਇਲਾਹਾਬਾਦ ਗਏ। ਇਲਾਹਾਬਾਦ ਵਿਚ ਕਈ ਬੜੀਆਂ ਹੀ ਰੋਚਕ ਘਟਨਾਵਾਂ ਘਟੀਆਂ। ਜਿਨ੍ਹਾਂ ਦੀ ਯਾਦ ਹਾਲੇ ਤੱਕ ਮੇਰੇ ਦਿਮਾਗ਼ ਵਿਚ ਕਦੇ-ਕਦਾਈਂ ਆ ਜਾਂਦੀ ਹੈ। ਇਕ ਤਾਂ ਇਕ ਪਿੰਡ ਵਿਚ ਉਸ ਸਮੇਂ ਡਾਕਾ ਪੈਣ ਦੀ ਘਟਨਾ ਘਟੀ, ਜਦੋਂ ਮੈਂ ਤੇ ਕਾਮਰੇਡ ਚੰਦਰ ਪੂਲਾ ਰੈਡੀ ਉਸ ਪਿੰਡ ਵਿਚ ਠਹਿਰੇ ਹੋਏ ਸਨ। ਅਸੀਂ ਸ਼ਿਵ ਸ਼ੰਕਰ ਨਾਂ ਦੇ ਇਕ ਰੀਸਰਚ ਸਕਾਲਰ ਦੇ ਘਰ ਸਾਂ ਤੇ ਖਾਣਾ ਖਾ ਰਹੇ ਸਾਂ ਕਿ ਰੌਲੀ ਪੈ ਗਈ – ਡਾਕੂ ਆ ਗਏ, ਡਾਕੂ ਆ ਗਏ। ਕਾਮਰੇਡ ਪੂਲਾ ਰੈਡੀ ਇਕਦਮ ਖੜ੍ਹੇ ਹੋ ਗਏ ਤੇ ਕਹਿਣ ਲੱਗੇ – "ਬੰਦੂਕੇਂ ਲਾਓ!"

ਮੈਂ ਉਨ੍ਹਾਂ ਨੂੰ ਦੱਸਿਆ – "ਬੰਦੂਕ ਤਾਂ ਇਥੇ ਨਹੀਂ ਹੈ। ਸ਼ਾਇਦ ਸਾਰੇ ਪਿੰਡ ਵਿਚ ਕੋਈ ਲਾਈਸੈਂਸੀ ਵੀ ਨਹੀਂ ਹੈ, ਚਲੋ ਆਪਾਂ ਫਟਾਫਟ ਨਿਕਲ ਚਲਦੇ ਹਾਂ।"

ਉਹਨਾਂ ਨੇ ਕਿਹਾ – "ਕਾਮਰੇਡ, ਸਵਾਲ ਆਪਣਾ ਨਹੀਂ ਪਿੰਡ ਦੇ ਲੋਕਾਂ ਦਾ ਹੈ। ਤੇ ਡਾਕੂ ਪਿੰਡ ਨੂੰ ਲੁੱਟਣ ਆਏ ਹਨ। ਫਟਾਫਟ ਕਰੋ ਇੱਟਾਂ ਪੱਥਰ ਇਕੱਠੇ ਕਰੋ ਤੇ ਰੌਲਾ ਪਾ ਦਓ, ਫੜ ਲਓ, ਫੜ ਲਓ, ਫੜ ਲਏ, ਫੜ ਲਏ।"

ਰਾਤ ਦੇ ਨੌਂ-ਦੱਸ ਵਜੇ ਦਾ ਸਮਾਂ ਸੀ ਤੇ ਘੋਰ ਹਨੇਰਾ। ਸ਼ਿਵ ਸ਼ੰਕਰ ਤੇ ਉਥੇ ਇਕੱਠੇ ਹੋਏ ਹੋਰ ਲੋਕਾਂ ਨੇ ਰੋਲਾ ਪਾਇਆ ਤੇ ਇੱਟਾਂ ਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸਾਡੇ ਰੌਲੇ ਨਾਲ ਪੂਰੇ ਪਿੰਡ ਵਿਚੋਂ ਰੌਲਾ ਪੈਣਾ ਸ਼ੁਰੂ ਹੋ ਗਿਆ – ਫੜ ਲਓ, ਫੜ ਲਓ ਤੇ ਆਲੇ ਦੁਆਲੇ ਦੇ ਪਿੰਡਾਂ ਵਿਚੋਂ ਵੀ ਫੜ ਲਓ, ਫੜ ਲਓ ਦੀਆਂ ਆਵਾਜ਼ਾਂ ਆਉਂਣੀਆਂ ਸ਼ੁਰੂ ਹੋ ਗਈਆਂ। ਆਵਾਜ਼ਾਂ ਹੌਲੀ ਹੌਲੀ ਇੰਨੀਆਂ ਤਿੱਖੀਆਂ ਤੇ ਤੇਜ਼ ਹੋ ਗਈਆਂ ਕੇ ਅਸਮਾਨ ਤੱਕ ਗੂੰਜਣ ਲੱਗੀਆਂ ਤੇ ਡਾਕੂ ਘਬਰਾ ਕੇ ਜਾਨ ਬਚਾ ਕੇ ਭੱਜ ਨਿਕਲੇ। ਉਹਨਾਂ ਨੇ ਭੱਜਦਿਆਂ ਹੋਇਆਂ ਇਕ ਦੋ ਫਾਇਰ ਤਾਂ ਕੀਤੇ ਪਰ ਲੁੱਟ ਕੁਝ ਨਾ ਸਕੇ।

ਇਸੇ ਤਰ੍ਹਾਂ ਇਕ ਦੂਜੀ ਘਟਨਾ ਇਕ ਦੂਜੇ ਪਿੰਡ ਵਿਚ ਵਾਪਰੀ ਅਸੀਂ ਸ਼ਾਮ ਦੇ ਪੰਜ ਛੇ ਵਜੇ ਉਸ ਪਿੰਡ ਵਿਚ ਮਹੂਏ ਦੇ ਰੁੱਖਾਂ ਥੱਲੇ ਮੰਜੇ ਡਾਹ ਕੇ ਬੈਠੇ ਸਾਂ ਕਿ ਉਸ ਪਿੰਡ ਦਾ ਇਕ ਖੂੰਖਾਰ ਜ਼ਿਮੀਂਦਾਰ ਲਾਲ ਬਹਾਦੁਰ ਸਿੰਘ ਉੱਥੋਂ ਦੀ ਲੰਘਿਆ। ਸਾਡੇ ਤੋਂ ਥੋੜ੍ਹੀ ਦੂਰ ਇਕ ਘਰ ਲਾਗੇ ਉਸਨੇ ਮੁਰਗੇ ਮੁਰਗੀਆਂ ਦਾ ਝੁੰਡ ਦੇਖਿਆ ਤੇ ਉਸਦੇ ਨੌਕਰ ਨੇ ਉਸਦੇ ਕਹਿਣ ਤੇ ਇਕ ਮੁਰਗੀ ਡੰਡਾ ਮਾਰ ਕੇ ਜ਼ਖ਼ਮੀ ਕਰਕੇ ਹੱਥ ਵਿਚ ਫੜ



ਲਈ ਤੇ ਉਹ ਅੱਗੇ ਤੁਰ ਪਏ। ਕਾਮਰੇਡ ਪੂਲਾ ਰੈਡੀ ਧਿਆਨ ਨਾਲ ਸਾਰਾ ਐਕਸ਼ਨ ਦੇਖ ਰਹੇ ਸੀ। ਸਾਥੋਂ ਉਨ੍ਹਾਂ ਬਾਰੇ ਪੁੱਛਿਆ ਤੇ ਫਿਰ ਲੋਕਲ ਸਾਥੀਆਂ ਨੂੰ ਪੁੱਛਿਆ – "ਯਹ ਕਿਆ ਹੈ?" ਤਾਂ ਲੋਕਲ ਸਾਥੀਆਂ ਨੇ ਦੱਸਿਆ – "ਯਹ ਤੋ ਹਰ ਰੋਜ਼ ਜਹਾਂ ਹੋਤਾ ਹੈ।" ਕਾਮਰੇਡ ਪੂਲਾ ਰੈਡੀ ਨੇ ਉਹਨਾਂ ਨੌਜਵਾਨਾਂ ਨੂੰ ਕਿਹਾ – "ਜਾਓ ਇਸ ਜ਼ਿਮੀਂਦਾਰ ਕੋ ਘੇਰੋ ਔਰ ਮੁਰਗੀ ਵਾਪਸ ਲਾਓ।" ਤੇ ਨਾਲ ਇਹ ਵੀ ਕਿਹਾ ਕਿ ਇਥੋਂ ਹੀ ਤਾਂ ਸ਼ੁਰੂ ਹੁੰਦਾ ਹੈ ਸਾਮੰਤਵਾਦ ਵਿਰੋਧੀ ਕਲਾਸ-ਸਟਰਗਲ।

ਨੌਜਵਾਨਾਂ ਨੇ ਜ਼ਿਮੀਂਦਾਰ ਤੇ ਉਸਦੇ ਨੌਕਰ ਨੂੰ ਜਾ ਘੇਰਿਆ। ਤੂੰ ਤੂੰ ਮੈਂ ਮੈਂ ਹੋਈ ਤੇ ਪੂਰਾ ਪਿੰਡ ਇਕੱਠਾ ਹੋ ਗਿਆ। ਲਾਲ ਬਹਾਦੁਰ ਸਿੰਘ ਨੂੰ ਲੋਕਾਂ ਨੇ ਘੇਰ ਲਿਆ। ਲੋਕਾਂ ਦਾ ਮੂਡ ਦੇਖ ਕੇ ਜ਼ਿਮੀਂਦਾਰ ਚੁੱਪ ਚਾਪ ਮੁਰਗੀ ਮਾਲਕ ਦੇ ਹਵਾਲੇ ਕਰਕੇ ਅਗਾਂਹ ਤੁਰ ਗਿਆ। ਉਸ ਰਾਤ ਪਿੰਡ ਦੇ ਲੋਕਾਂ ਨੇ ਉਹ ਮੁਰਗੀ ਸਾਨੂੰ ਖਵਾਈ, ਤੇ ਇਥੋਂ ਹੀ ਸ਼ੁਰੂ ਹੋ ਗਈ ਉਸ ਪਿੰਡ ਤੇ ਆਸ-ਪਾਸ ਦੇ ਇਲਾਕੇ ਵਿਚ ਕਿਸਾਨ ਸੰਘਰਸ਼ਾਂ ਦੀ ਇਕ ਲੰਮੀ ਲੜੀ। ਇਸ ਲੜੀ ਦੇ ਅੰਤ ਵਿਚ, ਜ਼ਿਮੀਂਦਾਰ ਦੀ ਸੀਲਿੰਗ ਵਾਲੀ ਫਾਲਤੂ ਪਈ ਜ਼ਮੀਨ ਅਸੀਂ ਭੂਮੀਹੀਨ ਤੇ ਗਰੀਬ ਕਿਸਾਨਾਂ ਵਿਚ ਵੰਡਣ ਵਿਚ ਕਾਮਯਾਬ ਹੋ ਗਏ।

ਇਨ੍ਹਾਂ ਯਾਦਾਂ ਤੇ ਘਟਨਾਵਾਂ ਵਿਚੋਂ ਵਿਦਿਆਰਥੀ ਸੰਘਰਸ਼ ਦਾ ਮੇਰਾ ਅਨੁਭਵ ਮੇਰੀ ਕਹਾਣੀ 'ਰੇਸ, ਕਲਾਸ ਤੇ ਜੰਗ ਵਿਚ ਪੇਸ਼ ਹੋਇਆ ਹੈ। ਇਸ ਕਹਾਣੀ ਦੇ ਦੋਵੇਂ ਮੁੱਖ ਪਾਤਰਾਂ ਰਾਣਾ ਰਣਬੀਰ ਤੇ ਬਲਜੀਤ ਬੱਲੀ ਦਾ ਪਿਛੋਕੜ ਵਿਦਿਆਰਥੀ ਸੰਘਰਸ਼ ਵਿਚ ਸਰਗਰਮ ਸ਼ਮੂਲੀਅਤ ਦਾ ਹੈ। ਆਦਿਵਾਸੀ ਲੋਕਾਂ ਦੇ ਸੰਘਰਸ਼ ਬਾਰੇ ਮੇਰੇ ਅਨੁਭਵ 'ਮਹਾਂ ਕੁੰਡ' ਕਹਾਣੀ ਵਿਚ ਬਾਖੂਬੀ ਪੇਸ਼ ਹੋਏ ਹਨ, ਬੇਸ਼ਕ ਇਕ ਸੰਖੇਪ ਜਿਹਾ ਜ਼ਿਕਰ ਮੇਰੀ ਕਹਾਣੀ 'ਬਿਨ ਸਿੰਗੇ ਸਾਨ੍ਹ' ਵਿਚ ਵੀ ਆਇਆ ਹੈ। ਡਾਕੂਆਂ ਨੂੰ ਭਜਾਉਣ ਦੀ ਬਜਾਇ, ਮਾਰ ਗਿਰਾਉਣ ਦਾ ਬਿਰਤਾਂਤ ਮੇਰੇ ਨਾਵਲ 'ਜੋ ਹਾਰੇ ਨਹੀਂ' ਤ੍ਰੈਲੜੀ ਦੇ ਤੀਜੇ ਭਾਗ 'ਵਿੰਗ ਤੜਿੰਗੇ ਰਾਹ' ਵਿਚ ਵਿਸਥਾਰ ਸਹਿਤ ਆਇਆ ਹੈ। ਇਹ ਬਿਰਤਾਂਤ ਵੀ ਇਸੇ ਪ੍ਰਕਾਰ ਦੀ ਇਕ ਹੋਰ ਘਟਨਾ ਉਪਰ ਆਧਾਰਿਤ ਹੈ।

ਤੇ ਇਹ ਸਿਲਸਿਲਾ ਨਿਰੰਤਰ ਜਾਰੀ ਹੈ।

ਜਦੋਂ ਵੀ ਕਦੇ ਕੋਈ ਸਾਮੰਤਰ ਸਥਿਤੀ ਪੈਦਾ ਹੋ ਜਾਂਦੀ ਹੈ, ਮੇਰੇ ਸੰਗਰਾਮੀ ਜੀਵਨ ਦੀਆਂ ਕੁਝ ਯਾਦਾਂ, ਕੁਝ ਘਟਨਾਵਾਂ, ਕੋਈ ਨਾ ਕੋਈ ਵੇਰਵਾ ਜਾਂ ਵਰਣਨ ਗਲਪ ਰੂਪ ਧਾਰ ਕੇ ਮੇਰੇ ਸਾਹਿਤ ਵਿਚ ਆ ਹੀ ਜਾਂਦੇ ਹਨ।

## ਡੰਡਾ ਟੁੱਟ ਗਿਆ ਕਲਮ ਚਲ ਪਈ/ -ਤੇਜਵੰਤ ਮਾਨ (ਡਾ.)

ਗੱਲ ਉਨੀ ਸੌ ਉਨਾਹਟ ਦੀ ਹੈ ਜਦੋਂ ਮੈਂ ਰਾਜ ਹਾਈ ਸਕੂਲ ਸੰਗਰੂਰ ਵਿਚ ਨੌਵੀਂ ਕਲਾਸ ਦਾ ਵਿਦਿਆਰਥੀ ਸੀ। ਮੇਜਰ ਗੋਪਾਲ ਸਿੰਘ ਸਾਡੇ ਸਕੂਲ ਦੇ ਹੈੱਡਮਾਸਟਰ ਸਨ ਬੜੇ ਹੀ ਸਖ਼ਤ ਸੁਭਾ ਦੇ ਡਸਿਪਲਨ ਦੇ ਪੱਕੇ ਫੌਜੀ। ਸਾਰਾ ਸਕੂਲ, ਕੀ ਵਿਦਿਆਰਥੀ ਕੀ ਅਧਿਆਪਕ ਸਾਰੇ ਹੀ ਉਨ੍ਹਾਂ ਤੋਂ ਥਰ ਥਰ ਕੰਬਦੇ ਸਨ। ਮੇਰੇ ਬਾਪੂ ਜੀ ਜੋ ਖੁਦ ਰਾਜ ਹਾਈ ਸਕੂਲ ਵਿਚ ਅਧਿਆਪਕ ਰਹੇ ਸਨ ਅਤੇ ਉਦੋਂ ਮਿਡਲ ਸਕੂਲ ਮੌੜਾਂ ਜੋ ਸਾਡਾ ਪਿੰਡ ਹੈ ਦੇ ਹੈਡਮਾਸਟਰ ਸਨ। ਜਦੋਂ ਉਹ ਮੈਨੂੰ ਨਾਲ ਲੈ ਕੇ ਰਾਜ ਹਾਈ ਸਕੂਲ ਵਿਚ ਨੌਵੀਂ 'ਚ ਦਾਖਲ ਕਰਾਉਣ ਆਏ ਤਾਂ ਮੇਜਰ ਗੋਪਾਲ ਸਿੰਘ ਹੁਕਮੀ ਲਹਿਜੇ 'ਚ ਬੋਲੇ 'ਦੇਖ ਮਾਸਟਰ ਅਜੀਤ ਸਿੰਘ ਦਾਖਲ ਤਾਂ ਤੇਰੇ ਮੁੰਡੇ ਨੂੰ ਕਰ ਲੈਨਾ ਪਰ ਇਸਨੂੰ ਹੋਸਟਲ 'ਚ ਰਹਿਣਾ ਪਊ।' ਨਤੀਜਾ ਮੈਂ

ਨੀਲ ਕੋਠੀ ਜੋ ਰਾਜ ਹਾਈ ਸਕੂਲ ਦਾ ਹੋਸਟਲ, ਸਪੋਰਟਸ ਵਿੰਗ, ਦਸਤਕਾਰੀ ਵਿਸ਼ੇ ਨਾਲ ਸੰਬੰਧਤ ਸਮਾਨ ਦਾ ਸਟੋਰ ਸਭ ਕੁਝ ਸੀ ਮੈਂ ਇਕੱਲਾ ਵਿਦਿਆਰਥੀ ਹੋਸਟਲਰ ਸੀ। ਉਸ ਸਾਰੀ ਇਮਾਰਤ ਵਿਚ ਮੈਂ, ਸ੍. ਬਚਿੱਤਰ ਸਿੰਘ ਅਧਿਆਪਕ ਹੋਸਟਲ ਸੁਪਰਡੰਟ ਅਤੇ ਹੋਸਟਲ ਚੌਂਕੀਦਾਰ ਦਾ ਟੱਬਰ ਹੀ ਰਹਿੰਦੇ ਸੀ। ਹੋਸਟਲ ਦੀ ਇਹ ਨੀਲ ਕੋਠੀ ਭਾਵੇਂ ਮੇਰੇ ਲਈ ਅਜਨਬੀ ਨਹੀਂ ਸੀ ਕਿਉਂਕਿ ਮੇਰਾ ਬਚਪਨ ਪਹਿਲੀ ਤੋਂ ਪੰਜਵੀਂ ਤੱਕ ਪੜ੍ਹਦਿਆਂ ਇਸੇ ਕੋਠੀ ਵਿਚ ਗੁਜਰਿਆ ਸੀ। ਉਦੋਂ ਮੇਰੇ ਬਾਪੂ ਜੀ ਰਾਜ ਹਾਈ ਸਕੂਲ ਵਿਚ ਅਧਿਆਪਕ ਸਨ ਅਤੇ ਇਸ ਹੋਸਟਲ ਦੇ ਸੁਪਰਡੰਟ ਵੀ। ਉਦੋਂ ਡੀ. ਡੀ. ਲੂੰਬਾ ਇਸ ਸਕੂਲ ਦੇ ਹੈਡਮਾਸਟਰ ਕਮ ਸੰਗਰੂਰ ਜਿਲ੍ਹੇ ਦੇ ਜਿਲ੍ਹਾ ਇੰਸਪੈਕਟਰ (ਅਜਕਲ ਡੀ. ਈ. ਓ. ਕਹਿੰਦੇ ਸਨ। ਉਹ ਬੜਾ ਹੈਂਕੜ ਬਾਜ, ਮਤਾਹਿਤਾਂ ਨੂੰ ਨਜਾਇਜ਼ ਤੰਗ ਕਰਨ ਵਾਲਾ, ਭਰਿਸ਼ਟ ਅਫਸਰ ਸੀ। ਜਿਲ੍ਹੇ ਦੇ ਅਧਿਆਪਕ ਉਸ ਤੋਂ ਤੰਗ ਸਨ। ਮੈਨੂੰ ਯਾਦ ਹੈ ਕਿ ਉਸ ਦੇ ਕਿਰਦਾਰ ਨੂੰ ਕੇਂਦਰ ਵਿਚ ਰਖਕੇ ਮਾਸਟਰ ਪ੍ਰੇਮ ਚੰਦ ਦੀ ਨਿਰਦੇਸ਼ਨਾ ਵਿਚ ਇਕ ਨਾਟਕ ਖੇਡਿਆ ਗਿਆ ਜਿਸ ਵਿਚ ਮੁਖ ਭੂਮਿਕਾ ਵਿਦਰੋਹੀ ਅਧਿਆਪਕ ਵਜੋਂ ਮੇਰੇ ਬਾਪੂ ਜੀ ਨੇ ਨਿਭਾਈ। ਸਥਿਤੀ ਮੁਤਾਬਕ ਕੁਝ ਵਾਰਤਾਲਾਪ ਤਿੱਖੀ ਸੁਰ ਵਿਚ ਬਾਪੂ ਜੀ ਨੇ ਰੋਲ ਕਰਦਿਆਂ ਆਪ ਹੀ ਸਿਰਜ ਕੇ ਬੋਲ ਦਿੱਤੇ। ਲੂੰਬਾ ਜੋ ਪ੍ਰਧਾਨਗੀ ਕਰ ਰਿਹਾ ਸੀ ਗੁੱਸੇ ਵਿਚ ਉਠਕੇ ਚਲਿਆ ਗਿਆ ਅਤੇ ਮੇਰੇ ਬਾਪੂ ਜੀ ਦੀ ਬਦਲੀ ਜੀਂਦ ਪਾਸ ਕਿਸੇ ਪਿੰਡ ਕਰ ਦਿੱਤੀ। ਕੁਝ ਚਿਰ ਬਾਅਦ ਅਧਿਆਪਕਾਂ ਦੇ ਦਬਾਅ ਕਾਰਨ ਬਾਪੂ ਜੀ ਦੀ ਬਦਲੀ ਸਾਡੇ ਹੀ ਪਿੰਡ ਮੌੜਾਂ ਕਰ ਦਿੱਤੀ। ਅਸੀਂ ਸੰਗਰੂਰ ਛੱਡ ਕੇ ਮੌੜਾਂ ਚਲੇ ਗਏ ਜਿਥੇ ਮੈਂ ਛੇਵੀਂ ਤੋਂ ਅੱਠਵੀਂ ਤੱਕ ਪੜ੍ਹਿਆ। ਹੁਣ ਨੌਵੀਂ ਵਿਚ ਮੈਨੂੰ ਫੇਰ ਨੀਲ ਕੋਠੀ ਦਾ ਮੂੰਹ ਦੇਖਣਾ ਪਿਆ ਕਿਉਂਕਿ ਰਸਤੇ ਵਿਚ ਕੋਈ ਵੀ ਹੋਰ ਹਾਈ ਸਕੂਲ ਨਹੀਂ ਸੀ।

ਹੋਸਟਲ ਵਿਚ ਮੇਰਾ ਮਨ ਨਹੀਂ ਸੀ ਲਗਦਾ। ਸ਼ਾਇਦ ਘਰ ਮੋਹ ਮੇਰੇ ਉੱਤੇ ਹਾਵੀ ਹੋ ਗਿਆ ਸੀ। ਹੋਸਟਲ ਦਾ ਚੌਂਕੀਦਾਰ ਸਰਵਨ ਸਿੰਘ ਅਤੇ ਉਸਦੀ ਘਰ ਵਾਲੀ ਕਰਤਾਰੋ ਜਿਸਨੂੰ ਮੈਂ ਬਚਪਨ ਤੋਂ ਹੀ ਮਾਸੀ ਕਹਿੰਦਾ ਸੀ) ਮੈਨੂੰ ਬਚਪਨ ਤੋਂ ਹੀ ਬਹੁਤ ਪਿਆਰ ਕਰਦੇ ਸਨ। ਕਰਤਾਰੋ ਦਾ ਸੁਭਾਅ ਤਾਂ ਬੜਾ ਨਿੱਘਾ ਸੀ। ਪਰ ਅਨਪੜ੍ਹ ਹੋਣ ਕਾਰਨ ਬੱਚਿਆਂ ਦੀ ਮਾਨਸਿਕ ਸਥਿੱਤੀ ਸਮਝਣ ਤੋਂ ਅਸਮਰਥ ਸੀ। ਉਹ ਮੈਨੂੰ ਹਨੇਰੇ ਵਿਚ ਜਾਂ ਕੰਧ ਉਹਲੇ ਛੁੱਪ ਕੇ ਡਰਾਉਂਦੀ ਬਹੁਤ ਸੀ। ਇਹ ਹਰਕਤ ਭਾਵੇਂ ਉਹ ਅਨਪੜ੍ਹਾਂ ਵਾਂਗ ਮੋਹ-ਪਿਆਰ ਜਤਾਉਣ ਲਈ ਹੀ ਕਰਦੀ ਸੀ ਪਰ ਉਸਨੂੰ ਨਹੀਂ ਸੀ ਪਤਾ ਕਿ ਮੈਂ ਸਚ ਮੁੱਚ ਡਰ ਜਾਂਦਾ ਸੀ। ਇਕ ਵਾਰ ਜਦੋਂ ਮੈਂ ਤੀਜੀ ਜਮਾਤ 'ਚ ਸੀ ਉਸ ਦੇ ਕੁਆਟਰ ਤੋਂ ਕੋਈ ਪੰਦਰਾਂ-ਵੀਹ ਗਜ ਦੂਰ ਖੜ੍ਹੇ ਨਿੰਮ ਉੱਤੇ ਅਸਮਾਨੀ ਬਿਜਲੀ ਡਿੱਗੀ। ਕੰਨ ਪਾੜਵੀਂ ਆਵਾਜ਼ ਆਈ। ਮੈਂ ਉਸਦੇ ਕੁਆਟਰ 'ਚ ਖੇਡਦਾ ਪਸੀਨੋ ਪਸੀਨੀ ਹੋ ਗਿਆ। ਚੁੰਨੀ ਨਾਲ ਮੂੰਹ ਪੂੰਝਦਿਆਂ ਬੁਕਲ ਵਿਚ ਲੈ ਮੈਨੂੰ ਕਹਿਣ ਲੱਗੀ 'ਤੇਜੂ ਪਤੈ ਕੌਣ ਸੀ, ਚੜੇਲ ਸੀ, ਤੇਰੇ ਨਾਲ ਵਿਆਹ ਕਰਾਉਣ ਆਈ ਸੀ, ਮੈਂ ਕਹਿਤਾ ਹਾਲੇ ਨੀ ਸਾਡਾ ਮੁੰਡਾ ਵਿਹਲਾ ਹਾਲੇ ਤਾਂ ਉਹ ਪੜ੍ਹਦੈ।" ਮੈਂ ਤਾਂ ਸੱਚ ਮੁੱਚ ਹੀ ਹੋਰ ਡਰ ਗਿਆ ਕਿਉਂਕਿ ਭੂਤਾ-ਪ੍ਰੇਤਾਂ ਦੀਆਂ ਗੱਲਾਂ ਕਈ ਵਾਰ ਉਹ ਮੇਰੀ ਮਾਂ ਨਾਲ ਵੀ ਕਰਿਆ ਕਰਦੀ ਸੀ। ਮੇਰੀ ਮਾਂ ਉਸਨੂੰ ਬਹੁਤ ਵਾਰ ਸਮਝਾਉਂਦੀ, ਇਹ ਮਾੜ੍ਹੀ-ਮਸਾਨ, ਟੂਣੇ-ਟਾਮਣ, ਭੂਤ-ਚੜੇਲ ਕੁਝ ਨਹੀਂ ਹੁੰਦੇ ਐਵੇਂ ਮਨ ਦਾ ਵਹਿਮ ਹੈ। ਪੰਚ ਖਾਲਸਾ ਦੀਵਾਨ ਦੇ ਭਸੌੜ ਕੁਆਰੀ ਕਾਲਜ ਵਿਚ ਪੜ੍ਹੀ ਅਤੇ ਪ੍ਰਸਿੱਧ ਸਿੱਖ ਵਿਦਵਾਨ ਜਿਨ੍ਹਾਂ ਨੇ ਗੁਰਮਤਿ ਅਤੇ ਸਿੱਖ ਇਤਿਹਾਸ ਬਾਰੇ ਇਕ ਸੌ ਨੌ ਪੁਸਤਕਾਂ ਲਿਖੀਆਂ ਗਿਆਨੀ ਲਾਲ ਸਿੰਘ ਸੰਗਰੂਰ ਦੀ ਧੀ ਹੋਣ ਕਾਰਨ, ਉਤੋ ਮੇਰੇ ਬਾਪੂ ਜੀ ਪੱਕੇ ਮਾਰਕਸਵਾਦੀ ਵਿਚਾਰਾਂ ਵਾਲੇ ਹੋਣ ਕਾਰਨ ਮੇਰੀ ਮਾਂ ਅਜਿਹੇ ਅੰਧ ਵਿਸ਼ਵਾਸਾਂ ਵਿਚ ਯਕੀਨ ਨਹੀਂ ਸੀ ਕਰਦੀ। ਮੇਰੇ ਲਈ ਇਹ ਫੈਸਲਾ ਕਰਨਾ ਔਖਾ ਸੀ ਕਿ ਕਰਤਾਰੋ ਠੀਕ ਹੈ ਜਾਂ ਮੇਰੀ ਮਾਂ ਤੇ ਬਾਪੂ ਜੀ।



ਹੁਣ ਜਦ ਮੈਂ ਦੋਬਾਰਾ ਫੇਰ ਨੌਵੀਂ ਵਿਚ ਇਸ ਹੋਸਟਲ 'ਚ ਰਹਿਣ ਲਗ ਪਿਆ ਤਾਂ ਚੌਂਕੀਦਾਰ ਸਰਵਨ ਸਿੰਘ ਅਤੇ ਕਰਤਾਰੋ ਮਾਸੀ ਓਥੇ ਹੀ ਸਨ। ਓਪਰਾ ਸੀ ਤਾਂ ਹੋਸਟਲ ਸੁਪਰਡੰਟ ਸ. ਬਚਿੱਤਰ ਸਿੰਘ ਬਰਾੜ ਜੋ ਬੜੇ ਹੀ ਹਸਮੁਖ ਅਤੇ ਮਿਠੇ ਸੁਭਾਅ ਦੇ ਸਨ ਅਤੇ ਦੂਜਾ ਸਾਡਾ ਲਾਂਗਰੀ ਦੇਵੀ ਲਾਲ ਜੋ ਨੈਨੀਤਾਲ ਵਲ ਦਾ ਜੋ ਛੇਤੀ ਹੀ ਮੇਰਾ ਦੋਸਤ ਬਣ ਗਿਆ। ਪਰ ਮੇਰਾ ਮਨ ਉਚਾਟ ਰਹਿੰਦਾ ਸੀ। ਦਰਅਸਲ ਮੈਂ ਇਕੱਲਾ ਇਕ ਕਮਰੇ 'ਚ ਕਦੇ ਸੁੱਤਾ ਹੀ ਨਹੀਂ। ਇਕ ਦਿਨ ਕਰਤਾਰੋ ਮੈਨੂੰ ਕਹਿਣ ਲੱਗੀ ਤੇਜਵੰਤ (ਉਹ ਮੈਨੂੰ ਤੇਜੂ ਤੋਂ ਤੇਜਵੰਤ ਕਹਿਣ ਲਗ ਪਈ ਸੀ।) ਇਸ ਕੋਠੀ 'ਚ ਬੁਰੀਆਂ ਰੂਹਾਂ ਤਾਂ ਹਨ ਤੂੰ ਮਨ ਭਾਵੇਂ ਨਾ ਮਨ, ਕਦੇ ਕਦੇ ਇਸ ਕੋਠੀ ਦੀਆਂ ਸਾਰੇ ਬੂਹੇ ਬਾਰੀਆਂ ਖੜਕਨ ਲਗ ਜਾਂਦੀਆਂ ਨੇ। ਮੈਂ ਹੱਸ ਕੇ ਮਾਸੀ ਨੂੰ ਕਿਹਾ 'ਮੈਂ ਹੁਣ ਤੀਜੀ ਵਾਲਾ ਤੇਜੂ ਨਹੀਂ ਰਿਹਾ।" ਪਰ ਗ਼ਜ਼ਬ ਇਹ ਹੋਇਆ ਕਿ ਇਕ ਰਾਤ ਬਿਲਕੁਲ ਕਰਤਾਰੋ ਮਾਸੀ ਵਾਲੀ ਗਲ ਹੋਈ ਕਿ ਜਦੋਂ ਮੈਂ ਸਿਨਮਾ ਘਰੋਂ ਰਾਤ ਦਾ ਤੀਜਾ ਸ਼ੋ ਦੇਖਕੇ ਬਾਰਾਂ ਕੁ ਵਜੇ ਆਪਣੇ ਕਮਰੇ ਦਾ ਦਰਵਾਜਾ ਖੋਹਲਿਆ ਤਾਂ ਹੋਸਟਲ ਦੇ ਪੰਜੇ-ਛੀਏ ਕਮਰਿਆਂ ਦੇ ਦਰਵਾਜੇ-ਬਾਰੀਆਂ ਖੜਕੇ। ਮੈਂ ਬਹੁਤ ਡਰ ਗਿਆ। ਜਿਵੇਂ ਕਿਵੇਂ ਡਰਦੇ ਕੰਬਦੇ ਮੈਂ ਕਮਰੇ ਅੰਦਰ ਵੜਦਿਆਂ ਦਰਵਾਜਾ ਬੰਦ ਕਰਕੇ ਰੱਬ ਰੱਬ ਕਰਦਾ ਪੈ ਗਿਆ, ਪਤਾ ਨਹੀਂ ਕਦੋਂ ਨੀਂਦ ਆ ਗਈ। ਦੂਜੇ ਦਿਨ ਮੈਂ ਕਰਤਾਰੋ ਨੂੰ ਦੱਸਿਆ ਅਸੀਂ ਘਬਰਾ ਕੇ ਬਚਿੱਤਰ ਸਿੰਘ ਮਾਸਟਰ ਜੀ ਨੂੰ ਦਸਿਆ। ਬਚਿੱਤਰ ਸਿੰਘ ਠਹਾਕਾ ਮਾਰ ਕੇ ਹੱਸਦਿਆਂ ਕਹਿਣ ਲੱਗੇ 'ਜਾ ਨੀ ਕਰਤਾਰੋ ਕਿਉਂ ਜੱਟਾਂ ਦੇ ਮੁੰਡੇ ਨੂੰ ਡਰਾਈ ਜਾਨੀ ਐਂ ਇਹ ਤਾਂ ਹਵਾ ਦੇ ਦਬਾਅ ਕਾਰਨ ਖੜਕਣ ਲੱਗ ਜਾਂਦੇ ਐ।" ਫੇਰ ਉਨ੍ਹਾਂ ਨੇ ਆਪ ਇਕ ਹੋਰ ਕਮਰੇ ਦਾ ਦਰਵਾਜਾ ਖੋਹਲਿਆ ਹਵਾ ਬਾਹਰ ਨਿਕਲੀ ਬੂਹੇ-ਬਾਰੀਆਂ ਓਦਾਂ ਹੀ ਖੜ੍ਹਕੇ। ਮਨ ਨੂੰ ਤਸੱਲੀ ਹੋਈ।

ਪਰ ਇਹ ਤਸੱਲੀ ਬਹੁਤੀ ਦੇਰ ਨਾ ਰਹੀ। ਏਦਾਂ ਦੀ ਹੀ ਇਕ ਹੋਰ ਘਟਨਾ ਵਾਪਰ ਗਈ। ਮੈਂ ਹਮੇਸ਼ਾਂ ਆਪਣੇ ਕਮਰੇ ਦਾ ਦਰਵਾਜ਼ਾ ਚੰਗੀ ਤਰ੍ਹਾਂ ਤਸੱਲੀ ਨਾਲ ਬੰਦ ਕਰਕੇ ਸੌਂਦਾ ਸੀ। ਕਿਉਂਕਿ ਮੇਰੇ ਮਨ 'ਚੋਂ ਡਰ ਪੂਰੀ ਤਰ੍ਹਾਂ ਹਾਲਾਂ ਗਿਆ ਨਹੀਂ ਸੀ। ਲੋਕ ਤਾਂ ਜੇ ਡਰਦੇ ਹੋਣ ਲਾਈਟ ਬਾਲ ਕੇ ਰਖਦੇ ਹੋਣਗੇ ਪਰ ਮੈਂ ਉਲਟਾ ਲਾਈਟ ਬੰਦ ਕਰਕੇ ਸੌਂਦਾ ਸੀ ਤਾਂ ਕਿ ਕਿਸੇ ਨੂੰ ਮੈਂ ਦਿਸ ਨਾ ਸਕਾਂ। ਇਨ੍ਹਾਂ ਦਿਨਾਂ ਵਿਚ ਜਦੋਂ ਮੇਰੇ ਮਨ ਵਿਚ ਸਿਨਮਾ ਦੇਖਣ ਦੀ ਤਮੰਨਾ ਉਠਦੀ ਤਾਂ ਮੈਂ ਮਾਸਟਰ ਸਿੰਘ ਬਾਜਵਾ ਦੇ ਪ੍ਰੇਰਨਾ ਸਦਕਾ ਕੋਈ ਨਾ ਕੋਈ ਨਾਵਲ ਪੜ੍ਹਨ ਲਗ ਜਾਂਦਾ। ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਦੇ ਕਈ ਨਾਵਲ ਮੈਂ ਪੜ੍ਹੇ। ਇਕ ਰਾਤ ਕੰਵਲ ਦਾ ਨਾਵਲ ਪੜ੍ਹਦੇ ਪੜ੍ਹਦੇ ਬਿਜਲੀ ਚਲੀ ਗਈ। ਮੈਂ ਬਿਜਲੀ ਉਡੀਕਦਿਆਂ ਉਡੀਕਦਿਆਂ ਸੌਂ ਗਿਆ। ਅਚਾਨਕ ਅੱਖ ਖੁੱਲ੍ਹੀ ਤਾਂ ਆਪਣੇ ਕਮਰੇ ਦਾ ਦਰਵਾਜ਼ਾ ਖੁੱਲ੍ਹਾ ਦੇਖ ਕੇ ਘਬਰਾ ਗਿਆ। ਬਿਸਤਰੇ 'ਚ ਪਿਆ ਮੈਂ ਪਸੀਨੋ -ਪਸੀਨੀ ਹੋ ਗਿਆ। ਲਾਈਟ ਜਗਾਉਣ ਦੀ ਕੋਸ਼ਿਸ਼ ਕੀਤੀ ਬਟਨ ਪਹਿਲਾਂ ਹੀ ਦੱਬਿਆ ਹੋਇਆ ਸੀ। ਮੈਂ ਡਰਦਾ ਡਰਦਾ ਉੱਠਿਆ ਤੇ ਸਟੋਵ ਕੋਲ ਤੱਕ ਨਾਲ ਏਧਰ ਓਧਰ ਹੱਥ ਮਾਰ ਕੇ ਡੱਬੀ ਚੁੱਕੀ। ਜਿਉਂ ਹੀ ਦਰਵਾਜ਼ੇ ਕੋਲ ਜਾ ਕੇ ਡੱਬੀ 'ਚੋਂ ਸੀਂਖ ਬਾਲੀ ਤਾਂ ਇਕ ਆਦਮ ਕੱਦ ਸ਼ਕਲ ਮੇਰੇ ਪਿਛਲੇ ਪਾਸੇ ਦਿਖੀ। ਪਿੱਠ ਭਾਵਉਂਦਿਆਂ ਹੀ ਉਹ ਸ਼ਕਲ ਦਰਵਾਜਿਓਂ ਬਾਹਰ ਹੋ ਗਈ। ਮੇਰੇ ਭਾਣੇ ਚੜ੍ਹੇਲ ਬਾਹਰ ਨਿਕਲ ਗਈ। ਮਾਂ, ਬਾਪੂ ਜੀ ਅਤੇ ਬਚਿਤਰ ਸਿੰਘ ਦੀ ਦਲੀਲ ਦਾ ਸਹਾਰਾ ਲੈਂਦਿਆਂ ਮੈਂ ਹੌਸਲਾ ਕਰਕੇ ਤੀਲੀ ਬਾਲ ਕਮਰੇ ਤੋਂ ਬਾਹਰ ਆ ਕੇ ਦੇਖਿਆ ਕੁਝ ਵੀ ਨਹੀਂ ਸੀ। ਮੈਂ ਕਮਰੇ ਅੰਦਰ ਆ ਕੇ ਦਰਵਾਜ਼ਾ ਬੰਦ ਕਰਨ ਲੱਗਿਆ। ਮੈਂ ਸਾਰਾ ਜੋਰ ਲਾ ਲਿਆ ਦਰਵਾਜ਼ੇ ਦਾ ਕੁੰਡਾ ਨਹੀਂ ਲਗਿਆ। ਸੰਗਲੀ ਕੁੰਡੇ ਤਕ ਪਹੁੰਚਦੀ ਹੀ ਨਹੀਂ ਸੀ। ਮੈਂ ਅੰਦਰੋਂ-ਬਾਹਰੋਂ ਪੂਰੀ ਤਰ੍ਹਾਂ ਕੰਬ ਗਿਆ। ਬਾਪੂ ਮਾਂ ਦੀਆਂ ਸਾਰੀਆਂ ਸਿੱਖਿਆਵਾਂ ਰਫੂ ਚੱਕਰ ਹੋ ਗਈਆਂ। ਮੈਂ ਆਪਣੇ ਆਪ ਨੂੰ ਉਸ ਗੈਬੀ ਸ਼ਕਲ ਦੀ ਚੜ੍ਹੇਲ ਦੇ ਵਸ ਕਰਕੇ ਨਿਢਾਲ ਹੋ ਮੰਜੇ ਉੱਤੇ ਲਿਟ ਗਿਆ। ਪਤਾ ਨਹੀਂ ਕਦੋਂ ਨੀਂਦ ਆ ਗਈ।

ਸਵੇਰੇ ਉਠ ਕੇ ਦਰਵਾਜਾ ਫੇਰ ਲਾਉਣ ਦੀ ਕੋਸ਼ਿਸ਼ ਕੀਤੀ। ਪਹਿਲਾਂ ਤਾਂ ਰਾਤ ਵਾਂਗ ਲਗਿਆ ਹੀ ਨਹੀਂ ਫੇਰ ਮੈਂ ਬਾਹਰਲੇ ਦੇਹਲੀ ਵਾਲੇ ਕੁੰਡੇ ਦੀ ਸੰਗਲੀ ਨਾਲ ਲੱਗੀ ਮੇਖ ਤੇ ਟੰਗ ਦਿੱਤੀ ਤਾਂ ਕੀਲਾ ਗੱਡਣ ਵਾਲੀ ਕਹਾਣੀ ਯਾਦ ਆਈ। ਕਿਵੇਂ ਇਕ ਨਾਸਤਕ ਨੇ ਸ਼ਰਤ ਲਾ ਲਈ ਕਿ ਉਹ ਰਾਤ ਨੂੰ ਸਿਵਿਆ 'ਚ ਕੀਲਾ ਗੱਡ ਕੇ ਆਵੇਗਾ ਓਥੇ ਕੋਈ ਭੂਤ-ਪ੍ਰੇਤ ਨਹੀਂ ਹੁੰਦੇ। ਜਦੋਂ ਉਹ ਸਿਵਿਆ 'ਚ ਕੀਲਾ ਗੱਡਣ ਲੱਗਿਆ ਤਾਂ ਹਨੇਰੇ 'ਚ ਕੀਲਾ ਆਪਣੇ ਕੁੜਤੇ ਦੇ ਪੱਲੇ 'ਚ ਗੱਡ ਲਿਆ। ਕੀਲਾ ਗੱਡਕੇ ਜਦੋਂ ਉੱਠਣ ਲਗਿਆ ਉੱਠਿਆ ਨਾ ਜਾਵੇ। ਕੁੜਤੇ ਦਾ ਪੱਲਾ ਤਾਂ ਕੀਲੇ 'ਚ ਫਸਿਆ ਪਿਆ ਸੀ। ਕਿਧਰੇ ਗਈ ਨਾਸਤਿਕਤਾ ਕਿਧਰੇ ਗਈ ਤਰਕਸ਼ੀਲਤਾ, ਉਹ ਤਾਂ ਜੋਰ ਜੋਰ ਦੀ ਕੂਕਾਂ ਮਾਰੇ, ਛਡਾਓ ਮਾਰਤਾ, ਚੜ੍ਹੇਲ ਨੇ ਫੜ ਲਿਆ।" ਕਿਸੇ ਨੇ ਆ ਕੇ ਕੀਲਾ ਪਟਿਆ ਉਸ ਦੇ ਕੁੜਤੇ ਦਾ ਪਲਾ ਕੱਢਿਆ ਤਾਂ ਕਿਤੇ ਨਾਸਤਕ ਦੇ ਸਾਹ 'ਚ ਸਾਹ ਆਇਆ। ਜਦੋਂ ਮੈਂ ਇਹ ਗੱਲ ਕਰਤਾਰੋ ਨੂੰ ਦੱਸੀ, ਪਹਿਲਾਂ ਤਾਂ ਉਹ ਮੀਸਨੀ ਹਾਸੀ ਹੱਸੀ ਫੇਰ ਕਹਿਣ ਲੱਗੀ , "ਤੂੰ ਹੁਣ ਜੁਆਨ ਹੋ ਗਿਆ ਅੰਦਰਲੀ ਸੰਗਲੀ ਹੋਸ਼ ਨਾਲ ਲਾ ਕੇ ਪਿਆ ਕਰ, ਚੜੇਲਾਂ ਦਾ ਕੀ ਐ ਇਹ ਤਾਂ ਦੇਹਲੀ ਦੀ ਬਾਹਰਲੀ ਸੰਗਲੀ ਡੇਗ ਕੇ ਹੀ ਰਖ ਦੀਆਂ ਨੇ।" ਮੈਨੂੰ ਕਰਤਾਰੋ ਦੀ ਚਹੇਡ ਦੀ ਉਦੋਂ ਸਮਝ ਨਾ ਆਈ ਉਂਝ ਈ ਹੁੰਗਾਰਾ ਭਰਨ ਵਜੋਂ ਮੈਂ ਕਿਹਾ, "ਗੱਲ ਤਾਂ ਕੁਝ ਵੀ ਨਹੀਂ ਸੀ। ਦਰਵਾਜੇ ਬਾਹਰਲੀ ਸੰਗਲੀ ਦੇਹਲੀ 'ਚ ਅੜ ਜਾਂਦੀ ਸੀ, ਅੰਦਰੋ ਉਪਰਲੀ ਸੰਗਲੀ ਘਟ ਜਾਂਦੀ ਸੀ। ਕੁੰਡਾ ਕਿਥੋਂ ਲਗੇ। ਉਹ ਪ੍ਰਛਾਵਾਂ ਸੀਖ ਦੇ ਚਾਨਣ ਨਾਲ ਮੇਰਾ ਹੀ ਘੁੰਮਿਆ ਸੀ ਜੋ ਮੇਰੇ ਘੁੰਮਣ ਨਾਲ ਕੰਧ ਤੋਂ ਦਰਵਾਜੇ ਰਾਹੀਂ ਬਾਹਰ ਚਲਾ ਗਿਆ।" "ਠੀਕੈ ਠੀਕੈ ਤੂੰ ਬਹੁਤਾ ਘੁੰਮਿਆ ਨਾ ਕਰ ਕਿਤੇ ਘੁੰਮਣ ਘੇਰੀ 'ਚ ਫਸਜੈ।" ਕਰਤਾਰੋ ਨੇ ਮੈਨੂੰ ਤਾੜਨਾ ਕੀਤੀ।

ਇਨ੍ਹਾਂ ਦਿਨਾ ਵਿਚ ਹੀ ਮੇਰੀ ਯਾਰੀ ਸੰਗਰੂਰ ਦੇ ਐਸ. ਪੀ. ਸੂਬੇ ਸਿੰਘ ਦੇ ਮੁੰਡੇ ਨਾਲ ਪੈ ਗਈ ਜੋ ਮੇਰੀ ਕਲਾਸ 'ਚ ਹੀ ਪੜ੍ਹਦਾ ਸੀ। ਹੋਸਟਲ ਵਿਚ ਮੇਰਾ ਜੀ ਨਹੀਂ ਸੀ ਲਗਦਾ ਪਰ ਕਰਾਂ ਵੀ ਕੀ, ਮੇਜਰ ਗੁਪਾਲ ਸਿੰਘ ਅਤੇ ਮੇਰੇ ਬਾਪੂ ਜੀ ਦੋ ਸਖਤ ਸੁਭਾਅ ਦੇ ਪੁੜ੍ਹਾਂ ਵਿਚ ਫਸਿਆ ਹੋਇਆ ਸੀ। ਭਾਵੇਂ ਬਚਿੱਤਰ ਸਿੰਘ ਮੈਨੂੰ ਬੜੇ ਪਿਆਰ ਨਾਲ ਸਮਝਾਉਂਦੇ ਪਰ ਮੇਰਾ ਮਨ ਉਚਾਟ ਹੀ ਰਿਹਾ। ਨਤੀਜਾ ਇਹ ਕਿ ਮੈਂ ਬਹੁਤਾ ਸਮਾਂ ਸਕੂਲੋਂ ਆ ਕੇ ਹੋਸਟਲ ਵਿਚ ਘਟ ਹੀ ਵੜਦਾ। ਖੇਲ ਮੈਦਾਨ ਵਿਚ, ਬਾਜ਼ਾਰ ਵਿਚ, ਇਥੋਂ ਤੀਕ ਰੋਜਾਨਾ ਹੀ ਸਿਨਮਾ ਦੇਖਣ ਦਾ ਆਦੀ ਹੋ ਗਿਆ, ਕਈ ਵਾਰ ਤਾਂ ਇਕੋ ਫਿਲਮ ਦੇ ਤਿੰਨੇ ਸ਼ੋਅ ਦੇਖਦਾ। ਐਸ. ਪੀ. ਦੇ ਮੁੰਡੇ ਦੀ ਸੰਗਤ ਨਾਲ ਮੈਂ ਸ਼ਰਾਬ ਵੀ ਪੀ ਲੈਂਦਾ ਸੀ। ਮੇਰੇ ਇਸ ਤਰ੍ਹਾਂ ਦੇ ਵਤੀਰੇ ਕਾਰਨ ਮੈਂ ਮੇਜਰ ਗੁਪਾਲ ਸਿੰਘ ਦੀਆਂ ਨਜ਼ਰਾਂ ਵਿਚ ਵਿਗੜਿਆਂ ਮੁੰਡਾ ਸੀ ਇਸ ਕਾਰਨ ਮੈਂ ਮੇਜਰ ਸਾਹਿਬ ਤੋਂ ਕਈ ਵਾਰ ਡੰਡੇ ਵੀ ਖਾ ਚੁੱਕਾ ਸੀ। ਇਕ ਵਾਰ ਤਾਂ ਕਲਾਸ ਵਿਚ ਮੈਨੂੰ ਮੇਜਰ ਸਾਹਿਬ ਹਥੋਂ ਏਨੀ ਕੁੱਟ ਪਈ ਕਿ ਉਨ੍ਹਾਂ ਦਾ ਡੰਡਾ ਟੁੱਟ ਗਿਆ ਪਰ ਮੈਂ ਅੱਗੇ ਤੋਂ ਅਜਿਹਾ ਨਾ ਕਰਨ ਅਤੇ ਕੀਤੇ ਲਈ ਮੁਆਫ਼ੀ ਨਹੀਂ ਮੰਗੀ। ਉਸ ਦਿਨ ਤੋਂ ਬਾਅਦ ਮੈਂ ਸੁਧਰਨ (ਈਨ ਮੰਨਣ) ਦੀ ਥਾਂ ਹੋਰ ਢੀਠ (ਦ੍ਰਿੜ) ਹੁੰਦਾ ਗਿਆ। ਭਾਵੇਂ ਹੋਸਟਲ ਦੇ ਲਾਂਗਰੀ ਦੇਵੀ ਲਾਲ ਦੀ ਮੇਰੇ ਉੱਤੇ ਨਿਗਰਾਨੀ ਰੱਖਣ ਦੀ ਡਿਊਟੀ ਵੀ ਮੇਜਰ ਸਾਹਿਬ ਨੇ ਲਾਈ ਹੋਈ ਸੀ ਪਰ ਮੈਂ ਕਿਸੇ ਨਾ ਕਿਸੇ ਤਰ੍ਹਾਂ ਦੇਵੀ ਲਾਲ ਨੂੰ ਚਾਰ-ਅੱਠ ਆਨਿਆਂ ਦਾ ਲਾਲਾਚ ਦੇ ਕੇ ਸਿਨਮੇ ਦਾ ਟਿਕਟ ਮੰਗਵਾ ਲੈਂਦਾ ਅਤੇ ਮੌਕਾ ਤਾੜਕੇ, ਬਚਿੱਤਰ ਸਿੰਘ ਹੁਰਾਂ ਤੋਂ ਬਚ ਕੇ ਸਿਨਮਾ ਦੇਖਣ ਚਲਾ ਜਾਂਦਾ।

ਇਕ ਰਾਤ ਮੈਂ ਸਿਨਮਾ ਦੇਖਣ ਗਿਆ ਹੋਇਆ ਸੀ ਕਿ ਮੇਜਰ ਗੋਪਾਲ ਸਿੰਘ ਚੈਕਿੰਗ ਕਰਨ ਆ ਗਏ। ਮੇਰੇ ਕਮਰੇ ਨੂੰ ਦੂਜਾ ਤਾਲਾ ਮਾਰ ਚਾਬੀ ਆਪਣੇ ਨਾਲ ਲੈ ਗਏ। ਜਦੋਂ ਮੈਂ ਆਇਆ ਤਾਂ ਬਚਿੱਤਰ ਸਿੰਘ ਨੇ ਮੈਨੂੰ ਬਹੁਤ ਬੁਰਾ ਭਲਾ ਕਿਹਾ। ਪਰ ਫੇਰ ਮੈਨੂੰ ਰਾਤ ਕੱਟਣ ਲਈ ਆਪਣੇ ਕਮਰੇ 'ਚ ਹੀ ਲੈ ਗਏ। ਭਿੱਜੀ ਬਿੱਲੀ ਬਣਕੇ ਮੈਂ ਉਹ ਰਾਤ ਕੱਟੀ। ਸਵੇਰ ਸਾਰ ਮੇਜਰ ਗੋਪਾਲ ਸਿੰਘ ਅਤੇ ਅਵਤਾਰ ਸਿੰਘ ਬਾਜਵਾ ਹਾਕੀ



ਦੀ ਡਰੈਸ ਵਿਚ ਆ ਗਏ। ਮੇਰੀ ਪੇਸ਼ੀ ਹੋਈ। ਜਿਉਂ ਹੀ ਅੱਖਾਂ 'ਚ ਗੁੱਸੇ ਦੀ ਚਮਕ ਭਰ ਕੇ ਮੇਜਰ ਸਾਹਿਬ ਨੇ ਖੱਬੇ ਹੱਥ 'ਚ ਚੁੱਕੀ ਹਾਕੀ (ਉਹ ਖਬਚੂ ਸਨ ਸਜੇ ਮੋਢੇ 'ਚ ਕੋਈ ਨੁਕਸ ਸੀ) ਮੇਰੇ ਹੱਥਾਂ ਤੇ ਮਾਰਨ ਲਈ ਉਪਰ ਚੁੱਕੀ ਅੱਖ ਦੇ ਫੋਰ ਨਾਲ ਅਵਤਾਰ ਸਿੰਘ ਬਾਜਵਾ ਮੇਜਰ ਸਾਹਿਬ ਦਾ ਹੱਥ ਫੜਕੇ ਰੋਕ ਦਿੱਤਾ ਅਤੇ ਮੈਨੂੰ ਪਿਆਰ ਨਾਲ ਪਾਸੇ ਲੈ ਗਏ। ਇਸ ਘਟਨਾ ਨੇ ਮੇਰੇ ਉੱਤੇ ਦੋ ਪ੍ਰਭਾਵ ਪਾਏ। ਜਦੋਂ ਹੋਰ ਸਾਰੇ ਅਧਿਆਪਕ ਮੇਜਰ ਗੋਪਾਲ ਸਿੰਘ ਅੱਗੇ ਥਰ ਥਰ ਕੰਬਦੇ ਸਨ ਅਤੇ ਕਿਸੇ ਦੀ ਹਿੰਮਤ ਨਹੀਂ ਸੀ ਕਿ ਉਹਨਾਂ ਦਾ ਏਦਾਂ ਹੱਥ ਫੜ ਕੇ ਰੋਕੇ। ਅਵਤਾਰ ਸਿੰਘ ਬਾਜਵਾ ਦੀ ਦਲੇਰੀ ਨੇ ਸਿੱਧ ਕੀਤਾ ਕਿ ਮੇਜਰ ਸਾਹਿਬ ਅਰੁਕ ਨਹੀਂ ਸਨ ਉਨ੍ਹਾਂ ਨੂੰ ਰੋਕਿਆ ਜਾ ਸਕਦਾ ਸੀ। ਦੂਜਾ ਅਵਤਾਰ ਸਿੰਘ ਬਾਜਵਾ ਦੇ ਇਸ ਵਤੀਰੇ ਨੇ ਮੇਰੇ ਅੱਗੇ ਇਕ ਆਦਰਸ਼ ਅਧਿਆਪਕ ਦੀ ਤਸਵੀਰ ਸਾਫ਼ ਕੀਤੀ। ਮੇਰੇ ਉੱਤੇ ਇਸ ਵਤੀਰੇ ਦਾ ਜਾਦੂਈ ਅਸਰ ਹੋਇਆ। ਜਦੋਂ ਮੈਨੂੰ ਪਰੇ ਲੈ ਜਾ ਕੇ ਕਹਿਣ ਲੱਗੇ ਦੇਖ ਬਈ ਤੇਜਵੰਤ ਊਂ ਤਾਂ ਮੈਂ ਤੈਥੋਂ ਏਨਾ ਵੱਡਾ ਨਹੀਂ ਕਿ ਮੈਂ ਤੈਨੂੰ ਬਜੁਰਗਾਂ ਵਾਂਗ ਮੱਤਾਂ ਦਿਆਂ ਪਰ ਇਕ ਗਲ ਯਾਦ ਰਖ ਕਿ ਜੇ ਤੈਂ ਜ਼ਿੰਦਗੀ 'ਚ ਕੁਝ ਬਣਨੈ ਤਾਂ ਭੈੜੀ ਤੋਂ ਭੈੜੀ ਸਥਿੱਤੀ ਵਿਚ ਵੀ ਕੁਰਾਹੇ ਪੈਣ ਦੀ ਥਾਂ ਆਪਣੀ ਮੰਜ਼ਲ ਤੇ ਪਹੁੰਚਣ ਲਈ ਜਦੋ ਜਹਿਦ ਕਰਨੀ ਚਾਹੀਦੀ ਹੈ। ਐ ਕਰ ਜਦੋਂ ਤੇਰਾ ਕਲਾਸ ਦੇ ਸਲੇਬਸ ਦੀ ਪੜ੍ਹਾਈ 'ਚ ਜੀ ਨਾ ਲੱਗੇ ਤਾਂ ਤੂੰ ਪੰਜਾਬੀ ਦੇ ਨਾਵਲ ਪੜ੍ਹਿਆ ਕਰ। ਮੈਂ ਤੈਨੂੰ ਕਲ ਨੂੰ ਨਾਵਲ ਦੇਊ।" ਸੱਚ ਮੁੱਚ ਹੀ ਦੂਜੇ ਦਿਨ ਮੈਨੂੰ ਉਨ੍ਹਾਂ ਨੇ ਕੰਵਲ ਦਾ 'ਪੂਰਨਮਾਸੀ' ਨਾਵਲ ਦਿੱਤਾ। ਅਤੇ ਫੇਰ ਨਾਨਕ ਸਿੰਘ, ਕੰਵਲ ਤੇ ਨਰੂਲੇ ਦੇ ਹੋਰ। ਜਸਵੰਤ ਸਿੰਘ ਕੰਵਲ ਦਾ 'ਪੂਰਨ ਮਾਸੀ' ਮੈਨੂੰ ਵਧੇਰੇ ਸੁਆਦਲਾ ਲੱਗਿਆ । ਫੇਰ ਮੈਂ ਇਕ ਤੋਂ ਬਾਅਦ ਇਕ ਕਈ ਨਾਵਲ ਪੜ੍ਹੇ। ਉਦੋਂ ਨਾਵਲ ਪੜ੍ਹਨਾ ਮੇਰੇ ਲਈ ਕੋਈ ਗਿਆਨ ਜਾਂ ਸਮਝ ਪ੍ਰਾਪਤ ਕਰਨਾ ਨਹੀਂ ਸੀ ਸਗੋਂ ਮੇਰੇ ਲਈ ਇਕ ਪਿਆਰ ਫਿਲਮੀ ਕਹਾਣੀ ਰਸ ਦੀ ਸੁਆਦਲੀ ਤ੍ਰਿਪਤੀ ਕਰਨਾ ਹੀ ਸੀ।

ਨਾਵਲ ਪੜ੍ਹਨ ਦੀ ਇਸ ਰੁਚੀ ਨੇ ਮੇਰੇ ਜੀਵਨ ਵਿਚ ਇਕ ਮਹੱਤਵਪੂਰਨ ਮੋੜ ਲਿਆਂਦਾ। ਮੈਂ ਅਸਮਾਜੀ, ਢੀਠ, ਲਫੰਗਾ, ਵਿਹਲੜ, ਅਵਾਰਾ ਬਣਦਾ ਬਣਦਾ, ਸਮਾਜਕ ਆਰਥਿਕ, ਸਭਿਆਚਾਰਕ, ਰਾਜਨੀਤਕ, ਚਿੰਤਕ ਅਤੇ ਅਧਿਆਪਕ ਬਣ ਗਿਆ। ਇਕ ਮੌਲਿਕ ਸਾਹਿਤਕਾਰ, ਖੋਜੀ, ਆਲੋਚਕ, ਇਤਿਹਾਸਕ, ਕਹਾਣੀਕਾਰ ਬਣ ਗਿਆ। ਨੌਵੀਂ ਜਮਾਤ ਤਾਂ ਭਾਵੇਂ ਮੈਂ ਰਿਆਇਤੀ ਅੰਕਾਂ ਨਾਲ ਪਾਸ ਕੀਤੀ ਪਰ ਅਗਲੇ ਸਾਲ ਮੈਂ ਹੋਸਟਲ ਛੱਡ ਗਿਆ ਅਤੇ ਫੇਰ ਚਲੇ ਸੋ ਚਲ ਡਾਕਟਰੇਟ ਕਰ ਗਿਆ, ਕਾਲਜ ਅਧਿਆਪਕ ਬਣ ਗਿਆ, ਸੱਠ ਤੋਂ ਉਪਰ ਪੁਸਤਕਾਂ ਰਚ ਦਿੱਤੀਆਂ, ਸ਼੍ਰੋਮਣੀ ਪੰਜਾਬੀ ਸਾਹਿਤਕਾਰ ਦਾ ਪੁਰਸਕਾਰ ਵੀ ਪ੍ਰਾਪਤ ਕਰ ਲਿਆ। ਮੇਰੀ ਜ਼ਿੰਦਗੀ 'ਚ ਮਹੱਤਵ ਪੂਰਨ ਭੂਮਿਕਾ ਨਿਭਾਉਣ ਵਾਲੇ ਹੋਰ ਵੀ ਬਹੁਤ ਸਾਰੇ ਮਿੱਤਰ ਅਤੇ ਬਜ਼ੁਰਗ ਹਨ ਪਰ ਮੈਂ ਬੜੀ ਹਲੀਮੀ ਨਾਲ ਸਵੀਕਾਰ ਕਰਦਾ ਹਾਂ ਕਿ ਜੇਕਰ ਕਰਤਾਰੋ ਮਾਸੀ, ਮੇਜਰ ਗੋਪਾਲ ਸਿੰਘ, ਅਵਤਾਰ ਸਿੰਘ ਬਾਜਵਾ ਮੇਰੀ ਜੀਵਨ-ਧਾਰਾ ਵਿਚ ਪ੍ਰਵੇਸ਼ ਨਾ ਕਰਦੇ ਤਾਂ ਮੈਂ ਨਾ ਹੀ ਕਾਲਜ ਅਧਿਆਪਕ ਹੋਣਾ ਸੀ ਅਤੇ ਨਾ ਹੀ ਸਾਹਿਤਕ ਖੇਤਰ ਵਿਚ ਮੇਰੀ ਕੋਈ ਪਹਿਚਾਣ ਹੋਣੀ ਸੀ।




**ਮੇਰਾ ਬਚਪਨ ਮੇਰੇ ਮੋਢੇ** (ਸਵੈ ਜੀਵਨੀ)
ਸ਼ਿਓਰਾਜ ਸਿੰਘ ਬੇਚੈਨ, ਅਨੁ. ਬਲਬੀਰ ਮਾਧੋਪੁਰੀ
ਮੁੱਲ 200 ਰੁ., ਪੰਨੇ 192
ISBN:978-81-922343-4-2, Year:2012

# ਯਾਦਾਂ ਦੀ ਸਤਰੰਗੀ ਪੀਂਘ ਤੇ ਮੇਰੀਆਂ ਸਿਰਜਿਤ ਕਹਾਣੀਆਂ/

## -ਪਿਆਰਾ ਸਿੰਘ ਭੋਗਲ

"ਸਾਡੇ ਘਰ ਏਨੇ ਵਿਆਹ ਹੁੰਦੇ ਨੇ, ਤੁਹਾਡੇ ਘਰ ਤਾਂ ਕੋਈ ਹੁੰਦਾ ਨਹੀਂ। ਅੱਗੇ ਮੇਰੀ ਭੂਆ ਦਾ ਵਿਆਹ ਹੋਇਆ ਸੀ ਤੇ ਹੁਣ ਚਾਚੇ ਦਾ ਹੋਣਾ ਐ।" ਸਾਡੇ ਗੁਆਂਢੀਆਂ ਦਾ ਅੱਠ ਕੁ ਵਰ੍ਹਿਆਂ ਦਾ ਵਿੱਨੀ ਸਾਡੇ ਪੁੱਤਰ ਰਾਣੇ ਨੂੰ ਜਿਸਦੀ ਉਮਰ ਵੀ ਏਨੀ ਕੁ ਹੈ, ਬੜੇ ਮਾਣ ਨਾਲ ਕਹਿ ਰਿਹਾ ਸੀ।

ਰਾਣਾ ਪਹਿਲਾਂ ਤਾਂ ਝੇਂਪ ਗਿਆ, ਪਰ ਫੇਰ ਜਿਵੇਂ ਉਸਨੂੰ ਅੰਦਰੋਂ ਲੋਅ ਮਿਲ ਗਈ, "ਲੈ ਸਾਡੇ ਘਰ ਵੀ ਅਜੇ ਵਿਆਹ ਹੋਣੇ ਨੇ।"

"ਕਿਨ੍ਹਾਂ ਦੇ?"

"ਸਾਡੇ ਭਾਪੇ ਦਾ ਵਿਆਹ ਹੋਣਾ ਐ ਤੇ ਨਾਲੇ ਮੰਮੀ ਦਾ ਵਿਆਹ ਹੋਣਾ ਐ।"

ਇਹ ਠੀਕ ਸੀ, ਸਾਡੇ ਬੱਚਿਆਂ ਦੀ ਹੋਸ਼ ਵਿੱਚ ਸਾਡੇ ਪਰਿਵਾਰ ਵਿੱਚ ਕੋਈ ਵਿਆਹ ਨਹੀਂ ਹੋਇਆ ਸੀ। ਤਾਂ ਵੀ ਭਾਪੇ ਤੇ ਮੰਮੀ ਦੇ ਵਿਆਹ ਦੀ ਗੱਲ ਸੁਣ ਕੇ ਮੈਂ ਚਕ੍ਰਿਤ ਰਹਿ ਗਿਆ। ਕਦੇ ਕਦੇ ਸੋਚਦਾ, ਬੱਚਿਆਂ ਨੂੰ ਰਿਸ਼ਤਿਆਂ ਨਾਤਿਆਂ ਬਾਰੇ ਗੱਲ ਸਮਝਾਵਾਂ ਪਰ ਫੇਰ ਰੁਕ ਜਾਂਦਾ। ਕਾਰਨ ਇਹ ਸੀ ਬੱਚਿਆਂ ਦੀਆਂ ਆਲੀਆਂ-ਭੋਲੀਆਂ ਗੱਲਾਂ ਸੁਆਦ ਪੈਦਾ ਕੀਤੀ ਰਖਦੀਆਂ। ਇਕ ਹੋਰ ਕਾਰਨ ਸੀ ਕਿ ਬੱਚੇ ਆਪਣੇ ਭੋਲੇ ਪ੍ਰਸ਼ਨਾਂ ਦੇ ਉੱਤਰ ਰਸ ਦੇਣ ਵਾਲੇ ਢੰਗ ਨਾਲ ਆਪ ਵੀ ਦਿੰਦੇ ਰਹਿੰਦੇ। ਇਕ ਦਿਨ ਮੇਰੀ ਪਤਨੀ ਆਪਣੇ ਕੱਪੜਿਆਂ ਦਾ ਟਰੰਕ ਖੋਲ੍ਹ ਕੇ ਕੱਪੜਿਆਂ ਨੂੰ ਧੁੱਪੇ ਖਿਲਾਰਨ ਲੱਗ ਪਈ। ਟਰੰਕ ਵਿਚੋਂ ਨਿਕਲੀਆਂ ਚਾਂਦੀ ਦੀਆਂ ਪੰਜੇਬਾਂ ਉਸ ਨੇ ਆਪਣੇ ਪੈਰੀਂ ਪਾ ਲਈਆਂ। ਰਾਣੇ ਤੋਂ ਛੋਟਾ ਪੁੱਤਰ ਕੁੱਕੂ ਹੈਰਾਨੀ ਨਾਲ ਪੁੱਛਣ ਲੱਗਾ, "ਇਹ ਕੀ ਐ?"

'ਮੇਰੀਆਂ ਪਟੜੀਆਂ।"

"ਇਹ ਮੇਰੇ ਵਿਆਹ ਵੇਲੇ ਦੀਆਂ।"

"ਹਾਂ! ਤੁਹਾਡਾ ਵਿਆਹ ਹੋਇਆ ਹੋਇਆ ਐ?"

ਆਹੋ! ਤੈਨੂੰ ਨਹੀਂ ਪਤਾ?"

ਫੇਰ ਮਾਂ ਨੇ ਹੈਰਾਨੀ ਨਾਲ ਪੁੱਤਰ ਨੂੰ ਇਕ ਵਾਰੇ ਫੇਰ ਪੁੱਛਿਆ-

"ਤੈਨੂੰ ਨਹੀਂ ਪਤਾ?" ਕੁੱਕੂ ਚੁੱਪ ਚਾਪ ਸੋਚਦਾ ਰਿਹਾ।

"ਕੁੱਕੂ! ਮੇਰਾ ਵਿਆਹ ਕਿਹਦੇ ਨਾਲ ਹੋਇਆ ਹੋਇਆ ਐ?"

ਕੁੱਕੂ ਅਜੇ ਵੀ ਚੁੱਪ ਸੀ। ਮਾਂ ਨੇ ਸਵਾਲ ਦੁਹਰਾਇਆ। ਪੁੱਤਰ ਦਾ ਉੱਤਰ ਸੀ...। "ਭਾਪਾ ਜੀ ਨਾਲ?" ਇਹ ਅੱਧਾ ਪ੍ਰਸ਼ਨ ਸੀ। ਅੱਧਾ ਉੱਤਰ ਸੀ। ਫੇਰ ਗੁਟਕਦਾ-ਗੁਟਕਦਾ ਬੋਲਿਆ-"ਅੱਜ ਮੈਨੂੰ ਪਤਾ ਲੱਗ ਗਿਆ ਐ। ਤੁਹਾਡਾ ਵਿਆਹ ਭਾਪਾ ਜੀ ਨਾਲ ਹੋਇਆ ਹੋਇਆ ਐ।"

ਮੈਂ ਕਹਾਣੀਆਂ ਤਾਂ ਕਈ ਸਾਲਾਂ ਤੋਂ ਲਿਖ ਰਿਹਾ ਸੀ ਪਰ ਉਨ੍ਹਾਂ ਬਾਰੇ ਮੇਰੀ ਤਸੱਲੀ ਨਹੀਂ ਸੀ। ਕੁਝ ਕਹਾਣੀਆਂ ਮਾਸਕ ਪੱਤਰਾਂ ਵਿੱਚ ਛਪਵਾਈਆਂ ਤਾਂ ਵੀ ਕਹਾਣੀ ਕਹਾਣੀ ਸੰਗ੍ਰਹਿ ਕੋਈ ਨਹੀਂ ਛਪਵਾਇਆ ਸੀ। ਨਾਟਕ ਕਈ ਛਪ ਚੁੱਕੇ ਸਨ, ਜਿਵੇਂ 'ਸਿਆੜ' ਤੇ 'ਆਪੇ ਕਾਜ ਸਵਾਰੀਐ" ਦੋ ਇਕਾਂਗੀ ਸੰਗ੍ਰਹਿ 'ਦਿਨ ਰਾਤ' 1954 ਤੇ 'ਧਨ ਧਿਰ' (1956) ਵੀ ਛਪੇ ਸਨ। ਪਰ ਪਹਿਲਾਂ ਕਹਾਣੀ ਸੰਗ੍ਰਹਿ 'ਹਾਵ ਭਾਵ' 1962 ਵਿਚ ਛਪਿਆ। ਇਸ ਵਿੱਚ ਬੱਚਿਆਂ ਬਾਰੇ ਕਈ ਕਹਾਣੀਆਂ ਛਪੀਆਂ।



ਇਨ੍ਹਾਂ ਵਿੱਚ 'ਬੱਚਿਆਂ ਦੀ ਗੱਲ' ਤੇ 'ਜੋਤਿ ਹੈ ਸੋਇ' ਸ਼ਾਮਲ ਸਨ। ਇਹ ਦੋਵੇਂ ਕਹਾਣੀਆਂ ਮੈਂ 'ਪ੍ਰੀਤ ਲੜੀ' ਨੂੰ ਛਾਪਣ ਲਈ ਭੇਜੀਆਂ। ਉਨ੍ਹਾਂ ਸਾਲਾਂ ਵਿਚ 'ਪ੍ਰੀਤ ਲੜੀ' ਵਿੱਚ ਛਪਣਾ ਇਸ ਗੱਲ ਦਾ ਪ੍ਰਮਾਣ ਸੀ ਕਿ ਇਹ ਲੇਖਕ ਨਵੇਂ ਉਭਰ ਰਹੇ ਲੇਖਕਾਂ ਵਿਚ ਸਫ਼ਲ ਹੈ ਤੇ ਚੰਗੀਆਂ ਰਚਨਾਵਾਂ ਰਚ ਰਿਹਾ ਹੈ। ਨਵਤੇਜ ਨੇ ਇਹ ਦੋਵੇਂ ਕਹਾਣੀਆਂ ਬੜੇ ਪ੍ਰੇਮ ਨਾਲ ਛਾਪੀਆਂ। ਪਿੱਛੇ ਦਿੱਤੇ ਸੰਵਾਦ "ਬੱਚਿਆਂ ਦੀ ਗੱਲ' ਕਹਾਣੀਆਂ ਵਿਚੋਂ ਹਨ। ਮੈਂ ਸ਼ੁਰੂ ਤੋਂ ਹੀ ਆਲੇ-ਦੁਆਲੇ ਦੇ ਜੀਵਨ ਨੂੰ ਗਹੁ ਨਾਲ ਦੇਖਣ ਵਾਲਾ ਤੇ ਖੁੱਭ ਕੇ ਜ਼ਿੰਦਗੀ ਜੀਉਣ ਵਾਲਾ ਵਿਅਕਤੀ ਸਾਂ। ਸੁਭਾਵਕ ਹੀ ਚੁਗਿਰਦੇ ਨਜ਼ਰ ਆਉਂਦੇ ਵਿਅਕਤੀਆਂ ਬਾਰੇ ਵੀ ਰਚਨਾਵਾਂ ਰਚੀਆਂ ਜਿਵੇਂ 1955 ਵਿਚ ਛਪੇ ਇਕਾਂਗੀ ਸੰਗ੍ਰਹਿ 'ਦਿਨ ਰਾਤ' ਵਿਚ ਸ਼ਾਮਲ ਇਕਾਂਗੀ 'ਦਿਨ ਰਾਤ' ਇਕ ਮੰਗਤੀ ਤੇ ਇਕ ਮੰਗਤੇ ਦੀ ਕਸ਼ਟ-ਭਰੀ ਜ਼ਿੰਦਗੀ ਤੇ ਦੋਨਾਂ ਦੀ ਆਪਸੀ ਕਸ਼ਮਕਸ਼ ਮਨੋ-ਵਿਗਿਆਨਕ ਤੇ ਯਥਾਰਥਵਾਦੀ ਦ੍ਰਿਸ਼ਟੀ ਨਾਲ ਪੇਸ਼ ਕਰਦੀ ਰਚਨਾ ਸੀ। ਤਾਂ ਵੀ 1960 ਈ. ਤੱਕ ਮੈਂ ਜਿਨ੍ਹਾਂ ਪਾਤਰਾਂ ਨੂੰ ਬਹੁਤ ਹੀ ਵਿਸ਼ਵਾਸ਼ ਨਾਲ ਆਪਣੀਆਂ ਲਿਖਤਾਂ ਵਿੱਚ ਪੇਸ਼ ਕੀਤਾ, ਉਹ ਬੱਚੇ ਸਨ। ਖਾਸ ਤੌਰ ਤੇ ਮੇਰੇ ਆਪਣੇ ਤਿੰਨੇ ਬੱਚੇ ਮੈਨੂੰ ਮਾਤਾ ਪਿਤਾ ਦਾ ਪਿਆਰ ਨਹੀਂ ਮਿਲਿਆ ਸੀ। ਮੇਰਾ ਆਪਣਾ ਵਿਆਹ ਵਕਤ ਤੋਂ ਬਹੁਤ ਪਹਿਲਾਂ ਹੋ ਗਿਆ ਸੀ। ਮੇਰੇ ਤਿੰਨਾਂ ਬੱਚਿਆਂ ਦਾ ਜਨਮ ਉਦੋਂ ਹੋ ਚੁੱਕਾ ਸੀ ਜਦੋਂ ਮੇਰੀ ਆਪਣੀ ਉਮਰ 26 ਸਾਲ ਦੀ ਹੀ ਹੋਈ ਸੀ। ਆਰਥਕ ਤੰਗੀ ਦੇ ਦਿਨ ਸਨ। ਅਸਲ ਵਿੱਚ ਪਰਿਵਾਰਕ ਜੀਵਨ ਸ਼ੁਰੂ ਕਰਨ ਤੋਂ ਬਾਅਦ ਉਮਰ ਦੇ ਲੱਗ ਪੱਗ ਵੀਹ ਸਾਲ ਮੈਂ ਪੈਸੇ ਟਕੇ ਦੇ ਮਾਮਲੇ ਵਿਚ ਬਹੁਤ ਤੰਗ ਰਿਹਾ। ਤਾਂ ਵੀ ਮੈਂ ਆਪਣੇ ਤਿੰਨਾਂ ਬੱਚਿਆਂ ਨੂੰ ਬਹੁਤ ਪਿਆਰ ਦਿੱਤਾ। ਉਨ੍ਹਾਂ ਦੀ ਪਾਲਨਾ ਤੇ ਪੜ੍ਹਾਈ ਵਲ ਸਮਰੱਥਾ ਤੋਂ ਵੀ ਵਧ ਧਿਆਨ ਦਿੱਤਾ। ਆਂਢ-ਗੁਆਂਢ ਵਿਚ ਅਤੇ ਸਕੂਲਾਂ ਵਿਚ ਉਨ੍ਹਾਂ ਦੇ ਹਮ ਉਮਰ ਤੇ ਜਮਾਤੀ ਬਹੁਤੇ ਮੇਰੇ ਨਾਲੋਂ ਵੱਧ ਖੁਸ਼ਹਾਲ ਪਰਿਵਾਰਾਂ ਨਾਲ ਸਬੰਧ ਰੱਖਦੇ ਸਨ। ਮੈਨੂੰ ਡਰ ਰਹਿੰਦਾ ਸੀ, ਮੇਰੇ ਬੱਚੇ ਇਹ ਭਾਵਨਾ ਲੈ ਕੇ ਵੱਡੇ ਨਾ ਹੋਣ ਕਿ ਅਸੀਂ ਗਰੀਬੀ ਵਿਚ ਪਲੇ ਹਾਂ। ਮੈਨੂੰ ਸਾਰੀ ਉਮਰ ਗਰੀਬ ਲੋਕਾਂ ਨਾਲ ਹਮਦਰਦੀ ਰਹੀ। ਮੇਰੀ ਵਿਚਾਰਧਾਰਾ ਦਾ ਇਕਮਾਤਰ ਨੁਕਤਾ ਸਾਰੀ ਉਮਰ ਇਹ ਰਿਹਾ ਕਿ ਗਰੀਬੀ ਤੇ ਪਛੜੇਵਾਂ ਦੂਰ ਹੋਣਾ ਚਾਹੀਦਾ ਹੈ। ਇਹ ਮਾਨਵੀ ਸਮਾਜ ਦੇ ਸਿਰ ਉੱਤੇ ਕਲੰਕ ਹੈ। ਤਾਂ ਵੀ ਮੈਂ ਇਹ ਭਾਵਨਾ ਮਨ ਵਿੱਚ ਲੈ ਕੇ ਸਾਰੀ ਉਮਰ ਨਹੀਂ ਜੀਵਿਆਂ ਕਿ ਮੈਂ ਆਪ ਗਰੀਬ ਆਦਮੀ ਹਾਂ। ਨਾਂ ਹੀ ਮੈਂ ਆਪਣੇ ਬੱਚਿਆਂ ਦੇ ਮਨ ਵਿੱਚ ਇਹ ਖਿਆਲ ਬੈਠਣ ਦਾ ਮੌਕਾ ਦੇਣਾ ਚਾਹੁੰਦਾ ਸਾਂ ਕਿ ਅਸੀਂ ਗਰੀਬ ਬੱਚੇ ਹਾਂ। ਉਨ੍ਹਾਂ ਨੂੰ ਪਿਆਰ ਤਾਂ ਦਿੱਤਾ ਹੀ ਸੁੱਖ-ਸਹੂਲਤਾਂ ਵੀ ਆਪਣੀ ਸਮਰੱਥਾ ਤੋਂ ਵੱਧ ਦਿੱਤੀਆਂ। ਮੇਰੀ ਪਤਨੀ ਬੱਚਿਆਂ ਨੂੰ ਨਹਾ ਧੁਆ ਕੇ, ਉਨ੍ਹਾਂ ਦੇ ਸਿਰ ਦੇ ਵਾਲ ਚੰਗੀ ਤਰ੍ਹਾਂ ਵਾਹ ਕੇ ਤੇ ਉਨ੍ਹਾਂ ਦੇ ਪਹਿਨਣ ਵਾਲੇ ਕੱਪੜੇ ਧੋ ਸੁਆਰ ਕੇ ਅਤੇ ਪ੍ਰੈੱਸ ਕਰਕੇ ਪਹਿਨਾਉਣ ਦੀ ਸ਼ੁਕੀਮ ਸੀ। ਸਿਆਲ ਦੀ ਠੰਡ ਵਿੱਚ ਉੱਨ ਖਰੀਦੀ ਕੇ ਉਨ੍ਹਾਂ ਦੇ ਸਵੈਟਰ ਤੇ ਕੋਟੀਆਂ ਆਪਣੇ ਹੱਥੀਂ ਬੁਣਦੀ ਰਹਿੰਦੀ। ਮੈਨੂੰ ਯਾਦ ਹੈ ਉਨ੍ਹਾਂ ਦਿਨਾਂ ਦੇ ਜਲੰਧਰ ਵਿੱਚ ਕਈ ਰਿਹਾਇਸੀ ਹੋਟਲ ਸਥਾਪਤ ਹੋ ਗਏ ਸਨ। ਰੈਸਤੋਰੈਂਟ 'ਦੀ ਪਲਾਜ਼ਾ' ਨਵਾਂ ਨਵਾਂ ਸਥਾਪਿਤ ਹੋਇਆ ਸੀ। ਇਸ ਦੇ ਮਾਲਕ ਸ. ਜਸਵੰਤ ਸਿੰਘ ਇਸਦੇ ਮਿਆਰ ਬਾਰੇ ਬੜੇ ਖ਼ਬਰਦਾਰ ਰਹਿੰਦੇ। ਖੁਸ਼ਹਾਲ ਲੋਕ ਜਿਨ੍ਹਾਂ ਵਿੱਚ ਮੇਰਾ ਮਿੱਤਰ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਸ਼ਾਮਲ ਸੀ, ਇੱਥੇ ਅਕਸਰ ਆ ਬੈਠਦਾ। ਕਦੇ ਕਦੇ ਬੱਚਿਆਂ ਨੂੰ ਵੀ ਲੈ ਆਉਂਦਾ। ਹਿੰਦੀ ਦਾ ਪ੍ਰਸਿੱਧ ਕਹਾਣੀਕਾਰ ਮੋਹਨ ਰਾਕੇਸ਼ ਵਿਰਕ ਨੂੰ ਇਸੇ ਰੈਸਤੋਰਾਨ 'ਪਲਾਜ਼ਾ' ਵਿੱਚ ਸ਼ੁਰੂ ਸ਼ੁਰੂ ਵਿੱਚ ਮਿਲਿਆ। ਮੋਹਨ ਰਾਕੇਸ਼ ਡੀ. ਏ. ਵੀ. ਕਾਲਜ ਜਲੰਧਰ ਵਿੱਚ ਹਿੰਦੀ ਦਾ ਲੈਕਚਰਾਰ ਸੀ। ਮੈਂ ਵੀ ਰੀਸ ਵਜੋਂ ਨਹੀਂ ਖੁਸ਼ੀ ਨਾਲ, ਆਪਣੀ ਪਤਨੀ ਤੇ ਬੱਚਿਆਂ ਨਾਲ ਇੱਥੇ ਆ ਕੇ ਬੈਠਦਾ, ਕੁਝ ਖਾਂਦਾ ਪੀਂਦਾ। ਜਦੋਂ ਕੰਪਨੀ ਬਾਗ ਦੇ ਐਨ ਸਾਹਮਣੇ ਇਕ ਇਮਾਰਤ ਦੇ ਉੱਪਰਲੇ ਹਾਲ ਵਿੱਚ, ਕਾਫੀ ਹਾਊਸ ਖੁਲ੍ਹ ਗਿਆ ਤਾਂ ਮੈਂ ਤਾਂ ਲੱਗ ਪਗ ਰੋਜ਼ ਹੀ ਕਾਫੀ

ਹਾਊਸ ਵਿੱਚ ਬੈਠਦਾ, ਮੇਰੇ ਬੱਚੇ ਵੀ ਛੁੱਟੀ ਵਾਲੇ ਦਿਨ ਇੱਥੇ ਆਉਂਦੇ। ਕਾਫੀ ਹਾਊਸ ਵਿੱਚ ਦੱਖਣੀ ਭਾਰਤ ਤੋਂ ਪਹੁੰਚੇ ਪਕਵਾਨ ਡੋਸਾ, ਇਡਲੀ ਤੇ ਵੜੇ ਪੰਜਾਬੀ ਲੋਕ ਵੀ ਖਾਣ ਲੱਗ ਪਏ ਸਨ। ਮੇਰੀ ਪਤਨੀ ਤੇ ਬੱਚਿਆਂ ਨੇ ਇਹ ਖਾਣੇ ਸੱਭ ਤੋਂ ਪਹਿਲਾਂ ਇੱਥੇ ਹੀ ਚੱਖੇ। ਕਾਫੀ ਹਾਊਸ ਵਿੱਚ ਮਾਸਾਹਾਰੀ ਭੋਜਨ ਵੀ ਮਿਲਦਾ ਸੀ। ਜਿਵੇਂ ਹੌਟ ਡੌਗ ਤੇ ਕੀਮੇ ਦੀ ਟਿੱਕੀ। ਮੇਰੀ ਨਿੱਕੀ ਜਿਹੀ ਧੀ ਦੀਪ ਛੋਟੀ ਜਿਹੀ ਉਮਰ ਵਿੱਚ ਹੀ ਹੌਟ ਡੌਗ ਦੀ ਸ਼ੁਕੀਨ ਹੋ ਗਈ। ਹਰ ਵਾਰੀ ਕਹਿੰਦੀ, ਮੈਂ ਤਾਂ ਹੌਟ ਡੌਗ ਖਾਣਾ ਹੈ। ਸੁਭਾਵਿਕ ਹੀ ਮੇਰੀਆਂ ਮੁੱਢਲੀਆਂ ਚਰਚਿਤ ਕਹਾਣੀਆਂ ਵਿੱਚ ਰੈਸਤੋਰਾਨ ਤੇ ਕਾਫੀ ਹਾਊਸ ਵਿੱਚ ਜਾਣ ਦਾ ਅਕਸਰ ਜ਼ਿਕਰ ਆਇਆ ਹੈ।

ਬੱਚਾ ਪਾਤਰਾਂ ਵਿੱਚ ਮੇਰੀ ਦਿਲਚਸਪੀ ਪਿੱਛੋਂ ਵੀ ਬਣੀ ਰਹੀ। 'ਇੰਦੂ', 'ਪੁਨੀਤ' ਤੇ 'ਹਰਲੀਨ' ਕਹਾਣੀਆਂ ਮੈਂ ਪਿੱਛੋਂ ਲਿਖੀਆਂ। 'ਇੰਦੂ' ਮੇਰੀ ਧੀ ਦੀਪ ਬਾਰੇ ਹੈ। ਉਹ ਦੋ ਢਾਈ ਸਾਲ ਦੀ ਉਮਰ ਵਿੱਚ ਇਕ ਸ਼ਾਮ ਅਚਾਨਕ ਗੁਆਚ ਗਈ ਸੀ। ਗਰਮੀਆਂ ਦੀ ਤਲਖੀ ਵਾਲੀ ਇਕ ਡੂੰਘੀ ਸ਼ਾਮ ਅਸੀਂ ਪੰਜੇ ਜਣੇ ਘਰ ਨੂੰ ਆ ਰਹੇ ਸਾਂ। ਮੇਰੇ ਪਾਸ ਇਕ ਸਾਈਕਲ ਹੁੰਦਾ ਸੀ ਜੋ ਵੱਡਾ ਪੁੱਤਰ ਰਾਣਾ (ਹਿਰਦੇਜੀਤ) ਮੇਰੇ ਹੱਥੋਂ ਪਕੜ ਕੇ ਰੇੜਦਾ ਆ ਰਿਹਾ ਸੀ। ਦੀਪ ਜ਼ਿੱਦ ਕਰਨ ਲੱਗੀ, ਮੈਂ ਸਾਈਕਲ ਉੱਤੇ ਬੈਠਣਾ ਹੈ। ਰਾਣਾ ਸਾਈਕਲ ਛੱਡੇ ਨਾ। ਦੀਪ ਉੱਪਰ ਬੈਠਣ ਦੀ ਜਿਦ ਵਿੱਚ ਬਾਜ਼ਾਰ ਵਿਚ ਤੁਰਦੀ ਤੁਰਦੀ ਪੈਰ ਗੱਡ ਕੇ ਖੜ ਗਈ। ਮੈਨੂੰ ਖਿਝ ਆਈ। ਕੁੜੀ ਨੂੰ ਡਰਾਵਾ ਦੇਣ ਲਈ ਅੱਗੇ ਅੱਗੇ ਤੁਰ ਪਏ। ਕੁੜੀ ਰੋਸੇ ਨਾਲ ਰੁਕੀ ਰਹੀ। ਫੇਰ ਡਰ ਕੇ ਸਾਡੇ ਪਿੱਛੇ ਪਿੱਛੇ ਦੌੜੀ। ਪਰ ਗਲਤ ਗਲੀ ਪੈ ਗਈ। ਉਸ ਨੂੰ ਲੱਭਣ ਲਈ ਪਿੱਛੇ ਮੁੜੇ ਤਾਂ ਉਹ ਅੱਗੋਂ ਕਿਸੇ ਹੋਰ ਗਲੀ ਵਿਚ ਮੁੜ ਚੁੱਕੀ ਸੀ। ਭੈਭੀਤ ਰੋ ਰਹੀ ਸੀ ਤੇ ਅੱਗੇ ਅੱਗੇ ਦੌੜ ਰਹੀ ਸੀ। ਹਾਰ ਕੇ ਕਾਹਲੀ ਨਾਲ ਪਰਿਵਾਰ ਨੂੰ ਘਰ ਛਡ ਕੇ ਆਉਣ ਤੇ ਦੋਸਤਾਂ ਮਿੱਤਰਾਂ ਦੀ ਸਹਾਇਤਾ ਨਾਲ ਲਾਡਲੀ ਧੀ ਨੂੰ ਲੱਭਣ ਦੇ ਦਹਿਸ਼ਤ ਭਰੇ ਮਨ ਨਾਲ ਘਰ ਪਹੁੰਚੇ, ਤਾਂ ਕੋਈ ਭਲਾ ਲੋਕ ਕੁੜੀ ਵਲੋਂ ਘਰ ਪਰਿਵਾਰ ਬਾਰੇ ਚੁਸਤੀ ਨਾਲ ਦਿੱਤੀ ਗਈ ਸੂਚਨਾ ਦੀ ਮਿਹਰਬਾਨੀ ਨਾਲ ਉਸਨੂੰ ਸਾਡੇ ਗੁਆਢੀਆਂ ਦਾ ਘਰ ਛੱਡ ਗਿਆ ਸੀ। ਕੁਝ ਘੰਟੇ ਧੀ ਦੇ ਗੁਆਚੀ ਰਹਿਣ ਦੇ ਭਿਆਨਕ ਡਰ ਭਰੇ ਅਨੁਭਵ ਨੂੰ ਮੈਂ ਕੁਝ ਸਾਲਾਂ ਬਾਅਦ 'ਇੰਦੂ' ਵਿਚ ਢਾਲਿਆ ਸੀ। 'ਪੁਨੀਤ' ਸਾਡੀ ਪੋਤੀ ਬਾਰੇ ਲਿਖੀ ਕਹਾਣੀ ਹੈ ਤੇ 'ਹਰਲੀਨ' ਸਾਡੀ ਦੋਹਤੀ ਬਾਰੇ। ਇਹ ਕਹਾਣੀਆਂ ਇਨ੍ਹਾਂ ਦੋਨਾਂ ਬੱਚਿਆਂ ਦੀ ਉਸੇ ਉਮਰ ਦੀਆਂ ਆਲੀਆਂ ਭੋਲੀਆਂ ਗੱਲਾਂ ਤੇ ਵਰਤਾਰੇ ਦੇਖਕੇ ਲਿਖੀਆਂ ਗਈਆਂ, ਜਿਸ ਉਮਰ ਵਿੱਚ ਕਦੇ ਸਾਡੀ ਧੀ ਦੀਪ ਸੀ।

ਕੋਈ ਕਹਾਣੀ ਯਾਦਾਂ ਦਾ ਇਨ ਬਿਨ ਉਤਾਰਾ ਨਹੀਂ ਹੁੰਦਾ। ਲੇਖਕ ਹਰ ਯਾਦ ਨੂੰ ਗਲਪੀ ਬਿਰਤਾਂਤ ਵਿੱਚ ਪੁਨਰ ਸਿਰਜਤ ਕਰਦਾ ਹੈ। ਤਾਂ ਵੀ ਪਿੱਛੇ ਦਿੱਤੀਆਂ ਕਹਾਣੀਆਂ ਯਾਦਾਂ ਦੇ ਬਹੁਤ ਨੇੜੇ ਹਨ। ਪਾਤਰਾਂ ਦਾ ਸੰਬੰਧ ਮੇਰੇ ਪਰਿਵਾਰ ਨਾਲ ਹੈ। ਪਰ 'ਜੋਤਿ ਹੈ ਸੋਇ' ਜੋ ਮੇਰੀਆਂ ਪਿੱਛੋਂ ਛਪੀਆਂ ਪੁਸਤਕਾਂ ਵਿੱਚ 'ਬੱਚਾ' ਸਿਰਲੇਖ ਹੇਠ ਛਪਦੀ ਰਹੀ ਹੈ। ਦਾ ਮੁਖ ਪਾਤਰ ਪ੍ਰੇਮ ਮੇਰੇ ਪਰਿਵਾਰ ਦਾ ਜੀਆ ਨਹੀਂ ਹੈ। ਉਦੋਂ ਮੈਂ ਜਲੰਧਰ ਦੇ ਸੈਂਟਰਲ ਟਾਊਨ ਮੁਹੱਲੇ ਦੇ ਇਕ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸਾਂ। ਗਰਮੀਆਂ ਦੀ ਬਰਸਾਤ ਦੇ ਦਿਨ ਸਨ। ਹੁੰਮਸ ਸੀ। ਬੈਠਕ ਦਾ ਦਰਵਾਜ਼ਾ, ਜੋ ਬਾਹਰ ਸੜਕ ਵਲ ਨੂੰ ਖੁੱਲ੍ਹਦਾ ਸੀ, ਖੁੱਲਿਆ ਹੋਇਆ ਸੀ। ਮੰਗਤਾ ਮੁੰਡਾ ਪ੍ਰੇਮ, ਜਿਸਦੀ ਉਮਰ ਸਾਡੇ ਵੱਡੇ ਪੁੱਤਰ ਰਾਣੇ ਨਾਲੋਂ ਤਿੰਨ ਕੁ ਸਾਲ ਵੱਧ ਸੀ, ਅੱਧੋਰਾਣਾ ਝੱਗਾ ਪਾਈ ਤੇ ਹੱਥ ਵਿੱਚ ਕਰਮੰਡਲ ਫੜੀ ਲੰਘਦਾ ਲੰਘਦਾ ਰੁਕ ਗਿਆ। ਮੀਂਹ ਉਤਰਿਆ ਤਾਂ ਵਰਾਂਡੇ ਵਿੱਚ ਨੂੰ ਚੜ੍ਹ ਆਇਆ। ਸਾਡੇ ਬੱਚੇ ਤਿੰਨ ਪਹੀਏ ਸਾਈਕਲ ਨਾਲ ਖੇਲ੍ਹ ਰਹੇ ਸਨ। ਮੀਂਹ ਵਧਿਆ ਤਾਂ ਮੈਂ ਬੱਚਿਆਂ ਨੂੰ ਪ੍ਰੇਰਿਆ, ਉਹ ਸਾਈਕਲ ਅੰਦਰ ਬੈਠਕ ਵਿੱਚ ਲੈ ਆਉਣ। ਮੰਗਤਾ ਬੱਚਾ ਅੰਦਰ ਜਾਂਦੇ ਬੱਚਿਆਂ ਨੂੰ ਤੇ ਸਾਈਕਲ ਨੂੰ ਦੇਖਦਾ ਰਿਹਾ। ਮੀਂਹ ਵਿਚ ਭਿੱਜਦਾ ਦੇਖ ਕੇ ਮੈਂ ਮੰਗਤੇ ਨੂੰ



ਕਿਹਾ, ਉਹ ਵੀ ਅੰਦਰ ਆ ਜਾਵੇ। ਮੁੰਡਾ ਤ੍ਰਭਕਿਆ, ਜਿਵੇਂ ਉਹਨੂੰ ਯਕੀਨ ਨਾ ਹੋਵੇ ਮੈਨੂੰ ਹੀ ਅੰਦਰ ਆਉਣ ਲਈ ਕਿਹਾ ਗਿਆ ਹੈ। ਦੋਬਾਰਾ ਕਹਿਣ ਤੇ ਉਹ ਅੰਦਰ ਆਉਣ ਲਈ ਤਿਆਰ ਹੋ ਗਿਆ, ਪਰ ਕਰਮੰਡਲ ਵਲ ਦੇਖ ਮੈਂ ਕਿਹਾ, ਕਰਮੰਡਲ ਵੀ ਅੰਦਰ ਲੈ ਆ।

ਪਤਨੀ ਬੜੇ ਬਣਾ ਲਿਆਈ। ਮੈਂ ਸਾਧੂ ਬੱਚੇ ਨੂੰ ਵੀ ਪੂੜੇ ਦੁਆਏ। ਤਿੰਨੇ ਬੱਚੇ ਖੇਲ੍ਹਦੇ-ਖੇਲ੍ਹਦੇ ਲੜ ਪਏ। ਦੀਪ ਰੋਣ ਲੱਗੀ। ਮੈਂ ਧੀ ਨੂੰ ਪੁੱਛਿਆ, ਤੈਨੂੰ ਕਿਸ ਨੇ ਮਾਰਿਆ ਦੀਪ ਤਾਂ ਨਾ ਬੋਲੀ ਸਾਧੂ ਮੁੰਡਾ ਬੋਲਿਆ, "ਯੇਹ ਦੋਨੋਂ ਛੋਟੀ ਕੋ ਮਾਰੇ।" ਹੁਣ ਮੈਂ ਤ੍ਰਭਕਿਆ। ਇਹ ਸਾਧੂ ਦੇ ਮੂੰਹੋਂ ਨਿਕਲਿਆ, ਪਹਿਲਾ ਬੋਲ ਸੀ, ਪਹਿਲਾਂ ਤਾਂ ਉਹ ਅਜਨਬੀ ਸੀ। ਰਾਹ ਜਾਂਦਾ ਮੰਗਤਾ ਜਿਸਨੂੰ ਮੈਂ ਮੀਂਹ ਤੋਂ ਬਚਣ ਲਈ ਅੰਦਰ ਬੈਠਾਇਆ ਤੇ ਕੁਝ ਖਾਣ ਨੂੰ ਦਿੱਤਾ ਪਰ ਇਹ ਬੋਲ ਨਾਲ ਉਹ ਸਾਡੀ ਦੁਨੀਆਂ ਨਾਲ ਜੁੜ ਗਿਆ ਸੀ। ਮੈਂ ਉਹਨੂੰ ਪੁੱਛਿਆ, ਤੂੰ ਕਿੱਥੇ ਰਹਿਨੈਂ? "ਦੇਵੀ ਤਲਾਬ" ਉਸ ਦਾ ਜਵਾਬ ਸੀ। "ਉਥੇ ਕਿਹਦੇ ਪਾਸ ਰਹਿਨੇਂ?" ਮੈਂ ਪੁੱਛਿਆ, "ਗੁਰੂ ਜੀ ਪਾਸ।" ਉਸਦਾ ਜਵਾਬ ਸੀ। ਹੋਰ ਸਵਾਲਾਂ ਦੇ ਜਵਾਬ ਵਿੱਚ ਪਤਾ ਲੱਗਾ ਦੇਵੀ ਤਾਲਾਬ ਮੰਦਰ ਦੀ ਇਮਾਰਤ ਵਿਚ ਕਈ ਸਾਧੂ ਰਹਿੰਦੇ ਹਨ। ਇਕ ਕੋਠੜੀ ਇਸਦੇ ਗੁਰੂ ਪਾਸ ਹੈ। ਉਹ ਸਵੇਰੇ ਉੱਠਕੇ ਪਾਠ ਪੂਜਾ ਕਰਦੇ ਹਨ। ਕੁਝ ਪਕਾਉਂਦੇ ਹਨ, ਜੋ ਆਪ ਖਾਂਦੇ ਹਨ, ਤੇ ਇਸ ਮੁੰਡੇ ਨੂੰ ਖੁਆਉਂਦੇ ਹਨ। ਇਸ ਮੁੰਡੇ ਦਾ ਕੰਮ ਹੈ, ਹਫਤੇ ਵਿੱਚ ਤਿੰਨ ਵਾਰ ਮੰਗਲਵਾਰ, ਵੀਰਵਾਰ ਤੇ ਸਨਿੱਚਰਵਾਰ ਬਗਲੀ ਲਟਕਾ ਕੇ ਤੇ ਕਰਮੰਡਲ ਫੜ ਕੇ ਸ਼ਹਿਰ ਦਾ ਚੱਕਰ ਮਾਰਨਾ, ਤੇ ਖੈਰ ਮੰਗਣਾ, ਇਹ ਕੁਝ ਆਟਾ ਤੇ ਕੁਝ ਨਕਦ ਪੈਸੇ ਮੰਗ ਲਿਆਉਂਦਾ ਹੈ। ਸਾਧੂ ਬੱਚੇ ਨੂੰ ਆਟੇ ਤੋਂ ਵੱਖਰੀ ਮਿਲਦੀ ਖਾਣ ਦੀ ਚੀਜ਼ ਅਤੇ ਨਕਦ ਪੈਸਿਆਂ ਦਾ ਜ਼ਿਕਰ ਕੁਝ ਸੁਆਦ ਨਾਲ ਕੀਤਾ।" ਕੱਲ੍ਹ ਏਕ ਸਾਊ ਨੇ ਚਾਰ ਆਨੇ ਦੀਆਂ। ਮੈਂ ਹਲਵਾਈ ਦੀ ਦੁਕਾਨ ਸੇ ਲੱਸੀ ਬਨਾ ਕੇ ਪੀ। ਗੁਰੂ ਜੀ ਕੋ ਬਤਾਇਆ ਨਹੀਂ।"

ਅਗਲੇ ਦਿਨਾਂ ਵਿਚ ਇਹ ਮੁੰਡਾ, ਜਦੋਂ ਮੈਨੂੰ ਬੈਠਕ ਵਿੱਚ ਬੈਠਾ ਦੇਖਦਾ, ਤਾਂ ਝਿਜਕਦਾ ਝਿਜਕਦਾ ਰੁਕ ਜਾਂਦਾ। ਮੇਰੇ ਕਹਿਣ ਤੇ ਅੰਦਰ ਆ ਜਾਂਦਾ। ਮੇਰੇ ਹੋਰ ਸਵਾਲਾਂ ਦੇ ਜਵਾਬ ਵਿਚ ਉਸਨੇ ਦੱਸਿਆ, "ਉਸਦਾ ਪਿੰਡ ਬੀਕਾਨੇਰ ਦੇ ਨੇੜੇ ਹੈ। ਮੇਰੀ ਮਾਂ ਨੇ ਮੇਰੇ ਗੁਰੂ ਜੀ ਪਾਸ ਚੇਲਾ ਚੜ੍ਹਾ ਦੀਆ।"

ਮੈਂ ਪੁੱਛਿਆ, "ਤੂੰ ਗੁਰੂ ਜੀ ਪਾਸ ਖੁਸ਼ ਹੈਂ?"

"ਹਾਂ।"

"ਕਿਉਂ?"

"ਘਰ ਮੇਂ ਮਾਂ ਮੁਝੇ ਮਾਰੇ। ਬਾਈ ਵੀ ਮਾਰੇ। ਮੁਝੇ ਕਹੇਂ ਹਮਾਰੇ ਬਰਾਬਰ ਕਾਮ ਕਰ। ਬੋਰੀ ਉਠਾ। ਹਲ ਚਲਾ। ਚਾਰਾ ਕਾਟ। ਮੈਂ ਤੋਂ ਇਤਨਾ ਛੋਟਾ ਥਾਂ। ਮੈਂ ਉਨ ਕੇ ਬਰਾਬਰ ਕੈਸੇ ਕਾਮ ਕਰੂੰ?"

ਜ਼ਾਹਰ ਸੀ, ਇਹ ਗੱਲਾਂ ਗੁਰੂ ਨੇ ਉਸ ਦੇ ਮਨ ਵਿਚ ਬੈਠਾਈਆਂ ਹੋਈਆਂ ਸਨ, ਤਾਂ ਕਿ ਉਹ ਘਰ ਨੂੰ ਭੁੱਲਿਆ ਰਹੇ।

ਪਰ ਮੇਰੇ ਘਰ ਆਉਂਦਾ ਰਹਿਣ ਕਰਕੇ ਤੇ ਮੇਰੇ ਘਰ ਵਿੱਚ ਪੈਦਾ ਹੁੰਦੀਆਂ ਸਮੱਸਿਆਵਾਂ ਬਾਰੇ ਸੁਣਦਾ ਰਹਿਣ ਕਰਕੇ ਉਸ ਉੱਤੋਂ ਸਾਧੂ ਪੁਣੇ ਦਾ ਮਲੱਮਾ ਲਹਿ ਗਿਆ। ਇਕ ਦਿਨ ਉਸਨੇ ਦੱਸਿਆ, ਮੈਂ ਪੈਸੇ ਜੋੜਾਗਾ। ਪੈਸੇ ਜੋੜ ਕੇ ਕੀ ਕਰੇਂਗਾ? "

ਮੈਂ ਪੁੱਛਿਆ , 'ਗਾੜੀ ਮੇਂ ਬੈਠ ਕਰ ਘਰ ਜਾਊਂਗਾ।"

"ਤੂੰ ਤਾਂ ਕਹਿੰਦਾ ਸੀ, ਮਾਂ ਬਾਰੇ?"

ਉਸਦੇ ਜਵਾਬ ਨੇ ਜਿਵੇਂ ਮੈਨੂੰ ਸੁੱਤੇ ਪਏ ਨੂੰ ਜਗਾ ਦਿੱਤਾ, "ਮਾਂ ਚਾਹੇ ਮਾਰੇ ਚਾਹੇ ਪੀਟੇ, ਮਾਂ ਤੋਂ ਮਾਂ ਹੀ ਹੈ। ਮਾਂ ਕੇ ਪਾਸ ਕੌਣ ਨਾ ਜਾਏ?"

ਹੁਣ ਉਹ ਮੁਕੰਮਲ ਤੌਰ ਤੇ ਮੇਰੀ ਦੁਨੀਆਂ ਦਾ ਜੀਵ ਸੀ।

ਜਿਨ੍ਹਾਂ ਦਿਨਾਂ ਵਿੱਚ ਮੈਂ ਉਪ੍ਰੋਕਤ ਕਹਾਣੀਆਂ ਲਿਖੀਆਂ, ਮੈਂ ਦੈਨਿਕ ਅਖਬਾਰਾਂ ਦੀ ਨੌਕਰੀ ਛੱਡ ਕੇ ਆਪਣੀ ਅਕਾਡਮੀ ਵਿਚ ਮੁੰਡੇ ਕੁੜੀਆਂ ਨੂੰ ਪੜਾਉਣਾ ਸ਼ੁਰੂ ਕਰ ਦਿੱਤਾ ਸੀ। ਇਹ ਮੁੰਡੇ ਕੁੜੀਆਂ ਬਹੁਤੀ ਗਿਣਤੀ ਵਿੱਚ ਮੇਰੇ ਹਮ ਉਮਰ ਸਨ। ਸੁਭਾਵਕ ਹੀ ਇਹ ਵਿਦਿਆਰਥੀ ਮੇਰੇ ਲਈ ਸਮਕਾਲੀ ਦੁਨੀਆਂ ਵੱਲ ਖੁੱਲ੍ਹਦੀ ਬਹੁਤ ਵੱਡੀ ਖਿੜਕੀ ਸੀ। ਮੈਂ ਉਨ੍ਹਾਂ ਵਿਚੋਂ ਕਈਆਂ ਦੇ ਬਹੁਤ ਗੂੜੇ ਸੰਪਰਕ ਵਿੱਚ ਆਇਆ-ਖਾਸ ਤੌਰ ਤੇ ਮੁਟਿਆਰ ਲੜਕੀਆਂ ਦੇ ਸੰਪਰਕ ਵਿਚ। ਪਿਆਰ ਈਰਖਾ, ਨਫਰਤ ਦੇ ਰਿਸ਼ਤੇ ਚੁਣੇ। ਮੈਂ ਕਾਹਲੀ ਕਾਹਲੀ ਕਈ ਕਹਾਣੀਆਂ ਲਿਖੀਆਂ। ਪਿੱਛੇ ਦਿੱਤੀਆਂ ਕਹਾਣੀਆਂ ਤੋਂ ਉਲਟ ਇਨ੍ਹਾਂ ਵਿੱਚ ਯਥਾਰਥ ਦੀ ਥਾਂ ਰੁਮਾਂਟਿਕ ਕਲਪਨਾ ਸੀ। ਉਪਭਵਕਤਾ ਸੀ। ਸਮਾਂ ਗੁਜ਼ਰਨ ਤੋਂ ਬਾਅਦ ਮੈਨੂੰ ਨਰ-ਨਾਰੀ ਦੇ ਇਸ ਰਿਸ਼ਤੇ ਦੇ ਯਥਾਰਥ ਦੀ ਜ਼ਿਆਦਾ ਸਮਝ ਆਈ। ਇਸੇ ਕਰਕੇ ਆਪਣੇ ਸੰਪਰਕ ਵਿੱਚ ਆਏ ਨਾਰੀ ਪਾਤਰਾਂ ਦਾ ਜੋ ਪ੍ਰੌਢ ਵਰਨਣ ਮੈਂ ਪਿਛਲੇ ਵੀਹ ਸਾਲਾਂ ਵਿੱਚ ਲਿਖੇ ਨਾਵਲਾਂ 'ਸ਼ਹਿਰ', 'ਸੰਸਾਰ', 'ਪਰਿਵਾਰ' ਤੇ 'ਰੁਪਏ ਪੈਸੇ ਵਿੱਚ' ਕੀਤਾ ਹੈ, ਉਹ 1960-61 ਵਿੱਚ ਲਿਖੀਆਂ ਕਹਾਣੀਆਂ ਵਿੱਚ ਨਹੀਂ ਕਰ ਸਕਿਆ ਸਾਂ।

1960-70 ਦੇ ਦਹਾਕੇ ਵਿਚ ਮੇਰੇ ਸੰਪਰਕ ਵਿਚ ਆਏ ਕੁਝ ਪੁਰਖ ਪਾਤਰਾਂ ਨੇ ਮੈਨੂੰ ਕੁਝ ਬਿਹਤਰ ਕਹਾਣੀਆਂ ਲਿਖਣ ਲਈ ਸਾਮੱਗਰੀ ਦਿੱਤੀ। ਆਪਣਾ ਇਕ ਵਿਦਿਆਰਥੀ ਗੁਰਮੀਤ ਸਿੰਘ ਔਜਲਾ ਮੈਨੂੰ ਕਦੀ ਨਹੀਂ ਭੁੱਲਿਆ। ਉਸਦਾ ਪਿੰਡ 'ਡੇਰ੍ਹੀ ਵਾਲਾ' ਰਈਏ ਦੇ ਨੇੜੇ ਜ਼ਿਲ੍ਹਾ ਅੰਮ੍ਰਿਤਸਰ ਵੱਲ ਹੈ। ਉਹ ਮੈਟਰਿਕ ਪਾਸ ਕਰਕੇ 'ਗਰਾਮ ਸੇਵਕ' ਭਰਤੀ ਹੋ ਕੇ ਜਲੰਧਰ ਦੇ ਨੇੜੇ ਕਿਸੇ ਡੀਵੈਲਪਮੈਂਟ ਬਲਾਕ ਵਿੱਚ ਨੌਕਰੀ ਕਰ ਰਿਹਾ ਸੀ। ਪਿਤਾ ਦੀ ਮੌਤ ਹੋ ਚੁੱਕੀ ਸੀ। ਆਰਥਕ ਹਾਲਤ ਚੰਗੀ ਨਹੀਂ ਸੀ, ਤਾਂ ਵੀ ਸਵੈ ਵਿਸ਼ਵਾਸ਼ ਨਾਲ ਭਰਪੂਰ ਸੀ। ਉਸਦੀ ਸਭ ਤੋਂ ਵੱਡੀ ਸਿਫਤ ਇਹ ਸੀ ਕਿ ਖ਼ੁਦ ਖੁੱਭ ਕੇ ਜ਼ਿੰਦਗੀ ਜੀਊਂਦਾ ਸੀ। ਹਮ ਉਮਰ ਤੇ ਵਡੇਰੀ ਉਮਰ ਦੇ ਲੋਕਾਂ ਵਿਚ ਵੀ ਗਹਿਰੀ ਦਿਲਚਸਪੀ ਲੈਂਦਾ ਸੀ। ਗੱਲਾਂ ਕਰਨ ਦਾ ਸ਼ੁਕੀਨ ਸੀ। ਜਦੋਂ ਵੀ ਮਿਲਦਾ, ਮਿਲੇ ਪਾਤਰਾਂ ਤੇ ਵਾਪਰਦੀਆਂ ਘਟਨਾਵਾਂ ਰਸ ਨਾਲ ਸੁਣਾਉਂਦਾ। ਮੈਂ ਉਸ ਤੋਂ ਸੁਣੇ ਵੇਰਵਿਆਂ ਤੇ ਉਸਦੇ ਸੰਪਰਕ ਵਿੱਚ ਆਏ ਲੋਕਾਂ ਤੋਂ ਪ੍ਰਭਾਵਤ ਹੋ ਕੇ ਦੋ ਕਹਾਣੀਆਂ ਲਿਖੀਆਂ – 'ਧੌਲ' ਜੋ ਪਿੱਛੋਂ 'ਦਰ ਦਰਵੇਸ਼ੀ ਗਾਖੜੀ' ਨਾਮ ਹੇਠ ਛਪੀ। ਤੇ 'ਕੋਲੰਬਸ' ਵੀ ਪ੍ਰੀਤਲੜੀ ਵਿੱਚ ਛਪੀ। ਮੈਂ ਇਸ ਨੂੰ ਆਪਣੀ ਕਹਾਣੀਕਾਰੀ ਦੇ ਮੁਢਲੇ ਦੌਰ ਦੀ ਬਹੁਤ ਵਧੀਆ ਕਹਾਣੀ ਮੰਨਦਾ ਹਾਂ। ਇਸ ਕਹਾਣੀ ਦਾ ਮੁਖ ਪਾਤਰ ਹਰਨਾਮ ਸਿੰਘ ਆਪਣੇ ਪਿਤਾ ਦੀ ਬੇਵਕਤ ਮੌਤ ਤੋਂ ਬਾਅਦ ਆਪਣੀ ਚੜ੍ਹਦੀ ਜਵਾਨੀ ਦੀਆਂ ਤਰੰਗਾਂ ਨੂੰ ਭੁਲ ਕੇ ਮਰ ਚੁੱਕੇ ਪਿਉ ਦੀ ਭੂਮਿਕਾ ਨਿਭਾਉਂਦਾ ਹੈ। ਪਹਿਲਾਂ ਤਾਂ ਘਰੋਂ ਇਕ ਸਾਧੂ ਦੀਆਂ ਵੈਰਾਗਮਈ ਸਿਖਿਆਵਾਂ ਸੁਣ ਕੇ ਖ਼ੁਦ ਵੀ ਵੈਰਾਗੀ ਬਣਨ ਦੇ ਰਾਹ ਤੁਰ ਪਿਆ ਸੀ। ਪਰ ਮਾਂ ਤੇ ਛੋਟੇ ਭਰਾਵਾਂ ਨੂੰ ਨਾ ਭੁੱਲ ਸਕਿਆ। ਸਾਧੂ ਗੁਰੂ ਤੋਂ ਆਗਿਆ ਲੈ ਕੇ ਲਾਹੌਰ ਵਿੱਚ ਕਿਸੇ ਅਮੀਰ ਸਰਦਾਰ ਦੇ ਘਰ ਦਾ ਕਾਰਿੰਦਾ ਬਣ ਗਿਆ। ਅਠਾਰਾਂ ਸਾਲ ਸਰਦਾਰ ਦੀ ਨੌਕਰੀ ਕੀਤੀ। ਪਿਉ ਦਾ ਕਰਜਾ ਉਤਾਰਿਆ। ਗਹਿਣੇ ਪਈ ਜ਼ਮੀਨ ਛੁਡਾਈ। ਦੋਵੇਂ ਛੋਟੇ ਭਰਾ ਵਿਆਹੇ। ਅਧਖੜ ਉਮਰ ਵਿੱਚ, ਜਦੋਂ ਵਿਆਹੇ ਭਰਾ ਦੀ ਧੀ ਮੁਟਿਆਰ ਹੋ ਚੁੱਕੀ ਸੀ, ਕਿਸੇ ਮਿੱਤਰ ਦੇ ਕਹਿਣ ਉੱਤੇ ਇਕ ਪੈਂਤੀਆਂ ਛੱਤੀਆਂ ਦੀ ਉਮਰ ਵਾਲੀ ਵਿਧਵਾ ਨਾਲ ਆਪ ਵਿਆਹ ਕਰਾਉਣ ਲਈ ਤਿਆਰ ਹੋ ਗਿਆ। ਇਕ ਦਿਨ ਜਦੋਂ ਇਸ ਔਰਤ ਨਾਲ ਵਿਆਹ ਦੀ ਗਲ ਪੱਕੀ ਕਰਨ ਲਈ ਜਾਣਾ ਸੀ, ਭਰਜਾਈ ਨੇ ਉਸ ਨੂੰ ਕਿਹਾ, "ਭਾਈਆ ਤੂੰ ਸਵੇਰੇ ਧਨੀ ਪਿੰਡ ਜਾਣੇ। ਆਪਣੀ ਜੀਤੋ ਲਈ ਉਸਦੇ ਮਾਮੇ ਨੇ ਇਕ ਮੁੰਡਾ ਦੇਖਿਆ। ਉਸ ਨੇ ਸੁਨੇਹਾ ਭੇਜਿਆ, ਆ ਕੇ ਮੁੰਡਾ ਦੇਖ ਜਾਉ, ਨਹੀਂ ਤਾਂ ਮੁੰਡਾ ਰੁਕ ਜਾਊ।"



"ਹਰੀ ਸਹੁੰ ਜਾ ਕੇ ਦੇਖ ਆਵੇ। ਮੈਂ ਕੀ ਕਰਨੈਂ?"

"ਹੈ ਹਾ! ਭਾਈਆ। ਇਹ ਕੀ ਕਹਿਨੈਂ? ਤੂੰ ਉਹਨਾਂ ਦੇ ਪੇ ਦੀ ਥਾਂ ਹੈਂ। ਪੇ ਬਣ ਕੇ ਤੂੰ ਉਹਨਾਂ ਨੂੰ ਪਾਲਿਆ ਤੇ ਵਿਆਹਿਆ। ਜੀਤੋ ਜੇ ਉਹਦੀ ਧੀ ਐ, ਤਾਂ ਤੇਰੀ ਪੋਤੀ ਦੀ ਥਾਂ ਐ। ਤੈਨੂੰ ਛੱਡ ਕੇ ਉਹ ਕਿੱਦਾਂ ਮੁੰਡਾ ਦੇਖਣ ਜਾਵੇ?"

ਪਿੱਛੋਂ ਜਦੋਂ ਕੋਈ ਵਾਕਿਫਕਾਰ ਹਰਨਾਮ ਸਿੰਘ ਨੂੰ ਪੁੱਛਦਾ ਹੈ, ਆਪਣੇ ਵਿਆਹ ਲਈ ਉਸ ਔਰਤ ਨਾਲ ਗਲ ਕਰਨ ਲਈ ਗਿਆ ਸੀ, ਤਾਂ ਉਹ ਫਿੱਕਾ ਜਿਹਾ ਹਸਦਾ ਹੈ, ਤੇ ਕਹਿੰਦਾ ਹੈ, "ਹੁਣ ਕੋਈ ਵਰੇਸ਼ ਐ ਮੇਰੇ ਵਿਆਹ ਦੀ?"

1963 ਵਿੱਚ ਛਪੇ ਦੂਜੇ ਕਹਾਣੀ ਸੰਗ੍ਰਹਿ 'ਪਹਿਲੀ ਵਾਰ' ਤੇ 1968 ਵਿਚ ਛਪੇ ਤੀਜੇ ਕਹਾਣੀ ਸੰਗ੍ਰਹਿ 'ਪੁਤਲਾ' ਵਿੱਚ ਮੈਂ ਆਪਣੇ ਸੰਪਰਕ ਵਿੱਚ ਆਈਆਂ ਮੁਟਿਆਰਾ ਬਾਰੇ ਵੀ ਕੁਝ ਕਹਾਣੀਆਂ ਲਿਖੀਆਂ ਪਰ ਵਧੇਰੇ ਕਹਾਣੀਆਂ ਦੂਜੇ ਲੋਕਾਂ ਬਾਰੇ ਲਿਖੀਆਂ। ਮੈਨੂੰ ਜਲੰਧਰ ਸ਼ਹਿਰ ਵਿੱਚ ਰਹਿੰਦਿਆਂ ਲੱਗ ਪੱਗ ਵੀਹ ਸਾਲ ਹੋ ਗਏ ਸਨ। ਕਈ ਸ਼ਹਿਰੀ ਟੱਬਰ ਮੇਰੇ ਨਾਲ ਘੁੱਲੇ ਮਿਲੇ ਸਨ। ਬਹੁਤ ਸਾਰੇ ਪੁਰਖ ਤੇ ਨਾਰੀਆਂ ਮੇਰੇ ਪ੍ਰੀਚਿਤ ਸਨ। ਮੈਨੂੰ ਪਿੰਡ ਤੇ ਸ਼ਹਿਰ ਦੀ ਸਭਿਅਤਾ ਦੇ ਫਰਕ ਦੀ ਸਮਝ ਆ ਰਹੀ ਸੀ। ਮੱਧ ਕਾਲੀਨ ਸਮਾਜ ਤੇ ਵੀਹਵੀਂ ਸਦੀ ਦੇ ਪੇਂਡੂ ਸਮਾਜ ਦੀ ਮੁਹੱਬਤ ਅਤੇ ਨਵੀਂ ਸ਼ਹਿਰੀ ਸਮਾਜ ਦੀ ਮੁਹੱਬਤ ਦਾ ਜੋ ਫਰਕ ਮੈਂ ਇਨ੍ਹਾਂ ਦਿਨਾਂ ਵਿੱਚ ਸਮਝਿਆ, ਇਹ ਮੇਰੇ ਲਈ ਬਿਲਕੁਲ ਨਵਾਂ ਗਿਆਨ ਸੀ। ਪਹਿਲੀ ਵਾਰ ਮੈਨੂੰ ਸਮਝ ਆਈ, ਨਵੀਂ ਸਭਿਅਤਾ ਵਿੱਚ ਮੁਹੱਬਤ ਚਿਰ ਸਥਾਈ ਜਜ਼ਬਾ ਨਹੀਂ। ਸ਼ਹਿਰੀ ਪੁਰਖ ਨਾਰੀਆਂ ਇਕ ਦੂਜੇ ਨੂੰ ਪ੍ਰੇਮ ਕਰਦੇ ਹਨ। ਹਾਲਾਤ ਠੀਕ ਨਾ ਹੋਣ, ਤਾਂ ਇਕ ਦੂਜੇ ਦੇ ਪ੍ਰੇਮ ਵਿੱਚ ਮਰਨ ਲਈ ਤਿਆਰ ਨੇ ਜਿਵੇਂ ਹੀਰ ਰਾਂਝਾ, ਸੋਹਣੀ ਮਹੀਂਵਾਲ ਤੇ ਸੱਸੀ ਪੁੰਨੂੰ ਮਰ ਗਏ ਸਨ। ਹੁਣ ਇਕ ਪ੍ਰੇਮ ਤੋਂ ਬਾਅਦ ਦੂਜਾ ਪ੍ਰੇਮ ਵੀ ਹੁੰਦਾ ਹੈ, ਦੂਜੇ ਪ੍ਰੇਮ ਤੋਂ ਬਾਅਦ ਤੀਜਾ ਪ੍ਰੇਮ ਵੀ ਪ੍ਰੇਮ ਇਕ ਨਾਲ ਤੇ ਵਿਆਹ ਦੂਜੇ ਨਾਲ ਹੋ ਜਾਂਦਾ ਹੈ।

ਇਸ ਨਵੇਂ ਗਿਆਨ ਨਾਲ ਮੈਂ, 'ਮੈਂ, ਤੂੰ ਤੇ ਉਹ' ਅਤੇ 'ਕਸੁੰਭੜਾ' ਕਹਾਣੀਆਂ ਲਿਖੀਆਂ।

'ਮੈਂ ਤੂੰ ਤੇ ਉਹ' ਦੀ ਮੁਖ ਪਾਤਰ ਦਿਲਜੀਤ ਪਿੰਡ ਰਹਿੰਦੀ ਪੜ੍ਹੀ ਲਿਖੀ ਮੁਟਿਆਰ ਹੈ ਜੋ ਰੋਜ ਸ਼ਹਿਰ ਵਿੱਚ ਟੈਲੀਫੂਨ ਐਕਸਚੇਂਜ ਵਿੱਚ ਨੌਕਰੀ ਕਰਨ ਲਈ ਆਉਂਦੀ ਹੈ। ਪਿੰਡ ਵਾਲੇ ਘਰ ਵਿੱਚ ਇਕ ਜੁਆਨ ਜੋ ਭਰਾ ਦਾ ਮਿੱਤਰ ਹੈ, ਅਕਸਰ ਮਿੱਤਰ ਨੂੰ ਮਿਲਣ ਆਉਂਦਾ ਹੈ। ਦਿਲਜੀਤ ਉਸ ਵਲ ਆਕਰਸ਼ਤ ਹੁੰਦੀ ਹੈ ਤੇ ਜੁਆਨ ਉਸ ਵਲ। ਜੁਆਨ ਫੌਜ ਵਿਚ ਭਰਤੀ ਹੋ ਜਾਂਦਾ ਹੈ। ਪਰ ਮੁਹੱਬਤ ਕਾਇਮ ਰਹਿੰਦੀ ਹੈ। ਚਿੱਠੀ ਪੱਤਰ ਹੁੰਦਾ ਹੈ। ਪਰ ਦਿਲਜੀਤ ਦਾ ਪਿਉ ਜੋ ਰਿਟਾਇਰਡ ਫੌਜੀ ਹੈ, ਧੀ ਤੋਂ ਪ੍ਰੇਮ-ਪਿਆਰ ਕਰ ਲੈਣ ਦੀ ਖੁੱਲ੍ਹ ਦੀ ਆਸ਼ ਨਹੀਂ ਕਰਦਾ। ਜਦੋਂ ਦੋਨਾਂ ਦੇ ਮੇਲ ਜੋਲ ਦੀ ਭਿਣਕ ਫੌਜੀ ਪਿਉ ਨੂੰ ਪੈਂਦੀ ਹੈ ਤਾਂ ਉਹ ਦਿਲਜੀਤ ਨੂੰ ਨਿਰਲੱਜ ਤੇ ਬਦ ਚਲਨ ਕਹਿੰਦਾ ਹੈ। ਨੌਕਰੀ ਤੋਂ ਹਟਾ ਲੈਣ ਦੀ ਧਮਕੀ ਦਿੰਦਾ ਹੈ। ਫੌਜੀ ਪ੍ਰੇਮੀ ਨੂੰ ਦਿਲਜੀਤ ਨੂੰ ਪਈਆਂ ਝਿੜਕਾਂ ਦੀ ਖ਼ਬਰ ਮਿਲਦੀ ਹੈ ਤਾਂ ਉਹ ਦਿਲਜੀਤ ਨੂੰ ਪ੍ਰੇਮ ਦੇ ਜਜ਼ਬਾਤ ਨਾਲ ਛਲਕਦੀ ਚਿੱਠੀ ਲਿਖਦਾ ਹੈ, ਤੇ ਹੇਠਾਂ ਦਸਖ਼ਤ ਆਪਣੇ ਖ਼ੂਨ ਨਾਲ ਕਰਦਾ ਹੈ। ਫੌਜੀ ਪ੍ਰੇਮੀ ਛੁੱਟੀ ਤੇ ਪਿੰਡ ਆਇਆ ਤਾਂ ਦਿਲਜੀਤ ਦਫਤਰੋਂ ਛੁੱਟੀ ਲੈ ਕੇ ਪ੍ਰੇਮੀ ਨੂੰ ਮਿਲਣ ਗਈ। ਪਿਉ ਕਿਸੇ ਕੰਮ ਸ਼ਹਿਰ ਆਇਆ, ਤਾਂ ਧੀ ਦੇ ਦਫ਼ਤਰ ਵੀ ਆ ਵੜਿਆ। ਧੀ ਦੇ ਛੁੱਟੀ ਲੈ ਕੇ ਪ੍ਰੇਮੀ ਨੂੰ ਮਿਲਣ ਜਾਣ ਦੀ ਖ਼ਬਰ ਮਿਲਣ ਕਰਕੇ ਉਹ ਪਹਿਲੇ ਨਾਲੋਂ ਵੀ ਵੱਧ ਭੜਕਿਆ।

ਪਰ ਭਾਣਾ ਇਹ ਵਰਤਦਾ ਹੈ ਕਿ ਦਿਲਜੀਤ ਇਨ੍ਹਾਂ ਦਿਨਾਂ ਵਿੱਚ ਹੀ ਇਕ ਹੋਰ ਹਮ ਉਮਰ ਪੁਰਖ ਦੇ ਸੰਪਰਕ ਵਿਚ ਆਉਂਦੀ ਹੈ। ਇਹ ਪੁਰਖ ਫੋਟੋ ਗਰਾਫ਼ਰ ਹੈ। ਸ਼ਹਿਰ ਵਿੱਚ ਉਸਦਾ ਫੋਟੋ ਸਟੁਡੀਓ ਹੈ।

ਦਿਲਜੀਤ ਦਫਤਰੋਂ ਛੁੱਟੀ ਤੋਂ ਬਾਅਦ ਅਕਸਰ ਉਹਦੇ ਸਟੂਡੀਓ ਵਿਚ ਆ ਬੈਠਦੀ ਹੈ। ਫੌਜੀ ਪ੍ਰੇਮੀ ਨਾਲ ਆਪਣੇ ਸੰਬੰਧਾਂ ਦੀ ਵਿਥਿਆ ਅਤੇ ਪਿਉ ਦੀ ਨਾਰਾਜਗੀ ਦੀਆਂ ਕਹਾਣੀਆਂ ਫੋਟੋ ਗਰਾਫਰ ਨੂੰ ਸੁਣਾਉਂਦੀ ਹੈ। ਕਿਉਂਕਿ ਇਸ ਪਹਿਲੇ ਪ੍ਰੇਮ ਵਿੱਚ ਉਹ ਅਕਸਰ ਉਦਾਸ ਹੁੰਦੀ ਹੈ, ਰੋਣ-ਰੋਣ ਕਰਦੀ ਹੈ, ਇਸ ਲਈ ਫੋਟੋ ਗਰਾਫ਼ਰ ਉਸ ਦਾ ਹਾਲ-ਚਾਲ ਪੁੱਛਦਾ ਹੈ। ਉਹ ਉਸ ਨੂੰ ਆਪਣਾ 'ਦੁੱਖ ਦਸਦੀ ਦਸਦੀ ਹੁਣ ਉਸਦੀ ਹਮਦਰਦੀ ਦੀ ਪਾਤਰ ਬਣ ਗਈ ਹੈ। ਉਸਦੇ ਮੋਢੇ ਲਗ ਕੇ ਰੋ ਪੈਂਦੀ ਹੈ। ਉਹ ਵਰਚਾਉਂਦਾ ਹੈ। ਅੱਖਾਂ ਪੂੰਝਦਾ ਹੈ। ਹਸਾਉਂਣ ਦੀ ਕੋਸ਼ਿਸ਼ ਕਰਦਾ ਹੈ। ਨਤੀਜਾ ਇਹ ਨਿਕਲਦਾ ਹੈ ਦੋਵਾਂ ਵਿਚਕਾਰ ਪਹਿਲਾਂ ਦੋਸਤੀ ਤੇ ਫੇਰ ਪ੍ਰੇਮ ਹੋ ਜਾਂਦਾ ਹੈ। ਉਹ ਪਹਿਲੇ ਪ੍ਰੇਮੀ ਦੀਆਂ ਚਿੱਠੀਆਂ ਜਾ ਜਵਾਬ ਦੇਣਾ ਘੁੰਮਾਉਣ ਲੱਗ ਪੈਂਦੀ ਹੈ। ਨਵੀਂ ਆਈ ਚਿੱਠੀ ਬਾਰੇ ਫੋਟੋ ਗਰਾਫਰ ਪੁੱਛਦਾ ਹੈ, ਤੂੰ ਜਵਾਬ ਕਿਉਂ ਨਹੀਂ ਲਿਖਿਆ, ਤਾਂ ਦਿਲਜੀਤ ਕਹਿੰਦੀ ਹੈ, "ਕੋਈ ਲਿਖਣ ਦੇਵੇ, ਤਾਂ ਹੀ ਲਿਖਾ।"

"ਕੌਣ ਨਹੀਂ ਲਿਖਣ ਦਿੰਦਾ?"

"ਤੁਸੀਂ।"

"ਕਸੁੰਭੜਾ।" ਵਿੱਚ ਇਸ ਨਵੀਂ ਸ਼ਹਿਰੀ ਸਭਿਅਤਾ ਵਿੱਚ ਨਰ-ਨਾਰੀ ਪ੍ਰੇਮ ਉੱਤੇ ਹੋਰ ਵੀ ਤਿੱਖੀ ਤਨਜ਼ ਸੀ। ਇਸ ਕਹਾਣੀ ਦਾ ਬ੍ਰਿਤਾਂਤ ਤੇ ਬ੍ਰਿਤਾਂਤ ਨੂੰ ਪੇਸ਼ ਕਰਦੀ ਵਾਰਤਕ ਵੀ ਤਨਜ਼ ਭਰਪੂਰ ਤਾਂ ਹੈ ਹੀ ਸ਼ਹਿਰੀ ਪਾਤਰ ਦੀ ਚਪਲ ਮਾਨਸਕਤਾ ਉੱਤੇ ਡੂੰਘੀ ਮਨੋ-ਵਿਗਿਆਨਕ ਤੇ ਕਟਾਖਸ਼- ਭਰੀ ਝਾਤੀ ਵੀ ਪਾਉਂਦੀ ਹੈ। ਇਸ ਕਹਾਣੀ ਵਿੱਚ ਲਿਖੀ ਗਈ ਮੇਰੀ ਵਾਰਤਕ ਦਿਨੋ ਦਿਨ ਪ੍ਰੋਢ ਹੋ ਰਹੀ ਉਸ ਦੌਰ ਦੀ ਮੇਰੀ ਰਚਨਾ ਕਾਰੀ ਦਾ ਪ੍ਰਮਾਣ ਵੀ ਸੀ,

"ਦੋ ਤਿੰਨ ਵਾਰ ਬੈਠਣ ਤੇ ਉਸਦੀਆਂ ਅੱਖਾਂ ਚੋਂ ਪਰਲ ਪਰਲ ਹੰਝੂ ਚੱਲ ਪਏ। ਉਹ ਦੇਖਦਾ ਰਿਹਾ, ਉਸਦੀ ਉਦਾਸੀ।" ਭਿਆਲ ਬਣਨ ਦਾ ਵਿਖਾਵਾ ਕਰਨ ਲਈ ਆਪ ਵੀ ਉਦਾਸ ਲੱਗਣ ਦਾ ਯਤਨ ਕਰਦਾ ਹੋਇਆ। ਥੋੜੀ ਦੇਰ ਮੂੰਹ ਲਟਕਾਈ ਬੈਠੀ ਰਹਿਣ ਤੋਂ ਬਾਅਦ ਉਸ ਨੇ ਪਰਸ ਵਿਚੋਂ ਰੁਮਾਲ ਕੱਢਿਆ। ਰੁਮਾਲ ਸਾਫ਼ ਹੀ ਨਹੀਂ ਸੀ ਪ੍ਰੈੱਸ ਵੀ ਕੀਤਾ ਹੋਇਆ ਸੀ। ਸ਼ਾਇਦ ਇਸ ਵਿਚੋਂ ਖੁਸ਼ਬੂ ਵੀ ਆ ਰਹੀ ਹੋਵੇ। ਜਦੋਂ ਉਹ ਰੁਮਾਲ ਕਢ ਰਹੀ ਸੀ, ਤਾਂ ਉਸ ਦਾ ਧਿਆਨ ਉਸਦੇ ਰੁੰਨੇ ਮੂੰਹ ਵਲ ਨਹੀਂ ਸੀ, ਉਸਦੀਆਂ ਫਲੀਆਂ ਵਰਗੀਆਂ ਖੂਬਸੂਰਤ ਉਂਗਲੀਆਂ ਵਲ ਸੀ, ਜੋ ਵਧਾਏ ਹੋਏ, ਪਾਲਸ਼ ਕੀਤੇ ਹੋਏ ਤੇ ਅੰਦਰਲੇ ਪਾਸਿਉਂ ਸਾਫ਼ ਕੀਤੇ ਹੋਏ ਨਹੁੰਆਂ ਦੇ ਕਾਰਨ ਅਸਲ ਨਾਲੋਂ ਵੀ ਲੰਮੀਆਂ ਤੇ ਅਗਲੇ ਪੋਟਿਆਂ ਤੋਂ ਤਿੱਖੀਆਂ ਲਗਦੀਆਂ ਸਨ। ਰੁਮਾਲ ਦੀਆਂ ਸਾਰੀਆਂ ਤਹਿਆਂ ਖੋਲ ਕੇ ਇਕ ਪਾਸੇ ਦੇ ਕੋਨੇ ਨਾਲ ਉਸ ਨੇ ਰਗੜ ਕੇ ਮੂੰਹ ਪੂੰਝਿਆ। ਗੱਲ੍ਹਾਂ ਦਾ ਰੰਗ ਰਗੜ ਨਾਲ ਕਿਤਿਉਂ ਕਿਤਿਉਂ ਲਾਲ ਹੋ ਗਿਆ। ਉਦਾਸ ਉਹ ਅਜੇ ਵੀ ਸੀ ਜਾਂ ਉਦਾਸ ਦਿਖਾਈ ਦਿੰਦੀ ਸੀ। ਪਰ ਉਹ ਉਸਨੂੰ ਉਦਾਸ ਨਾਲੋਂ ਸੋਹਣੀ ਜਿਆਦਾ ਲੱਗੀ। ਜਿਸ ਹਿੱਸੇ ਨਾਲ ਮੂੰਹ ਪੂੰਝਿਆ ਗਿਆ ਸੀ, ਉਸਨੂੰ ਅੰਦਰਲੇ ਪਾਸੇ ਕਰਕੇ ਉਹ ਰਮਾਲ ਦੀਆਂ ਤਹਿਆ ਪਹਿਲਾਂ ਵਾਂਗ ਹੀ ਬੜੇ ਧਿਆਨ ਨਾਲ ਲਾਉਣ ਲੱਗ ਪਈ।"

"ਉਸ ਨੇ ਉਸ ਨੂੰ ਰੋਂਦਿਆਂ ਅੱਜ ਪਹਿਲੀ ਵਾਰ ਨਹੀਂ ਦੇਖਿਆ ਸੀ। ਅੱਗੇ ਵੀ ਕਈ ਵਾਰ ਉਹ ਉਸ ਪਾਸ ਬੈਠੀ ਰੋਈ ਸੀ। ਕਈ ਦਿਨ ਉਹ ਰੋਣਾ ਜਿਹਾ ਮੂੰਹ ਬਣਾਈ ਰਖਦੀ। ਹੇਅਰ ਪਫ਼ ਖੋਪਰੀ ਉੱਤੇ ਰਖਕੇ ਵਾਲ਼ ਸਦਾ ਉੱਚੇ ਰੱਖ ਕੇ ਬਣਾ ਕੇ ਆਉਂਦੀ। ਮੂੰਹ ਤੋਂ ਹੀ ਨਹੀਂ ਪੂਰੇ ਸਰੀਰ ਤੋਂ ਕਰੀਮ ਤੇ ਤਾਜ਼ੇ ਛਿੜਕੇ ਪਊਡਰ ਦੀ ਖੁਸ਼ਬੂ ਆਉਂਦੀ ਰਹਿੰਦੀ। ਉਸਨੂੰ ਆਪਣੀ ਸੱਜ ਧਜ ਦਾ ਏਨਾ ਖਿਆਲ ਰਖਦਿਆਂ ਦੇਖ ਕੇ ਉਹ ਕਈ ਵਾਰ ਸੋਚਦਾ, ਉਹ ਰੋਂਦੀ ਕਿਹੜੇ ਮਨ ਨਾਲ ਹੈ? ਉਦੋਂ ਉਹ ਰੋਂਦੀ ਸੀ ਤੂੰ ਮੇਰੇ ਨਾਲ ਵਿਆਹ ਕਿਉਂ ਕਰਾਉਂਦਾ। ਪਹਿਲਾਂ ਪਹਿਲਾਂ ਉਹ ਆਪਣੇ ਆਪ ਨੂੰ ਗੁਨਾਹਗਾਰ ਸਮਝਦਾ। ਪਰ ਹੌਲੀ ਹੌਲੀ ਉਸਨੂੰ



ਉਸ ਵਿੱਚ ਗੁਣਾ ਦੇ ਨਾਲ ਨਾਲ ਔਗੁਣ ਵੀ ਦਿਸਣ ਲੱਗ ਪਏ ਸਨ। ਇਸ ਵਿੱਚ ਹੀ ਨਹੀਂ। ਹਰ ਕੁੜੀ ਵਿੱਚ। ਇਸ ਤੋਂ ਇਲਾਵਾ ਇਹ ਵਿਆਹ ਹੋ ਹੀ ਨਹੀਂ ਸਕਦਾ। ਜ਼ਾਤ-ਬਰਾਦਰੀ ਦੇ ਫਰਕ ਤੇ ਅਹੁਦਿਆਂ-ਪੁਜ਼ੀਸ਼ਨ ਦੇ ਫਰਕ ਕਾਰਨ। ਜਾਣਦੀ ਉਹ ਵੀ ਸੀ। ਇਹ ਵਿਆਹ ਹੋ ਨਹੀਂ ਸਕਦਾ। ਉਸ ਦੇ ਮਾਪੇ ਵੱਡਾ ਬਿਜ਼ਨਸ ਜਾਂ ਰਜਟਿਡ ਅਫਸਰ ਭਾਲ ਰਹੇ ਸਨ। ਉਹ ਤਾਂ ਕੁਝ ਹਜ਼ਾਰ ਰੁਪਏ ਤਨਖਾਹ ਲੈਣ ਵਾਲਾ ਰੇਡੀਓ ਸਟੇਸ਼ਨ ਦਾ ਕਲਾਕਾਰ ਹੀ ਸੀ। ਕਈ ਵਾਰ ਉਹ ਉਸਦੀਆਂ ਗੱਲਾਂ ਨਾਲ ਗੱਲਾਂ ਜੋੜ ਕੇ ਤੇ ਉਸ ਦੀਆਂ ਬਾਹਾਂ ਵਿੱਚ ਨਪੀੜੀ ਜਾ ਕੇ ਕਹਿੰਦੀ ਤੁਸੀਂ ਮਰਦ ਹੋ। ਕੋਈ ਤਦਬੀਰ ਕਿਉਂ ਨਹੀਂ ਕਰਦੇ? ਮੈਂ ਤੁਹਾਡੇ ਬਿਨਾ ਕੁਝ ਖਾ ਕੇ ਮਰ ਜਾਣਾ ਹੈ। ਅਖੀਰ ਗਲ ਜਿੱਥੋਂ ਸ਼ੁਰੂ ਹੁੰਦੀ, ਉਥੇ ਹੀ ਮੁੱਕ ਜਾਂਦੀ। ਆਉਂਦਿਆਂ ਹੀ ਉਹ ਉਸਨੂੰ ਬਾਹਾਂ ਵਿੱਚ ਲੈਂਦਾ। ਚੁੰਮਦਾ ਚੱਟਦਾ। ਵਾਰ ਵਾਰ ਆਪਣੀ ਵਲ੍ਹ ਨੂੰ ਖਿਚਦਾ। ਪਿੱਛੋਂ ਉਹ ਸ਼ਿਕਾਇਤਾ ਸ਼ੁਰੂ ਕਰਦੀ। ਰੋਂਦੀ ਅਖੀਰ ਵਿੱਚ ਸ਼ੁਰੂ ਵਾਂਗ ਹੀ ਪਿਆਰ ਲੈਂਦੀ, ਚਲੀ ਜਾਂਦੀ, ਭਖੇ ਭਖੇ ਅਲਸਾਏ ਅਲਸਾਏ ਸਰੀਰ ਨਾਲ।"

"ਅਖੀਰ ਗੱਲ ਖਤਮ ਹੋ ਗਈ। ਨਾ ਉਨ੍ਹਾਂ ਦਾ ਵਿਆਹ ਹੋਇਆ ਨਾ ਉਹ ਕੁਝ ਖਾ ਕੇ ਮਰੀ। ਉਵੇਂ ਦੀ ਉਵੇਂ ਕੱਸੀ ਕੱਸੀ, ਫਿੱਟ ਫਿੱਟ ਲਿਸ਼ਕੀ ਲਿਸ਼ਕੀ, ਉਹ ਉਸ ਨੂੰ ਮਿਲਣ ਆਉਂਦੀ ਰਹੀ। ਅਖੀਰ ਮਾਪਿਆਂ ਦਾ ਨਹੁੰ ਕਿਸੇ ਵਰ ਘਰ ਲਈ ਅੜ ਗਿਆ। ਪਰ ਉਹ ਇਸ ਤੋਂ ਬਾਅਦ ਵੀ ਉਸ ਪਾਸ ਆ ਕੇ ਰੋਣ ਲੱਗੀ। ਕਹਿੰਦੀ ਮੇਰੇ ਫੀਉਚਰ ਦਾ ਸਵਾਲ ਹੈ। ਤੁਸੀਂ ਮੇਰੇ ਦੋਸਤ ਹੋ। ਤੁਹਾਡੇ ਬਿਨਾ ਮੈਂ ਕਿਸ ਨਾਲ ਗੱਲ ਕਰਾਂ? ਉਸਨੇ ਰੋਣ ਦਾ ਕਾਰਨ ਪੁੱਛਿਆ। ਵਾਰ ਵਾਰ ਪੁੱਛਣ ਤੇ ਦੱਸਿਆ। ਮੈਂ ਉਨ੍ਹਾਂ ਨੂੰ ਜਾਣਦੀ ਹਾਂ। ਉਹ ਮੈਨੂੰ ਲਵ ਨਹੀਂ ਕਰਦੇ। ਮੇਰੀ ਸਹੇਲੀ ਨੂੰ ਲਵ ਕਰਦੇ ਆ।" ਸਹੇਲੀ ਨਾਲ ਵਿਆਹ ਕਿਉਂ ਕਰਾਇਆ?" "ਉਹਦੀ ਇੰਗੇਜਮੈਂਟ ਹੋ ਗਈ ਹੈ, ਸੋ ਵਿਚੋਂ ਕੋਈ ਗੱਲ ਨਹੀਂ ਨਿਕਲੀ ਸੀ।"

ਇਸ ਦੌਰ ਦੀਆਂ ਕਹਾਣੀਆਂ ਵਿੱਚ ਇਕ ਕਹਾਣੀ 'ਕਰਜ਼' ਵਿਸ਼ੇਸ਼ ਜ਼ਿਕਰ ਦੀ ਹੱਕਦਾਰ ਹੈ। ਇਸ ਕਹਾਣੀ ਦੇ ਦੋ ਮਹੱਤਵ ਸ਼ੀਲ ਪਾਤਰ ਮੇਰੇ ਸਕੇ ਨਾਨਾ-ਨਾਨੀ ਸਨ। ਮੈਂ ਆਪਣੀ, ਉਮਰ ਦੇ ਪਹਿਲੇ ਵੀਹ ਸਾਲ ਨਾਨਾ-ਨਾਨੀ ਪਾਸ ਰਿਹਾ ਸਾਂ। ਅੱਜ ਕਲ੍ਹ ਕਿਰਸਾਣਾਂ ਦੇ ਕਰਜ਼ਾਈ ਹੋਣ ਤੇ ਕਰਜ਼ ਨਾ ਮੋੜ ਸਕਣ ਦੇ ਕਾਰਨ ਕਿਰਸਾਣਾਂ ਵਲੋਂ ਖੁਦਕਸ਼ੀਆਂ ਕਰ ਲੈਣ ਦੀ ਸਮੱਸਿਆ ਬਹੁਤ ਚਰਚਿਤ ਹੈ। ਇਸ ਕਹਾਣੀ ਵਿਚ ਵੀ ਕਰਜ਼ ਦੀ ਸਮੱਸਿਆ ਹੀ ਥੀਮ ਬਣੀ ਹੈ, ਪਰ ਸੰਦਰਭ ਅਲੱਗ ਕਿਸਮ ਦਾ ਹੈ। ਕਹਾਣੀ ਵਿਚ ਦੋ ਪਾਤਰ ਨਿਧਾਨ ਸਿੰਘ ਤੇ ਕਰਮੀ ਹਨ। ਇਹ ਮੇਰੇ ਨਾਨੇ-ਨਾਨੀ ਦੇ ਹੀ ਪ੍ਰਤਿਰੂਪ ਹਨ। ਕਹਾਣੀ ਦੇ ਆਰੰਭ ਵਿੱਚ ਮੁਖ ਸਮੱਸਿਆ ਉਭਰਦੀ ਹੈ।

"ਨਿਧਾਨ ਸਿੰਘ ਦੇ ਘਰ ਵਿੱਚ ਅੱਜ ਫੇਰ ਝਗੜਾ ਹੋਇਆ। ਉਸਨੇ ਕਰਮੋ ਨੂੰ ਦੱਸਿਆ-'ਕਰਮ ਸਿਹੁੰ ਕਹਿੰਦਾ ਸੀ, ਸਾਲ ਹੋ ਗਿਆ। ਪੈਸਿਆਂ ਦਾ ਲੇਖਾ ਕਰਵਾਉਣਾ।' ਲੇਖਾ ਕਰਵਾਉਣ ਦਾ ਮਤਲਬ ਸੀ, ਸਾਲ ਦਾ ਵਿਆਜ ਲਾ ਕੇ ਅਸਲ ਰਕਮ ਵਿੱਚ ਸ਼ਾਮਲ ਕਰ ਦੇਣਾ ਤੇ ਇਉਂ ਵਧੇ ਹੋਏ ਮੂਲ ਤੇ ਵਿਆਜ਼ ਪੈਣਾ ਸ਼ੁਰੂ ਹੋ ਜਾਣਾ। ਵਿਆਜ ਕਰ ਵਿਆਜ਼।"

"ਨਿਧਾਨ ਸਿੰਘ ਅਜੇ ਵੀ ਆਪਣੇ ਨਾਲ ਗੱਲੀਂ ਲੱਗਾ ਹੋਇਆ ਸੀ -'ਚਾਰ ਸੌ ਲਏ ਸੀ ਕਰਮ ਸਿਹੁੰ ਤੋਂ। ਰੁਪਿਆ ਸੈਂਕੜਾ ਮਹੀਨੇ ਦੇ ਹਿਸਾਬ ਨਾਲ ਅਠਤਾਲੀ ਰੁਪਏ ਵਿਆਜ਼ ਹੋ ਜਾਣੈ। ਜੋ ਦੋ ਸਾਲਾਂ ਵਿੱਚ ਰਕਮ ਨਾ ਮੁੜੀ ਤਾਂ ਡੂਢੀ ਹੋ ਜਾਊ। ਮੁੰਡੇ ਉੱਥੇ ਬੈਠੇ ਪਤਾ ਨਹੀਂ ਕੀ ਸੋਚਦੇ ਐ? "

"ਹੁਣ ਕਰਮੋਂ ਤੋਂ ਚੁੱਪ ਨਾ ਰਿਹਾ ਗਿਆ।" ਮੁੰਡੇ ਕੀ ਕਰਨ? ਲੈਣ ਲੱਗਿਆ ਤੂੰ ਕਿਸੇ ਦੀ ਬਾਤ ਨਹੀਂ ਪੁੱਛਣੀ। ਕਰਜਾ ਲੈਣ ਲੱਗਿਆ ਤੈਨੂੰ ਲਾਲੀਆਂ ਚੜ੍ਹ ਜਾਂਦੀਆਂ, ਜਿੱਦਾਂ ਅਮਲੀ ਨੂੰ ਅਮਲ ਮਿਲ ਜਾਂਦੈ। ਅਖੇ, ਮੇਰੀ ਸਾਖ ਬੜੀ ਐ। ਜਿੱਨਾਂ ਚਾਹਾਂ ਰੁਪਿਆ ਫੜ ਦਿਆਂ। ਹੁਣ ਮੋੜ ਜਿੱਥੋਂ ਮੋੜਨਾ।"

"ਕਿਥੋਂ ਮੋੜਾਂ? ਮੁੰਡੇ ਕਿਉਂ ਨਾ ਦੇਣ? ਉਹਨਾ ਲਈ ਈ ਲਿਆ। ਜਦੋਂ ਲੋੜ ਹੁੰਦੀ ਸੀ, ਕਹਿ ਦਿੰਦੇ ਸੀ, ਭਾਈਆ। ਕਿਤਿਉਂ ਰੁਪਿਆ ਤਾਂ ਫੜ੍ਹ।"

ਨਿਧਾਨ ਸਿੰਘ ਕਿਰਸਾਣ ਨਹੀਂ। ਕਿਰਸਾਣਾਂ ਦੀ ਸੇਪੀ ਕਰਨ ਵਾਲਾ ਮਿਸਤਰੀ ਹੈ। ਉਸ ਪਾਸ ਕਿਰਸਾਣਾਂ ਦੇ ਪੰਤਾਲੀ ਹਲਾਂ ਦਾ ਕੰਮ ਹੈ। ਹਰ ਹਲ ਪਿੱਛੇ ਉਹ ਦੋ ਭਰੀਆਂ ਕਣਕ, ਵੀਹ ਸੇਰ ਕੱਚੇ ਮੱਕੀ ਦੇ ਦਾਣੇ, ਇਕ ਵੱਟੀ ਪੰਜ ਸ਼ੇਰ ਕਪਾਹ, ਦੋ ਵੱਟੀਆਂ ਮਿਠਾ ਗੁੜ ਸ਼ੱਕਰ ਲੈਂਦਾ ਸੀ। ਮੱਝ ਲਈ ਹਰੇ ਪੱਠੇ ਵੀ ਮਿਲਦੇ।' ਇਸ ਨਾਲ ਖਾਣ ਪੀਣ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ। ਪਰ ਨਕਦ ਆਮਦਨ ਕੋਈ ਨਾ ਹੁੰਦੀ। ਨਕਦ ਪੈਸਿਆਂ ਬਿਨਾ ਤਾਂ ਤੀਲਾਂ ਦੀ ਡੱਬੀ ਵੀ ਨਾ ਖਰੀਦੀ ਜਾਂਦੀ।

ਉਹ ਦਿਨ ਦੂਜੀ ਵੱਡੀ ਜੰਗ ਦੇ ਸਨ। ਜੰਗ ਵਿੱਚ ਕੀਮਤਾਂ ਵੀ ਚੜ੍ਹਦੀਆਂ ਹਨ, ਆਮਦਮਾਂ ਵੀ। ਨਿਧਾਨ ਸਿੰਘ ਦੇ ਅੰਗਾਂ ਸਾਕਾਂ ਵਿਚ ਉਨ੍ਹਾਂ ਲੋਕਾਂ ਨੂੰ ਫਰਕ ਪਿਆ ਸੀ, ਜੋ ਬਾਹਰ ਅੰਦਰ ਜਾ ਕੇ ਠੇਕੇਦਾਰੀ ਕਰਨ ਲੱਗ ਪਏ ਸਨ। ਨਿਧਾਨ ਸਿੰਘ ਦੇ ਮੁੰਡੇ ਤਾਂ ਪਿੰਡ ਤੋਂ ਦੂਰ ਜਾ ਕੇ ਦਿਹਾੜੀ ਹੀ ਕਰਦੇ ਸਨ। ਵੱਡੇ ਦੋਏ ਚਾਰ ਸਾਢੇ ਰੁਪਏ ਰੋਜ਼ ਲੈਂਦੇ ਤੇ ਛੋਟਾ ਤਿੰਨ ਸਾਢੇ ਤਿੰਨ ਰੁਪਏ। ਕਦੇ ਲਗਾਤਾਰ ਦਿਹਾੜੀਆਂ ਲੱਗ ਜਾਂਦੀਆਂ, ਪਰ ਕਦੇ ਨਾਗੇ ਪੈ ਜਾਂਦੇ। ਵਿਹਲੇ ਬੈਠਿਆਂ ਸਭ ਕੁਝ ਖਾਧਾ ਜਾਂਦਾ। ਪਿੰਡੋਂ ਮਾ ਪਿਉ ਵਲੋਂ ਪੈਸੇ ਭੇਜਣ ਦੀ ਚਿੱਠੀ ਪਹੁੰਚਦੀ, ਤਾਂ ਵੱਡੇ ਮੁੰਡੇ ਕਦੇ ਚਾਲੀ ਤੇ ਕਦੇ ਪੰਜਾਹ ਰੁਪਏ ਭੇਜ ਦਿੰਦੇ ਛੋਟਾ ਵੀ ਪੱਚੀ ਤੀਹ ਰੁਪਏ ਦਾ ਮਨੀ ਆਰਡਰ ਕਰ ਦਿੰਦਾ। ਇਨ੍ਹਾਂ ਪੈਸਿਆਂ ਨਾਲ ਘਰ ਦੀਆਂ ਕਈ ਲੋੜਾਂ ਪੂਰੀਆਂ ਹੋ ਜਾਂਦੀਆਂ।

ਪਰ ਨਿਧਾਨ ਸਿੰਘ ਤੇ ਕਰਮੋ ਦੀ ਜ਼ਿੰਦਗੀ ਦਾ ਵੱਡਾ ਸੰਕਟ ਇਹ ਸੀ ਕਿ ਸ਼ਾਹੂਕਾਰਾਂ ਦਾ ਚਾਰ-ਪੰਜ ਹਜ਼ਾਰ ਰੁਪਏ ਦਾ ਕਰਜ ਚੜਿਆ ਹੋਇਆ ਸੀ। ਜੋ ਪੁੱਤਰਾਂ ਦੀ ਕਮਾਈ ਨਾਲ ਉੱਤਰ ਨਹੀਂ ਸੀ ਰਿਹਾ। ਚੰਗੇ ਭਾਗਾ ਨੂੰ ਵਿਚਕਾਰਲੇ ਪੁੱਤਰ ਨੂੰ ਕੀਨੀਆਂ (ਅਫਰੀਕਾ) ਤੋਂ ਉਹਦੇ ਸਹੁਰੇ ਨੇ ਪਰਮਿੱਟ ਭੇਜ ਦਿੱਤਾ। ਉਥੇ ਵੀ ਦਿਹਾੜੀਆਂ ਹੀ ਕੀਤੀਆਂ ਪਰ ਆਮਦਨ ਵਧ ਸੀ। ਉਹਨੇ ਇਕੱਲੇ ਨੇ ਮਾਂ ਪਿਉ ਦਾ ਕਰਜ ਵੀ ਲਾਹ ਦਿੱਤਾ, ਤੇ ਪੁਰਾਣਾ ਅੱਧੋਰਾਣਾ ਮਕਾਨ ਢਹਾ ਕੇ ਦੋ ਮੰਜ਼ਲਾ ਨਵੀਂ ਕਿਸਮ ਦਾ ਘਰ ਛੱਤ ਦਿੱਤਾ। ਪਰਿਵਾਰ ਸੁਖਾਲਾ ਹੋ ਗਿਆ।

ਪਰ ਇਹ ਸੁਖਾਲ ਬਹੁਤੀ ਦੇਰ ਨਾ ਰਹੀ। ਪਿੰਡ ਦੇ ਲੁਹਾਰ ਜੁਝਾਰ ਸਿੰਘ ਨੇ ਨਿਧਾਨ ਦੇ ਪਿਛਵਾੜੇ ਖਾਲੀ ਪਿਆ ਤੌੜ ਖਰੀਦ ਕੇ ਆਪਣੇ ਬਦੇਸ਼ ਗਏ ਪੁੱਤਰ ਦੀ ਕਮਾਈ ਨਾਲ, ਨਿਧਾਨ ਸਿੰਘ ਵਰਗਾ ਹੀ ਨਵੀਂ ਕਿਸਮ ਦਾ ਘਰ ਛੱਤ ਲਿਆ।

ਜੁਝਾਰ ਸਿੰਘ, ਨਿਧਾਨ ਸਿੰਘ ਤੋਂ ਉਲਟ, ਸੰਤੋਖੀ ਨਹੀਂ। ਲਾਲਚੀ ਹੈ, ਜੇ ਝਗੜਾਲੂ ਹੈ। ਨਵੇਂ ਘਰ ਵਿੱਚ ਬੈਠਿਆਂ ਜੁਝਾਰ ਸਿੰਘ ਨੂੰ ਸੁਝਿਆ, ਨਿਧਾਨ ਸਿੰਘ ਦੇ ਨਵੇਂ ਘਰ ਨਾਲ ਲਗਦੀ ਪਿਛਲੇ ਪਾਸੇ ਦੀ ਕੋਠੜੀ, ਜਿੱਥੇ ਨਿਧਾਨ ਸਿੰਘ ਸੰਦ ਸੰਦੇੜਾ ਰਖਦਾ ਸੀ, ਦਾ ਪਰਨਾਲਾ ਸਾਡੀ ਥਾਂ ਵਿੱਚ ਪੈਂਦਾ ਹੈ। ਜੁਝਾਰ ਸਿੰਘ ਨੇ ਮੰਗ ਕਰ ਦਿੱਤੀ, ਸਾਡੇ ਪਾਸੇ ਵਾਲਾ ਪਰਨਾਲਾ ਪੁੱਟੋ। ਇੱਥੋਂ ਤਕ ਕਹਿ ਦਿੱਤਾ, ਜੇ ਉਂ ਨਹੀਂ ਪੁੱਟ ਸਕਦਾ, ਮੈਂ ਪੁੱਟ ਦਿੰਦਾਂ ਆਂ। ਪਰਨਾਲਾ ਪੁੱਟਣ ਵਾਲੀ ਗੱਲ ਨਿਧਾਨ ਸਿੰਘ ਨੂੰ ਬਹੁਤ ਚੁੱਭੀ। ਬੋਲ ਬੁਲਾਰਾ ਹੋਇਆ। ਫੇਰ ਮੁਕੱਦਮੇ ਬਾਜੀ। ਤਰੀਖਾਂ ਪੈਣ ਲੱਗੀਆਂ। ਪੈਸੇ ਖਰਚ ਹੋਣ ਲੱਗੇ। ਦੋਵੇਂ ਬਜ਼ੁਰਗ ਪਿੰਡ ਤੋਂ ਸ਼ਹਿਰ ਪੈਦਲ ਤੁਰੇ ਰਹਿੰਦੇ। ਕਰਮੋ ਨੂੰ ਹੌਲ ਪੈਂਦਾ! ਮੇਰੇ ਮੁੰਡਿਆਂ ਦੀ ਜਾਇਦਾਦ...। ਉਹ ਨਿਧਾਨ ਸਿੰਘ ਨੂੰ ਦੋਸ਼ ਦਿੰਦੀ। ਤੂੰ ਜੁਝਾਰ ਸਿੰਘ ਨੂੰ ਤੋੜ ਖਰੀਦਣ ਹੀ ਕਿਉਂ ਦਿੱਤਾ? ਉਹਦੀ ਤਾਂ ਪੱਤੀ ਹੋਰ ਸੀ। ਇਹ ਥਾਂ ਸਾਡੇ ਪਿੱਛੇ ਲਗਦੀ ਸੀ। ਤੂੰ ਆਪ ਖਰੀਦਦਾ।

"ਸਾਡੇ ਪਾਸ ਉਸ ਵੇਲੇ ਪੈਸੇ ਵੀ ਕਿੱਥੇ ਸੀ? ਨਿਧਾਨ ਸਿੰਘ ਬੋਲਿਆ।



"ਪੈਸੇ ਨਹੀਂ ਸੀ ਤਾਂ ਪੈਸੇ ਆ ਜਾਂਦੇ। ਪਿੰਡੋਂ ਪੈਸੇ ਫੜੇ ਨਹੀਂ ਸੀ ਜਾਂਦੇ? ਵਿਆਜੀ ਦੇਣੇ ਲੋਕਾਂ ਨੇ ਬੰਦ ਤਾਂ ਨਹੀਂ ਕਰ ਦਿੱਤੇ।"

ਕਰਜਾ ਲੈਂਦੇ? ਕਰਜ਼? ਪਿੱਛੋਂ ਤੂੰ ਤੇ ਤੇਰੇ ਮੁੰਡਿਆਂ ਨੇ ਮੇਰੀ ਜਾਨ ਵੱਢ ਵੱਢ ਖਾਣੀ ਸੀ, ਮੁੜ ਕਾਰਜ਼ ਚੜ੍ਹਾ ਦਿੱਤਾ।"

"ਇਹ ਕਾਹਦਾ ਕਰਜ਼ ਸੀ? ਅਸੀਂ ਮੋੜ ਦੀ ਦੇਣਾ ਸੀ।"

ਇਉਂ ਇਹ ਕਹਾਣੀ ਕਰਜ਼ ਦੀ ਸਮੱਸਿਆ ਦੀ ਨਵੀਂ ਪ੍ਰੀਭਾਸ਼ਾ ਪੇਸ਼ ਕਰਦੀ ਸੀ। ਕਰਜ਼ ਉਦੋਂ ਤੱਕ ਹੀ ਡਰਾਉਣੀ ਸਮੱਸਿਆ ਹੈ ਜਦੋਂ ਤੱਕ ਲਹਿਣੇ-ਦਾਰ ਉਸ ਨੂੰ ਮੋੜ ਸਕਣ ਦੀ ਸਮਰੱਥਾ ਨਹੀਂ ਰੱਖਦਾ। ਕਰਮੋ ਲਈ ਹੁਣ ਉਧਾਰ ਪੈਸੇ ਲੈਣਾ ਕੋਈ ਸਮੱਸਿਆ ਨਹੀਂ ਸੀ।

ਮੁਬਾਇਲ-98720-42611

## ਸਾਹਿਤ ਰਚਨਾ ਵਿਚ ਮੇਰੀ ਮੁਢਲੀ ਪੈੜ-ਚਾਲ / - ਡਾ.ਐੱਸ.ਤਰਸੇਮ

ਮੇਰੇ ਜਨਮ ਤੋਂ ਪਹਿਲਾਂ ਲੱਛਮੀ ਦੀ ਕਿਰਪਾ-ਦ੍ਰਿਸ਼ਟੀ ਹੋਵੇਗੀ, ਇਸ ਗੱਲ ਦਾ ਯਕੀਨ ਮਾਂ ਦੇ ਸੱਠ ਤੋਲੇ ਦੇ ਚੂੜੇ ਦੀ ਗੱਲ ਸੁਣ ਕੇ ਤੇ ਤਪਾ ਮੰਡੀ ਵਾਲੇ ਹੱਟ-ਹਾਤੇ, ਪਿੰਡ ਵਾਲੀ ਹਵੇਲੀ ਅਤੇ ਖੂਹ ਵਾਲੀ ਜ਼ਮੀਨ ਆਦਿ ਦੇਖ ਕੇ ਹੋ ਜਾਂਦਾ ਸੀ। ਪਰ ਮੇਰੇ ਜਨਮ ਪਿੱਛੋਂ ਲੱਛਮੀ ਨੇ ਸ਼ਾਇਦ ਹੀ ਘਰ ਪੈਰ ਪਾਇਆ ਹੋਵੇ। ਜੇ ਪਾਇਆ ਵੀ ਹੋਊ ਤਾਂ ਇਸ ਦਾ ਪਤਾ ਮੇਰੇ ਭਰਾ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਹੋ ਸਕਦਾ। ਉਂਜ ਮੈਂ ਵੇਖਦਾ ਰਿਹਾ ਹਾਂ ਕਿ ਆਈ-ਚਲਾਈ ਚਲਦੀ ਸੀ। ਜੇ ਭਰਾ ਕੋਈ ਵਪਾਰ ਕਰ ਵੀ ਲੈਂਦਾ, ਹਰ ਵਾਰ ਘਾਟਾ ਪੈਂਦਾ। ਪ੍ਰਕਾਸ਼ ਵਕੀਲ ਤੇ ਮੇਰੇ ਭਰਾ ਨੇ ਕਈ ਵਾਰ ਸਰ੍ਹੋਂ ਭਰੀ, ਹਰ ਵਾਰੀ ਘਾਟਾ ਖਾਧਾ। ਤਨਖਾਹ ਵਿਚੋਂ ਕਈ ਕਈ ਸਾਲ ਵਿਆਜ ਭਰਦੇ ਰਹਿੰਦੇ। ਹਾਂ, ਸਰਸਵਤੀ ਸਾਡੇ ਘਰ ਹੀ ਰਹਿੰਦੀ। ਕਿਸੇ ਵੀ ਇਮਤਿਹਾਨ ਨੂੰ ਹੱਥ ਪਾਉਂਦੇ, ਬਿਨ ਪੁੱਛ ਪਾਸ। ਮੇਰੇ ਭਰਾ ਨੇ ਵੀ ਦਸਵੀਂ ਪਿੱਛੋਂ ਪੜ੍ਹਾਈ ਪ੍ਰਾਈਵੇਟ ਹੀ ਕੀਤੀ ਤੇ ਮੈਂ ਵੀ। ਮੈਂ ਤਾਂ ਸੱਤਵੀਂ ਵਿਚੋਂ ਹੀ ਸਕੂਲੋਂ ਹਟ ਗਿਆ ਸੀ। ਪੜ੍ਹਨਾ ਪੜ੍ਹਾਉਣਾ ਤਾਂ ਸਾਡੇ ਘਰ ਵਿਚ ਇਕ ਸਾਧਾਰਨ ਕੰਮ ਸਮਝਿਆ ਜਾਂਦਾ। ਕਵਿਤਾ ਸੁਣਨ ਸੁਣਾਉਣ ਦਾ ਗੇੜ ਵੀ ਅਕਸਰ ਚਲਦਾ ਰਹਿੰਦਾ।

ਮੇਰੇ ਸੁਰਤ ਸੰਭਾਲਣ ਤੋਂ ਪਹਿਲਾਂ ਹੀ ਮੇਰੇ ਭਰਾ ਨੇ ਸੌ ਦੇ ਲਗਭਗ ਕਵਿਤਾਵਾਂ ਲਿਖ ਲਈਆਂ ਸਨ——ਕੁਝ ਉਰਦੂ ਵਿਚ, ਕੁਝ ਪੰਜਾਬੀ ਵਿਚ। ਤਖ਼ੱਲਸ ਉਸ ਦਾ ਕੋਈ ਨਹੀਂ ਸੀ। ਬੱਸ ਹਰਬੰਸ ਲਾਲ ਗੋਇਲ ਨਾਉਂ ਹੇਠ ਲਿਖਦਾ। ਛਪਦਾ ਕਿਤੇ ਵੀ ਨਹੀਂ ਸੀ। ਮੇਰੇ ਤੀਜੀ ਜਮਾਤ ਚੜ੍ਹਨ ਤੋਂ ਪਹਿਲਾਂ ਸਾਡੇ ਘਰ ਵਿਚ ਦਰਸ਼ਨ ਸਿੰਘ 'ਅਵਾਰਾ' ਦਾ ਕਾਵਿ ਸੰਗ੍ਰਹਿ 'ਬਗਾਵਤ' ਘੱਟੋ-ਘੱਟ ਵੀਹ ਵਾਰ ਪੜ੍ਹਿਆ ਜਾ ਚੁੱਕਾ ਹੋਵੇਗਾ। ਅਵਾਰਾ ਦੀਆਂ ਇਹ ਪੰਗਤੀਆਂ ਸਾਡੇ ਸਾਰੇ ਟੱਬਰ ਦੇ ਯਾਦ ਸਨ :

ਇਹ ਮੰਦਰਾਂ ਦੀ ਟੱਲੀ ਵਜਾ ਨਾ ਵਜਾ ਤੂੰ,
ਪਰ ਇੱਕ ਦਿਲ ਹੈ ਬੰਦੇ ਦਾ ਉਹ ਨਾ ਦੁਖਾ ਤੂੰ।

'ਬਗਾਵਤ' ਸਾਡੇ ਘਰ ਵਿਚ ਇਸ ਤਰ੍ਹਾਂ ਪੜ੍ਹੀ ਜਾਂਦੀ ਜਿਵੇਂ ਸ਼ਰਧਾਲੂ ਕੋਈ ਧਾਰਮਿਕ ਕਿਤਾਬ ਪੜ੍ਹਦਾ ਹੈ। ਪਤਾ ਨਹੀਂ ਇਹ ਅਵਾਰਾ ਦੀ ਸ਼ਾਇਰੀ ਦਾ ਅਸਰ ਸੀ ਜਾਂ ਮੇਰੇ ਭਰਾ ਦੇ ਸਾਹਿਤਕ ਸ਼ੌਕ ਦਾ।

ਮੇਰੀ ਭੈਣ ਤਾਰਾ ਵੀ ਕਦੇ ਕਦੇ ਹਿੰਦੀ ਵਿਚ ਕਵਿਤਾ ਲਿਖਦੀ। ਮੇਰਾ ਵੀ ਜੀਅ ਕਰਦਾ ਕਿ ਮੈਂ ਵੀ ਕਵਿਤਾ ਲਿਖਾਂ, ਪਰ ਪਤਾ ਹੀ ਨਾ ਲਗਦਾ ਕਿ ਕਿਵੇਂ ਸ਼ੁਰੂ ਕਰਾਂ।

ਸਬੱਬ ਨਾਲ ਗਣਤੰਤਰ ਦਿਵਸ ਆ ਗਿਆ। ਸਾਡੇ ਘਰ ਵਿਚ ਇਸ ਦਿਨ ਦੀ ਚਰਚਾ ਆਮ ਸੀ।

ਕਮੇਟੀ ਵੱਲੋਂ ਭਰਾ ਨੂੰ ਇਸ ਸਮਾਗਮ ਦਾ ਕਰਤਾ-ਧਰਤਾ ਥਾਪਿਆ ਗਿਆ। ਇਸ ਲਈ ਸਮਾਗਮ ਤੋਂ ਪਹਿਲਾਂ ਘਰ ਵਿਚ ਇਸ ਦਿਨ ਦੀ ਮਹੱਤਤਾ ਬਾਰੇ ਅਕਸਰ ਗੱਲ ਚਲਦੀ। ਭੈਣ ਤਾਰਾ ਉਹਨਾਂ ਦਿਨਾਂ ਵਿਚ ਨਗਰ ਪਾਲਿਕਾ ਪਾਠਸ਼ਾਲਾ ਵਿਚ ਹਿੰਦੀ ਅਧਿਆਪਕਾ ਸੀ। ਉਹ ਵੀ ਆਪਣੇ ਸਕੂਲ ਦੀਆਂ ਕੁੜੀਆਂ ਨੂੰ ਕਲਚਰਲ ਪ੍ਰੋਗਰਾਮ ਲਈ ਤਿਆਰ ਕਰ ਰਹੀ ਸੀ। ਉਹਦੀ ਮੁੱਖ ਅਧਿਆਪਕਾ ਸ਼ਾਂਤਾ ਨੇ ਮੇਰੀ ਭੈਣ ਨੂੰ ਹੀ ਪ੍ਰੋਗਰਾਮ ਦੀ ਤਿਆਰੀ ਲਈ ਖੁੱਲ੍ਹੀ ਛੁੱਟੀ ਦੇ ਰੱਖੀ ਸੀ। ਮੈਂ ਵੀ ਇਸ ਸਮਾਗਮ ਦਾ ਮਹੱਤਵ ਸੁਣ ਸੁਣਾ ਕੇ ਤੁਕਬੰਦੀ ਕਰ ਮਾਰੀ, ਜਿਸ ਦੇ ਪਹਿਲੇ ਦੋ ਬੰਦ ਅਜੇ ਵੀ ਮੇਰੀ ਦਿਲ ਦੀ ਤਖ਼ਤੀ 'ਤੇ ਡੂੰਘੇ ਉਕਰੇ ਹੋਏ ਹਨ :

ਓ ਵਿਧਾਨ ਪਿਆਰੇ, ਓ ਵਿਧਾਨ ਪਿਆਰੇ।<br>
ਤੇਰੇ ਬਣਾਉਣ ਵਿੱਚ ਕੀਤੇ ਨੇ ਕੀਹਨੇ ਕਾਰੇ ?<br>
ਕੀਹਦੀ ਗੱਲ ਤੇ ਬਾਤ ਨਾਲ ਤੂੰ ਬਣਿਆਂ ?<br>
ਕੀਹਦੇ ਸੋਹਣੇ ਖ਼ਿਆਲਾਂ ਨਾਲ ਤੂੰ ਤਣਿਆਂ ?<br>
ਪੁੱਛਣ ਦਾ ਹੈ ਅੱਜ ਵਿਚਾਰ ਪਿਆਰੇ।<br>
ਰਾਜਨ ਬਾਬੂ ਨੇ ਮੈਨੂੰ ਤਿਆਰ ਕੀਤਾ।<br>
ਜਵਾਹਰ ਲਾਲ ਨੇ ਮੇਰੇ ਨਾਲ ਪਿਆਰ ਕੀਤਾ।<br>
ਅੰਬੇਦਕਰ ਦੇ ਵਿੱਚ ਵਿਚਾਰ ਪਿਆਰੇ,<br>
ਓ ਵੀਰ ਨਿਆਰੇ, ਓ ਵੀਰ ਨਿਆਰੇ।

ਇਸ ਤਰ੍ਹਾਂ ਦੇ ਸਵਾਲ ਜਵਾਬ ਦੇ ਰੂਪ ਵਿਚ ਛੇ ਕੁ ਬੰਦ ਸਨ। ਕਵਿਤਾ ਦਾ ਬਾਕੀ ਭਾਗ ਮੇਰੇ ਯਾਦ ਨਹੀਂ। ਨਾ ਹੀ ਉਦੋਂ ਮੈਨੂੰ ਰਾਜਨ ਬਾਬੂ, ਪੰਡਿਤ ਨਹਿਰੂ ਤੇ ਭੀਮ ਰਾਓ ਅੰਬੇਦਕਰ ਬਾਰੇ ਬਹੁਤਾ ਪਤਾ ਸੀ। ਇਹ ਤਾਂ ਘਰ ਦਾ ਵਾਤਾਵਰਣ ਹੀ ਸੀ ਜਿਸ ਨੇ ਇਹ ਸਤਰਾਂ ਮੈਥੋਂ ਲਿਖਵਾ ਲਈਆਂ। ਜਿੱਥੇ ਵਜ਼ਨ ਵਧਦਾ ਘਟਦਾ ਸੀ, ਉਹ ਭਰਾ ਨੇ ਠੀਕ ਕਰ ਦਿੱਤਾ। ਉਦੋਂ ਮੈਨੂੰ ਇਹ ਨਹੀਂ ਸੀ ਪਤਾ ਕਿ ਮੇਰੀ ਕਵਿਤਾ ਵਿਚ ਵਰਤਿਆ 'ਕਾਰੇ' ਸ਼ਬਦ ਦਾ ਅਰਥ ਚੰਗਾ ਕੰਮ ਹੈ ਜਾਂ ਮਾੜਾ ਕੰਮ।

ਇਸ ਗਣਤੰਤਰ ਦਿਵਸ ਦੀ ਪ੍ਰਧਾਨਗੀ ਪ੍ਰੇਮ ਸਿੰਘ 'ਪ੍ਰੇਮ' ਨੇ ਕੀਤੀ। ਉਦੋਂ ਉਹ ਪੈਪਸੂ ਦਾ ਵਜ਼ੀਰ ਸੀ। ਮੈਨੂੰ ਇਹ ਯਾਦ ਨਹੀਂ ਕਿ ਉਹ ਵਿਦਿਆ ਮੰਤਰੀ ਸੀ ਜਾਂ ਗ੍ਰਹਿ ਮੰਤਰੀ, ਪਰ ਉਹਦੀ ਆਮਦ ਉਤੇ ਸਾਰੀ ਤਪਾ ਮੰਡੀ ਨੂੰ ਖ਼ੂਬ ਸਜਾਇਆ ਗਿਆ ਸੀ। ਦਾਣਾ ਮੰਡੀ ਵਿਚ ਨਗਰ ਪਾਲਿਕਾ ਦੇ ਦਫ਼ਤਰ ਸਾਹਮਣੇ ਸਮਾਗਮ ਕੀਤਾ ਗਿਆ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਕਵਿਤਾ ਪੜ੍ਹਨ ਲਈ ਸਟੇਜ 'ਤੇ ਮੇਰਾ ਨਾਂ ਬੋਲਿਆ ਗਿਆ ਤੇ ਨਾਲ ਇਹ ਵੀ ਦੱਸਿਆ ਗਿਆ ਕਿ ਇਹ ਤੀਜੀ ਦਾ ਵਿਦਿਆਰਥੀ ਹੈ ਤਾਂ ਪੰਡਾਲ ਤਾੜੀਆਂ ਨਾਲ ਗੂੰਜ ਉਠਿਆ। ਸਟੇਜ 'ਤੇ ਆਉਂਦਿਆਂ ਮੈਂ ਚੋਰ ਅੱਖ ਨਾਲ ਵੇਖਿਆ ਕਿ ਵਜ਼ੀਰ ਸਾਹਿਬ ਵੀ ਤਾੜੀ ਵਜਾ ਰਹੇ ਹਨ। ਸ਼ਾਂਤਾ ਭੈਣ ਜੀ ਮੁਸਕਰਾ ਰਹੇ ਹਨ ਤੇ ਮੇਰੀ ਆਪਣੀ ਭੈਣ ਤਾਰਾ ਬਿਲਕੁਲ ਚੁੱਪ ਹੈ, ਜਿਵੇਂ ਡਰੀ ਡਰੀ ਹੋਵੇ। ਸਟੇਜ ਉਤੇ ਬੋਲਣ ਤੋਂ ਪਹਿਲਾਂ ਮੈਨੂੰ ਦੱਸਣ ਦੀ ਲੋੜ ਨਹੀਂ ਸੀ ਕਿ ਇਹ ਕਵਿਤਾ ਮੇਰੀ ਆਪਣੀ ਲਿਖੀ ਹੋਈ ਹੈ। ਸੰਬੋਧਨੀ ਸ਼ਬਦ ਕਹਿ ਕੇ ਮੈਂ ਉਸੇ ਤਰ੍ਹਾਂ ਕਵਿਤਾ ਪੜ੍ਹਨੀ ਸ਼ੁਰੂ ਕਰ ਦਿੱਤੀ ਜਿਵੇਂ ਘਰ ਕਈ ਵਾਰ ਅਭਿਆਸ ਕੀਤਾ ਸੀ। ਨਾ ਟੰਗਾਂ ਵਿਚ ਕੋਈ ਕਾਂਬਾ ਛਿੜਿਆ, ਨਾ ਜੀਭ ਹੀ ਥਰਥਰਾਈ। ਕਵਿਤਾ ਪੜ੍ਹਨ ਦੇ ਦੌਰਾਨ ਕਈ ਵਾਰ ਤਾੜੀ ਵੱਜੀ। ਕਈਆਂ ਨੇ ਵਾਹ-ਵਾਹ ਕਿਹਾ। ਮੈਂ ਸਟੇਜ ਤੋਂ ਹੇਠਾਂ ਉਤਰਨ ਲੱਗਾ। ਮੇਰਾ ਭਰਾ ਹੀ ਸਟੇਜ ਸਕੱਤਰ ਸੀ। ਉਹਨੇ ਮੈਨੂੰ ਰੁਕਣ ਦਾ ਇਸ਼ਾਰਾ ਕੀਤਾ। ਪਹਿਲਾਂ ਪ੍ਰੇਮ ਸਿੰਘ 'ਪ੍ਰੇਮ' ਨੇ, ਫਿਰ ਸ਼ਾਂਤਾ ਭੈਣ ਜੀ ਨੇ, ਫਿਰ ਮੇਰੀ ਆਪਣੀ ਭੈਣ ਨੇ ਤੇ ਇਸ ਤਰ੍ਹਾਂ ਮੇਰੇ ਲਈ ਸਟੇਜ ਉਤੇ ਰੁਪਏ ਆਉਣ ਦਾ ਸਿਲਸਿਲਾ ਜਿਹਾ ਬਣ ਗਿਆ। ਮੈਨੂੰ ਇਸ ਕਵਿਤਾ 'ਤੇ ਪੰਜਾਹ ਤੋਂ ਵੱਧ ਰੁਪਏ ਬਣੇ। ਕਈਆਂ



ਨੇ ਮੇਰੀ ਪ੍ਰਸ਼ੰਸਾ ਕੀਤੀ। ਕਈਆਂ ਨੇ ਪਿੱਠ ਥਾਪੜੀ, ਪਰ ਸਮਾਗਮ ਖ਼ਤਮ ਹੋਣ 'ਤੇ ਕਈਆਂ ਦੇ ਮੂੰਹੋਂ ਇਹ ਵੀ ਸੁਣਿਆਂ :

"ਇਹਦੇ ਭਰਾ ਨੇ ਲਿਖ ਦਿੱਤੀ ਹੋਊ ਯਾਰ। ਤੀਜੀ ਦਾ ਜੁਆਕ ਕਿਵੇਂ ਕਵਿਤਾ ਲਿਖ ਲਊ। ਤੀਜੀ ਦੇ ਜੁਆਕ ਤੋਂ ਤਾਂ ਨੱਕ ਨਹੀਂ ਪੂੰਝਿਆ ਜਾਂਦਾ। ਗੋਇਲ ਸਾਹਿਬ ਦੀ ਕਰਾਮਾਤ ਹੈ, ਇਹ ਸਭ।"

ਕਿਸੇ ਨੇ ਕਿਹਾ ਸੀ :

"ਪੜ੍ਹੀ ਤਾਂ ਇਹਨੇ ਐ, ਤੇਰੇ ਪਤੰਦਰ ਨੇ। ਉਹ ਤਾਂ ਨੀ ਗੋਇਲ ਸਾਹਿਬ ਨੇ ਪੜ੍ਹਤੀ।" ਸਾਡੇ ਕਿਸੇ ਹਮਾਇਤੀ ਨੇ ਆਖਿਆ ਸੀ।

ਮੇਰਾ ਹੌਸਲਾ ਵਧ ਗਿਆ। ਮੈਂ ਸਕੂਲ ਦੇ ਸਭਿਆਚਾਰਕ ਇਕੱਠਾਂ ਵਿਚ ਵੀ ਆਪਣੀ ਲਿਖੀ ਕਵਿਤਾ ਪੜ੍ਹਦਾ। ਮੇਰੇ ਇਸ ਸਾਹਿਤਕ ਸਫ਼ਰ ਦੇ ਆਰੰਭ ਦਾ ਸਿਹਰਾ ਮੇਰੇ ਭਰਾ ਦੇ ਸਿਰ ਬੱਝਦਾ ਹੈ। ਉਹਨੇ ਹੀ ਮੈਨੂੰ ਕਦੇ ਆਪਣੀ ਲਿਖੀ ਹੋਈ ਤੇ ਕਦੇ ਕਿਸੇ ਹੋਰ ਦੀ ਲਿਖੀ ਰਚਨਾ ਪੜ੍ਹਨ ਲਈ ਦਿੱਤੀ। ਉਹ ਬਹੁਤੀ ਕਵਿਤਾ ਉਰਦੂ ਵਿਚ ਲਿਖਦਾ। ਪਰ ਲੋੜ ਪੈਣ 'ਤੇ ਹਿੰਦੀ ਅਤੇ ਪੰਜਾਬੀ ਵਿਚ ਵੀ ਲਿਖ ਲੈਂਦਾ ਸੀ। ਲਿੱਪੀ ਉਹਦੀ ਫ਼ਾਰਸੀ ਹੀ ਹੁੰਦੀ। ਉਦੋਂ ਉਹਨੂੰ ਗੁਰਮੁਖੀ ਤੇ ਦੇਵਨਾਗਰੀ ਲਿੱਪੀ ਨਹੀਂ ਸੀ ਲਿਖਣੀ ਆਉਂਦੀ। ਉਂਜ ਪੰਜਾਬੀ ਤੇ ਹਿੰਦੀ ਕਵਿਤਾਵਾਂ ਨੂੰ ਸਟੇਜੀ ਕਵੀਆਂ ਵਾਂਗ ਬਹੁਤ ਵਧੀਆ ਪੜ੍ਹ ਲੈਂਦਾ ਸੀ।

ਮੇਰੇ ਗਣਤੰਤਰ ਦਿਵਸ ਦੀ ਸ਼ਮੂਲੀਅਤ ਦਾ ਅਸਰ ਇਹ ਹੋਇਆ ਕਿ ਭਰਾ ਨੇ ਆਉਣ ਵਾਲੇ ਸਮਾਗਮਾਂ ਲਈ ਕਈ ਵਧੀਆ ਕਵਿਤਾਵਾਂ ਆਪਣੀ ਕਾਪੀ ਵਿਚੋਂ ਮੈਨੂੰ ਲਿਖਵਾ ਦਿੱਤੀਆਂ। ਜਨਮ ਅਸ਼ਟਮੀ ਉਤੇ ਜਿਹੜੀ ਮੈਂ ਉਰਦੂ ਦੀ ਕਵਿਤਾ ਪੜ੍ਹੀ ਉਹ ਸਾਰੀ ਦੀ ਸਾਰੀ ਅੱਜ ਵੀ ਮੇਰੇ ਯਾਦ ਹੈ :

ਥੀ ਫੌਜੇਂ ਬਰਸਰੇ ਪੈਕਾਰ ਜੰਗੀ ਤਬਲ ਵਜਤਾ ਥਾ।<br>
ਕਹੀਂ ਦਰੋਨਾ, ਕਹੀਂ ਭੀਸ਼ਮ, ਕਹੀਂ ਸਕੁਨੀ ਭੀ ਸਜਤਾ ਥਾ।<br>
ਥੇ ਤਰਕਸ਼ ਸਭ ਕੇ ਕੰਧੋਂ ਪੇ, ਥੀ ਹਾਥੋਂ ਮੇਂ ਕਮਾਨੇਂ ਭੀ।<br>
ਲਗਾ ਰੱਖੀ ਥੀ ਦਾਓ ਪੇ ਸਭੀ ਨੇ ਆਪਣੀ ਜਾਨੇਂ ਭੀ।<br>
ਵੋਹ ਬਹਾਈਓਂ ਕੋ ਮਿਟਾਨੇ ਕੋ ਨਜ਼ਰ ਤੈਯਾਰ ਆਤੇ ਥੇ।<br>
ਵੋਹ ਪੈਗ਼ਾਮੇ-ਅਜ਼ਲ ਛੋਟੇ ਬੜੇ ਸਭ ਕੋ ਸੁਨਾਤੇ ਥੇ।<br>
ਕਿ ਇਤਨੇ ਮੇਂ ਕਿਸ਼ਨ ਭਗਵਾਨ ਖ਼ੁਦ ਰੱਥ ਕੋ ਬੜ੍ਹਾ ਲਾਏ।<br>
ਮੁਖ਼ਾਲਿਫ਼ ਜੰਗ ਮੇਂ ਯੋਧਾ ਸਭੀ ਅਰਜਨ ਕੋ ਦਿਖਲਾਏ।<br>
ਦੇਖਾ ਜਬ ਭਾਈਓਂ ਕਾ ਲਸ਼ਕਰ ਤੋ ਅਰਜਨ ਡਰ ਗਿਆ ਇਕਦਮ।<br>
ਮੁਹੱਬਤ ਮਾਇਆ ਔਰ ਮੋਹ ਸੇ ਮਨ ਉਸਕਾ ਭਰ ਗਿਆ ਇਕਦਮ।<br>
ਚਚੇ, ਤਾਏ, ਗੁਰੂ, ਭਾਈ ਸਭੀ ਉਸਕੋ ਨਜ਼ਰ ਆਏ।<br>
ਸਮਝ ਯਹ ਨਾ ਸਕਾ ਅਰਜਨ ਕਿ ਕਿਸ ਪਰ ਤੀਰ ਬਰਸਾਏ।<br>
ਧਨੁਸ਼ ਗੰਡੀਵ ਕੋ ਉਸਨੇ ਗਿਰਾਇਆ ਔਰ ਕਹਾ ਮੋਹਨ।<br>
ਯਹ ਦੁਖ ਭਾਈਓਂ ਕੀ ਮਿਰਤੂ ਕਾ ਨ ਜਾਏਗਾ ਸਹਾ ਮੋਹਨ।<br>
ਗੁਰੂ ਵਰ ਔਰ ਬਜ਼ੁਰਗੋਂ ਕੋ ਮੈਂ ਹਰਗਿਜ਼ ਨਾ ਮਿਟਾਊਂਗਾ।<br>
ਬੱਸ ਇਕ ਰਾਜ ਕੇ ਬਦਲੇ ਜਹੰਨਮ ਕੋ ਨਾ ਜਾਊਂਗਾ।<br>
ਸੁਨੇ ਜਬ ਯਹ ਵਚਨ ਭਗਵਨ ਨੇ ਤੋ ਵੋਹ ਬੋਲੇ, ਤੂ ਸੁਨ ਮੇਰੀ।<br>
ਨਾ ਪੜ ਮਾਇਆ ਕੇ ਫੰਦੇ ਮੇਂ, ਅਬਸ ਕਰਤਾ ਹੈ ਕਿਉਂ ਦੇਰੀ।

ਮਰੇਗਾ ਨਾ ਤੂ ਇਸ ਜਾ ਪਰ, ਕਿਸੀ ਕੋ ਨਾ ਤੂ ਮਾਰੇਗਾ।
ਫ਼ਕਤ ਖ਼ਾਕੀ ਬਦਨ ਉਨ ਕੇ ਤੂ ਰੂਹੋਂ ਸੇ ਉਤਾਰੇਗਾ।
ਬਦਲ ਡਾਲੇਗਾ ਤੂ ਚੋਲੇ ਬਦਲਤੇ ਹੈਂ ਯੂਹੀਂ ਬਸਤਰ।
ਨ ਰੂਹ ਕੋ ਕਾਟ ਸਕਤੇ ਹੈਂ ਤੇਰੇ ਤੀਰੋਂ ਤਬਰ ਸ਼ਸਤਰ।
ਨਹੀਂ ਹੈਂ ਆਗ ਮੇਂ ਤਾਕਤ ਜੋ ਇਸ ਰੂਹ ਕੋ ਜਲਾ ਡਾਲੇ।
ਕਹਾਂ ਤਲਵਾਰ ਕੀ ਹਿੰਮਤ ਜੋ ਵੋਹ ਇਸ ਕੋ ਮਿਟਾ ਡਾਲੇ।
ਤੂ ਕਰ ਪਾਲਨ ਧਰਮ ਅਪਨਾ ਮੁਹੱਬਤ ਛੋੜ ਦੇ ਸਾਰੀ।
ਉਠਾ ਸ਼ਸਤਰ, ਨਾ ਬਨ ਕਾਇਰ ਤੂ ਕਰਦੇ ਜੰਗ ਕੋ ਜਾਰੀ।
ਯਹੀ ਸੰਦੇਸ਼ ਥਾ ਰੂਹ ਕਾ, ਯਹੀ ਉਦੇਸ਼ ਗੀਤਾ ਕਾ।
ਦੀਆ ਥਾ ਗੋਇਲ ਭਗਵਨ ਨੇ ਯਹੀ ਉਪਦੇਸ਼ ਗੀਤਾ ਕਾ।

ਅਗਲੇ ਸਾਲ ਫੇਰ ਗਣਤੰਤਰ ਦਿਵਸ ਆਇਆ।25 ਜਨਵਰੀ ਦੀ ਰਾਤ ਨੂੰ ਤਪਾ ਮੰਡੀ ਵਿਚ ਸਭਿਆਚਾਰਕ ਪ੍ਰੋਗਰਾਮ ਰੱਖਿਆ ਗਿਆ।ਕਵਿਤਾ ਉਚਾਰਨ ਤੋਂ ਲੈ ਕੇ ਫੈਂਸੀ ਡਰੈਸ ਤੇ ਸਕਿੱਟਾਂ ਦੇ ਮੁਕਾਬਲੇ ਕਰਵਾਏ ਗਏ।ਸ਼ਰਤ ਇਹ ਸੀ ਕਿ ਇਕ ਵਿਦਿਆਰਥੀ ਕੇਵਲ ਇਕ ਆਈਟਮ ਵਿਚ ਭਾਗ ਲੈ ਸਕਦਾ ਹੈ। ਪੰਡਤ ਨਰੰਜਣ ਦਾਸ ਦਾ ਮੁੰਡਾ ਰਮੇਸ਼ ਕਾਂਤ ਉਦੋਂ ਧਨੌਲੇ ਪੜ੍ਹਦਾ ਹੁੰਦਾ ਸੀ ਤੇ ਮੈਂ ਸਰਕਾਰੀ ਸਕੂਲ ਤੋਂ ਬਦਲ ਕੇ ਨਵਾਂ ਨਵਾਂ ਹੀ ਆਰੀਆ ਸਕੂਲ ਵਿਚ ਆਇਆ ਸੀ।ਆਰੀਆ ਸਕੂਲ ਦਾ ਕੋਈ ਮੁੰਡਾ ਮੇਰਾ ਅਜੇ ਮਿੱਤਰ ਨਹੀਂ ਸੀ ਬਣਿਆ।ਮੇਰੇ ਭਰਾ ਦੇ ਕਹਿਣ ਉਤੇ ਮੈਂ ਤੇ ਰਮੇਸ਼ ਕਾਂਤ ਨੇ ਇਸੇ ਕਵਿਤਾ ਨੂੰ ਨਾਟਕੀ ਰੂਪ ਵਿਚ ਪੇਸ਼ ਕੀਤਾ।ਅਗਵਾਈ ਮੇਰੇ ਭਰਾ ਦੀ ਸੀ।ਮੈਂ ਕ੍ਰਿਸ਼ਨ ਬਣਿਆ ਤੇ ਰਮੇਸ਼ ਕਾਂਤ ਅਰਜਨ।ਬਾਬਾ ਮਠ ਦੇ ਵਣ ਵਿਚੋਂ ਮੋਰ ਖੰਭ ਲਿਆਂਦੇ ਗਏ।ਮੁਕਟ ਛੱਜੂ ਰਾਮ ਚੌਧਰੀ ਨੂੰ ਕਹਿ ਸੁਣ ਕੇ ਰਾਮ ਲੀਲ੍ਹਾ ਕਮੇਟੀ ਤੋਂ ਲਿਆ।ਖੀਨ-ਖਾਬ ਦਾ ਬਲਾਊਜ਼ ਅਤੇ ਰੇਸ਼ਮ ਦੀ ਕੇਸਰੀ ਸਾੜ੍ਹੀ ਮੇਰੀ ਭਾਬੀ ਦੀ ਸੀ।ਰਮੇਸ਼ ਕਾਂਤ ਨੇ ਆਪਣੇ ਕੱਪੜਿਆਂ ਦਾ ਪ੍ਰਬੰਧ ਆਪ ਕੀਤਾ।ਜਦੋਂ ਅਸੀਂ ਸਟੇਜ 'ਤੇ ਪਹੁੰਚੇ, ਲੋਕ ਕਹਿਣ :

"ਇਹ ਤਾਂ ਸੱਚੀ-ਮੁੱਚੀ ਦੇ ਅਰਜਨ ਕ੍ਰਿਸ਼ਨ ਲਗਦੇ ਐ।"

ਕਵਿਤਾ ਦਾ ਇਹ ਨਾਟਕੀ ਰੂਪ ਬਹੁਤ ਹੀ ਸਫਲ ਰਿਹਾ।ਉਸ ਰਾਤ ਪੰਡਤਾਂ ਦੀ ਇਕ ਬਰਾਤ ਵੀ ਆਈ ਹੋਈ ਸੀ।ਲਗਭਗ ਸਾਰੀ ਬਰਾਤ ਹੀ ਪ੍ਰੋਗਰਾਮ ਦੇਖਣ ਆਈ।ਉਹਨਾਂ ਪਤਾ ਨਹੀਂ ਮੈਨੂੰ ਕ੍ਰਿਸ਼ਨ ਦਾ ਰੂਪ ਸਮਝ ਕੇ ਜਾਂ ਮੇਰੀ ਅਦਾਕਾਰੀ ਵੇਖ ਕੇ ਨਵੇਂ ਨਵੇਂ ਨੋਟ ਇਨਾਮ ਵਜੋਂ ਭੇਜੇ।ਮੁਕਾਬਲੇ ਵਿਚ ਵੀ ਮੇਰੀ ਅਦਾਕਾਰੀ ਨੂੰ ਪਹਿਲਾ ਪੁਰਸਕਾਰ ਮਿਲਿਆ।ਮੇਰਾ ਹੌਸਲਾ ਹੋਰ ਵਧ ਗਿਆ।ਇਸ ਸਾਲ ਹੀ ਸਨਾਤਨ ਧਰਮ ਹਾਈ ਸਕੂਲ ਬਰਨਾਲੇ ਵੱਲੋਂ ਕਵਿਤਾ-ਪਾਠ ਪ੍ਰਤੀਯੋਗਤਾ ਰੱਖੀ ਗਈ।ਤਪੇ ਦੇ ਆਰੀਆ ਸਕੂਲ ਵੱਲੋਂ ਮੈਨੂੰ ਭੇਜਿਆ ਗਿਆ।ਪੰਡਤ ਨਹਿਰੂ ਦਾ ਜਨਮ ਦਿਨ ਸੀ।ਬਾਲ ਦਿਵਸ ਨੂੰ ਮਨਾਉਣ ਲਈ ਇਹ ਮੁਕਾਬਲਾ ਰੱਖਿਆ ਗਿਆ ਸੀ।ਮੈਂ ਇਕ ਕਵਿਤਾ ਲਿਖੀ।ਇਹ ਕਵਿਤਾ ਮੈਂ ਲਿਖੀ ਨਹੀਂ ਸੀ, ਆਪੇ ਹੀ ਲਿਖ ਹੋ ਗਈ ਸੀ।ਉਹ ਸਾਰੀ ਕਵਿਤਾ ਹੁਣ ਮੇਰੇ ਯਾਦ ਨਹੀਂ ਕੇਵਲ ਇਕ ਬੰਦ ਯਾਦ ਹੈ :

ਨਹਿਰੂ ਦੇ ਨਾਉਂ ਦੇ ਨਾਲ ਅੱਜ,
ਥਾਂ ਥਾਂ 'ਤੇ ਨਹਿਰਾਂ ਚਲਦੀਆਂ।
ਦਰਿਆਵਾਂ 'ਤੇ ਬੰਧ ਲੱਗ ਰਹੇ,
ਨਾਲੇ ਬਿਜਲੀਆਂ ਜਲਦੀਆਂ।
ਹੈ ਕਾਰਖਾਨੇ ਵਧ ਰਹੇ,



ਤੇ ਖੇਤੀਆਂ ਵੀ ਫਲਦੀਆਂ।
ਹੈਂ ਤੂੰ ਵਤਨ ਦੀ ਜ਼ਿੰਦਗੀ
ਤੇ ਵਤਨ ਕਰਦਾ ਪਿਆਰ ਹੈ
ਤੂੰ ਰਤਨ ਹੈਂ ਦੇਸ ਦਾ
ਜਵਾਹਰ ਤੇਰੀ ਜੈਕਾਰ ਹੈ।

ਇਹ ਕਵਿਤਾ ਇਸ ਮੁਕਾਬਲੇ ਵਿਚ ਪਹਿਲੇ ਨੰਬਰ ਉਤੇ ਆਈ।ਗਿਆਰਾਂ ਰੁਪਏ ਨਕਦ ਇਨਾਮ ਤੋਂ ਬਿਨਾਂ ਦੋ ਕਿਤਾਬਾਂ ਵੀ ਦਿੱਤੀਆਂ ਗਈਆਂ।ਕਿਤਾਬਾਂ ਵਿਚ ਛੋਟੇ ਛੋਟੇ ਬੱਚਿਆਂ ਦੇ ਪੜ੍ਹਨ ਵਾਲੀਆਂ ਕਵਿਤਾਵਾਂ ਸਨ।ਮੈਂ ਦੋਵੇਂ ਕਿਤਾਬਾਂ ਇਕ ਦਿਨ ਵਿਚ ਹੀ ਪੜ੍ਹ ਦਿੱਤੀਆਂ।

ਉਦੋਂ ਦੈਨਿਕ ਰਣਜੀਤ ਹੀ ਵਧੇਰੇ ਸਾਡੀ ਮੰਡੀ ਵਿਚ ਆਉਂਦਾ ਸੀ।ਮੈਂ ਇਹ ਕਵਿਤਾ ਉਸ ਵਿਚ ਛਪਣ ਲਈ ਭੇਜ ਦਿੱਤੀ।ਤਰਸੇਮ ਲਾਲ ਤੁਲਸੀ ਨਾਂ ਹੇਠ ਛਪੀ ਮੇਰੀ ਇਹ ਪਹਿਲੀ ਕਵਿਤਾ ਸੀ।ਇਹ ਛਪੀ ਕਵਿਤਾ ਕਿੰਨਾਂ ਚਿਰ ਸਾਂਭ ਕੇ ਰੱਖਦਾ ਰਿਹਾ।ਪਰ ਪਿੱਛੋਂ ਮਾਂ ਨੇ ਇਹਨੂੰ ਰੱਦੀ ਸਮਝ ਕੇ ਗੋਹਲੇ ਬਣਾਉਣ ਵੇਲੇ ਹੋਰ ਕਾਗ਼ਜ਼ਾਂ ਦੇ ਨਾਲ ਲੇਖੇ ਲਾ ਦਿੱਤੀ।

ਹੁਣ ਸਾਰੀ ਮੰਡੀ ਮੈਨੂੰ ਕਵੀ ਮੰਨਣ ਲੱਗ ਪਈ ਸੀ।ਪੰਡਤ ਗੋਵਰਧਨ ਦਾਸ ਜੀ ਮੈਨੂੰ ਕਵੀ-ਰਾਜ ਕਹਿ ਕੇ ਬੁਲਾਉਂਦੇ।ਹੁਣ ਤਾਂ ਸ਼ੱਕ ਦੀ ਵੀ ਕੋਈ ਗੁੰਜਾਇਸ਼ ਨਹੀਂ ਸੀ ਰਹੀ।ਇਹਦਾ ਇਕ ਕਾਰਨ ਇਹ ਵੀ ਸੀ ਕਿ ਐਤਵਾਰ ਦੇ ਰਣਜੀਤ ਵਿਚ ਜਿਹੜੇ ਕਵੀ ਦਰਬਾਰ ਸਿਰਲੇਖ ਅਧੀਨ ਕਵਿਤਾਵਾਂ ਛਪਦੀਆਂ ਸਨ, ਉਹਨਾਂ ਵਿਚ ਸਾਡੇ ਦੋਹਾਂ ਭਰਾਵਾਂ ਦੀਆਂ ਕਵਿਤਾਵਾਂ ਜ਼ਰੂਰ ਛਪਦੀਆਂ।ਇਹ ਕਵਿਤਾਵਾਂ ਤਰਹ-ਮਿਸਰਾ ਆਜ਼ਮਾਈ ਉਤੇ ਆਧਾਰਿਤ ਹੁੰਦੀਆਂ।ਪਰ ਸਕੂਲ ਦੇ ਪ੍ਰੋਗਰਾਮਾਂ ਵਿਚ ਕਈ ਵਾਰ ਮੈਂ ਆਪਣੇ ਭਰਾ ਦੀਆਂ ਕਵਿਤਾਵਾਂ ਬੋਲਦਾ।ਉਹਨਾਂ ਵਿਚੋਂ ਕਵਿਤਾਵਾਂ ਦੇ ਬੰਦ ਮੇਰੇ ਅਜੇ ਵੀ ਚੇਤੇ ਹਨ।ਇਕ ਕਵਿਤਾ ਹਿੰਦੀ ਦੀ ਸੀ ਤੇ ਦੂਜੀ ਪੰਜਾਬੀ ਦੀ :

ਚੋਲਾ ਮਿਲਾ ਥਾ ਦੇਵ ਕਾ,
ਦਾਨਵ ਕਿਉਂ ਬਨ ਰਹਾ।
ਮੱਕੜੀ ਕੀ ਭਾਂਤੀ ਹਰ ਸਮਯ,
ਤਾਣੇ ਕਿਉਂ ਤਣ ਰਹਾ।
ਬਸ ਮੇਂ ਨਾ ਤੇਰੀ ਬੁੱਧੀ ਹੈ,
ਬਸ ਮੇਂ ਨਾ ਮਨ ਰਹਾ।
ਦਾਨਵਤਾ ਸਾਰੀ ਤਿਆਗ ਦੇ,
ਰਖ ਮਨ ਕੋ ਮਾਰ ਕਰ।
ਹੇ ਮਾਨਵ ਤੂੰ ਮਾਨਵ ਸੇ ਪਿਆਰ ਕਰ।

ਪੰਜਾਬੀ ਦਾ ਉਹ ਬੰਦ ਜੋ ਵਾਰ ਵਾਰ ਮੈਂ ਸਟੇਜਾਂ 'ਤੇ ਪੜ੍ਹਿਆ, ਉਹ ਇਸ ਪ੍ਰਕਾਰ ਹੈ :

ਗਰੀਬਾਂ ਦੇ ਲਹੂਆਂ 'ਚ ਤਰ ਕਰਕੇ ਇੱਟ ਜੋ,
ਇਹ ਮਹਿਲਾਂ ਦੀ ਚੋਟੀ 'ਤੇ ਲਾਈ ਗਈ ਏ।
ਹਜ਼ਾਰਾਂ ਹੀ ਪਿੰਜਰ, ਕਰੋੜਾਂ ਹੀ ਹੱਡੀ,
ਜੋ ਨੀਹਾਂ 'ਚ ਇਹਨਾਂ ਦੇ ਪਾਈ ਗਈ ਏ।
ਤੂੰ ਖ਼ੂੰ ਪੀ ਪੀ ਸਾਡਾ ਹੈਂ ਬਣ ਬੈਠਾ ਰਾਜਕ,

ਹਨੇਰੇ 'ਚ ਅੰਨ੍ਹੀ ਮਚਾਈ ਗਈ ਏ।
ਬੁਝਾਏ ਤੋਂ ਵੀ ਨਾ ਬੁਝੇਗੀ ਇਹ ਜ਼ਾਲਿਮ,
ਜੋ ਅੱਗ ਸਾਡੇ ਸੀਨੇ ਨੂੰ ਲਾਈ ਗਈ ਏ।

ਹੌਲੀ ਹੌਲੀ ਮੈਂ ਆਪਣੇ ਭਰਾ ਦੀਆਂ ਲਿਖੀਆਂ ਕਵਿਤਾਵਾਂ ਵੀ ਬੋਲਣੀਆਂ ਛੱਡ ਦਿੱਤੀਆਂ ਅਤੇ ਕਿਸੇ ਹੋਰ ਕਵੀ ਦੀਆਂ ਕਵਿਤਾਵਾਂ ਵੀ ਛੇਵੀਂ ਜਮਾਤ ਤੋਂ ਪਿੱਛੋਂ ਕਿਸੇ ਸਟੇਜ 'ਤੇ ਨਾ ਪੜ੍ਹੀਆਂ।

ਕਵਿਤਾ ਦੇ ਨਾਲ ਨਾਲ ਮੈਨੂੰ ਨਾਟਕ ਲਿਖਣ ਦਾ ਸ਼ੌਕ ਵੀ ਜਾਗਿਆ। ਕਈ ਛੋਟੇ ਛੋਟੇ ਨਾਟਕ ਲਿਖੇ ਤੇ ਆਪਣੀ ਜਮਾਤ ਵਿਚ ਹੀ ਖੇਡੇ। ਇਕ ਛੋਟਾ ਜਿਹਾ ਨਾਟਕ ਸਟੇਜ ਉਤੇ ਵੀ ਪੇਸ਼ ਕੀਤਾ। ਅਸਲ ਵਿਚ ਇਹ ਨਾਟਕ ਨਹੀਂ ਸੀ। ਬੱਸ, ਸਕਿੱਟ ਜਿਹਾ ਸੀ। ਇਹ ਸਕਿੱਟ ਮੈਂ ਆਪਣੀ ਮਾਂ ਤੋਂ ਸੁਣੀ ਇਕ ਕਹਾਣੀ ਦੇ ਆਧਾਰ 'ਤੇ ਘੜਿਆ ਸੀ। ਕਹਾਣੀ ਕੁਝ ਇਸ ਤਰ੍ਹਾਂ ਸੀ।

ਮਹਿੰਗਾਈ ਕਾਰਨ ਪਿੰਡ ਵਿਚੋਂ ਆਏ ਇਕ ਘੱਟ ਤਨਖਾਹੀਏ ਮੁਲਾਜ਼ਮ ਤੇ ਉਹਦੀ ਪਤਨੀ ਨੇ ਆਉਣ ਵਾਲੇ ਮਹਿਮਾਨਾਂ ਤੋਂ ਖਹਿੜਾ ਛੁਡਾਉਣ ਲਈ ਇਕ ਸਕੀਮ ਘੜੀ। ਉਹਨਾਂ ਫੈਸਲਾ ਕੀਤਾ ਕਿ ਜਦੋਂ ਕੋਈ ਮਹਿਮਾਨ ਆਵੇ, ਉਹ ਫਰਜੀ ਲੜਾਈ ਸ਼ੁਰੂ ਕਰ ਲਿਆ ਕਰਨਗੇ। ਫੈਸਲੇ ਤੋਂ ਅਗਲੇ ਦਿਨ ਹੀ ਪਿੰਡ ਤੋਂ ਉਹਨਾਂ ਦਾ ਕੋਈ ਸੰਬੰਧੀ ਆ ਗਿਆ। ਮਹਿਮਾਨ ਨੇ ਵੀ ਜਾਂਚ ਲਿਆ ਕਿ ਲੜਾਈ ਦਾ ਨਾਟਕ ਖੇਡਿਆ ਜਾ ਰਿਹਾ ਹੈ। ਉਸ ਪਿੱਛੋਂ ਜੋ ਕੁਝ ਵਾਪਰਿਆ, ਉਹਨੂੰ ਹੂ-ਬ-ਹੂ ਪੇਸ਼ ਕਰ ਰਿਹਾ ਹਾਂ :

ਮੁਲਾਜ਼ਮ (ਪਤਨੀ ਨੂੰ) : ਵੇਖ ਮੇਰੀਆਂ ਧਮਕਾਂ, ਕੰਧਾਂ ਨਾਲ ਮਾਰੀਆਂ ਛਮਕਾਂ, ਕੁੱਟੀ ਮੈਂ ਵੀ ਨਹੀਂ।
ਪਤਨੀ (ਪਤੀ ਨੂੰ) : ਵੇਖ ਮੇਰੀ ਚਤੁਰਾਈ, ਸੁੱਕੇ ਸੰਘ ਪਈ ਅੜਾਈ, ਰੋਈ ਮੈਂ ਵੀ ਨਹੀਂ।
ਮਹਿਮਾਨ : ਮੈਂ ਮੁੰਡਾ ਗੁਰਦਿੱਤਾ, ਮੰਜੀ ਡਾਹ ਪਿਛੋਕੜ ਸੁੱਤਾ, ਗਿਆ ਮੈਂ ਵੀ ਨਹੀਂ।

ਇਹ ਸਕਿੱਟ ਕਿਸੇ ਸ਼ਨੀਵਾਰ ਨੂੰ ਆਰੀਆ ਸਕੂਲ ਦੀ ਸਪਤਾਹਿਕ ਇਕੱਤਰਤਾ ਵਿਚ ਪੇਸ਼ ਕੀਤਾ ਗਿਆ। ਉਸ ਵੇਲੇ ਲਾਲਾ ਆਸੂ ਰਾਮ ਸਕੂਲ ਦੇ ਮੁੱਖ ਅਧਿਆਪਕ ਸਨ। ਅਨੁਸ਼ਾਸ਼ਨ 'ਚ ਰਹਿਣ ਵਾਲੇ ਤੇ ਲਾਇਕ ਵਿਦਿਆਰਥੀਆਂ ਤੋਂ ਇਲਾਵਾ ਉਹ ਕਲਾਕਾਰਾਂ ਤੇ ਬੁਲਾਰਿਆਂ ਦੇ ਬਹੁਤ ਕਦਰਦਾਨ ਸਨ। ਉਹਨਾਂ ਸਟੇਜ ਉਤੇ ਮੇਰੀ ਬੜੀ ਪ੍ਰਸ਼ੰਸਾ ਕੀਤੀ। ਇਸ ਸਕਿੱਟ ਲਿਖਣ ਬਦਲੇ ਮੈਨੂੰ ਉਹਨਾਂ ਨੇ ਅਠਿਆਨੀ ਨਕਦ ਇਨਾਮ ਦਿੱਤੀ। ਨਾਲ ਇਹ ਵੀ ਕਿਹਾ ਕਿ ਅਗਲੀ ਮੀਟਿੰਗ ਵਿਚ ਜਿਹੜਾ ਵਿਦਿਆਰਥੀ ਕੋਈ ਵਧੀਆ ਰਚਨਾ ਲਿਖ ਕੇ ਲਿਆਵੇਗਾ ਜਾਂ ਵਧੀਆ ਭਾਸ਼ਣ ਕਰੇਗਾ, ਉਸ ਨੂੰ ਇਕ ਰੁਪਈਆ ਇਨਾਮ ਦਿੱਤਾ ਜਾਏਗਾ।

ਰਚਨਾ ਤਾਂ ਮੈਥੋਂ ਕੋਈ ਲਿਖੀ ਨਾ ਗਈ। ਸਾਡੀ ਪੰਜਾਬੀ ਪਾਠ-ਪੁਸਤਕ ਵਿਚ ਬਲਵੰਤ ਗਾਰਗੀ ਦਾ ਇਕ ਇਕਾਂਗੀ ਸੀ—ਬੇਬੇ। ਮੈਨੂੰ ਉਦੋਂ ਇਹ ਨਹੀਂ ਸੀ ਪਤਾ ਕਿ ਇਹ ਇਕਾਂਗੀ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਰਖਦਾ ਹੈ। ਅਸੀਂ ਇਹ ਇਕਾਂਗੀ ਵਾਰ ਵਾਰ ਤਾਂ ਪੜ੍ਹਦੇ ਸੀ, ਕਿਉਂਕਿ ਬਲਵੰਤ ਗਾਰਗੀ ਤਪਾ ਮੰਡੀ ਦਾ ਦੋਹਤਾ ਹੈ। ਉਸ ਦਾ ਮਾਮਾ ਰਾਮ ਦਾਸ ਉਦੋਂ ਸਾਡੀ ਦੁਕਾਨ ਦੇ ਬਿਲਕੁਲ ਸਾਹਮਣੇ ਰਿਉੜੀਆਂ ਪਤਾਸਿਆਂ ਦੀ ਦੁਕਾਨ ਕਰਦਾ ਹੁੰਦਾ ਸੀ। ਇਸ ਲਈ ਮੇਰਾ ਲਗਾਓ ਇਸ ਰਚਨਾ ਨਾਲ ਹੋਰ ਵੀ ਵਧ ਗਿਆ ਸੀ। ਮੈਂ ਇਸ ਇਕਾਂਗੀ ਨੂੰ ਖੇਡਣ ਦੀ ਯੋਜਨਾ ਬਣਾਈ। ਇਸਤਰੀ ਪਾਤਰਾਂ ਦਾ ਰੋਲ ਕਰਨ ਲਈ ਕੋਈ ਤਿਆਰ ਹੀ ਨਾ ਹੋਵੇ। ਛੇਕੜ ਮੈਂ ਆਪਣੇ ਆੜ੍ਹੀ ਉੱਗੋ ਵਾਲਿਆਂ ਦੇ ਬੰਤ ਨੂੰ ਬੇਬੇ ਬਣਨ ਲਈ ਮਨਾ ਹੀ ਲਿਆ। ਇਕ ਨੇ ਬੇਬੇ ਦੀ ਧੀ ਬਣਨਾ ਸੀ। ਉਸ ਲਈ ਵੀ ਬੰਤ ਨੇ ਇਕ ਮੁੰਡੇ ਨੂੰ ਮਨਾ ਲਿਆ। ਉਹ ਸੀ ਸ਼ਾਇਦ ਤਪੇ ਦੇ ਹਸਪਤਾਲ ਵਿਚ ਨੌਕਰੀ ਕਰਦੀ ਇਕ ਨਰਸ ਦਾ ਮੁੰਡਾ। ਉਹਦਾ ਨਾਉਂ ਹੁਣ ਮੈਨੂੰ ਵਿਸਰ ਗਿਆ ਹੈ। ਭਾਈ ਕਾਹਨ ਸਿੰਘ ਦਾ ਮੁੰਡਾ ਲਾਭ ਜੰਗੀਰ ਬਣਿਆਂ ਤੇ ਇਕ ਹੋਰ ਮੁੰਡਾ ਬਣਿਆਂ ਜੰਗੀਰ ਦਾ



ਦੋਸਤ ਬਲਵੰਤ। ਉਸ ਮੁੰਡੇ ਦਾ ਨਾਉਂ ਹੁਣ ਮੈਨੂੰ ਯਾਦ ਨਹੀਂ ਆ ਰਿਹਾ। ਪਰ ਏਨਾਂ ਮੈਨੂੰ ਪੱਕਾ ਯਾਦ ਹੈ ਕਿ ਸਭ ਮੁੰਡੇ ਸੱਤਵੀਂ ਜਮਾਤ ਵਿਚ ਪੜ੍ਹਦੇ ਸਨ। ਮੈਂ ਛੇਵੀਂ ਦਾ ਵਿਦਿਆਰਥੀ ਸੀ। ਪਾਰਟ ਮੈਂ ਕੋਈ ਨਾ ਕੀਤਾ। ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਨਾਟਕ ਦੀ ਜਾਣ-ਪਛਾਣ ਕਰਵਾਈ। ਜਿੰਨਾਂ ਕੁ ਉਦੋਂ ਮੈਨੂੰ ਪਤਾ ਸੀ, ਗਾਰਗੀ ਬਾਰੇ ਵੀ ਦੱਸਿਆ। ਨਾਟਕ ਖਤਮ ਹੋਣ ਤੋਂ ਪਿੱਛੋਂ ਫੇਰ ਨਾਟਕ ਬਾਰੇ ਕਾਫੀ ਕੁਝ ਕਿਹਾ। ਮੈਂ ਕੀ ਕਿਹਾ—ਹੁਣ ਕੁਝ ਵੀ ਯਾਦ ਨਹੀਂ ਆ ਰਿਹਾ। ਬੱਸ ਪੱਥਰ 'ਤੇ ਲੀਕ ਵਾਂਗ ਮੇਰੇ ਚੇਤੇ ਵਿਚ ਖੁਣਿਆ ਹੋਇਆ ਹੈ ਕਿ ਮੁੱਖ ਅਧਿਆਪਕ ਨੇ ਮੇਰੇ ਭਾਸ਼ਣ ਪਿੱਛੋਂ ਬੜੀ ਤੇਜ਼ੀ ਨਾਲ ਆ ਕੇ ਮੈਨੂੰ ਗਲਵੱਕੜੀ ਵਿਚ ਲੈ ਲਿਆ ਸੀ ਅਤੇ ਇਕ ਰੁਪਿਆ ਇਨਾਮ ਵਜੋਂ ਦਿੱਤਾ ਸੀ।

ਲਾਲਾ ਆਸੂ ਰਾਮ ਦੇ ਕੁਝ ਵਧੇਰੇ ਹੀ ਚੈਲਿੰਜ-ਨੁਮਾ ਭਾਸ਼ਾ ਵਿਚ ਬੋਲਣ ਉਤੇ ਡਾਕਟਰ ਸਰਵਣ ਸਿੰਘ ਦਾ ਪੁੱਤਰ ਗੁਰਮੇਲ ਜਿਹੜਾ ਪੜ੍ਹਨ ਵਿਚ ਬੜਾ ਹੁਸ਼ਿਆਰ ਸੀ ਅਤੇ ਦਸਵੀਂ ਦਾ ਮਨੀਟਰ ਸੀ, ਤੈਸ਼ ਵਿਚ ਆ ਗਿਆ। ਸਟੇਜ 'ਤੇ ਆਇਆ ਤੇ ਨਾਟਕ ਬਾਰੇ ਬੋਲਣ ਲੱਗਾ। ਪਰ ਉਹ ਇਕ ਮਿੰਟ ਤੋਂ ਵੱਧ ਬੋਲ ਨਾ ਸਕਿਆ। ਲਾਲਾ ਜੀ ਨੇ ਫਿਰ ਬੋਲਣਾ ਸ਼ੁਰੂ ਕੀਤਾ :

"ਲਾਲਾ ਜੀ, ਆਪ ਇਸ ਲੜਕੇ ਕਾ ਮੁਕਾਬਲਾ ਨਹੀਂ ਕਰ ਸਕਤੇ। ਅਗਰ ਮੁਕਾਬਲਾ ਕਰਨਾ ਹੈ ਤੋ ਅਗਲੀ ਮੀਟਿੰਗ ਮੇਂ ਔਰ ਅੱਛੀ ਮਿਹਨਤ ਕਰਕੇ ਆਣਾ।"

ਮੁੱਖ ਅਧਿਆਪਕ ਜਦੋਂ ਵੀ ਇਸ ਤਰ੍ਹਾਂ ਬੋਲਦੇ ਤਾਂ ਸਭ ਨੂੰ ਲਾਲਾ ਜੀ ਕਹਿ ਕੇ ਸੰਬੋਧਨ ਕਰਦੇ, ਭਾਵੇਂ ਕੋਈ ਹਿੰਦੂ ਹੁੰਦਾ ਜਾਂ ਸਿੱਖ ਹੁੰਦਾ ਜਾਂ ਮੁਸਲਮਾਨ। ਇਸ ਲਈ ਸਾਰੇ ਮੁੰਡੇ ਵੀ ਉਹਨਾਂ ਨੂੰ ਲਾਲਾ ਜੀ ਕਹਿ ਕੇ ਹੀ ਬੁਲਾਉਂਦੇ। ਮਿਹਨਤੀ ਉਹ ਬਹੁਤ ਸੀ। ਸਾਰੀ ਮੰਡੀ ਉਹਨਾਂ ਦਾ ਬਹੁਤ ਸਤਿਕਾਰ ਕਰਦੀ ਸੀ। ਇਸ ਨਾਟਕ ਦੇ ਮੰਚਨ ਪਿੱਛੋਂ ਉਹ ਮੰਡੀ ਵਿਚ ਜਿੱਥੇ ਵੀ ਜਾਂਦੇ, ਮੇਰਾ ਜ਼ਿਕਰ ਜ਼ਰੂਰ ਕਰਦੇ।

ਅਜੇ ਮੈਂ ਸੱਤਵੀਂ ਪਾਸ ਵੀ ਨਹੀਂ ਸੀ ਕੀਤੀ ਕਿ ਮੈਨੂੰ ਸਕੂਲ ਛੱਡਣਾ ਪਿਆ। ਪਰ ਲਿਖਣ ਲਿਖਾਉਣ ਤੇ ਨਾਟਕ ਖੇਡਣ ਦਾ ਸ਼ੌਕ ਪਹਿਲਾਂ ਵਾਂਗ ਬਣਿਆ ਰਿਹਾ। ਇਹਨਾਂ ਦਿਨਾਂ ਵਿਚ ਹੀ ਅਸੀਂ ਇਕ ਨਾਟਕ ਕਲੱਬ ਬਣਾਇਆ। ਮੈਂ ਉਸ ਦਾ ਸਕੱਤਰ ਚੁਣਿਆ ਗਿਆ। ਅਸੀਂ ਮੰਡੀ ਦੀਆਂ ਗਲੀਆਂ ਵਿਚ ਕਈ ਛੋਟੇ ਛੋਟੇ ਨਾਟਕ ਖੇਡੇ। ਇਕ ਵਾਰ ਰਾਮ ਲੀਲ੍ਹਾ ਵਿਚ ਅਕਸ਼ਯ ਕੁਮਾਰ ਦਾ ਰੋਲ ਕੀਤਾ। ਪਰ ਹਨੂੰਮਾਨ ਨੇ ਮੇਰੇ ਮੋਢੇ ਉਤੇ ਏਨੇ ਜ਼ੋਰ ਨਾਲ ਗਦੇ ਮਾਰੇ ਕਿ ਮੁੜ ਕੇ ਰਾਮ ਲੀਲ੍ਹਾ ਵਿਚ ਕੋਈ ਵੱਡਾ ਰੋਲ ਕਰਨ ਦਾ ਹੌਸਲਾ ਹੀ ਨਾ ਕਰ ਸਕਿਆ।

1956 ਵਿਚ ਤਪੇ ਕਲਚਰਲ ਐਂਡ ਲਿਟਰੇਰੀ ਸੁਸਾਇਟੀ ਦੀ ਸਥਾਪਨਾ ਕੀਤੀ ਗਈ। ਪ੍ਰਧਾਨ ਲਈ ਕਈ ਮਹੀਨੇ ਕਿਚ ਕਿਚ ਹੁੰਦੀ ਰਹੀ। ਕੁਝ ਮੈਂਬਰ ਕਿਸੇ ਸਰਮਾਏਦਾਰ ਨੂੰ ਪ੍ਰਧਾਨ ਬਣਾਉਣਾ ਚਾਹੁੰਦੇ ਸਨ ਤੇ ਕੁਝ ਇਸ ਗੱਲ ਦੇ ਹੱਕ ਵਿਚ ਸਨ ਕਿ ਇਹ ਅਹੁਦਾ ਕਿਸੇ ਯੋਗ ਵਿਅਕਤੀ ਨੂੰ ਦਿੱਤਾ ਜਾਵੇ। ਛੇਕੜ ਗੁਣਾ ਮੇਰੇ ਭਰਾ ਦੇ ਹੱਕ ਵਿਚ ਪਿਆ। ਉਹ ਪ੍ਰਧਾਨ ਬਣ ਗਿਆ। ਡਾਕਟਰ ਕ੍ਰਿਪਾਲ ਸਿੰਘ ਥਾਪਰ ਸਕੱਤਰ ਤੇ ਓਮ ਪ੍ਰਕਾਸ਼ ਕਪਿਲ ਕਨਵੀਨਰ ਥਾਪੇ ਗਏ। ਪ੍ਰਕਾਸ਼ ਚੰਦ ਵਕੀਲ ਦੀ ਹੈਸੀਅਤ ਇਸ ਸਭਾ ਵਿਚ ਮੁੱਖ ਸਲਾਹਕਾਰਾਂ ਵਾਲੀ ਸੀ। ਹਰਬੰਸ ਲਾਲ ਸ਼ਰਮਾ ਜੋ ਉਦੋਂ ਹਰਿਆਣੇ ਦੇ ਕਿਸੇ ਪਿੰਡ ਨੌਕਰੀ ਕਰਦਾ ਸੀ, ਵੀ ਇਸ ਸਭਾ ਨਾਲ ਜੁੜ ਗਿਆ। ਇਹਨਾਂ ਦਿਨਾਂ ਵਿਚ ਹੀ ਮੈਨੂੰ ਪਤਾ ਲੱਗਿਆ ਕਿ ਉਹ ਵੀ ਇਕ ਵਧੀਆ ਕਵੀ ਹੈ। ਉਹਨੇ 1857 ਦੇ ਸ਼ਹੀਦਾਂ ਪ੍ਰਤੀ ਜਿਹੜੀ ਕਵਿਤਾ ਸ਼ਤਾਬਦੀ ਸਮਾਗਮ ਵਿਚ ਪੜ੍ਹਨੀ ਸੀ, ਉਹ ਉਹਨੇ ਪਹਿਲਾਂ ਹੀ ਕਈ ਵਾਰ ਸਾਡੇ ਘਰ ਵਿਚ ਬੈਠ ਕੇ ਸੁਣਾਈ। ਉਹਦਾ ਅਨੁਵਾਨ ਅਜੇ ਤੱਕ ਮੈਨੂੰ ਯਾਦ ਹੈ—"ਸੁਰਗਾਂ 'ਚੋਂ ਰਾਣੀ ਝਾਂਸੀ ਦਾ ਇਕ ਅਮਰ ਸੁਨੇਹਾ ਆਇਆ ਹੈ।"

ਸਭਾ ਦਾ ਦਫ਼ਤਰ ਸਾਡੇ ਘਰ ਹੀ ਬਣਾਇਆ ਗਿਆ। ਇਸ ਲਈ ਕਪਿਲ ਲਈ ਬੀੜੀਆਂ

ਲਿਆਉਣ ਤੋਂ ਲੈ ਕੇ ਡਾਕ ਸਾਂਭਣ ਤੇ ਪਾਉਣ ਤੱਕ ਡਿਊਟੀ ਮੇਰੀ ਹੀ ਲਾਈ ਗਈ।

ਕਲਚਰਲ ਐਂਡ ਲਿਟਰੇਰੀ ਸੁਸਾਇਟੀ ਨੇ ਜਿਹੜਾ ਸੱਤ ਰੋਜ਼ਾ ਸਮਾਗਮ ਆਜ਼ਾਦੀ ਦੀ ਪਹਿਲੀ ਲੜਾਈ ਦੀ ਸ਼ਤਾਬਦੀ ਮਨਾਉਣ ਲਈ ਕੀਤਾ, ਉਸ ਪੱਧਰ ਦਾ ਹੁਣ ਤੱਕ ਕੋਈ ਸਮਾਗਮ ਸਾਡੀ ਮੰਡੀ ਵਿਚ ਨਹੀਂ ਹੋਇਆ। ਗਿਆਨ ਸਿੰਘ ਰਾੜੇਵਾਲਾ ਤੇ ਕਰਤਾਰ ਸਿੰਘ 'ਦੀਵਾਨਾ' ਵਰਗੇ ਉਸ ਸਮੇਂ ਦੇ ਉਘੇ ਆਗੂਆਂ ਨੇ ਸਮਾਗਮ ਵਿਚ ਸ਼ਿਰਕਤ ਕੀਤੀ। ਨਾਟਕ, ਸਕਿੱਟ, ਫੈਂਸੀ ਡਰੈਸ, ਕਵਿਤਾ, ਭਾਸ਼ਣ ਤੇ ਹੋਰ ਕਈ ਕਿਸਮ ਦੇ ਮੁਕਾਬਲੇ ਰੱਖੇ ਗਏ। ਇਹਨਾਂ ਸਭ ਮੁਕਾਬਲਿਆਂ ਵਿਚ ਮੈਂ ਭਾਗ ਲੈਣਾ ਚਾਹੁੰਦਾ ਸੀ ਪਰ ਸਮੱਸਿਆ ਇਹ ਸੀ ਕਿ ਉਦੋਂ ਮੈਂ ਕਿਸੇ ਸਕੂਲ ਦਾ ਵਿਦਿਆਰਥੀ ਨਹੀਂ ਸੀ। ਗੈਰ ਵਿਦਿਆਰਥੀ ਵਿਅਕਤੀਗਤ ਇਨਾਮ ਲਈ ਹੀ ਮੁਕਾਬਲਾ ਲੜ ਸਕਦਾ ਸੀ। ਟਰਾਫੀ ਉਹਨਾਂ ਨੂੰ ਨਹੀਂ ਸੀ ਮਿਲ ਸਕਦੀ।

ਅਚਾਨਕ ਉਹੀ ਰਮੇਸ਼ ਕਾਂਤ ਆ ਗਿਆ ਜਿਹੜਾ ਇਕ ਸਮਾਗਮ ਵਿਚ ਮੇਰੇ ਨਾਲ ਜੋਟੀ ਰਹਿ ਚੁੱਕਾ ਸੀ। ਉਹ ਉਦੋਂ ਵੀ ਧਨੌਲੇ ਪੜ੍ਹਦਾ ਸੀ। ਉਸ ਦੇ ਸਕੂਲ ਵਿਚ ਇਸ ਕੰਮ ਲਈ ਉਸ ਦਾ ਕੋਈ ਸਾਥੀ ਨਹੀਂ ਸੀ। ਇਸ ਲਈ ਭਾਸ਼ਣ ਪ੍ਰਤੀਯੋਗਤਾ ਲਈ ਮੈਂ ਉਹਦੀ ਟੀਮ ਵਿਚ ਸ਼ਾਮਲ ਹੋ ਗਿਆ। ਟਰਾਫੀ ਅਸੀਂ ਜਿੱਤੀ। ਕਵਿਤਾ ਵਿਚ ਮੈਂ ਵਿਅਕਤੀਗਤ ਇਨਾਮ ਲਈ ਮੁਕਾਬਲਾ ਲੜਿਆ ਤੇ ਦੂਜਾ ਸਥਾਨ ਪ੍ਰਾਪਤ ਕੀਤਾ। ਅਸੀਂ ਮਹਾਰਾਣਾ ਪ੍ਰਤਾਪ ਨਾਟਕ ਵੀ ਖੇਡਿਆ। ਉਸ ਵਿਚ ਮੈਂ ਸਲੀਮ ਬਣਿਆ ਸੀ। ਨਾਟਕ ਵਿਚ ਮੈਨੂੰ ਇਨਾਮ ਕੋਈ ਨਹੀਂ ਸੀ ਮਿਲਿਆ ਪਰ ਸਲੀਮ ਬਣਨ ਦਾ ਕਈ ਦਿਨ ਨਸ਼ਾ ਚੜ੍ਹਿਆ ਰਿਹਾ।

ਫੋਨ: 01675-258879, 95015-36644

## ਮੇਰੀਆਂ ਸੰਦੂਕੜੀਆਂ / - ਬਲਬੀਰ ਸੰਘੇੜਾ

ਬਚਪਨ ਦਾ ਖਜ਼ਾਨਾ ਹਰ ਬੰਦਾ ਆਪਣੇ ਅੰਦਰ ਸਮੋਈ ਬੈਠਾ ਹੈ। ਉਨ੍ਹਾਂ ਯਾਦਾਂ ਦੇ ਆਸਰੇ ਹੀ ਜ਼ਿੰਦਗੀ ਨਿੱਕਲਦੀ ਹੈ। ਇਸ ਭੰਡਾਰ ਨੂੰ ਖੋਲ੍ਹੋ, ਯਾਦਾਂ ਤੁਰੀਆਂ ਆਉਣਗੀਆਂ। ਦਿਮਾਗ ਵੀ ਐਸਾ ਕੰਪਿਊਟਰ ਹੈ, ਕਿਸੇ ਵਕਤ ਤੇ ਜਾ ਕੇ ਸੋਚ ਦੀ ਕੁੰਡੀ ਨੱਪੋ, ਬਸ ਵਿਸ਼ਾਲ ਸਮੁੰਦਰ ਵਾਂਗ ਠਾਠਾਂ ਮਾਰਦੀਆਂ ਯਾਦਾਂ ਇਨਸਾਨ ਨੂੰ ਆਪਣੇ ਵਿੱਚ ਵਲ਼ ਲੈਣਗੀਆਂ। ਮੇਰੇ ਅੰਦਰ ਵੀ ਇਸੇ ਤਰ੍ਹਾਂ ਦਾ ਖਜ਼ਾਨਾ ਹੈ। ਮੈਨੂੰ ਪਿੰਡ ਵਾਲੇ ਘਰ ਦੀ ਕੋਠੜੀ ਚੇਤੇ ਆਉਂਦੀ ਹੈ, ਜਿਸ ਵਿਚ ਪੁਰਾਣਾ, ਟੁੱਟਾ ਭੱਜਾ ਸਮਾਨ ਪਿਆ ਹੁੰਦਾ ਸੀ। ਮੱਟੀਆਂ, ਮਿੱਟੀ ਦੇ ਭਾਂਡੇ, ਮੱਟ, ਚਾਟੀਆਂ, ਘੜੇ, ਤੌੜੀਆਂ ਜਿਨ੍ਹਾਂ ਦੀਆਂ ਕੋੜੀਆਂ ਲੱਗੀਆਂ ਹੁੰਦੀਆਂ। ਇਨ੍ਹਾਂ ਭਾਂਡਿਆਂ ਦੀ ਕਦੀ ਲੋੜ ਵੀ ਨਾ ਪੈਂਦੀ। ਸਟੋਰ ਕਰਨ ਵਾਲੀਆਂ ਚੀਜ਼ਾਂ ਇਨ੍ਹਾਂ ਵਿੱਚ ਪਈਆਂ ਹੁੰਦੀਆਂ। ਕਿਸੇ ਵਿੱਚ ਸ਼ੱਕਰ, ਤੇ ਕਿਸੇ ਵਿੱਚ ਗੁੜ, ਇੱਕ ਕੋਨੇ ਵਿਚ ਕੋਠੀ ਹੁੰਦੀ ਸੀ। ਕੋਠੀ ਦੋ ਪਾਸਿਆਂ ਦੀ ਬਣੀ ਹੁੰਦੀ ਸੀ। ਭਾਵ ਦੋ ਖਾਨੇ ਹੁੰਦੇ ਸਨ। ਉਸਦੀਆਂ ਤਾਕੀਆਂ ਜਾਂ ਕਹਿ ਲਵੋ ਦਰ ਸੰਦੂਕ ਦੇ ਪੱਲੜਿਆਂ ਵਰਗੇ ਹੁੰਦੇ ਸਨ। ਇਕ ਕੋਠੀ ਵਿੱਚ ਦਾਣੇ ਅਤੇ ਦੂਜੀ ਵਿੱਚ ਖੇਤੀ ਦਾ ਟੁੱਟਾ ਭੱਜਾ ਸਮਾਨ। ਇਸੇ ਕੋਠੜੀ ਵਿੱਚ ਤਿੰਨ ਲੱਕੜ ਦੀਆਂ ਪੇਟੀਆਂ/ਸੰਦੂਕੜੀਆਂ (ਲੱਕੜ ਦੇ ਚੈਸਟ) ਹੁੰਦੀਆਂ ਸਨ। ਜਿਨ੍ਹਾਂ ਦਾ ਆਕਾਰ ਤੀਹ ਇੰਚ ਲੰਬਾਈ ਅਤੇ ਵੀਹ ਕੁ ਇੰਚ ਚੌੜਾਈ ਸੀ। ਇਹ ਪੇਟੀਆਂ ਜ਼ਰੂਰ ਸਿੱਖ ਰਾਜ ਵੇਲੇ ਦੀਆਂ ਹੋਣਗੀਆਂ। ਲੱਗਦਾ ਪਿੱਛਲੇ ਸਮਿਆਂ ਵਿੱਚ ਇਨ੍ਹਾਂ ਵਿੱਚ ਖਜ਼ਾਨਾ ਰੱਖਿਆ ਜਾਂਦਾ ਹੋਵੇਗਾ। ਸਾਡੇ ਘਰ ਵੈਸੇ ਵੀ ਸਿੱਖ ਰਾਜ ਵੇਲੇ ਦਾ ਬਹੁਤ ਕੁੱਝ ਪਿਆ ਹੁੰਦਾ ਸੀ। ਮੇਰੇ ਪੜਦਾਦਾ ਜੀ ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਰੈਜਮੈਂਟ ਵਿੱਚ ਹੋਣ ਕਾਰਨ ਘਰ ਵਿੱਚ ਬਹੁਤ ਕੁੱਝ ਉਸ ਵੇਲੇ ਦਾ ਪਿਆ ਸੀ। ਇਨ੍ਹਾਂ ਪੇਟੀਆਂ ਨੂੰ ਕੋਈ ਹੱਥ ਨਹੀਂ ਸੀ ਲਾਉਂਦਾ। ਸੱਚ ਪੁੱਛੋ ਤਾਂ ਭਾਈਆ ਜੀ ਇਨ੍ਹਾਂ ਵਿੱਚ ਰੰਬੇ ਦਾਤਰੀਆਂ ਰੱਖ



ਕੇ ਇਨ੍ਹਾਂ ਦੀ ਵਰਤੋਂ ਕਰਦੇ ਸਨ। ਮੇਰੀ ਉਮਰ ਮਸਾਂ ਸੱਤ ਕੁ ਸਾਲ ਦੀ ਹੋਵੇਗੀ। ਮੈਨੂੰ ਇਹ ਪੇਟੀਆਂ ਬਹੁਤ ਖ਼ੂਬਸੂਰਤ ਲੱਗਦੀਆਂ। ਮੈਨੂੰ ਕੋਠੜੀ ਵਿੱਚੋਂ ਵੈਸੇ ਵੀ ਬਹੁਤ ਡਰ ਲੱਗਦਾ ਸੀ। ਪਰ ਇਨ੍ਹਾਂ ਪੇਟੀਆਂ ਨੂੰ ਦੇਖੇ ਬਿਨਾਂ, ਸਹਿਲਾਏ ਬਿਨਾਂ ਮੈਨੂੰ ਜਿਵੇਂ ਚੈਨ ਨਾ ਆਉਂਦਾ। ਮੇਰੀ ਛੋਟੀ ਜਿਹੀ ਉਮਰ ਵਿੱਚ ਵੀ ਮੈਂ ਸੋਚਿਆ ਕਰਦੀ ਸਾਂ ਕਿ ਬੀਜੀ ਹੋਰਾਂ ਨੇ ਇਨ੍ਹਾਂ ਨੂੰ ਐਂਵੇਂ ਕਿਉਂ ਸੁੱਟਿਆ ਹੋਇਆ ਹੈ। ਪਰ ਕੋਠੜੀ ਵਿੱਚ ਜਾਣ ਤੋਂ ਮੈਂ ਬਹੁਤ ਡਰਦੀ ਸਾਂ। ਮੇਰੇ ਭਾਈਆ ਜੀ ਨੇ ਮੇਰਾ ਡਰ ਦੂਰ ਕਰਨ ਦੀ ਠਾਣ ਲਈ। ਜਦੋਂ ਅਸੀਂ ਗਰਮੀਆਂ ਦੀ ਰੁੱਤੇ, ਰਾਤ ਨੂੰ ਕੋਠੇ ਉੱਪਰ ਸੌਂਦੇ, ਭਾਈਆ ਜੀ ਮੈਨੂੰ ਆਖਦੇ, "ਲੈ ਬਈ ਪੁੱਤ! ਆਹ ਅਠੱਨੀ ਦੇਊਂਗਾ, ਜੇ ਕਰ ਕੋਠੜੀ ਵਿੱਚੋਂ ਗੁੜ ਕੱਢ ਲਿਆਵੇਂ।"

ਕੋਠੇ ਨੂੰ ਰੁੱਖ ਦੇ ਮੋਟੇ ਡੰਡੇ ਵਾਲੀ ਪੌੜੀ ਲੱਗੀ ਹੁੰਦੀ ਸੀ। ਦਲਾਨ ਦੇ ਦਰਾਂ ਨੂੰ ਜੰਦਰਾ। ਜੇ ਕਰ ਮੈਂ ਕਿਸੇ ਪਾਸੇ ਦੀ ਅੰਦਰ ਜਾ ਸਕਦੀ ਤਾਂ ਉਹ ਸੀ ਬਾਰੀ। ਸਾਡਾ ਘਰ ਨਾਨਕਸ਼ਾਹੀ ਇੱਟਾਂ ਦਾ ਬਣਿਆ ਸੀ ਤੇ ਪੁਰਾਣੀਆਂ ਗਜ਼ ਚੌੜੀਆਂ ਕੰਧਾਂ, ਦਰ-ਦਰਵਾਜ਼ੇ, ਨਿੱਕੀਆਂ ਬਾਰੀਆਂ ਉਨ੍ਹਾਂ ਵਿੱਚ ਚੌਰਸ ਪੱਤੀਆਂ ਲੱਗੀਆਂ ਹੁੰਦੀਆਂ ਸਨ। ਮੈਂ ਗੰਭਲੀ ਪੱਤੀ ਨੂੰ ਇੱਕ ਪਾਸੇ ਕਰਦੀ ਦੂਜੀ ਨੂੰ ਉੱਪਰ ਵੱਲ ਦੀ ਧੱਕਦੀ ਅਤੇ ਮੱਛੀ ਵਾਂਗ ਵਿਚੀਂ ਤਿਲਕ ਨੇ ਨਿੱਕਲ ਜਾਂਦੀ। ਅੰਦਰ ਹਨ੍ਹੇਰੇ ਨਾਲ਼ ਭਰਿਆ ਹੁੰਦਾ। ਕੋਠੜੀ ਵਿੱਚ ਉਸਤੋਂ ਵੀ ਗਾੜ੍ਹਾ ਹਨ੍ਹੇਰਾ ਹੁੰਦਾ। ਮੈਨੂੰ ਮੱਟੀਆਂ ਦੀ ਪਛਾਣ ਸੀ। ਉਹ ਬਹੁਤ ਉੱਚੀਆਂ ਹੁੰਦੀਆਂ ਸਨ। ਕਿਸੇ ਵਿੱਚ ਰਾਬ, ਕਿਸੇ ਵਿੱਚ ਸੱਕਰ ਜਾਂ ਸੀਰਾ ਪਾਇਆ ਹੁੰਦਾ। ਵੈਸੇ ਵੀ ਮੇਰਾ ਹੱਥ ਉਨ੍ਹਾਂ ਉੱਪਰ ਦਿੱਤੀਆਂ ਚੱਪਣੀਆਂ ਤੱਕ ਨਹੀਂ ਸੀ ਪਹੁੰਚਦਾ। ਇੱਕ ਚਾਟੀ ਸੀ ਜਿਸ ਵਿੱਚ ਗੁੜ ਹੁੰਦਾ। ਮੈਂ ਭੱਜ ਕੇ ਜਾਂਦੀ, ਚਾਟੀ ਦੀ ਚੱਪਣੀ ਚੁੱਕਦੀ ਅਤੇ ਗੁੜ ਦੀ ਭੇਲੀ ਹੱਥ ਵਿੱਚ ਫੜੀ, ਬਾਹਰ ਨੂੰ ਭੱਜਦੀ। ਅੰਦਰੋਂ ਜੇ ਖੜਾਕ ਸੁਣਦਾ ਤਾਂ ਮੈਂ ਪਿੱਛਾ ਮੁੜਕੇ ਨਾ ਦੇਖਦੀ। ਉਸੇ ਤਰ੍ਹਾਂ ਮੇਰਾ ਦਿਲ ਧੜਕਦਾ ਜਿਵੇਂ ਅੰਦਰ ਜਾਣ ਵੇਲੇ ਧੜਕਦਾ ਹੁੰਦਾ ਤੇ ਮੈਂ ਬਾਰੀ ਰਾਹੀ ਉਸੇ ਤਰ੍ਹਾਂ ਤਿਲਕ ਕੇ ਬਾਹਰ ਆ ਜਾਂਦੀ। ਡੰਡੇ ਵਾਲੀ ਪੌੜੀ ਦੇ ਵੀ ਜਿਵੇਂ ਦੋ-ਦੋ ਡੰਡੇ ਲੰਗੂਰ ਵਾਂਗ ਪਾਰ ਕਰਦੀ। ਵਿਹੜੇ ਵਿੱਚ ਅੰਗੂਰਾਂ ਦੀ ਵੇਲ ਦੇ ਪਰਛਾਂਵੇਂ ਤੋਂ ਡਰਦੀ ਪਰ ਅਠੱਨੀ ਦੇ ਲਾਲਚ ਵਿੱਚ ਮੈਂ ਉਸ ਡਰ ਉੱਤੇ ਕਾਬੂ ਪਾਉਣਾ ਸਿੱਖ ਲਿਆ। ਜਿਸ ਗੱਲ ਦੀ ਮੈਨੂੰ ਵੱਧ ਖੁਸ਼ੀ ਹੁੰਦੀ ਉਹ ਸੀ, ਕੋਠੜੀ ਦੀਆਂ ਇਹ ਸੰਦੂਕੜੀਆਂ ਜਿਵੇਂ ਮੇਰੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਗਈਆਂ। ਪਤਾ ਨਹੀਂ ਕਿਵੇਂ ਮੇਰੇ ਬਾਲ ਮਨ ਨੂੰ ਇਹ ਗਿਆਨ ਸੀ ਕਿ ਇਹ ਪੇਟੀਆਂ ਅਣਮੁੱਲੀਆਂ ਹਨ। ਪਰ ਬੱਚੀ ਹੋਣ ਕਾਰਨ ਮੈਂ ਸਮਝਾ ਕਿਸੇ ਨੂੰ ਨਹੀਂ ਸਾਂ ਸਕਦੀ। ਦੋ ਕੁ ਸਾਲ ਮੈਂ ਹੋਰ ਵੱਡੀ ਹੋਈ। ਮੇਰੀਆਂ ਬਾਹਵਾਂ ਇਨ੍ਹਾਂ ਦੇ ਦੁਆਲੇ ਵਲ਼ ਹੋ ਸਕਦੀਆਂ ਸਨ। ਮੈਂ ਉਨ੍ਹਾਂ ਸੰਦੂਕੜੀਆਂ ਨੂੰ ਖਿੱਚ-ਧੂ ਕੇ, ਬਾਹਰ ਦਲਾਨ ਵਿੱਚ ਲਿਆ ਧਰੀਆਂ। ਸਾਬਣ ਨਾਲ਼ ਧੋਤੀਆਂ, ਚਮਕਾਈਆਂ ਤੇ ਭਾਈਆ ਜੀ ਦਾ ਸਮਾਨ ਕੱਢ ਕੇ ਬਾਹਰ ਮਾਰਿਆ। ਘਰ ਦੇ ਸਾਰੇ ਹੱਸਣ ਕਿ 'ਕੁੜੀ ਕਮਲੀ ਹੋ ਗਈ ਹੈ। ਦੱਸ ਇਸਨੇ ਇਨ੍ਹਾਂ ਸੰਦੂਕੜੀਆਂ ਦਾ ਕੀ ਕਰਨੈ?' ਮੈਨੂੰ ਪੁਰਾਣੀਆਂ ਚੀਜ਼ਾਂ ਨਾਲ਼ ਮੁੱਢ ਤੋਂ ਮੋਹ ਰਿਹਾ ਹੈ। ਉਨ੍ਹਾਂ ਪੇਟੀਆਂ ਵਿੱਚ, ਮੈਂ ਆਪਣਾ ਅਣਮੁੱਲਾ ਖਜ਼ਾਨਾ ਰੱਖਣ ਲੱਗ ਪਈ। ਇੱਕ ਵਿੱਚ ਕਿਤਾਬਾਂ ਕਾਪੀਆਂ ਰੱਖੀਆਂ, ਦੂਜੀ ਵਿੱਚ ਆਪਣੇ ਕੱਪੜਿਆਂ ਨੂੰ ਸਜ਼ਾ ਕੇ ਰੱਖਿਆ ਤੇ ਤੀਜੀ ਮੇਰਾ ਅਸਲ ਲੁਕਿਆ-ਛੁਪਿਆ ਕੀਮਤੀ ਸਮਾਨ ਰੱਖਣ ਦੇ ਕੰਮ ਆਈ, ਭਾਵ ਜਿਨ੍ਹਾਂ ਕਾ.ਗਜ਼ਾਂ ਉੱਤੇ ਮੈਂ ਕੁਝ ਨਾ ਕੁਝ ਲਿਖਦੀ ਅਤੇ ਲੁਕੋ ਕੇ ਰੱਖਦੀ। ਉਹ ਮੈਂ ਤੀਜੀ ਪੇਟੀ ਵਿੱਚ ਰੱਖਦੀ। ਮੈਂ ਬਹੁਤ ਸੰਗਾਊ ਅਤੇ ਡਰਪੋਕ ਸਾਂ। ਬੋਲ ਮੈਂ ਸਕਦੀ ਨਹੀਂ ਸਾਂ। ਚੌਥੀ-ਪੰਜਵੀ ਵਿੱਚ ਮੈਂ ਜੋ ਕਹਿਣਾ ਹੁੰਦਾ ਜਾਂ ਕੁੱਝ ਪੁੱਛਣਾ ਹੁੰਦਾ ਉਹ ਕਾ.ਗਜ਼ ਉੱਤੇ ਲਿਖਦੀ ਅਤੇ ਪੇਟੀ ਵਿੱਚ ਰੱਖ ਦਿੰਦੀ। ਮੇਰੀ ਤੀਜੀ ਪੇਟੀ ਵਿੱਚ ਮੇਰਾ ਕੀਮਤੀ ਖਜ਼ਾਨਾ ਭਰਦਾ ਗਿਆ। ਮੇਰੇ ਖਜ਼ਾਨੇ ਨੂੰ ਕੋਈ ਹੱਥ ਨਾ ਲਾਉਂਦਾ। ਮੇਰੇ ਬੀਜੀ ਪੜ੍ਹ ਨਹੀਂ ਸਨ ਸਕਦੇ। ਉਨ੍ਹਾਂ ਨੂੰ ਪੈਂਤੀ ਆਉਂਦੀ ਸੀ। ਇਸ ਤੋਂ ਅੱਗੇ ਉਹ ਪੜ੍ਹੇ ਨਹੀਂ। ਭਾਈਆ ਜੀ ਪੜ੍ਹ ਸਕਦੇ ਸਨ ਪਰ ਉਹ ਮੇਰੇ ਸਕੂਲ ਦਾ ਕੰਮ

ਸਮਝ ਕੇ ਹੱਥ ਨਹੀਂ ਸਨ ਲਾਉਂਦੇ। ਮੇਰੀ ਉਸੇ ਪੇਟੀ ਵਿੱਚੋਂ ਹਾਜ਼ਰ ਹੈ ਇੱਕ ਯਾਦ

ਮੈਂ ਪੰਜਵੀ ਪਾਸ ਕਰਕੇ ਹਟੀ ਸਾਂ। ਮੇਰੇ ਭਾਈਆ ਜੀ ਮੈਨੂੰ ਪੜ੍ਹਾਉਣਾ ਚਾਹੁੰਦੇ ਸਨ। ਪਿੰਡ ਵਿੱਚ ਕੁੜੀਆਂ ਦਾ ਸਕੂਲ ਅੱਠਵੀ ਤੱਕ ਸੀ। ਪਰ ਉਹ ਇਕ ਸਾਲ ਚੱਲਦਾ ਤੇ ਦੋ ਸਾਲ ਬੰਦ ਹੋ ਜਾਂਦਾ। ਸਾਡੇ ਗੌਰਮੈਂਟ ਹਾਈ ਸਕੂਲ ਮੁੰਡਿਆਂ ਵਾਸਤੇ ਬੜੀ ਸਫ਼ਲਤਾ ਨਾਲ਼ ਚੱਲ ਰਿਹਾ ਸੀ। ਮੇਰੇ ਭਾਈਆ ਜੀ ਵਾਂਗ ਕਈ ਹੋਰ ਲੋਕ ਵੀ ਆਪਣੀਆਂ ਕੁੜੀਆਂ ਨੂੰ ਪੜ੍ਹਾਉਣਾ ਚਾਹੁੰਦੇ ਸਨ। ਪਰ ਖੁੱਲ੍ਹ ਕੇ ਕੋਈ ਗੱਲ ਨਹੀ ਸੀ ਕਰਦਾ। ਮੇਰੇ ਭਾਈਆ ਜੀ ਦੇ ਆਪਣੇ ਕਾਰਨ ਸਨ। ਉਨ੍ਹਾਂ ਦੀਆਂ ਤਿੰਨ ਭੈਣਾਂ ਸਨ। ਇੱਕ ਸਭ ਭੈਣ-ਭਰਾਵਾਂ ਤੋਂ ਵੱਡੀ ਭੈਣ ਚਿੰਤੀ ਜੋ ਬਾਲ ਵਿਧਵਾ ਸੀ। ਉਨ੍ਹਾਂ ਦਿਨਾਂ ਵਿੱਚ ਕੁੜੀਆਂ ਨੂੰ ਬਹੁਤ ਛੋਟੀ ਉਮਰ ਵਿੱਚ ਵਿਆਹ ਦਿੰਦੇ ਸਨ। ਕੁੜੀਆਂ ਨੂੰ ਆਪਣੇ ਬਾਲਪਨ ਵਿੱਚ ਆਪਣੇ ਆਪ ਦੀ ਸੁਰਤ ਵੀ ਨਹੀਂ ਸੀ ਹੁੰਦੀ। ਗੀਟੇ ਖੇਡਦੀਆਂ, ਅੱਡੀ ਟੱਪਾ ਖੇਡਦੀਆਂ ਕੁੜੀਆਂ ਦੇ ਸਿਰ ਉੱਤੇ ਸੱਗੀ-ਫੁੱਲ ਪਾ ਕੇ ਵਿਆਹ ਦਿੱਤੀਆਂ ਜਾਂਦੀਆਂ। ਇੱਥੋਂ ਤੱਕ ਕਿ ਕੁੜੀ-ਮੁੰਡੇ ਨੂੰ ਗੋਦੀ ਚੁੱਕ ਕੇ ਵਿਆਹ ਦਿੰਦੇ ਸਨ। ਤੇ ਮੇਰੀ ਭੂਆ ਜੀ ਵੀ ਸਿਰਫ਼ ਬਾਰਾਂ ਵਰ੍ਹਿਆਂ ਦੀ ਸੀ ਜਦੋਂ ਉਸਦਾ ਵਿਆਹ ਹੋਇਆ। ਸਮਾਂ 1895-96 ਦੇ ਏੜ ਗੇੜ ਦਾ ਹੋਵੇਗਾ। ਇਸ ਉਮਰ ਵਿੱਚ ਤਾਂ ਉਸਨੂੰ ਵਿਆਹ ਦੇ ਅਰਥ ਵੀ ਨਹੀਂ ਸਨ ਪਤਾ। ਲੋਕੀਂ ਨਿਆਣਿਆਂ ਦੇ ਵਿਆਹ ਕਰਦੇ ਤੇ ਬਾਅਦ ਵਿੱਚ ਕੁੜੀ ਆਪਣੇ ਘਰ ਅਤੇ ਮੁੰਡਾ ਆਪਣੇ ਘਰ। ਜਦੋਂ ਦੋਨੋਂ ਵੱਡੇ ਹੁੰਦੇ ਤਾਂ ਮੁਕਲਾਵਾ ਦੇ ਦਿੱਤਾ ਜਾਂਦਾ। ਪਰ ਭੂਆ ਜੀ ਚਿੰਤੀ ਦੇ ਕਰਮਾਂ ਵਿੱਚ ਇਹ ਕੁੱਝ ਨਹੀਂ ਸੀ। ਉਨ੍ਹਾਂ ਨੂੰ ਇਕ ਸਾਲ ਵਿਆਹਿਆਂ ਨੂੰ ਹੋਇਆ ਸੀ ਜਦੋਂ ਫੁੱਫੜ ਜੀ ਤੇਰਾਂ-ਚੌਦਾਂ ਵਰ੍ਹਿਆਂ ਦੀ ਉਮਰ ਵਿੱਚ ਸੰਨ 1900 ਦੇ ਏੜ-ਗੇੜ ਸੱਪ ਲੜ ਕੇ ਮਰ ਗਏ। ਭੂਆ ਜੀ ਉਸ ਵੇਲੇ ਸਿਰਫ਼ ਤੇਰਾਂ ਵਰ੍ਹਿਆਂ ਦੇ ਸਨ। ਮੇਰੇ ਭਾਈਆ ਜੀ ਦਾ ਜਨਮ ਵੀ ਇਸ ਵਾਰਦਾਤ ਤੋਂ ਪੰਜ ਵਰ੍ਹੇ ਬਾਅਦ ਹੋਇਆ ਸੀ। ਭੂਆ ਜੀ ਸਭ ਤੋਂ ਵੱਡੇ ਸਨ ਅਤੇ ਭਾਈਆ ਜੀ ਸਭ ਤੋਂ ਛੋਟੇ। ਉਮਰ ਦਾ ਵਕਫ਼ਾ ਅਠਾਰਾਂ ਵਰ੍ਹਿਆਂ ਦਾ ਸੀ। ਸਮਝੋ ਭਾਈਆ ਜੀ ਨੇ ਆਪਣੀ ਵੱਡੀ ਭੈਣ ਨੂੰ ਹਮੇਸ਼ਾਂ ਵਿਧਵਾ ਲਿਬਾਸ ਵਿੱਚ ਦੇਖਿਆ। ਖੱਦਰ ਦੇ ਕੱਪੜੇ, ਚਿੱਟਾ ਸੂਟ, ਨੰਗੇ ਪੈਰ। ਭਾਈਆ ਜੀ ਦੱਸਿਆ ਕਰਦੇ ਸਨ ਕਿ ਬਾਪੂ ਜੀ (ਮੇਰੇ ਬਾਬਾ ਜੀ) ਨੇ ਬਥੇਰਾ ਭੂਆ ਜੀ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਦੁਬਾਰਾ ਵਿਆਹ ਕਰਾ ਲੈਣ ਪਰ ਭੂਆ ਜੀ ਮੰਨੇ ਹੀ ਨਹੀਂ ਸਨ।

ਇਸ ਵਾਸਤੇ ਮੇਰੇ ਭਾਈਆ ਜੀ ਹਮੇਸ਼ਾਂ ਚਾਹੁੰਦੇ ਸਨ ਕਿ ਮੈਂ ਪੜ੍ਹ ਜਾਵਾਂ ਅਤੇ ਜੇ ਕਰ ਕਦੀ ਕੋਈ ਮੈਨੂੰ ਬਿਪਤਾ ਪਵੇ ਤਾਂ ਮੈਂ ਆਪਣੇ ਪੈਰਾਂ ਉੱਤੇ ਖੜੀ ਹੋਵਾਂ। ਮੇਰੀਆਂ ਦੋ ਹੋਰ ਭੂਆ ਵੀ ਸੁਖੀ ਨਹੀਂ ਸਨ। ਭੂਆ ਜੀ ਰੁਕਮਣ ਦੇ ਦੋ ਬੱਚੇ ਹੋਏ। ਜਦੋਂ ਤਪਾਲ਼ੀਆਂ ਪਈਆਂ ਤਾਂ ਉਹ ਸਮੇਤ ਪਰਿਵਾਰ ਕੁੱਝ ਦਿਨਾਂ ਦੇ ਵਕਫ਼ੇ ਤੇ ਸਾਰਾ ਟੱਬਰ ਹੀ ਖ਼ਤਮ ਹੋ ਗਿਆ। ਭੂਆ ਜੀ 'ਨਾਮੋ' ਭਾਵ ਹਰਨਾਮ ਕੌਰ ਵੀ ਵਿਧਵਾ ਹੋ ਗਏ ਸਨ। ਫੁੱਫੜ ਜੀ ਹਰਬੰਸ ਸਿੰਘ ਮੇਰੇ ਭਾਈਆ ਜੀ ਦੇ ਨਾਲ਼ ਮਲਾਇਆ ਨੂੰ ਗਏ। ਜਦੋਂ ਦੁਨੀਆਂ ਦੀ ਦੂਜੀ ਜੰਗ ਲੱਗੀ ਤਾਂ ਭਾਈਆ ਜੀ ਵਾਪਿਸ ਘਰ ਪਰਤ ਆਏ ਪਰ ਫੁੱਫੜ ਜੀ ਉੱਥੇ ਹੀ ਰਹਿ ਪਏ ਅਤੇ ਸਾਲ ਬਾਅਦ ਪੂਰੇ ਹੋਇਆ ਦਾ ਪਤਾ ਲੱਗਾ। ਘਰ ਵਿੱਚ ਦੋ ਭੈਣਾਂ ਦੁਖੀ। ਵੱਡੀ ਭੈਣ ਚਿੰਤੀ ਤਾਂ ਭਰਾਵਾਂ ਕੋਲ ਹੀ ਰਹਿੰਦੀ ਸੀ ਤੇ ਨਾਮੋ ਕਦੀ ਸਹੁਰੇ ਘਰ ਅਤੇ ਕਦੀ ਪੇਕੇ ਘਰ। ਸੁੱਖੀ ਉਹ ਵੀ ਨਹੀਂ ਸੀ। ਦੋਨੋਂ ਭੂਆ ਜੀ ਕਾਰਨ ਘਰ ਦਾ ਮਹੌਲ ਭਾਰਾ-ਭਾਰਾ ਜਿਹਾ ਰਹਿੰਦਾ ਸੀ। ਭੂਆ ਜੀ ਚਿੰਤੀ ਦੀ ਘਰ ਵਿੱਚ ਸਰਦਾਰੀ ਚੱਲਦੀ ਸੀ। ਮੇਰੀ ਬੀਜੀ ਅਤੇ ਮਾਸੀ ਜੀ ਲਈ ਕਈ ਆਫ਼ਤਾਂ ਖੜੀਆਂ ਹੋ ਜਾਂਦੀਆਂ। ਮੇਰੇ ਮਾਸੀ ਜੀ ਹੱਠ ਵਾਲ਼ੇ ਸਨ ਅਤੇ ਉਹ ਮੁੱਢ ਤੋਂ ਜਵਾਬ ਦੇ ਦਿੰਦੇ ਰਹੇ ਪਰ ਬੀਜੀ ਦਾ ਸੁਭਾ ਚੁੱਪ-ਚੁੱਪੀਤਾ ਸੀ। ਜਦੋਂ ਭੂਆ ਜੀ ਵੱਲੋਂ ਕੁੱਝ ਕਿਹਾ ਜਾਂਦਾ ਤਾਂ ਮੇਰੇ ਬੀਜੀ ਚੱਕੀ ਦਾ ਗੇੜਾ ਹੋਰ ਦੇ ਦਿੰਦੇ। ਪਰ ਬੋਲਦੇ ਕੁੱਝ ਵੀ ਨਾ। ਇਹ ਸਭ ਮੈਂ ਆਪਣੇ ਬਚਪਨ ਵਿੱਚ ਦੇਖਿਆ ਹੰਢਾਇਆ ਹੈ। ਗੱਲ ਕੀ, ਘਰ ਦੀਆਂ ਔਰਤਾਂ ਵਿਚਾਲੇ ਚੁੱਪ ਦਾ



ਸ਼ੋਰ ਵਿਛਿਆ ਰਹਿੰਦਾ ਜਿਹੜਾ ਕਈ ਵੇਰ ਘਰ ਦੇ ਜੀਆਂ ਦੇ ਮਨ ਮੁਟਾਵ ਦਾ ਰੂਪ ਗ੍ਰਹਿਣ ਕਰ ਲੈਂਦਾ। ਨਤੀਜਾ ਅਕਸਰ ਮੇਰੀ ਬੀਜੀ ਨੂੰ ਭੁਗਤਣਾ ਪੈਂਦਾ। ਮੇਰੇ ਭਾਈਆ ਜੀ ਸਾਰੇ ਭੈਣ-ਭਰਾਵਾਂ ਤੋਂ ਛੋਟੇ ਹੋਣ ਕਾਰਨ ਵੀ ਉਨ੍ਹਾਂ ਦੀ ਉਹ ਪੁੱਛ ਨਹੀਂ ਸੀ ਜੋ ਹੋਣੀ ਚਾਹੀਦੀ ਸੀ। ਭਾਈਆ ਜੀ ਦਬੰਗ ਕਿਸਮ ਦੇ ਇਨਸਾਨ ਸਨ। ਹੱਕ ਸੱਚ ਲਈ ਖੜੇ-ਅੜੇ ਰਹਿੰਦੇ। ਜਿਸ ਕਾਰਨ ਘਰ ਦੇ ਜੀਅ ਉਨ੍ਹਾਂ ਨਾਲ਼ ਔਖੇ ਹੋਏ ਰਹਿੰਦੇ। ਮੈਂ ਨਿੱਕੀ ਜਿਹੀ ਇਹ ਸਭ ਦੇਖਦੀ ਸਾਂ। ਫੇਰ ਵੀ ਘਰ ਵਿੱਚ ਸਿਆਣਪ ਨਾਲ਼ ਨਿਭਾਅ ਕਰੀ ਜਾਂਦੇ ਸਨ। ਮੈਂ ਆਪਣੇ ਬੀਜੀ ਨੂੰ ਦਰਾਂ ਓਹਲੇ ਖੜੋ ਕੇ ਡੁਸਕਦੇ ਦੇਖਦੀ ਸਾਂ। ਮੈਨੂੰ ਲੱਗਦੈ ਕਿ ਉਨ੍ਹਾਂ ਦਾ ਹਉਕਾ ਮੇਰੇ ਅੰਦਰ ਉਸ ਵੇਲੇ ਤੋਂ ਹੀ ਬੀਜ ਹੋ ਗਿਆ ਸੀ। ਉਨ੍ਹਾਂ ਸਭ ਨੂੰ ਦੇਖ ਕੇ ਮੇਰੇ ਮਨ ਵਿੱਚ ਬਚਪਨ ਤੋਂ ਹੀ ਕਈ ਸਵਾਲ ਉੱਠਦੇ ਰਹਿੰਦੇ ਸਨ। ਮੇਰੇ ਆਪਣੇ ਬਾਰੇ ਕਿ ਮੈਂ ਕਿੱਥੇ ਫਿੱਟ ਹੁੰਦੀ ਹਾਂ? ਭਾਵੇਂ ਮੈਂ ਉਸ ਵੇਲੇ ਇਹ ਸਭ ਨਾ ਸਮਝਦੀ ਹੋਵਾਂ ਪਰ ਇਕ ਬਰੀਕ ਜਿਹੀ ਸੋਚ ਮੇਰੇ ਦਿਮਾਗ ਵਿੱਚ ਬਿਜਲੀ ਦੀ ਤਾਰ ਵਾਂਗ ਫਿਰਦੀ। ਸਵਾਲਾਂ ਦੇ ਸਵਾਲ ਮੇਰੇ ਮਨ ਵਿੱਚ ਉੱਗਦੇ।

ਮੇਰੇ ਬੀਜੀ ਕਿਸੇ ਦੇ ਵੀ ਬਹੁਤੇ ਨੇੜੇ ਨਹੀਂ ਸਨ ਹੋ ਸਕੇ। ਉਨ੍ਹਾਂ ਨਾਲ਼ ਬੇਇਨਸਾਫ਼ੀ ਹੱਦ ਦਰਜੇ ਦੀ ਹੁੰਦੀ ਰਹੀ ਸੀ। ਉਨ੍ਹਾਂ ਦੀ ਬਿਰਤੀ ਆਪਣੇ ਇਕਲੌਤੇ ਪੁੱਤਰ ਵੱਲ ਲੱਗੀ ਰਹਿੰਦੀ ਸੀ ਜਿਹੜਾ ਕਿ ਮੇਰੀ ਭੂਆ ਜੀ ਚਿੰਤੀ ਨੇ ਉਸਦੀ ਚਾਰ ਮਹੀਨੇ ਦੀ ਉਮਰ ਵਿੱਚ ਗੋਦ ਲੈ ਲਿਆ ਸੀ। ਭਾਵ ਮਾਂ ਦੀ ਆਂਦਰ ਨਾਲੋਂ ਤੋੜ ਲਿਆ ਸੀ। ਭਾਵੇਂ ਬੀਜੀ ਕੁੱਝ ਨਹੀਂ ਸਨ ਕਹਿੰਦੇ, ਪਰ ਮੇਰੇ ਅੰਦਰ ਉਨ੍ਹਾਂ ਨੂੰ ਦੇਖ ਕੇ ਇੱਕ ਖਲਾਅ ਜ਼ਰੂਰ ਰਹਿੰਦਾ ਸੀ। ਮੈਂ ਉਨ੍ਹਾਂ ਦੇ ਕੋਲ ਹੁੰਦੀ ਹੋਈ ਵੀ, ਕੋਲ ਨਹੀਂ ਸਾਂ ਹੁੰਦੀ। ਐਨੀ ਛੋਟੀ ਉਮਰ ਵਿੱਚ ਵੀ ਮੈਂ ਬਹੁਤ ਬਰੀਕੀ ਨਾਲ਼ ਸੋਚਦੀ ਸਾਂ। ਸਾਡੇ ਮਾਂ-ਧੀ ਵਿਚਾਲੇ ਇੱਕ ਵਿੱਥ ਸੀ। ਬਨੇਰੇ ਉੱਤੇ ਬੈਠੀ, ਮੈਂ ਆਪਣੀ ਮਾਂ ਦੀ ਚੁੱਪ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਸਾਂ। ਵੀਰੇ ਨੂੰ ਨਾ ਮੇਰੇ ਬੀਜੀ ਅਤੇ ਭਾਈਆ ਜੀ ਪਾਲ਼ ਸਕੇ ਅਤੇ ਨਾ ਪੜ੍ਹਾ ਸਕੇ। ਉਨ੍ਹਾਂ ਦੀ ਨਿੱਤ ਦਿਨ ਦੀ ਚਿੰਤਾ ਜਿਵੇਂ ਮੇਰੇ ਅੰਦਰ ਟੋਆ ਛੋਟੀ ਉਮਰ ਵਿੱਚ ਹੀ ਪੁੱਟ ਗਈ। ਜਿਹੜਾ ਸਾਰੀ ਉਮਰ ਭਰਿਆ ਹੀ ਨਹੀਂ। ਕਈ ਵੇਰ ਮੈਂ ਚੁੱਲ੍ਹੇ ਮੋਹਰੇ ਬੈਠੀ ਬੀਜੀ ਅਤੇ ਭਾਈਆ ਜੀ, ਦੋਹਾਂ ਦੀਆਂ ਗੱਲਾਂ ਸੁਣਦੀ ਤੇ ਸਮਝਣ ਦੀ ਕੋਸ਼ਿਸ਼ ਕਰਦੀ। ਮੈਂ ਵੀਰੇ ਨੂੰ ਘਰ ਵਿੱਚ ਦੇਖਿਆ ਹੀ ਨਹੀਂ। ਸਾਡੀ ਉਮਰ ਦਾ ਪਾੜਾ ਬਹੁਤ ਵੱਡਾ ਸੀ। ਪੂਰੇ ਚੌਦਾਂ ਵਰ੍ਹਿਆਂ ਦਾ। ਮੇਰੀ ਸੁਰਤ ਆਉਣ ਤੱਕ ਵੀਰਾ ਪ੍ਰਦੇਸ ਤੁਰ ਗਿਆ ਸੀ। ਤੇ ਮੇਰੀ ਮਾਂ ਹਰ ਰੋਜ਼ ਬਨੇਰੇ ਉੱਤੇ ਕਾਂ ਬੋਲਦੇ ਦੀਆਂ ਗੱਲਾਂ ਕਰਦੀ।

ਮੈਂ ਘਰ ਵਿੱਚ ਇੱਕਲੀ ਹੋਣ ਕਾਰਨ, ਆਪਣੇ ਬਾਪ ਦੇ ਬਹੁਤ ਨੇੜੇ ਹੋ ਗਈ। ਮੈਂ ਬਚਪਨ ਆਪਣੇ ਬਾਪ ਦੀਆਂ ਬਾਹਵਾਂ ਵਿੱਚ ਗੁਜ਼ਾਰਿਆ। ਉਨ੍ਹਾਂ ਦੇ ਮੋਢਿਆਂ ਉੱਤੇ ਚੜ੍ਹੀ, ਮੈਂ ਹਰ ਉਸ ਥਾਂ ਜਾਂਦੀ ਜਿੱਥੇ ਭਾਈਆ ਜੀ ਜਾਂਦੇ। ਲੋਕੀਂ ਮਖੌਲ ਕਰਦੇ ਪਰ ਭਾਈਆ ਜੀ ਨੂੰ ਕੋਈ ਪਰਵਾਹ ਨਾ ਹੁੰਦੀ।

ਤੇ ਮੇਰੇ ਬੀਜੀ ਵਿਚਾਰੇ ਇੱਕਲੇ ਰਹਿ ਜਾਂਦੇ। ਨਾ ਪੁੱਤ ਪਾਲਣਾ ਮਿਲਿਆ ਅਤੇ ਧੀ ਵੀ ਉਨ੍ਹਾਂ ਦੇ ਹਿੱਸੇ ਨਾ ਆਈ। ਸ਼ਾਇਦ ਮੇਰੇ ਭਾਈਆ ਜੀ ਮੈਨੂੰ ਮੇਰੇ ਆਉਣ ਵਾਲੇ ਜੀਵਨ ਲਈ ਤਿਆਰ ਕਰਨਾ ਚਾਹੁੰਦੇ ਹੋਣ। ਘਰ ਦੀਆਂ ਸਭ ਔਰਤਾਂ ਇਕ ਤ੍ਰਾਸਦੀ ਵਿੱਚੀਂ ਗੁਜ਼ਰ ਰਹੀਆਂ ਸਨ ਅਤੇ ਇੱਕ ਦੂਜੀ ਨੂੰ ਹੀ ਤੰਗ ਕਰ ਰਹੀਆਂ ਸਨ। ਇਹੋ ਹਾਲ ਮੇਰੇ ਨਾਨਕੇ ਟੱਬਰ ਵਿੱਚ ਸੀ। ਮੇਰੀ ਨਾਨੀ ਜੋ ਸੰਤਾਪ ਭੋਗ ਰਹੀ ਸੀ, ਉਹ ਬਿਆਨ ਤੋਂ ਬਾਹਰਾ ਹੈ। ਇਨ੍ਹਾਂ ਸਾਰੀਆਂ ਔਰਤਾਂ ਨੇ ਮੇਰੇ ਮਨ ਵਿੱਚ ਬਚਪਨ ਵਿੱਚ ਹੀ ਘਰ ਕਰ ਲਿਆ ਸੀ ਅਤੇ ਮੈਂ ਉਨ੍ਹਾਂ ਦੇ ਰਿਸ਼ਤੇ ਨਾਪਣ-ਤੋਲਣ ਲੱਗ ਪਈ ਸਾਂ ਕਿ ਆਉਣ ਵਾਲੇ ਜੀਵਨ ਵਿੱਚ ਮੈਨੂੰ ਰਿਸ਼ਤੇ ਕਿਸ ਤਰ੍ਹਾਂ ਦੇ ਚਾਹੀਦੇ ਹਨ।

ਜਦੋਂ ਮੇਰੇ ਭਾਈਆ ਜੀ ਮੈਨੂੰ ਪੜ੍ਹਾਉਣ ਦੀ ਗੱਲ ਕਰਦੇ ਤਾਂ ਮੈਨੂੰ ਉਨ੍ਹਾਂ ਦਾ ਵਿਚਾਰ ਸਭ ਤੋਂ ਚੰਗਾ

ਲੱਗਦਾ। ਭਾਵੇਂ ਪੜ੍ਹਣ ਨੂੰ ਮੈਂ ਨਿਕੰਮੀ ਸਾਂ। ਪੜ੍ਹਣ ਵਿੱਚ ਮੇਰਾ ਜੀਅ ਨਹੀਂ ਸੀ ਲੱਗਦਾ। ਮੈਥ ਮੈਨੂੰ ਕਦੀ ਸਮਝ ਨਹੀਂ ਸੀ ਆਉਂਦਾ। ਫੇਰ ਵੀ ਮੈਂ ਪੜ੍ਹਣਾ ਚਾਹੁੰਦੀ ਸਾਂ। ਕਿਤਾਬਾਂ ਮੈਨੂੰ ਚੰਗੀਆਂ ਲੱਗਦੀਆਂ ਸਨ। ਤੀਜੀ ਚੌਥੀ ਵਿੱਚ ਬੀਜੀ ਮੇਰੇ ਹੱਥ ਗੁਟਕਾ ਫੜਾ ਦਿੰਦੇ। ਮੇਰੇ ਮਾਸੀ ਜੀ ਜਨਮ ਸਾਖੀ ਪੜ੍ਹਨ ਨੂੰ ਕਹਿੰਦੇ। ਚੌਥੀ ਵਿੱਚ ਪੜ੍ਹਦਿਆਂ ਭੂਆ ਜੀ ਨੇ ਮੈਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬਿਠਾ ਦਿੱਤਾ। ਹਰ ਸੰਗਰਾਂਦ ਵਾਲੇ ਦਿਨ ਮੈਂ ਬਾਰਾਮਾਂਹ ਅੱਖਰ ਜੋੜ-ਜੋੜ ਪੜ੍ਹਦੀ।

ਮੇਰੇ ਮਨ ਵਿਚ ਬਚਪਨ ਤੋਂ ਹੀ ਆਪਣੀ ਹੋਂਦ ਬਾਰੇ ਸਵਾਲ ਖੜੇ ਹੋਣ ਲੱਗ ਪਏ ਸਨ। ਮੇਰੇ ਭਾਈਆ ਜੀ ਮੈਨੂੰ ਬਚਪਨ ਤੋਂ ਉਨ੍ਹਾਂ ਔਰਤਾਂ ਦੀਆਂ ਕਹਾਣੀਆਂ ਸੁਣਾਉਂਦੇ ਜਿਹੜੀਆਂ ਬਲਵਾਨ ਹੁੰਦੀਆਂ। ਸਾਹਿਤ ਦਾ ਉਨ੍ਹਾਂ ਨੂੰ ਬਹੁਤ ਸ਼ੌਕ ਸੀ। ਉਹ ਕਿੱਸਾ ਕਾਵਿ ਪੜ੍ਹਦੇ ਹੀ ਨਹੀਂ ਗਾਉਂਦੇ ਵੀ ਸਨ। ਭਾਈ ਵੀਰ ਸਿੰਘ, ਨਾਨਕ ਸਿੰਘ ਨੂੰ ਉਹ ਵਾਰ ਵਾਰ ਪੜ੍ਹਦੇ। ਉਨ੍ਹਾਂ ਨੇ ਮੇਰੇ ਬਚਪਨ ਵਿਚ ਮੈਨੂੰ ਭਾਈ ਵੀਰ ਸਿੰਘ ਦਾ ਨਾਵਲ ਸੁੰਦਰੀ ਪੜ੍ਹਨ ਲਈ ਲਿਆ ਕੇ ਦਿੱਤਾ। ਮਾਈ ਭਾਗੋ ਦੀਆਂ ਸਾਖੀਆਂ ਸੁਣਾਈਆਂ। ਰਜ਼ੀਆ ਸੁਲਤਾਨ ਬਾਰੇ ਦੱਸਿਆ। ਪੂਰਨ ਦਾ ਕਿੱਸਾ, ਰੂਪ ਬਸੰਤ, ਗੋਪੀ ਚੰਦ, ਸ਼ਾਹ ਮੁਹੰਮਦ, ਮੁਕਬਲ, ਕਬੀਰ ਜੀ ਦੇ ਸਲੋਕ ਆਦਿ ਪੜ੍ਹ ਕੇ ਸੁਣਾਉਂਦੇ। ਇਹ ਸਭ ਮੇਰੀ ਪਰਾਈਮਰੀ ਦੀ ਪੜ੍ਹਾਈ ਪੂਰੀ ਹੋਣ ਤੋਂ ਪਹਿਲਾਂ ਦੀ ਗੱਲ ਹੈ। ਮੇਰੇ ਅੰਦਰ ਕੁੱਝ ਬਣਨ ਦੀ ਇੱਛਾ ਉਦੋਂ ਹੀ ਜਾਗੀ।

ਇੱਛਾ ਤਾ ਜਾਗੀ ਪਰ ਮੁਸੀਬਤ ਉਦੋਂ ਪੈਦਾ ਹੋਈ ਜਦੋਂ ਮੈਂ ਪ੍ਰਾਇਮਰੀ ਪੂਰੀ ਕਰਕੇ ਹਟੀ। ਸਾਡੇ ਮੁੰਡਿਆਂ ਦੇ ਸਰਕਾਰੀ ਹਾਈ ਸਕੂਲ ਦੇ ਦੋ ਅਧਿਆਪਕ ਮਾਸਟਰ ਬੂਝਾ ਰਾਮ ਅਤੇ ਗਿਆਨੀ ਅਮਰ ਸਿੰਘ ਨੇ ਭਾਈਆ ਜੀ ਤੱਕ ਪਹੁੰਚ ਕੀਤੀ ਕਿ ਉਹ ਮੈਨੂੰ ਹਾਈ ਸਕੂਲ ਦਾਖ਼ਲ ਕਰਵਾ ਦੇਣ। ਜੇ ਕਰ ਮੈਂ ਦਾਖ਼ਲ ਹੋ ਜਾਵਾਂਗੀ ਤਾਂ ਬਾਕੀ ਦੇ ਲੋਕ ਵੀ ਆਪਣੀਆਂ ਕੁੜੀਆਂ ਨੂੰ ਮੁੰਡਿਆਂ ਦੇ ਸਕੂਲ ਭੇਜਣ ਲਈ ਰਾਜ਼ੀ ਹੋ ਜਾਣਗੇ। ਪਰ ਕਿੱਥੇ? ਭਾਈਆ ਜੀ ਚਾਹੁੰਦੇ ਹੋਏ ਵੀ ਮੈਨੂੰ ਮੁੰਡਿਆਂ ਦੇ ਸਕੂਲ ਦਾਖਲ ਨਾ ਕਰਵਾ ਸਕੇ। ਮੁਸੀਬਤ ਪਈ ਮੇਰੇ ਤਾਏ ਦਾ ਮੁੰਡਾ ਜੋ ਮੇਰੇ ਕੋਲੋਂ ਸਿਰਫ਼ ਸਾਲ-ਸਵਾ ਸਾਲ ਵੱਡਾ ਸੀ, ਉਸਦੀ। ਉਹ ਆਖੇ ਕਿ ਜੇ ਕਰ ਤੁਸੀਂ ਆਪਣੀ ਧੀ ਨੂੰ ਮੇਰੇ ਸਕੂਲ ਦਾਖਲ ਕਰਵਾਉਣਾ ਹੈ ਤਾਂ ਮੈਂ ਨਹਿਰ ਵਿੱਚ ਡੁੱਬ ਕੇ ਮਰ ਜਾਣਾ ਹੈ। ਬਾਰਾਂ-ਤੇਰਾਂ ਵਰ੍ਹਿਆਂ ਦਾ ਮੁੰਡਾ ਘਰ ਵਿੱਚ ਤਰਥੱਲ ਮਚਾ ਕੇ ਬੈਠ ਗਿਆ। ਤੇ ਉਸ ਤਰਥੱਲ ਨੇ ਘਰ ਵਿੱਚ ਜਿਵੇਂ ਰੋਟੀ-ਪਾਣੀ, ਰਿੰਨਣਾ-ਪਕਾਉਣਾ ਭੁਲਾ ਦਿੱਤਾ। ਉਸਦੀ ਮਾਂ, ਅਤੇ ਮੇਰੀ ਲੱਗਦੀ ਮਾਸੀ ਨੇ ਉਸਤੋਂ ਵੀ ਵੱਧ ਸ਼ੋਰ ਮਚਾ ਲਿਆ ਕਿ, "ਕੀ ਤੁਹਾਨੂੰ ਆਪਣੀ ਕੁੜੀ ਪੜ੍ਹਾਉਣੀ ਵੱਧ ਜ਼ਰੂਰੀ ਹੈ ਜਾਂ ਸਾਡੇ ਮੁੰਡੇ ਦੀ ਸਲਾਮਤੀ?" ਮੇਰੇ ਤਾਇਆ ਜੀ ਵਾਧੂ ਦੇ ਫੁੱਲੇ ਪਏ। ਕਹਿਣ, "ਇਨ੍ਹਾਂ ਦੀ ਧੀ ਕਿਹਾ ਦੁੱਲਣ ਪੁੱਤ ਹੈ ਜਿਹੜੀ ਪੜ੍ਹਾਈ ਤੋਂ ਬਿਨਾਂ ਨਹੀਂ ਰਹਿੰਦੀ? ਪੜ੍ਹ ਕੇ ਇਸਨੇ ਕੀ ਕਰਨੈ? ਜੱਟਾਂ ਦੀ ਧੀ ਨੇ ਖੂਹ ਉੱਤੇ ਰੋਟੀਆਂ ਹੀ ਲੈ ਕੇ ਜਾਣੀਆਂ। ਚੁੱਲ੍ਹਾ ਚੌਂਕਾ ਹੀ ਸਮੇਟਣਾ।"

ਮੈਨੂੰ ਚੇਤਾ, ਮੇਰੇ ਭਾਈਆ ਜੀ ਅਤੇ ਬੀਜੀ ਰਸੋਈ ਵਿੱਚ ਬੈਠੇ ਚਾਹ ਪੀਂਦੇ ਅੱਖਾਂ ਭਰ ਕੇ ਰੋ ਰਹੇ ਸਨ। ਮੇਰੇ ਕੋਲ ਬਹਾਨਾ ਧੂਏਂ ਦਾ ਲੱਗ ਰਿਹਾ ਸੀ। ਮੈਂ ਉਮਰ ਦੀ ਛੋਟੀ ਸਾਂ ਫੇਰ ਵੀ ਮੈਂ ਸਮਝਦੀ ਸਾਂ ਕਿ ਇਹ ਕੀ ਹੋ ਰਿਹਾ ਹੈ। ਬੀਜੀ ਆਖ ਰਹੇ ਸਨ, "ਜੇ ਕਰ ਕੁੜੀ ਨੂੰ ਦਾਖਲ ਕਰਾਇਆ ਤਾਂ ਮੁੰਡਾ ਨਾ ਕੁੱਝ ਕਰ ਲਵੇ। ਸਾਰੀ ਉਮਰ ਸਾਨੂੰ ਮਿਹਣਾ ਰਹਿਣਾ ਹੈ। ਮੇਰੀ ਭੈਣ ਨੇ ਮੇਰਾ ਜੀਣਾ ਹਰਾਮ ਕਰ ਦੇਣੈ।"

ਘੱਟ ਮੇਰੇ ਤਾਇਆ ਜੀ ਵੀ ਨਹੀਂ ਸੀ। ਉਨ੍ਹਾਂ ਨੇ ਭਾਈਆ ਜੀ ਨੂੰ ਲੰਮੇ ਹੱਥੀਂ ਲੈਣਾ ਸੀ। ਉਨ੍ਹਾਂ ਵਾਸਤੇ ਭਾਈਆ ਜੀ ਜਿਵੇਂ ਕੋਈ ਕੰਮ ਚੱਜ ਦਾ ਕਰ ਨਾ ਸਕਦੇ। ਉਹ ਹਰ ਵੇਲੇ ਉਨ੍ਹਾਂ ਦੀਆਂ ਨੁਕਸਾਂ ਕੱਢਦੇ ਰਹਿੰਦੇ। ਪਰ ਮੇਰੇ ਭਾਈਆ ਜੀ ਲਈ ਜ਼ਿੰਦਗੀ ਦਾ ਨਜ਼ਰੀਆ ਵੱਖਰਾ ਸੀ। ਉਹ ਹਮੇਸ਼ਾਂ ਅਗਾਂਹ ਦੀ ਸੋਚਣ ਵਾਲੇ ਇਨਸਾਨ ਸਨ।



ਜਿਵੇਂ ਘਰ ਵਿੱਚ ਹਮੇਸ਼ਾਂ ਹੁੰਦਾ ਆਇਆ ਸੀ, ਇਸ ਵੇਲੇ ਵੀ ਮੇਰੇ ਬੀਜੀ ਅਤੇ ਭਾਈਆ ਜੀ ਨੂੰ ਹਾਰਨਾ ਪਿਆ। ਮੇਰੇ ਤਾਇਆ ਜੀ ਅਤੇ ਉਨ੍ਹਾਂ ਦਾ ਪੁੱਤ ਜਿੱਤ ਗਿਆ। ਮੇਰਾ ਦਾਖ਼ਲਾ ਹਾਈ ਸਕੂਲ ਨਹੀਂ ਕਰਾਇਆ ਗਿਆ।

ਉਨ੍ਹਾਂ ਹੀ ਦਿਨਾਂ ਵਿੱਚ ਕਿਸੇ ਨੇ ਦੱਸਿਆ ਕਿ 'ਜਗਤ ਪੁਰ' ਰੰਗਾਈ ਅਤੇ ਛਪਾਈ ਕਰਾਉਣ ਵਾਲੀ ਟੀਮ ਪੰਜਾਬ ਗੌਰਮੈਂਟ ਵੱਲੋਂ ਆਈ ਹੈ ਜਿਹੜੀ ਯੂਥ ਨੂੰ ਕੋਰਸ ਕਰਵਾਏਗੀ। ਇਹ ਕੋਰਸ ਨੌਂ ਮਹੀਨੇ ਦਾ ਹੈ ਅਤੇ ਜਿਹੜੇ ਬੱਚੇ ਚੁਣੇ ਜਾਣਗੇ, ਉਨ੍ਹਾਂ ਵਿੱਚੋਂ ਵਧੀਆ ਬੱਚਿਆਂ ਨੂੰ ਵਜੀਫੇ ਵੀ ਮਿਲਣਗੇ। ਮੇਰੇ ਭਾਈਆ ਜੀ ਇਹ ਜਾਣਕਾਰੀ ਘਰ ਲਿਆਏ ਅਤੇ ਇਹ ਵੀ ਦੱਸਿਆ ਕਿ ਸਾਡੇ ਪਿੰਡੋਂ ਦੋ-ਤਿੰਨ ਹੋਰ ਕੁੜੀਆਂ ਵੀ ਜੁਆਇਨ ਕਰ ਰਹੀਆਂ ਹਨ। ਪੁੱਛ-ਪੁਛਾਅ ਕੇ, ਬੀਜੀ ਨਾਲ਼ ਸਲਾਹ ਕਰਕੇ, ਭਾਈਆ ਜੀ ਮੈਨੂੰ ਵੀ ਨਾਲ਼ ਲੈ ਕੇ ਦਾਖ਼ਲਾ ਦੁਆਉਣ ਜਗਤ ਪੁਰ ਚਲੇ ਗਏ। ਕਹਿਣ ਲੱਗੇ, "ਘਰ ਵਾਲਿਆਂ ਨੂੰ ਬਾਅਦ ਵਿੱਚ ਆ ਕੇ ਦੱਸਾਂਗੇ। ਨਹੀਂ ਤਾਂ ਕੋਈ ਹੋਰ ਬਖੇੜਾ ਖੜਾ ਹੋ ਜਾਊ। ਪਹਿਲਾਂ ਹੀ ਕਿੰਨੀ ਮੁਸੀਬਤ ਵਿੱਚੀਂ ਨਿੱਕਲੇ ਹਾਂ। ਜਦੋਂ ਦਾਖ਼ਲਾ ਮਿਲ ਗਿਆ ਤਾਂ ਰੌਲੀ ਪਾ ਲੈਣ ਜਿੰਨੀ ਪਾਉਣੀ ਹੈ।"

ਮੇਰੀ ਗਿਆਰਾਂ ਵਰ੍ਹਿਆਂ ਦੀ ਉਮਰ। ਦਾਖ਼ਲੇ ਵਾਸਤੇ ਪੰਦਰਾਂ ਸਾਲ ਦੀ ਉਮਰ ਹੋਣੀ ਲਾਜ਼ਮੀ ਸੀ। ਜਗਤ ਪੁਰ ਵੈਸੇ ਵੀ ਅਸੀਂ ਜਾਂਦੇ ਆਉਂਦੇ ਰਹੀਦਾ ਸੀ। ਮੇਰੇ ਨਾਨਕੇ ਘਰਾਂ ਵਿੱਚੋਂ ਲੱਗਦੀ ਮੇਰੀ ਮਾਸੀ ਕਰਮੀ ਇੱਥੇ ਵਿਆਹੀ ਹੋਈ ਸੀ। ਵੀਰੇ ਹੋਰਾਂ ਦੇ ਦੋਸਤ ਮੁਖਤਿਆਰ ਹੋਰਾਂ ਦੇ ਘਰ ਵੀ ਸਾਡਾ ਜਾਣਾ ਆਉਣਾ ਸੀ। ਤੇ ਫੇਰ ਤਾਇਆ ਜੀ ਕੇਸਰਾ ਸਿੰਘ ਭਾਈਆ ਜੀ ਅਤੇ ਤਾਇਆ ਜੀ ਦੇ ਗੁਰਭਾਈ ਸਨ। ਜਗਤ ਪੁਰ ਸਾਡੇ ਲਈ ਓਪਰਾ ਨਹੀਂ ਸੀ। ਵੈਸੇ ਵੀ ਮੁਕੰਦ ਪੁਰ ਅਤੇ ਜਗਤ ਪੁਰ ਦੇ ਬਸੀਮੇ ਸਾਂਝੇ ਹਨ। ਸਾਡੇ ਵੱਡੇ ਵਢੇਰੇ ਵੀ ਸਕੇ ਭਰਾ ਸਨ।

ਚੋਣ ਵੇਲੇ, ਮੈਂ ਸਭ ਕੁੜੀਆਂ ਮੁੰਡਿਆਂ ਦੇ ਪਿੱਛੇ ਲਕੜੀ ਦੇ ਫੱਟੇ ਉੱਤੇ ਖੜੀ ਸਾਂ। ਪਤਾ ਨਹੀਂ ਮੈਨੂੰ ਇਸ ਦਾਖ਼ਲੇ ਦੀ ਐਨੀ ਖਿੱਚ ਕਿਉਂ ਸੀ। ਮੇਰੇ ਭਾਈਆ ਜੀ ਕਾਰਨ ਜਾਂ ਆਪਣੇ ਕਾਰਨ। ਘਰ ਵਿੱਚ ਗੱਲਾਂ ਸੁਣ-ਸੁਣ ਮੈਂ ਆਪਣੇ ਮਾਂ-ਬਾਪ ਤੋਂ ਵੀ ਵੱਧ ਫ਼ਿਕਰ ਕਰਦੀ ਸਾਂ। ਸੋਚਦੀ ਹੁੰਦੀ ਸਾਂ ਕਿ ਮੈਂ ਕਿਸੇ ਦਿਨ ਆਪਣੇ ਭਾਈਆ ਜੀ ਨੂੰ ਸਫ਼ਲ ਹੋ ਕੇ ਦਿਖਾਵਾਂਗੀ। ਸ਼ਾਇਦ ਇਹ ਸਭ ਘਰ ਵਾਲਿਆਂ ਵੱਲੋਂ ਜਾਂ ਮੇਰੀਆਂ ਭੂਆ ਵੱਲੋਂ ਮੈਨੂੰ ਨਿਕਾਰਦੇ ਰਹਿਣਾ ਵੀ ਸੀ। ਮੇਰੇ ਭੂਆ ਜੀ, ਤਾਇਆ ਜੀ, ਮਾਸੀ ਜੀ ਸਭ ਆਖਦੇ, "ਕੁੜੀਆਂ ਨੂੰ ਐਨਾ ਲਾਡ ਕੀ ਕਹੁ? ਦੇਖਾਂਗੇ ਕੀ ਚੰਦ ਚੜ੍ਹਾਊ?" ਇਹ ਮੈਂ ਹਰ ਦਿਨ ਸੁਣਦੀ ਸਾਂ। ਨਿੱਕੀ ਹੁੰਦੀ ਤੋਂ ਹੀ ਜਦੋਂ ਤੋਂ ਮੇਰੀ ਯਾਦ ਹੈ। ਉਹ ਕਹਿੰਦੇ, "ਦੇਖਾਂਗੇ ਕੁੱਝ ਕਰ ਸਕੀ ਤਾਂ?" ਇਨ੍ਹਾਂ ਲਫ਼ਜ਼ਾਂ ਨੇ ਮੈਨੂੰ ਹਮੇਸ਼ਾਂ ਬੰਨੀ ਰੱਖਿਆ ਕਿ ਮੈਂ ਜ਼ਰੂਰ ਕੁਝ ਬਣਨਾ ਹੈ। ਕੀ ਬਣਨਾ ਹੈ? ਉਹ ਨਹੀਂ ਸੀ ਪਤਾ। ਭਾਈਆ ਜੀ ਚਾਹੁੰਦੇ ਸਨ ਮੈਂ ਡਾਕਟਰ ਬਣਾਂ, ਵਕੀਲ ਬਣਾਂ। ਪਰ ਪੜ੍ਹਾਈ ਤੋਂ ਬਿਨਾਂ ਕਿਵੇਂ? ਮੇਰੇ ਮਨ ਅੰਦਰ ਵਲਵਲੇ ਸਨ। ਬਾਹਰ ਕਿਸ ਤਰ੍ਹਾਂ ਕੱਢਣੇ ਹਨ, ਇਹ ਨਹੀਂ ਸੀ ਪਤਾ।

ਉਸ ਦਿਨ ਸਿਲੈਕਸ਼ਨ ਵੇਲੇ, ਮੈਂ ਅੱਡੀਆਂ ਹੋਰ ਚੁੱਕ ਲਈਆਂ।

ਮੈਨੂੰ ਸਾਡੇ 'ਸਰ' ਜਿਹੜੇ ਸਾਡੀ ਚੋਣ ਕਰਨ ਆਏ, ਦੀ ਦਿੱਖ ਅੱਜ ਵੀ ਚੇਤੇ ਹੈ। ਭਰਵਾਂ ਚੌੜਾ ਜੁੱਸਾ। ਪੋਚਵੀਂ ਪੱਗ। ਗੋਲ ਹਸੂੰ-ਹਸੂੰ ਕਰਦਾ ਚਿਹਰਾ। ਉਨ੍ਹਾਂ ਨੇ ਦੋ ਤਿੰਨ ਮੁੰਡਿਆਂ ਵੱਲ ਇਸ਼ਾਰਾ ਕਰਦਿਆਂ ਮੇਰੇ ਵੱਲ ਉਂਗਲ ਕੀਤੀ। ਮੇਰਾ ਰੰਗ ਉੱਡ ਗਿਆ। ਮੇਰੇ ਭਾਈਆ ਜੀ ਡੌਰ-ਭੌਰ ਹੋਏ ਖੜੇ ਦੇਖਣ। ਉਸ ਵੇਲੇ ਸਾਨੂੰ ਇਹ ਨਹੀਂ ਸੀ ਪਤਾ ਕਿ ਮੈਨੂੰ ਰੱਖਿਆ ਹੈ ਜਾਂ ਬਾਹਰ ਕੱਢਿਆ ਹੈ। ਇਸੇ ਤਰ੍ਹਾਂ ਉਨ੍ਹਾਂ ਨੇ ਵਾਰੀ-ਵਾਰੀ ਪੰਦਰਾਂ ਮੁੰਡੇ ਅਤੇ ਕੁੜੀਆ ਵੱਲ ਇਸ਼ਾਰਾ ਕਰਕੇ, ਸਾਨੂੰ ਐਡਮਿਸ਼ਨ ਦੇ ਕੇ, ਉਹ ਚੱਲਦੇ ਬਣੇ।

ਲਓ ਜੀ ਹੋ ਗਿਆ ਮੇਰਾ ਦਾਖ਼ਲਾ। ਮੇਰੇ ਨਾਲ਼ ਸਾਡੀ ਗੁਆਂਢਣ ਕੁੜੀ ਸੰਤੋਸ਼, ਦੋ ਕੁ ਘਰ ਛੱਡ ਕੇ

ਸੁਭੱਧਰਾਂ, ਦੂਜੇ ਪਾਸਿਓ, ਫੂਲਾਂ ਇਹ ਤਿੰਨ ਕੁੜੀਆਂ ਵੀ ਚੁਣੀਆਂ ਗਈਆਂ। ਇਹ ਤਿੰਨੋਂ ਉਮਰ ਵਿੱਚ ਮੇਰੇ ਨਾਲੋਂ ਵੱਡੀਆਂ ਸਨ। ਸਿਰਫ਼ ਫੂਲਾਂ ਕੋਈ ਚੌਦਾਂ ਕੁ ਵਰ੍ਹਿਆਂ ਦੀ ਸੀ। ਸੰਤੋਸ਼ ਅਤੇ ਸੁਭੱਧਰਾਂ ਜ਼ਰੂਰ ਸੋਲ੍ਹਾਂ-ਸਤਾਰਾਂ ਵਰ੍ਹਿਆਂ ਦੀਆਂ ਹੋਣਗੀਆਂ। ਸੀ ਇਹ ਵੀ ਮੁੰਡੇ ਕੁੜੀਆਂ ਦਾ ਸਾਂਝਾ ਸਕੂਲ। ਸਕੂਲ ਕਿੱਥੇ ਜੀ? ਜੰਞ ਘਰ ਸੀ ਜਿੱਥੇ ਸਾਡੀ ਕਲਾਸ ਲੱਗਦੀ। ਅਸੀਂ ਇੱਥੇ ਰੰਗ ਮਿਲਾਉਣੇ ਸਿੱਖੇ, ਵੱਖਰੀ ਸ਼ੇਡ ਦੇ ਰੰਗ ਤਿਆਰ ਕਰਨੇ ਸਿੱਖੇ। ਲੱਕੜੀ ਦੇ ਬਲੌਕ ਨਾਲ਼ ਚੱਦਰਾਂ, ਮੇਜ਼ਪੋਸ਼ ਆਦਿ ਪਰਿੰਟ ਕਰਨੇ ਸਿੱਖੇ। ਪਹਿਲਾਂ ਪਾਪੜੀ ਨਾਲ਼ ਬਾਹਰਲੀ ਲਾਈਨ ਪਰਿੰਟ ਕੀਤੀ ਜਾਂਦੀ ਅਤੇ ਫੇਰ ਹੋਰ ਬਲੌਕ ਨਾਲ਼ ਉਸ ਛਾਪੇ ਵਿੱਚ ਰੰਗ ਭਰੇ ਜਾਂਦੇ। ਰੰਗ ਸੁੱਕਣ ਤੇ ਕੱਪੜੇ ਨੂੰ ਤਿਜ਼ਾਬ ਵਿੱਚ ਡੋਬਿਆ ਜਾਂਦਾ ਜਿਸ ਨਾਲ਼ ਹਰੀ ਪਾਪੜੀ ਦਾ ਰੰਗ ਕਾਲਾ ਅਤੇ ਬਾਕੀ ਰੰਗਾਂ ਉੱਤੇ ਵੀ ਨਿਖਾਰ ਆ ਜਾਂਦਾ। ਅਸੀਂ ਆਂਢ-ਗੁਆਂਢ ਦੇ ਨਲਕਿਆਂ ਤੇ ਜਾ ਕੇ ਚੱਦਰਾਂ ਧੋਂਦੇ। ਤੇ ਫੇਰ ਗਿੱਲੀਆਂ ਚੱਦਰਾਂ ਨੂੰ ਪਿੰਡ ਨੂੰ ਚੁੱਕੀ ਆਉਂਦੇ। ਬਾਕੀ ਕੁੜੀਆਂ ਵੱਡੀਆਂ ਹੋਣ ਕਾਰਨ ਉਨ੍ਹਾਂ ਵਾਸਤੇ ਐਨਾ ਔਖਾ ਨਾ ਹੁੰਦਾ ਪਰ ਮੇਰੀ ਉਮਰ ਛੋਟੀ ਹੋਣ ਕਾਰਨ ਮੈਂ ਚੱਦਰਾਂ ਨੂੰ ਮੋਢਿਆਂ ਉੱਤੇ ਸਿੱਟੀ ਘੜੀਸਦੀ ਆਉਂਦੀ। ਮੇਰੇ ਭਾਈਆ ਜੀ ਜਗਤ ਪੁਰ ਦੇ ਅੱਧ ਤੱਕ ਮੈਨੂੰ ਲੈਣ ਆ ਜਾਂਦੇ ਅਤੇ ਚੱਦਰਾਂ ਚੁੱਕ ਲਿਆਉਂਦੇ।

ਮੇਰੇ ਬੀਜੀ ਨੂੰ ਮੇਰੀਆਂ ਨਾਜ਼ਕ ਬਾਹਵਾਂ ਨਾਲ਼ ਕੰਮ ਕਰਨਾ, ਮੇਰੇ ਹੱਥਾਂ ਦਾ ਬਲੌਕ ਉੱਤੇ ਮਾਰਦੇ ਸੁੱਜ ਜਾਣਾ ਚੁੱਭਦਾ। ਉਹ ਮੇਰੇ ਹੱਥਾਂ ਦੀ ਮਾਲਸ਼ ਕਰਦੇ। ਬਾਹਵਾਂ ਅਤੇ ਲੱਤਾਂ ਦੀ ਮਾਲਸ਼ ਕਰਦੇ। ਤੇ ਅੱਖਾਂ ਦਾ ਪਾਣੀ ਆਪਣੇ ਦੁਪੱਟੇ ਨਾਲ਼ ਪੂੰਝ ਦਿੰਦੇ। ਇੱਕ ਦਿਨ ਮੇਰੇ ਬੀਜੀ ਅੱਕੇ ਹੋਏ ਬੰਗਿਆਂ ਨੂੰ ਆਪਣੀ ਭੂਆ ਕੇ ਘਰ ਮੈਨੂੰ ਲੈ ਗਏ। ਉਨ੍ਹਾਂ ਦਾ ਖਿਆਲ ਸੀ ਕਿ ਮੈਨੂੰ ਬੰਗੀ ਕੁੜੀਆਂ ਦੇ ਸਕੂਲ ਵਿੱਚ ਦਾਖ਼ਲ ਕਰਾ ਦੇਣਗੇ। ਘੱਟੋ-ਘੱਟ ਮੈਂ ਪੜ੍ਹਾਂਗੀ ਤੇ ਇਸ ਤਰ੍ਹਾਂ ਦਾ ਹਰ ਰੋਜ਼ ਤੁਰਨਾ ਅਤੇ ਗਿੱਲੀਆਂ ਚੱਦਰਾਂ ਨੂੰ ਚੁੱਕੀ ਆਉਣਾ ਤਾਂ ਨਹੀਂ ਹੋਵੇਗਾ। ਬੀਜੀ ਨੇ ਆਪਣੀ ਭੂਆ ਕੋਲ ਮੈਨੂੰ ਦਾਖ਼ਲ ਕਰਾਉਣ ਦੀ ਗੱਲ ਤੋਰੀ ਤਾਂ ਬੀਜੀ ਦੀ ਭੂਆ ਬੋਲੀ, "ਭਾਈ ਤੈਨੂੰ ਇੱਥੇ ਨਾਲ਼ ਰਹਿਣਾ ਪੈਣੈ। ਮੈਂ ਕੁੜੀ ਦੀ ਜ਼ਿੰਮੇਵਾਰੀ ਨ੍ਹੀ ਲੈਂਦੀ। ਮੇਰੇ ਕੋਲ ਟੈਮ ਨ੍ਹੀਂ ਇਸ ਲਈ ਖਾਣਾ ਬਣਾਵਾਂ, ਸਕੂਲੋਂ ਲਿਆਵਾਂ ਤੇ ਧਿਆਨ ਵੀ ਰੱਖਾਂ। ਆਖ਼ਰ ਕੁੜੀ ਐ। ਸਮਾਂ ਖ਼ਰਾਬ ਐ। ਮੈਂ ਕਿੱਥੇ-ਕਿੱਥੇ ਇਸਨੂੰ ਭਾਲ਼ਦੀ ਫਿਰੂੰ।"

ਬੀਜੀ ਵਾਸਤੇ ਮੇਰੇ ਕੋਲ ਰਹਿਣਾ ਔਖਾ ਸੀ। ਤੇ ਬੀਜੀ ਫੇਰ ਮੈਨੂੰ ਵਾਪਸ ਪਿੰਡ ਲੈ ਆਏ। ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਮੇਰੇ ਤਾਇਆ ਜੀ ਅਤੇ ਉਨ੍ਹਾਂ ਦੇ ਮੁੰਡੇ ਨੂੰ ਇਹ ਕਿਉਂ ਚਿੰਤਾ ਸੀ ਕਿ ਮੈਂ ਮੁੰਡਿਆਂ ਦੇ ਸਕੂਲ ਨਹੀਂ ਪੜ੍ਹ ਸਕਦੀ। ਜਿੱਥੇ ਮੈਂ ਕੋਰਸ ਕਰਦੀ ਸਾਂ, ਉੱਥੇ ਵੀ ਮੁੰਡੇ ਸਨ। ਸਗੋਂ ਉਮਰ ਵਿੱਚ ਮੈਥੋਂ ਬਹੁਤ ਵੱਡੇ ਸਨ। ਉਹ ਸਾਰੇ ਮੈਨੂੰ ਨਿੱਕੀ ਸਮਝ ਕੇ ਮਦਦ ਕਰਦੇ। ਮੇਰੇ ਕੋਲੋਂ ਰੰਗ ਨਾ ਮਿਕਸ ਹੁੰਦੇ ਤਾਂ ਉਹ ਸਮਝਾ ਦਿੰਦੇ। ਰੰਗ ਕਾੜ੍ਹਨੇ ਹੁੰਦੇ ਤਾਂ ਉਹ ਮੈਨੂੰ ਭੱਠੀ ਦੇ ਕੋਲ ਨਾ ਜਾਣ ਦਿੰਦੇ। ਤਿਜ਼ਾਬ ਪਾਣੀ ਵਿੱਚ ਮਿਲਾਉਣ ਵੇਲੇ ਵੀ ਉਹ ਮੇਰੀ ਮੱਦਦ ਕਰਦੇ। ਮੈਂ ਪੂਰੇ ਨੌਂ ਮਹੀਨੇ ਕੋਰਸ ਦੇ ਜਗਤ ਪੁਰ ਲਾਏ। ਇਸ ਸਮੇਂ ਦਰਮਿਆਨ ਮੈਨੂੰ ਵੱਡੀਆਂ ਕੁੜੀਆਂ ਅਤੇ ਔਰਤਾਂ ਦੇ ਵਿਵਹਾਰ ਦਾ ਅਤੇ ਕਿਰਦਾਰ ਦੀ ਸਮਝ ਵੀ ਆਈ। ਨਿੱਕੀ ਹੋਣ ਕਾਰਨ ਮੈਨੂੰ ਸਭ ਅਣਗੌਲਿਆਂ ਕਰ ਦਿੰਦੇ ਸਨ।

ਮੇਰਾ ਪੂਰਾ ਸਾਲ ਇਸ ਤਰ੍ਹਾਂ ਨਿੱਕਲ ਗਿਆ। ਮੈਂ ਵਿਅਰਥ ਤਾਂ ਨਹੀਂ ਕਹਾਂਗੀ। ਫੇਰ ਵੀ ਮੈਂ ਕੁੱਝ ਨਾ ਕੁੱਝ ਸਿੱਖਿਆ। ਦੂਜੇ ਵਰ੍ਹੇ, ਜਦੋਂ ਮੇਰੇ ਤਾਇਆ ਜੀ ਧੀ ਪੰਜਵੀਂ ਪਾਸ ਕਰਕੇ ਹਟੀ ਤਾਂ ਮੇਰੇ ਉਸੇ ਤਾਏ ਨੇ ਆਪਣੀ ਧੀ ਨੂੰ ਚੁੱਪ-ਚੁਪੀਤੇ ਹਾਈ ਸਕੂਲ ਦਾਖ਼ਲ ਕਰਵਾ ਦਿੱਤਾ। ਉਸ ਵਕਤ ਉਨ੍ਹਾਂ ਦੇ ਮੁੰਡੇ ਨੇ ਖ਼ੁਦਕਸ਼ੀ ਦਾ ਵੀ ਨਾਂ ਨਹੀਂ ਲਿਆ। ਮੇਰੇ ਭਾਈਆ ਜੀ ਨੂੰ ਇਸ ਗੱਲ ਦਾ ਬਹੁਤ ਧੱਕਾ ਲੱਗਾ। ਜਦੋਂ ਮੇਰੇ ਤਾਇਆ ਜੀ ਆਪਣੀ ਧੀ ਨੂੰ ਦਾਖ਼ਲ ਕਰਵਾਉਣ ਗਏ ਤਾਂ ਮਾਸਟਰ ਬੂਝਾ ਰਾਮ ਨੇ ਮੇਰਾ ਦਾਖ਼ਲਾ ਆਪ ਹੀ ਕਰਕੇ,



ਭਾਈਆ ਜੀ ਨੂੰ ਇਤਲਾਹ ਦੇ ਦਿੱਤੀ। ਇਸ ਤਰ੍ਹਾਂ ਮੈਂ ਕੋ-ਐਜੂਕੇਸ਼ਨ ਵਿੱਚ ਸ਼ਾਮਲ ਹੋਈ। ਸਾਡੇ ਦੋਹਾਂ ਭੈਣਾਂ ਦੇ ਦਾਖ਼ਲ ਹੋਣ ਕਾਰਨ, ਪਿੰਡ ਦੇ ਖੱਤਰੀਆਂ, ਬਾਮ੍ਹਣਾਂ ਅਤੇ ਬਾਣੀਆਂ ਦੀਆਂ ਕੁੜੀਆਂ ਵੀ ਦਾਖ਼ਲ ਹੋ ਗਈਆਂ। ਅਸੀਂ ਸਿਰਫ਼ ਸੱਤ-ਅੱਠ ਕੁੜੀਆਂ ਹੀ ਸਾਂ ਜਿਹੜੀਆਂ ਤਕਰੀਬਨ ਸੱਤ-ਅੱਠ ਸੌ ਦੀ ਗਿਣਤੀ ਵਾਲੇ ਮੁੰਡਿਆਂ ਦੇ ਸਕੂਲ ਵਿੱਚ ਦਾਖ਼ਲ ਹੋਈਆਂ। ਇਸ ਨਾਲ਼ ਮੁਕੰਦ ਪੁਰ ਵਿੱਚ ਕੋ ਐਜੂਕੇਸ਼ਨ ਹਮੇਸ਼ਾਂ ਵਾਸਤੇ ਕਾਇਮ ਹੋ ਗਈ। ਪਰ ਮੇਰੇ ਮਨ ਵਿੱਚ ਇਹ ਤੌਖਲਾ ਜ਼ਰੂਰ ਰਿਹਾ ਕਿ ਮੇਰੇ ਹੀ ਘਰ ਦੇ ਲੋਕਾਂ ਨੇ ਮੇਰਾ ਪੂਰਾ ਸਾਲ ਖਰਾਬ ਕੀਤਾ। ਸ਼ਾਇਦ ਇਸੇ ਵਾਸਤੇ ਮੇਰੇ ਅੰਦਰ ਕੁੱਝ ਬਣਨ ਦੀ ਚਾਹਤ ਵੀ ਪ੍ਰਬਲ ਹੁੰਦੀ ਰਹੀ। ਉਸ ਵੇਲੇ ਤੋਂ ਮੈਂ ਕੁੱਝ ਕਹਿਣਾ ਚਾਹੁੰਦੀ ਸਾਂ, ਆਪਣੀ ਆਵਾਜ਼ ਉਠਾਉਣਾ ਚਾਹੁੰਦੀ ਸਾਂ ਪਰ ਕਿਸ ਤਰ੍ਹਾਂ? ਇਹ ਨਹੀਂ ਸੀ ਪਤਾ। ਉਸ ਵੇਲੇ ਤੋਂ ਮੈਂ ਛੋਟੀਆਂ-ਛੋਟੀਆਂ ਘਟਨਾਵਾਂ ਨੂੰ ਆਪਣੀ ਕਾਪੀ ਵਿੱਚ ਲਿਖ ਲੈਂਦੀ ਸਾਂ। ਮੈਨੂੰ ਇਹ ਨਹੀਂ ਸੀ ਪਤਾ ਕਿ ਇਸਨੂੰ ਹੀ ਲਿਖਣਾ ਕਿਹਾ ਜਾਂਦਾ ਹੈ। ਉਨ੍ਹਾਂ ਕਾਗਜ਼ਾਂ ਨੂੰ ਮੈਂ ਆਪਣੀਆਂ ਉਨ੍ਹਾਂ ਹੀ ਲਕੜੀ ਦੀਆਂ ਪੇਟੀਆਂ/ ਸੰਦੂਕੜੀਆ ਵਿੱਚ ਰੱਖ ਲੈਂਦੀ। ਲੁਕੋ ਕੇ। ਉਹ ਲੱਕੜ ਦੀਆਂ ਪੇਟੀਆਂ ਮੇਰੀਆਂ ਯਾਦਾਂ ਦਾ ਖਜ਼ਾਨਾ ਸਾਂਭੀ ਬੈਠੀਆਂ ਹਨ। ਮੇਰੇ ਇੰਗਲੈਂਡ ਨੂੰ ਆਉਣ ਤੋਂ ਬਾਅਦ, ਭਾਵੇਂ ਉਹ ਪੇਟੀਆਂ ਨਹੀਂ ਰਹੀਆਂ, ਬੀਜੀ ਨੇ ਵਾਧੂ ਸਮਝ ਕੇ ਉਨ੍ਹਾਂ ਦੀ ਲੱਕੜ ਬਾਲਣ ਬਣਾ ਕੇ ਵਰਤ ਲਈਆਂ ਹੋਣਗੀਆਂ ਪਰ ਉਹ ਮੇਰੇ ਜ਼ਿਹਨ ਵਿੱਚ ਉਸੇ ਤਰ੍ਹਾਂ ਤਰੋ ਤਾਜ਼ਾ ਹਨ। ਜਦੋਂ ਮੈਂ ਇੰਗਲੈਂਡ ਨੂੰ ਪਹਿਲੀ ਵੇਰ ਆਈ ਤਾਂ ਕਿਤਾਬਾਂ ਅਤੇ ਮੇਰੀਆਂ ਲਿਖੀਆਂ ਕਾਪੀਆਂ ਦੀ ਕੋੜੀ ਮੇਰੀਆਂ ਬਾਹਵਾਂ ਵਿੱਚ ਸੀ। ਭਾਵੇਂ ਮੇਰੀ ਲਿਖਣ ਪ੍ਰਕਿਰਿਆ ਅੱਗੇ ਚੱਲ ਕੇ ਸ਼ੁਰੂ ਹੋਈ ਪਰ ਮੈਂ ਆਪਣੇ ਲਿਖਣ ਦਾ ਮੁੱਢ ਮੇਰੇ ਉਸੇ ਸਮੇਂ ਨੂੰ ਮੰਨਦੀ ਹਾਂ ਜਿਸਨੇ ਮੇਰੇ ਅੰਦਰ ਬਹੁਤ ਕੁੱਝ ਭੰਨਿਆ ਤੋੜਿਆ ਅਤੇ ਘੜਿਆ। ਅੱਜ ਵੀ ਔਰਤ ਦੀ ਸਥਿਤੀ ਬਾਰੇ ਸੋਚਦਿਆਂ ਮੈਨੂੰ ਉਹ ਪਲ ਚੇਤੇ ਆ ਜਾਂਦੇ ਹਨ ਕਿ ਜੇ ਕਰ ਮੇਰੇ ਭਾਈਆ ਜੀ ਦੀ ਹਿੰਮਤ ਨਾ ਹੁੰਦੀ ਤਾਂ ਮੇਰਾ ਕੀ ਬਣਦਾ? ਜਿਉਂ ਹੀ ਮੈਂ ਇਸ ਤਰ੍ਹਾਂ ਸੋਚਦੀ ਹਾਂ ਤਾਂ ਆਪਣੇ ਮਨ ਵਿੱਚ ਉਨ੍ਹਾਂ ਲੱਕੜ ਦੀਆਂ ਪੇਟੀਆਂ ਨੂੰ ਖੋਲ੍ਹ ਕੇ ਬੈਠ ਜਾਂਦੀ ਹਾਂ ਜਿਨ੍ਹਾਂ ਵਿੱਚ ਮੇਰੀਆਂ ਯਾਦਾਂ ਦਾ ਖਜ਼ਾਨਾ ਭਰਿਆ ਹੋਇਆ ਹੈ। ਉਸੇ ਖਜ਼ਾਨੇ ਵਿੱਚੋਂ ਇਹ ਯਾਦ ਬਾਹਰ ਆਈ ਹੈ।

**905-878-6499**

## ਸਾਹਿਤ ਰਚਨਾ ਦਾ ਹਿੱਸਾ ਬਣੀ ਇਕ ਯਾਦ / - ਅਵਤਾਰ ਸਿੰਘ ਬਿਲਿੰਗ

ਕੋਈ ਵੀ ਸਾਹਿਤ ਰਚਨਾ ਜੀਵਨ ਤੋਂ ਵਿਰਵੀ ਨਹੀਂ ਹੁੰਦੀ । ਸਾਹਿਤਕਾਰ ਆਪਣੀ ਕਲਪਨਾ ਦੀ ਮਦਦ ਨਾਲ ਆਪਬੀਤੀ ਜਾਂ ਜੱਗਬੀਤੀ ਨੂੰ ਹੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਪ੍ਰਗਟਾਉਂਦਾ ਹੈ। ਅਰਥਾਤ ਇਹ ਉਸਦਾ ਨਿੱਜੀ ਅਨੁਭਵ ਵੀ ਹੋ ਸਕਦਾ ਹੈ, ਮੰਗਵਾਂ ਜਾਂ ਬਿਗਾਨਾ ਅਨੁਭਵ ਵੀ। ਕਿੱਸਾਕਾਰ ਸਦਾ ਰਾਮ ਦੀ ਮਿਸਾਲ ਮੈਂ ਅਕਸਰ ਦਿੰਦਾ ਹਾਂ; 'ਮੈਨੂੰ ਦੁੱਖ ਆਸ਼ਕੀ ਦਾ/ਕਿਹਾ ਦੁੱਖ ਆਸ਼ਕਾਂ ਦਾ/ ਆਸ਼ਕਾਂ ਦੇ ਤਾਈਂ /ਅੱਗੇ ਆਖਿਆ ਪੁਕਾਰ ਕੇ/ ਆਸ਼ਕੀ ਬਗੈਰ ਕਿੱਸਾ/ਬਣਦਾ ਨਹੀਂ ਆਸ਼ਕਾਂ ਦਾ/ ਭੋਲਦਾ ਜੇ ਝੂਠ/ਤੁਸੀਂ ਦੇਖਣਾ ਵਿਚਾਰ ਕੇ/'

ਸੋ ਮੇਰੀ ਹਰ ਕਹਾਣੀ ਅਤੇ ਨਾਵਲ ਵੀ ਮੇਰੀਆਂ ਯਾਦਾਂ ਦੇ ਆਧਾਰ 'ਤੇ ਉਸਰਿਆ ਹੈ। ਛੋਟੀ ਕਿਰਸਾਣੀ ਨੂੰ ਸਮਰਪਿਤ ਮੇਰੇ ਮਾਪਿਆਂ ਦਾ ਜੀਵਨ ਬੜੀਆਂ ਤੰਗੀਆਂ-ਤੁਰਸ਼ੀਆਂ ਨਾਲ ਭਰਿਆ ਸੀ। ਮੇਰੇ ਖਿਆਲ ਵਿਚ ਗਰੀਬੀ ਹੀ ਅਸਲ ਕਲੇਸ਼ ਦੀ ਜੜ੍ਹ ਹੈ। ਘਰ-ਗ੍ਰਹਿਸਤੀ ਵਿਚ ਪਤੀ ਪਤਨੀ ਵਿਚਕਾਰ ਹੁੰਦਾ ਝਗੜਾ ਆਮ ਹਾਲਤਾਂ ਵਿਚ ਗੁਰਬਤ ਕਾਰਨ ਹੀ ਹੁੰਦਾ ਹੈ। ਅਜੋੜ ਸੁਭਾਅ,ਆਪਸੀ

ਨੁਕਤਾਚੀਨੀ,ਹਉਮੈ ਜਾਂ ਈਗੋ ਦਾ ਜ਼ਖ਼ਮੀ ਹੋਣਾ,ਕਾਮ ਦੀ ਅਤ੍ਰਿਪਤੀ , ਸਾਧਨ-ਸੰਪੰਨ ਪਰਿਵਾਰਾਂ ਵਿਚ ਬਖੇੜਾ ਖੜ੍ਹਾ ਕਰਨ ਲਈ ਮੁੱਢਲੇ ਕਾਰਕ ਜ਼ਰੂਰ ਬਣਦੇ ਹਨ। ਮੇਰਾ ਪਹਿਲਾ ਨਾਵਲ 'ਨਰੰਜਨ ਮਸ਼ਾਲਚੀ' ਅਸਲ ਵਿਚ ਮੇਰੇ ਮੱਢਲੇ ਜੀਵਨ ਦੀ ਕਹਾਣੀ ਹੈ। ਅਗਲੇ ਪੰਜ ਨਾਵਲ ਰਲੀਆਂ ਮਿਲੀਆਂ ਯਾਦਾਂ ਅਰਥਾਤ ਮੇਰੀਆਂ ਨਿੱਜੀ ਅਤੇ ਕੁੱਝ ਮੰਗਵੀਆਂ ਯਾਦਾਂ ਉੱਤੇ ਅਧਾਰਿਤ ਹਨ।

ਏਥੇ ਮੈਂ ਜਿਹੜੀ ਯਾਦ ਸਾਂਝੀ ਕਰਨੀ ਚਾਹੁੰਦਾ ਹਾਂ,ਉਹ ਮੇਰੀ ਕਹਾਣੀ 'ਅਜੇ ਵੀ ਸ਼ੁਕਰ ਐ' ਦਾ ਆਧਾਰ ਕਿਵੇਂ ਬਣੀ, ਇਹੀ ਦਰਸਾਉਣਾ ਚਾਹਾਂਗਾ।ਅੱਸੀਵਿਆਂ ਵਿਚ ਸਾਡੇ ਮੁਲਾਜ਼ਮ ਲੋਕ ਸ਼ਹਿਰਾਂ ਵੱਲ ਤੇਜ਼ੀ ਨਾਲ ਹਿਜਰਤ ਕਰਨ ਲੱਗੇ। ਮੇਰਾ ਮਸੇਰ ਵੀ ਨੌਕਰੀ ਦੀ ਮਜ਼ਬੂਰੀ ਕਾਰਨ ਖੰਨੇ ਜਾ ਵੱਸਿਆ। ਉਸਦੇ ਪਿਤਾ ਅਰਥਾਤ ਮੇਰੇ ਮਾਸੜ ਨੂੰ ਵੀ ਮਾਸੀ ਦੇ ਸੁਰਗਵਾਸ ਹੋਣ ਕਾਰਨ ਮੁੰਡੇ ਦਾ ਆਸਰਾ ਤੱਕਣਾ ਪਿਆ। ਉਹ ਹੋਰ ਬੁੱਢਿਆਂ ਵਾਂਗ ਸ਼ਹਿਰ ਸਿਰਫ ਰਾਤ ਕੱਟਣ ਲਈ ਹੀ ਜਾਂਦਾ। ਸਾਝਰੇ ਹੀ ਸਾਈਕਲ ਚੁੱਕ ਕੇ ਪਿੰਡ ਆ ਵੜਦਾ। ਸਾਰਾ ਦਿਨ ਸਾਡੇ ਪਿੰਡ ਵਿਚ ਕੱਟਦਾ। ਆਥਣ ਹੋਏ ਪੰਡਤ ਰਾਮ ਪ੍ਰਤਾਪ ਅਤੇ ਜੁੰਮੇ ਰਾਮਦਾਸੀਏ ਸਮੇਤ ਤਿੰਨੇ ਸ਼ਹਿਰ ਵੱਲ ਚਾਲੇ ਪਾ ਦਿੰਦੇ । ਛੜੇ ਜੁੰਮਾ ਰਾਮ ਦੀ ਪਿੰਡ ਵਿਚ ਜੁੱਤੀਆਂ ਦੀ ਦੁਕਾਨ ਸੀ। ਉਹ ਰਾਮਦਾਸੀਆਂ ਦੇ ਨਵੇਂ ਉੱਸਰੇ ਗੁਰਦੁਆਰੇ ਦਾ ਪ੍ਰਧਾਨ ਸੀ, ਵਿਹੜੇ ਦਾ ਮੋਹਤਬਰ ਬੰਦਾ ਸੀ। ਪੰਡਤ ਰਾਮ ਪ੍ਰਤਾਪ ਦੀ ਪਿੰਡ ਵਿਚ ਡਾਕਟਰੀ ਦੀ ਦੁਕਾਨ ਚਲਦੀ ਰਹੀ ਸੀ। ਮੇਰਾ ਮਾਸੜ ਸਾਡੀ ਮਾਸੀ ਦੇ ਜਿਊਂਦੇ ਜੀਅ ਖੇਤੀ ਨੂੰ ਢੱਡ ਵਾਂਗ ਬੁੜ੍ਹਕਾਉਂਦਾ ਰਿਹਾ ਸੀ। ਮੁਲਾਜ਼ਮ ਮੁੰਡਿਆਂ ਦੇ ਸ਼ਹਿਰ ਜਾ ਵੱਸਣ ਕਾਰਨ ਤਿੰਨੇ ਬਜ਼ੁਰਗ ਲਾਚਾਰ ਹੋ ਗਏ। ਪੰਡਤ ਨੇ ਤਾਂ ਆਖ਼ਰ ਭਾਣਾ ਮੰਨ ਲਿਆ। ਹਰ ਰੋਜ਼ ਕਰਾਇਆ-ਭਾੜਾ ਖਰਚ ਕੇ ਆਉਣਾ ਜਾਣਾ ਮੁਸ਼ਕਲ ਸੀ। ਗੋਡੇ ਦੁਖਦੇ ਹੋਣ ਕਰਕੇ ਮਾਸੜ ਹਫਤੇ ਮਗਰੋਂ ਆਉਣ ਲੱਗਿਆ। ਜੁੰਮਾ ਰਾਮ ਨੇ ਪੁੱਤਰ ਸਮਾਨ ਭਤੀਜੇ ਵਿਰੁੱਧ ਬਗਾਵਤ ਕਰ ਦਿੱਤੀ। ਉਹ ਸ਼ਹਿਰ ਦੀਆਂ ਸੁੱਖ-ਸਹੂਲਤਾਂ ਅਤੇ ਭਤੀਜੇ ਦੇ ਸਰਦਾਰੀ ਠਾਠ ਨੂੰ ਲੱਤ ਮਾਰ ਕੇ ਪਿੰਡ ਆ ਵੱਸਿਆ। ਸਾਰੀ ਘਟਨਾ ਦੇ ਵੇਰਵੇ ਮੈਨੂੰ ਮਾਸੜ ਨੇ ਦਿੱਤੇ ਸਨ; ਅਖੇ, ਜੁੰਮਾਂ ਤਾਂ ਪੱਕਾ ਹੀ ਪਿੰਡ ਆ ਗਿਆ। ਜੈਬੇ ਨੇ ਬਥੇਰਾ ਸਮਝਾਇਆ; ਐਥੇ ਤੂੰ ਸਰਦਾਰ ਬਣਿਆ ਬੈਠਾਂ।ਤੇਰੀ ਜ਼ਾਤ ਦਾ ਕਿਸੇ ਨੂੰ ਨਹੀਂ ਪਤਾ।ਤੈਥੋਂ ਫਲ-ਫਰੂਟ ਕਿਉਂ ਨ੍ਹੀ ਖਾ ਹੁੰਦਾ? ਹੁੱਕੇ ਨੂੰ ਤਿਆਗ ਕੇ ਮੌਜ ਨਾਲ ਸ਼ਹਿਰ ਦੇ ਗੁਰਦੁਆਰੇ ਜਾਇਆ ਕਰ। ਤਿੰਨੇ ਵਕਤ ਤੱਤੀ ਰੋਟੀ ਖਾਇਆ ਕਰ। ਮਹਾਜਨ ਬੁੜ੍ਹਿਆਂ ਦੀ ਸੰਗਤ ਕਰਿਆ ਕਰ,ਜੁੰਮਾ ਸਿੰਘ ਸਰਦਾਰ ਅਖਵਾਇਆ ਕਰ।

"ਓਏ ਭਤੀਜ, ਐਥੇ ਸਰਦਾਰ ਕਹਾਉਣ ਨਾਲੋਂ ਮੈਂ ਆਪਣੇ ਪਿੰਡ ਦਾ ਜੁੰਮਾ ਚਮਾਰ ਹੀ ਚੰਗਾ ਹਾਂ।ਤੇਰੇ ਤੱਤੇ ਫੁਲਕਿਆਂ ਨਾਲੋਂ ਪਿੰਡ 'ਚ ਮਿਲਦੀ ਬੇਹੀ-ਤੇਹੀ ਹੀ ਮੈਨੂੰ ਦੁੱਧ ਵਰਗੀ ਸੁਆਦ ਲੱਗੂ"। ਮਾਸੜ ਨੇ ਤੋੜਾ ਝਾੜਿਆ। ਮੇਰੇ ਲਈ ਇਹ ਕਹਾਣੀ ਬਣ ਗਈ।

ਜੁੰਮਾ ਰਾਮ ਦਾ ਭਤੀਜਾ ਜੈਬਾ ਸਾਡੀ ਜਮਾਤ ਦਾ ਮਨੀਟਰ ਹੁੰਦਾ ਸੀ। ਸਾਡਾ ਸਕੂਲ ਹਰੀਜਨ ਮਹੁੱਲੇ ਦੇ ਐਨ ਨਜ਼ਦੀਕ ਹੁੰਦਾ। ਸਕੂਲੋਂ ਨਿਕਲ ਕੇ ਕਈ ਵਾਰੀ ਅਸੀਂ ਜੈਬੇ ਦੇ ਘਰ ਜਾ ਵੜਦੇ। ਜਾਂ ਜਮਾਤੀ ਰਵੇਲ ਨਾਲ ਉਹਦੇ ਬਾਈ ਸਰਜਾ ਸਿੰਘ ਦੀ ਖੱਡੀ ਦੀ 'ਤਿੜਕ-ਚੂੰ ! ਕੜਕ- ਚੂੰ' ਹੁੰਦੀ ਦੇਖਦੇ ।(ਜਿਹੜਾ ਜਨਮ ਤੋਂ ਰਾਮਦਾਸੀਆ ਹੁੰਦਾ ਹੋਇਆ , ਆਪਣੇ ਆਪ ਨੂੰ ਜੁਲਾਹਾ ਜਾਂ ਬੋਣਾ ਸਿੱਖ ਅਖਵਾਕੇ ਖੁਸ਼ ਹੁੰਦਾ ਅਤੇ ਜਿਸ ਬਾਰੇ ਮੈਂ ਬਾਅਦ ਵਿਚ ਨਾਵਲ -ਪੱਤ ਕੁਮਲਾ ਗਏ- ਲਿਖਿਆ।) ਜੁੰਮੇ ਦਾ ਭਾਰਾ ਹੁੱਕਾ ਮੇਰੇ ਮਨ ਵਿਚ ਸਾਕਾਰ ਹੋ ਗਿਆ ਜਿਸ ਵਿਚੋਂ ਕਈ ਜੱਟ ਵੀ ਸੂਟਾ ਖਿੱਚ ਲੈਂਦੇ।ਉਹਲੇ-ਚੋਰੀ ਸਾਡੀਆਂ ਸਵਰਨ ਜਾਤੀਆ ਦੀਆਂ ਕਈ ਔਰਤਾਂ,ਅੜਦੇ -ਥੁੜਦੇ ਰੁਪਏ-ਟਕੇ ਉਧਾਰ ਫੜ ਲੈ ਜਾਂਦੀਆਂ।ਉਸਦੀ ਕੱਚੀ ਦੁਕਾਨ ਵਿਚ ਅਮਲੀਆਂ-ਠਮਲੀਆਂ ਦਾ ਮਜਮਾ ਲੱਗਦਾ। ਉਹ ਚਮਾਰ ਸੀ । ਚਮੜੇ ਦਾ ਕੰਮ



ਕਰਦਾ। ਪਰ ਸਾਡੇ ਮਨਾਂ ਵਿਚ ਕੋਈ ਨਫ਼ਰਤ ਨਹੀਂ ਸੀ । ਪਿੰਡ ਦੇ ਹੋਰ ਵਡੇਰਿਆਂ ਵਾਂਗ ਅਸੀਂ ਉਸਨੂੰ ਵੀ ਤਾਇਆ ਆਖ ਬੁਲਾਉਂਦੇ ਜਿਸ ਕੋਲੋਂ ਸਾਡੇ ਜੱਟ ਜਿਮੀਂਦਾਰ ਅਤੇ ਜਾਤ ਪਾਤ ਨੂੰ ਮੰਨਣ ਵਾਲੇ ਮਹਾਜਨ ਵੀ ਸਾਈ ਦੇ ਕੇ ਕੁਰਮ,ਧੌੜੀ ਜਾਂ ਨਰੀ ਦੇ ਜੋੜੇ ਬਣਵਾਉਂਦੇ , ਦੋਖੱਲੀ, ਮਜ਼ਬੂਤ ਜੁੱਤੀ ਬਣਾਉਣ ਲਈ ਜੁੰਮਾ ਬੰਨੇ-ਚੰਨੇ ਵਿਚ ਮਸ਼ਹੂਰ ਸੀ।

ਇੰਜ ਸਕੂਲੀ ਸਾਲਾਂ ਦੌਰਾਨ ਮਨ ਵਿਚ ਬੈਠੀਆਂ ਯਾਦਾਂ ਇਕ ਇਕ ਕਰਕੇ ਮਨ ਦੇ ਚਿੱਤਰ ਪੱਟ ਉੱਤੇ ਆਉਂਦੀਆਂ ਗਈਆਂ ਅਤੇ ਦਿਲਚਸਪ ਕਹਾਣੀ ਸਿਰਜੀ ਗਈ ਜਿਸ ਰਾਹੀਂ ਤਾਏ ਜੁੰਮੇ ਦਾ ਰੰਗਦਾਰ ਪਾਤਰ ਛੁੰਮਣ ਦੇ ਰੂਪ ਵਿਚ ਸੰਭਾਲਿਆ ਗਿਆ। ਮੋਬਾਈਲ:08284909596.

## ਮੇਰੀ ਫ਼ਕੀਰੀ, ਅਮੀਰੀ ਅਤੇ ਆਲਮਗੀਰੀ/-ਅਸ਼ੋਕ ਚਰਨ ਆਲਮਗੀਰ

ਮੈਂ ਤੇ ਇਕ ਗੰਨਾ-ਚੋਰ ਹੋਰ ਗੰਨੇ ਚੂਪਦੇ ਚੂਪਦੇ ਅੱਟ ਮੱਟ ਦੀ ਖੇਡ ਖੇਡਦੇ ਜਾ ਰਹੇ ਸਾਂ। ਤੇਰੇ ਮੱਟ ਕਿ ਮੇਰੇ ਮੱਟ ਜੀਹਦੇ ਹੋਣ ਵਧੇਰੇ ਮੱਟ। ਉਹ ਝੱਟ ਗੰਨਾ ਸੁੱਟ ਕੇ ਕਿਧੇਰੇ ਨਾਲ ਕਮਾਦ ਵਿੱਚ ਅਲੋਪ ਹੋ ਗਿਆ। ਮਾਂਹ ਹੋਣ, ਤਿਲ ਜਾਂ ਅਲਸੀ, ਬਾਜਰੇ ਦੇ ਦੁੰਬੇ, ਜਵਾਰ ਦੀ ਛੱਲੀ ਚੋਰੀ ਵਿੱਚ ਉਹ ਸਿੱਧ ਹੱਸਤ ਸੀ। ਮੈਂ ਤਾਂ ਅਜੇ ਚੋਰੀ ਕਰਨ ਦੀ ਕਲਾ ਸਿੱਖ ਹੀ ਰਿਹਾ ਸਾਂ। ਮਾਲਕ ਨੇ ਮੈਨੂੰ ਗੁੱਟੋਂ ਆਣ ਫੜਿਆ। ਮਾਲਕ ਹੈ ਸੀ ਕੋਈ ਨੇਕ ਬੰਦਾ। ਉਸ ਨਾ ਕੋਈ ਗਾਲ੍ਹ ਕੱਢੀ ਨਾ ਪਰਾਣੀ ਫੇਰੀ। ਸਿੱਧਾ ਪੰਚਾਇਤ ਸਾਮ੍ਹਣੇ ਜਾ ਖੜ੍ਹਾ ਕੀਤਾ। ਉਹਨਾਂ ਦੋ ਰੁਪਏ ਜ਼ੁਰਮਾਨਾ ਕਰ ਦਿੱਤਾ। ਉਦੋਂ ਇੱਕ ਰੁਪਿਆ ਮਹੀਨਾ ਮੇਰੀ ਤਨਖਾਹ ਸੀ, ਕਿਸੇ ਜੱਟ ਦੇ ਪਸ਼ੂ ਚਾਰਿਆ ਕਰਦਾ ਸਾਂ। ਛੁੱਟੀਆਂ ਤੋਂ ਬਾਅਦ ਮੈਂ ਸਕੂਲੋਂ ਹਟ ਜਾਇਆ ਕਰਦਾ ਸਾਂ, ਚਾਰ ਕੁ ਮਹੀਨੇ ਨੌਕਰੀ ਕਰ ਲੈਂਦਾ ਸਾਂ। 'ਹੁਣ ਤੋਂ ਤਾਂ ਸੱਤ-ਅੱਠ ਮਹੀਨਿਆਂ ਤੱਕ ਕੁਝ ਕੰਮ ਕਰਨੇ ਪਿਆ ਕਰਨਗੇ।" ਇਹ ਸਬਕ ਮੈਨੂੰ ਸਾਲ ਸਾਲ ਬਾਅਦ ਪਾਸ ਫੇਲ੍ਹ ਕਰਨ ਵਾਲੇ ਸਕੂਲ ਵਿੱਚੋਂ ਨਹੀਂ, ਸਗੋਂ ਜ਼ਿੰਦਗੀ ਦੇ ਸਕੂਲ ਵਿੱਚੋਂ ਮਿਲਿਆ ਸੀ, "ਓ ਬੰਦਿਆ ਰੱਬ ਦਿਆ ! ਜਨਮ ਭਾਵੇਂ ਤੇਰਾ ਇੱਕ ਇਕ ਤਿੰਨ ਤਿੰਨ (1-1-33) ਅਰਥਾਤ ਇਕ ਜਨਵਰੀ ਉਨੀ ਸੌ ਤੇਤੀ ਦਾ ਹੈ, ਉਮਰ ਭਾਵੇਂ ਅਜੇ ਯਾਰ੍ਹਾਂ ਸਾਲ ਏ, ਪਰ ਤੂੰ ਆਪਣੇ-ਆਪ ਨੂੰ ਤੇਤੀਆਂ ਸਾਲਾਂ ਦਾ ਸਮਝ ! ਨਾ ਬੱਚਾ ਨਾ ਜਵਾਨ, ਸਗੋਂ ਪੂਰਾ ਇਨਸਾਨ ਤੇ ਇਮਤਿਹਾਨ ਤੇਰਾ ਪੈਰ ਪੈਰ ਤੇ ਲਿਆ ਜਾਂਦਾ ਰਹੇਗਾ। ਕਹਿੰਦੇ ਰਹਿੰਦੇ ਨੇ ਸਿਆਣੇ 'ਚੋਰੀ ਦਾ ਗੁੜ ਤੇ ਗੰਨਾ ਵਧੇਰੇ ਮਿੱਠਾ ਹੁੰਦਾ ਹੈ, ਪਰ ਕਮਾਇਆ ਹੋਇਆ ਗੁੜ ਕੌੜਾ ਤਾਂ ਨਹੀਂ ਹੁੰਦਾ !"

ਪਤਾ ਤਾਂ ਮੈਨੂੰ ਪਹਿਲਾਂ ਹੀ ਸੀ, "ਜਿਉਂ ਜੰਮੇ ਤੇ ਬੋਦੀਓਂ ਲੰਮੇ।" ਅਜੇ ਤੀਸਰੀ ਵਿੱਚ ਹੀ ਸਾਂ ਕਿ ਮਾਂ ਨਾਲ ਚੱਕੀ ਪਿਆਉਣ ਲੱਗ ਪਿਆ ਸਾਂ। ਮਾਂ ਵਾਸਤੇ ਗੋਹਿਆਂ ਨੂੰ ਵੀ ਜਾਂਦਾ ਸੀ। ਜਦਕਿ ਮੇਰੇ ਪੈਰ ਹੇਠਾਂ ਬਟੇਰਾ ਜਾਂ ਸ਼ੈਅ ਕਦੇ ਨਹੀਂ ਸੀ ਆਇਆ। ਪਰ ਮੈਨੂੰ ਤਾਂ ਮਾਂ ਦੀ ਸਹਾਇਤਾ ਲਈ ਸਭ ਕੁਝ ਕਰਨਾ ਪੈਂਦਾ ਸੀ ਮਾਂ ਦੀ ਨਾ ਸੱਸ, ਨਾ ਦਰਾਣੀ, ਨਾ ਜਿਠਾਣੀ। ਪਿਓ ਮੋਰਚਿਆਂ ਮਾਰਚਿਆਂ ਵਿੱਚ ਦੂਰ ਦੂਰ... ਦੇਸ਼ ਭਗਤੀ ਦੇ ਨਸ਼ੇ ਵਿਚ... ਉਸਨੇ ਮੈਨੂੰ ਸਕੂਲ ਜਾਣ ਤੋਂ ਪਹਿਲਾਂ ਹੀ ਮਾਤ ਭਾਸ਼ਾ ਵਿਚ ਪੱਕਾ ਕਰ ਦਿੱਤਾ ਸੀ। ਘਰ ਵਿਚ 'ਪ੍ਰੀਤਲੜੀ', 'ਫੁਲਵਾੜੀ' ਪਹਿਲਾ ਹੀ ਆਉਂਦੇ ਸਨ, ਮੇਰੇ ਵਾਸਤੇ ਹੋਰ ਵੀ ਕਈ ਪਰਚੇ, ਅਖ਼ਬਾਰਾਂ ਲਗਵਾ ਦਿੱਤੀਆਂ। ਜੋਤਿਸ਼ ਤੇ ਹਿਕਮਤ ਵੀ ਥੋੜ੍ਹੀ ਬਹੁਤ ਸਿਖਾ ਕੇ ਉਹ ਇੱਕ ਤਰ੍ਹਾਂ ਸੁਰਖ਼ਰੂ ਜਿਹਾ ਹੋ ਗਿਆ। ਸਿਆਸੀ ਕੰਮਾਂ ਵੱਲ ਵੱਧ ਧਿਆਨ ਦੇਣ ਲੱਗ ਪਿਆ। ਮੈਂ ਤੇ ਮਾਂ ਇਕੱਲੇ ! ਮਾਂ ਘਰ ਤੇ ਮੈਂ ਬਾਹਰ ਕਮਾਦ ਵਿੱਚ ! ਵਾਢੀ, ਟੋਕੀ, ਛੋਲੀ, ਵੇਲਣੇ ਅਤੇ ਝੋਕੀ ਵੀ। ਨਕਦ ਕਮਾਈ ਘੱਟ ਹੁੰਦੀ ਵੇਖ

ਕੇ ਮੈਂ ਕਾਦੀਆਂ ਰੇਲਵੇ ਸਟੇਸ਼ਨ ਉੱਤੇ ਜਾ ਲੱਗਾ। ਪਿਤਾ ਜੀ ਦੇ ਇੱਕ ਦੋਸਤ ਨਾਲ ਨਾਲ ਡੱਬਿਆਂ ਤੋਂ ਕੋਲਾ ਲਹੁੰਣਾ।'ਕੋਲੇ ਦੀ ਦਲਾਲੀ ਵਿੱਚ ਮੂੰਹ ਕਾਲਾ ਤਾਂ ਹੁੰਦਾ ਹੀ ਸੀ, ਪਰ ਜੇਬ ਕਦੇ ਬਿਲਕੁਲ ਖ਼ਾਲੀ ਨਹੀਂ ਸੀ ਰਹਿੰਦੀ। ਖੜ੍ਹੀ ਗੱਡੀ ਦੇ ਦੋ ਚਾਰ ਡੱਬੇ ਘੁੰਮ ਲੈਂਦਾ ਤਾਂ ਦਵਾਨੀ ਚਵਾਨੀ ਜ਼ਰੂਰ ਲੱਭ ਪੈਂਦੀ।

ਮੇਰਾ ਦਸਵੀਂ ਪਾਸ ਕਰ ਜਾਣਾ ਇੱਕ ਚਮਤਕਾਰ ਸੀ। ਬੱਲੇ ਬੱਲੇ ਹੋ ਗਈ, "ਜਥੇਦਾਰ ਦਾ ਮੁੰਡਾ ਦਸਵੀਂ ਪਾਸ ਕਰ ਗਿਆ ਭਈ। " ਮੈਂ ਤਹਿਸੀਲ ਗੁਰਦਾਸਪੁਰ ਦੇ ਮਸ਼ਹੂਰ ਪਿੰਡ ਜੋਗੀ ਚੀਮਾ ਵਿੱਚ ਦਸਵੀਂ ਪਾਸ ਕਰਨ ਵਾਲਾ ਪਹਿਲਾ ਮੁੰਡਾ ਸੀ। ਮੈਥੋਂ ਪਹਿਲਾਂ ਦੋ ਤਿੰਨ ਖੱਤਰੀ ਬ੍ਰਾਹਮਣ ਬਾਊ, ਪਟਵਾਰੀ ਜਾਂ ਸੈਨਿਕ ਜ਼ਰੂਰ ਹੋਏ ਸਨ, ਪਰ ਉਹ ਸਭ ਅੱਠਵੀਂ ਦੇ ਆਰ-ਪਾਰ ਹੀ ਰਹੇ ਸਨ। ਬੇਕਾਰੀ ਦਾ ਸਮਾਂ ਵੀ ਮੈਂ ਵਾਢੀਆਂ, ਫ਼ਲੇ, ਉਡਾਈਆਂ ਆਦਿ ਵਿੱਚ ਕੱਟ ਲਿਆ। ਆਰਮੀ ਛੱਡ ਕੇ ਪਟਵਾਰ ਵੀ ਤਿਆਗੀ। ਫਿਰ ਅਧਿਆਪਕ ਬਣਨ ਦੇ ਮੌਕੇ ਫਿਰ ਬਾਪ ਹੀ ਕੰਮ ਆਇਆ। ਉਸਨੇ ਕਿਸੇ ਪਿੰਡ ਵਿੱਚ ਧਰਮ-ਅਰਥੀ ਸਕੂਲ ਚਲਾ ਰੱਖਿਆ ਸੀ। ਅਧਿਆਪਕ ਪੁੱਤਰ ਹੋਣ ਦੇ ਨਾਤੇ ਮੈਨੂੰ ਕੋਰਸ ਵਿੱਚ ਦਾਖਲਾ ਮਿਲ ਗਿਆ। ਨੌਂਕਰੀ ਵੀ ਮਿਲੀ। ਜਾਨ ਸੌਖੀ ਹੋ ਗਈ। ਪੜ੍ਹਨ-ਲਿਖਣ ਵਾਸਤੇ ਸਮਾਂ ਨਿਕਲਣ ਲੱਗ ਪਿਆ।

ਲੇਖਕ ਬਣਨ ਵਿੱਚ ਵੀ ਬਾਪ ਹੀ ਕੰਮ ਆਇਆ। ਲਿਖਣ ਦੀ ਚੇਟਕ ਵੀ ਓਸੇ ਨੇ ਹੀ ਲਾਈ। ਮੇਰੀਆਂ ਰਚਨਾਵਾਂ ਲੈ ਕੇ ਉਹ ਅੰਮ੍ਰਿਤਸਰ ਦੇ ਕੁਝ ਸੰਪਾਦਕਾਂ ਨਾਲ ਵਾਕਫ਼ੀ ਕਰਵਾ ਆਇਆ। ਹਰ ਰਚਨਾ ਛਪਣ ਲੱਗੀ। ਫਿਰ ਜਿਉਂ ਜਿਉਂ ਭਿੱਜੇ ਕੰਬਲੀ, ਤਿਉਂ-ਤਿਉਂ ਭਾਰੀ ਹੋਏ! 56, 57, 58 ਤਕ ਮੈਂ 'ਪ੍ਰੀਤਲੜੀ', 'ਪੰਜ ਦਰਿਆ' ਅਤੇ 'ਪੰਜਾਬੀ ਦੁਨੀਆ' (ਭਾਸ਼ਾ ਵਿਭਾਗ) ਵਿੱਚ ਛਪਣ ਲੱਗ ਪਿਆ ਸਾਂ। ਮੈਂ ਤਾਂ ਮਾਂ ਇਕੱਲੇ ਰਹਿੰਦੇ ਸਾਂ। ਮੇਰੀ ਮਾਂ ਜ਼ਮਾਨੇ ਭਰ ਦੀਆਂ ਕਹਾਣੀਆਂ ਇਸ ਤਰ੍ਹਾਂ ਸੁਣਾਇਆ ਕਰਦੀ ਸੀ, ਜਿਵੇਂ ਉਹ ਸੌ ਅਧਿਆਪਕਾਵਾਂ ਦੇ ਬਰਾਬਰ ਹੋਵੇ।

ਪਿਤਾ ਮਰਿਆ। ਬੇਇਲਾਜਾ। ਬਿਮਾਰੀ ਸਮੇਂ ਉਸਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਮ. ਐੱਲ. ਏ. ਸ੍ਰੀ ਹਰਗੋਬਿੰਦਪੁਰ ਦੀ ਟਿਕਟ ਮਿਲੀ ਸੀ। ਅਸਾਂ ਪਿੰਡ ਦੇ ਇੱਕ ਹੋਮਿਉਪੈਥ ਨੂੰ ਸੱਠ ਰੁਪਏ ਅਗਾਊਂ ਦੇ ਦਿੱਤੇ, ਕਿ ਉਹ ਚੰਗੀ ਤੋਂ ਚੰਗੀ ਦਵਾਈ ਦੇ ਕੇ ਪਿਤਾ ਜੀ ਨੂੰ ਛੇਤੀ ਛੇਤੀ ਰਾਜ਼ੀ ਕਰ ਦੇਵੇ। ਡਾਕਟਰ ਜਗਦੀਸ਼ ਸ਼ਰਮਾ ਸ਼ਰਾਬੀ ਕਬਾਬੀ, ਰੰਡਾ ਛੜਾ ਆਦਮੀ ਸੀ। ਉਹ ਸੱਠਾਂ ਦੀ ਸ਼ਰਾਬ ਲਿਆ ਕੇ ਲਗਾਤਾਰ ਪੀਂਦਾ ਰਿਹਾ ਤੇ ਮਰ ਗਿਆ। ਪਿਤਾ ਜੀ ਨੂੰ ਉਸਨੇ ਪਤਾ ਨਹੀਂ ਕਿਹੜੀ ਖੁਰਾਕ ਦਿੱਤੀ, ਉਹ ਗੁਜਰ ਗਏ ਤਾਂ ਮੇਰੇ ਜੀਵਨ ਦਾ ਇੱਕ ਨਵੀਂ ਕਿਸਮ ਦਾ ਅਧਿਆਏ ਸ਼ੁਰੂ ਹੋ ਗਿਆ। ਅਧਿਆਪਨ ਦੇ ਨਾਲ ਹੀ ਮੈਂ ਪ੍ਰਣ ਕਰ ਲਿਆ ਕਿ ਮੈਂ ਡਾਕਟਰੀ ਖੁਦ ਸਿੱਖਾਂਗਾ ਤੇ ਘਰ ਵਿੱਚੋਂ ਕਿਸੇ ਨੂੰ ਬੇਇਲਾਜ਼ ਨਹੀਂ ਮਰਨ ਦਿਆਂਦਾ। ਸੋ ਨੌਂਕਰੀ ਦੇ ਨਾਲ-ਨਾਲ ਹਿਕਮਤ ਅਤੇ ਆਯੁਰਵੇਦ ਦੇ ਦੋ ਅਲੱਗ-ਅਲੱਗ ਆਰ. ਐੱਮ. ਪੀ. ਸਰਟੀਫਿਕੇਟਾਂ ਲਈ ਮਿਹਨਤ ਕੀਤੀ। ਅਜੇ ਵੀ ਮੇਰੇ ਕੋਲ ਐੱਮ. ਬੀ ਬੀ ਐੱਸ ਅਤੇ ਐਮ ਡੀ ਆਦਿ ਦੀਆਂ ਪੰਜ ਸੌ ਤੋਂ ਉੱਪਰ ਕਿਤਾਬਾਂ ਹੋਣਗੀਆਂ। ਬਾਕੀ ਜਰਨਲ ਅਤੇ ਗਿਆਨ ਵਿਗਿਆਨ, ਫਿਰ ਪੰਜਾਬੀ, ਉਰਦੂ, ਹਿੰਦੀ, ਸੰਸਕ੍ਰਿਤ, ਅਰਬੀ, ਫ਼ਾਰਸੀ ਆਦਿ ਦੀਆਂ ਵੀਹ ਕੁ ਹਾਜ਼ਾਰ ਕਿਤਾਬਾਂ ਹਨ। ਮੈਂ ਆਪਣੀ ਨਿੱਜੀ ਲਾਇਬ੍ਰੇਰੀ ਵਿੱਚ ਜਦ ਪ੍ਰਵੇਸ਼ ਕਰਦਾ ਹਾਂ ਤਾਂ ਇੰਝ ਮਹਿਸੂਸ ਕਰਦਾ ਹਾਂ, ਜਿਵੇਂ ਮੈਂ ਇੱਕ ਬਹੁਤ ਅਮੀਰ ਆਦਮੀ ਹੋਵਾਂ। ਬੇਸ਼ੁਮਾਰ ਪੁਸਤਕਾਂ, ਹੱਥ ਲਿਖਤ, ਪਾਂਡੂ-ਲਿੱਪੀਆਂ ਤੋਂ ਲੈ ਕੇ ਅਤੀ ਆਧੁਨਿਕ ਛਪਾਈ ਵਾਲੀਆਂ ਜੀਵਨ ਸੰਬੰਧੀ ਅਤੀ ਦੁਰਲਭ ਪੁਸਤਕਾਂ ਕਿ ਵੇਖ ਵੇਖ ਸਰੂਰ ਚੜ੍ਹ ਜਾਂਦਾ ਹੈ। 'ਭਾਗਠੜਾ ਹਰਿ ਜਨਮ ਹਮਾਰਾ' ਵਰਗੀ ਹਾਲਤ ਛਾ ਜਾਂਦੀ ਹੈ, ਕਿ ਮੈਂ ਜਿਵੇਂ ਸੱਚਮੁਚ ਹੀ ਆਲਮਗੀਰ ਬਣ ਗਿਆ ਹੋਵਾਂ। ਕਿਤਾਬਾਂ ਦੇ ਇਸ਼ਕ ਵਿੱਚ ਥਈਆ-ਥਈਆ ਕਰਕੇ ਨੱਚਣ ਨੂੰ ਜੀਅ ਕਰਦਾ ਰਹਿੰਦਾ ਹੈ।

ਮੈਂ ਕੋਈ ਵੀ ਫੈਸਲਾ ਲੈਣ ਲੱਗਾ ਕਦੀ ਦੇਰ ਨਹੀਂ ਲਾਉਂਦਾ। ਫੈਸਲੇ ਤੋਂ ਬਾਅਦ ਮੈਨੂੰ ਕਦੇ ਪਛਤਾਉਣਾ



ਵੀ ਨਹੀਂ ਪਿਆ। ਸੰਨ 1962 ਦੀ ਗੱਲ ਹੈ ਕਿ ਚੀਨ ਨਾਲ ਜੰਗ ਲੱਗੀ ਹੋਈ ਸੀ। ਬਟਾਲਾ ਜ਼ੇਲ ਘਰ ਵਿੱਚ ਇਕ ਐਵੇਂ ਆਖੌਤੀ ਜਿਹਾ ਦੇਸ਼ ਭਗਤੀ ਸੰਮੇਲਨ ਚੱਲ ਰਿਹਾ ਸੀ। ਲੋਕ ਕੁਝ ਨਕਦੀ ਜਾਂ ਸੋਨੇ ਚਾਂਦੀ ਦੀਆਂ ਅੰਗੂਠੀਆਂ ਦਾਨ ਕਰ ਰਹੇ ਸਨ, ਕਿ ਸਰਕਾਰ ਜੰਗੀ ਖਰਚੇ ਵਿਚ ਕਮੀ ਮਹਿਸੂਸ ਨਾ ਕਰੇ। ਯਾਰ ਲੋਕ ਉਠੇ ਤੇ ਐਲਾਨ ਕਰ ਦਿੱਤਾ,

"ਮੈਂ ਆਪਣੀ ਕੁੱਲ ਜਾਇਦਾਦ ਜੋ ਮੇਰੇ ਪਿੰਡ ਜੋਗੀ ਚੀਮੇ ਵਿੱਚ ਕੁੱਲ ਚਲ ਅਚੱਲ ਜਾਇਦਾਦ , ਜੋ ਮੇਰਾ ਥਾਂ ਮਕਾਨ ਹੈ, ਕਥਿਤ ਮੰਤਵ ਵਾਸਤੇ ਦਾਨ ਕਰਦਾ ਹਾਂ!"

ਫਿਰ ਮੈਂ ਸਾਰੇ ਪੰਡਾਲ ਵੱਲ ਤਿੰਨ ਵਾਰ ਦ੍ਰਿਸ਼ਟੀ ਸੁੱਟੀ, ਜਿਵੇਂ ਕਹਿ ਰਿਹਾ ਹੋਵਾਂ ਹੈ ਕੋਈ ਮਰਦ! ਜੋ ਨਿੱਤਰੇ ਤੇ ਆਪਣੀ ਸਾਰੀ ਜਾਇਦਾਦ ਦਾਨ ਕਰਕੇ ਦਿਖਾਵੇ!"

ਅਖ਼ਬਾਰਾਂ ਵਿੱਚ ਖ਼ਬਰ ਛਪੀ। ਮੈਂ ਬਲਵੰਤ ਸਿੰਘ ਦਰਦੀ ਦਾ ਇੱਕ ਸ਼ੇਅਰ ਪੜ੍ਹ ਛੱਡਦਾ ਤੇ ਮੁਸਕਰਾਉਂਦਾ ਰਹਿੰਦਾ।

ਅਮੀਰੀ ਕੀ ਤੋਂ ਇਤਨੀ ਕੀ ਕਿ ਸਾਰਾ ਘਰ ਲੁਟਾ ਬੈਠੇ।<br>
ਫ਼ਕੀਰੀ ਕੀ ਤੋਂ ਇਤਨੀ ਕੀ ਕਿ ਤੇਰੇ ਦਰ ਪੈ ਆ ਬੈਠੇ।

ਫਿਰ ਕੀ ਸੀ? ਰਹਿੰਨੇ ਕੋ ਘਰ ਨਹੀਂ ਸਾਰਾ ਯਹਾਂ ਹਮਾਰਾ ਜੀਹਦਾ ਆਪਣਾ ਕੋਈ ਘਰ ਨਾ ਹੋਵੇ ਉਹਦੇ ਸਾਰੇ ਹੀ ਘਰ ਆਪਣੇ ਹੁੰਦੇ ਹਨ। ਕਹਿੰਦੇ ਨੇ ਬਿੱਲੀ ਆਪਣੇ ਬੱਚਿਆਂ ਨੂੰ ਸੱਤ ਘਰ ਦਿਖਾਉਂਦੀ ਹੈ। ਅਸਾਂ ਜਦ ਜੋਗੀ ਚੀਮੇ ਨੂੰ ਅਲਵਿਦਾ ਆਖੀ ਜੋ ਵਿਹੜੇ ਦਾ ਸਭ ਤੋਂ ਉੱਚਾ ਲੰਮਾ ਘਰ ਦੋ ਕਮਰੇ ਤੇ ਸਬਾਤ ਰਿਹਾਇਸ਼ ਵਾਸਤੇ ਸੀ, ਦੋ ਕਮਰੇ ਪਿਤਾ ਜੀ ਦੀਆਂ ਕਿਤਾਬਾਂ ਵਾਸਤੇ ਅਤੇ ਦੀਵਾਨ ਸਜਾਉਣ ਵਾਸਤੇ ਬੂਹੇ ਕੋਲ ਡਿਉੜੀ ਆਏ ਗਏ ਵਾਸਤੇ ਬਾਹਰ ਚੌਂਕ ਤੋਂ ਬੇਰੀ ਪੰਚਾਇਤ ਵਾਸਤੇ। ਸਾਰੇ ਵਿਹੜੇ ਦਾ ਦਿਲ ਸੀ। ਪਰ ਸਾਨੂੰ ਬਾਅਦ ਵਿੱਚ ਵੀ ਕੋਈ ਕਮੀ ਨਹੀਂ ਰਹੀ। ਭੱਟੀਆਂ ਰਹਿ ਰਹੇ ਸਾਂ ਕਾਹਨੂੰਵਾਨ ਛੰਭ ਦੇ ਢਾਏ ਦਾ ਪਿੰਡ! ਸਮਾਗਮ ਰੱਖ ਲਿਆ। ਸਾਹਿਤਕਾਰ ਬੁਲਵਾ ਲਏ। ਕਾਂਗੜੇ ਦੇ ਇੱਕ ਪੰਜਾਬੀ ਕਵੀ ਨੂੰ ਸਨਮਾਨਿਤ ਕਰਵਾਇਆ ਸਰਦਾਰ ਸੋਭਾ ਸਿੰਘ ਚਿੱਤਰਕਾਰ ਦੇ ਹੱਥੋਂ। ਉੱਚੇ ਢਾਏ ਉੱਤੇ ਇੱਕ ਤਿਮੰਜ਼ਲਾ ਮਕਾਨ ਸਰਦਾਰ ਜੀ ਆਪਣੀ ਇੱਕ ਸਿਖਾਂਦਰੂ ਚਿਤੇਰੀ ਨਾਲ ਦਸ ਰਾਤਾਂ ਸਾਡੇ ਕੋਲ ਰਹੇ ਅਤੇ ਉਸ ਘਰ ਦੀਆਂ ਬਹੁਤ ਸਿਫ਼ਤਾਂ ਕਰਦੇ ਰਹੇ। ਏਨੇ ਦਿਆਲ ਹੋਏ ਕਿ ਪਿੰਡ ਦੇ ਪਤਵੰਤਿਆਂ ਨੂੰ ਢੇਰ ਸਾਰੇ ਵੱਡੇ ਪੋਸਟਰ ਵਾਲੇ ਚਿੱਤਰ ਮੁਫ਼ਤ ਵੰਡੇ। ਉਹ ਜਿਸ ਭੰਬੀਰੀਆਂ ਵਾਲੇ ਘਰ ਨੂੰ ਸਾਡਾ ਆਪਣਾ ਘਰ ਸਮਝਦੇ ਰਹੇ, ਵਾਸਤਵ ਵਿੱਚ ਉਹ ਚੀਨ ਵਾਲੇ ਜੋਗਿੰਦਰ ਸਿੰਘ ਸੈਣੀ ਪ੍ਰਵਾਨੇ ਦਾ ਘਰ ਸੀ।

ਬਹੁਤ ਸਾਰੇ ਲੇਖਕ ਹੋਏ ਦੁਨੀਆ ਦੀ ਹਰ ਜ਼ੁਬਾਨ ਵਿੱਚ, ਬਚਪਨ ਦੀ ਉਮਰ ਨੂੰ ਯਾਦ ਕਰ ਕਰ ਕੀਰਨੇ ਪਾਉਂਦੇ ਰਹਿੰਦੇ ਨੇ ਕਿ ਕਾਸ਼! ਉਹ ਦਿਨ ਪਰਤ ਆਉਣ, ਜਿਵੇਂ ਅਲੈਜਬਥ ਏਕਰ ਵਾਰ ਵਾਰ ਅਰਦਾਸ ਕਰਿਆ ਕਰਦੀ ਸੀ ਕਿ ਹੇ ਸਮੇਂ ਮੈਨੂੰ ਮੁੜਕੇ ਬੱਚਾ ਬਣਾ ਦੇ! ਆਹਾ ਉਹ ਕਿੰਨੇ ਪ੍ਰਸੰਨ ਦਿਨ ਸਨ। ਕੌਣ ਹੈ ਜੋ ਫਿਰ ਤੋਂ ਗੱਭਰੂ ਜਵਾਨ ਨਹੀਂ ਬਣਨਾ ਚਾਹੇਗਾ?

ਇਹ ਸਭ ਖਾਮ ਖ਼ਵਾਹਿਸ਼ਾਂ ਹਨ, ਪ੍ਰੌਢ ਉਮਰ ਹੀ ਉੱਤਮ ਹੋਇਆ ਕਰਦੀ ਹੈ, ਜਦੋਂ ਆਦਮੀ ਬਹੁਤ ਹੱਦ ਤੱਕ ਆਤਮ ਨਿਰਭਰ ਹੋ ਜਾਂਦਾ ਹੈ। ਬੱਚਾ ਤਾਂ ਬਹੁਤ ਤਰਸਯੋਗ ਜੀਵ ਹੈ, ਪੂਰੀ ਤਰ੍ਹਾਂ ਦੂਸਰੇ ਉੱਤੇ ਨਿਰਭਰ! ਸੋ ਬੱਚਾ ਤੇ ਇਕ ਤਰ੍ਹਾਂ ਦਾ ਬੋਝ ਹੈ ਮਾਪਿਆਂ ਉੱਤੇ! ਯੁਵਕ ਵੈਸੇ ਹੀ ਅੱਲ੍ਹੜ ਹੁੰਦਾ ਹੈ, ਜਜ਼ਬਿਆਂ ਦੇ ਹੜ੍ਹ ਵਿੱਚ ਰੁੜ੍ਹਦਾ ਹੋਇਆ ਜੀਵ! ਕਿਹਾ ਤਾਂ ਹੈ-

ਜ਼ੌਕ ਇਸ ਬਹਿਰੇ ਫਨਾ ਰਿਸ਼ਤੀਏ ਉਮਰੇ ਰਵਾਂ<br>
ਜਿਸ ਜਗ੍ਹਾ ਪੇ ਜਾ ਲਗੀ, ਵਹੀ ਕਿਨਾਰਾ ਹੋ ਗਿਆ।

ਕੱਚੀ ਉਮਰ ਦੀ ਤੁਲਨਾ ਵਿੱਚ ਮੈਂ ਇਸ ਅੱਸੀ ਪਾਰ ਦੀ ਉਮਰ ਨੂੰ ਬਹੁਤ ਬਿਹਤਰ ਮੰਨਦਾ ਹਾਂ, ਬਿਲਕੁਲ ਸਿਰ ਬਸਿਰ ! ਜਿੰਨਾ ਕਿਸੇ ਦੀ ਸਹਾਇਤਾ ਕਰ ਸਕੋ, ਜੋ ਕੁਝ ਕਿਸੇ ਨੂੰ ਦੇ ਸਕੋ ਔਖੇ ਹੋ ਕੇ ਵੀ ਦਿਓ। ਵੈਸੇ ਤਾਂ ਮੈਂ ਪਹਿਲਾਂ ਤੋਂ ਵੀ ਕਿਸੇ ਉਤੇ ਬੋਝ ਬਣਕੇ ਖੁਸ਼ ਨਹੀਂ ਹੋਇਆ। ਪੂਰੀ ਉਮਰ ਵਿੱਚ ਕੁਝ ਤਿੰਨ ਚਾਰ ਬਰਾਤਾਂ ਵੇਖੀਆਂ ਹੋਣਗੀਆਂ। ਬੱਚੀਆਂ ਦੇ ਵਿਆਹ ਪੈਲੇਸ ਵਿੱਚ ਨਹੀਂ ਆਪਣੇ ਹੀ ਘਰ ਬਿਨਾਂ ਦਾਜ ਤੋਂ ਪ੍ਰਿੰਸੀਪਲ ਸੁਜਾਨ ਸਿੰਘ ਦੀ ਅਸ਼ੀਰਵਾਦ ਨਾਲ ਸੰਪੰਨ ਹੋਏ। ਆਪਣੇ ਛੋਟੇ ਭਰਾ ਅਤੇ ਲੜਕੇ ਦੇ ਵਿਆਹ ਕੇਵਲ ਬਾਰ੍ਹਾਂ ਬਰਾਤੀਆਂ ਦੀ ਸ਼ਮੂਲੀਅਤ ਨਾਲ ਸੰਪੰਨ ਹੋਏ। ਦਾਜ ਦਾ ਇਕ ਰੁਪਿਆ ਵੀ ਨਹੀਂ ਚੁੱਕਿਆ।

ਜਿਉਂ ਜੰਮੇ ਤੇ ਬੋਦੀਓਂ ਲੰਮੇ।

ਕੋਈ ਬਹੁਤ ਪਹੁੰਚੇ ਹੋਏ ਖ਼ਾਨਦਾਨੀ ਤਿਆਗੀ ਤਾਂ ਨਹੀਂ ਸਾਂ ਅਸੀਂ, ਪਰ ਮੈਂ ਤਿਆਗ ਵਿੱਚ ਵਾਧੇ ਘਾਟੇ ਕਰਦੇ ਰਹਿਣ ਦਾ ਸ਼ੁਗਲ ਪਾਲ ਰੱਖਿਆ ਸੀ। ਚਾਹ, ਸ਼ਰਾਬ ਜਨਮ ਤੋਂ ਹੀ ਨਹੀਂ ਪੀਤੀ। ਚਾਹ ਛੱਡ ਕੇ ਦੁੱਧ ਪੀਣ ਦੀ ਆਦਤ ਨੂੰ ਮੈਂ ਨੀਚਪੁਣਾ ਸਮਝਣ ਲੱਗ ਪਿਆ। ਹੋਟਲਾਂ-ਮੋਟਲਾਂ ਦਾ ਵੀ ਤਿਆਗ ਕਾਫ਼ੀ ਪੁਰਾਣਾ ਸੀ। ਰਹਿ ਗਿਆ ਰੋਟੀ-ਟੁੱਕ, ਸੋਚਿਆ ਤਿਆਗੀ ਮੈਂ ਅਖਵਾਵਾਂ ਤੇ ਬੋਝ ਲੋਕਾਂ ਤੇ ਬਣਿਆ ਰਹਾਂ, ਇਹ ਕੋਈ ਸਿਆਣਪ ਤਾਂ ਨਹੀਂ। ਬੱਚਾ ਤਾਂ ਮੈਂ ਕਦੇ ਰਿਹਾ ਹੀ ਨਹੀਂ। ਸੋ ਚਾਹੇ ਰਿਸ਼ਤੇਦਾਰ ਹੋਵੇ, ਯਾਰ ਹੋਵੇ, ਸਾਹਿਤਕਾਰ ਵੀ ਕਿਉਂ ਨਾ ਹੋਵੇ, ਵਿਆਹ ਹੋਵੇ, ਸ਼ਾਦੀ ਹੋਵੇ, ਆਪਣੇ ਹੀ ਲੜਕੇ ਦਾ ਘਰ ਕਿਉਂ ਨਾ ਹੋਵੇ, ਉਥੇ ਭੋਜਨ ਨਹੀਂ ਕਰਨਾ।

ਬਾਈ ਕਿਤਾਬਾਂ ਲਿਖ ਚੁੱਕਾ ਹਾਂ ਤੇ ਤੇਈਵੀਂ ਲਿਖ ਰਿਹਾ। ਕਿਤਾਬਾਂ ਦੀ ਗਿਣਤੀ ਦਾ ਕੀ ਏ? ਏਥੇ ਪੰਜਾਹ-ਪੰਜਾਹ ਕੀ, ਸੌ ਸੌ ਕਿਤਾਬਾਂ ਲਿਖ ਕੇ ਬੜੇ ਆਰਾਮ ਨਾਲ ਬੈਠੇ ਹੋਏ ਨੇ, ਪਰ ਮੈਂ ਵੱਖ ਵੱਖ ਸ਼ੈਲੀਆਂ ਵਿੱਚ ਨਵੇਂ ਮੁੱਦੇ ਉਠਾਉਣ ਵਿੱਚ ਪਹਿਲ ਕਦਮੀਆਂ ਕੀਤੀਆਂ ਹਨ, ਸੰਖੇਪ ਵਿੱਚ ਇੰਨਾ ਹੀ ਕਹਾਂਗਾ-

1. ਪਹਿਲੀ ਪੁਸਤਕ 'ਜੀਭਾਂ+ ਪੂਛਾਂ' ਵਿੱਚ ਸੋਲਾਂ ਕਹਾਣੀਆਂ ਸੋਲ੍ਹਾਂ ਹੀ ਸ਼ੈਲੀ ਪ੍ਰਯੋਗ।

2. 'ਜਿਗਰ ਪਾਰਾ' ਲਿਖਿਆ ਇਕੋ ਹੀ ਕਵਿਤਾ ਵਿੱਚ ਸੌ ਪੰਨੇ ਤੋਂ ਉੱਪਰ।

3. ਮੈਲੋਡਰਾਮਾ' ਸਿਫ਼ਰੇ ਤੇ ਸਿਰ ਫਿਰੇ' ਪੰਜਾਬੀ ਦੀਆਂ ਧਾਰਨਾਵਾਂ ਵਰਤੀਆਂ। ਮੇਰੇ ਤੋਂ ਪਹਿਲਾਂ ਕਿਸੇ ਨੇ ਨਹੀਂ ਲਿਖਿਆ।

4. 'ਅੰਬਰ ਮੱਥਾ ਦਿਲ ਦਰਿਆ' ਵਿਗਿਆਨ ਕਥਾਵਾਂ ਮੇਰੇ ਤੋਂ ਪਹਿਲਾਂ ਕਿਸੇ ਨੇ ਵੀ ਨਹੀਂ ਲਿਖੀਆਂ।

5. ਕਾਵਿ-ਸੰਗ੍ਰਹਿ ਤਾਂ ਹਜ਼ਾਰਾਂ ਹੀ ਛਪੇ ਹਨ, ਪਰ ਸਭ ਦੀਆਂ ਕਵਿਤਾਵਾਂ ਇਕੋ ਹੀ 'ਥੀਮ' ਉੱਤੇ ਕਿਸੇ ਨੇ ਵੀ ਨਹੀਂ ਲਿਖੀਆਂ, ਮੈਂ ਲਿਖੀਆਂ 'ਕਣੀ' ਵਿੱਚ ਥੀਮ ਸੀ-'ਡੀਪ੍ਰੈਸਡ ਕਲਾਸਿਕ ਸਾਈਕੀ'

ਫਿਰ ਮੈਂ ਵਰਡਲ ਵਿੱਚ ਭ੍ਰਿਸ਼ਟਾਚਾਰੀ ਹੱਥ ਕੰਡਿਆਂ ਨੂੰ ਵੀ ਬੇਨਕਾਬ ਕਰਦਾ ਹਾਂ, ਜਿਹੜੇ ਉਹ ਸੈਨਿਕਵਾਦ, ਅੱਤਵਾਦ, ਪ੍ਰਦੂਸ਼ਣ, ਪੁਲਾੜ, ਖੇਡਾਂ ਅਤੇ ਸੰਸਾਰੀਕਰਣ ਦੇ ਨਾਂ ਨਾਲ ਲੁੱਟ ਕੇ ਕਾਲੇ ਧਨ ਦੇ ਰੂਪ ਵਿੱਚ ਵੱਖ ਵੱਖ ਦੇਸ਼ਾਂ ਦੇ ਬੈਂਕਾਂ ਵਿਚ ਲੁਕਾ ਕੇ ਰੱਖਦੇ ਹਨ। ਸੋ ਮੈਂ ਲੀਕ ਤੋਂ ਕਾਫੀ ਹਟ ਕੇ ਹੀ ਲਿਖਦਾ ਰਿਹਾ। ਬਾਰ੍ਹਾ ਤੇਰਾਂ ਸਾਲਾਂ ਦੀ ਉਮਰ ਹੋਵੇਗੀ ਜਦੋਂ ਮੇਰੇ ਪਿਤਾ ਕਈ ਦਿਨਾਂ ਤਕ ਘਰ ਨਹੀਂ ਸੀ ਆਉਂਦਾ, ਤਾਂ ਮੈਂ ਉਸਨੂੰ ਲੱਭਣ ਉਹਨਾਂ ਪਿੰਡਾਂ ਵਿੱਚ ਜਾਇਆ ਕਰਦਾ ਸਾਂ, ਜਿਹਨਾਂ ਪਿੰਡਾਂ ਵਿੱਚ ਉਸਦੇ ਮਿਲ ਜਾਣ ਦੀ ਸੰਭਾਵਨਾ ਹੁੰਦੀ ਸੀ। ਸੜਕੇ ਸੜਕ ਤਾਂ ਉਹ ਪੈਂਡਾ ਪੰਦਰਾਂ ਸੋਲ੍ਹਾਂ ਕੋਹ ਬਣਦਾ, ਪਰ ਮੈਂ ਲੋਕਾਂ ਦੇ ਪਾਏ ਹੋਏ ਰਾਹਾਂ ਤੇ ਨਹੀਂ ਸਾਂ ਤੁਰਿਆ ਕਰਦਾ, ਭਾਵੇਂ ਉਦੋਂ ਅਜੇ ਪਾਤਰ ਜੀ ਦੀ ਉਹ ਗ਼ਜ਼ਲ ਹੋਂਦ ਵਿੱਚ ਹੀ ਨਹੀਂ ਸੀ ਆਈ-ਮੈਂ ਰਾਹਾਂ ਤੇ ਨਹੀਂ ਤੁਰਦਾ। ਮੈਂ ਤੁਰਦਾ ਹਾਂ ਤਾਂ ਰਾਹ ਬਣਦੇ।

ਸਾਡਾ ਇਕ ਬਜ਼ੁਰਗ ਸਮਝਾਇਆ ਕਰਦਾ ਸੀ-



ਪੱਤਣ ਛੱਡ ਕੁਪੱਤਣ ਨਾਹੀਏ
ਰਾਹੇ ਰਾਹੇ ਕਦੇ ਨਾ ਤੁਰੀਏ
ਡਾਂਡੇ ਮੀਂਡ ਜਾਂਦੇ ਜਾਂਦੇ ਛੇਤੀ ਪੰਧ ਮੁਕਾਈਏ

ਤੁਰਿਆ-ਤੁਰਿਆ ਜਾਂਦਾ ਮੈਂ ਵੱਖ ਵੱਖ ਤਰ੍ਹਾਂ ਦੀਆਂ ਫ਼ਸਲਾਂ, ਫ਼ਲਾਂ ਲੱਦੇ ਰੁੱਖ ਬੂਟੇ, ਕਾਨੇ ਬਰੂ ਅਤੇ ਜੜੀ ਬੂਟੀਆਂ ਵੇਖਦਾ ਆਨੰਦ ਨਾਲ ਭਰ ਜਾਂਦਾ। ਪ੍ਰਕ੍ਰਿਤੀ ਪ੍ਰੇਮ ਮੇਰਾ ਇਸ ਹੱਦ ਤਕ ਪੁੱਜ ਗਿਆ ਸੀ ਕਿ ਪੈਂਡਾ ਮੈਨੂੰ ਮਾਲੂਮ ਹੀ ਨਹੀਂ ਸੀ ਹੁੰਦਾ। ਕਮਾਦ ਦੇ ਖੇਤਾਂ ਨਾਲ ਉਨਸ ਮੇਰੀ ਪਹਿਲਾਂ ਤੋਂ ਹੀ ਸੀ। ਕਮਾਦ ਵੇਖ ਕੇ ਹੀ ਮੈਂ ਰੋਮਾਚਿਕ ਹੋ ਜਾਂਦਾ ਹਾਂ।

ਮੇਰੇ ਜੀਵਨ ਵਿੱਚ ਕਮਾਦਾਂ ਨਾਲ ਸੰਬੰਧਤ ਕਈ ਅਨੇਕ ਘਟਨਾਵਾਂ ਹਨ। ਰਾਵੀ ਸਦਾ ਸੁਹਾਵੀ ਕਹੀ ਜਾਂਦੀ ਹੈ, ਜਿੱਥੇ ਗੁਰੂ ਨਾਨਕ ਬਸੰਤ ਦੇ ਦਿਨਾਂ ਵਿੱਚ ਭਾਈ ਬਾਲੇ ਨੂੰ ਕਿਹਾ ਕਰਦੇ ਸਨ, ਦੇਖ ਭਾਈ ਬਾਲਿਆਂ ਰੰਗ ਕਰਤਾਰ ਦੇ ! ਰਾਵੀ ਦੇ ਕੰਢੇ ਉੱਤੇ ਬੂਟਾ ਰਾਮ ਆਜ਼ਾਦ ਦਾ ਘਰ ਸੀ। ਸਵੇਰੇ ਸੈਰ ਕਰਦੇ ਅਸੀਂ ਕਰਤਾਰ ਦੇ ਰੰਗ ਵੇਖ ਰਹੇ ਸਾਂ ਕਿ ਹਰੇ ਹਰੇ ਏਰੇ ਦੇ ਜੰਗਲ ਵਿੱਚ ਪੰਦਰਾਂ ਵੀਹ ਗੰਨੇ ਰਾਵੀ ਦੇ ਪਾਣੀ ਉੱਤੇ ਤਰਦੇ ਹੋਏ ਮੇਰੀ ਨਜ਼ਰੀਂ ਪਏ। ਪਾਣੀ ਗਹਿਰਾ ਨਹੀਂ ਸੀ। ਮੈਂ ਗੰਨੇ ਖਿੱਚਣ ਲਈ ਅੱਗੇ ਵਧਿਆ। ਬੂਟਾ ਰਾਮ ਨੇ ਰੋਕਿਆ, "ਨਾ ਨਾ ਨਹੀਂ ਨਹੀਂ ਕੀ ਕਰਨ ਲੱਗੇ ਓ? "

"ਯਾਰ, ਕਿਤਿਉਂ ਗੰਨੇ ਰੁੜ੍ਹ ਕੇ ਆਏ ਨੇ, ਚੂਪਨੇ, ਸਵੇਰੇ-ਸਵੇਰੇ ਠੰਡੇ ਗੰਨੇ ਚੂਪਣ ਦਾ ਮਜ਼ਾ ਹੀ ਬੜਾ ਆਉਂਦੈ !"

"ਨਾ ਜੀ ! ਵੇਖਿਓ ਕਿਤੇ, ਇਹ ਗੰਨੇ ਥੋੜ੍ਹੇ ਨੇ ਇਹ ਸੱਪ ਨੇ ਸੱਪ। ਅੱਜਕੱਲ੍ਹ ਠੰਡ ਨਾਲ ਜੰਮ ਕੇ ਲੱਕੜੀ ਵਰਗੇ ਹੋ ਜਾਂਦੇ ਨੇ। ਸ਼ਿਵਰਾਤਰੀ ਤੇ ਤੁਰਨ-ਫਿਰਨ ਲੱਗ ਪੈਣੇ।"

"ਬੂਟਾ ਰਾਮ ਜੀ ਇਹ ਕਿੱਤਰਾਂ ਜੰਮ ਗਏ ਨੇ? ਅਜੇ ਤਾਂ ਕੱਲ੍ਹ ਮੈਂ ਤਿੱਬੜ ਦੀ ਨਹਿਰ ਲਾਗੋਂ ਗੰਨੇ ਸਾਈਕਲ ਉੱਤੇ ਲੱਦ ਕੇ ਨਹਿਰ ਦੇ ਕੰਢੇ ਸੂਏ ਦੇ ਨਾਲ ਆ ਰਿਹਾ ਸਾਂ, ਤਾਂ ਇਕ ਛੇ ਫੁੱਟ ਲੰਮਾ ਸੱਪ, ਜੋ ਮੈਂ ਸੂਏ ਦੇ ਪਰਲੇ ਕੰਢੇ ਹੋ ਜਾਵਾਂ ਤਾਂ ਉਹ ਵੀ ਉਸ ਕੰਢੇ ਹੋ ਜਾਵੇ, ਦੋ ਕਿਲੋਮੀਟਰ ਉਸਨੇ ਮੇਰਾ ਪਿੱਛਾ ਕੀਤਾ, ਉਹ ਕਿਉਂ ਨਹੀਂ ਜੰਮਿਆ ਠੰਡ ਵਿੱਚ? "

"ਉਹ ਬੀ ਈ ਓ ਸਾਹਿਬ ! ਸੱਪਣੀ ਹੋਵੇਗੀ। ਕਿਤੇ ਕਮਾਦ ਵਿੱਚ ਤੁਹਾਡਾ ਪੈਰ ਉਹਦੇ ਉੱਤੇ ਆ ਗਿਆ ਹੋਣੈ। ਬਾਕੀ ਕਰਤਾਰ ਦੇ ਰੰਗਾਂ ਨੂੰ ਕੋਈ ਨਹੀਂ ਜਾਣ ਸਕਿਆ। ਕਈ ਸੱਪ ਸਿਆਲਾਂ ਵਿੱਚ ਜੰਮ ਜਾਂਦੇ ਹਨ, ਬਾਕੀ ਨਹੀਂ ਜੰਮਦੇ ਹੋਣਗੇ।"

ਜਾਸੂਸੀ ਕਹਾਣੀ ਦੇ ਅੰਤ ਵਰਗੀ ਇਕੋ ਕਹਾਣੀ ਲਿਖ ਕੇ ਬਸ ਕਰਦੇ ਹਾਂ। ਮੈਂ ਤੇ ਰਾਣਾ ਦੇਵਿੰਦਰ ਸਤਿਆਰਥੀ ਨੂੰ ਮਿਲਣ ਤਲਵਾੜੇ ਜਾ ਰਹੇ ਸਾਂ। ਰਾਣੇ ਦੀ ਮੰਗ ਉਤੇ ਮੈਂ ਸਤਿਆਰਥੀ ਦੀਆਂ ਗੱਲਾਂ ਸੁਣਾਈ ਜਾ ਰਿਹਾ ਸਾਂ ਕਿਆ ਗੋਰੀ ਕਿਆ ਸਾਂਵਰੀ ਬੇਲਾ ਫੂਲੇ ਆਧੀ ਰਾਤ !

ਬੱਤੀ ਬੂਟ ਹੰਢਾ ਲਏ ਦਿੱਲੀ ਵੱਸਦਿਆਂ
ਕੋਟ ਮੇਰੇ ਨੂੰ ਸ਼ਰਮ ਨਾ ਆਵੇ ਦੱਸਦਿਆਂ।

ਉਹ ਪੁੱਛ ਬੈਠਾ, ਤੁਸਾਂ ਕਿੰਨੇ ਬੂਟ ਹੰਢਾਏ ਨੇ, ਪ੍ਰੋਫੈਸਰ ਸਾਹਬ?"

"ਯਾਰ, ਆਪਾਂ ਬੂਟ ਨਹੀਂ, ਯਾਰ੍ਹਾਂ ਕੁ ਗਰਗਾਬੀਆਂ ਤੇ ਤੇਰਾਂ ਕੁ ਚੱਪਲਾਂ ਹੰਢਾਈਆਂ ਨੇ। ਅੱਗੋਂ ਤਾਂ ਹੁਣ ਦੋਹਤਿਆਂ ਪੋਤਿਆਂ ਤੇ ਮੇਰੇ ਪੈਰਾਂ ਦਾ ਮੇਚ ਇਕ ਹੋ ਗਿਆ, ਕਦੀ ਬੂਟ ਖਰੀਦਣ ਦੀ ਲੋੜ ਈ ਨਹੀਂ ਪੈਣੀ।"

ਕਮਾਦਾਂ ਦੇ ਦੋ ਖੇਤ ਆ ਗਏ। ਕੰਢੇ 'ਤੇ ਪਿੱਪਲ ਤੇ ਲਸੂੜੇ ਦੇ ਕੂਲੇ ਕੂਲੇ ਪੱਤਿਆਂ ਵਾਲੇ ਦੋ ਨਿੱਕੇ

ਰੁੱਖ ਸਨ। "ਰਾਣੇ ਰੁਕ!"

"ਕੀ ਗੱਲ ਰੁੱਖਾਂ ਦੇ ਪੱਤੇ ਖਾਣ ਨੂੰ ਜੀਅ ਕਰ ਆਇਆ?"

"ਉਹ ਤਾਂ ਪਿੱਪਲ ਦਾ ਰਿਸ਼ੀ ਸੀ ਜਿਹੜਾ ਪਿੱਪਲ ਦੇ ਪੱਤੇ ਖਾਇਆ ਕਰਦਾ ਸੀ। ਮੈਂ ਤਾਂ ਰੋਜ਼ ਛਾਹ ਵੇਲਾ ਹੀ ਪੱਤਿਆਂ ਦਾ ਕਰਦੈਂ, ਤੈਨੂੰ ਪਤੈ। ਹਰ ਤਰ੍ਹਾਂ ਦੇ ਰੁੱਖਾਂ ਦੇ ਪੱਤੇ! ਪਰ ਹੁਣ ਤਾਂ ਮੈਂ ਕਮਾਦ ਵਿੱਚ ਪਿਸ਼ਾਬ ਕਰਨ...।"

"ਕਮਾਦ ਵਿੱਚ ਵੜਿਆ ਹੀ ਸਾਂ ਕਿ ਦ੍ਰਿਸ਼ ਵੇਖ ਕੇ ਮੇਰਾ ਹੇਠਲਾ ਸਾਹ ਹੇਠਾਂ ਤੇ ਉਪਰਲਾ ਸਾਹ ਉੱਪਰ ਰਹਿ ਗਿਆ। ਦੌੜ ਕੇ ਰਾਣੇ ਕੋਲ ਆ ਗਿਆ।

ਰਾਣੇ ਪੁੱਛਿਆ, "ਡਰ ਗਿਆਂ? ਕਮਾਦੋਂ ਤੂੰ ਤਾਂ ਕਦੀ ਰਾਤ ਨੂੰ ਨਹੀਂ ਡਰਦਾ, ਦਿਨੇ ਹੀ ਡਰ ਗਿਆਂ ਅੱਜ। ਕੀ ਗੱਲ ਅੰਦਰ ਕੋਈ ਸ਼ੇਰ ਬਘਿਆੜ ਬੈਠਾ ਹੋਇਆ?"

"ਗੱਡੀ ਸਟਾਰਟ ਕਰ। ਨਿਕਲ ਚੱਲੀਏ ਏਥੋਂ।"

"ਗੱਡੀ ਬੰਦ ਈ ਰਹੇਗੀ! ਤੁਸੀਂ ਦੱਸੋ ਉਥੇ ਹੈ ਕੀ?"

"ਉਥੇ ਕਿਸੇ ਸੱਜ-ਵਿਆਹੀ ਦਾ ਇਕ ਸੂਟ, ਸ਼ਿੰਗਾਰ ਬਕਸ, ਦੋ ਸੋਨੇ ਦੀਆਂ ਨਵੀਆਂ ਛਾਪਾਂ ਤੇ ਇਕ ਖੰਘ ਦੀ ਦਵਾਈ ਵਾਲੀ ਖ਼ਾਲੀ ਸ਼ੀਸ਼ੀ...।"

"ਬਸ ਬੱਸ! ਤੇ ਹੋਰ ਸਾਨੂੰ ਚਾਹੀਦਾ ਹੀ ਕੀ ਏ? ਸੱਤ ਕੁ ਹਜ਼ਾਰ ਦਾ ਮਾਲ ਹੋਇਗਾ ਹੀ। ਆਓ ਬੈਗ ਵਿੱਚ ਸੁਟੀਏ ਤੇ ਚੱਲੀਏ! ਮੈਂ ਖੁਦ ਜਾਂਦੈਂ!"

"ਪਿਸ਼ਾਬ ਕਰਨ ਦੇ ਪੱਜ! ਇਹ ਕੋਈ ਅਸੀਂ ਚੋਰੀ ਥੋੜ੍ਹੀ ਕਰ ਰਹੇ ਹਾਂ। ਪਿਸ਼ਾਬ ਕਰਨ ਹੀ ਗਏ ਤੇ ਗੱਫਾ ਹੱਥ ਆ ਗਿਆ!"

"ਰਾਣੇ ਗੱਲ ਤੇਰੀ ਠੀਕ ਏ! ਕ੍ਰਿਸ਼ਨ ਚੰਦਰ ਨੇ ਤਾਂ ਇਕ ਕਹਾਣੀ ਲਿਖੀ ਸੀ, 'ਪਾਂਚ ਹਜ਼ਾਰ ਰੁਪਏ ਮੇਂ ਪੇਸ਼ਾਬ' ਲੇਖਕ ਦਿੱਲੀ ਵਿੱਚ ਇਕ ਖ਼ਾਲੀ ਪਲਾਟ ਵਿੱਚੋਂ ਪਿਸ਼ਾਬ ਕਰਕੇ ਬਾਹਰ ਨਿਕਲਦਾ ਹੀ ਹੈ ਕਿ ਕੋਈ ਸੇਠ ਉਸਨੂੰ ਪੰਜ ਹਜ਼ਾਰ ਦੇ ਨੋਟ ਫੜਾ ਕੇ ਕਹਿੰਦਾ ਹੈ, "ਆਹ ਲਓ ਸਾਈ ਤੇ ਬਾਕੀ ਦੀ ਰਕਮ ਮੈਂ ਸੱਤ ਜੁਲਾਈ ਨੂੰ ਲੈ ਕੇ ਤਸੀਲੇ ਪੁੱਜ ਜਾਵਾਂਗਾ।"

"ਹਾਂ ਯਾਰ! ਇਹ ਕਹਾਣੀ ਵੀ ਸਾਡੇ ਹੱਕ ਵਿੱਚ ਹੀ ਬੋਲਦੀ ਹੈ।"

"ਨਹੀਂ ਰਾਣੇ! ਸਮੇਂ ਸਥਾਨ ਦੀ ਗੱਲ ਹੁੰਦੀ ਹੈ। ਅੱਤਵਾਦ ਦੇ ਦਿਨ ਨੇ। ਲਾਗੇ ਛਾਉਣੀ ਏ! ਤਿੱਬੜੀ ਦੇ ਦੋਹਾਂ ਪੁਲਾਂ 'ਤੇ ਪੁਲਿਸ ਚਿੱਟੇ ਕੱਪੜਿਆਂ 'ਚ ਘੁੰਮਦੀ ਏ, ਅੱਤਵਾਦੀਆਂ ਦੀ ਭਾਲ ਵਿੱਚ!"

"ਪਰ ਅਸੀਂ ਕੋਈ ਅੱਤਵਾਦੀ ਥੋੜ੍ਹੇ ਆਂ! ਅਸੀਂ ਤਾਂ ਕੌਮੀ ਏਕਤਾ ਦੇ ਹਿਮਾਇਤੀ ਹਾਂ।"

"ਰਾਣੇ! ਚੱਲ ਛੇਤੀ ਖਿਸਕੀਏ ਏਥੋਂ! ਜੇ ਪੁਲਿਸ ਵਾਲਿਆਂ ਦੇ ਟੇਟੇ ਚੜ੍ਹ ਗਏ ਤਾਂ ਗੱਲ ਬਹੁਤ ਦੂਰ ਚਲੀ ਜਾਣੀ ਹੈ। ਉਹ ਅੱਤਵਾਦੀ ਫੜਨਾ ਹੀ ਨਹੀਂ ਜਾਣਦੇ। ਅੱਤਵਾਦੀ ਬਣਾਉਣਾ ਵੀ ਜਾਣਦੇ ਨੇ। ਉਹ ਸਾਨੂੰ ਠਾਣੇ ਦੇ ਪਿਛਵਾੜੇ ਲੈ ਜਾਣਗੇ। ਅਗਲੇ ਦਿਨ ਖ਼ਬਰ ਕਿਸੇ ਬਾਰਡਰ ਜਾਂ ਛੰਭ ਉਜਾੜ ਦੇ ਪਿਛੋਕੜ ਦੀ ਲੱਗੇਗੀ। ਸਾਡੇ ਦੋਹਾਂ ਦਾ ਲੱਕ ਟੂਣੂ ਟੂਣੂ ਹੋ ਜਾਵੇਗਾ।

---

**ਕਾਲ ਕਾਲਾਂਤਰ** (ਕਹਾਣੀ ਸੰਗ੍ਰਹਿ)

ਸਰੂਪ ਸਿਆਲਵੀ,

ਮੁੱਲ 150, ਪੰਨੇ 160

ISBN:978-81-922343-1-1

**ਜ਼ਲਾਲਤ** (ਸਵੈ ਜੀਵਨੀ)

ਸਰੂਪ ਸਿਆਲਵੀ, ਮੁੱਲ 260 ਰੁਪੇ, ਪੰਨੇ 224

ISBN:978-93-83716-00-5,



## ਯਾਦਾਂ ਦੇ ਟੁਕੜੇ ਅਤੇ ਸਾਹਿਤਕ ਵੰਨਗੀਆਂ/- ਭਗਵੰਤ ਰਸੂਲਪੁਰੀ

"ਚੌਧਰੀ ਸਾਬ੍ਹ! ਜਵਾਨੀ ਵੇਲੇ ਮੈਂ ਪਿੰਡ 'ਚੋਂ ਕੋਈ ਤੇਜੀ ਨਾਲ ਕਣਕ ਵੱਢਣ ਵਾਲਾ ਵਾਢਾ ਨ੍ਹੀਂ ਜੰਮਣ ਦਿੱਤਾ... ਦਾਤੀ ਲੈ ਕੇ ਫੁਰਤੀ ਨਾਲ ਕਿਆਰੇ ਵਿਚ ਘੁੰਮ ਜਾਂਦਾ ਸੀ। ਇਕ ਆਰ ਗੁਵਾਂਢੀ ਪਿੰਡ ਦੇ ਜ਼ਿੰਮੀਦਾਰ ਨੇ ਸ਼ਰਤ ਲਾ ਲਈ... ਬਈ ਜਿਹੜਾ ਪਹਿਲਾ ਕਿਆਰਾ ਵੱਢੂ ਉਹ ਕਣਕ ਦੀ ਬੋਰੀ ਜਿੱਤੂ... ਲਓ ਚੌਧਰੀ ਸਾਬ੍ਹ!... ਜ਼ਿੰਮੀਦਾਰ ਕਿਆਰੇ 'ਚ ਬੈਠ ਗਿਆ ਤੇ ਆਪਾਂ ਸਿਗਟ ਲਾ ਲਾਈ ... ਪੀਤੀ ਤੇ ਦਾਤੀ ਲੈ ਕੇ ਵਰੋਲੇ ਵਾਂਗ ਕਿਆਰੇ 'ਚ ਘੁੰਮ ਗਏ। ਜਦੋਂ ਸ਼ਰਤ ਲਾ ਕੇ ਕੰਮ ਕਰਦਾ ਹੁੰਨਾ ਤਾਂ ਮੇਰੀਆਂ ਬਾਹਾਂ ਮਸ਼ੀਨ ਬਣ ਜਾਂਦੀਆਂ ਆ। ਜਦੋਂ ਇਕੋ ਬੈਠਕ ਵਿਚ ਕਿਆਰਾ ਬੰਨੇ ਲਾ ਕੇ ਉੱਠਿਆ ਤਾਂ ਸਭ ਦੇ ਸਾਹ ਸੂਤੇ ਗਏ। ਸ਼ਾਮ ਨੂੰ ਅਸੀਂ ਬੋਰੀ ਮੋਢੇ 'ਤੇ ਚੁੱਕ ਕੇ ਘਰ ਆ ਗਏ। ਖੇਤੀ ਦਾ ਬੜਾ ਕੰਮ ਕੀਤਾ। ਮਜੂਰੀ ਹੀ ਕੀਤੀ। ਬਸ ਘਰ ਦਾ ਨੂਣ ਤੇਲ ਜੁੜਿਆ। ਕੰਮ ਦਾ ਕੋਈ ਅੰਤ ਨ੍ਹੀਂ..." ਮੇਰਾ ਬਾਬਾ ਬਖ਼ਸ਼ੀ ਰਾਮ ਮੇਰੇ ਨਾਨੇ ਨੂੰ ਮਿਲਣ ਆਇਆ ਹੁੱਕਾ ਪੀਂਦਾ ਦੱਸ ਰਿਹਾ ਸੀ। ਮੈਂ ਉਦੋਂ ਅੱਠ ਦਸ ਸਾਲ ਦਾ ਹੋਵਾਂਗਾ। ਉਨ੍ਹਾਂ ਦੀਆਂ ਗੱਲਾਂ ਮੰਜੇ ਹੇਠਾਂ ਬੈਠਾ ਸੁਣ ਰਿਹਾ ਸੀ। ਉਨ੍ਹਾਂ ਤੋਂ ਚੋਰੀਓ ਮੰਜੇ ਥੱਲੇ ਵੜ ਗਿਆ ਸੀ। ਮੈਂ ਬਚਪਨ ਤੋਂ ਨਾਨਕੇ ਰਿਹਾ ਸੀ। ਬਾਬੇ ਨੂੰ ਪਹਿਲੀ ਵਾਰ ਦੇਖਿਆ ਸੀ। ਉਹਦਾ ਕਾਲਾ ਰੰਗ, ਤੇ ਚਿੱਟੀ ਦਾੜ੍ਹੀ ਸਿਰ ਤੇ ਗੇਰੂਏ ਰੰਗ ਦੀ ਪੱਗ ਬੰਨ੍ਹੀ ਹੋਈ ਮੈਨੂੰ ਅੱਜ ਵੀ ਚੇਤੇ ਆ। ਸੰਗਦਾ ਉਹਦੇ ਕੋਲ ਜਾਂਦਾ ਨਹੀਂ ਸੀ। ਮੰਜੇ ਥੱਲੇ ਖੇਡਦੇ ਦਾ ਅਚਾਨਿਕ ਮੇਰਾ ਸਿਰ ਮੰਜੇ ਨਾਲ ਲੱਗ ਗਿਆ ਤਾਂ ਨਾਨੇ ਨੂੰ ਪਤਾ ਲੱਗ ਕਿ ਕੋਈ ਮੰਜੇ ਥੱਲੇ ਹੈ, ਉਹਨੇ ਮੇਰੀ ਬਾਂਹ ਫੜ ਕੇ ਮੈਨੂੰ ਬਾਹਰ ਖਿੱਚ ਲਿਆ। ਬਾਬਾ ਮੈਨੂੰ ਦੇਖ ਕੇ ਖਿੜ ਗਿਆ, "ਵਾਹ ਬਈ ਵਾਹ, ਲੈ ਆ ਮੇਰੇ ਕੋਲ, ਸਹੁਰੀ ਦਾ ਕਿਵੇਂ ਸੰਗੀ ਜਾਂਦਾ। ਤੈਨੂੰ ਅੱਜ ਪਿੰਡ ਲੈ ਕੇ ਜਾਊ।" ਪਰ ਮੈਂ ਨਾਨੇ ਕੋਲ ਬਾਂਹ ਛੁਡਾ ਕੇ ਬਾਹਰ ਨੂੰ ਭੱਜ ਪਿਆ। ਉਧਰੋ ਨਾਨੀ ਚਾਹ ਲੈ ਕੇ ਆ ਗਈ, ਉਹਨੇ ਬਾਬੇ ਦੀ ਗੱਲ ਸੁਣ ਲਈ ਸੀ, ਉਹ ਪਤਾ ਨਹੀਂ ਕਿਹੜੇ ਦੁੱਖ 'ਚੋਂ ਬੋਲੀ, "ਨਾ ਨਾ ਚੌਧਰੀ ਜੀ ਅਸੀਂ ਤਾਂ ਰਸੂਲਪੁਰੀਆਂ ਦਾ ਪਰਛਾਵਾਂ ਨਾ ਪੈਣ ਦਈਏ ਏਹਦੇ 'ਤੇ।" ਨਾਨਾ ਉਹਨੂੰ ਖਿੱਝ ਕੇ ਪਿਆ। ਉਧਰ ਭੱਜੇ ਜਾਂਦਿਆਂ ਮੇਰਾ ਪੈਰ ਕੱਚਾ ਚਮੜਾ ਰੰਗਣ ਵਾਲੀ ਕੁੰਨ੍ਹ 'ਚ ਜਾ ਪਿਆ ਮੈਂ ਧੜੱਮ ਪਾਣੀ ਵਾਲੀ ਡੂੰਘੀ ਕੁੰਨ ਵਿਚ ਡਿੱਗ ਪਿਆ। ਪਰ ਕੁੰਨਾ ਵਿਚ ਕੱਚਾ ਚਮੜਾ ਭਿਉਂਤਾ ਹੋਇਆ ਸੀ। ਫਿਰ ਵੀ ਮੇਰੇ ਗਲ ਤੱਕ ਪਾਣੀ ਆ ਗਿਆ। ਨਾਨੇ ਨੇ ਭੱਜ ਕੇ ਮੈਨੂੰ ਬਾਹਰ ਕੱਢਿਆ। ਉਦੋਂ ਨਾਨਕੇ ਘਰ ਦੇ ਇਕ ਪਾਸੇ ਨਾਨੇ ਹੁਣੀਂ ਚਮੜਾ ਰੰਗਦੇ ਸਨ। ਘਰ ਵਿਚ ਚਮੜੇ ਦਾ ਖਿਲਾਰਾ ਪਿਆ ਰਹਿੰਦਾ ਸੀ। ਫਿਰ ਜਦੋਂ ਮੈਂ ਦੱਸਵੀਂ ਵਿਚ ਹੋਇਆ, ਪਿੰਡ ਰਸੂਲਪੁਰ ਜਾਂਦਾ ਤਾਂ ਉਥੇ ਮਾਤਾ ਪਿਤਾ ਨਾਲ ਕਣਕ ਦੀ ਵਾਢੀ ਵੀ ਕਰਦਾ। ਮੈਂ ਦੋ-ਤਿਨ ਸਾਲ ਕਣਕ ਦੀ ਵਾਢੀ ਕੀਤੀ। ਵਾਢੀਆਂ ਦੀਆਂ ਯਾਦਾਂ ਅਤੇ ਨਾਨਕੇ ਘਰ ਦੀ ਸਥਿਤੀ ਅਤੇ ਉਸ ਨਾਲ ਜੁੜੀਆਂ ਯਾਦਾਂ ਮੇਰੀਆਂ ਕਹਾਣੀਆਂ ਵਿਚ ਸਮੇਂ ਸਮੇਂ ਆਉਂਦੀਆਂ ਰਹੀਆਂ। ਬਾਬੇ ਵਾਲੀ ਉਪਰਲੀ ਯਾਦ ਅਤੇ ਵਾਢੀ ਸਮੇਂ ਦੀਆਂ ਯਾਦਾਂ ਮੇਰੀਆਂ ਕਹਾਣੀਆਂ 'ਵਿੱਥਾਂ ਦੇ ਆਰ ਪਾਰ' ਅਤੇ 'ਆਦਿ ਡੰਕਾ' ਸਮੇਤ ਹੋਰ ਕਹਾਣੀਆਂ ਵਿਚ ਸਮੇਂ ਸਮੇਂ ਸਾਹਿਤਕ ਪੁੱਠ ਚੜ ਕੇ ਆਉਂਦੀਆਂ ਰਹੀਆਂ। ਨਾਨੇ ਨਾਲ ਜੁੜੀਆਂ ਯਾਦਾਂ ਐਨੀਆਂ ਹਨ ਨਾਨੀ ਦੀਆਂ ਯਾਦਾਂ ਦਾ ਕੋਈ ਅੰਤ ਨਹੀਂ... ਇਨ੍ਹਾਂ ਯਾਦਾਂ ਨੂੰ ਸਮੇਂ ਸਮੇਂ ਕਹਾਣੀਆਂ ਵਿਚ ਆਪਣੀ ਦ੍ਰਿਸ਼ਟੀ ਨਾਲ ਕੁਝ ਸਾਹਿਤਕ ਰੰਗ ਦੇ ਕੇ ਪੇਸ਼ ਕਰਦਾ ਰਹਿੰਦਾ ਹਾਂ। ਆਰੰਭ ਦੀਆਂ ਕਹਾਣੀਆਂ ਵਿਚ ਰਸੂਲਪੁਰ ਪਿੰਡ ਨਾਲ ਜੁੜੀਆਂ ਯਾਦਾਂ ਨੂੰ ਬੜੀ ਰੀਝ ਨਾਲ ਪੇਸ਼ ਕਰਦਾ ਰਿਹਾ। ਮੇਰੀ ਮਾਂ ਨੇ ਬੜੀ ਗਰੀਬੀ ਦੇਖੀ, ਆਪਣੇ ਪਤੀ ਕਰਕੇ ਬਹੁਤ ਪੀੜਾ ਭੋਗੀ, ਕਿਰਤ ਕੀਤੀ, ਖੇਤਾਂ ਵਿਚ ਦਿਹਾੜੀਆਂ

ਕੀਤੀਆਂ, ਕੱਪੜੇ ਸਿਉਂਤੇ, ਮਾਂ ਨਾਲ ਜੁੜੀਆਂ ਯਾਦਾਂ 'ਸੂਰਜ ਦੀ ਕਿਰਨ', 'ਵਾਢੀਆਂ ਤੋਂ ਬਾਅਦ', ਤੇ ਹੋਰ ਕਹਾਣੀਆਂ ਵਿਚ ਪੇਸ਼ ਹੋਈਆਂ। ਆਪਣੇ ਪਿਤਾ ਨਾਲ ਜੁੜੀਆਂ ਬੜੀਆਂ ਤਲਖ਼ ਯਾਦਾਂ ਹਨ ਉਹ ਯਾਦਾਂ ਜਿਹੜੀਆਂ ਮੈਨੂੰ ਅਕਸਰ ਪੀੜਾ ਦਿੰਦੀਆਂ ਹਨ। ਉਨ੍ਹਾਂ ਯਾਦਾਂ ਨੂੰ ਮੈਂ 'ਮਰਨ ਰੁੱਤ' ਤੇ ਹੋਰ ਕਹਾਣੀਆਂ ਵਿਚ ਕਲਪਨਾ ਨਾਲ ਬਦਲ-ਘੜ ਕੇ ਪੇਸ਼ ਕੀਤੀਆਂ। ਇਕ ਮੇਰਾ ਚਾਚਾ ਹੁੰਦਾ ਸੀ। ਕੇਵਲ ਰਾਮ। ਜਿਹਦੇ ਘਰ ਕੋਈ ਬੱਚਾ ਨਾ ਹੋਇਆ। ਬੜਾ ਨਿੱਗਰ ਹੱਡੀ ਦਾ ਮਾਲਕ ਸੀ। ਵਿਆਹ ਤੋਂ 15 ਕੁ ਸਾਲ ਬਾਅਦ ਨਾ ਮੁਰਾਦ ਬਿਮਾਰੀ ਨਾਲ ਮਰ ਗਿਆ, ਉਸ ਨਾਲ ਜੁੜੀਆਂ ਯਾਦਾਂ ਅਤੇ ਆਪਣੀ ਦਾਦੀ ਨਾਲ ਜੁੜੀਆਂ ਯਾਦਾਂ ਦੇ ਸਹਾਰੇ ਮੈਂ 'ਪਰਛਾਵਾਂ', 'ਪਿੰਜਰ' ਕਹਾਣੀਆਂ ਲਿਖੀਆਂ। ਇਕ ਮੇਰਾ ਭਰਾ ਪੈਂਕੀ ਜਿਹੜਾ ਭਰ ਜਵਾਨੀ ਵਿਚ ਮਾਨਸਿਕ ਤੌਰ 'ਤੇ ਪਾਗਲ ਹੋ ਗਿਆ। ਜਿਹਨੂੰ ਹੁਣ ਅੰਮ੍ਰਿਤਸਰ ਮੈਂਟਲ ਹਸਪਤਾਲ ਪੱਕੇ ਤੌਰ 'ਤੇ ਦਾਖਲ ਕਰਵਾਇਆ ਹੈ, ਉਸ ਨਾਲ ਜੁੜੀਆਂ ਯਾਦਾਂ ਤੋਂ ਕਹਾਣੀ ਉਸਰੀ 'ਖੋਜ' ਪਰ ਅਸਲ ਵਿਚ ਯਾਦਾਂ ਦੇ ਰੂਪ ਅਤੇ ਸ਼ਕਲਾਂ ਹੋਰ ਹਨ ਕਹਾਣੀਆਂ ਵਿਚ ਵੱਖਰੇ ਰੂਪ ਤੇ ਰੰਗ ਵਿਚ ਆਉਂਦੀਆਂ ਹਨ। ਇਕ ਮੇਰਾ ਮਾਮਾ ਸੀ ਜੋ ਪਾਗਲ ਹੋ ਕੇ ਮਰ ਗਿਆ। ਉਹਦਾ ਵਿਆਹ ਹੋਇਆ, ਬੱਚੇ ਵੀ ਹੋਏ, ਪਤਨੀ ਪਾਗਲ ਮਾਮੇ ਨੂੰ ਛੱਡ ਗਈ। ਉਸ ਨਾਲ ਸਾਂਝੀਆਂ ਯਾਦਾਂ ਨੂੰ ਮੈਂ 'ਕੀੜਾ' ਕਹਾਣੀ ਵਿਚ ਵਰਤਿਆ। ਨਾਨੀ ਨਾਲ ਤਾਂ ਮੈਂ ਬਚਪਨ ਤੋਂ ਨਾਲ ਰਿਹਾ। ਉਹਦੀਆਂ ਯਾਦਾਂ ਦਾ ਕੋਈ ਅੰਤ ਨਹੀਂ। ਜਦੋਂ ਵੀ ਕਹਾਣੀ ਵਿਚ ਕਿਸੇ ਬਜ਼ੁਰਗ ਔਰਤ ਨੂੰ ਘੜਨਾ ਹੁੰਦਾ ਹੈ ਨਾਨੀ ਦੀਆਂ ਯਾਦਾਂ ਮੇਰੀ ਸਹਾਇਤਾ ਕਰਦੀਆਂ ਹਨ। ਉਸ ਦੀਆਂ ਕੁਝ ਯਾਦਾਂ ਨੂੰ 'ਲੰਘ ਚੱਲੀ' ਕਹਾਣੀ ਵਿਚ ਪੇਸ਼ ਕੀਤਾ ਹੈ। ਜਵਾਨੀ ਵਿਚ ਪਹੁੰਚ ਕੇ ਮੈਂ ਇਕ ਲੜਕੀ ਨੂੰ ਪਿਆਰ ਕਰਨ ਲੱਗ ਪਿਆ। ਉਦੋਂ ਮੈਂ ਕਹਾਣੀਆਂ ਲਿਖਦਾ ਸੀ। ਉਹ ਸਮਾਂ ਬੜਾ ਉਤਰਾ ਚੜਾਅ ਦਾ ਸੀ। ਖਤਰਨਾਕ ਰਿਸਕ ਲੈਣ ਦਾ ਅਤੇ ਆਪਣੀ ਹੋਂਦ ਨੂੰ ਬਚਾ ਕੇ ਰੱਖਣ ਦਾ ਵਕਤ ਸੀ। ਅਦਰਸ਼ਵਾਦ ਦਾ ਭੂਤ ਵੀ ਸਵਾਰ ਸੀ। ਉਸ ਲੜਕੀ ਨਾਲ ਜਿਹੜੀਆਂ ਯਾਦਾਂ ਜੁੜੀਆਂ ਸਨ ਉਸ ਨੂੰ ਮੈਂ 'ਇੰਦੂਮਣੀ' ਕਹਾਣੀ ਵਿਚ ਵਰਤਿਆ।

ਇਹ ਯਾਦਾਂ ਤਾਂ ਉਨ੍ਹਾਂ ਸਬੰਧੀਆਂ-ਰਿਸ਼ਤੇਦਾਰੀਆਂ ਦੀਆਂ ਸਨ ਜਿਹਨਾਂ ਨੇ ਮੇਰੀਆਂ ਮੁੱਢਲੀਆਂ ਅਤੇ ਬਾਅਦ ਦੀਆਂ ਕਹਾਣੀਆਂ ਲਈ ਜ਼ਮੀਨ ਤਿਆਰ ਕੀਤੀ। ਇਨ੍ਹਾਂ ਲੋਕਾਂ ਨਾਲ ਮੇਰੇ ਪਰਿਵਾਰਕ ਸੰਬੰਧ ਸਨ। ਕੁਝ ਉਹ ਯਾਦਾਂ ਵੀ ਸਨ ਜਿਹੜੇ ਲੋਕ ਅਤੇ ਔਰਤਾਂ ਸਮੇਂ ਸਮੇਂ ਮੇਰੀ ਜ਼ਿੰਦਗੀ ਵਿਚ ਆਏ ਅਤੇ ਆਪਣਾ ਰੋਲ ਅਦਾ ਕਰਕੇ ਤੁਰਦੇ ਬਣੇ। ਉਨ੍ਹਾਂ ਨਾਲ ਜੁੜੀਆਂ ਯਾਦਾਂ ਦੀ ਆਪਣੀ ਅਹਿਮੀਅਤ ਹੈ।

ਉਹ ਵੀ ਸਮਾਂ ਸੀ ਜਦੋਂ ਮੈਂ ਇਕ ਰਾਮਗੜੀਆਂ ਬਰਾਦਰੀ ਦੀ ਅਖ਼ਬਾਰ ਵਿਚ ਕੰਮ ਕਰਦਾ ਸੀ। ਉਦੋਂ ਮੇਰਾ ਵਾਹ ਅਨੇਕਾਂ ਰਾਮਗੜੀਆਂ ਬਰਾਦਰੀ ਦੇ ਲੋਕਾਂ ਨਾਲ ਪਿਆ। ਜਿਹੜੇ ਫੈਕਟਰੀਆਂ ਦੇ ਮਾਲਕ ਸਨ। ਉਸ ਸਮੇਂ ਦੀਆਂ ਯਾਦਾਂ ਬਹੁਤ ਹਨ। ਮੇਰੇ ਅੰਦਰ ਬੈਠੀਆਂ ਹੋਈਆਂ ਹਨ। ਉਨ੍ਹਾਂ ਕੁਝ ਯਾਦਾਂ ਨੂੰ ਲੈ ਕੇ ਮੈਂ 'ਕਾਫ਼ਰ' ਕਹਾਣੀ ਲਿਖੀ। ਉਥੇ ਨੌਕਰੀ ਕਰਦਿਆਂ ਹੀ ਮੇਰਾ ਵਾਹ ਇਕ ਕੰਪਿਊਟਰ ਅਪਰੇਟਰ ਨਾਲ ਪਿਆ। ਜੋ ਉਸ ਅਖਬਾਰ ਦਾ ਕੰਮ ਕਰਦੀ ਹੁੰਦੀ ਸੀ। ਉਸ ਨਾਲ ਜੁੜੀਆਂ ਯਾਦਾਂ ਦੇ ਆਧਾਰ ਤੇ ਮੈਂ 'ਤੀਜਾ ਨੇਤਰ' ਕਹਾਣੀ ਲਿਖੀ। ਉਸ ਦਾ ਵਿਹਾਰ, ਉਸ ਦੇ ਘਰ ਦਾ ਦ੍ਰਿਸ਼ ਮੈਂ ਬੜੀ ਰੀਝ ਨਾਲ ਚਿਤਰਿਆ। 'ਮਾਸਾਹਾਰੀ' ਕਹਾਣੀ ਦੀ ਜਿਹੜੀ ਪਾਤਰ ਹੈ, ਉਹ ਵੀ ਕਿਸੇ ਥਰਡ ਪਰਸਨ ਦੀਆਂ ਯਾਦਾਂ ਦੇ ਅਧਾਰ ਤੇ ਬਣੀ। ਇਹੋ ਜਿਹੀ ਇਕ ਕਹਾਣੀ ਹੈ 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਇਸ ਪਾਤਰ ਨਾਲ ਸਬੰਧਤ ਮੇਰੇ ਕੋਲ ਬਹੁਤ ਥੋੜੀਆਂ ਯਾਦਾਂ ਹਨ ਪਰ ਆਪਣੀ ਪਤਨੀ ਰਾਹੀ ਉਸ ਨਾਲ ਜੁੜੀਆਂ ਯਾਦਾਂ ਨੂੰ ਕਹਾਣੀ ਵਿਚ ਆਪਣੀ ਦ੍ਰਿਸ਼ਟੀ ਨਾਲ ਫੇਰ ਬਦਲ ਕਰਕੇ ਵਰਤਿਆ। ਤੇ ਕਹਾਣੀ ਬਣ ਗਈ। ਇਸੇ ਦੌਰਾਨ ਹੀ ਮੈਂ ਇਕ ਔਰਤ ਕੋਲ ਮੈਗਜ਼ੀਨ ਦਾ ਕੰਮ ਕਰਨ ਲੱਗ ਪਿਆ। ਉਹ ਬੜੀ ਗੁੰਝਲਦਾਰ ਔਰਤ ਸੀ। ਉਸ ਨਾਲ ਜੁੜੀਆਂ



ਯਾਦਾਂ ਜਾਂ ਦੂਜੇ ਦੇ ਮੂੰਹੋਂ ਸੁਣੀਆਂ ਯਾਦਾਂ ਮੈਂ 'ਦੇਵਕੀ ਨਾਲ ਮੁਲਾਕਾਤ' ਕਹਾਣੀ ਵਿਚ ਵਰਤੀਆਂ।

ਇਥੇ ਇਹ ਵੀ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਯਾਦਾਂ ਨੂੰ ਮੈਂ ਹੂ ਬ ਹੂ ਨਹੀਂ ਵਰਤਿਆ। ਇਨ੍ਹਾਂ ਯਾਦਾਂ ਦੇ ਅਧਾਰ ਮੈਂ ਆਪਣੀ ਕਲਪਨਾ ਸ਼ਕਤੀ ਨਾਲ ਅਤੇ ਸਾਹਿਤਕ ਸਮਝ ਨਾਲ ਬਦਲਿਆ ਅਤੇ ਕਹਾਣੀ ਵਿਚ ਫਿਟ ਕੀਤਾ। ਕਈ ਵਾਰ ਪਾਠਕ ਕਹਾਣੀ ਦੀਆਂ ਘਟਨਾਵਾਂ ਨੂੰ ਲੇਖਕ ਦੇ ਨਿੱਜ ਨਾਲ ਜੋੜ ਕੇ ਉਸ ਦੇ ਚਰਿਤਰ ਦੀ ਚੀਰ ਫਾੜ ਕਰਨ ਲੱਗਦੇ ਹਨ। ਇਹ ਉਦੋਂ ਹੁੰਦਾ ਹੈ ਜਦੋਂ ਲੇਖਕ ਆਪਣੀ ਦ੍ਰਿਸ਼ਟੀ ਅਤੇ ਸਾਹਿਤਕ ਸੂਝ ਰਾਹੀਂ ਕਹਾਣੀ ਜਾਂ ਨਾਵਲ ਨੂੰ ਉੱਤਮ ਬਣਾ ਦਿੰਦਾ ਹੈ, ਜਿਸ ਨਾਲ ਪਾਠਕ ਜੁੜ ਜਾਂਦਾ ਹੈ। ਜਦ ਕਿ ਅਸਲ ਯਾਦਾਂ ਦੇ ਰੂਪ ਕੁਝ ਹੋਰ ਹੁੰਦੇ ਹਨ ਜਦੋਂ ਸਾਹਿਤ ਵਿਚ ਕਨਵਰਟ ਹੁੰਦੀਆਂ ਹਨ ਤਾਂ ਉਦੋਂ ਉਹਦੇ ਰੂਪ ਬਦਲ ਜਾਂਦੇ ਹਨ।

ਕਹਾਣੀ ਜਾਂ ਨਾਵਲ ਵਿਚ ਜਿਹੜੀਆਂ ਯਾਦਾਂ ਦੀ ਉਸ ਵਿਧਾ ਵਿਚ ਲੋੜ ਹੁੰਦੀ ਹੈ ਉਨ੍ਹਾਂ ਨੂੰ ਲੇਖਕ ਨਵਾਂ ਰੂਪ ਦੇ ਕੇ ਅਤੇ ਫੇਰ ਬਦਲ ਕੇ ਰਚਨਾਵਾਂ ਵਿਚ ਫਿਟ ਕਰਦਾ ਰਹਿੰਦਾ ਹੈ। ਹਰ ਨਵੀਂ ਰਚਨਾ ਲਈ ਲੇਖਕ ਨੂੰ ਘਰੋਂ ਬਾਹਰ ਨਿਕਲਣਾ ਪੈਂਦਾ। ਉਹਨੂੰ ਅਨੇਕਾਂ ਬਿਖੜੇ ਪੈਂਡਿਆਂ 'ਤੇ ਤੁਰਨਾ ਪੈਂਦਾ ਹੈ, ਅਨੇਕਾਂ ਰਿਸਕ ਲੈਣੇ ਪੈਂਦੇ ਹਨ। ਆਪਣੇ ਅਸਤਿਤਵ ਨੂੰ ਮਾਰ ਕੇ ਦੂਜੇ ਪਾਤਰ ਵਾਂਗ ਜੀਉਣਾ ਪੈਂਦਾ ਹੈ। ਮਾਣ ਮਰਿਯਾਦਾ, ਨੈਤਿਕਤਾ, ਦੰਭ, ਇਮਾਨਦਾਰੀ ਦਾ ਚੋਲਾ ਲਾਹ ਕੇ ਪਾਤਰ ਵਿਚ ਵੜਨਾ ਪੈਂਦਾ ਹੈ, ਉਨ੍ਹਾਂ ਨਾਲ ਜੁੜੀਆਂ ਯਾਦਾਂ ਨੂੰ ਇਕੱਠਾ ਕਰਨਾ ਹੁੰਦਾ ਹੈ। ਫਿਰ ਕਿਤੇ ਜਾ ਕੇ ਕਹਾਣੀ ਜਾਂ ਨਾਵਲ ਦੀ ਤੰਦ ਜੁੜਦੀ ਹੈ। ਉਪਰ ਯਾਦਾਂ ਦੇ ਕੇਵਲ ਇਸ਼ਾਰੇ ਹੀ ਕੀਤੇ ਹਨ, ਯਾਦਾਂ ਦੇ ਲੰਮੇ ਬਿਰਤਾਂਤ ਨਹੀਂ ਲਿਖੇ। ਕਿਉਂਕਿ ਉਹ ਯਾਦਾਂ ਦਾ ਦੁਹਰਾਓ ਹੀ ਹੋਣਾ ਸੀ ਜਿਹੜੀਆਂ ਯਾਦਾਂ ਦਾ ਬਿਰਤਾਂਤ ਕਹਾਣੀਆਂ ਵਿਚ ਪਹਿਲਾਂ ਹੀ ਲਿਖਿਆ ਜਾ ਚੁੱਕਾ ਹੈ। ਜਦੋਂ ਪਾਠਕ ਇਨ੍ਹਾਂ ਯਾਦਾਂ ਦੇ ਇਸ਼ਾਰਿਆਂ ਦੇ ਅਧਾਰ 'ਤੇ ਉਸ ਕਹਾਣੀ ਨਾਲ ਜੁੜਨਗੇ ਤਾਂ ਮੇਰੀਆਂ ਇਹ ਯਾਦਾਂ ਉਨ੍ਹਾਂ ਦੇ ਮਨਾਂ ਵਿਚ ਉਸਰਨ ਲੱਗ ਜਾਣਗੀਆਂ।

ਅੱਜ ਕੱਲ ਮੈਂ ਇਕ ਨਾਵਲ ਤੇ ਕੰਮ ਕਰ ਰਿਹਾਂ ਹਾਂ। ਇਸ ਨਾਵਲ ਵਿਚ ਮੈਂ ਉਹ ਯਾਦਾਂ ਨੂੰ ਸੰਜੀਵ ਕਰ ਰਿਹਾਂ ਹਾਂ ਜਿਹੜੀਆਂ ਯਾਦਾਂ ਮੇਰੇ ਨਾਨਕੇ ਪਿੰਡ ਨਾਲ ਜੁੜੀਆਂ ਹੋਈਆਂ ਹਨ। ਉਹ ਯਾਦਾਂ ਜਿਹੜੀਆਂ ਨਾਨੇ ਨਾਲ ਉਨ੍ਹਾਂ ਦੇ ਸੱਤ ਭਰਾਵਾਂ ਨਾਲ ਅਤੇ ਉਸ ਸਾਰੇ ਟੱਬਰਾਂ ਨਾਲ ਜੁੜੀਆਂ ਹੋਈਆਂ ਹਨ, ਜਿਹੜੇ ਸਾਰੇ ਦੇ ਸਾਰੇ ਚੰਮੜੇ ਦਾ ਕੰਮ ਕਰਦੇ ਸਨ। ਨਾਨੇ ਦੇ ਬਾਪ ਦੂਨੀ ਚੰਦ ਦੀਆਂ ਯਾਦਾਂ ਜਿਹੜੀਆਂ ਮੈਂ ਨਾਨੇ ਦੇ ਮੂੰਹੋਂ ਸੁਣੀਆਂ ਉਨ੍ਹਾਂ ਯਾਦਾਂ ਨੂੰ ਚਿਤਵ ਰਿਹਾ ਹਾਂ। ਇਹ ਬਹੁਤ ਸਾਰੀਆਂ ਯਾਦਾਂ ਹਨ ਜਿਹੜੀਆਂ ਮੈਂ ਨਾਵਲ ਵਿਚ ਆਪਣੀ ਦ੍ਰਿਸ਼ਟੀ ਅਤੇ ਆਪਣੀ ਕਲਪਨਾ ਸ਼ਕਤੀ ਨਾਲ ਲੈ ਕੇ ਆਵਾਂਗਾ। ਇਹੋ ਜਿਹੀਆਂ ਯਾਦਾਂ ਹੋਰ ਪੰਜਾਬੀ ਲੇਖਕ ਕੋਲ ਹੋਣਗੀਆਂ? ਬਿਲਕੁਲ ਨਹੀਂ। ਇਹ ਪੀੜ ਦੇਣ ਵਾਲੀਆਂ, ਦਲਿਤਾਂ ਦੀ ਹੋਣੀ ਬਿਆਨ ਕਰਨ ਵਾਲੀਆਂ, ਚਮੜੇ ਰੰਗਣ, ਚੁੱਕਣ ਅਤੇ ਰੰਗਣ ਵਾਲਿਆ ਦੀਆਂ ਅਸਲ ਰੂਪ ਦੀਆਂ ਯਾਦਾਂ ਨਹੀਂ ਹੋਣਗੀਆਂ। ਉਨ੍ਹਾਂ ਦੇ ਆਪਣੀ ਕਲਪਨਾ ਨਾਲ ਉਸਾਰੇ ਸਾਹਿਤਕ ਰੂਪ ਹੋਣਗੇ। ਕੁਝ ਅਸਲ ਵੀ ਹੋ ਸਕਦੀਆਂ ਹਨ। ਪਰ ਮੈਂ ਇਨ੍ਹਾਂ ਯਾਦਾਂ ਨੂੰ ਆਪਣੇ ਤਰੀਕੇ ਨਾਲ ਆਪਣੀ ਸੋਚ ਨਾਲ ਅਤੇ ਆਪਣੀ ਸਮਾਜਿਕ ਸੂਝ ਨਾਲ ਨਾਵਲ ਵਿਚ ਪੇਸ਼ ਕਰਾਗਾਂ ਇਹ ਮੇਰੀ ਸਮਰੱਥਾ ਤੇ ਨਿਰਭਰ ਕਰੇਗਾ।

ਯਾਦਾਂ ਦੇ ਕੁਝ ਇਹ ਰੂਪ ਵੀ ਹੁੰਦੇ ਹਨ ਕਿ ਜਦੋਂ ਮੈਂ ਕੋਈ ਨਾਵਲ ਜਾਂ ਕਹਾਣੀ ਪੜ੍ਹਦਾ ਹਾਂ, ਮੇਰੇ ਮਨ ਅੰਦਰ ਵੀ ਯਾਦਾਂ ਪੁੰਗਰਨ ਲੱਗਦੀਆਂ ਹਨ। ਕਲਪਨਾ ਵਿਚ ਪਾਤਰ ਜਨਮ ਲੈ ਲੈਂਦਾ ਹੈ। ਉਸ ਨਾਲ ਜੁੜ ਯਾਦਾਂ ਕਲਪਨਾ ਨਾਲ ਜੁੜਨ ਲੱਗਦੀਆਂ ਹਨ। ਇਹ ਯਾਦਾਂ ਦਾ ਜਦੋਂ ਵੱਡਾ ਭੰਡਾਰ ਜਮਾਂ ਹੋ ਜਾਂਦਾ ਹੈ ਤਾਂ ਕਿਸੇ ਕਹਾਣੀ ਜਾਂ ਨਾਵਲ ਵਿਚ ਆ ਜਾਂਦੀਆਂ ਹਨ। ਇਹ ਯਾਦਾਂ ਕਲਪਨਾ ਵਿਚੋਂ ਫੜੀਆਂ ਯਾਦਾਂ ਹੁੰਦੀਆਂ ਹਨ। ਲੇਖਕ ਆਪਣੀ ਕਲਪਨਾ ਨਾਲ ਯਾਦਾਂ ਨੂੰ ਘੜਦਾ ਹੈ, ਉਨ੍ਹਾਂ ਨੂੰ ਫੜਦਾ ਹੈ ਅਤੇ ਫਿਰ

ਕਹਾਣੀ ਜਾਂ ਨਾਵਲ ਵਿਚ ਬੀੜ ਦਿੰਦਾ ਹੈ। ਪਾਠਕ ਨੂੰ ਇਹ ਯਾਦਾਂ ਸੰਜੀਵ ਲੱਗਣ ਲੱਗਦੀਆਂ ਹਨ। ਯਾਦਾਂ ਦਾ ਇਹ ਵੀ ਰਹੱਸ ਹੈ। ਉਹ ਯਾਦਾਂ ਜਿਹੜੀਆਂ ਅਸਲ ਵਰਗੀਆਂ ਲੱਗਣ। ਪਰ ਇਹ ਗੱਲ ਵੀ ਹੈ ਕਿ ਇਹ ਯਾਦਾਂ ਪਿੱਛੇ ਸਾਡਾ ਸਮਾਜਿਕ ਪਿਛੋਕੜ, ਜਾਤੀ ਪਿਛੋਕੜ, ਸਮਾਜਿਕ ਚੇਤਨਾ, ਆਰਥਿਕ ਚੇਤਨਾ ਅਤੇ ਧਾਰਮਿਕ ਚੇਤਨਾ ਅਤੇ ਸਾਡੀਆਂ ਦੱਬੀਆਂ ਖਾਹਿਸ਼ਾ ਹੁੰਦੀਆਂ ਹਨ।

## ਠੇਠ ਨਾਰੀ ਦਾ ਮੁਹਾਵਰਾ-ਦਾਦੀ/ - ਕੁਲਬੀਰ ਬਡੇਸਰੋਂ

ਯਾਦ ਜੋ ਮੇਰੀ ਦਾਦੀ ਨਾਲ ਜੁੜੀ ਹੋਈ ਹੈ। ਮੇਰੀ ਦਾਦੀ ਦਾ ਨਾਂ ਸੀ 'ਆਸ ਕੌਰ' ਉਸਦੇ ਪੇਕੇ ਸਨ ਨੀਲੇ ਸੈਲੇ ਜ਼ਿਲ੍ਹਾ ਹੁਸ਼ਿਆਰਪੁਰ ਮੇਰੀ ਦਾਦੀ ਇਕੱਲੀ ਭੈਣ ਸੀ। ਆਪਣੇ ਮਾਂ ਬਾਪ ਦੀ ਲਾਡਲੀ ਧੀ। ਚੌਂਕੇ ਚੁੱਲ੍ਹੇ ਦਾ ਕੰਮ ਚੱਕੀ, ਪੀਹਣਾ, ਚੁੱਲ੍ਹੇ ਲਿਪਣੇ, ਘਰ ਦਾ ਹੋਰ ਕੰਮ ਸਹੁਰਿਆਂ ਦੇ ਹੀ ਸਿਖੀ, ਜਠਾਣੀਆਂ ਤੋਂ ਪੇਕੇ ਘਰ ਤਾਂ ਲਾਡ ਪਿਆਰ 'ਚ ਹੀ ਰਹੀ। ਮੇਰੀ ਦਾਦੀ ਗੁਰਮੁਖੀ ਪੜ੍ਹ ਲੈਂਦੀ ਸੀ ਭਾਵ ਪੰਜਾਬੀ ! ਉਹ ਦਸਦੀ ਸੀ ਉਸਨੇ ਗੁਰਮੁਖੀ ਗੁਰਦੁਆਰੇ ਦੇ ਗ੍ਰੰਥੀ ਤੋਂ ਸਿਖੀ ਸੀ। ਮੇਰੀ ਦਾਦੀ ਬੜੀ ਹੀ ਸੁਚੱਜੀ, ਸਾਫ਼ ਸੁਥਰੀ ਤੇ ਗੁਣਵਾਨ ਔਰਤ ਸੀ। ਉਹ ਚਰਖਾ ਬਹੁਤ ਸੋਹਣਾ ਕੱਤਦੀ ਸੀ। ਗੀਤ ਬਹੁਤ ਸੋਹਣੇ ਗਾਉਂਦੀ ਸੀ। ਸੈਕੜੇ ਗੀਤ, ਲੋਕ-ਗੀਤ ਉਸਨੂੰ ਮੂੰਹ ਜ਼ੁਬਾਨੀ ਯਾਦ ਸਨ, ਹੇਕ ਲਾ ਕੇ ਗਾਉਂਦੀ ਸੀ ਤਾਂ ਦਿਨ ਤਿਉਹਾਰ ਤੇ ਰੰਗ ਬੰਨ੍ਹ ਦਿੰਦੀ ਸੀ। ਵਿਹੜੇ ਦੀਆਂ ਨੂੰਹਾਂ ਧੀਆਂ ਉਸਤੋਂ ਗੀਤ ਸਿਖਦੀਆਂ ਸਨ। ਦਾਦੀ ਕਹਿੰਦੀ ਸੀ 'ਸਿਖ ਲਵੋ, ਸਿਖ ਲਵੋ ਨਹੀਂ ਤਾਂ ਮੇਰੇ ਨਾਲ ਹੀ ਜਲ ਜਾਣੇ ਹਨ ਜਦੋਂ ਮੈਂ ਮਰ ਜਾਣਾ।" ਸੁਥਰੀ ਏਨ੍ਹੀ ਸੀ ਕਿ ਚਿੱਟੇ ਜਾਂ ਹਲਕੇ ਰੰਗਾਂ ਦੇ ਸੋਹਣੇ ਸੂਟ ਪਾ ਕੇ ਰੱਖਦੀ ਸੀ, ਪੂਰੀਆਂ ਬਾਹਾਂ ਦੇ ਕਫ਼ ਵਾਲੇ ਕੁੜਤੇ ਤੇ ਚਿੱਟੇ ਕੰਨੀ ਵਾਲੇ ਦੁਪੱਟੇ, ਸਹੁਣੀਆਂ ਸੂਫ਼ ਦੀਆਂ ਸਲਵਾਰਾਂ ਤੇ ਪੰਜਾਬੀ ਬੰਦ ਜੁੱਤੀ ! ਬੱਸ ਮੈਨੂੰ ਇੱਕ ਗੱਲ ਸਮਝ ਨਹੀਂ ਆਉਂਦੀ ਕਿ ਉਹ ਨਜ਼ਰ ਕਮਜ਼ੋਰ ਹੋ ਜਾਣ ਤੇ ਵੀ ਐਨਕ ਕਿਉਂ ਨਹੀਂ ਸੀ ਲਾਉਂਦੀ ਹੁੰਦੀ। ਮੇਰੇ ਪਾਪਾ ਪੜ੍ਹੇ ਲਿਖੇ ਅਫ਼ਸਰ ਸਨ, ਇਹ ਤਾਂ ਹੋ ਨਹੀਂ ਸਕਦਾ ਕਿ ਉਨ੍ਹਾਂ ਨੇ ਮਾਂ ਨੂੰ ਐਨਕ ਲਵਾ ਕੇ ਨਹੀਂ ਦਿੱਤੀ ਹੋਵੇਗੀ। ਫਿਰ ਕਿਉਂ ਮਾਂ ਕਿਤਾਬ ਨੂੰ ਬਿਲਕੁਲ ਅੱਖਾਂ ਦੇ ਨੇੜੇ ਕਰਕੇ ਪੜ੍ਹਦੀ ਸੀ, ਕਿਉਂ ਕਈ ਵਾਰ ਆਲੇ ਕੋਲੋ ਟੋਹ ਟੋਹ ਕੇ ਤੁਰਦੀ ਸੀ। ਮੈਂ ਤੇ ਮੇਰੇ ਭੈਣ ਭਰਾ ਤੇ ਮੇਰੀ ਬੀਜੀ ਅਸੀਂ ਤਾਂ ਪਾਪਾ ਜੀ ਨਾਲ ਜਿਸ ਜਿਸ ਸ਼ਹਿਰ 'ਚ ਉਨ੍ਹਾਂ ਦੀ ਪੋਸਟਿੰਗ ਹੁੰਦੀ ਸੀ ਉੱਥੇ ਨਾਲ ਨਾਲ ਹੀ ਰਹਿੰਦੇ ਸਾਂ। ਸਿਰਫ ਗਰਮੀਆਂ ਦੀਆਂ ਸਕੂਲਾਂ ਦੀਆਂ ਲੰਬੀਆਂ ਛੁੱਟੀਆਂ 'ਚ ਪਿੰਡ ਬਡੇਸਰੋਂ ਆਪਣੇ ਜੱਦੀ ਘਰ ਆਉਂਦੇ ਸਾਂ। ਤੇ ਜੱਦੀ ਘਰ 'ਚ ਮੇਰੀ ਸਭ ਤੋਂ ਵੱਡੀ ਭਾਬੀ ਪਰਸਿਨ ਕੌਰ ਤੇ ਉਸਦੇ ਪੰਜ ਬੱਚੇ ਤੇ ਮੇਰੀ ਦਾਦੀ ਕਹਿੰਦੇ ਸਨ। ਮੇਰਾ ਸਭ ਤੋਂ ਵੱਡਾ ਭਰਾ ਤਾਂ ਵਲੈਤ ਚਲਾ ਗਿਆ ਸੀ। ਭਾਬੀ ਤੇ ਮੇਰੀ ਦਾਦੀ ਜਿਸਨੂੰ ਅਸੀਂ ਸਾਰੇ ਮਾਂ ਕਹਿੰਦੇ ਸਾਂ ਪਿੰਡ ਦੀ ਜ਼ਮੀਨ ਜਿਸਨੂੰ ਅਧਿਆਲੀ 'ਤੇ ਦਿੱਤਾ ਹੋਇਆ ਸੀ ਦੀ ਦੇਖ ਭਾਲ ਵੀ ਕਰਦੀਆਂ ਸਨ ਤੇ ਮੇਰੇ ਪੰਜ ਭਤੀਜੇ ਭਤੀਜੀਆਂ ਦੀ ਵੀ ਪਾਲਣਾ ਕਰਦੀਆਂ ਸਨ। ਜਦੋਂ ਅਸੀਂ ਵੀ ਛੁੱਟੀਆਂ 'ਚ ਪਿੰਡ ਪਹੁੰਚ ਜਾਂਦੇ ਸਾਂ ਤੇ ਅਸੀਂ ਵੀ ਪੰਜ ਬੱਚੇ ਹੁੰਦੇ ਸਾਂ, ਤਿੰਨ ਭੈਣਾਂ ਦੋ ਭਰਾ, ਤੇ ਮੇਰੇ ਭਤੀਜੇ ਤਿੰਨ ਤੇ ਦੋ ਭਤੀਜੀਆਂ ਇਉਂ ਅਸੀਂ ਦਸ ਬੱਚੇ ਰਲ ਜਾਂਦੇ ਸਾਂ। ਜਦੋਂ ਅਸੀਂ ਰੋਟੀ ਖਾਂਦੇ ਸਾਂ ਤਾਂ ਬੋਰੀਆਂ ਦੀ ਲਾਇਨ ਵਿਛਾ ਕੇ ਉਸ ਉੱਤੇ ਲਾਇਨ ਲੱਗਾ ਕੇ ਬੈਠ ਜਾਂਦੇ ਸਾਂ, ਵੱਡੇ ਵੱਡੇ ਕਮਰੇ ਸਨ ਦੋ ਤਿੰਨ ਨੌਕਰ, ਦੋ ਤਿੰਨ ਕੁੱਤੇ, ਦੋ ਤਿੰਨ ਮੱਝਾਂ, ਖੂਬ ਰੌਣਕ ਸੀ ਘਰ 'ਚ ਕਈ ਵਾਰ ਉਨ੍ਹਾਂ ਹੀ ਦਿਨਾਂ 'ਚ ਮੇਰੀ ਸਭ ਤੋਂ ਵੱਡੀ ਭੈਣ ਵੀ ਜੋ ਹਮੇਸ਼ਾ ਆਪਣੇ ਮਿਲਟਰੀ ਅਫ਼ਸਰ ਪਤੀ ਨਾਲ ਬਾਹਰ ਸ਼ਹਿਰਾਂ 'ਚ ਰਹਿੰਦੀ ਸੀ ਉਹ ਵੀ ਆਪਣੇ ਚਾਰ ਬੱਚਿਆਂ ਨਾਲ ਆ ਜਾਂਦੀ ਸੀ, ਫਿਰ



ਤਾਂ ਪੁੱਛੋ ਹੀ ਨਾ ਕਿ ਕਿਆ ਰੌਣਕਾਂ ਲੱਗਦੀਆਂ ਸਨ। ਵੱਡੇ ਵੱਡੇ ਪਿੱਪਲ ਦੇ ਪਤੀਲਿਆਂ 'ਚ ਦੁੱਧ ਉਬਲਦਾ ਸੀ, ਵੱਡੀਆਂ ਵੱਡੀਆਂ ਤੌੜੀਆਂ 'ਚ ਦਾਲਾਂ ਰਿੱਝਦੀਆਂ ਸਨ, ਵੱਡੀਆਂ ਵੱਡੀਆਂ ਪਿੱਤਲ ਦੀਆਂ ਕੜਾਹੀਆਂ 'ਚ ਸੁੱਕੀਆਂ ਸਬਜ਼ੀਆਂ ਬਣਦੀਆਂ ਸਨ, ਦੁੱਧ ਦੇ ਦਧੂਨਿਆਂ 'ਚ ਦੁੱਧ ਕੜ੍ਹਦਾ ਸੀ ਤੇ ਕੰਨੀ ਵਾਲੇ ਗਾਲਾਸਾਂ 'ਚ ਪਾ ਕੇ ਪੀਣ ਨੂੰ ਮਿਲਦਾ ਸੀ। ਵੱਡੀ ਸਾਰੀ ਚਾਟੀ 'ਚ ਦਹੀਂ ਰਿੜਕਿਆਂ ਜਾਂਦਾ ਸੀ ਤੇ ਮੱਖਣ ਦੇ ਪੇੜੇ ਖਾਣ ਨੂੰ ਮਿਲਦੇ ਸਨ। ਵੱਡੇ ਸਾਰੇ ਕੂੰਡੇ 'ਚ ਚਟਨੀਆਂ ਕੁੱਟੀਆਂ ਜਾਂਦੀਆਂ ਸਨ, ਵਿਹੜੇ 'ਚ ਚਿੱਟੀਆਂ ਚਾਦਰਾਂ ਤੇ ਅਚਾਰ ਪਾਉਣ ਲਈ ਕੱਟੇ ਅੰਬ ਸੁੱਕ ਰਹੇ ਹੁੰਦੇ ਸਨ ਤੇ ਮੇਰੀ ਬੀਜੀ ਤੇ ਮੇਰੀ ਭਾਬੀ ਮਸ਼ੀਨ ਨਾਲ ਸੇਵੀਆਂ ਵੱਟ ਵੱਟ ਚਾਦਰਾਂ ਤੇ ਸੁੱਕਣੀਆਂ ਪਾਉਂਦੀਆਂ ਸਨ ਤੇ ਫੇਰ ਹਰ ਤੀਜੇ ਦਿਨ ਉਬਲੀਆਂ ਸੇਵੀਆਂ ਪਿੱਤਲ ਦੀਆਂ ਮੋਰੀਆਂ ਵਾਲੀਆਂ ਕੜਾਹੀਆਂ 'ਚ ਪਾਣੀ ਨਿਤਾਰ ਕੇ ਦੇਸੀ ਘਿਓ ਤੇ ਪੀਸੀ ਹੋਈ ਚੀਨੀ ਨਾਲ ਖਾਣ ਨੂੰ ਮਿਲਦੀਆਂ ਸਨ।

ਦੁਪਹਿਰ ਨੂੰ ਅੰਬਾਂ ਨੂੰ ਠੰਡੇ ਬਾਲਟਿਆਂ 'ਚ ਭਿਉਂ ਦਿੱਤਾ ਜਾਂਦਾ ਸੀ। ਤੇ ਸਾਰੇ ਬੱਚੇ ਪਾਪਾ ਜੀ ਨਾਲ ਬੈਠ ਕੇ ਬਾਲਟਿਆਂ ਚੋਂ ਕੱਢ ਕੱਢ ਕੇ ਠੰਡੇ ਠੰਡੇ ਅੰਬ ਚੂਪਦੇ ਸਨ। ਫੇਰ ਕਈ ਵੇਰ ਸ਼ਾਮ ਨੂੰ ਵਿਹੜੇ 'ਚ ਹੌਲਾਂ ਭੁੰਨੀਆਂ ਜਾਂਦੀਆਂ ਸਨ। ਛੱਲੀਆਂ ਗਰਮ ਗਰਮ ਕੌਲਿਆਂ ਤੇ ਭੁੰਨ ਭੁੰਨ ਕੇ ਅਸੀਂ ਸਭ ਬੱਚੇ ਬਹੁਤ ਮਜ਼ੇ ਨਾਲ ਖਾਂਦੇ ਸਾਂ... ਕਈ ਵੇਰ ਛੱਲੀਆਂ ਖਾਣ ਤੋਂ ਬਾਅਦ ਪਾਪਾ ਜੀ ਵਿਹੜੇ 'ਚ ਬੋਰੀ ਵਿਛਾ ਕੇ ਮਿੱਟੀ ਦੇ ਕੂੰਡੇ 'ਚ ਸ਼ਰਦਾਈ ਰਗੜਦੇ ਸਨ, ਮਗਜ਼ ਪਾ ਕੇ, ਠੰਡੀ ਠੰਡੀ ਸ਼ਰਦਾਈ ਤੇ ਸਭ ਨੂੰ ਪੀਣ ਲਈ ਦਿੰਦੇ ਸਨ ਤੇ ਨਾਲ ਨਾਲ ਸ਼ਰਦਾਈ ਦੇ ਗੁਣ ਵੀ ਦੱਸਦੇ ਸਨ ... ਖੈਰ ਇਸ ਰੌਣਕ ਮੇਲੇ ਤੇ ਮੌਜਾਂ 'ਚ ਮੈਂ ਦੱਸਣਾ ਚਾਹੁੰਦੀ ਹਾਂ ਕਿ ਮੈਂ ਹਮੇਸ਼ਾ ਨੋਟ ਕਰਦੀ ਸਾਂ ਕਿ ਦਾਦੀ ਦਾ ਝੁਕਾਅ ਸਦਾ ਹੀ ਮੇਰੇ ਭਤੀਜੇ ਤੇ ਭਤੀਜੀਆਂ ਵੱਲ ਰਹਿੰਦਾ ਸੀ। ਏਥੋਂ ਤੱਕ ਕਿ ਖਾਣ-ਪੀਣ ਵੇਲੇ ਵੀ ਮਾਂ ਸਾਡੇ ਨਾਲ ਵਿਤਕਰਾ ਕਰ ਜਾਂਦੀ ਸੀ ਜਿਵੇਂ ਅਲਸੀ ਦੀਆਂ ਪਿੰਨੀਆਂ ਨੂੰ ਆਪਣੀ ਕੜਿਆਂ ਵਾਲੀ ਵੱਡੀ ਅਲਮਾਰੀ 'ਚ ਜਿੰਦਾ ਲਾ ਕੇ ਰੱਖਦੀ ਸੀ, ਮੇਰੇ ਭਤੀਜੇ ਤੇ ਭਤੀਜੀਆਂ ਨੂੰ 'ਵਾਜ਼ ਮਾਰ ਕੇ ਅੰਦਰ ਬੁਲਾਉਂਦੀ ਸੀ ਤੇ ਚੋਰੀ ਚੋਰੀ ਉਨ੍ਹਾਂ ਨੂੰ ਖਾਣ ਲਈ ਦਿੰਦੀ ਸੀ। ਮੈਂ ਕਈ ਵਾਰ ਦਰਵਾਜੇ ਪਿੱਛੇ ਲੁੱਕ ਕੇ ਵੇਖਦੀ ਸਾਂ। ਫੇਰ ਵਿਹੜੇ 'ਚ ਤਾਰਾਂ ਤੇ ਸਭ ਬੱਚਿਆਂ ਦੇ ਕਪੜੇ ਸੁਕਣੇ ਪਾਏ ਜਾਂਦੇ ਸਨ। ਪਰ ਮਾਂ ਤਿਕਾਲਾਂ ਨੂੰ ਅੱਖਾਂ ਲਾ ਲਾ ਮੇਰੇ ਭਤੀਜੇ ਤੇ ਭਤੀਜੀਆਂ ਦੇ ਕਪੜੇ ਪਛਾਣ ਲੈਂਦੀ ਸੀ ਤੇ ਤਾਰਾਂ ਤੋਂ ਉਤਾਰ ਕੇ ਅੰਦਰ ਲੈ ਜਾਂਦੀ ਸੀ। ਸਾਡੇ ਕਪੜੇ ਉਵੇਂ ਵੀ ਤਾਰਾਂ ਤੇ ਲਟਕਦੇ ਰਹਿਣ ਦਿੰਦੀ ਸੀ। ਮੈਨੂੰ ਯਾਦ ਹੈ ਜਿਸ ਦਿਨ ਮੇਰੀ ਭਾਬੀ ਆਪਣੇ ਪੰਜਾਂ ਬੱਚਿਆਂ ਨਾਲ ਵਲੈਤ ਚਲੀ ਗਈ ਉਸ ਦਿਨ ਅਸੀਂ ਜਦ ਭਾਬੀ ਤੇ ਉਸਦੇ ਬੱਚਿਆਂ ਨੂੰ ਵਿਦਾ ਕਰ ਕੇ ਘਰ ਪਹੁੰਚੇ ਤਾਂ ਮੇਰੀ ਦਾਦੀ ਛੱਤ ਤੇ ਖੜੀ ਹੋ ਕੇ ਕਦੇ ਚੁਬਾਰੇ ਵੱਲ ਮੂੰਹ ਕਰ ਕੇ ਤੇ ਕਦੀ ਗਲੀ ਵੱਲ ਮੂੰਹ ਕਰਕੇ ਮੇਰੇ ਭਤੀਜਿਆਂ ਨੂੰ ਵਾਜਾ ਮਾਰ ਰਹੀ ਸੀ ਤੇ ਹੁੱਬਕੀ ਹੁੱਬਕੀ ਰੋ ਰਹੀ ਸੀ। ਪਤਾ ਨਹੀਂ ਮਾਂ ਦਾ ਏਨਾ ਕਿਉਂ ਮੋਹ ਸੀ ਉਨ੍ਹਾਂ ਨਾਲ ਸ਼ਾਇਦ ਉਹ ਉਨ੍ਹਾਂ ਦੇ ਨਾਲ ਹੀ ਰਹਿੰਦੀ ਸੀ ਤੇ ਅਸੀਂ ਤਾਂ ਪ੍ਰਹੁਣਿਆਂ ਵਾਂਗ ਜਾਂਦੇ ਸਾਂ ਪਿੰਡ, ਜਾਂ ਸ਼ਾਇਦ ਮੇਰਾ ਵੀਰ ਪ੍ਰਦੇਸ਼ 'ਚ ਰਹਿੰਦਾ ਸੀ ਇਸ ਲਈ ਮਾਂ ਉਨ੍ਹਾਂ ਦਾ ਜ਼ਿਆਦਾ ਖ਼ਿਆਲ ਕਰਦੀ ਸੀ, ਜਾਂ ਸ਼ਾਇਦ ਮੇਰੀ ਭਾਬੀ ਪਿੰਡ ਖੇੜੇ ਦੇ ਕਹਿੰਦੇ ਕਹਾਉਂਦੇ ਘਰ ਦੀ ਧੀ ਸੀ ਅਮੀਰ ਜਿਹਦਾ ਚਚੇਰਾ ਭਰਾ ਐਜੂਕੇਸ਼ਨ ਮਨਿਸਟਰ ਸੀ ਗੁਰਮੇਲ ਸਿੰਘ ਜਾਂ ਸ਼ਾਇਦ ਮੇਰੀ ਭਾਬੀ ਬਹੁਤ ਲੀਡਰ ਟਾਇਪ ਵੀ ਸੀ ਬਹੁਤ ਜਿੰਦਾ ਦਿਲ, ਮੂੰਹ-ਫਟ ਤੇ ਦਲੇਰ ਤੇ ਘਰ ਦਾ ਬਹੁਤ ਹੀ ਚੱਕਣ ਚੁੱਕਣ ਵਾਲੀ। ਪਤਾ ਨਹੀਂ ਕੀ ਕਾਰਨ ਸੀ ਪਰ ਮਾਂ ਮੇਰੀ ਭਾਬੀ ਤੋਂ ਬਹੁਤ ਪ੍ਰਭਾਵਿਤ ਰਹਿੰਦੀ ਸੀ, ਸੁਆਣੀਆਂ 'ਚ ਬੈਠ ਉਸਦੇ ਗੁਣ ਗਾਣ ਕਰਦੀ ਰਹਿੰਦੀ ਸੀ, "ਮੇਰੀ ਪੋਤ ਨੂੰਹ ਵਰਗਾ ਕਿਨ ਹੋਣੈਂ, ਉਹ ਤਾਂ ਦਸ ਆਦਮੀਆਂ ਦਾ ਕੰਮ 'ਕੱਲੀ ਕਰਨ ਵਾਲੀ ਹੈ, ਖੇਤ ਵੀ ਸਾਂਭ ਲੈਂਦੀ ਹੈ, ਪਸ਼ੂ ਵੀ ਤੇ ਘਰ

ਵੀ, ਦੇਖ ਲਓ ਨਿਆਣੇ ਵੀ ਪੜ੍ਹਾਈ ਜਾਂਦੀ ਆ, ਬੜੀ ਦਿਲਦਾਰ ਹੈ ਤੇ ਦਲੇਰ ਵੀ, ਸੋਟਾ ਮਾਰ ਕੇ ਸਭ ਨੂੰ ਠੀਕ ਕਰਨ ਵਾਲੀ...।" ਤੇ ਫੇਰ ਖੁੱਲ੍ਹ ਕੇ ਹੱਸਦੀ ਸੀ। ਮੈਨੂੰ ਮਾਂ ਦੀ ਇੱਕ ਗੱਲ ਨਹੀਂ ਭੁੱਲਦੀ, ਜਦ ਉਹ ਰਾਹ 'ਚ ਤੁਰੀ ਆਉਂਦੀ ਸੀ ਤੇ ਉਸਦੀ ਅੱਖਾਂ ਦੀ ਨਜ਼ਰ ਅਜੇ ਚੰਗੀ ਸੀ ਤਾਂ ਜੋ ਉਹ ਰਾਹ 'ਚ ਕਿਤੇ ਕਣਕ ਦਾ ਦਾਣਾ ਜਾਂ ਛੋਲਿਆਂ ਦਾ ਦਾਣਾ ਪਿਆ ਵੇਖਦੀ ਸੀ ਤਾਂ ਚੁੱਕ ਕੇ ਲੈ ਆਉਂਦੀ ਸੀ ਆਪਣੀ ਹਥੇਲੀ ਤੇ ਰੱਖ ਕੇ, ਦਾਣਿਆਂ ਦੀ ਕੋਠੀ ਜਾਂ ਦਾਣਿਆਂ ਦੇ ਭੜੋਲੇ ਜਾਂ ਦਾਣਿਆਂ ਦੇ ਢੇਰ 'ਚ ਰਲਾ ਦਿੰਦੀ ਸੀ। ਕਿਨੀ ਕਦਰ ਸੀ ਉਸਨੂੰ ਅੰਨ ਦੀ, ਫ਼ਸਲ ਦੀ! ਮੇਰੇ ਪਾਪਾ ਨੂੰ ਉਹ ਬਹੁਤ ਪਿਆਰ ਕਰਦੀ ਸੀ। ਪਾਪਾ ਰਾਤ ਨੂੰ ਘਰ ਆਉਂਦੇ ਸਨ ਤਾਂ ਜਦੋਂ ਬੈਠਦੇ ਸਨ ਜਾਂ ਰੋਟੀ ਖਾ ਰਹੇ ਹੁੰਦੇ ਸਨ ਮਾਂ ਆਪਣੀ ਹੱਥੀਂ ਉਨ੍ਹਾਂ ਦੀ ਦਾਲ ਸਬਜ਼ੀ 'ਚ ਹੋਰ ਦੇਸੀ ਘਿਉ ਰਲਾ ਦਿੰਦੀ ਸੀ ਤੇ ਕੋਲ ਬੈਠ ਕੇ ਦਿਨ ਭਰ ਦੀਆਂ ਘਟਨਾਵਾਂ ਸੁਣਾਉਂਦੀ ਸੀ। ਮੇਰੇ ਪਾਪਾ ਧਿਆਨ ਨਾਲ ਮਾਂ ਦੀਆਂ ਗੱਲਾਂ ਸੁਣਦੇ ਸਨ ਤੇ ਜੋ ਮਾਂ ਕਹਿੰਦੀ ਸੀ ਉਹੀ ਕਰਦੇ ਸਨ, "ਅਗਲੇ ਸਾਲ ਕਾਕਾ, ਮਲੂਕੇ ਨੂੰ ਖੇਤ ਨਾ ਦਈਂ, ਚੁੰਨ੍ਹਾ ਜਿਹਾ ਬੜਾ ਬੇਈਮਾਨ ਆ, ਗੁੜ ਦੇ ਟੋਕਰੇ ਸਿੱਧੇ ਪਹਿਲਾਂ ਹੀ ਆਪਣੇ ਘਰ ਲੁਕੋ ਦਿੰਦਾ ਆ, ਮੈਨੂੰ ਤਾਂ ਖ਼ਰਾ ਨ੍ਹੀਂ ਲੱਗਦਾ।"

"ਚੰਗਾ" ਪਾਪਾ ਹੁੰਗਾਰਾ ਭਰਦੇ। ਤੇ ਅਗਲੇ ਸਾਲ ਖੇਤ ਕਿਸੇ ਹੋਰ ਨੂੰ ਦੇ ਦਿੰਦੇ ਕਦੇ ਬੂਝੇ ਨੂੰ, ਕਦੇ ਭਾਨੇ ਨੂੰ... ਜਿਸਨੂੰ ਮਾਂ ਕਹਿੰਦੀ।

ਜੋ ਵੱਡੀ ਯਾਦ ਮੇਰੇ ਮਨ ਅੰਦਰ ਸਦਾ ਖਲਬਲੀ ਮਚਾ ਕੇ ਰੱਖਦੀ ਸੀ ਉਹ ਸੀ ਮੇਰੀ ਮਾਂ ਦੀ ਮੌਤ! ਮੇਰੀ ਮਾਂ ਯਾਨਿ ਮੇਰੀ ਦਾਦੀ ਨੂੰ ਕੋਈ ਬੀਮਾਰੀ ਨਹੀਂ ਸੀ, ਉਹ ਛੋਟੇ ਕੱਦ ਦੀ, ਥੋੜ੍ਹੇ ਜਿਹੇ ਭਰਵੇਂ ਸਰੀਰ ਦੀ ਸੋਹਣੇ ਨੈਣ ਨਕਸਾਂ ਵਾਲੀ ਔਰਤ ਸੀ, ਮੋਟੀਆਂ ਮੋਟੀਆਂ ਅੱਖਾਂ, ਤਿੱਖਾ ਨੱਕ, ਪਤਲੇ ਬੁੱਲ੍ਹ ਤੇ ਗੋਰਾ ਰੰਗ, ਜੋ ਸਦਾ ਹੱਸ ਹੱਸ ਕੇ ਆਪਣੇ ਪਤੀ ਨੂੰ ਯਾਦ ਕਰਦੀ ਹੁੰਦੀ ਸੀ ਯਾਨਿ ਮੇਰੇ ਬਾਪੂ ਜੀ ਨੂੰ ਜੋ ਸਵਰਗ ਸੁਧਾਰ ਚੁੱਕੇ ਸਨ। ਦੱਸਦੀ ਹੁੰਦੀ ਸੀ ਕਿ ਜਦ ਮੈਂ ਵਿਆਹੀ ਆਈ ਤਾਂ ਆਉਂਦੀ ਹੀ ਤੁਹਾਡੇ ਬਾਪੂ ਜੀ ਨਾਲ ਵਿਹੜੇ 'ਚ ਖੇਡਣ ਲੱਗ ਪਈ, ਛੋਟੀ ਜਿਹੀ ਜੂ ਸੀ ਸਿਰਫ ਪੰਜ ਸਾਲਾਂ ਦੀ, ਫੇਰ ਪੇਕੇ ਮੁੜ ਗਈ ਤੇ ਜਦ ਸੋਲਾਂ ਸਾਲਾਂ ਦੀ ਹੋ ਗਈ ਤਾਂ ਮੁਕਲਾਵੇ ਆਈ ਫੇਰ ਤਾਂ ਕਹਿੰਦੀ, "ਮੈਂ ਤੁਹਾਡੇ ਬਾਪੂ ਜੀ ਤੋਂ ਏਨ੍ਹਾਂ ਸੰਗਦੀ ਸਾਂ ਕਿ ਇਕ ਸਾਲ ਤੱਕ ਦਿਨ ਨੂੰ ਮੈਂ ਕਦੇ ਤੁਹਾਡੇ ਬਾਪੂ ਜੀ ਦਾ ਮੁਖੜਾ ਨਹੀਂ ਵੇਖਿਆ ਸੀ, ਸਿਰਫ ਰਾਤ ਨੂੰ ਜਦੋਂ ਉਹ ਮੈਨੂੰ ਇਕੱਲੀ ਨੂੰ ਅੰਦਰ ਜਲੇਬੀਆਂ ਲਿਆ ਕੇ ਖੁਆਉਂਦੇ ਸਨ ਤਾਂ ਮੈਂ ਸੰਗਦੀ ਸੰਗਦੀ ਉਨ੍ਹਾਂ ਦੇ ਚਿਹਰੇ ਵੱਲ ਵੇਖ ਲੈਂਦੀ ਸਾਂ...।" ਮਾਂ ਹੱਸਦੀ ਸੀ, ਖੁੱਲ੍ਹ ਕੇ ਹੱਸਦੀ ਸੀ, ਪਰ ਹਮੇਸ਼ਾ ਮੇਰੇ ਮਨ ਅੰਦਰ ਇਹੀ ਵਿਚਾਰ ਘਰ ਕਰੀ ਰੱਖਦਾ ਕਿ ਮਾਂ ਸਾਨੂੰ ਪਿਆਰ ਨਹੀਂ ਕਰਦੀ...।" ਇਹੀ ਖਿਆਲ ਮੈਨੂੰ ਮਾਂ ਦੀ ਸੰਗਤ ਮਾਨਣ ਨਹੀਂ ਦਿੰਦਾ ਸੀ, ਮੈਂ ਜਬਰਦਸਤੀ ਆਪਣੇ ਆਪ ਨੂੰ ਮਾਂ ਤੋਂ ਦੂਰ ਕਰਦੀ ਸਾਂ, ਉਸਦੀ ਅਵਹੇਲਣਾ ਕਰਦੀ ਸਾਂ, ਮੇਰੀ ਬੀਜੀ ਵੀ ਇਸੀ ਗਿਲੇ ਦੀ ਸ਼ਿਕਾਰ ਰਹਿੰਦੀ ਸੀ ਕਦੀ ਕਦੀ ਪਾਪਾ ਜੀ ਨੂੰ ਮਾਂ ਦੀਆਂ ਜ਼ਿਆਦਤੀਆਂ ਸੁਣਾਉਂਦੀ ਸੀ। ਮੇਰੇ ਪਾਪਾ ਆਪਣੀ ਮਾਂ ਨੂੰ ਬਹੁਤ ਪਿਆਰ ਕਰਦੇ ਸਨ ਤੇ ਮੇਰੀ ਬੀਜੀ ਨੂੰ ਵੀ ਬਹੁਤ ਹੀ ਪਿਆਰ ਕਰਦੇ ਸਨ। ਵਿਚਾਰੇ ਕਦੇ ਕਦੇ ਸਸ਼ੋਪੰਜ 'ਚ ਲੱਗਦੇ ਸਨ ਕਿ ਕਿਸਨੂੰ ਕੀ ਕਹਿਣ...।

ਹਾਂ ਤੇ ਦੱਸ ਰਹੀ ਸਾਂ ਕਿ ਮੇਰੀ ਦਾਦੀ ਇੱਕ ਤੰਦਰੁਸਤ ਔਰਤ ਸੀ, ਬੱਸ ਕਦੀ ਕਦੀ ਬਾਦੀ 'ਚ ਸਰੀਰ ਹੋਣ ਦੀ ਸ਼ਿਕਾਇਤ ਕਰਦੀ ਸੀ ਤੇ ਆਪਣੇ ਲਈ ਸੁੰਢ ਬਣਾਉਂਦੀ ਸੀ ਤੇ ਆਪਣੇ ਵੱਡੇ ਸਾਰੇ ਪਿੱਤਲ ਦੇ ਕੋਲੇ 'ਚ ਸੁੰਢ ਪਾ ਕੇ ਰੋਟੀ ਚੂਰ ਕੇ ਭਿਉਂ ਕੇ ਫੇਰ ਖਾਂਦੀ ਸੀ। ਉਹ ਪਿੱਤਲ ਦਾ ਵੱਡਾ ਕੌਲਾ ਮਾਂ ਦਾ ਬੜਾ ਫੇਵਰੇਟ ਸੀ, ਉਸ ਨੂੰ ਧੋ ਕੇ ਪੂੰਝ ਕੇ ਉਹ ਆਪਣੇ ਵੱਡੇ ਕਮਰੇ 'ਚ ਚੱਕੀ ਦੇ ਉੱਪਰ ਬਣੇ ਆਲੇ 'ਚ ਰੱਖ ਦਿੰਦੀ ਸੀ, ਜਿੱਥੇ ਉਸਦੀ ਨਾਮ ਜਪਣ ਵਾਲੀ ਮਾਲਾ ਤੇ ਕੰਘੀ ਵੀ ਪਈ ਹੁੰਦੀ ਸੀ ਆਲੇ ਨੂੰ



ਲੱਕੜੀ ਦਾ ਦਰਵਾਜਾ ਵੀ ਲੱਗਿਆ ਹੋਇਆ ਸੀ, ਜਿਸਨੂੰ ਮਾਂ ਟੋਹ ਟੋਹ ਕੇ ਬੰਦ ਕਰ ਦਿੰਦੀ ਸੀ।

ਮਰਨ ਤੋਂ ਤਿੰਨ ਕੁ ਦਿਨ ਪਹਿਲਾਂ ਮਾਂ ਨੂੰ ਬੁਖ਼ਾਰ ਚੜ੍ਹ ਗਿਆ ਸੀ। ਚੰਗੀ ਭਲੀ ਤੁਰੀ ਫਿਰਦੀ ਸੀ ਕਿ ਬੁਖਾਰ ਨਾਲ ਹੂੰਗਣ ਲੱਗ ਪਈ। ਅਸੀਂ ਉਦੋਂ ਤੱਕ ਪਿੰਡ ਹੀ ਸ਼ਿਫ਼ਟ ਕਰ ਚੁੱਕੇ ਸਾਂ ਪਾਪਾ ਰਿਟਾਇਰ ਹੋ ਚੁੱਕੇ ਸਨ। ਉਨ੍ਹਾਂ ਹੀ ਦਿਨਾਂ 'ਚ ਬੀਜੀ ਨੇ ਪਾਪਾ ਨੂੰ ਮਾਂ ਦੀਆਂ ਜ਼ਿਆਦਤੀਆਂ ਜੋ ਉਹ ਅਕਸਰ ਕਰਦੀ ਸੀ ਕਿ ਨਿਆਣਿਆਂ 'ਚ ਫਰਕ ਕਰਨਾ। ਅਸੀਂ ਦੁੱਧ ਪੀਣਾ ਤਾਂ ਮਾਂ ਦਾ ਇਹ ਕਹਿਣਾ, 'ਕਿ ਕੁੜੀਆਂ ਨਹੀਂ ਦੁੱਧ ਪੀਂਦੀਆਂ...।" ਮਾਲਪੂੜੇ, ਗੁਲਗੁਲੇ ਪਿੰਨੀਆਂ ਖਾਣੀਆਂ ਤਾਂ ਮਾਂ ਦਾ ਇਹੀ ਕਹਿਣਾ, "ਕੁੜੀਆਂ ਨਹੀਂ ਏਨ੍ਹਾਂ ਖਾਂਦੀਆਂ।" ਬੀਜੀ ਨੂੰ ਇਹ ਚੰਗਾ ਨਹੀਂ ਲੱਗਦਾ ਸੀ। ਇਹੋ ਜਿਹੀਆਂ ਹੀ ਛੋਟੀਆਂ ਮੋਟੀਆਂ ਗੱਲਾਂ ਬੀਜੀ ਪਾਪਾ ਨੂੰ ਸੁਣਾਉਂਦੀ ਕਹਿੰਦੀ ਸੀ। ਪਾਪਾ ਮਾਂ ਤੋਂ ਖਿੱਝੇ ਖਿੱਝੇ ਜਿਹੇ ਰਹਿਣ ਲੱਗੇ ਕਿ ਮਾਂ ਨੂੰ ਬੁਖਾਰ ਨੇ ਘੇਰ ਲਿਆ, ਉਸਤੋਂ ਤਿੰਨ ਕੁ ਦਿਨ ਪਹਿਲਾਂ ਇੱਕ ਹੋਰ ਘਟਨਾ ਵੀ ਘਟੀ ਸੀ। ਘਰ ਦਾ ਨੌਕਰ ਪੰਮਾ ਮਸ਼ੀਨ ਤੇ ਸਰੋਂ ਲੈ ਕੇ ਗਿਆ ਸੀ ਤੇਲ ਦੀ ਘਾਣੀ ਕਢਾਉਣ! ਤੇਲ ਦੀ ਪੀਪੀ ਲੈ ਕੇ ਸਾਇਕਲ ਤੇ ਘਰ ਮੁੜ ਰਿਹਾ ਸੀ ਕਿ ਤੇਲ ਦੀ ਪੀਪੀ ਸਾਇਕਲ ਦੇ ਕੈਰੀਅਰ ਤੇ ਰੱਸੀ 'ਚ ਬੱਝੀ ਹੋਈ ਸੀ ਪਰ ਤਿਲਕ ਕੇ ਸੜਕ ਤੇ ਡਿੱਗ ਗਈ ਤੇ ਅੱਧੇ ਤੋਂ ਵੱਧ ਤੇਲ ਰੁੜ ਗਿਆ। ਮਾਂ ਉਸਨੂੰ ਬਹੁਤ ਹੀ ਗੁੱਸੇ ਹੋਈ, ਹੱਥ 'ਚ ਫੜੀ ਸੋਟੀ ਵਿਹੜੇ ਦੇ ਇੱਟਾਂ ਦੇ ਫਰਸ਼ ਤੇ ਮਾਰ ਮਾਰ ਪੰਮੇ ਨੌਕਰ ਨੂੰ ਕੋਸ ਰਹੀ ਸੀ।

"ਨਾ ਹੋਣਾ, ਥੇਹ ਪੈਣਾ, ਕੀੜੇ ਪੈਣ ਤੇਰੇ... ਮੋਇਆ ਚੱਜ ਨਾਲ ਨਹੀਂ ਸੀ ਸਾਂਭ ਹੁੰਦੀ ਪੀਪੀ ... ਲੜ ਜੇ ਤੇਰੇ ਨਾਗ ਕਾਲਾ...।"

ਤੇ ਪਤਾ ਨਹੀਂ ਕੀ ਕੀ ਰਾਤ ਨੂੰ ਪਾਪਾ ਘਰ ਆਏ ਤਾਂ ਮਾਂ ਤਾਂ ਭਰੀ ਫਿੱਸੀ ਪਈ ਸੀ, ਲੱਗ ਪਈ ਮਾਮਾ ਨੂੰ ਪੰਮੇ ਨੌਕਰ ਦੀ ਸ਼ਿਕਾਇਤ ਲਾਉਣ,

"ਕੱਢ ਏਹਨੂੰ ਘਰੋਂ ਬਾਹਰ ਸਾਨੂੰ ਨ੍ਹੀਂ ਚਾਹੀਦਾ, ਪੇਅ ਅਰਗਾ ਈ ਚੋਰ ਆ... ਜੁੱਤੀਆਂ ਖਾਣ ਜੋਗਾ... ।" "ਤੈਨੂੰ ਹੁਣ ਕੀ ਇਨ੍ਹਾਂ ਗੱਲਾਂ ਨਾਲ... ਬੱਸ ਕਰ, ਨਾਮ ਜਪਿਆ ਕਰ ਹੁਣ ਰਾਮ ਨਾਲ... ਉਸ ਕਿਤੇ ਜਾਣ ਕੇ ਸੁੱਟੀ ਆ ਪੀਪੀ, ਡਿੱਗ ਪਈ ਹੋਊ... ਤੂੰ ਕਾਹਨੂੰ ਸਵੇਰ ਦਾ ਘਰ ਸਿਰ ਤੇ ਚੁੱਕਿਆ ਹੋਇਆ...।" ਪਾਪਾ ਨੇ ਸ਼ਾਇਦ ਪਹਿਲੀ ਵਾਰ ਮਾਂ ਦੀ ਗੱਲ ਕੱਟੀ ਸੀ। ਸਾਇਦ ਬੀਜੀ ਨੂੰ ਖੁਸ਼ ਕਰਨ ਲਈ ਜਾਂ ਸ਼ਾਇਦ ਅੱਜ ਉਹ ਬਾਹਰੋਂ ਹੀ ਅਪਸੈੱਟ ਆਏ ਸਨ, ਕਚਿਹਰੀਆਂ ਨੂੰ ਤੁਰੇ ਰਹਿੰਦੇ ਸਨ, ਲੋਕਾਂ ਦਾ ਕੰਮ ਕਰਾਉਣ ਸ਼ਾਇਦ ਕਿਸੇ ਸਿਰਫਿਰੇ ਕਲਰਕ ਨੇ ਅੱਕ ਕੇ ਕੁੱਝ ਬੈਕ ਅਨਸਰ ਕੀਤਾ ਹੋਣੇ ਪਾਪਾ ਅੱਗੇ... ਖੌਰੇ ਕੀ ਕਾਰਨ ਸੀ ਕਿ ਪਾਪਾ ਨੇ ਮਾਂ ਦੀ ਗੱਲ ਅੱਗੇ ਫੁੱਲ ਨਹੀਂ ਚੜ੍ਹਾਏ ਸਨ ਸਗੋਂ ਮਾਂ ਦੀ ਗੱਲ ਕੱਟ ਕੇ ਰੱਖ ਦਿੱਤੀ ਸੀ। ਏਨੀ ਅਨਹੋਣੀ ... ਇਹ ਤਾਂ ਪਰਲੋ ਆਉਣ ਵਾਲੀ ਗੱਲ ਹੋ ਗਈ ਸੀ। ਮਾਂ ਹੱਕੀ ਬੱਕੀ ਰਹਿ ਗਈ ਸੀ, ਉਸਦਾ ਮੂੰਹ ਤੇ ਅੱਖਾਂ ਟੱਡੀਆਂ ਹੀ ਰਹਿ ਗਈਆਂ ਸਨ, ਪਾਪਾ ਉੱਠ ਕੇ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਏ ਸਨ। ਮਾਂ ਚੁੱਪ ਚਾਪ ਬੈਠੀ ਰਹਿ ਗਈ ਸੀ, ਫੇਰ ਮੈਨੂੰ ਏਨ੍ਹਾਂ ਯਾਦਾ ਹੈ ਕਿ ਮਾਂ ਨੂੰ ਬੁਖਾਰ ਚੜ੍ਹ ਗਿਆ ਸੀ। ਪਾਪਾ ਰੋਜ਼ ਬਾਹਰ ਦੇ ਕੰਮ 'ਚ ਵਿਅਸਥ ਸਨ। ਰਾਤ ਨੂੰ ਘਰ ਆਉਂਦੇ ਮਾਂ ਦੇ ਕਮਰੇ ਵੱਲ ਵੇਖਦੇ ਨਿਆਣਿਆਂ ਤੋਂ ਪੁੱਛਦੇ ਮਾਂ ਨੂੰ ਦੁਆਈ ਦਿੱਤੀ ਫੇਰ ਰੋਟੀ ਖਾ ਕੇ ਉਪਰ ਚੁਬਾਰੇ ਦੀਆਂ ਪੌੜੀਆਂ ਚੜ੍ਹ ਜਾਂਦੇ... ਮਾਂ ਕੋਲ ਜਾ ਕੇ ਨਾ ਬੈਠਦੇ, ਜਿਵੇਂ ਹਮੇਸ਼ਾ ਬੈਠਦੇ ਸਨ... ਤੀਸਰੀ ਰਾਤ ਪਾਪਾ ਚੁਬਾਰੇ ਦੇ ਬਾਹਰ ਮੰਜੇ ਤੇ ਪਏ ਸਨ ਤੇ ਅਸੀਂ ਸਾਰੇ ਵਿਹੜੇ 'ਚ ਮੰਜੇ ਬਿਸਤਰੇ ਬਿਛਾ ਰਹੇ ਸਾਂ, ਮਾਂ ਅੰਦਰੋਂ ਆਈ ਹੂੰਗਦੀ ਹੂੰਗਦੀ ਮੇਰੇ ਦੁੱਧ ਚਿੱਟੇ ਵਿਛੇ ਬਿਸਤਰੇ ਤੇ ਲੰਮੀ ਪੈ ਗਈ, ਮੈਂ ਹੈਰਾਨ ਸਾਂ, ਮਾਂ ਏਥੇ ਆ ਕੇ ਕਿਉਂ ਪੈ ਗਈ, ਮੈਂ ਕਿਹਾ, "ਮਾਂ ਇਹ ਮੇਰਾ ਬਿਸਤਰਾ ਹੈ, ਏਥੇ ਕਿਉਂ ਪੈ ਗਈ... ਹੈਂ ਮਾਂ...?"

ਪਰ ਮਾਂ ਨੇ ਇਸ ਗੱਲ ਦਾ ਜੁਆਬ ਨਹੀਂ ਦਿੱਤਾ, ਸਗੋਂ ਉੱਚੀ ਆਵਾਜ਼ 'ਚ ਕਿਹਾ, "ਬੱਬੂ!" ਇਹ ਮੇਰਾ ਸਭ ਤੋਂ ਛੋਟਾ ਭਰਾ ਸੀ ਜਿਸਨੂੰ ਮਾਂ ਨੇ ਆਵਾਜ਼ ਮਾਰੀ ਸੀ।" ਤੇ ਪ੍ਰਾਣ ਤਿਆਗ ਦਿੱਤੇ ਸਨ। ਉਦੋਂ ਤੱਕ ਮੇਰੀ ਵੱਡੀ ਭਾਬੀ ਤੇ ਭਤੀਜੇ, ਭਤੀਜੀਆਂ ਤਾਂ ਵਲੈਤ ਜਾ ਚੁੱਕੇ ਸਨ, ਇਹ ਤਾਂ ਪੰਜ ਸਾਲਾਂ ਬਾਅਦ ਦੀ ਗੱਲ ਹੈ, ਮਾਂ ਦੀ ਉਮਰ ਵੀ ਉਦੋਂ ਚੁਰਾਸੀ ਪਚਾਸੀ ਤੋਂ ਵੱਧ ਹੋ ਚਲੀ ਸੀ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਮਾਂ ਨੇ ਆਪਣੇ ਇੱਕੋ ਇਕ ਲਾਡਲੇ ਪੁੱਤ ਨੂੰ 'ਵਾਜ਼ ਨਹੀਂ ਮਾਰੀ, ਆਪਣੇ ਲਾਡਲੇ ਪੋਤਿਆਂ ਨੂੰ 'ਵਾਜ਼ ਨ੍ਹੀਂ ਮਾਰੀ, ਆਪਣੇ ਲਾਡਲੇ ਪੜਪੋਤੇ ਪੜਪੋਤੀਆਂ ਨੂੰ 'ਵਾਜ਼ ਨ੍ਹੀਂ ਨਹੀਂ ਮਾਰੀ ਜਿਨ੍ਹਾਂ ਨੂੰ ਉਨ੍ਹਾਂ ਦੇ ਵਲੈਤ ਜਾਣ ਦੇ ਪਿਛੋਂ ਕੋਠੇ ਤੇ ਚੜ੍ਹ ਚੜ੍ਹ ਵਾਜਾਂ ਮਾਰਦੀ ਸੀ। ਪਰ ਮੇਰੇ ਸਭ ਤੋਂ ਛੋਟੇ ਵੀਰ 'ਬੱਬੂ।" ਨੂੰ 'ਵਾਜ਼ ਮਾਰੀ, ਕਿਉਂ? ਸ਼ਾਇਦ ਉਸਨੇ ਪਾਣੀ ਮੰਗਣਾ ਸੀ, ਸ਼ਾਇਦ ਉਸਦੀਆਂ ਟੁੱਟ ਰਹੀਆਂ ਸਨ ਤੇ ਉਸਨੂੰ ਪਤਾ ਸੀ ਕਿ ਉਸਦਾ ਆਪਣਾ ਲਾਡਲਾ ਪੁੱਤ ਜਾਣਿ ਕਿ ਮੇਰੇ ਪਾਪਾ ਤਾਂ ਉਸ ਨਾਲ ਰੁੱਸਿਆ ਹੋਇਆ ਹੈ... ਇਸ ਲਈ ਬੱਬੂ ਨੂੰ 'ਵਾਜ਼ ਮਾਰੀ, ਬੱਬੂ ਵੈਸੇ ਵੀ ਸਿਆਣਾ ਤੇ ਕੰਮ ਕਰਨ ਵਾਲਾ ਮੁੰਡਾ ਸੀ... ਸ਼ਾਇਦ ਏਸ ਲਈ। ਪਰ ਜੋ ਵੀ ਸੀ... ਮਾਂ ਚਲੀ ਗਈ ਸੀ, ਪਾਪਾ ਹੇਠਾਂ ਆਏ, ਡਾਕਟਰ ਬੁਲਾਇਆ ਗਿਆ, ਉਸਨੇ ਨਬਜ਼ ਵੇਖੀ ਤੇ ਨਾਂਹ 'ਚ ਸਿਰ ਹਿਲਾਇਆ। ਸਾਰਾ ਵਿਹੜਾ ਲੋਕਾਂ ਨਾਲ ਭਰ ਗਿਆ। ਮੇਰੀ ਬੀਜੀ ਰੋ ਰਹੀ ਸੀ। ਅਸੀਂ ਵੀ ਸਭ ਭੈਣ ਭਰਾ ਰੋ ਰਹੇ ਸਾਂ, ਪਰ ਪਾਪਾ ਵਿਹੜੇ 'ਚ ਖੜੇ ਸਨ ਕਦੇ ਰੋ ਪੈਂਦੇ ਸਨ ਤੇ ਕਦੇ ਤੁਰਨ ਲੱਗਦੇ ਸਨ, ਬਸ ਉਸ ਰਾਤ ਤੋਂ ਬਾਅਦ ਪਾਪਾ ਤੇ ਜੋ ਡਿਪਰੈਸ਼ਨ ਆਇਆ, ਉਹ ਜਿਉਂ ਦਾ ਤਿਉਂ ਮੇਰੀਆਂ ਯਾਦਾਂ 'ਚ ਤਾਜਾਂ ਹੈ... ਕਿਵੇਂ ਪਾਪਾ ਘਰ ਦੀਆਂ ਕੰਧਾਂ ਨੂੰ ਫੜ ਫੜ ਰੋਂਦੇ ਸਨ, ਕਿਵੇਂ ਮਾਂ ਦੀ ਕਬਰ 'ਤੇ ਜਾ ਜਾ ਮਾਂ ਨੂੰ 'ਵਾਜ਼ਾਂ ਮਾਰਦੇ ਸਨ, ਕਿਵੇਂ ਰੋਟੀ ਦੀ ਬੁਰਕੀ ਪਾਪਾ ਦੇ ਮੂੰਹ 'ਚ ਫੁੱਲ ਜਾਂਦੀ ਸੀ ਤੇ ਉਹ ਬੁਰਕੀ ਮੂੰਹ 'ਚੋਂ ਕੱਢ ਹੱਥ ਨਾਲ ਥਾਲ 'ਚ ਹੀ ਮੁੜ ਰੱਖ ਦਿੰਦੇ ਸਨ, ਕਿਵੇਂ ਗਰਮੀਆਂ ਦੀ ਸਿਖਰ ਦੁਪਹਿਰ ਨੂੰ ਉਹ ਚੁਬਾਰੇ 'ਚ ਸੁੱਤੇ ਸੁੱਤੇ ਅਭੜਵਾਹੇ ਉੱਠ ਕੇ ਬੈਠ ਜਾਂਦੇ ਸਨ, ਕਿਵੇਂ ਮੈਂ ਉਨ੍ਹਾਂ ਦੇ ਮਗਰ ਮਗਰ ਉਨ੍ਹਾਂ ਦਾ ਖਿਆਲ ਰੱਖਦੀ ਤੁਰੀ ਫਿਰਦੀ ਸਾਂ। ਕਿਵੇਂ ਜਦ ਮਾਂ ਦੀ ਮੌਤ ਤੋਂ ਬਾਅਦ ਪਹਿਲੀ ਵੇਰ ਮੀਂਹ ਵੱਸਿਆ ਤਾਂ ਪਾਪਾ ਬੇਚੈਨ ਹੋ ਗਏ ਸਨ। ਮਾਂ ਦੀ ਕਬਰ ਤੇ ਪਹਿਲਾਂ ਮੀਂਹ ਵੱਸਿਆ ਹੈ ਮਾਂ ਤਾਂ ਭਿੱਜ ਗਈ... ਮੇਰੀ ਮਾਂ ਭਿੱਜ ਗਈ...।" ਪਾਪਾ ਰੋਂਦੇ ਵੇਖ ਨਹੀਂ ਹੁੰਦੇ ਸਨ, ਲੋਕ ਹੈਰਾਨ ਹੋ ਹੋ ਪਾਪਾ ਵੱਲ ਵੇਖਦੇ ਸਨ... ਏਨਾਂ ਪੜ੍ਹਿਆ ਲਿਖਿਆ ਸਰਦਾਰ ਕਦੇ ਏਦਾਂ ਰੋਂਦਾ ਵੇਖਿਆ ਕਿਸੇ ਨੇ ਆਪਣੀ ਬੁੱਢੀ ਮਾਂ ਲਈ... ਬਹੁਤ ਸਮਾਂ ਪਾ ਕੇ ਸ਼ਾਇਦ ਦੋ ਤਿੰਨ ਸਾਲ ਬਾਅਦ ਪਾਪਾ ਸੰਭਲੇ ਸਨ, ਲੋਹੜੀ ਦੀਵਾਲੀ ਮਨਾਉਣ ਲੱਗੇ ਸਨ... ਵਰਨਾ ਸਦਾ ਸੋਗ 'ਚ ਮਾਂ ਨੂੰ ਯਾਦ ਕਰਦੇ ਰਹਿੰਦੇ ਸਨ, ਕਦੇ ਕਦੇ ਨਾਲ ਹੀ ਬਾਪੂ ਜੀ ਨੂੰ ਵੀ...।

ਆਪਣੀ ਜ਼ਿੰਦਗੀ ਦੀ ਇਸ ਯਾਦ ਨੂੰ ਮੈਂ ਲੰਬੀ ਕਹਾਣੀ ਦੇ ਰੂਪ 'ਚ ਲਿਖਿਆ ਬਾਅਦ ਵਿਚ ਜਦ ਮੈਂ ਗਿਆਰਵੀਂ 'ਚ ਪੜ੍ਹਦੀ ਸਾਂ, ਮਾਹਿਲਪੁਰ ਕਾਲਿਜ 'ਚ ਪੜ੍ਹਨ ਲੱਗ ਪਈ ਸਾਂ ਉਦੋਂ! ਕਹਾਣੀ ਦਾ ਨਾਂ ਰੱਖਿਆ ਸੀ, 'ਖਲਾਅ'। ਮਾਂ ਦੇ ਬਹੁਤ ਬਰੀਕ ਵੇਰਵੇ ਮੈਂ ਇਸ ਕਹਾਣੀ ਵਿਚ ਚਿਤਰ ਸਕੀ ਸਾਂ। ਯਾਦਾਂ ਜਦੋਂ ਕਹਾਣੀ ਵਿਚ ਬਦਲ ਜਾਂਦੀਆਂ ਹਨ ਤਾਂ ਇਹ ਲੋਕ ਪੀੜਾ ਬਣ ਜਾਂਦੀਆਂ ਹਨ ਜਿਵੇਂ ਇਹ ਕਹਾਣੀ ਲੋਕ ਪੀੜਾ ਬਣ ਗਈ ਹੈ।

ਮੋਬਾ. 09819077617



## ਮੈਲ਼/ - ਗੁਰਮੀਤ ਕੜਿਆਲਵੀ

ਅੱਠਵੀਂ ਏ ਜਮਾਤ ਦਾ ਹਾਲ ਕਮਰਾ। ਕਮਰੇ ਵਿੱਚ ਬਰਾ ਬਰੋਬਰ ਚਾਰ ਟੇਬਲ ਲੱਗਦੈ ਸਨ। ਬਿਲਕੁਲ ਖੱਬੇ ਹੱਥ ਦਰਵਾਜੇ ਦੇ ਨਾਲ ਕਰਕੇ ਪਹਿਲਾ ਟੇਬਲ ਸੀ ਜਿਸਤੇ ਮੈਂ ਆਪਣੇ ਦੋ ਸਾਥੀਆਂ ਨਾਲ ਬੈਠਿਆਂ ਕਰਦਾਂ ਸਾਂ। ਜਮਾਤ ਦਾ ਹੁਸ਼ਿਆਰ ਵਿਦਿਆਰਥੀ ਅਤੇ ਮੋਨੀਟਰ ਹੋਣ ਕਰਕੇ ਵੀ ਮੈਂ ਅੱਗੇ ਹੀ ਬੈਠਣਾ ਹੁੰਦਾ ਸੀ। ਪਿੱਛੇ ਬੈਠਣਾ ਵੈਸੇ ਵੀ ਮੈਨੂੰ ਚੰਗਾ ਨਹੀਂ ਸੀ ਲੱਗਦਾ। ਹਿਸਾਬ ਵਾਲੇ ਮਾਸਟਰ ਦਾ ਚੌਥਾ ਪੀਰੀਅਡ ਹੁੰਦਾ ਸੀ। ਅੱਧੀ ਛੁੱਟੀ ਤੋਂ ਐਨ ਪਹਿਲਾਂ। ਇਸ ਮਾਸਟਰ ਦੀ ਸਾਰੀ ਕਲਾਸ ਦੇ ਦਿਲੋਂ ਦਿਮਾਗਾਂ ਉਪਰ ਹੀ ਦਹਿਸ਼ਤ ਸੀ। ਇਸ ਮਾਸਟਰ ਜੀ ਦੀ ਗਿੱਦੜ ਕੁੱਟ ਤੋਂ ਸਾਰੇ ਹੀ ਚਾਲੂ ਸਨ। ਜਮਾਤ 'ਚੋਂ ਇੱਕ ਦੋ ਮੁੰਡਿਆਂ ਅਤੇ ਇੱਕ ਦੋ ਕੁੜੀਆਂ ਨੂੰ ਛੱਡ ਕੇ ਇਸ ਹਿਸਾਬ ਮਾਸਟਰ ਜੀ ਦੇ ਆਖਣ ਅਨੁਸਾਰ " ਮਾਤਾ ਦਾ ਮਾਲ" ਹੀ ਸਨ। ਮੇਰਾ ਹੱਥ ਹਿਸਾਬ ਵਿੱਚੋਂ ਤੰਗ ਤਾਂ ਨਹੀਂ ਸੀ ਪਰ ਖੁੱਲ੍ਹਾ ਵੀ ਨਹੀਂ ਸੀ ਬਹੁਤਾ। ਹਿਸਾਬ ਦੇ ਇਸ ਪੀਰੀਅਡ ਵਿੱਚ ਸਾਰੀ ਕਲਾਸ ਨੂੰ ਹੀ ਸੱਪ ਸੁੰਘ ਜਾਂਦਾ ਸੀ। ਮਾਸਟਰ ਜੀ ਦੇ ਜਮਾਤ ਵਿੱਚ ਵੜਦਿਆਂ ਹੀ ਸਿਵਿਆਂ ਵਰਗੀ ਚੁੱਪ ਕਲਾਸ ਵਿੱਚ ਪਸਰ ਜਾਂਦੀ।

ਉਸ ਦਿਨ ਵੀ ਮਾਸਟਰ ਜੀ ਚੌਥੇ ਪੀਰੀਅਡ ਦੀ ਘੰਟੀ ਵੱਜਦਿਆਂ ਹੀ ਜਮਾਤ ਵਿੱਚ ਆ ਵੜੇ ਸਨ। ਕਲਾਸ ਵਿੱਚ ਆਉਂਦਿਆਂ ਹੀ ਉਸਨੇ ਪਿਛਲੇ ਹਫ਼ਤੇ ਕਰਵਾਏ ਗਏ ਸੁਆਲਾ ਦਾ ਟੈਸਟ ਲੈਣ ਦਾ ਐਲਾਨ ਕਰ ਦਿੱਤਾ ਸੀ। ਸੁਆਲ ਬੋਰਡ ਤੇ ਲਿਖਣ ਤੋਂ ਬਾਅਦ ਮਾਸਟਰ ਜੀ ਨੇ ਲਾਈਨਾਂ ਵਿੱਚ ਚੱਕਰ ਲਾਉਣਾ ਸ਼ੁਰੂ ਕਰ ਦਿੱਤਾ ਸੀ। ਕੁੜੀਆਂ ਵਾਲੇ ਪਾਸਿਉਂ ਚੱਕਰ ਕੱਡਦੇ ਕੱਡਦੇ ਉਹ ਮੇਰੇ ਕੋਲ ਆ ਰੁਕੇ ਸਨ। ਮੈਂ ਆਪਣੇ ਧਿਆਨ ਮਾਸਟਰ ਜੀ ਦੇ ਪਾਏ ਸੁਆਲ ਹੱਲ ਕਰਨ ਵਿੱਚ ਮਗਨ ਸਾਂ। ਮਾਸਟਰ ਜੀ ਦੇ ਸਿਰ ਉੱਤੇ ਆ ਖੜਨ ਦਾ ਵੀ ਮੈਨੂੰ ਕੋਈ ਪਤਾ ਨਹੀਂ ਸੀ ਲੱਗਾ।

"ਆਹ ਕੀ?" ਮਾਸਟਰ ਜੀ ਨੇ ਮੇਰੀ ਕਮੀਜ਼ ਦਾ ਕਾਲਰ ਫੜਕੇ ਹੱਥ ਨਾਲ ਹਿਲਾਇਆ ਸੀ। ਮਾਸਟਰ ਜੀ ਦੇ ਕਹਿਣ ਦਾ ਮਤਲਬ ਮੇਰੇ ਸਮਝ ਨਹੀਂ ਸੀ ਆਇਆ। ਮੈਂ ਹੈਰਾਨੀ ਜਿਹੀ ਨਾਲ ਉਹਨਾਂ ਵੱਲ ਤੱਕਣ ਲੱਗ ਪਿਆ ਸਾਂ। ਲਗਭਗ ਚਾਲੀ ਵਿਦਿਆਰਥੀਆਂ ਵਾਲੀ ਕਲਾਸ ਵੀ ਮੇਰੇ ਟੇਬਲ ਵੱਲ ਵੇਖਣ ਲੱਗ ਪਈ ਸੀ।

"ਆਹ ਮੈਲ਼ ਵੇਖ ਕਿਵੇਂ ਜੰਮੀ ਪਈ ਐ। ਇਹਨੂੰ ਧੋ ਧੁਆ ਤਾਂ ਲਿਆ ਕਰੋ। ਇਹਨੂੰ ਧੋਣ ਤੇ ਕਿੰਨਾ ਕੁ ਚਿਰ ਲੱਗਦਾ ?" ਮਾਸਟਰ ਜੀ ਨੇ ਮੇਰੀ ਕਮੀਜ਼ ਵੱਲ ਵੇਖਦਿਆਂ ਉੱਚੀ ਆਵਾਜ਼ ਵਿੱਚ ਆਖਿਆ ਸੀ। ਕੁੱਝ ਨਹੀਂ ਸਾਂ ਬੋਲਿਆ। ਬੋਲਦਾ ਵੀ ਕੀ? ਮਾਸਟਰ ਜੀ ਇੰਨੇ ਚਿਰ ਨੂੰ ਅੱਗੇ ਚਲੇ ਗਏ ਸਨ। ਮੈਂ ਨੀਵੀਂ ਪਾਈ ਚੋਰ ਅੱਖਾਂ ਨਾਲ ਵੇਖਿਆ, ਕਲਾਸ ਦੇ ਬਹੁਤੇ ਮੁੰਡੇ ਕੁੜੀਆਂ ਅਜੇ ਵੀ ਮੇਰੇ ਵੱਲ ਹੀ ਅੱਖਾਂ ਬਚਾ ਕੇ ਵੇਖ ਰਹੇ ਸਨ। ਮੈਨੂੰ ਤਾਂ ਜਿਵੇਂ ਧਰਤੀ ਹੀ ਵਿਹਲ ਨਹੀਂ ਸੀ ਦੇ ਰਹੀ। ਜਿਹੜੇ ਮਾਸਟਰ ਜੀ ਨੇ ਟੈਸਟ ਵਿੱਚ ਸੁਆਲ ਪਾਏ ਸਨ, ਉਹ ਸਾਰੇ ਮੈਨੂੰ ਆਉਂਦੇ ਸਨ ਪਰ ਹੁਣ ਦਿਮਾਗ਼ ਵਿੱਚ ਹਲਚਲ ਜਿਹੀ ਮੱਚ ਗਈ ਸੀ। ਸੁਆਲ ਸਾਰੇ ਭੁਲ ਗਏ ਸਨ। ਅਜੀਬ ਜਿਹਾ ਰੌਲਾ ਚੱਲ ਰਿਹਾ ਸੀ ਅੰਦਰ। ਦਿਮਾਗ਼ ਵਿੱਚ ਕੇਵਲ ਮਾਸਟਰ ਜੀ ਦੇ ਬੋਲ ਸਨ। ਦਰਅਸਲ ਇਹ ਮਾਸਟਰ ਉਹੋ ਸੀ ਜਿਹੜਾ ਕਦੇ ਕਦਾਈ ਕਲਾਸ ਵਿੱਚ ਕੋਈ ਨਾ ਕੋਈ ਸ਼ੁਰਲੀ ਜਾਤੀਵਾਦ ਦੀ ਵੀ ਚਲਾ ਦਿੰਦਾ ਸੀ। ਕਲਾਸ ਵਿੱਚ ਉਸਦੇ ਜ਼ਹਿਰੀਲੇ ਬੋਲ ਮੇਰੇ ਜਿਹੇ ਕਈ ਵਿਦਿਆਰਥੀ ਦੇ ਅੰਦਰ ਹਲਚਲ ਪੈਦਾ ਕਰਦੇ ਸਨ। ਹੁਣ ਵੀ ਮੈਨੂੰ ਲੱਗਾ ਸੀ ਜਿਵੇਂ ਮਾਸਟਰ ਜੀ ਨੇ ਮੇਰੀ ਕਮੀਜ਼ ਦੇ ਮੈਲ਼ੇ ਹੋਣ ਦੀ ਨਹੀਂ ਮੇਰੀ ਜਾਤ ਦੇ ਮੈਲ਼ੇ ਹੋਣ ਦੀ ਹੀ

ਗੱਲ ਕੀਤੀ ਹੋਵੇ। ਮਾਸਟਰ ਜੀ ਦਾ ਜਾਤੀ ਅਧਾਰਿਤ ਹਮਲਾ ਮੇਰੇ ਤੇ ਨਹੀਂ ਅਕਸਰ ਪੜ੍ਹਾਈ ਵਿੱਚ ਕਮਜ਼ੋਰ ਵਿਦਿਆਰਥੀਆਂ 'ਤੇ ਹੁੰਦਾ ਹੀ ਰਹਿੰਦਾ ਸੀ। ਕੁੱਟ ਦੇ ਨਾਲ ਨਾਲ ਉਹ ਆਪਣੇ ਜ਼ਹਿਰੀਲੇ ਬੋਲਾਂ ਦਾ ਪ੍ਰਸਾਦ ਵੀ ਦਿੰਦਾ ਰਹਿੰਦਾ, "ਕੀ ਲੋੜ ਐ ਥੋਨੂੰ ਪੜਾਈ ਦੀ। ਸਰਕਾਰ ਦੇ ਜੁਆਈ ਓਂ ਤੁਸੀਂ। ਫੀਸਾਂ ਮੁਆਫ। ਕਿਤਾਬਾਂ ਸਰਕਾਰ ਦੇ ਦਿੰਦੀ ਐ। ਉੱਤੋਂ ਵਜ਼ੀਫ਼ਾ...। ਕੀ ਕਰਨਾ ਪੜ੍ਹ ਕੇ? ਸੀਰੀ ਲੱਗਾਂ ਹੋਵੇਂ ਚਾਰ ਮਣ ਦਾਣੇ ਆਉਣ ਮਾਂ-ਪਿਓ ਦੇ ਘਰੇ। ਐਵੇਂ ਟੈਮ ਖਰਾਬ ਕਰਦਾਂ।" ਪਤਾ ਨਹੀਂ ਮਾਸਟਰ ਜੀ ਦੇ ਅੰਦਰੋਂ ਕੋਈ ਨਫ਼ਰਤ ਬੋਲਦੀ ਸੀ ਜਾਂ ਅਣਭੋਲ ਹੀ ਉਹ ਇਹ ਗੱਲਾਂ ਕਹਿ ਜਾਂਦਾ ਸੀ। ਸ਼ਾਇਦ ਉਸਨੂੰ ਇਹ ਗਿਆਨ ਨਹੀਂ ਸੀ ਕਿ ਉਸਦੇ ਇਹ ਬੋਲ ਮੇਰੇ ਵਰਗੇ ਕਿੰਨੇ ਵਿਦਿਆਰਥੀਆਂ ਦੇ ਦਿਲਾਂ ਤੇ ਜ਼ਖ਼ਮ ਕਰ ਦਿੰਦੇ ਸਨ। ਹੁਣ ਵੀ ਮੈਨੂੰ ਇਹੀ ਜਾਪਿਆ ਸੀ ਜਿਵੇਂ ਮਾਸਟਰ ਜੀ ਨੇ ਮੇਰੀ ਘਸੀ ਹੋਈ ਕਮੀਜ਼ ਦੀ ਮੈਲ਼ ਦੀ ਥਾਏਂ ਸਾਡੇ 'ਤੇ ਜੁਗ੍ਹਾ ਜੁਗ੍ਹਾ ਤੋਂ ਚੜੀ ਆਉਂਦੀ ਅਖੌਤੀ ਨੀਵੀਂ ਜਾਤੀ ਦੀ ਮੈਲ਼ ਦੀ ਹੀ ਗੱਲ ਕੀਤੀ ਹੋਵੇ। ਜਿਵੇਂ ਮਾਸਟਰ ਜੀ ਨੇ ਸਾਡੇ ਸਾਰਿਆਂ ਦੀ ਗਰੀਬੀ ਦਾ ਮਜ਼ਾਕ ਉਡਾ ਦਿੱਤਾ ਹੋਵੇ।

ਸਾਰਾ ਪੀਰੀਅਡ ਮੈਂ ਆਪਣੇ ਆਪ ਨਾਲ ਘੋਲ ਕਰਦਾ ਰਿਹਾ ਸਾਂ। ਮੈਲ਼ ਦੀ ਅਜੀਬ ਜਿਹੀ ਗੰਧ ਮੈਨੂੰ ਆਪਣੇ ਆਪ ਤੋਂ ਆਉਣ ਲੱਗੀ ਸੀ। ਮੇਰਾ ਸਾਰਾ ਧਿਆਨ ਤਾਂ ਅੱਧੀ ਛੁੱਟੀ ਦੀ ਘੰਟੀ ਵੱਲ ਹੀ ਲੱਗਾ ਹੋਇਆ ਸੀ। ਕਦੋਂ ਘੰਟੀ ਵੱਜੇ ਅਤੇ ਘਰ ਨੂੰ ਛੂਟ ਵੱਟ ਕੇ ਭੱਜ ਜਾਵਾਂ। ਜਿਉਂ ਹੀ ਘੰਟੀ ਵੱਜੀ ਮੈਂ ਬਿਨ੍ਹਾ ਕਿਸੇ ਨਾਲ ਗੱਲ ਕੀਤਿਆਂ ਕਾਹਲੀ-ਕਾਹਲੀ ਕਲਾਸ ਦੇ ਕਮਰੇ ਵਿੱਚੋਂ ਨਿਕਲ ਘਰ ਨੂੰ ਤੁਰ ਗਿਆ ਸੀ।

ਘਰ ਜਾਂਦਿਆਂ ਹੀ ਮੈਂ ਕਮੀਜ਼ ਲਾਹਕੇ ਕਾਹਲੀ ਕਾਹਲੀ ਨਾਲ ਧੋ ਦਿੱਤੀ ਸੀ। ਬਾਲਟੀ ਵਿੱਚ ਥੋੜੀ ਜਿਹੀ ਨੀਲੀ ਸਿਆਹੀ ਪਾ ਕੇ ਕਮੀਜ਼ ਨੂੰ ਨੀਲ ਵੀ ਦੇ ਲਿਆ ਸੀ। ਅੱਧੀਆਂ ਬਾਹਵਾਂ ਦੇ ਇਸ ਕਮੀਜ਼ ਨੂੰ ਮੈਂ ਪੂਰੀ ਧੁੱਪ ਵਿੱਚ ਖੜਕੇ ਹਿਲਾ ਹਿਲਾ ਕੇ ਸੁਕਾ ਲਿਆ ਸੀ। ਸਲਾਬੀ ਜਿਹੀ ਕਮੀਜ਼ ਪਾ ਕੂੰਡੇ ਵਿਚਲੀ ਮਿਰਚ ਨਾਲ ਦੋ ਰੋਟੀਆਂ ਅੰਦਰ ਸੁੱਟ, ਵਾਪਸ ਸਕੂਲ ਨੂੰ ਚੱਲ ਪਿਆ ਸਾਂ। ਕਲਾਸ ਵਿੱਚ ਕੁੱਝ ਮੁੰਡੇ ਤੇ ਜਿਆਦਾ ਕੁੜੀਆਂ ਜਿਵੇਂ ਮੇਰੀ ਹੀ ਉਡੀਕ ਕਰ ਰਹੀਆਂ ਸਨ। ਮੈਂ ਚੁੱਪ ਚਾਪ ਜਾ ਕੇ ਆਪਣੇ ਬੈਂਚ ਤੇ ਬੈਠ ਗਿਆ ਸਾਂ। ਮੁੰਡੇ ਕੁੜੀਆਂ ਮੇਰੇ ਕੋਲ ਚੱਲ ਕੇ ਆ ਗਏ ਸਨ। ਕੁੜੀਆਂ ਦੀ ਨਿਗਾ ਵਿੱਚ ਤਰਸ ਅਤੇ ਮੁੰਡਿਆਂ ਦੀ ਨਿਗਾ ਵਿੱਚ ਗੁੱਸੇ ਦੀਆਂ ਭਾਵਨਾਵਾਂ ਨਜ਼ਰ ਆ ਰਹੀਆਂ ਸਨ। ਕੁੜੀਆਂ ਨੇ ਗਹੁ ਨਾਲ ਮੇਰੀ ਕਮੀਜ਼ ਵੱਲ ਵੇਖਿਆ ਸੀ।

"ਕੀ ਹੋਇਆ ਇਹਨੂੰ? ਐਨੀ ਤਾਂ ਸਾਫ਼ ਐ? ਹੋਰ ਕਿਵੇਂ ਸਾਫ਼ ਹੌਊ? ਐਵੇਂ ਵਿਚਾਰੇ ਦੀ ਬੇਜ਼ਤੀ ਕਰਤੀ...।" ਕੁੜੀਆਂ ਗੁੱਸਾ ਕੱਢਣ ਲੱਗੀਆਂ ਸਨ। ਮੇਰੀਆਂ ਅੱਖਾਂ ਵਿੱਚ ਉਤਰ ਆਇਆ ਪਾਣੀ ਉਹਨਾਂ ਨੇ ਦੇਖ ਲਿਆ ਸੀ।

"ਐਵੇਂ ਜਿਆ। ਬਿਨ੍ਹਾ ਗੱਲ ਤੋਂ ਈ ਮੱਚਿਆ ਰਹਿੰਦੈ। ਇਹ ਮਰਦਾ ਖਪਦਾ ਵੀ ਹੈਨੀ... ਐਵੇਂ ਵਿਚਾਰੇ ਨੂੰ।" ਕੁਲਵੰਤ, ਮਨਜਿੰਦਰ, ਬਲਜੀਤ, ਤਰਸੇਮ, ਕਈ ਕੁੜੀਆਂ ਸਨ। ਕੁੱਝ ਨੇ ਤੇ ਤਾਂ ਮੇਰੇ ਵੱਲ ਵੇਖਦਿਆਂ ਅੱਖਾਂ ਵੀ ਭਰ ਲਈਆਂ ਸਨ।

ਪੁੱਛਣਾ ਤਾਂ ਚਾਹੀਦੈ... ਕੀ ਹੋਇਆ ਐਸ ਕਮੀਜ਼ ਨੂੰ। ਚੰਗੀ ਭਲੀ ਸਾਫ਼ ਐ। ਤੇਰੀਓ ਨਿਗਾਹ ਖਰਾਬ ਐ... ਅਖੇ ਧੋ ਧਾ ਲਿਆ ਕਰੋ। ਕਿਸੇ ਥਾਂ ਦਾ।" ਕੀ ਦੱਸਦਾ ਮੈਂ ਕੁੜੀਆਂ ਨੂੰ? ਇੱਕੋ ਹੀ ਤਾਂ ਕਮੀਜ਼ ਸੀ ਮੇਰੇ ਕੋਲ ਸਕੂਲ ਪਾਉਣ ਵਾਲਾ। ਆਥਣੇ ਸਕੂਲੋਂ ਜਾ ਕੇ ਧੋ ਲਿਆ ਜਾਂਦਾ ਸੀ। ਕੱਲ ਜਿਆਦਾ ਕੰਮਾਂ-ਕਾਰਾਂ ਵਿੱਚ ਬੀਬੀ ਕਮੀਜ਼ ਧੋ ਨਹੀਂ ਸੀ ਸਕੀ ਇਕ ਕਰਕੇ ਮੈਲ਼ਾ ਹੀ ਪਾ ਕੇ ਆਉਣਾ ਪਿਆ ਸੀ। ਦਰਅਸਲ ਕਮੀਜ਼ ਮੈਲ਼ਾ ਨਹੀਂ ਸੀ... ਪੁਰਾਣਾ ਹੀ ਜਿਆਦਾ ਸੀ, ਜਿਸ ਕਰਕੇ ਕੱਪੜਾ



ਆਪਣੀ ਚਮਕ ਗੁਆ ਚੁੱਕਾ ਸੀ। ਕੱਪੜੇ ਵਿੱਚ ਪਰਾਣ ਪੈ ਚੁੱਕੀ ਹੋਣ ਕਰਕੇ, ਇਹ ਸਾਫ਼ ਹੁੰਦਿਆਂ ਵੀ ਮੈਲ਼ਾ ਹੀ ਲੱਗਦਾ ਹੁੰਦਾ ਸੀ। ਹੁਣ ਜਦੋਂ ਮੈਂ ਤਾਜ਼ਾ ਤਾਜ਼ਾ ਕਮੀਜ਼ ਧੋ ਕੇ ਨੀਲ ਦੇ ਕੇ ਲਿਆਇਆ ਸਾਂ ਤਾਂ ਕੱਪੜੇ ਵਿੱਚ ਜਿਵੇਂ ਕੁੱਝ ਨਾ ਕੁੱਝ ਜਾਨ ਪੈ ਗਈ ਸੀ।

"ਕਿੰਨਾ ਚੰਗਾ ਮੁੰਡਾ... ਐਵੇਂ... ਜੇ ਨੇ ਮੂਡ ਖਰਾਬ ਕਰਤਾ।" ਪਤਾ ਨਹੀਂ ਕੌਣ ਬੋਲੀ ਸੀ, ਮੈਨੂੰ ਪਤਾ ਨਹੀਂ ਚੱਲਿਆ। ਮੈਂ ਤਾਂ ਨੀਵੀਂ ਪਾਈ ਪੈਨਸਲ ਨਾਲ ਬੈਂਚ ਖੁਰਚੀ ਜਾਂਦਾ ਸਾਂ। ਕੁੜੀਆਂ ਦੇ ਗੁੱਸੇ ਦਾ ਕਾਰਨ ਇਹ ਵੀ ਸੀ ਕਿ ਮੈਂ ਸਾਰੀ ਕਲਾਸ ਵਿੱਚ ਹੀ ਹਰਮਨ ਪਿਆਰਾ ਸਾਂ। ਸਾਰੇ ਮੁੰਡੇ ਕੁੜੀਆਂ ਮੈਨੂੰ ਪਿਆਰ ਕਰਦੇ ਸਨ। ਪੜ੍ਹਾਈ ਵਿੱਚ ਹੁਸ਼ਿਆਰ, ਕੰਮ ਕਾਰ ਨੂੰ ਮਿਹਨਤੀ ਅਤੇ ਸੁਭਾਅ ਤੋਂ ਕੂੰਨਾ ਸਾਂ। ਆਮ ਮੁੰਡਿਆਂ ਵਾਂਗ ਕਿਸੇ ਨਾਲ ਲੜਾਈ ਝਗੜਾ ਤਾਂ ਮੇਰਾ ਕਦੇ ਹੋਇਆ ਹੀ ਨਹੀਂ ਸੀ। ਸ਼ਰਾਰਤ ਵੀ ਘੱਟ-ਵੱਧ ਹੀ ਕਰਦਾ ਸਾਂ। ਸਾਰੀ ਜਮਾਤ ਦੀਆਂ ਨਿਗਾਹਾਂ ਵਿੱਚ ਹੀ ਮੈਂ ਚੰਗਾ ਸਮਝਿਆ ਜਾਂਦਾ ਸਾਂ।

ਅਗਲੀ ਘੰਟੀ ਵੱਜਣ ਨਾਲ ਹੀ ਗੱਲ ਆਈ-ਗਈ ਹੋ ਗਈ। ਉਸਤੋਂ ਬਾਅਦ ਕਿਸੇ ਨੇ ਮੇਰੀ ਕਮੀਜ਼ ਸਬੰਧੀ ਗੱਲ ਨਾ ਛੇੜੀ। ਮੈਨੂੰ ਲਗਦਾ ਰਹਿੰਦਾ ਜਿਵੇਂ ਕਲਾਸ ਦਾ ਹਰ ਵਿਦਿਆਰਥੀ ਮੇਰੀ ਕਮੀਜ਼ ਵੱਲ ਗਹੁ ਨਾਲ ਦੇਖ ਰਿਹਾ ਹੋਵੇ। ਮੈਨੂੰ ਆਪਣੇ ਕੱਪੜਿਆਂ 'ਚੋਂ ਖਾਹ ਮਖਾਹ ਹੀ ਅਜੀਬ ਪ੍ਰਕਾਰ ਦੀ ਗੰਧ ਆਉਂਦੀ ਰਹਿੰਦੀ। ਮੈਨੂੰ ਆਪਣੀ ਕਮੀਜ਼ 'ਤੇ ਮੈਲ਼ ਚਮਕਦੀ ਦਿਖਾਈ ਦਿੰਦੀ ਰਹਿੰਦੀ। ਮੈਂ ਕੁੜੀਆਂ ਮੁੰਡਿਆਂ ਤੋਂ ਅੱਖਾਂ ਚੁਰਾਉਂਦਾ ਰਹਿੰਦਾ। ਜੇਕਰ ਕਲਾਸ ਵਿੱਚ ਕਦੇ ਹੱਸਦਾ ਵੀ ਤਾਂ ਓਪਰਾ ਓਪਰਾ ਜਿਹਾ। ਉਤੋਂ ਉਤੋਂ ਹੀ। ਅੰਦਰੋਂ ਮੇਰਾ ਮਨ ਖਿੜਦਾ ਹੀ ਨਾ। ਮੈਨੂੰ ਹਰ ਵੇਲੇ ਆਪਣੇ ਕਮੀਜ਼ ਉਪਰ ਜੰਮੀ ਮੈਲ਼ ਦਾ ਹੀ ਫ਼ਿਕਰ ਲੱਗਾ ਰਹਿੰਦਾ। ਮੈਲ਼ ਦਰਅਸਲ ਹੁਣ ਮੇਰੀ ਮਾਨਸਿਕਤਾ ਤੇ ਜੰਮ ਗਈ ਸੀ। ਹਿਸਾਬ ਮਾਸਟਰ ਦੇ ਪੀਰੀਅਡ ਵਿੱਚ ਤਾਂ ਮੈਂ ਤ੍ਰਬਕਦਾ ਹੀ ਰਹਿੰਦਾ। ਮੈਨੂੰ ਲੱਗਦਾ, ਕਿਸੇ ਵੀ ਵੇਲੇ ਹਿਸਾਬ ਵਾਲਾ ਮਾਸਟਰ ਮੇਰੀ ਕਮੀਜ਼ ਨੂੰ ਸੁੰਘਣ ਲੱਗ ਪਵੇਗਾ। ਕਈ ਵਾਰ ਤਾਂ ਮੈਂ ਅੱਧੀ ਛੁੱਟੀ ਰੋਟੀ ਖਾਣ ਘਰ ਗਿਆ ਵੀ ਕਮੀਜ਼ ਧੋ ਲਿਆਉਂਦਾ ਭਾਵੇਂ ਮੈਲ਼ੀ ਹੁੰਦੀ ਜਾਂ ਨ੍ਹਾਂ।

***

"ਹੈਲੋ...!"

"ਜੀ... ਹੈਲੋ।"

"ਮੈਂ ਕਨੇਡਾ ਤੋਂ ਤਰਸੇਮ ਬੋਲ ਰਹੀ ਆਂ... ਤਰਸੇਮ।"

"ਕੌਣ ਤਰਸੇਮ?"

"ਲੱਗਦੈ ਪਛਾਣਿਆ ਨੀਂ... ਤੁਸੀਂ ... ਬੋਲ ਰਹੇ ਓਂ ਨਾ...। ਵੀਰੇ ਮੈਂ ਤਰਸੇਮ ਬੋਲ ਰਹੀ ਆਂ। ਜਿਹੜੀ ਤੇਰੇ ਨਾਲ ਪੜ੍ਹਦੀ ਹੁੰਦੀ ਸੀ। ਵੱਡੇ ਛੱਪੜ ਕੋਲੇ ਘਰ ਹੁੰਦਾ ਸੀ। ਜਿਨ੍ਹਾਂ ਦਾ... ਮਨਜਿੰਦਰ ... ਕੁਲਵੰਤ ਦੀ ਸਹੇਲੀ... ਯਾਦ ਆਇਆ ਵੀਰੇ? " ਕੁੜੀ ਲਗਾਤਾਰ ਬੋਲੀ ਜਾਂਦੀ ਸੀ।

"ਤਰਸੇਮ ਤੂੰ... ਤੂੰ ਕਿੱਥੇ? ਐਨੇ ਚਿਰ ਬਾਅਦ... ਮੇਰਾ ਫੋਨ ਕਿਥੋਂ ਮਿਲ ਗਿਆ ਤੈਨੂੰ ... ਕਿਥੋਂ ਲੱਭਿਆ। ਵੀਹ ਸਾਲ... ਪੂਰੇ ਵੀਹ ਸਾਲ। ਐਨੇ ਚਿਰ ਪਿਛੋਂ.... ਕਮਾਲ ਹੋਗੀ।"

"ਬੱਸ ਵੀਰੇ ਕਨੇਡਾ ਦਾ ਦਾਣਾ-ਪਾਣੀ ਲਿਖਿਆ ਸੀ... ਸਤਾਰਾਂ ਸਾਲ ਹੋਗੇ ਕਨੇਡਾ ਆਈ ਨੂੰ। ਵੇਖਲਾ ਲੱਭ ਈ ਲਿਆ ਤੇਰਾ ਫੋਨ... ਨੈੱਟ ਤੋਂ ਤਲਾਸ਼ ਕੀਤਾ। ਮੱਥਾ ਮਾਰ-ਮਾਰ ਕੇ ਭਾਲ ਲਿਆ। ਵੀਰੇ ਤੇਰੀਆਂ ਗੱਲਾਂ ਅਸੀਂ ਇਧਰ ਵੀ ਕਰਦੇ ਰਹਿੰਦੇ ਆਂ। ਬੜਾ ਯਾਦ ਕਰਦੇ ਹਾਂ ਤੈਨੂੰ।"

"ਮਨਜਿੰਦਰ ...ਬਲਜੀਤ... ਕੁਲਵੰਤ... ਹਰਜੀਤ.... ਆ ਰਹੀਆਂ... ਨਾਲ ਨੀਂ ਗੱਲ ਹੁੰਦੀ ਕਦੇ? " ਕੁੱਝ ਰੁਕ ਕੇ ਉਸਨੇ ਪੁੱਛਿਆ ਸੀ।

"ਨਹੀਂ ... ਕਦੇ ਨਹੀਂ ਮਿਲੀਆਂ। ਦੂਰ ਦੁਰਾਡੇ ਉਡਾਰੀਆਂ ਮਾਰ ਗਈਆਂ ਵਿਚਾਰੀਆਂ ਕੁੜੀਆਂ ਚਿੜੀਆਂ ਆਵਦੀ-ਆਵਦੀ ਕਬੀਲਦਾਰੀ 'ਚ ਕੁੱਝ ਗਈਆਂ, ਹੋਣਗੀਆਂ ਝੋਲੀਆਂ। ਕਿੱਥੇ ਮਿਲ ਹੁੰਦਾ ਕਬੀਲਦਾਰੀ ਦੇ ਜੰਜਾਲ ਵਿੱਚ... ਸਾਥੋਂ ਨੀ ਨਿਕਲ ਹੁੰਦਾ... ਉਹ ਤਾਂ ਫਿਰ ਵਿਚਾਰੀਆਂ ਕੁੜੀਆਂ। ਹਾਂ ਤੇਰੀ ਨੀ ਗੱਲ ਹੁੰਦੀ ਕਦੇ ਕਿਸੇ ਨਾਲ?"

"ਹਾਂ ਵੀਰੇ... ਮੇਰੀ ਤਾਂ ਅਕਸਰ ਹੁੰਦੀ ਰਹਿੰਦੀ ਹੈ ਸਾਰੀਆਂ ਨਾਲ ਈ ਜਦੋਂ ਵੀ ਕਿਸੇ ਨਾਲ ਗੱਲ ਹੋਵੇ... ਤੈਨੂੰ ਜ਼ਰੂਰ ਯਾਦ ਕਰੀਦਾ...।"

"ਯਾਦ ਕਿਉਂ ਨਾ ਕਰੋਂਗੀਆਂ... ਮੇਰੇ ਪਿੰਡ ਦੀਆਂ ਧੀਆਂ ਧਿਆਣੀਆਂ ਓਂ... ਪਹਿਲੀ ਤੋਂ ਲੈ ਕੇ ਦਸਵੀਂ ਤੱਕ ਥੋਡੇ ਨਾਲ ਪੜ੍ਹਿਆ... ਇਕੱਠੇ ਖੇਡੇ ਆਂ...।"

"ਵੀਰੇ... ਸਕੂਲ ਦੇ ਦਿਨ ਬੜੇ ਯਾਦ ਆਉਂਦੇ ਆ... ਲਗਦਾ ਈ ਨ੍ਹੀ ਵੀਹ-ਬਾਈ ਵਰ੍ਹੇ ਲੰਘ ਗਏ ਆ। ਜਿਵੇਂ ਕੱਲ੍ਹ ਦੀਆਂ ਗੱਲਾਂ ਹੋਣ... ਥੋਨੂੰ ਵੀ ਯਾਦ ਆਉਂਦੇ ਕਿ ਨਹੀਂ ਉਹ ਦਿਨ...।"

"ਸਕੂਲ ਦੇ ਦਿਨ ਕੀਹਨੂੰ ਭੁੱਲਦੇ ਹੁੰਦੇ ਆ... ਅਸਲ ਵਿੱਚ ਦਿਨ ਈ ਉਹ ਸੀਗੇ ਜ਼ਿੰਦਗੀ ਦੇ... ਹੁਣ ਤਾਂ ਐਵੇਂ ਦਿਨਾਂ ਨੂੰ ਧੱਕਾ ਦੇਈਦਾ... ਕਿੰਨ੍ਹੇ ਬੇਫਿਕਰੀ ਦੇ ਦਿਨ ਸੀਗੇ... ਸਾਇੰਸ ਆਲਾ ਸੁਰਜੀਤ ਸਿਹੁੰ... ਅੰਗਰੇਜ਼ੀ ਆਲਾ ਬਾਬਾ ਜੀਤ ਹਜੇ ਕੱਲ ਦੀਆਂ ਤਾਂ ਗੱਲਾਂ... ਸਕੂਲ ਨਾਲ ਦੇ ਖੇਤਾਂ 'ਚੋਂ ਚਿੱਬੜ ਭਾਲਦੇ ਰਹੀਦਾ ਸੀ।" ਮੈਂ ਵੀ ਬੀਤੇ ਦਿਨਾਂ ਵਿੱਚ ਚਲਾ ਗਿਆ ਸਾਂ।

"ਵੀਰੇ ਯਾਦ ਐ ਤੈਨੂੰ... ਜਦੋਂ ਥੋਡੇ ਕੁੱਟ ਪਈ ਸੀ। ਤੁਸੀਂ ਸਕੂਲੋਂ ਭੱਜ ਕੇ ਮੋਗੇ ਫਿਲਮ ਵੇਖਣ ਗਏ ਸੀ। ਵਾਹਵਾ ਖੜਕੈਂਤੀ ਹੋਈ ਸੀ ਥੋਡੀ... ਤਿੰਨ ਮੈਲ਼ ਦਾ ਪ੍ਰਸਾਦ..।"

"ਪਰ ਤਰਸੇਮ ਉਸ ਕੁੱਟ 'ਚ ਵੀ ਬੜਾ ਸੁਆਦ ਆਇਆ ਸੀ। ਦੋ ਪਈਆ ਵਿਸਰ ਗਈਆਂ, ਸਦਕੇ ਮੇਰੀ ਢੂਈ ਦੇ... ਐਹੋ ਜ੍ਹੀ ਕੁੱਟ ਉਦੋਂ ਕੀਹਦੇ ਯਾਦ ਹੁੰਦੀ ਸੀ...।"

"ਵੀਰੇ ਚੀਕਾਂ ਤਾਂ ਮਾਰਦੇ ਸੀ ਉਦਾਣ... ਅੜਾਟ ਐਵੇਂ ਪਈ ਜਾਂਦਾ ਸੀ?"

"ਉਹ ਤਾਂ ਐਵੇਂ ਡਰਾਮਾ ਕਰਦੇ ਸੀ। ਜੇ ਐਨਾ ਡਰਾਮਾ ਵੀ ਨਾ ਕਰਦੇ... ਬਾਬੇ ਜੀਤ ਨੇ ਤਾਂ ਕੁੱਟ-ਕੁੱਟ ਧੌੜੀ ਲਾਹ ਦੇਣੀ ਸੀ।"

ਊਂ ਸਾਨੂੰ ਤਾਂ ਬੜਾ ਸੁਆਦ ਆਇਆ ਸੀ... ਸਾਰਾ ਸਾਲ ਈ ਫਿਲਮ ਦਾ ਯਾਦ ਕਰਾ ਕਰਾ ਕੇ ਛੇੜਦੀਆਂ ਰਹੀਆਂ ਸੀ ਥੋਨੂੰ!"

"ਕਮਲੀਏ... ਮੈਨੂੰ ਤਾਂ ਲੱਗਦਾ ਤੂੰ ਤਾਂ ਹੁਣ ਵੀ ਸੁਆਦ ਲਈ ਜਾਨੀ ਏਂ ਯਾਦ ਕਰਾ ਕੇ...।" ਮੇਰੇ ਜੁਆਬ ਵਿੱਚ ਉਹ ਖਿੜ ਖੜਾ ਕੇ ਕਿੰਨਾ ਹੀ ਚਿਰ ਹੱਸਦੀ ਰਹੀ ਸੀ।

"ਵੀਰੇ... ਜਦੋਂ ਕਦੇ ਮਨਜਿੰਦਰ... ਅਰਵਿੰਦਰ ਵਰਗੀਆਂ ਨਾਲ ਗੱਲ ਹੁੰਦੀ ਆ... ਅਸੀਂ ਉਹ ਗੱਲ ਵੀ ਬੜ੍ਹਾ ਯਾਦ ਕਰਦੀਆਂ...।"

"ਕਿਹੜੀ?"

"ਸਾਨੂੰ ਹੁਣ ਵੀ ਬੜਾ ਗੁੱਸਾ ਆਉਂਦਾ.. ਹਿਸਾਬ ਆਲੇ ਮਾਸਟਰ ਨੇ ਐਵੇਂ ਖਾਹਮਖਾਹ ਬੇਇੱਜ਼ਤੀ ਕਰ ਦਿੱਤੀ ਤੁਹਾਡੀ... ਅੰਨ੍ਹੇ ਜਏ ਨੂੰ ਦੀਂਹਦਾ ਆਪ ਨੂੰ ਹੈਨੀ ਸੀ... ਸਾਰੀ ਕਲਾਸ ਵਿੱਚ ਬੇਜ਼ਤੀ ਕਰਤੀ।" ਅੱਗੇ ਤਰਸੇਮ ਨੇ ਕੀ ਕਿਹਾ, ਮੈਨੂੰ ਕੁੱਝ ਸੁਣਾਈ ਨਹੀਂ ਦਿੱਤਾ। ਉਹ ਕਿੰਨਾ ਚਿਰ ਬੋਲਦੀ। ਇਧਰ ਉਧਰ ਦੀਆਂ ਕਿੰਨੀਆਂ ਹੀ ਗੱਲਾਂ ਕੀਤੀਆਂ ਪਰ ਮੈਨੂੰ ਕੁਝ ਨਹੀਂ ਸੀ ਸੁਣਿਆ। ਮੈਨੂੰ ਤਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਸਾਰੀ ਕਲਾਸ ਹੁਣ ਵੀ ਮੇਰੀ ਕਮੀਜ਼ ਨੂੰ ਹੀ ਸੁੰਗ ਰਹੀ ਹੋਵੇ।

****



ਅੰਗਰੇਜ਼ੀ ਵਾਲੇ ਮਾਸਟਰ ਅਜੀਤ ਸਿੰਘ ਜੀ ਨੂੰ ਸਕੂਲ ਅਤੇ ਆਲੇ-ਦੁਆਲੇ ਵਿੱਚ 'ਬਾਬਾ ਜੀਤ' ਕਿਹਾ ਜਾਂਦਾ ਸੀ। ਸ਼ਾਇਦ ਉਹਨਾਂ ਦੇ ਲੰਮੇ ਤੇ ਖੁੱਲ੍ਹੇ ਦਾਹੜੇ ਕਰਕੇ ਉਹਨਾਂ ਦਾ ਇਹ ਨਾਂ ਪ੍ਰਚਲਿਤ ਹੋ ਗਿਆ ਹੋਵੇ। ਸੁਭਾਅ ਗੁੱਸੇਖੋਰ ਅਤੇ ਸਖ਼ਤ। ਪੜ੍ਹਾਈ ਦੇ ਮਾਮਲੇ ਵਿੱਚ ਕਿਸੇ ਕਿਸਮ ਦਾ ਸਮਝੌਤਾ ਉਹਨਾਂ ਨੂੰ ਪ੍ਰਵਾਨ ਨਹੀਂ ਸੀ ਹੱਦ ਦਰਜੇ ਦੇ ਮੇਹਨਤੀ। ਲਾਪਰਵਾਹੀ ਜਾਂ ਮਾੜੀ ਮੋਟੀ ਢਿਲਮੱਠ ਵੀ ਉਹਨਾਂ ਨੂੰ ਭਾਉਂਦੀ ਨਹੀਂ ਸੀ। ਨੇੜੇ ਤੇੜੇ ਦੇ ਸਕੂਲਾਂ ਵਿੱਚ ਮਾਸਟਰ ਜੀ ਦੀ ਕੁੱਟ ਮਸ਼ਹੂਰ ਸੀ। ਮਾਸਟਰ ਜੀ ਦੀ ਕੁੱਟ ਤੋਂ ਸਾਰੇ ਸਕੂਲ ਦੇ ਵਿਦਿਆਰਥੀ ਤ੍ਰਹਿੰਦੇ ਸਨ। ਉਹਨਾਂ ਦਾ ਪੀਰੀਅਡ ਆਉਂਦਿਆਂ ਹੀ ਸਾਰੇ ਬੱਚਿਆਂ ਦਾ ਸਾਹ ਸੁੱਕ ਜਾਂਦਾ।

ਸਕੂਲ ਲੱਗਣ ਤੋਂ ਪਹਿਲਾਂ ਸਕੂਲੀ ਵਿਦਿਆਰਥੀ ਗਰਾਊਂਡ ਦੇ ਵਿੱਚ ਖੜ੍ਹੇ ਧੁੱਪ ਸੇਕਦੇ ਤਾਂ ਉਹਨਾਂ ਦੀਆਂ ਨਜ਼ਰਾਂ ਧਰਮਕੋਟ ਤੋਂ ਮੁੜਨ ਵਾਲੇ ਮੋੜ ਤੇ ਲੱਗੀਆਂ ਰਹਿੰਦੀਆਂ। ਉਹ ਮੋੜ ਸਕੂਲ ਤੋਂ ਦੋ ਕੁ ਕਿਲੋਮੀਟਰ ਦੂਰ ਸੀ। ਆਮ ਤੌਰ ਤੇ ਮਾਸਟਰ ਜੀ ਦਾ ਸਾਈਕਲ ਪੌਣੇ ਨੌਂ ਵਜੇ ਉਸ ਮੋੜ ਤੋਂ ਮੁੜ ਕੇ ਪਿੰਡ ਵਾਲੇ ਰਾਹ ਤੇ ਚੜ੍ਹ ਜਾਂਦਾ। 'ਬਾਬਾ ਜੀਤ' ਵਕਤ ਦਾ ਬੜਾ ਪਾਬੰਦ ਸੀ। ਸਿਆਲਾਂ ਵਿੱਚ ਜਦੋਂ ਸਕੂਲ 9.15 ਵਜ਼ੇ ਲੱਗਦਾ ਸੀ ਤਾਂ ਉਹਨਾਂ ਦਾ ਸਾਈਕਲ ਪੂਰੇ ਨੌਂ ਵਜੇ ਸਕੂਲ ਦੇ ਸਾਈਕਲ ਸਟੈਂਡ ਤੇ ਆ ਲੱਗਦਾ। ਬਹੁਤੇ ਵਿਦਿਆਰਥੀ ਬਾਬੇ ਜੀਤ ਦੇ ਬਿਮਾਰ ਹੋਣ ਦੀਆਂ ਸੁੱਖਣਾਂ ਸੁੱਖਦੇ ਰਹਿੰਦੇ। ਜਿਸ ਦਿਨ ਉਹਨਾਂ ਦਾ ਸਾਈਕਲ ਪੌਣੇ-ਨੌਂ ਸਕੂਲ ਵਾਲਾ ਮੋੜ ਨਾ ਮੁੜਦਾ, ਸਕੂਲੀ ਵਿਦਿਆਰਥੀਆਂ ਦੇ ਚਿਹਰੇ ਤੇ ਖੁਸ਼ੀ ਨੱਚਣ ਲਗ ਜਾਂਦੀ। ਵਿਦਿਆਰਥੀਆਂ ਨੂੰ ਲੱਗਦਾ ਜਿਵੇਂ ਰੱਬ ਨੇ ਉਹਨਾਂ ਦੀ ਨੇੜਿਓਂ ਹੋ ਕੇ ਸੁਣ ਲਈ ਹੋਵੇ।

ਜਦੋਂ ਅਸੀਂ ਸੱਤਵੀਂ ਜਮਾਤ ਵਿੱਚ ਆਏ ਤਾਂ ਸਾਨੂੰ ਮਾਸਟਰ ਅਜੀਤ ਸਿੰਘ ਅੰਗਰੇਜ਼ੀ ਪੜ੍ਹਾਉਣ ਲੱਗੇ। ਬਾਬਾ ਜੀ ਨੇ ਸਾਰੀ ਕਲਾਸ ਨੂੰ ਐਮ. ਬੀ. ਡੀ. ਖਰੀਦ ਲੈਣ ਲਈ ਆਖ ਦਿੱਤਾ। ਕਲਾਸ ਦੇ ਪੰਜ ਸੱਤ ਮੁੰਡੇ ਕੁੜੀਆਂ ਨੇ ਦੂਜੇ ਦਿਨ ਹੀ ਗਾਈਡ ਲੈ ਆਂਦੀ। ਹਫ਼ਤੇ ਦੇ ਵਿੱਚ ਵਿੱਚ ਅੱਧਿਓ ਬਹੁਤੇ ਵਿਦਿਆਰਥੀ ਗਾਈਡਾਂ ਖਰੀਦ ਚੁੱਕੇ ਸਨ। ਮਾਸਟਰ ਜੀ ਜਦੋਂ ਵੀ ਪੜ੍ਹਾਉਣ ਲੱਗਦੇ, ਜਿੰਨਾਂ ਅਜੇ ਤੱਕ ਵੀ ਗਾਈਡ ਨਹੀਂ ਸੀ ਖਰੀਦੀ ਉਹਨਾਂ ਨੂੰ ਗਾਈਡ ਲੈ ਕੇ ਆਉਣ ਦੀ ਚੇਤਾਵਨੀ ਦਿੰਦੇ। ਪੰਦਰਾਂ ਦਿਨਾਂ ਦੀ ਨਿੱਤ ਨਵੀਂ ਚੇਤਾਵਨੀ ਤੋਂ ਬਾਅਦ, ਇੱਕ ਦਿਨ ਮਾਸਟਰ ਜੀ ਨੇ ਗਾਈਡ ਵਿਹੂਣੇ ਵਿਦਿਆਰਥੀਆਂ ਨੂੰ ਕਲਾਸ ਵਿੱਚ ਖੜੇ ਕਰਕੇ ਸੋਮਵਾਰ ਤੱਕ ਗਾਈਡ ਲੈ ਕੇ ਆਉਣ ਦਾ ਅਲਟੀਮੇਟਮ ਵੀ ਦੇ ਦਿੱਤਾ।

ਮਿਥੇ ਸੋਮਵਾਰ ਵਾਲੇ ਦਿਨ ਕਲਾਸ ਵਿੱਚ ਆਉਂਦਿਆਂ ਹੀ ਮਾਸਟਰ ਜੀ ਨੇ ਗਾਈਡ ਨਾਲ ਲੈ ਕੇ ਆਉਣ ਵਾਲੇ ਵਿਦਿਆਰਥੀਆਂ ਨੂੰ ਖੜ੍ਹੇ ਹੋਣ ਦਾ ਹੁਕਮ ਸੁਣਾ ਦਿੱਤਾ। ਮੈਂ ਨਿੰਮੋਝੂਣਾ ਜਿਹਾ ਹੋ ਕੇ ਆਪਣੀ ਜਗ੍ਹਾ ਤੇ ਖੜਾ ਹੋ ਗਿਆ। ਮੈਂ ਨੀਵੀਂ ਪਾਈ ਹੀ ਆਸੇ ਪਾਸੇ ਦੇਖਿਆਂ ਮੇਰੇ ਨਾਲ ਦੇ 8 ਕੁ ਜਣੇ ਰਹਿ ਗਏ ਸਨ। ਬਾਕੀ ਸਾਰੀ ਕਲਾਸ ਬੈਠੀ ਹੋਈ ਸੀ। ਬਾਬਾ ਜੀ ਨੇ ਸਾਨੂੰ ਸਾਰਿਆਂ ਨੂੰ ਕੰਨ ਫੜ੍ਹਨ ਦਾ ਆਦੇਸ਼ ਦਿੱਤਾ। ਮੈਂ ਦੱਖਿਆ ਕਈ ਵਿਦਿਆਰਥੀਆਂ ਨੇ ਤਾਂ ਮਾਸਟਰ ਜੀ ਦਾ ਵਾਕ ਵੀ ਪੂਰਾ ਨਹੀਂ ਸੀ ਹੋਣ ਦਿੱਤਾ ਕਿ ਪਹਿਲਾਂ ਹੀ ਲੱਤਾਂ ਹੇਠ ਦੀ ਬਾਹਵਾਂ ਕੱਢ ਕੇ ਕੰਨ ਫੜ੍ਹ ਲਏ ਸਨ। ਮਾਸਟਰ ਜੀ ਵਾਰੋ-ਵਾਰੀ ਇਕੱਲੇ ਇਕੱਲੇ ਕੋਲ ਜਾਂਦੇ ਅਤੇ ਪੂਰੇ ਗੁੱਸੇ ਨਾਲ ਮੁਰਗਾ ਬਣੇ ਵਿਦਿਆਰਥੀ ਨੂੰ ਉਠਾ ਕੇ ਹੱਥਾਂ ਤੇ ਪੂਰੇ ਜ਼ੋਰ ਨਾਲ ਡੰਡੇ ਮਾਰਦੇ। ਇੰਜ ਵਿਦਿਆਰਥੀਆਂ ਨੂੰ ਇੱਕ-ਇੱਕ ਕਰਕੇ ਫੈਂਟਣਾ ਸ਼ੁਰੂ ਕਰ ਦਿੱਤਾ। ਕਲਾਸ ਵਿੱਚ ਕਈ ਮੁੰਡੇ ਮੇਰੇ ਤੋਂ ਵੱਡੀ ਉਮਰ ਦੇ ਸਨ, ਉਹ ਮੇਰੇ ਨਾਲੋਂ ਵੀ ਸੀ ਗਰੀਬ ਘਰਾਂ ਦੇ। ਮੈਂ ਹੈਰਾਨ ਸਾਂ ਕਿ ਉਹ ਚੁੱਪ-ਚਾਪ ਕੁੱਟ ਖਾਈ ਜਾਂਦੇ ਸਨ।

ਆਖਰ ਮੇਰੀ ਵੀ ਵਾਰੀ ਆ ਗਈ। ਬਾਬਾ ਜੀ ਨੇ ਮੈਨੂੰ ਉਠਾ ਲਿਆ। ਮੈਂ ਆਪਣੇ ਹੱਥ ਉਹਨਾਂ

ਅੱਗੇ ਕੀਤੇ। 'ਠਾਹ' ਕਰਕੇ ਡੰਡਾ ਮੇਰੇ ਹੱਥ ਤੇ ਵੱਜਾ ਤਾਂ ਮੇਰੀ ਚੀਕ ਅਸਮਾਨ ਨੂੰ ਚੀਰਦੀ ਚਲੀ ਗਈ। ਮੇਰੀਆਂ ਧਾਹਾਂ ਨਿਕਲ ਗਈਆਂ। ਬੈਂਤ ਦੇ ਡੰਡੇ ਦੀ ਮਾਰ ਇੰਨੀ ਸਰੀਰ ਤੇ ਨਹੀਂ ਪਈ ਜਿੰਨੀ ਮੇਰੇ ਦਿਲ ਤੇ ਪਈ ਸੀ। ਜਿਵੇਂ ਕਿਸੇ ਨੇ ਰੂਹ ਤੇ ਚੀਰ ਪਾ ਦਿੱਤਾ ਹੋਵੇ। ਧੁਰ ਅੰਦਰ ਤੱਕ ਜ਼ਖ਼ਮੀ ਹੋ ਗਿਆ ਸਾਂ। ਸਕੂਲ ਵਿੱਚ ਸ਼ਰਾਰਤ ਦੀ ਵਜਾ ਕਰਕੇ ਭਾਵੇਂ ਅਣਗਿਣਤ ਵਾਰ ਕੁੱਟ ਖਾਧੀ ਹੋਵੇ ਪਰ ਪੜ੍ਹਾਈ ਕਰਕੇ ਕਦੇ ਕਿਸੇ ਉਸਤਾਦ ਕੋਲੋਂ ਓਏ ਤੱਕ ਨਹੀਂ ਸੀ ਅਖਵਾਈ। ਹੁਣ ਕੁੱਟ ਨਾ ਤਾਂ ਸ਼ਰਾਰਤ ਕਰਕੇ ਪੈ ਰਹੀ ਸੀ ਤੇ ਨਾ ਹੀ ਪੜ੍ਹਾਈ ਕਰਕੇ। ਇਸਦੀ ਵਜ੍ਹਾ ਤਾਂ ਮਾਂ ਬਾਪ ਦੀ ਗਰੀਬੀ ਸੀ। ਮੇਰੇ ਚਹੁੰਦਿਆਂ ਵੀ ਗਾਈਡ ਖਰੀਦਣ ਲਈ 40-50 ਰੁਪਏ ਦਾ ਸਬੱਬ ਨਹੀਂ ਸੀ ਬਣ ਸਕਿਆ। ਉਸ ਸਮੇਂ ਘਰ ਦੀ ਸਾਰੀ ਮੰਦਹਾਲੀ ਮੇਰੀਆਂ ਅੱਖਾਂ ਅੱਗੋਂ ਲੰਘ ਗਈ।

ਸਰਕਾਰ ਨੇ ਗਰਾਮਰ ਕਿਸ ਵਾਸਤੇ ਲਗਾਈ ਆ? ਤੁਸੀਂ ਗਰਾਮਰ ਤੇ ਕਿਉਂ ਨਹੀਂ ਪੜ੍ਹਾਉਂਦੇ? ਗਾਈਡ ਕੋਈ ਜ਼ਰੂਰੀ ਐ... ਮੈਂ ਜਿਵੇਂ ਚੀਕ ਹੀ ਪਿਆ ਸਾਂ। ਮੈਥੋਂ ਐਨੀਂ ਉੱਚੀ ਆਵਾਜ਼ ਵਿੱਚ ਕਿਵੇਂ ਬੋਲ ਹੋ ਗਿਆ ਸੀ? ਮੈਂ ਤਾਂ ਆਪਣੇ ਅਧਿਆਪਕਾਂ ਦਾ ਲਾਡਲਾ ਸ਼ਾਗਿਰਦਾ ਸਾਂ। ਪਹਿਲੀ ਤੋਂ ਛੇਵੀਂ ਕਲਾਸ ਤੱਕ ਪਹਿਲੇ ਨੰਬਰ ਤੇ ਹੀ ਆਉਂਦਾ ਰਿਹਾ ਸਾਂ। ਹੁਣ ਵੀ ਮੈਂ ਆਪਣੀ ਕਲਾਸ ਦਾ ਮੋਨੀਟਰ ਸਾਂ। ਅਧਿਆਪਕਾਂ ਦਾ ਬੇਹੱਦ ਆਗਿਆਕਾਰੀ। ਕਿਵੇਂ ਬੋਲ ਗਿਆ ਸਾਂ? ਉਹ ਵੀ ਉਸ ਮਾਸਟਰ ਅੱਗੇ ਜਿਸ ਤੋਂ ਸਾਰਾ ਸਕੂਲ ਤ੍ਰਹਿੰਦਾ ਸੀ। ਸਾਰੀ ਜਮਾਤ ਵਿੱਚ ਸੁੰਨ ਪਸਰ ਗਈ ਸੀ। ਜਮਾਤੀ ਸੋਚ ਰਹੇ ਸਨ ਕਿ ਗੁੱਸੇ ਵਿੱਚ ਆਇਆ ਬਾਬਾ ਜੀਤ ਹੁਣ ਮੇਰੀ ਚਮੜੀ ਉਧੇੜ ਦੇਵੇਗਾ। ਪਰ ਇਹ ਕੀ? ਡੰਡਾ ਮਾਰਨ ਲਈ ਮਾਸਟਰ ਜੀ ਦਾ ਉੱਠਿਆ ਹੱਥ ਥਾਏ ਸਿਥਲ ਹੋ ਗਿਆ ਸੀ। ਮੈਂ ਦੇਖਿਆ ਮਾਸਟਰ ਜੀ ਦਾ ਉਸ ਸਮੇਂ ਚਿਹਰਾ ਪੀਲਾ ਹੋ ਗਿਆ ਸੀ। ਮੂੰਹ ਤੇ ਉਦਾਸੀ ਅਤੇ ਪਲੱਤਣ ਫਿਰ ਗਈ ਸੀ। ਉਸ ਨੇ ਡੰਡਾ ਕਲਾਸ ਦੇ ਇੱਕ ਕੋਨੇ ਸੁੱਟ ਦਿੱਤਾ ਤੇ ਕਲਾਸ ਵਿੱਚੋਂ ਬਾਹਰ ਚਲੇ ਗਏ। ਮਾਸਟਰ ਜੀ ਨਿੰਮੋਝੂਣੇ ਜਿਹੇ ਹੋ ਕੇ ਦੂਰ ਦਰੱਖਤਾਂ ਦੀ ਛਾਵੇਂ ਕੁਰਸੀ ਤੇ ਜਾ ਕੇ ਬੈਠੇ ਸਨ। ਉਹ ਬਾਕੀ ਅਧਿਆਪਕਾਂ ਵਿੱਚ ਵੀ ਨਹੀਂ ਸਨ ਬੈਠੇ। ਅੱਧੀ ਛੁੱਟੀ ਤੱਕ ਉਥੇ ਹੀ ਬੈਠੇ ਰਹੇ ਸਨ। 'ਸਰ ਮੈਥੋਂ ਗਲਤੀ ਹੋਗੀ ... ਮੈਨੂੰ ਮੁਆਫ਼ ਕਰ ਦਿਉ।'' ਮੈਂ ਅੱਧੀ ਛੁੱਟੀ ਸਮੇਂ ਉਹਨਾਂ ਅੱਗੇ ਮੁਜ਼ਰਮਾਂ ਵਾਂਗ ਹੱਥ ਜੋੜੀ ਖੜਾ ਸਾਂ।''

''ਸਰ ਸਾਨੂੰ ਪਤਾ ਨਹੀਂ ਕੀ ਹੋ ਗਿਆ ਸੀ? ... ਸਰ ਮੈਨੂੰ ਜਿੰਨ੍ਹਾ ਮਰਜੀ ਕੁੱਟ ਲਉ। ਹੁਣ ਨੀ ਮੂਰੇ ਬੋਲਦਾ ਸਰ ਜੀ।'' ਮੇਰੇ ਹੰਝੂ ਵਹਿ ਤੁਰੇ ਸਨ। ਮੇਰੇ ਕੁੱਝ ਕੁ ਹੰਝੂ ਮਾਸਟਰ ਜੀ ਦੇ ਪੈਰਾਂ ਤੇ ਜਾ ਡਿੱਗੇ ਸਨ। ਦਰਅਸਲ ਮੈਂ ਬਾਬਾ ਜੀ ਦੀ ਅੰਦਰੋਂ ਬੜੀ ਇੱਜਤ ਕਰਦਾ ਸਾਂ ਕਿਉਂਕਿ ਉਹ ਗਰੀਬ ਬੱਚਿਆਂ ਨੂੰ ਅੱਧੀ ਛੁੱਟੀ ਤੋਂ ਬਾਅਦ ਵਾਧੂ ਸਮਾਂ ਵੀ ਪੜ੍ਹਾਉਂਦੇ ਸਨ।

''ਨਹੀਂ ਬੇਟੇ ਨਹੀਂ ਗਲਤੀ ਤੇਰੇ ਤੋਂ ਨਹੀਂ... ਮੇਰੇ ਤੋਂ ਹੋਈ ਐ।'' ਉਹਨਾਂ ਨੇ ਮੈਨੂੰ ਬਾਹੋਂ ਫੜ੍ਹ ਕੇ ਛਾਤੀ ਨਾਲ ਘੁੱਟ ਲਿਆ ਸੀ। ਉਹਨਾਂ ਨੇ ਉਨ੍ਹਾਂ ਚਿਰ ਮੈਨੂੰ ਛਾਤੀ ਨਾਲ ਲਾਈ ਰੱਖਿਆ ਜਿੰਨਾਂ ਚਿਰ ਮੇਰੇ ਹੌਕੇ ਬੰਦ ਨਹੀਂ ਹੋਏ। ਮਾਸਟਰ ਜੀ ਦਾ ਗੱਚ ਭਰ ਆਇਆ ਸੀ।

''ਮੈਨੂੰ ਤਾਂ ਸਗੋਂ ਖੁਸ਼ੀ ਹੋਈ ਐ ਮੇਰਾ ਕੋਈ ਵਿਦਿਆਰਥੀ ਗਲਤ ਗੱਲਾਂ ਦੇ ਖਿਲਾਫ਼ ਬੋਲਣ ਜੋਗਾ ਹੋਇਆ।'' ਮਾਸਟਰ ਜੀ ਦੇ ਚਿਹਰੇ ਤੇ ਅਜੀਬ ਜਿਹੀ ਚਮਕ ਸੀ।

ਮੁਬਾਇਲ-98726-40994



## ਲਤਾੜੇ ਲੋਕਾਂ ਦੀਆਂ ਯਾਦਾਂ / - ਦਰਸ਼ਨ ਸਿੰਘ ਗੁਰੂ

ਬਚਪਨ-ਜਵਾਨੀ ਜ਼ਿੰਦਗੀ ਦੇ ਅਹਿਮ ਪੜਾਅ ਹੁੰਦੇ ਹਨ। ਇਸ ਵਿਚ ਵਾਪਰੀਆਂ ਘਟਨਾਵਾਂ, ਹੱਡੀਂ ਹੰਢਾਏ ਔਖੇ-ਸੌਖੇ ਪਲ-ਕਾਮਯਾਬੀਆਂ ਨਾ-ਕਾਮਯਾਬੀਆਂ ਮਨ ਦੀ ਸਲੇਟ 'ਤੇ ਅਚੇਤ-ਸੁਚੇਤ ਰੂਪ ਵਿਚ ਉੱਕਰ ਜਾਂਦੇ ਹਨ, ਜਿਨ੍ਹਾਂ ਦੀ ਜ਼ਿੰਦਗੀ ਦੀਆਂ ਅਗਲੇਰੀਆਂ ਮੰਜ਼ਿਲਾਂ 'ਤੇ ਜਾਣ ਲਈ ਬਹੁਤ ਹੀ ਅਹਿਮੀਅਤ ਹੁੰਦੀ ਹੈ। ਇਨ੍ਹਾਂ ਨਾਲ ਸਿਰ 'ਤੇ ਪੈਂਦੇ ਦੁੱਖਾਂ-ਸੁੱਖਾਂ ਨੂੰ ਸਹਿਣ ਦੀ ਊਰਜਾ ਪੈਦਾ ਹੁੰਦੀ ਹੈ। ਇਹ ਊਰਜਾ ਮਨੁੱਖ ਨੂੰ ਡੋਲਣੋਂ-ਤਿਲਕਣੋਂ ਤੇ ਥਿੜਕਣੋਂ ਹੌਸਲੇ ਦਾ ਕੰਮ ਕਰਦੀ ਹੈ। ਜਿਹੜਾ ਆਪਣੀਆਂ ਯਾਦਾਂ ਦਾ ਅਹਿਮ ਤੇ ਕੀਮਤੀ ਖ਼ਜ਼ਾਨਾ ਸੰਭਾਲ ਲੈਂਦਾ ਹੈ, ਉਸ ਤੋਂ ਸਬਕ ਸਿੱਖ ਲੈਂਦਾ ਹੈ ਤੇ ਉਹੀ ਕਾਮਯਾਬੀ ਵੱਲ ਵਧਦਾ ਹੈ। ਭਾਵੇਂ ਆਮ ਮਨੁੱਖ ਲਈ ਇਸ ਦੇ ਕੋਈ ਅਰਥ ਨਾ ਹੋਣ, ਪਰ ਲੇਖਕ ਲਈ ਯਾਦਾਂ ਉਸਦੀ ਲਿਖਣ ਸਮੱਗਰੀ ਦਾ ਹਿੱਸਾ ਬਣਦੀਆਂ ਹਨ। ਇਹ ਲੇਖਕ ਦੀ ਕਲਪਨਾ ਦੇ ਨਾਲ-ਨਾਲ ਯਥਾਰਥ ਦਾ ਰੂਪ ਧਾਰਦੀਆਂ ਹਨ।

ਮੇਰੇ ਬਚਪਨ 'ਚ ਹੀ ਮੇਰੇ ਸਿਰ ਤੋਂ ਬਾਪ ਦਾ ਛਾਇਆ ਸਦਾ ਲਈ ਉੱਠ ਗਿਆ ਸੀ। ਮਾਂ ਹੀ ਦਸਦੀ ਸੀ, ''ਤੇਰੀ ਉਮਰ ਦੋ ਸਾਲ ਦੀ ਸੀ। ਬਾਪ ਦਾ ਚੇਹਰਾ ਮੈਂ ਦੇਖਣ ਲਈ ਅੱਜ ਤੱਕ ਕਲਪਦਾ ਆ ਰਿਹਾ ਹਾਂ। ਮੈਨੂੰ ਨਹੀਂ ਪਤਾ ਕਿ ਉਨ੍ਹਾਂ ਸਮਿਆਂ ਦੌਰਾਨ ਗ਼ਰੀਬ ਪਰਿਵਾਰਾਂ 'ਚ ਫੋਟੋ ਦੀ ਕੋਈ ਕੀ ਅਹਿਮੀਅਤ ਹੁੰਦੀ ਹੋਵੇਗੀ? ਇਸੇ ਲਈ ਮੈਂ ਆਪਣੀ ਮਾਂ ਨੂੰ ਸਭ ਕੁਝ ਸਮਝਦਾ ਹਾਂ। ਜਿਸ ਨੇ ਬਹੁਤ ਹੀ ਜੋਖ਼ਮ ਝੱਲ ਕੇ ਸਾਨੂੰ ਚਾਰਾਂ ਭੈਣ-ਭਰਾਵਾਂ ਨੂੰ ਪਾਲ਼ਿਆ। ਪਿਤਾ ਦੇ ਲੰਮਾਂ ਸਮਾਂ ਬੀਮਾਰ ਰਹਿਣ ਕਰਕੇ ਕਰਜ਼ਾ ਹੀ ਏਨਾ ਸੀ ਜਿਸ ਨੇ ਸਾਰਾ ਘਰ ਦੇ ਚਾਰੇ ਖੂੰਜੇ ਹਿਲਾ ਕੇ ਰੱਖ ਦਿੱਤਾ ਸੀ। ਜਿਸਦੀ ਸਮਝ ਮੈਨੂੰ ਥੋੜ੍ਹੀ ਜਿਹੀ ਸੂਝ ਆਉਣ ਨਾਲ ਹੀ ਹੋ ਗਈ ਸੀ। ਮੇਰੀ ਮਾਂ ਲੋਕਾਂ ਦਾ ਕੰਮ-ਧੰਦਾ ਕਰਨ ਜਾਂਦੀ। ਕਪਾਹ-ਨਰਮੇ ਚੁਗ਼ਣ ਖੇਤਾਂ 'ਚ ਜਾਂਦੀ ਮੈਂ ਵੀ ਨਾਲ ਜਾਂਦਾ। ਮੈਂ ਭੱਜ-ਭੱਜ ਕੇ ਕੰਮ ਕਰਦਾ ਕਿਤੇ ਕੋਈ ਮਾਂ ਨੂੰ ਇਹ ਨਾ ਆਖ ਦੇਵੇ, ''ਰੋਟੀਆਂ ਦੇ ਖਾਈਏ ਨੂੰ ਕਿੱਥੇ ਨਾਲ ਹਿਣਕਾ ਲਿਆਉਂਦੀ ਐ।''

ਚਾਰ ਭੈਣ-ਭਰਾਵਾਂ 'ਚੋਂ ਇੱਕ ਮੈਂ ਹੀ ਪੜ੍ਹਨ ਲੱਗਿਆ। ਮੇਰੀ ਮਾਂ ਚਾਹੁੰਦੀ ਸੀ ਕਿ ਇਹ ਚਾਰ ਅੱਖਰਾਂ ਦਾ ਸਿਆਣੂ ਹੋ ਕੇ ਰੋਟੀ ਜੋਗਾ ਹੋ ਜਾਵੇ। ਪਹਿਲੀ-ਦੂਜੀ ਕਲਾਸ ਤੋਂ ਹੀ ਪੜ੍ਹਾਈ ਦੌਰਾਨ ਮੇਰੇ ਸਾਰੇ ਐਤਵਾਰ, ਸਾਰੀਆਂ ਸਰਕਾਰੀ ਛੁੱਟੀਆਂ, ਗਰਮੀ ਤੇ ਸਰਦੀ ਦੀਆਂ ਹੁੰਦਿਆਂ ਉਨ੍ਹਾਂ ਦੌਰਾਨ ਮਜ਼ਦੂਰੀ ਕਰਦਾ। ਮਜ਼ਦੂਰੀ ਕਰਨੀ ਮੇਰੀ ਮਜ਼ਬੂਰੀ ਸੀ। ਘਰ ਦੇ ਚੁੱਲ੍ਹੇ ਨੂੰ ਤਪਾਉਣ ਲਈ ਤੇ ਆਪਣੀ ਪੜ੍ਹਾਈ ਜ਼ਾਰੀ ਰੱਖਣ ਲਈ। ਕਿਉਂਕਿ ਘਰ ਦੀਆਂ ਕੱਚੀਆਂ ਕੰਧਾਂ ਨੂੰ ਗ਼ਰੀਬੀ ਦੀ ਗ਼ਰਦ ਨੇ ਖਾ ਲਿਆ ਸੀ। ਮੇਰਾ ਅਣਭੋਲ ਬਚਪਨ ਚਰ ਲਿਆ ਸੀ। ਮੇਰੇ ਬਚਪਨ ਦੇ ਸਾਥੀ ਛੁੱਟੀਆਂ ਦੌਰਾਨ ਆਪਣੇ ਨਾਨਕੀਂ, ਭੂਆ-ਮਾਸੀ ਜਾਂ ਕਿਸੇ ਰਿਸ਼ਤੇਦਾਰੀ 'ਚ ਜਾਂਦੇ, ਪਰ ਮੇਰੇ ਲਈ ਇਹ ਨਹੀਂ ਸੀ। ਨਵਾਂ ਕੱਪੜਾ ਤਾਂ ਕੀ ਕਿਸੇ ਦੇ ਲਾਹੇ ਹੋਏ ਕੱਪੜੇ ਵੀ ਘੱਟ ਹੀ ਮਿਲਦੇ। ਜਦੋਂ ਨੂੰ ਮੈਂ ਅੱਠਵੀਂ ਕਲਾਸ 'ਚ ਹੋਇਆ, ਮਾਂ ਨੂੰ ਅਧਰੰਗ ਹੋ ਗਿਆ ਤੇ ਕਾਲੇ ਮੋਤੀਏ ਦਾ ਅਟੈਕ ਵੀ। ਜਿਸ ਨਾਲ ਮਾਂ ਦੀ ਅੱਖਾਂ ਦੀ ਜੋਤ ਚਲੀ ਗਈ। ਭੈਣਾਂ ਵੱਡੀਆਂ ਸਨ ਉਨ੍ਹਾਂ ਦਾ ਵਿਆਹ ਹੋ ਗਿਆ ਸੀ। ਮੈਂ ਜ਼ਿੰਦਗੀ ਦੀ ਜੰਗ ਲੜਣ ਲਈ ਇਕੱਲਾ ਹੀ ਮੈਦਾਨ 'ਚ ਰਹਿ ਗਿਆ। ਮਾਂ ਦੀ ਬੀਮਾਰੀ ਕਰਕੇ ਸਕੂਲ ਘੱਟ ਹੀ ਜਾਂਦਾ ਪਰ ਪੜ੍ਹਣ ਦਾ ਸਮਾਂ ਕੱਢ ਲੈਂਦਾ।

ਮੱਝ ਲਈ ਪੱਠੇ ਲੈ ਕੇ ਆਉਂਦਾ ਅਤੇ ਦੋਜੀ ਨੂੰ ਦੁੱਧ ਪਾਉਂਦਾ।

ਪਿੰਡ ਭੱਦਲਵੱਢ ਸਰਕਾਰੀ ਮਿਡਲ ਸਕੂਲ ਅਜੇ ਨਵਾਂ-ਨਵਾਂ ਹੀ ਬਣਿਆ ਸੀ। ਜਿੱਥੇ ਮੈਂ ਪੜ੍ਹਦਾ ਸੀ। ਪੜ੍ਹਦਾ ਕਾਹਦਾ ਸੀ, ਟਾਈਮ ਪੂਰਾ ਹੀ ਕਰਦਾ ਸੀ। ਉਨ੍ਹਾਂ ਸਮਿਆਂ ਦੌਰਾਨ ਸਕੂਲ ਦੇ ਮੁੱਖ ਅਧਿਆਪਕ ਸ੍ਰੀ ਜੈ ਕਿਸ਼ਨ ਜੀ ਸਨ। ਮਾਂ ਦੀ ਬੀਮਾਰੀ ਕਰਕੇ ਮੇਰੀਆਂ ਹਾਜ਼ਰੀਆਂ ਘੱਟ ਸਨ। ਸ੍ਰੀ ਜੈ ਕਿਸ਼ਨ ਜੀ ਦੀ ਸਰਕਾਰੀ ਮਜ਼ਬੂਰੀ ਸੀ, ਜਿਸ ਕਰਕੇ ਉਨ੍ਹਾਂ ਨੇ ਮੈਨੂੰ ਪੇਪਰ ਦੇਣ ਤੋਂ ਰੋਕ ਦਿੱਤਾ। ਹੋ ਸਕਦਾ ਬੋਰਡ ਦੇ ਪੇਪਰ ਹੋਣ ਕਰਕੇ ਤੇ ਸਕੂਲ ਦੇ ਮੁਖੀ ਹੋਣ ਕਰਕੇ ਉਨ੍ਹਾਂ ਨੂੰ ਰਿਜ਼ਲਟ ਖ਼ਰਾਬ ਹੋਣ ਦਾ ਡਰ ਤੇ ਮਜ਼ਬੂਰੀ ਹੋਵੇ। ਮੈਨੂੰ ਬੁਲਾ ਕੇ ਕਿਹਾ, "ਤੂੰ ਕਾਕਾ ਅਗਲੀ ਵਾਰ ਪੇਪਰ ਦੇ ਲਈਂ।" ਮੈਨੂੰ ਚੱਕਰ ਆ ਗਿਆ ਤੇ ਮੇਰੀਆਂ ਅੱਖਾਂ 'ਚੋਂ ਹੰਝੂ ਵਹਿ ਤੁਰੇ ਤੇ ਮੈਂ ਉਨ੍ਹਾਂ ਦੇ ਦਫ਼ਤਰੋਂ ਬਾਹਰ ਆ ਗਿਆ। ਪ੍ਰੰਤੂ ਉਸ ਸਮੇਂ ਮਾਸਟਰ ਸ੍ਰ. ਸੁਰਜੀਤ ਸਿੰਘ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ, ਤੇ ਮੈਨੂੰ ਹੌਸਲਾ ਦਿੱਤਾ। ਉਹ ਮੈਨੂੰ ਮੁੜ ਸ੍ਰੀ ਜੈ ਕਿਸ਼ਨ ਜੀ ਕੋਲ ਲੈ ਗਏ। ਉਨ੍ਹਾਂ ਨੇ ਕਿਹਾ "ਹੈਡਮਾਸਟਰ ਸਾਹਿਬ ! ਮੁੰਡੇ ਦੀ ਫ਼ੀਸ ਭੇਜ ਦਿਓ। ਵਿਚਾਰਾ ਪਹਿਲਾਂ ਹੀ ਦੁੱਖਾਂ ਦਾ ਮਾਰਿਆ ਹੋਇਆ ਹੈ।" ਪ੍ਰੰਤੂ ਜੈ ਕਿਸ਼ਨ ਜੀ ਨੇ ਆਪਣੀ ਪਹਿਲਾਂ ਵਾਲੀ ਗੱਲ ਕਿ 'ਰਿਜ਼ਲਟ ਖ਼ਰਾਬ ਹੋ ਜੂ' ਦੁਹਰਾਅ ਦਿੱਤੀ। ਮਾਸਟਰ ਸੁਰਜੀਤ ਸਿੰਘ ਜੀ ਜਜ਼ਬਾਤੀ ਹੋ ਗਏ, ਸ੍ਰੀ ਜੈ ਕਿਸ਼ਨ ਜੀ ਨਾਲ ਝਗੜ ਪਏ। "ਹੈਡਮਾਸਟਰ ਸਾਹਿਬ ! ਇਸ ਗ਼ਰੀਬ 'ਤੇ ਤਰਸ ਕਰੋ। ਇਸਦਾ ਭਵਿੱਖ ਖ਼ਰਾਬ ਹੋ ਜੂ। ਪਰ ਜੈ ਕਿਸ਼ਨ ਜੀ ਬਜਿੱਦ ਰਹੇ। ਮਾਸਟਰ ਸੁਰਜੀਤ ਸਿੰਘ ਜੀ ਨੇ ਫਿਰ ਕਿਹਾ, "ਚਲੋ ਤੁਹਾਡੀ ਮਜ਼ਬੂਰੀ ਐ ਮੇਰੀ ਵੀ ਏਹਦੇ ਪੇਪਰ ਦਿਵਾਉਣ ਦੀ ਮਜ਼ਬੂਰੀ ਐ, ਇਹਦੀ ਫ਼ੀਸ ਈ ਐ, ਮੈਂ ਪ੍ਰਾਈਵੇਟ ਭਰਕੇ ਇਹਦੇ ਪੇਪਰ ਜ਼ਰੂਰ ਦਿਵਾਊਂ।" ਫੇਰ ਸ੍ਰੀ ਜੈ ਕਿਸ਼ਨ ਜੀ ਮੰਨ ਗਏ ਤੇ ਮੇਰਾ ਪੇਪਰ ਦੇਣ ਦਾ ਸਬੱਬ ਬਣਿਆ। ਮੈਂ ਪੜ੍ਹਦਾ ਵੀ ਤੇ ਮਾਂ ਨੂੰ ਸੰਭਾਲਦਾ ਵੀ। ਮੈਂ ਮਾਸਟਰ ਸੁਰਜੀਤ ਸਿੰਘ ਜੀ ਦੀ ਰੱਖ ਵਿਖਾਈ ਔਖਾ-ਸੌਖਾ ਪਾਸ ਹੋ ਗਿਆ। ਪਰ ਰਿਜ਼ਲਟ ਏਨਾ ਮਾੜਾ ਆਇਆ ਕਿ ਅਸੀਂ ਪੰਦਰਾਂ-ਸੋਲ੍ਹਾਂ ਮੁੰਡੇ-ਕੁੜੀਆਂ 'ਚੋਂ ਥੋੜ੍ਹੇ ਹੀ ਪਾਸ ਹੋਏ ਜਿਨ੍ਹਾਂ ਵਿਚੋਂ ਮੈਂ ਵੀ ਸੀ। ਦਸਵੀਂ ਕਰਨ ਉਪਰੰਤ ਮੈਂ ਆਈ.ਟੀ.ਆਈ. ਕਰਕੇ ਬਿਜਲੀ ਬੋਰਡ 'ਚ ਆਰਜ਼ੀ ਤੌਰ 'ਤੇ ਕੰਮ ਕੀਤਾ। ਮਾਲਵਾ ਕਾਟਨ ਸਪੀਨਿੰਗ ਮਿੱਲ 'ਚ ਕੁਇੰਟਲ-ਕੁਇੰਟਲ ਦੀਆਂ ਗੱਠਾਂ ਆਪਣੀ ਪਿੱਠ 'ਤੇ ਧਰਕੇ ਗੱਡੀਆਂ ਲੋਡ ਕੀਤੀਆਂ। ਭੱਠੇ 'ਤੇ ਸਭ ਤੋਂ ਔਖਾ ਕੰਮ ਕੇਰੀ ਚੁੱਕਣਾ (ਪੌੜੀ ਰਾਹੀਂ ਮਿੱਟੀ ਦੇ ਟੋਕਰੇ ਭਰਕੇ ਸਿਰ 'ਤੇ ਧਰਕੇ ਕੱਚੀਆਂ ਇੱਟਾਂ ਨੂੰ ਢਕਣਾ)। ਜੇਠ ਹਾੜ੍ਹ ਦੇ ਮਹੀਨੇ ਗਰਮ ਰਾਖ ਨਾਲ ਮੂੰਹ ਸਿਰ ਇੱਕ ਹੋ ਜਾਣਾ। ਮਲੇਰੀਆ ਸੁਪਰਵਾਈਜ਼ਰ ਵੀ ਬਣਿਆ। ਕੱਚੇ ਤੌਰ 'ਤੇ ਡਾਕੀਆ ਬਣਕੇ ਡਾਕ ਵੰਡੀ। ਬਹੁਤ ਹੀ ਔਖੇ ਤੇ ਟੇਢੇ ਰਾਹਾਂ 'ਚੋਂ ਲੰਘ ਕੇ ਮੈਂ ਪਟਵਾਰੀ ਦਾ ਟੈਸਟ ਪਾਸ ਕਰਕੇ ਪਟਵਾਰੀ ਬਣਿਆ। ਪ੍ਰੰਤੂ ਜੇਕਰ ਮਾਸਟਰ ਸੁਰਜੀਤ ਸਿੰਘ ਜੀ ਮੇਰੀ ਜ਼ਿੰਦਗੀ 'ਚ ਨਾ ਆਉਂਦੇ ਮੈਂ ਵੀ ਘਰ ਦੀ ਗ਼ਰੀਬੀ ਦੀਆਂ ਕੰਧਾਂ 'ਚ ਚਿਣਿਆ ਜਾਣਾ ਸੀ।

ਛੋਟੀ ਉਮਰ 'ਚ ਮੈਨੂੰ ਕਿੱਸੇ ਪੜ੍ਹਣ ਦਾ ਬਹੁਤ ਸ਼ੌਕ ਸੀ। ਮੇਰੀ ਕਿੱਸੇ ਖਰੀਦਣ ਦੀ ਪਹੁੰਚ ਨਹੀਂ ਸੀ ਹੁੰਦੀ। ਮੈਂ ਕਿੱਸੇ ਪਿੰਡ ਦੇ ਬਜ਼ੁਰਗਾਂ ਤੋਂ ਲੈ ਕੇ ਪੜ੍ਹਿਆ ਕਰਦਾ ਸੀ ਅਤੇ ਉਸ ਸਮੇਂ ਕਿੱਸੇ ਮੇਲਿਆਂ 'ਤੇ ਆਮ ਵਿਕਿਆ ਕਰਦੇ ਸਨ। ਉਹ ਮੈਥੋਂ ਕਿੱਸੇ ਸੁਣਦੇ, "ਲਿਆ ਵੀ ਸੁਣਾ ਮੁੰਡਿਆ, ਸੰਮਨ ਮੂਸਨ ਵਾਲਾ, ਹੀਰ ਰਾਂਝਾ, ਪੂਰਨ ਭਗਤ, ਵਾਰਿਸ਼ ਸ਼ਾਹ ਦੀ ਹੀਰ, ਰਾਣੀ ਸੁੰਦਰਾ ਵਾਲਾ ਜਾਂ ਕਦੇ ਮਹਿਰਾਜ ਵਾਲੇ ਚੰਦ ਸਿੰਘ ਦੀ ਲਿਖੀ ਜੰਝ ਸੁਣਦੇ। ਬਹੁਤੇ ਕਿੱਸੇ ਤਾਂ ਮੇਰੇ ਪੜ੍ਹਦਿਆਂ-ਗਾਉਂਦਿਆਂ ਜਵਾਨੀ ਹੀ ਯਾਦ ਹੋ ਗਏ। ਫਿਰ ਮੈਂ ਬਿਨ ਦੇਖਿਆਂ ਹੀ ਸਭ ਕੁਝ ਗਾ ਕੇ ਬਜ਼ੁਰਗਾਂ ਨੂੰ ਸੁਣਾ ਦਿੰਦਾ।



ਕਵਿਤਾ-ਗੀਤ ਕਹਾਣੀ ਲਿਖਣ ਦਾ ਸ਼ੌਕ ਮੈਨੂੰ ਦਸਵੀਂ ਕਲਾਸ ਤੋਂ ਹੀ ਪੈ ਗਿਆ ਸੀ। ਦਸਵੀਂ 'ਚ ਮੈਂ 'ਖੂਹ ਦੀ ਮਿੱਟੀ ਖੂਹ 'ਚ' ਕਹਾਣੀ ਲਿਖੀ, ਜਿਹੜੀ ਪੱਚੀ ਸਾਲ ਬਾਅਦ 'ਓਪਰਾ ਖੇਤ' ਕਹਾਣੀ ਬਣ ਗਈ ਅਤੇ ਇਹ ਪੰਜਾਬੀ ਟ੍ਰਿਬਿਊਨ ਤੇ ਅਜੀਤ ਅਖ਼ਬਾਰ 'ਚ ਛਪੀ। ਫਿਰ ਮੈਂ ਲਗਾਤਾਰ ਕਹਾਣੀਆਂ ਲਿਖਦਾ ਰਿਹਾ ਤੇ ਜ਼ਿਆਦਾਤਰ ਮੇਰੀਆਂ ਕਹਾਣੀਆਂ ਪੰਜਾਬੀ ਟ੍ਰਿਬਿਊਨ ਅਖ਼ਬਾਰ ਨੇ ਛਾਪੀਆਂ ਉਂਝ ਤਾਂ ਹੋਰ ਅਖ਼ਬਾਰਾਂ ਤੇ ਮੈਗ਼ਜ਼ੀਨਾਂ 'ਚ ਮੇਰੀਆਂ ਕਹਾਣੀਆਂ ਛਪਦੀਆਂ ਰਹੀਆਂ ਪਰ ਅਸਲ 'ਚ ਕਹਿ ਲਵੋ ਕਿ ਮੇਰੀ ਪਹਿਚਾਣ ਕਹਾਣੀਕਾਰ ਦੇ ਤੌਰ 'ਤੇ ਪੰਜਾਬੀ ਟ੍ਰਿਬਿਊਨ ਅਖ਼ਬਾਰ ਨੇ ਹੀ ਬਣਾਈ ਹੈ। ਇਸ ਤਰ੍ਹਾਂ 'ਮੁੱਠੀ 'ਚ ਕਿਰੀ ਰੇਤ' ਦਾ ਭੱਠੇ 'ਤੇ ਕੰਮ ਕਰਨ ਵਾਲਾ ਪਾਤਰ ਕੇਸਰ ਖ਼ੁਦ ਮੈਂ ਹੀ ਹਾਂ। ਜਿਹੜਾ ਚਰਨ ਸਿੰਘ ਹੈ ਉਹ ਵੀ ਉੱਥੇ ਭੱਠੇ 'ਤੇ ਕੰਮ ਕਰਦਾ ਸੀ। ਉਹ ਜ਼ਮੀਨ ਬੈ ਕਰ ਚੁੱਕੇ ਜ਼ਿਮੀਂਦਾਰਾਂ ਦਾ ਮੁੰਡਾ ਸੀ।

ਹਰ ਪਿੰਡ ਵਿਚ ਪੰਜ/ਸੱਤ ਘਰ ਅਜਿਹੇ ਮਿਲ ਜਾਣਗੇ ਜਿਹੜੇ ਬਹੁਤ ਹੀ ਖੱਬੀ ਖਾਂ ਤੇ ਬਦਮਾਸ਼ ਕਹਾਉਂਦੇ ਹਨ। ਜਿਨ੍ਹਾਂ ਦੀ ਸਰਕਾਰੇ-ਦਰਬਾਰੇ ਵੀ ਪਹੁੰਚ ਹੁੰਦੀ ਹੈ ਤੇ ਉਹ ਆਪਣਾ ਦਬਦਬਾ ਲੋਕਾਂ 'ਤੇ ਬਣਾ ਕੇ ਰੱਖਦੇ ਹਨ। ਅੱਜ ਤੋਂ ਚਾਰ ਦਹਾਕੇ ਪਹਿਲਾਂ ਵੀ ਅਜਿਹਾ ਸੀ, ਜਿਹੜਾ ਮੇਰੀ ਜ਼ਿੰਦਗੀ ਦਾ ਅਨੁਭਵ ਬਣਿਆ। ਕੁਝ ਕੁ ਲੋਕ ਅਜਿਹੇ ਵੀ ਸਨ ਜਿਨ੍ਹਾਂ ਸੀਰੀਆਂ-ਸਾਂਝੀਆਂ ਦੀਆਂ ਇਸਤਰੀਆਂ ਤੇ ਲੜਕੀਆਂ ਖ਼ੂਬਸੂਰਤ ਹੁੰਦੀਆਂ, ਉਨ੍ਹਾਂ ਨੂੰ ਹੀ ਸੀਰੀ/ ਸਾਂਝੀ ਰੱਖਦੇ। ਜਦੋਂ ਸੀਰੀ-ਸਾਂਝੀ ਖੇਤਾਂ 'ਚ ਕੰਮ ਕਰਨ ਚਲੇ ਜਾਂਦੇ, ਘਰ ਦੀ ਕੱਢੀ ਸ਼ਰਾਬ ਦੇ ਦੋ ਪੈੱਗ ਲਾ ਕੇ ਉਨ੍ਹਾਂ ਦੇ ਘਰਾਂ 'ਚ ਜਾਂਦੇ। ਆਂਢ-ਗੁਆਂਢ 'ਚ ਡਰਦਾ ਮਾਰਾ ਉਨ੍ਹਾਂ ਅੱਗੇ ਕੋਈ ਬੋਲਦਾ ਨਹੀਂ ਸੀ। ਉਨ੍ਹਾਂ 'ਚੋਂ ਕੁਝ ਅਜਿਹੇ ਵੀ ਸਨ ਜਿਹੜੇ ਪੋਹ-ਮਾਘ ਦੀਆਂ ਠਰੀਆਂ ਰਾਤਾਂ 'ਚ ਸੀਰੀਆਂ ਨੂੰ ਕੱਸੀ ਦਾ ਪਾਣੀ ਫ਼ਸਲਾਂ ਨੂੰ ਲਾਉਣ ਲਈ ਭੇਜ ਕੇ ਆਪ ਉਨ੍ਹਾਂ ਦੀਆਂ ਜ਼ਨਾਨੀਆਂ ਨਾਲ ਰਜਾਈ ਦਾ ਨਿੱਘ ਮਾਣਦੇ। ਇਸਤਰੀਆਂ ਸਰੀਰਕ ਭੁੱਖ ਕਰਕੇ ਨਹੀਂ, ਸਗੋਂ ਮਜ਼ਬੂਰੀ ਤੇ ਗੁਲਾਮੀ ਕਰਕੇ ਇਹ ਸਭ ਕੁਝ ਸਹਿੰਦੀਆਂ ਸਨ, ਜੇਕਰ ਉਹ ਬੋਲਦੀਆਂ ਵੀ ਤਾਂ ਉਨ੍ਹਾਂ ਦੀ ਕਿਹੜਾ ਸੁਣਦਾ ਸੀ। ਇਹ ਸਾਰਾ ਕੁਝ ਮੇਰੀਆਂ ਕਹਾਣੀਆਂ ਵਿਚ ਵੀ ਆਇਆ ਹੈ ਜਿਵੇਂ ਕਿ 'ਇੱਕ ਚੁਰਾਸੀ ਹੋਰ' ਦੀ ਬਚਨੀ, 'ਫ਼ੈਸਲਾ' ਕਹਾਣੀ ਦੀ ਕਾਂਤਾ, 'ਹਨੇਰੇ ਦੀ ਮੌਤ' ਦਾ ਬਲੌਰ, 'ਧੂੰਏਂ ਹੇਠਲੀ ਅੱਗ' ਦਾ ਦੁੱਲਾ ਅਤੇ 'ਵੱਡੀ ਜਿੱਤ' ਦੀ ਨਾਮੋ ਆਪ ਮੁਹਾਰੇ ਹੀ ਮੇਰੀਆਂ ਕਹਾਣੀਆਂ ਦਾ ਹਿੱਸਾ ਬਣ ਗਏ। ਪਰ 'ਵੱਡੀ ਜਿੱਤ' ਦੀ ਨਾਮੋ ਜਿਹੜੀ ਸੰਘਰਸ਼ਸ਼ੀਲ ਔਰਤ ਹੈ, ਨੂੰ ਮੈਂ ਆਪਣੀ ਮਾਂ ਦੇ ਜੀਵਨ ਦੇ ਰੂਪ ਵਿਚ ਲੈ ਕੇ ਆਇਆ ਹਾਂ। ਮੇਰਾ ਕਹਾਣੀਆਂ ਲਿਖਣ ਦਾ ਮਕਸਦ, ਸਦੀਆਂ ਤੋਂ ਪੀੜ੍ਹੀ-ਦਰ-ਪੀੜ੍ਹੀ ਸੰਤਾਪ ਭੋਗ ਰਹੇ ਵਰਗ ਦੀ ਜ਼ਮੀਰ ਨੂੰ ਹਲੂਣਾ ਦੇਣਾ ਤੇ ਜਗਾਉਣਾ ਹੈ। ਜਿਨ੍ਹਾਂ ਨੂੰ ਅਜੇ ਆਪਣੇ ਫਰਜ਼ਾਂ ਤੇ ਹੱਕਾਂ ਦੀ ਕੋਈ ਸੂਝ ਹੀ ਨਹੀਂ। ਅਜੇ ਤਾਂ ਮੈਂ 'ਸੇਰ 'ਚੋਂ ਪੂਣੀ' ਵੀ ਨਹੀਂ ਕੱਤੀ। ਮੇਰੀ ਕੋਸ਼ਿਸ਼ ਰਹੇਗੀ ਕਿ ਆਉਣ ਵਾਲੇ ਦੋ ਨਵੇਂ ਨਾਵਲਾਂ 'ਚ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਦੀਆਂ ਉਲਝੀਆਂ ਹੋਈਆਂ ਤੰਦਾਂ ਨੂੰ ਸੁਲਝਾਉਣ ਦਾ ਯਤਨ ਕਰਾਂ।

ਪਟਵਾਰੀ ਬਣਨ ਤੋਂ ਬਾਅਦ ਮੇਰਾ ਸਬੰਧ ਕਿਸਾਨੀ ਨਾਲ ਜੁੜ ਗਿਆ। ਛੋਟੀ ਕਿਸਾਨੀ ਦੀ ਹਾਲਤ ਕਿੰਨੀ ਤਰਸਯੋਗ ਹੈ, ਇਹ ਮੈਂ ਹੀ ਸਮਝਦਾ ਹਾਂ। ਕਿਸਾਨੀ ਨੂੰ ਕੰਗਾਲੀ ਵੱਲ ਲਿਜਾਣ ਦੇ ਕਿਹੜੇ-ਕਿਹੜੇ ਕਾਰਨ ਹਨ? ਕਿਹੜੇ ਸਿਸਟਮ ਨੇ ਇਹ ਸਭ ਕੁਝ ਪੈਦਾ ਕੀਤੇ ਹਨ? ਇਸ ਤੋਂ ਉਹ ਭਾਵੇਂ ਅਣਜਾਣ ਹਨ ਪਰ ਮੈਂ ਭਲੀਭਾਂਤ ਜਾਣਦਾ ਹਾਂ। ਹਰੀ ਕ੍ਰਾਂਤੀ, ਚਿੱਟੀ ਕ੍ਰਾਂਤੀ, ਨੀਲੀ ਕ੍ਰਾਂਤੀ ਤੇ ਮਿੱਠੀ

ਕ੍ਰਾਂਤੀ ਦਾ ਲਾਭ ਕਿੰਨ੍ਹਾਂ ਨੂੰ ਹੋਇਆ ਕਿਸਾਨੀ ਨੂੰ ਜਾਂ ਕਿਸੇ ਹੋਰ ਨੂੰ? ਚਾਰ ਦਹਾਕਿਆਂ 'ਚ ਵੱਡੇ-ਵੱਡੇ ਘਰ ਕਿਵੇਂ ਖ਼ਤਮ ਹੋ ਗਏ? ਉਨ੍ਹਾਂ ਦੀਆਂ ਜ਼ਮੀਨਾਂ ਕਿਵੇਂ ਤੇ ਕਿਨ੍ਹਾਂ ਨੇ ਕਿਹੜੇ ਢੰਗਾਂ ਨਾਲ ਹਥਿਆਈਆਂ? ਕੀ ਉਹ ਲੋਕ ਮਿਹਨਤ ਨਹੀਂ ਕਰਦੇ ਸਨ? ਇਹ ਸਭ ਕੁਝ ਆਪਣੇ ਨਾਵਲ 'ਬੁਰਜ਼ਾਂ ਦੇ ਖੰਡਰ' 'ਚ ਖੁੱਲ੍ਹ ਕੇ ਲਿਖਿਆ ਹੈ। ਪੰਜਾਬ 'ਚ ਜਿਹੜੀਆਂ ਵੀ ਲਹਿਰਾਂ ਚੱਲੀਆਂ ਉਨ੍ਹਾਂ 'ਚ ਕਿਹੜੇ ਸ਼ੈਤਾਨ ਲੋਕਾਂ ਨੂੰ ਕਿਵੇਂ ਤੇ ਕਿਹੜੇ ਰੂਪ 'ਚ ਲਾਭ ਹੋਇਆ ਹੈ? ਇਨ੍ਹਾਂ ਲੋਕਾਂ ਨੂੰ ਕਿਹੜੇ ਹਾਲਾਤਾਂ ਨੇ ਜਾਂ ਕਿਹੜੇ ਸਿਸਟਮ ਨੇ ਬੁਰਜ਼ਾਂ ਤੋਂ ਖੰਡਰ ਬਣਾਇਆ ਹੈ ਤੇ ਉਹ ਮੁੜ ਖੰਡਰਾਂ ਤੋਂ ਬੁਰਜ਼ ਕਿਵੇਂ ਬਣ ਸਕਦੇ ਹਨ?

ਇਸੇ ਤਰ੍ਹਾਂ ਮੈਂ ਆਪਣੇ ਸੰਗ੍ਰਹਿ 'ਓਪਰਾ ਖੇਤ' ਤੇ 'ਧੂੰਏਂ ਹੇਠਲੀ ਅੱਗ' ਵਿਚ ਜ਼ਿਕਰ ਕੀਤਾ ਹੈ। 'ਬੁਰਜ਼ਾਂ ਦੇ ਖੰਡਰ' ਨਾਵਲ ਤੇ ਕਾਵਿ ਸੰਗ੍ਰਹਿ 'ਤਾਰਿਆਂ ਸੰਗ ਬਾਤਾਂ' ਵੀ ਮੇਰੇ ਦੱਬੇ ਤੇ ਲਿਤਾੜੇ ਲੋਕ ਉਹ ਕਿਸੇ ਵੀ ਜਾਤੀ 'ਚ ਹੋਣ ਉਨ੍ਹਾਂ ਦੀ ਜ਼ਮੀਰ ਜਗਾਉਣ ਲਈ ਲਿਖੇ ਹਨ। ਆਉਣ ਵਾਲੀਆਂ ਰਚਨਾਵਾਂ 'ਚ ਵੀ ਜ਼ਾਰੀ ਰੱਖਾਂਗਾ। ਮੈਂ ਚਾਹੁੰਦਾ ਹਾਂ ਕਿ ਧਰਤੀ 'ਤੇ ਰਹਿਣ ਵਾਲੇ ਹਰ ਮਨੁੱਖ ਦੀ ਹੋਂਦ ਹੋਣੀ ਚਾਹੀਦੀ ਹੈ। ਉਨ੍ਹਾਂ ਦਾ ਜਿਉਣ ਦਾ ਹੱਕ ਹੋਣਾ ਚਾਹੀਦਾ ਹੈ। ਮੌਤ ਤੋਂ ਬਾਅਦ ਕੋਈ ਸਵਰਗ ਜਾਂ ਨਰਕ ਹੈ ਮੈਂ ਨਹੀਂ ਮੰਨਦਾ ਪਰ ਇਸ ਧਰਤੀ 'ਤੇ ਦੱਬੇ ਤੇ ਲਿਤਾੜੇ ਲੋਕਾਂ ਲਈ ਸਵਰਗ-ਨਰਕ ਜ਼ਰੂਰ ਹੈ।

ਮੋ: 98728-62891

## ਮੁਕਾਬਲੇ ਵਾਲੀ ਭਾਵਨਾ ਵਾਲਾ ਬਚਪਨ/ - ਅਜਮੇਰ ਸਿੱਧੂ

ਮੈਂ ਜਦੋਂ ਆਪਣੇ ਪਿੰਡ ਜਾਫ਼ਰਪੁਰ ਪਹਿਲੀ-ਦੂਜੀ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਸੀ, ਉਦੋਂ ਦਾ ਪਹਿਲੀ ਦੂਜੀ ਜਮਾਤਾਂ ਦਾ ਕੁਝ ਯਾਦ ਨਹੀਂ। ਹਾਂ, ਤੀਜੀ ਜਮਾਤ ਦਾ ਕਾਫ਼ੀ ਕੁਝ ਯਾਦ ਹੈ। ਪਹਿਲੀ ਅਪ੍ਰੈਲ ਨੂੰ ਸਾਡੀ ਜਮਾਤ ਦੀ ਪੜ੍ਹਾਈ ਸ਼ੁਰੂ ਹੋਈ ਸੀ। ਮੈਂ ਉਸ ਦਿਨ ਸਕੂਲ ਗਿਆ। ਸ਼ਾਮ ਨੂੰ ਘਰ ਰਿਸ਼ਤੇਦਾਰ ਆ ਗਏ। ਮੈਂ ਉਨ੍ਹਾਂ ਨਾਲ ਵਾਂਢੇ ਚਲਾ ਗਿਆ। ਕਈ ਦਿਨ ਮੁੜ ਕੇ ਨਾ ਆਇਆ। ਵਾਢੀ ਦੀਆਂ ਛੁੱਟੀਆਂ ਵੀ ਆ ਗਈਆਂ। ਛੁੱਟੀਆਂ ਮੁੱਕੀਆਂ ਤਾਂ ਭਾਪਾ ਜੀ ਲੈਣ ਆ ਗਏ ਸਨ। ਮੈਂ ਦੋ ਕੁ ਦਿਨ ਸਕੂਲ ਗਿਆ ਹੋਵਾਂਗਾ, ਮੁੜ ਕਿਸੇ ਹੋਰ ਰਿਸ਼ਤੇਦਾਰੀ ਵਿਚ ਚਲਾ ਗਿਆ। ਗਰਮੀਆਂ ਦੀਆਂ ਛੁੱਟੀਆਂ ਵਿਚ ਹੋਰ ਰਿਸ਼ਤੇਦਾਰੀ ਵਿਚ ਚਲਾ ਗਿਆ। ਸਕੂਲ ਖੁੱਲ੍ਹੇ ਤਾਂ ਇਕ ਹਫ਼ਤਾ ਸਕੂਲ ਜਾਂਦਾ ਰਿਹਾ। ਹਫ਼ਤੇ ਬਾਅਦ ਮੁੜ ਪਹਿਲੀਆਂ ਹੀ ਰਿਸ਼ਤੇਦਾਰੀਆਂ ਵਿਚ ਘੁੰਮਣ ਫਿਰਨ ਲੱਗ ਪਿਆ। ਮੈਂ ਨਾ ਸਕੂਲ ਜਾਂਦਾ। ਨਾ ਆਪਣੇ ਘਰ ਟਿਕਦਾ। ਬੱਸ ਜਿਸ ਵੀ ਰਿਸ਼ਤੇਦਾਰ ਨੇ ਆਉਣਾ, ਮੈਂ ਉਹਦੇ ਨਾਲ ਜਾਣ ਨੂੰ ਤਿਆਰ ਹੋ ਜਾਂਦਾ। ਬੀਬੀ ਭਾਪਾ ਬਥੇਰੇ ਰੋਕਦੇ। ਮੈਂ ਨਾ ਮੰਨਦਾ। ਪੂਰੀ ਅੜੀ ਕਰਦਾ। ਰਿਸ਼ਤੇਦਾਰ ਬੀਬੀ ਭਾਪੇ ਨੂੰ ਮਨਾ ਲੈਂਦੇ। ਮੈਨੂੰ ਆਪਣੇ ਪਿੰਡ ਲੈ ਜਾਂਦੇ। ਘਰਦਿਆਂ ਨੂੰ ਮੇਰੇ ਸਕੂਲ ਨਾ ਜਾਣ ਦਾ ਫ਼ਿਕਰ ਸੀ। ਮੇਰਾ ਪੜ੍ਹਨ ਵਿੱਚ ਉੱਕਾ ਹੀ ਧਿਆਨ ਨਹੀਂ ਸੀ। ਮੈਂ ਤਾਂ ਬੱਸ ਘੁੰਮਣ ਫਿਰਨ ਨੂੰ ਤਰਜੀਹ ਦਿੰਦਾ। ਜੇ ਮੈਂ ਪਿੰਡ ਵੀ ਹੁੰਦਾ ਤਦ ਵੀ ਘਰ ਨਾ ਬੈਠਦਾ। ਆਪਣੇ ਸਾਥੀਆਂ ਨਾਲ ਖੇਡਦਾ ਰਹਿੰਦਾ।

ਇਕ ਦਿਨ ਮੇਰੀ ਅਧਿਆਪਿਕਾ ਨੇ ਮੇਰੇ ਭਰਾ ਸਤਨਾਮ ਸਿੰਘ ਨੂੰ ਸਕੂਲ ਸੱਦਿਆ। ਉਹਨੂੰ ਸਾਫ਼ ਕਹਿ ਦਿੱਤਾ, "ਕਾਕਾ, ਜਾਂ ਤਾਂ ਇਹਨੂੰ ਹਟਾ ਲਓ ਜਾਂ ਇਹਨੂੰ ਰਿਸ਼ਤੇਦਾਰੀਆਂ ਵਿਚ ਭੇਜਣਾ ਬੰਦ ਕਰੋ। ਜੇ ਇਹਨੂੰ ਪੜ੍ਹਾਉਣਾ, ਰੋਜ਼ ਸਕੂਲ ਭੇਜੋ।"

ਮੇਰੀ ਅਧਿਆਪਿਕਾ ਬਲਦੇਵ ਕੌਰ ਸੀ। ਉਹ ਬਹੁਤ ਮਿਹਨਤੀ ਤੇ ਇਮਾਨਦਾਰ ਸੀ। ਉਹ ਮੇਰੇ ਮਗਰ



ਹੱਥ ਧੋ ਕੇ ਪੈ ਗਏ। ਮੇਰਾ ਸਕੂਲ ਵਿੱਚ ਚਿੱਤ ਨਾ ਲੱਗਦਾ। ਰੋਜ਼ ਮਨ ਕਰਨਾ ਕਿ ਕਿਸੇ ਰਿਸ਼ਤੇਦਾਰੀ ਵਿਚ ਚਲਾ ਜਾਵਾਂ। ਪਰ ਮੇਰਾ ਭਰਾ ਸਤਨਾਮ ਰੋਜ਼ ਮੈਨੂੰ ਸਕੂਲ ਛੱਡ ਕੇ ਜਾਂਦਾ। ਅੱਗੋਂ ਮੇਰੀ ਅਧਿਆਪਿਕਾ ਮੈਨੂੰ ਸੰਭਾਲ ਲੈਂਦੀ। ਉਹ ਮੈਨੂੰ ਬਥੇਰਾ ਪੜ੍ਹਾਉਣ ਦੀ ਕੋਸ਼ਿਸ਼ ਕਰਦੀ ਪਰ ਮੈਂ ਪੜ੍ਹਾਈ ਵਿਚ ਮਨ ਨਾ ਲਾਉਂਦਾ। ਉਹ ਪ੍ਰੇਸ਼ਾਨ ਹੋ ਉੱਠਦੀ ਪਰ ਹਾਰ ਨਾ ਮੰਨਦੀ। ਭਰਾ ਨੂੰ ਕਹਿੰਦੀ ਇਹਨੂੰ ਘਰ ਪੜ੍ਹਾਇਆ ਕਰ। ਮੈਂ ਕਿਥੋਂ ਪੜ੍ਹਨ ਵਾਲਾ ਸੀ? ਜਿੱਦਣ ਕਿਸੇ ਰਿਸ਼ਤੇਦਾਰ ਨੇ ਆਉਣਾ, ਉਸ ਦਿਨ ਕਲੇਸ਼ ਜ਼ਰੂਰ ਹੋਣਾ। ਮੈਂ ਉਨ੍ਹਾਂ ਨਾਲ ਜਾਣ ਨੂੰ ਹੱਥ ਪੈਰ ਮਾਰਨੇ, ਲਿਟ ਜਾਣਾ। ਪਰ ਭਰਾ ਕਿਸੇ ਦੀ ਚਲਣ ਨਾ ਦਿੰਦਾ। ਮੈਨੂੰ ਕਾਬੂ ਕਰ ਲੈਂਦਾ।

ਸਤੰਬਰ ਜਾਂ ਅਕਤੂਬਰ ਦਾ ਮਹੀਨਾ ਹੋਏਗਾ। ਅਧਿਆਪਿਕਾ ਕਈ ਦਿਨਾਂ ਤੋਂ ਛੋਟੀ ਤਕਸੀਮ ਦੇ ਸਵਾਲ ਸਮਝਾ ਰਹੀ ਸੀ। ਉਹਨੀਂ ਸਾਰੀਆਂ ਤਕਸੀਮ ਵਾਲੀਆਂ ਨੰਬਰੀਆਂ ਕਰਵਾ ਦਿੱਤੀਆਂ ਸਨ। ਹੁਣ ਟੈਸਟ ਲੈਣੇ ਸਨ। ਪਹਿਲੇ ਕੁਝ ਦਿਨ ਟੈਸਟ ਮੋਨੀਟਰ ਨੇ ਲੈਣੇ ਸਨ। ਬਾਅਦ ਵਿਚ ਅਧਿਆਪਿਕਾ ਨੇ। ਮੈਡਮ ਜੀ ਮੋਨੀਟਰ ਨੂੰ ਟੈਸਟ ਦਾ ਕਹਿ ਕੇ ਆਪ ਬਾਕੀ ਸਟਾਫ਼ ਮੈਂਬਰਾਂ ਕੋਲ ਜਾ ਬੈਠੇ। ਮੋਨੀਟਰ ਨੇ ਚਾਰ ਇਕੱਠੇ ਸਵਾਲਾਂ ਦੀ ਰਕਮ ਬਲੈਕ ਬੋਰਡ ਉੱਤੇ ਲਿਖ ਦਿੱਤੀ। ਅਸੀਂ ਸਲੇਟਾਂ 'ਤੇ ਸਵਾਲ ਕੱਢਣ ਲੱਗ ਪਏ। ਮੈਨੂੰ ਕਿਹੜਾ ਸਵਾਲ ਆਉਂਦੇ ਸਨ? ਤਕਸੀਮ ਆਉਣ ਲਈ ਜੋੜ, ਘਟਾਓ, ਗੁਣਾ ਤੇ ਪਹਾੜੇ ਆਉਣੇ ਜ਼ਰੂਰੀ ਹੁੰਦੇ ਹਨ। ਮੈਨੂੰ ਕੁਝ ਵੀ ਨਹੀਂ ਸੀ ਆਉਂਦਾ। ਇਕ ਇਕ ਕਰਕੇ ਬੱਚੇ ਸਵਾਲ ਕੱਢਕੇ ਖੜ੍ਹੇ ਹੋਈ ਜਾਂਦੇ, ਚੈੱਕ ਕਰਵਾ ਕੇ ਬੈਠੀ ਜਾਂਦੇ। ਮੋਨੀਟਰਨੀ ਨੇ ਕਿਹਾ ਜਿਹਨਾਂ ਨੂੰ ਨਹੀਂ ਆਉਂਦੇ ਉਹ ਖੜ੍ਹੇ ਹੋ ਜਾਓ। ਮੈਂ ਬੈਠਾ ਰਿਹਾ। ਮੋਨੀਟਰ ਨੇ ਮੇਰੇ ਲੱਤ ਮਾਰੀ। ਮੈਂ ਉਹਦੀ ਲੱਤ ਫੜ ਲਈ। ਉਹ ਹੇਠਾਂ ਡਿੱਗ ਪਈ। ਉਸੇ ਵੇਲੇ ਰੋਣ ਲੱਗ ਪਈ। ਦੂਜੇ ਨੰਬਰ ਦੀ ਮੋਨੀਟਰਨੀ ਮਨਜੀਤ ਸੀ। ਉਹ ਮੈਡਮ ਜੀ ਨੂੰ ਲੈ ਆਈ। ਮੈਡਮ ਜੀ ਦੇ ਹੱਥ ਵਿੱਚ ਡੰਡਾ ਸੀ। ਉਹਨੀਂ ਨਾ ਆਹ ਵੇਖਿਆ ਤੇ ਨਾ ਤਾਅ, ਡੰਡਾ ਵਰਾਉਣਾ ਸ਼ੁਰੂ ਕਰ ਦਿੱਤਾ। ਮੇਰਾ ਅੰਗ-ਅੰਗ ਭੰਨ ਦਿੱਤਾ। ਮੈਂ ਨਾਲੇ ਰੋਈ ਜਾਵਾਂ ਤੇ ਨਾਲੇ ਕਹੀ ਜਾਵਾਂ।

"ਇਹਨੇ ਮੇਰੇ ਲੱਤ ਮਾਰੀ ਸੀ।"

"ਤੂੰ ਵੀ ਪੜ੍ਹਿਆ ਕਰ। ਬਣ ਲੈ ਮੋਨੀਟਰ। ਫੇਰ ਤੂੰ ਵੀ ਲੱਤਾਂ ਮਾਰ ਲਈਂ।... ਮੋਨੀਟਰ ਬਣਨ ਲਈ, ਮਾਸਟਰ ਬਣਨ ਲਈ, ਪ੍ਰਧਾਨ ਮੰਤਰੀ ਬਣਨ ਲਈ, ਲੇਖਕ ਬਣਨ ਲਈ ਪੜ੍ਹਨਾ ਪੈਂਦਾ। ਤੂੰ ਤਾਂ ਬਣਿਆ ਏ ਵੱਡਾ ਯਾਤਰੂ। ਕਦੇ ਕਿਤੇ ਚਲੇ ਗਿਆ। ਸਕੂਲ ਵੜਨ ਦਾ ਨਾਂ ਨਈਂ ਲੈਂਦਾ। ਸਵਾਲ ਕਿਥੋਂ ਆ ਜਾਣੇ ਹਨ।" ਮੈਡਮ ਜੀ ਡੰਡੇ ਮਾਰੀ ਜਾ ਰਹੇ ਸਨ।

ਸਾਡੇ ਮੁੱਖ ਅਧਿਆਪਿਕ ਆ ਗਏ ਸਨ। ਉਨ੍ਹਾਂ ਮੈਡਮ ਜੀ ਨੂੰ ਸ਼ਾਂਤ ਕੀਤਾ ਸੀ। ਉਨ੍ਹਾਂ ਤੋਂ ਡੰਡਾ ਫੜ ਕੇ ਕਹਿਣ ਲੱਗੇ,

"ਓਏ ਤੂੰ ਬਾਬੇ ਨਾਨਕ ਦੀ ਰੀਸ ਕਰਦਾਂ। ਉਹ ਤਾਂ ਦੁਨੀਆਂ ਨੂੰ ਸਿੱਖਿਆ ਦੇਣ ਲਈ ਯਾਤਰਾਵਾਂ ਕਰਦੇ ਸਨ। ਯਾਤਰਾਵਾਂ ਵੱਡੇ ਤੇ ਮਹਾਨ ਬੰਦੇ ਕਰਦੇ ਆ। ਮਹਾਰਾਜ, ਪਹਿਲਾਂ ਪੜ੍ਹ ਲਵੋ। ਕੁਝ ਸਿੱਖ ਲਵੋ। ਫੇਰ ਭਾਵੇਂ ਸਾਰੀ ਦੁਨੀਆਂ ਘੁੰਮ ਲਈ।" ਉਹ ਵਾਰ ਵਾਰ ਅਸਮਾਨ ਵੱਲ ਹੱਥ ਜੋੜ ਰਹੇ ਸਨ। ਜਿਵੇਂ ਗੁਰੂ ਨਾਨਕ ਜੀ ਨੂੰ ਮੱਥਾ ਟੇਕ ਰਹੇ ਹੋਣ।

ਮੈਂ ਰੋ ਰੋ ਕੇ ਆਪਣਾ ਬੁਰਾ ਹਾਲ ਕਰ ਲਿਆ ਸੀ। ਬੱਸ ਇਕ ਗੱਲ ਮਨ ਵਿਚ ਧਾਰ ਲਈ ਕਿ ਮੋਨੀਟਰ ਬਣਨਾ ਹੈ ਤੇ ਉਸ ਕੁੜੀ ਦੇ ਲੱਤ ਮਾਰਨੀ ਹੈ। ... ਵਿਚ ਵਿਚ ਇਹ ਵੀ ਸੋਚਦਾ ਕਿ ਦੱਬ ਕੇ ਪੜ੍ਹਾਂ। ਮਾਸਟਰ ਪ੍ਰਧਾਨ ਮੰਤਰੀ ਜਾਂ ਲੇਖਕ ਬਣਨ ਦਾ ਵੀ ਸੋਚਦਾ ਰਿਹਾ। ਉਸ ਰਾਤ ਮੈਂ ਸੁੱਤਾ ਨਾ। ਸਾਰੀ ਰਾਤ ਏਹੀ

ਬੁਣਤੀਆਂ ਬੁਣਦਾ ਰਿਹਾ। ਮੋਨੀਟਰ ਬਣ ਕੇ ਲੱਤ ਮਾਰਨ ਵਾਲੀ ਗੱਲ ਜ਼ਿਆਦਾ ਘਰ ਕਰ ਗਈ। ਮੈਂ ਅਗਲੇ ਦਿਨ ਤੋਂ ਭਰਾ ਕੋਲ ਬੈਠ ਕੇ ਪੜ੍ਹਨ ਲੱਗ ਪਿਆ। ਸਭ ਤੋਂ ਪਹਿਲਾ ਉਹਨੇ ਮੈਨੂੰ ਗਿਣਤੀ ਸਿਖਾਈ। ਫੇਰ ਜੋੜ ਕਰਨਾ ਤੇ ਘਟਾਓ ਦੇ ਸਵਾਲ। ਪਹਾੜੇ ਸਾਡੇ ਸਕੂਲ ਹੀ ਬਹੁਤ ਯਾਦ ਕਰਾਉਂਦੇ ਸਨ। ਪ੍ਰਾਰਥਨਾ ਵੇਲੇ ਤੇ ਛੁੱਟੀ ਦੇ ਟਾਇਮ ਵਾਰ-ਵਾਰ ਪਹਾੜੇ ਬੁਲਾਉਂਦੇ ਸਨ। ਮੈਂ ਪਹਾੜਿਆਂ ਵਿਚ ਧਿਆਨ ਦੇਣ ਲੱਗ ਪਿਆ ਸੀ। ਪਹਾੜੇ ਯਾਦ ਹੁੰਦਿਆਂ ਹੀ ਭਰਾ ਨੇ ਗੁਣਾ ਤੇ ਤਕਸੀਮ ਵੀ ਸਿਖਾ ਦਿੱਤੀ ਸੀ। ਜਿਹੜੀ ਸਾਡੀ ਦਸੰਬਰ ਮਹੀਨੇ ਦੀ ਪ੍ਰੀਖਿਆ ਹੋਈ। ਨਵੇਂ ਸਾਲ ਦੇ ਪਹਿਲੇ ਦਿਨ ਸਕੂਲ ਜਾਂਦਿਆਂ ਹੀ ਪੇਪਰ ਮਿਲੇ। ਮੈਂ ਲਗਭਗ ਸਾਰੇ ਵਿਸ਼ਿਆਂ ਵਿੱਚੋਂ ਹੀ ਅੱਗੇ ਸੀ। ਪਰ ਮੈਡਮ ਨੇ ਮੈਨੂੰ ਮੋਨੀਟਰ ਨਾ ਬਣਾਇਆ। ਮੋਨੀਟਰ ਦਾ ਸਿਹਰਾ ਮੇਰੇ ਸਿਰ 'ਤੇ ਸਲਾਨਾ ਪ੍ਰੀਖਿਆ ਦੇ ਨਤੀਜੇ ਵੇਲੇ ਹੀ ਬੱਝਾ। ਉਸ ਕੁੜੀ ਨੇ ਵੀ ਮੁੜ ਮੋਨੀਟਰ ਬਣਨ ਦੇ ਬਥੇਰੇ ਯਤਨ ਕੀਤੇ ਪਰ ਮੈਂ ਪੰਜਵੀਂ ਤੱਕ ਅੱਗੇ ਨਾ ਆਉਣ ਦਿੱਤੀ। ਉਹ ਦੂਜੇ ਨੰਬਰ 'ਤੇ ਵੀ ਨਾ ਰਹੀ। ਤੀਜੇ ਨੰਬਰ ਤੇ ਜਾ ਪੁੱਜੀ। ਛੇਵੀਂ ਜਮਾਤ ਤੋਂ ਮੈਂ ਸ਼ਹਿਰ ਪੜ੍ਹਨ ਲੱਗ ਪਿਆ ਤੇ ਉਹ ਲਾਗਲੇ ਪਿੰਡ। ਮੁੜ ਕੇ ਮੈਨੂੰ ਉਹਦੀ ਖ਼ਬਰ ਨਾ ਰਹੀ। ਹਾਂ, ਜਦੋਂ ਮੈਂ 10+1 ਵਿੱਚ ਨਾਨ-ਮੈਡੀਕਲ ਦੇ ਵਿਸ਼ੇ ਲੈ ਕੇ ਪੜ੍ਹਨ ਲੱਗਾ, ਉਦੋਂ ਉਹ ਕਿਸੇ ਹੋਰ ਸਕੂਲ ਵਿਚ ਆਰਟਸ ਦੇ ਵਿਸ਼ੇ ਰੱਖ ਕੇ ਪੜ੍ਹਨ ਲੱਗੀ ਸੀ। ਪਰ ਮੈਂ ਉਹਨੂੰ ਦੋ ਸਾਲ ਤੋਂ ਬਾਅਦ ਸ਼ਹਿਰ ਨਾ ਦੇਖਿਆ।

ਮੈਂ ਪੜ੍ਹਾਈ ਦੇ ਮਾਮਲੇ ਵਿਚ ਲੀਹ 'ਤੇ ਤੀਜੀ ਚੌਥੀ ਵਿਚ ਹੀ ਆ ਗਿਆ ਸੀ। ਫਿਰ ਤਾਂ ਮੇਰੇ ਸਾਹਮਣੇ ਅੱਗੇ ਵਧਣ ਦਾ ਨਿਸ਼ਾਨ ਹੀ ਰਿਹਾ। ਸਕੂਲ ਟਾਈਮ ਤੇ ਤਾਂ ਮੈਂ ਕਿਤਾਬਾਂ ਨੂੰ ਹੀ ਚੁੰਬੜਿਆ ਰਿਹਾ। ਕਾਲਜ ਜਾ ਕੇ ਮੈਂ ਫਿਰ ਘੁੰਮਣ ਫਿਰਨ ਲੱਗ ਪਿਆ ਸੀ। ਮੈਨੂੰ ਕਦੇ ਮਾਲਵੇ ਦਾ , ਕਦੇ ਮਾਝੇ ਦਾ ਕਦੇ ਕੋਈ ਜ਼ਿਲ੍ਹਾ ਦੇਖਣ ਦਾ ਝੱਸ ਉੱਠਣਾ ਮੈਂ ਪਿੰਡਾਂ ਦੇ ਘਰ, ਰਹਿਣ ਸਹਿਣ, ਘਰਾਂ ਦੀ ਬਣਤਰ, ਬੋਲੀ, ਪਹਿਰਾਵਾ ਦੇਖਣ ਤੁਰੇ ਰਹਿਣਾ। ਫਿਰ ਮੈਂ ਦੂਜੀਆਂ ਸਟੇਟਾਂ ਵਿਚ ਘੁੰਮਣ ਲੱਗ ਪਿਆ। ਮੈਨੂੰ ਅਮਰੀਕਾ ਵਰਗੇ ਮੁਲਕਾਂ ਵਿਚ ਜਾਣ ਦਾ ਮੌਕਾ ਵੀ ਮਿਲਦਾ ਰਹਿੰਦਾ ਹੈ। ਮੈਨੂੰ ਲਗਦੈ ਇਕ ਲੇਖਕ ਨੂੰ ਘੁੰਮੱਕੜ ਜ਼ਰੂਰ ਹੋਣਾ ਚਾਹੀਦਾ ਹੈ। ਜਿੰਨੀਆਂ ਦਿਸ਼ਾਵਾਂ ਦੀ ਉਹ ਯਾਤਰਾ ਕਰੇਗਾ, ਉਹਦੇ ਕੋਲ ਗਿਆਨ ਹੋਏਗਾ। ਉਹਦੀਆਂ ਰਚਨਾਵਾਂ ਵਿਚ ਵੀ ਵੰਨ ਸੁਵੰਨਤਾ ਹੋਏਗੀ। ਉਹ ਦੂਜੇ ਸੱਭਿਆਚਾਰਾਂ ਦੇ ਚੰਗੇ ਗੁਣ ਸਾਹਿਤ ਵਿਚ ਲਿਆਏਗਾ। ਸਾਹਿਤ ਘਰਾਂ ਅੰਦਰ ਡੱਕ ਕੇ ਸਿਰਜਣਾ ਕਰਨ ਵਾਲੀ ਸ਼ੈਅ ਨਹੀਂ ਹੈ। ਤੇ ਨਾ ਹੀ ਇਹ ਟੇਬਲ ਮਾਰਕਿੰਗ ਹੈ। ਇਸ ਸਿਰਜਣਾ ਲਈ ਬਹੁਤ ਸਾਰੇ ਅਨੁਭਵ ਦੀ ਲੋੜ ਹੁੰਦੀ ਹੈ। ਇਹ ਸਾਨੂੰ ਕਿਤਾਬਾਂ ਵਿਚੋਂ ਵੀ ਮਿਲਦਾ ਹੈ ਤੇ ਆਲੇ ਦੁਆਲੇ ਖੇਤਰਾਂ ਵਿਚ ਘੁੰਮ ਫਿਰ ਕੇ ਵੀ। ਪਰ ਪੜ੍ਹਾਈ ਅਤੇ ਗਿਆਨ ਤੋਂ ਬਿਨਾ ਸਾਹਿਤ ਸਿਰਜਣਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਜਦੋਂ ਮੈਂ ਚੌਥੀ ਜਮਾਤ ਵਿਚ ਪੜ੍ਹਦਾ ਸੀ। ਮੇਰੇ ਭਾਪੇ ਕੋਲ ਚੌਵੀ ਇੰਚ ਦਾ ਸਾਇਕਲ ਹੁੰਦਾ ਸੀ। ਉਦੋਂ ਬਾਈ ਜਾਂ ਚੌਵੀ ਇੰਚ ਦੇ ਹੀ ਸਾਇਕਲ ਹੁੰਦੇ ਸਨ। ਚੌਵੀ ਇੰਚ ਦਾ ਸਾਇਕਲ ਵੱਡਾ ਸੀ। ਉਹਦੇ ਉੱਤੇ ਚੜ੍ਹ ਕੇ ਸਾਇਕਲ ਚਲਾਉਣਾ ਮੇਰੇ ਵਰਗੇ ਬੱਚੇ ਲਈ ਔਖਾ ਸੀ। ਪਰ ਮੈਂ ਕੈਂਚੀ ਸਾਇਕਲ ਚਲਾ ਲੈਂਦਾ ਸੀ। ਜਦੋਂ ਮੈਂ ਪੰਜਵੀਂ ਜਮਾਤ ਵਿਚ ਵੀ ਪੜ੍ਹਨ ਲੱਗ ਪਿਆ, ਉਦੋਂ ਵੀ ਮੈਂ ਕੈਂਚੀ ਸਾਇਕਲ ਹੀ ਚਲਾਉਂਦਾ ਸੀ। ਮੈਂ ਜਮਾਤ ਦਾ ਮੋਨੀਟਰ ਸੀ। ਮੈਤੋਂ ਦੂਜੇ ਨੰਬਰ 'ਤੇ ਮੋਨੀਟਰ ਮਨਜੀਤ ਸੀ। ਇਕ ਦਿਨ ਉਹ ਛੁੱਟੀ ਤੋਂ ਬਾਅਦ ਸਾਇਕਲ ਚਲਾਉਂਦੀ ਸਕੂਲ ਦੀ ਗਰਾਊਂਡ ਵਿਚ ਆ ਵੜੀ। ਭਾਵੇਂ ਉਹਦਾ ਸਾਇਕਲ ਬਾਈ ਇੰਚ ਦਾ ਸੀ। ਪਰ ਉਹਨੂੰ ਸਾਇਕਲ 'ਤੇ ਚੜ੍ਹੀ ਦੇਖ ਕੇ ਮੈਂ ਸ਼ਰਮਿੰਦਾ ਜਿਹਾ ਹੋ ਗਿਆ। ਪਿੰਡ ਦੇ ਹੋਰ ਮੁੰਡੇ ਜੋ ਸੱਤਵੀਂ-ਅੱਠਵੀਂ ਵਿਚ ਪੜ੍ਹਦੇ ਸਨ, ਮੇਰਾ ਮਜ਼ਾਕ ਉਡਾਉਣ ਲੱਗੇ।



"ਉਏ, ਦੇਖ ਲੈ ਤੇਰੀ ਜਮਾਤਣ ਕਾਠੀ 'ਤੇ ਬੈਠ ਕੇ ਸਾਇਕਲ ਚਲਾਉਂਦੀ ਆ। ਤੇ ਤੂੰ...। ਸ਼ਰਮ ਕਰ। ਤੂੰ ਮੁੰਡਾ ਹੋ ਕੇ ਸਾਇਕਲ ਨਈਂ ਚਲਾ ਸਕਦਾ।"

ਜਿਉਂ ਹੀ ਉਹ ਗਰਾਊਂਡ ਵਿੱਚੋਂ ਬਾਹਰ ਹੋਈ, ਮੈਂ ਘਰੋਂ ਸਾਇਕਲ ਚੁੱਕ ਲਿਆਇਆ। ਉਪਰ ਚੜ੍ਹਨ ਦੀ ਕੋਸ਼ਿਸ਼ ਕਰਦਾ, ਸਫ਼ਲ ਨਾ ਹੁੰਦਾ। ਡਿੱਗ ਪੈਂਦਾ। ਮਨਜੀਤ ਸਾਇਕਲ ਚਲਾਉਂਦੀ ਚੇਤੇ ਆ ਜਾਂਦੀ। ਮੈਂ ਸਾਇਕਲ 'ਤੇ ਚੜ੍ਹਨ ਲਈ ਬਜਿੱਦ ਸੀ। ਮੈਨੂੰ ਚਾਰ ਪੰਜ ਵੱਡੇ ਮੁੰਡਿਆਂ ਨੇ ਫੜ ਕੇ ਸਾਇਕਲ ਦੀ ਕਾਠੀ 'ਤੇ ਬਿਠਾ ਦਿੱਤਾ ਤੇ ਪਿੱਛੋਂ ਧੱਕਾ ਮਾਰ ਦਿੱਤਾ। ਮੇਰੇ ਕੋਲੋਂ ਪੂਰਾ ਪੈਡਲ ਵੱਜਦਾ ਨਹੀਂ ਸੀ। ਮੈਂ ਗਰਾਊਂਡ ਵਿਚ ਦੋ ਘੰਟੇ ਚੱਕਰ ਲਾਈ ਗਿਆ। ਜਦੋਂ ਮੇਰਾ ਢਿੱਡ ਭਰ ਗਿਆ, ਮੇਰੇ ਲਈ ਉਤਰਨ ਦੀ ਸਮੱਸਿਆ ਆ ਗਈ। ਮੈਂ ਰੌਲਾ ਪਾਉਣ ਲੱਗ ਪਿਆ। ਮੁੰਡਿਆਂ ਨੇ ਸਾਇਕਲ ਫੜ ਤਾਂ ਲਿਆ, ਡਿੱਗ ਫਿਰ ਵੀ ਪਿਆ। ਚਾਰ ਪੰਜ ਦਿਨ ਏਹੀ ਪ੍ਰਕਿਰਿਆ ਚਲਦੀ ਰਹੀ। ਫਿਰ ਮੈਂ ਨੀਵੀਂ ਜਗ੍ਹਾ ਸਾਇਕਲ ਖੜ੍ਹਾ ਕਰ ਲੈਂਦਾ। ਉੱਚੇ ਥੜ੍ਹੇ ਤੇ ਚੜ੍ਹ ਕੇ ਕਾਠੀ 'ਤੇ ਬੈਠ ਜਾਂਦਾ। ਸਾਇਕਲ ਤੋਰ ਲੈਂਦਾ। ਉਤਰਨ ਵੇਲੇ ਵੀ ਥੜ੍ਹੇ 'ਤੇ ਪੈਰ ਰੱਖ ਲੈਂਦਾ। ਜਿਉਂ ਹੀ ਮੇਰਾ ਡਰ ਲੱਥਾ, ਮੈਂ ਸਾਇਕਲ ਚਲਾਉਣ ਲੱਗ ਪਿਆ। ਪਹਿਲਾਂ ਗੇੜਾ ਮਨਜੀਤ ਦੇ ਘਰ ਮੋਹਰੇ ਲਾ ਕੇ ਆਇਆ। ਉਹ ਮੈਨੂੰ ਦੇਖ ਕੇ ਮੁਸਕਰਾ ਪਈ ਸੀ। ਮੈਂ ਉਹਦੇ ਸਾਹਮਣੇ ਸਾਇਕਲ ਚਲਾ ਕੇ ਜੇਤੂ ਹੋਇਆ ਮਹਿਸੂਸ ਕਰ ਰਿਹਾ ਸੀ।

ਮੈਂ 1994 ਵਿਚ ਗੌਰਮਿੰਟ ਕਾਲਜ ਆਫ ਐਜੂਕੇਸ਼ਨ ਜਲੰਧਰ ਵਿਖੇ ਪੜ੍ਹਦਾ ਸੀ। ਉਥੇ ਹੀ ਕਾਲਜ ਹੋਸਟਲ ਵਿਚ ਰਹਿੰਦਾ ਸੀ। ਇਕ ਦਿਨ ਮੇਰੇ ਦੋ ਜਮਾਤੀ ਕੁਲਵਿੰਦਰ ਖਟਕੜ ਕਲਾਂ ਤੇ ਸੁਭਾਸ਼ ਸੱਲ ਕਲਾਂ ਮੇਰੇ ਕੋਲ ਹੋਸਟਲ ਠਹਿਰ ਗਏ। ਉਦੋਂ ਤੱਕ ਨਵਾਂ ਜ਼ਮਾਨਾ, ਅਕਾਲੀ ਪੱਤ੍ਰਕਾ, ਅੱਜ ਦੀ ਅਵਾਜ਼, ਜਗ ਬਾਣੀ, ਆਦਿ ਅਖ਼ਬਾਰਾਂ ਵਿਚ ਮੇਰੀਆਂ ਇਕ ਇਕ ਜਾਂ ਦੋ ਦੋ ਕਹਾਣੀਆਂ ਛਪ ਗਈਆਂ ਸਨ। ਅਕਾਲੀ ਪੱਤ੍ਰਕਾ ਵਿਚ ਅੰਮ੍ਰਿਤ ਦੀਵਾਨਾ ਸਬ ਐਡੀਟਰ ਵਜੋਂ ਡਿਊਟੀ ਨਿਭਾਉਂਦੇ ਸਨ। ਉਨ੍ਹਾਂ ਦਾ ਪਿੰਡ ਬਡੇਸਰੋਂ ਸੀ। ਉਹ ਜਦੋਂ ਪਿੰਡ ਆਉਂਦੇ ਤਾਂ ਆਪਣੇ ਨਵਾਂ ਸ਼ਹਿਰ ਵਾਲੇ ਲੇਖਕਾਂ ਅਤੇ ਮਿੱਤਰਾਂ ਨੂੰ ਮਿਲ ਕੇ ਜਾਂਦੇ, ਉਨ੍ਹਾਂ ਨਾਲ ਮਹਿਫਿਲ ਵੀ ਜਮਾ ਲੈਂਦੇ ਸਨ। ਸੁਰਜੀਤ ਕਰੜਾ, ਦੀਦਾਰ ਸਿੰਘ ਸ਼ੇਤਰਾ... ਕਿੰਨੇ ਲੇਖਕ ਉਸਦੇ ਮਿੱਤਰ ਸਨ। ਮੈਂ ਵੀ ਇਨ੍ਹਾਂ ਰਾਹੀਂ ਉਨ੍ਹਾਂ ਦਾ ਵਾਕਫ਼ ਹੋਇਆ ਸੀ। ਸੁਰਜੀਤ ਕਰੜਾ ਜੀ ਤਾਂ ਆਪ ਆਪਣੀ ਗੱਡੀ ਵਿਚ ਮੈਨੂੰ ਬਿਠਾ ਕੇ ਨਵਾਂ ਜ਼ਮਾਨਾ ਦੇ ਦਫ਼ਤਰ ਸਾਹਿਤ ਸੰਪਾਦਕ ਬਲਬੀਰ ਪਰਵਾਨਾ ਜੀ ਨੂੰ, ਅਕਾਲੀ ਪੱਤ੍ਰਕਾ ਦੇ ਦਫ਼ਤਰ ਅੰਮ੍ਰਿਤ ਦੀਵਾਨਾ ਜੀ ਨੂੰ ਤੇ ਜਗ ਬਾਣੀ ਦੇ ਦਫਤਰ ਸਬ ਐਡੀਟਰ ਕੁਲਦੀਪ ਸਿੰਘ ਬੇਦੀ ਜੀ ਨਾਲ ਮਿਲਾ ਕੇ ਲਿਆਏ ਸਨ। ਇਸ ਪਿੱਛੋਂ ਜਦੋਂ ਵੀ ਅੰਮ੍ਰਿਤ ਜੀ ਨਵਾਂ ਨਵਾਂ ਸ਼ਹਿਰ ਆਉਂਦੇ, ਮੈਂ ਜ਼ਰੂਰ ਉਨ੍ਹਾਂ ਦੀ ਮਹਿਫ਼ਿਲ ਦੀ ਸੰਗਤ ਮਾਣਦਾ। ਜਿਉਂ ਹੀ ਮੈਂ ਜਲੰਧਰ ਪੜ੍ਹਨ ਲੱਗਿਆ, ਕਿਤੇ ਕਿਤੇ ਇਨ੍ਹਾਂ ਸੰਪਾਦਕਾਂ ਨੂੰ ਮਿਲ ਆਉਂਦਾ ਸੀ।

ਉਸ ਦਿਨ ਮੈਂ ਸ਼ਾਮ ਨੂੰ ਕੁਲਵਿੰਦਰ ਤੇ ਸੁਭਾਸ਼ ਨੂੰ ਲੈ ਕੇ ਅਕਾਲੀ ਪੱਤ੍ਰਕਾ ਦੇ ਦਫ਼ਤਰ ਪੁੱਜ ਗਿਆ। ਮੈਂ ਆਪਣੇ ਜਮਾਤੀਆਂ ਕੋਲ ਟੌਅਰ ਬਣਾਉਣਾ ਚਾਹੁੰਦਾ ਸੀ ਕਿ ਮੇਰੀ ਅਖ਼ਬਾਰਾਂ ਦੇ ਸੰਪਾਦਕਾਂ ਨਾਲ ਖਾਸੀ ਜਾਣ ਪਛਾਣ ਹੈ। ਅੰਮ੍ਰਿਤ ਜੀ ਮੇਰੇ ਨਾਲ ਤੇਹ ਵੀ ਰੱਖਦੇ ਸਨ। ਉਹਦੀ ਡਿਊਟੀ ਰਾਤ ਦੀ ਹੁੰਦੀ ਸੀ। ਮੈਂ ਉਸ ਕੋਲ ਰਾਤ ਰਹਿ ਪੈਣਾ। ਉਹਨਾਂ ਆਪਣੇ ਕੁਲੀਗਜ਼ ਨੂੰ ਕਹਿਣਾ 'ਇਹ ਮੁੰਡਾ ਮੇਰਾ ਭਤੀਜਾ। ਪਿੰਡ ਤੋਂ ਆਇਆ।' ਇਸੇ ਮਾਣ ਦਾ ਰੱਜਿਆ ਮੈਂ ਉਸ ਕੋਲ ਜਾ ਪੁੱਜਾ। ਉਹ ਮੋਹਰੇ ਲਾਲ ਪਰੀ ਨਾਲ ਅੱਖਾਂ ਲਾਲ ਕਰੀ ਬੈਠੇ ਸਨ। ਸਾਨੂੰ ਚਾਹ ਪਾਣੀ ਦਾ ਪੁੱਛ ਕੇ ਕਹਿਣ ਲੱਗੇ,

"ਹੁਣ ਤੱਕ ਤੇਰੀਆਂ ਕਿੰਨੀਆਂ ਕਹਾਣੀਆਂ ਛਪੀਆਂ ਤੇ ਕਿਥੇ ਕਿਥੇ ਛਪੀਆਂ?"

"ਕਹਾਣੀਆਂ 20-25 ਛਪੀਆਂ ਹੋਣੀਆਂ।" ਮੈਂ ਕਹਾਣੀਆਂ ਦੀ ਗਿਣਤੀ ਦੀ ਗੱਪ ਮਾਰੀ ਸੀ। ਮੈਂ ਆਪਣੇ ਮਿੱਤਰਾਂ ਵਿੱਚ ਵੱਡਾ ਬਣਨਾ ਚਾਹੁੰਦਾ ਸੀ। ਜਿਥੇ ਕਹਾਣੀਆਂ ਛਪੀਆਂ, ਮੈਂ ਉਨ੍ਹਾਂ ਅਖ਼ਬਾਰਾਂ ਦੇ ਨਾਂ ਗਿਣਾਉਣ ਲੱਗ ਪਿਆ। ਅੰਮ੍ਰਿਤ ਦੀਵਾਨਾ ਜੀ ਦੇ ਪੈੱਗ ਕੁਝ ਜਿਆਦਾ ਲੱਗੇ ਹੋਏ ਸਨ।

"ਨਵਾਂ ਜ਼ਮਾਨਾ ਵਿਚ ਤੈਨੂੰ ਬਲਬੀਰ ਪਰਵਾਨਾ ਛਾਪੀ ਜਾਂਦਾ ਆ। ਅਕਾਲੀ ਪੱਤ੍ਰਕਾ ਵਿੱਚ ਮੈਂ ਤੇ ਜਗ ਬਾਣੀ ਵਿਚ ਭਾਅ ਜੀ ਕੁਲਦੀਪ ਸਿੰਘ ਬੇਦੀ। ਕਾਕਾ ਅਖ਼ਬਾਰ ਨੇ ਰੋਜ਼ ਛਪਣਾ ਹੁੰਦਾ। ਅਖ਼ਬਾਰ ਦੀ ਉਮਰ ਇਕ ਦਿਨ ਦੀ ਹੁੰਦੀ ਹੈ। ਉਹਨੂੰ ਰੋਜ਼ ਦੇ ਮੈਟਰ ਦੀ ਲੋੜ ਹੁੰਦੀ ਹੈ। ਤੂੰ ਮੈਨੂੰ ਸਿਰਜਣਾ, ਲਕੀਰ, ਚਿਰਾਗ਼, ਵਿਚ ਛਪ ਕੇ ਦਿਖਾ। ਫਿਰ ਮੈਂ ਤੈਨੂੰ ਕਹਾਣੀਕਾਰ ਮੰਨਾਗਾ। ਮੈਂ 'ਨਾਗਮਣੀ', ਆਰਸੀ ਵਿਚ ਛਪਦਾਂ। ਜੇ ਮੇਰੀਆਂ ਨਜ਼ਮਾਂ ਵਿਚ ਦਮ ਹੈ ਤਾਂ ਮੈਂ ਛਪਦਾ। ਕੋਈ ਇਕ ਅੱਧੀ ਵਧੀਆਂ ਜਿਹੀ ਕਹਾਣੀ ਲਿਖ। ਇਨ੍ਹਾਂ ਪੇਪਰਾਂ ਵਿਚ ਛਪਵਾ ਕੇ ਦਿਖਾ।"

ਅੰਮ੍ਰਿਤ ਜੀ ਬੋਲੀ ਜਾਂਦੇ ਸੀ। ਨਾਲੇ ਸੌਂਫ ਦੇ ਫੱਕੇ ਮਾਰੀ ਜਾਂਦੇ ਸੀ। ਉਹਨਾਂ ਮੇਰੇ ਤੇ ਭਾਸ਼ਣ ਦਿੱਤਾ। ਉਸਦਾ ਗੱਲ ਕਰਨ ਦਾ ਲਹਿਜ਼ਾ ਸਖ਼ਤ ਸੀ। ਜੇ ਉਹ ਮੈਨੂੰ ਇਹ ਗੱਲਾਂ ਇਕੱਲੇ ਨੂੰ ਕਹਿ ਦਿੰਦੇ, ਸ਼ਾਇਦ ਮੈਂ ਗੁੱਸਾ ਨਾ ਕਰਦਾ। ਮੈਨੂੰ ਆਪਣੇ ਮਿੱਤਰਾਂ ਵਿਚ ਬੜੀ ਬੇਇੱਜ਼ਤੀ ਮਹਿਸੂਸ ਹੋਈ। ਮੁੜ ਮੈਂ ਅੰਮ੍ਰਿਤ ਜੀ ਦੇ ਮੱਥੇ ਨਾ ਲੱਗਾ। ਮੈਂ ਕਹਾਣੀਆਂ 'ਤੇ ਮਿਹਨਤ ਕਰਨ ਲੱਗਾ। 1995 ਵਿਚ ਮੈਂ ਦੋ ਕਹਾਣੀਆਂ ਨੂੰ ਅੰਤਮ ਛੂਹ ਦਿੱਤੀ। 'ਨਚੀਕੇਤਾ ਦੀ ਮੌਤ' ਚਿਰਾਗ਼ ਵਿਚ ਅਤੇ 'ਗੌਰਜਾਂ' ਲਕੀਰ ਵਿਚ ਛਪੀਆਂ। ਕੁਝ ਸਮੇਂ ਬਾਅਦ 'ਬੇਹ' ਕਹਾਣੀ ਡਾ. ਰਘਬੀਰ ਸਿੰਘ ਜੀ ਨੇ 'ਸਿਰਜਣਾ' ਵਿਚ ਟਿੱਪਣੀ ਲਾ ਕੇ ਪ੍ਰਕਾਸ਼ਤ ਕੀਤੀ। ਮੈਂ ਇਹ ਮੈਗਜ਼ੀਨ ਲੈ ਕੇ ਅੰਮ੍ਰਿਤ ਕੋਲ ਗਿਆ। ਉਹ ਮੈਨੂੰ ਉੱਠ ਕੇ ਜੱਫ਼ੀ ਪਾ ਕੇ ਮਿਲਿਆ। ਮੈਂ ਮੈਗਜ਼ੀਨ ਉਸਦੇ ਅੱਗੇ ਕਰੀ ਜਾਵਾਂ। ਉਸ ਮੈਗਜ਼ੀਨ ਫੜ ਕੇ ਪਾਸੇ ਰੱਖ ਦਿੱਤੇ। ਉਸਦੇ ਚਿਹਰੇ 'ਤੇ ਲਾਲੀ ਆਈ ਪਈ ਸੀ।

"ਅਜਮੇਰ, ਮੈਂ ਚਾਹੁੰਦਾ ਸੀ ਤੂੰ ਗੁੱਸਾ ਕਰੇ। ਤੂੰ ਗੁੱਸਾ ਕੀਤਾ ਵੀ। ਚੰਗੀਆਂ ਕਲਾ ਕ੍ਰਿਤਾਂ ਦੀ ਸਿਰਜਣਾ ਲਈ ਗੁੱਸੇ ਦੀ ਵੀ ਜ਼ਰੂਰਤ ਹੁੰਦੀ ਹੈ। ਮਿੱਤਰਾ, ਤੇਰੀ ਸ਼ੁਰੂਆਤ ਚੰਗੀ ਹੋ ਗਈ । ਹੁਣ ਪਿੱਛਾ ਮੁੜ ਕੇ ਨਾ ਦੇਖੀਂ। ਅੱਗੇ ਵਧਣ ਲਈ ਮੁਕਾਬਲੇ ਵਾਲੀ ਭਾਵਨਾ ਬਣਾਈ ਰੱਖੀਂ।" ਅੰਮ੍ਰਿਤ ਨੇ ਮੇਰੀ ਪਿੱਠ ਥਾਪੜੀ ਸੀ।

ਅੰਮ੍ਰਿਤ ਜੀ ਕੇਨੈਡਾ ਚਲੇ ਗਏ। ਉਥੇ ਉਹ ਕਾਵਿ ਸਿਰਜਣਾ ਵਿਚ ਤਾਂ ਮਸ਼ਰੂਫ ਹਨ। ਮੈਨੂੰ ਨਹੀਂ ਪਤਾ, ਉਥੇ ਉਸਨੂੰ ਕੰਮ ਨੇ ਦਬਾ ਲਿਆ ਜਾਂ ਉਹ ਪੰਜਾਬੀ ਸਾਹਿਤ ਨਾਲ ਪੂਰੀ ਤਰ੍ਹਾਂ ਬਾਵਸਤਾ ਹਨ। 1995 ਤੋਂ ਲੈ ਕੇ 2013 ਤੱਕ ਮੇਰੀਆਂ 26 ਕਹਾਣੀਆਂ ਛਪੀਆਂ ਹਨ। ਮੇਰੇ ਤਿੰਨ ਕਹਾਣੀ ਸੰਗ੍ਰਹਿ 'ਨਚੀਕੇਤਾ ਦੀ ਮੌਤ' , 'ਖੂਹ ਗਿੜਦਾ ਹੈ' ਅਤੇ 'ਖੁਸ਼ਕ ਅੱਖ ਦਾ ਖ਼ਾਬ' ਪਾਠਕਾਂ ਵਿਚ ਆਪਣੀ ਥਾਂ ਬਣਾ ਚੁੱਕੇ ਹਨ। ਯੂਨੀਵਰਸਿਟੀਆਂ ਦੇ ਸਿਲੇਬਸ ਵਿਚ ਪੜ੍ਹਾਇਆ ਜਾ ਰਿਹਾ ਹਾਂ। ਦੇਸ਼ ਵਿਦੇਸ਼ ਵਿਚ ਪਾਠਕ ਮਾਣ-ਇੱਜ਼ਤ ਦਿੰਦੇ ਹਨ। ਮੈਂ ਪਾਠਕਾਂ ਨੂੰ ਜ਼ਿਆਦਾ ਥਾਂ ਦਿੰਦਾ ਹਾਂ। ਮੈਂ ਸਮਾਜ ਵਿਚੋਂ ਸਮਾਜ ਲਈ ਲਿਖਦਾ ਹਾਂ। ਪਾਠਕ ਵੀ ਸਮਾਜ ਦਾ ਹਿੱਸਾ ਹਨ। ਚੰਗਾ ਸਾਹਿਤ ਲੇਖਕ ਤੇ ਪਾਠਕ ਦੀ ਸਾਂਝ ਬਣਾਈ ਰੱਖਦਾ ਹੈ।

ਮੇਰੇ ਵਿਚ ਪਹਿਲਾਂ ਮੁਕਾਬਲੇ ਵਾਲੀ ਭਾਵਨਾ ਹੁੰਦੀ ਸੀ। ਖਾਸ ਤੌਰ 'ਤੇ ਜੇ ਕੋਈ ਚੈਲਿੰਗ ਕਰ ਦੇਵੇ ਤਾਂ ਕੀ ਬਾਤਾਂ। ਮੈਂ ਨਿਸ਼ਾਨਾ ਮਿੱਥ ਲੈਂਦਾ ਸੀ ਪਰ ਹੁਣ ਮੇਰੇ ਵਿਚ ਇਹ ਭਾਵਨਾ ਮਰ ਗਈ ਹੈ। ਮੈਂ ਮੁਕਾਬਲੇ ਵਿਚ ਨਹੀਂ ਪੈਂਦਾ। ਈਰਖਾ ਤਾਂ ਮੈਂ ਜ਼ਿੰਦਗੀ ਵਿਚ ਕਦੇ ਵੀ ਨਹੀਂ ਕੀਤੀ। ਪਿਛਲੇ ਕੁਝ ਸਾਲਾਂ ਤੋਂ ਸੋਚਣ



ਲੱਗ ਪਿਆ। ਅਸੀਂ ਕਿਹੜੀ ਪੱਗ ਨੂੰ ਪਏ ਹੋਏ ਹਾਂ? ਕੀ ਲਿਖ ਰਹੇ ਹਾਂ? ਕਿਹਦੇ ਲਈ ਲਿਖ ਰਹੇ ਹਾਂ? ਕਿਉਂ ਲਿਖ ਰਹੇ ਹਾਂ? ਪੰਜਾਬੀ ਵਿਚ ਕੁਝ ਬੰਦੇ ਲਿਖਣ ਵਾਲੇ ਹਨ। ਜਿਆਦਾਤਰ ਉਹੀ ਪੜ੍ਹਨ ਵਾਲੇ ਹਨ। ਪੰਜਾਬੀ ਵਿਚ ਹਜ਼ਾਰ ਤੋਂ ਦੋ ਹਜ਼ਾਰ ਤੱਕ ਪਾਠਕ ਹਨ। ਥੋੜ੍ਹੇ ਜਿਹੇ ਆਲੋਚਕ ਹਨ। ਉਹਨਾਂ ਵਿੱਚੋਂ ਜਿਹੜੇ ਸੁਹਿਰਦ ਹਨ, ਉਨ੍ਹਾਂ ਕੋਲ ਕੰਮ ਦਾ ਬੋਝ ਹੈ। ਜੇ ਕੋਈ ਆਲੋਚਕ ਲਿਖਣਾ ਚਾਹੁੰਦਾ ਹੈ ਤਾਂ ਪਰਚਿਆਂ ਵਾਲਿਆਂ ਕੋਲ ਥਾਂ ਦੀ ਘਾਟ ਹੈ। ਆਲੋਚਨਾ ਦਾ ਕੰਮ ਕਿਤਾਬੀ ਰੂਪ ਵਿਚ ਬਹੁਤ ਘੱਟ ਸਾਹਮਣੇ ਆਉਂਦਾ ਹੈ।

ਪਿੱਛੇ ਜਿਹੇ ਮੈਂ ਮਨ ਬਣਾ ਲਿਆ ਕਿ ਲਿਖਣਾ ਛੱਡ ਦੇਣਾ ਹੈ। ਮੇਰੇ ਕਹਾਣੀ ਸੰਗ੍ਰਹਿ 'ਨਚੀਕੇਤਾ ਦੀ ਮੌਤ' 1998 ਵਿਚ ਅਤੇ 'ਖੂਹ ਗਿੜਦਾ ਹੈ' 2004 ਵਿੱਚ ਆਏ ਸਨ। ਫਿਰ 2013 ਵਿਚ 'ਖੁਸ਼ਕ ਅੱਖ ਦਾ ਖ਼ਾਬ' ਕਥਾ ਸੰਗ੍ਰਹਿ ਛਪਿਆ। ਇਸ ਵਿਚ 8 ਕਹਾਣੀਆਂ ਹਨ। ਜਿਸ ਦੀਆਂ ਕਹਾਣੀਆਂ ਦਸ ਸਾਲਾਂ ਵਿਚ ਲਿਖੀਆਂ ਹਨ। ਮੈਂ ਤਾਂ ਤੀਜਾ ਕਹਾਣੀ ਸੰਗ੍ਰਹਿ 'ਖੁਸ਼ਕ ਅੱਖ ਦਾ ਖ਼ਾਬ' ਵੀ ਛਪਵਾਉਣ ਦੇ ਮੂਡ ਵਿਚ ਨਹੀਂ ਸੀ। ਇਕ ਤਰ੍ਹਾਂ ਮਨ ਉਚਾਟ ਹੋ ਗਿਆ। ਜਿਵੇਂ ਕਈ ਵਾਰ ਬੰਦਾ ਨੌਕਰੀ ਤੋਂ ਅੱਕ ਜਾਂਦਾ, ਉਵੇਂ ਮੇਰਾ ਵੀ ਮਨ ਖੱਟਾ ਹੋ ਗਿਆ।

ਜਨਵਰੀ, 2013 ਵਿਚ ਮੇਰਾ ਐਕਸੀਡੈਂਟ ਹੋ ਗਿਆ। ਉਦੋਂ ਦਾ ਮੈਂ ਬੈੱਡ 'ਤੇ ਹਾਂ। ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ ਗਈਆਂ। ਇਨ੍ਹਾਂ ਦਿਨਾਂ ਵਿਚ ਮੈਂ ਅੰਗਰੇਜ਼ੀ ਲੇਖਿਕਾ ਐਚ. ਬੀ. ਸਟੋਵੇ ਦਾ ਨਾਵਲ 'ਅੰਕਲ ਟੌਮ 'ਜ਼ ਕੈਬਿਨ' ਪੜ੍ਹਿਆ। ਇਹ ਨਾਵਲ ਅਮਰੀਕਾ ਵਿਚ ਜਬਰੀ ਲਿਆਂਦੇ ਕਾਲਿਆਂ ਦੇ ਉੱਤੇ ਹੋਏ ਜਬਰ ਬਾਰੇ ਹੈ। ਗੋਰੀ ਲੜਕੀ ਐਚ. ਬੀ. ਸਟੋਵੇ ਨੇ ਇਹ ਨਾਵਲ, 1952 ਵਿਚ ਲਿਖਿਆ ਸੀ। ਇਸ ਨਾਵਲ ਨੇ ਕਾਲਿਆਂ ਵਿਚ ਜਾਗਰਿਤੀ ਅਤੇ ਬਗਾਵਤ ਪੈਦਾ ਕੀਤਾ ਸੀ। ਅਮਰੀਕੀ ਵਿਚ ਦੋ 1962 ਤੋਂ 1965 ਤੱਕ ਘਰੇਲੂ ਜੰਗ ਲੱਗੀ, ਉਹ ਇਸ ਨਾਵਲ ਕਾਰਨ ਲੱਗੀ। ਨਸਲੀ ਵਿਤਕਰੇ, ਅਨਿਆਂ ਭਰਭੂਰ, ਜ਼ਲਾਲਤ ਭਰੀ ਜ਼ਿੰਦਗੀ ਤੋਂ ਲੋਕਾਂ ਨੇ ਛੁਟਕਾਰਾ ਪਾਇਆ। ਕਾਲਿਆਂ ਦੇ ਹਮਾਇਤੀ ਤੇ ਅਮਰੀਕਾ ਦੇ ਤਤਕਾਲੀਨ ਰਾਸ਼ਟਰਪਤੀ ਡਾ. ਅਬਰਾਹਿਮ ਲਿੰਕਨ ਨੇ ਕਾਲਿਆਂ ਦੀ ਆਜ਼ਾਦੀ ਅਤੇ ਹੱਕਾਂ ਲਈ ਲੜੀ ਜੰਗ ਤੋਂ ਉਪਰੰਤ ਐੱਚ. ਬੀ. ਸਟੋਵੇ ਨੂੰ ਕਿਹਾ ਸੀ

"ਤੂੰ ਉਹ ਲੜਕੀ ਏ ਜਿਸਨੇ ਨਾਵਲ ਲਿਖ ਕੇ ਸਾਡੇ ਦੇਸ਼ ਵਿਚ ਘਰੇਲੂ ਜੰਗ ਛੇੜ ਦਿੱਤੀ।"

ਡਾ. ਅਬਰਾਹਿਮ ਲਿੰਕਨ ਦੇ ਇਹ ਸ਼ਬਦ ਸਾਹਿਤ ਦੀ ਮਹੱਤਤਾ ਨੂੰ ਦਰਸਾਉਂਦੇ ਹਨ। ਜਦੋਂ ਮੈਂ ਇਹ ਨਾਵਲ ਪੜ੍ਹਿਆ। ਮੈਂ ਦੁਬਾਰਾ ਹੌਂਸਲਾ ਫੜ ਲਿਆ। ਇਸ ਪਿੱਛੋਂ ਮੈਂ 'ਖੁਸ਼ਕ ਅੱਖ ਦਾ ਖ਼ਾਬ' ਕਹਾਣੀ ਸੰਗ੍ਰਹਿ ਤਿਆਰ ਕਰਕੇ ਪ੍ਰਕਾਸ਼ਕ ਨੂੰ ਛਪਣ ਲਈ ਭੇਜਿਆ। ਇਕ ਕਹਾਣੀ 'ਕੰਡੇ ਦਾ ਜ਼ਖ਼ਮ' ਵੀ ਲਿਖੀ ਗਈ। ਮੈਂ ਸੋਚਦਾ ਲੇਖਕ ਦਾ ਕੰਮ ਪੜ੍ਹਨਾ ਤੇ ਚੰਗਾ ਲਿਖਣਾ ਹੁੰਦਾ ਹੈ। ਸਾਹਿਤ ਨੇ ਬਹੁਤ ਵੱਡੇ ਇਨਕਲਾਬ ਨਹੀਂ ਕਰ ਦੇਣੇ ਹੁੰਦੇ। ਸਾਹਿਤ ਸੁਹਜ ਸੁਆਦ ਦਿੰਦਾ ਹੈ। ਵੱਡੀਆਂ ਤਬਦੀਲੀਆਂ ਕਰਨ ਵਿਚ ਹਿੱਸਾ ਵੀ ਪਾਉਂਦਾ ਹੈ। ਆਖਿਰ ਸਾਹਿਤ ਦੀਆਂ ਵੱਡੀਆਂ ਦੇਣਾਂ ਹਨ। ਸਾਹਿਤ ਬੰਦੇ ਨੂੰ ਨਿਰਾਸ਼ਾ ਵਿੱਚੋਂ ਕੱਢਦਾ ਹੈ। ਨਵੇਂ ਰਾਹ ਦਿਖਾਉਂਦਾ ਹੈ। ਅੱਜ ਕੱਲ੍ਹ ਮੈਂ ਆਪਣੇ ਸਮਕਾਲੀਆਂ ਦੀਆਂ ਰਚਨਾਵਾਂ ਪੜ੍ਹ ਹੀ ਨਹੀਂ ਰਿਹਾ ਸਗੋਂ ਉਨ੍ਹਾਂ ਤੇ ਮਾਣ ਕਰਦਾ ਹਾਂ ਤੇ ਉਨ੍ਹਾਂ ਦਾ ਪ੍ਰਚਾਰ ਵੀ ਕਰਦਾ ਹਾਂ। ਚੰਗੀਆਂ ਰਚਨਾਵਾਂ ਤੇ ਚੰਗੀਆਂ ਪੁਸਤਕਾਂ ਦਾ ਪ੍ਰਚਾਰ ਤਾਂ ਮੈਂ ਪਹਿਲਾਂ ਵੀ ਕਰਦਾ ਰਿਹਾ ਹਾਂ। ਇਹ ਤਾਂ ਲੇਖਕ ਦਾ ਧਰਮ ਕਰਮ ਹੋਣਾ ਚਾਹੀਦਾ ਹੈ।

ਮੋਬਾ. 94630-63990

## ਯਾਦਾਂ ਦੀ ਪੰਡ ਚੋਂ ਝਾਕਦੀਆਂ ਤਿੜ੍ਹਾਂ/ -ਡਾ. ਦਵਿੰਦਰ ਮੰਡ

ਜਦੋਂ ਜੀਵਨ ਯਾਦਾਂ ਲਿਖਣ ਦੀ ਗੱਲ ਆਉਂਦੀ ਹੈ ਤਾਂ ਇਹਨਾਂ ਦੀ ਬੱਝੀ ਗੰਢ ਘਾਹ ਦੀ ਭਰੀ ਪੰਡ ਵਾਂਗ ਨਜ਼ਰ ਆਉਂਦੀ ਹੈ। ਇਸ ਭਾਰੀ ਪੰਡ ਵਿਚ ਚਿੱਬੜ, ਕਰੇਲੇ, ਖਰਬੂਜ਼ੇ, ਹਦਵਾਣੇ, ਤਰਾਂ ਆਦਿ ਵਾਂਗ ਕਈ ਯਾਦਾਂ ਬੰਨ੍ਹੀਆਂ ਪਈਆਂ ਹਨ। ਜਦੋਂ ਭਗਵੰਤ ਨੇ ਮੈਨੂੰ ਯਾਦਾਂ ਲਿਖਣ ਲਈ ਹਲੂਣਿਆ। ਮੈਂ ਭਰੀ ਪੰਡ ਨੂੰ ਹੱਥ ਪਾ ਕਰੇਦਣ ਲੱਗਾ। ਯਾਦਾਂ ਰੂਪੀ ਵਸਤਾਂ ਵਿਚੋਂ ਪਹਿਲਾਂ ਕਿਹੜੀ ਬਾਹਰ ਕੱਢਾ? ਮੈਨੂੰ ਦੁਬਿਧਾ ਖਾਣ ਲੱਗੀ। ਆਖਰ ਮੈਂ ਧਿਆਨ ਨਾਲ ਫਿਰ ਪੰਡ ਦੀ ਬਾਹਰੀ ਬਣਤਰ ਵਲ ਨਜ਼ਰ ਦੁੜਾਈ। ਖੱਬਲ ਘਾਹ ਦੀਆਂ ਤਿੜ੍ਹਾ ਪੰਡ ਵਿਚੋਂ ਬਾਹਰ ਝਾਤੀਆਂ ਮਾਰਦੀਆਂ ਨਜ਼ਰ ਆਈਆਂ। ਉਂਝ ਵੀ ਇਹ ਤਿੜ੍ਹਾ ਤੁਹਾਡੇ ਮੂੰਹ 'ਤੇ ਲਟਕਦੀਆਂ ਰਹਿੰਦੀਆਂ ਹਨ ਤੇ ਕਈ ਵਾਰ ਚਿਹਰੇ ਨਾਲ ਟਕਰਾਉਂਦੀਆਂ ਤੁਹਾਨੂੰ ਝੁਣਝਣੀ ਜਿਹੀ ਛੇੜਦੀਆਂ ਰਹਿੰਦੀਆਂ ਹਨ। ਪੰਡ ਤੋਂ ਬਾਹਰ ਝਾਕਦੀਆਂ ਇਹਨਾਂ ਤਿੜ੍ਹਾਂ ਰੂਪੀ ਜੀਵਨ ਯਾਦਾਂ ਨੂੰ ਕਿਸੇ ਥਾਂ ਸਿਰ ਕਰਨਾ ਤੁਹਾਡਾ ਫਰਜ਼ ਵੀ ਬਣ ਜਾਂਦਾ ਹੈ ਤੇ ਮਜਬੂਰੀ ਵੀ। ਇਹਨਾਂ ਕੁਝ ਕੁ ਤਿੜ੍ਹਾ ਨੂੰ ਤਰਤੀਬ ਦੇਣੀ ਤਾਂ ਔਖਾ ਕੰਮ ਲੱਗਾ ਪਰ ਜੋ ਮੈਨੂੰ ਜ਼ਿਆਦਾ ਜਜ਼ਬਾਤੀ ਅਤੇ ਪ੍ਰੇਸ਼ਾਨ ਕਰਦੀਆਂ ਰਹੀਆਂ ਉਹਨਾਂ ਨੂੰ ਪਾਠਕਾਂ ਦੇ ਸਨਮੁਖ ਕਰ ਰਿਹਾ ਹਾਂ।

ਸਵਰਗਵਾਸੀ ਡਾ. ਚਰਨ ਦਾਸ ਸਿੱਧੂ ਦੇ ਕਹਿਣ ਅਨੁਸਾਰ ਬੰਦੇ ਦਾ ਬਚਪਨ ਅਮੀਰ ਹੋਣਾ ਚਾਹੀਦਾ ਹੈ ਤੇ ਜੀਵਨ ਯਾਦਾਂ ਕਾਰ ਦੇ ਉਸ ਮੂਹਰਲੇ ਸੀਸ਼ੇ ਵਾਂਗ ਹਨ ਜਿਸ ਰਾਹੀਂ ਅਸੀਂ ਪਿਛਾਂਹ ਨੂੰ ਦੇਖਦੇ ਹਾਂ ਪਰ ਵੱਧਦੇ ਅਗਾਂਹ ਨੂੰ ਹਾਂ। ਇਹਨਾਂ ਜੀਵਨ ਯਾਦਾਂ ਸਹਾਰੇ ਹੀ ਅਸੀਂ ਅੱਗੇ ਵਧਦੇ ਹਾਂ, ਤੁਰਦੇ ਹਾਂ, ਦੌੜਦੇ ਹਾਂ ਤੇ ਸਕੂਨ ਪ੍ਰਾਪਤ ਕਰਦੇ ਹਾਂ। ਇਹ ਯਾਦਾਂ ਹੀ ਹਨ ਜਿਹੜੀਆਂ ਕਰਮ ਖੇਤਰ ਦੀਆਂ ਗਵਾਹ ਬਣਦੀਆਂ ਹਨ। ਤੁਸੀਂ ਇਹਨਾਂ ਸਹਾਰੇ ਜੀਵਨ ਸੰਵਾਰਦੇ ਵੀ ਹੋ ਤੇ ਕਲਾਤਮਿਕ ਪੈੜਾਂ ਵੀ ਪਾਉਂਦੇ ਹੋ।

ਮੈਨੂੰ ਅੱਜ ਵੀ ਚੇਤਾ ਆ ਰਿਹਾ ਜਦੋਂ ਦੀ ਮੈਂ ਹੋਸ਼ ਸੰਭਾਲੀ ਹੈ ਜੀਵਨ ਹਲਚਲ ਹੀ ਹੰਢਾਈ ਹੈ। ਇਕ ਤਾਂਘ, ਤੜਪ, ਤੇ ਇਨਸਾਨੀਅਤ ਨਾਲੋਂ ਨਾਲ ਤੁਰਦੀ ਰਹੀ ਹੈ। ਜਿਸ ਦਿਨ ਸਕੂਲ ਵਿਚ ਦਾਖਲ ਹੋਣਾ ਸੀ ਬਾਬਾ ਨਾਲ ਲੈ ਕੇ ਗਿਆ। ਮੈਂ ਘਰੋਂ ਬਾਹਰ ਗਲੀ ਵਿਚ ਖਿੜਕੀ ਦੀਆਂ ਸੀਖਾਂ ਨੂੰ ਫੜ ਘੁੱਟ ਕੇ ਖੜਾ ਸਾਂ। ਬਾਬਾ ਖੱਬੀ ਬਾਂਹ ਫੜ ਕੇ ਖਿੱਚ ਰਿਹਾ ਸੀ, "ਤੁਰ ਪੁੱਤ, ਛੱਡ ਤਾਕੀ?"

"ਮੈਨੀਓ... ਮੈਂ ਨਹੀਂ ਸਕੂਲੇ ਜਾਣੈ?"

"ਪੁੱਤ ਬੰਦਾ ਬਣਜੂ, ਤੁਰ।"

"ਓਥੇ ਫੱਟੀ ਨਾਲ ਕੁੱਟਦੇ ਆ।" ਮੇਰੀ ਜ਼ਿੱਦ ਬਰਕਰਾਰ ਸੀ।

"ਨਹੀਂ...ਪੁੱਤ ਉਹ ਤਾਂ ਲਿਖਣ ਲਈ ਲਿਜਾਉਂਦੇ ਆ?"

ਜਦੋਂ ਮੈਨੂੰ ਬਾਬੇ ਨੇ ਬਿਲਕੁਲ ਅਹਿਸਾਸ ਦੁਆ ਦਿੱਤਾ ਕਿ ਤੂੰ ਬੰਦਾ ਬਣ ਜਾਣੈ ਤਾਂ ਨਾਲੇ ਫੱਟੀਆਂ ਤਾਂ ਲਿਖਣ ਲਈ ਐ ਤਾਂ ਮੈਂ ਖਿੜਕੀ ਦੀ ਫੜੀ ਸੀਖ ਛੱਡ ਦਿੱਤੀ। ਬਾਬੇ ਦੇ ਬੋਲਾਂ ਦੀ ਰੌਸ਼ਨੀ ਵਿਚ ਤੁਰਿਆ ਅੱਜ ਵੀ ਤੁਰਦਾ ਜਾ ਰਿਹਾ ਹਾਂ ਬੇਸ਼ਕ ਬੀ. ਏ. ਕਰ ਲਈ, ਐਮ. ਏ. ,ਐਮ. ਫਿੱਲ, ਪੀ. ਐੱਚ ਡੀ ਵੀ ਕਰ ਲਈ ਹੈ ਪਰ ਉਹ ਸਾਧਨਾ ਅਤੇ ਮਨੁੱਖ ਨੂੰ ਵਾਚਣ ਦੀ ਧੁਖਧੁਖੀ ਅੱਜ ਵੀ ਲੱਗੀ ਰਹਿੰਦੀ ਹੈ। ਪ੍ਰਾਇਮਰੀ ਸਕੂਲ ਦੀ ਅਧਿਆਪਕਾ ਪੁਸ਼ਪ ਲਤਾ ਨੇ ਮੇਰਾ ਹੱਥ ਫੜ ਕੇ ਮੈਨੂੰ 'ਚ' ਲਿਖਣਾ ਸਿਖਾਇਆ ਸੀ। ਮੈਂ ਇਸ ਅੱਖਰ ਨਾਲ ਕਈ ਦਿਨ ਘੁਲਦਾ ਰਿਹਾ ਸਾਂ। ਮੈਨੂੰ ਚੱਚੇ ਦੀ ਘੁੰਡੀ ਨਹੀਂ ਸੀ ਬਣਾਉਣੀ ਆਉਂਦੀ। ਮੈਂ 'ਰ' ਲਿਖ ਕੇ ਵਿਚਕਾਰ ਕੁੰਡੀ ਜਿਹੀ ਬਣਾ ਦਿੰਦਾ ਸਾਂ ਜਿਸ ਕਰਕੇ ਭੈਣਜੀ ਪੁਸ਼ਪਾ ਗੁੱਸੇ ਹੁੰਦੀ ਸੀ।



ਆਖਰ ਉਸ ਦੀ ਸਿਖਾਈ ਘੁੰਡੀ ਮੈਂ ਸਿੱਖ ਗਿਆ ਫਿਰ 'ਚ' ਤੋਂ ਚਲ ਸੋ ਚਲ ਸ਼ਬਦ ਲਿਖਦਾ ਪੰਜਾਹ ਸਾਲ ਦੇ ਨੇੜੇ ਢੁੱਕ ਚੁੱਕਾ ਹਾਂ।

ਮੈਂ ਮਹਿਸੂਸ ਕਰਦਾ ਹਾਂ ਕਿ ਸਾਹਿਤ ਸਿਰਜਣਾ ਲਈ ਬਚਪਨ, ਆਰਥਿਕਤਾ ਤੇ ਜੁਆਨੀ ਦਾ ਰੁਮਾਂਸ ਬਹੁਤ ਮਹੱਤਵਪੂਰਨ ਹਨ। ਡਾ. ਹਰਿਭਜਨ ਸਿੰਘ ਵੀ ਆਖਦਾ ਹੈ ਕਿ ਜ਼ਿੰਦਗੀ ਵਿਚ ਦੁਖ ਤੇ ਬਚਪਨ ਤੁਹਾਨੂੰ ਕਵਿਤਾ ਦੀ ਸਿਰਜਣਾ ਵਲ ਪ੍ਰੇਰਦੇ ਹਨ। ਡਾ. ਸਾਹਿਬ ਦੀ ਗੱਲ ਆਪਣੀ ਜਗ੍ਹਾ ਠੀਕ ਹੈ ਪਰ ਮੇਰੀ ਨਜ਼ਰ 'ਚ ਅਮੀਰ ਬਚਪਨ ਤੇ ਯਾਦ ਸ਼ਕਤੀ ਤੁਹਾਨੂੰ ਸਾਹਿਤ ਵਲ ਉਂਗਲੀ ਲਾ ਤੋਰਦੀ ਹੈ। ਹਾਂ ਆਰਥਿਕਤਾ ਤੇ ਜੀਵਨ ਦੀ ਥੋੜੀ ਹਿਲਜੁਲ ਜਾਂ ਝਟਕਾ ਉਸ ਰਾਹ ਤੇ ਜ਼ਰੂਰ ਪਾਉਂਦਾ ਹੈ। ਮੇਰੇ ਲਈ ਇਹੋ ਜਿਹਾ ਜੀਵਨ ਝਟਕਾ ਮੇਰੀ ਵੱਡੀ ਭੈਣ ਦੀ ਸ਼ਾਦੀ ਸੀ। ਰਿਸ਼ਤਾ ਅਜਿਹੀ ਜਗ੍ਹਾ ਤਹਿ ਹੋ ਗਿਆ ਜਿਥੇ ਘਰ ਸੀ, ਅਮੀਰੀ ਸੀ ਪਰ ਮੁੰਡਾ ਨਸ਼ੇਬਾਜ਼ ਸੀ। ਸੱਚ ਦੇ ਰਾਹ ਤੇ ਚੱਲਣ ਵਾਲਾ ਇਲਾਕੇ ਦਾ ਕਹਿੰਦਾ ਕਹਾਉਂਦਾ ਅਧਿਆਪਕ ਮਾਸਟਰ ਸ਼ੰਕਰ ਦਾਸ ਦੇ ਪਰਿਵਾਰ ਨੂੰ ਇਹ ਪਤਾ ਵੀ ਨਹੀਂ ਸੀ ਨਸ਼ੇ, ਗੋਲੀਆਂ, ਅਫ਼ੀਮ ਕੀ ਹੁੰਦੀ ਹੈ। ਇਸ ਸਭ ਕਾਸੇ ਤੋਂ ਅਣਜਾਣ ਲੋਕਾਂ ਦੇ ਵਿਸ਼ਵਾਸ ਸਹਾਰੇ ਤੁਰੇ ਪਰ ਲੋਕਾਂ ਦਾ ਸੁਆਰਥ, ਚੰਦ ਪੈਸਿਆਂ ਦਾ ਲਾਲਚ ਵੱਡੀ ਭੈਣ ਦੇ ਲਈ ਪ੍ਰਸ਼ਨ ਚਿੰਨ ਪੈਦਾ ਕਰ ਗਿਆ। ਉਹਨੂੰ ਵਿਆਹ ਤੋਂ ਬਾਅਦ ਮੁੰਡੇ ਬਾਰੇ ਸਭ ਕੁਝ ਪਤਾ ਲੱਗ ਗਿਆ ਸੀ ਘਰ ਦੀ ਇੱਜਤ, ਬਾਪ ਦੀ ਆਰਥਿਕਤਾ ਕਰਕੇ ਭੈਣ ਨੇ ਜਜਬਾਤਾਂ ਨੂੰ ਗੰਢ ਮਾਰ ਲਈ। ਸਬਰ ਕਰਕੇ ਉਥੇ ਹੀ ਵੱਸ ਗਈ। ਅੱਜ ਤੀਹ ਸਾਲ ਦੇ ਇਸ ਲੰਮੇ ਵਕਫ਼ੇ ਦੌਰਾਨ ਬੜੇ ਉਤਾਰ ਚੜਾਅ ਆਏ। ਵੱਡੀ ਭਾਣਜੀ ਵੀ ਵਿਆਹੀ ਗਈ। ਉਹਦੇ ਬੱਚੇ ਵੀ ਹੋ ਗਏ ਪਰ ਮੈਂ ਅੱਜ ਵੀ ਹੁਸ਼ਿਆਰਪੁਰ ਦੇ ਟਿੱਬਾ ਸਾਹਿਬ ਮੁਹੱਲੇ ਵਿੱਚ ਜਦੋਂ ਭੈਣ ਦੇ ਘਰੋਂ ਨਿਕਲਦਾ ਹਾਂ ਤਾਂ ਇਕ ਹੱਥ ਵਿਚ ਭੈਣ ਨੂੰ ਕੁਝ ਦੇਣ ਲਈ ਰੁਪਏ ਹੁੰਦੇ ਹਨ ਤੇ ਦੂਸਰੇ ਹੱਥ ਵਿੱਚ ਅੱਥਰੂਆਂ ਨਾਲ ਭਿੱਜਿਆ ਰੁਮਾਲ।

ਮੇਰਾ ਬਾਬਾ ਸ੍ਰ. ਮਹਿੰਗਾ ਸਿੰਘ 'ਬਾਤਾਂ ਦਾ ਭੰਡਾਰ' ਸੀ। ਉਹਦੇ ਅੰਗ ਸੰਗ ਰਹਿੰਦਿਆਂ ਜਿਥੇ ਕੁਦਰਤ ਨਾਲ ਜੁੜਨ ਦਾ ਮੌਕਾ ਮਿਲਿਆ ਉਥੇ ਧਾਰਮਿਕਤਾ, ਰੁਮਾਂਟਿਕਤਾ ਤੇ ਸੱਚਾ ਕਰਮ ਕਰਨ ਦੀ ਆਦਤ ਵੀ ਪਈ। ਬਾਬਾ ਦੂਸਰੀ ਸੰਸਾਰ ਜੰਗ ਲੜ ਚੁੱਕਾ ਸੀ। ਜਦੋਂ ਦੀ ਮੈਂ ਸੁਰਤ ਸੰਭਲੀ ਉਹਦੀ ਉਂਗਲੀ ਫੜ ਕੇ ਹੀ ਤੁਰਨਾ ਸਿੱਖਿਆ। ਬਾਪ ਖਾਲਸਾ ਹਾਈ ਸਕੂਲ ਖਹਿਰਾ ਮੱਝਾ ਸਕੂਲ ਵਿਚ ਹਿਸਾਬ ਅਧਿਆਪਕ ਸਨ ਜਿਸ ਕਰਕੇ ਬਹੁਤਾ ਬਚਪਨ ਬਾਬੇ ਦੀ ਪਿੱਠ 'ਤੇ ਚੜ੍ਹ ਕੇ ਹੀ ਗੁਜਾਰਿਆ। ਮੇਰੀਆਂ ਬਹੁਤੀਆਂ ਰਚਨਾਵਾਂ ਵਿਚ ਉਹਦਾ ਜ਼ਿਕਰ ਆਉਂਦਾ ਹੈ। ਉਹ ਬੱਲਾ ਵਾਲੇ ਸੰਤ ਸੁਆਮੀ ਸਰਵਣ ਦਾਸ ਦਾ ਮਹਾਂ ਭਗਤ ਸੀ। ਉਹ ਉਹਨਾਂ ਦੀ ਤਸਵੀਰ ਫੜ ਕੇ ਕਈ ਕਈ ਘੰਟੇ ਪਾਠ ਪੂਜਾ ਕਰਦਾ ਰਹਿੰਦਾ ਸੀ। ਖੇਸ ਬੁਣਨੇ ਉਹਦਾ ਕਰਮ ਸੀ। ਮੈਂ ਸਕੂਲੋਂ ਆ ਉਹਦੇ ਨਾਲ ਇਸ ਕੰਮ ਵਿਚ ਹੱਥ ਵਟਾਉਂਦਾ ਸਾਂ। ਨਲੀਆਂ ਵੱਟਣੀਆਂ ਮਰੋੜੀਆਂ ਲਗਾਉਣੀ, ਤਾਣਾ ਤਣਨਾ, ਪਾਣ ਚਾੜ੍ਹਨੀ ਕੂਠ ਫੇਰਨਾ ਆਦਿ ਮੇਰੇ ਜਿੰਮੇ ਰਿਹਾ ਹੈ। ਧਾਗਾ ਟੁੱਟਣ ਤੇ ਬਾਬੇ ਵਰਗੀ ਮਰੋੜੀ ਲਾਉਣੀ ਮੈਨੂੰ ਕਦੇ ਨਾ ਆ ਸਕੀ। ਹਵੇਲੀ 'ਚ ਫਸਲ ਬੀਜਣੀ, ਦਰਖਤ ਲਗਾਉਣੇ ਬਾਬੇ ਨੇ ਹੀ ਸਿਖਾਏ ਸਨ। ਬਾਬਾ ਰਾਸਧਾਰੀਆਂ ਦਾ ਵੀ ਮਿੱਤਰ ਸੀ। ਪਿੰਡ 'ਚ ਜਦੋਂ ਵੀ ਰਾਸਾਂ ਪੈਂਦੀਆਂ ਤਾਂ ਰਾਸ ਕਮੇਟੀ ਸਾਡੇ ਘਰ ਠਿਕਾਣਾ ਕਰਦੀ ਸੀ। ਉਹਨੀਂ ਦਿਨੀਂ ਅਸੀਂ ਪਰਿਵਾਰ ਸਮੇਤ ਉਪਰਲੀ ਮੰਜ਼ਿਲ ਤੇ ਬਸੇਰਾ ਕਰ ਲੈਂਦੇ ਸਾਂ। ਸਾਨੂੰ ਨਿੱਕੇ ਬੱਚਿਆਂ ਨੂੰ ਇਸ ਗੱਲ ਦਾ ਬੜਾ ਚਾਅ ਹੁੰਦਾ ਸੀ। ਉਹਨੀਂ ਦਿਨੀਂ ਰਾਸਧਾਰੀਏ ਘਰ ਵਿਚ ਬਾਬੇ ਸਿੱਧ ਵਲੀ ਦੀ ਜਗ੍ਹਾ ਮੂਹਰੇ ਕਾਲਾ ਬੱਕਰਾ ਤੇ ਕਾਲਾ ਕੁੱਕੜ ਵੱਢਦੇ ਸਨ।

ਰਾਤ ਨੂੰ ਦੇਸੀ ਸ਼ਰਾਬ ਦੇ ਨਾਲ ਮਾਸ ਖਾ ਕੇ ਰਾਸਧਾਰੀਏ ਅਠਖੇਲੀਆਂ ਕਰਦੇ। ਕੋਈ ਪਿੰਡੇ ਤੇ ਸੰਗਲ ਮਾਰਦਾ, ਕੋਈ ਅੱਗ ਦੇ ਚੰਗਿਆੜੇ ਕੱਢਦਾ ਤੇ ਕੋਈ ਹਾਥੀ ਸਵਾਂਗ ਵਿਚ ਹਾਥੀ ਦੀ ਸਵਾਰੀ ਕਰਦਾ। ਅਸੀਂ ਬੱਚੇ ਤੇ ਬਾਕੀ ਦੁਨੀਆਂ ਹੱਥ ਜੋੜ ਕੇ ਬੈਠੇ ਰਹਿੰਦੇ। ਸਾਡੇ ਮਨਾਂ 'ਚ ਉਹਨਾਂ ਸਭਨਾ ਪ੍ਰਤੀ ਅਥਾਹ

ਸ਼ਰਧਾ ਹੁੰਦੀ। ਜਦੋਂ ਉਹ ਰਾਸਧਾਰੀਏ ਨਕਲਾਂ ਕਰਦੇ ਤਾਂ ਅਸੀਂ ਖ਼ੂਬ ਹੱਸਦੇ। ਇਸਤਰੀਆਂ ਦਾ ਰੋਲ ਕਰ ਰਹੇ ਅੱਲ੍ਹੜ ਮੁੰਡੇ ਸਭ ਲਈ ਖਿਚ ਦਾ ਕਾਰਨ ਬਣਦੇ। ਕੋਈ ਟੱਲੀ ਹੋਇਆ ਦਰਸ਼ਕ ਚੁਪ ਚੁਪੀਤੇ ਉਹਨਾਂ ਦੀ ਚੁੰਮੀ ਵੀ ਲੈ ਜਾਂਦਾ ਸੀ। ਬਾਬੇ ਦੀ ਸੱਜੀ ਬਾਂਹ ਤੇ ਉਕਰਾਇਆ ਉਹਦੀ ਪ੍ਰੇਮਿਕਾ ਦਾ ਨਾਂ ਮੇਰੇ ਲਈ ਰੁਮਾਂਟਿਕ ਪਲ ਪੇਸ਼ ਕਰਦਾ। ਬੇਸ਼ਕ ਬਾਬਾ ਉਸ ਗੱਲ ਦੀ ਤਫ਼ਸੀਲ ਵਿਚ ਨਹੀਂ ਸੀ ਜਾਂਦਾ ਪਰ ਇਹ ਗੱਲ ਲੋਕਾਂ ਦੇ ਮੂੰਹੋਂ ਪਤਾ ਲੱਗ ਜਾਂਦੀ ਰਹੀ ਸੀ। ਇਸ ਕਰਕੇ ਅਸੀਂ ਬਾਬੇ ਨੂੰ ਕਈ ਵਾਰ 'ਆਸ਼ਕੀ ਪੱਠਾ' ਵੀ ਕਹਿੰਦੇ ਰਹੇ ਹਾਂ। 1974 'ਚ ਜਦੋਂ ਬਾਬਾ ਚਲਾ ਗਿਆ ਤਾਂ ਉਸ ਦੀ ਮੌਤ ਤੋਂ ਲੰਮਾ ਸਮਾਂ ਬਾਅਦ ਵੀ ਬਾਬੇ ਦੀ ਪ੍ਰੇਮਿਕਾ ਪਿੰਡ ਆਉਂਦੀ ਰਹੀ। ਅਸੀਂ ਸਭ ਲੋਕਾਂ ਵਾਂਗ ਉਸ ਨੂੰ ਭੂਆ ਕਹਿੰਦੇ ਸਾਂ। ਉਸਦਾ ਲਾਲ ਸੂਹਾ ਰੰਗ ਦੇਖ ਕੇ ਇਮਾਰਤ ਦੀ ਖ਼ੂਬਸੂਰਤੀ ਦਾ ਅੰਦਾਜ਼ਾ ਵੀ ਲਾਗਾਉਂਦੇ ਰਹੇ ਹਾਂ।

ਇਲਾਕੇ ਵਿਚ ਮੇਰੇ ਪਿਤਾ ਜੀ ਵਰਗਾ ਹਿਸਾਬ ਪੜ੍ਹਾਉਣ ਵਾਲਾ ਹੋਰ ਕੋਈ ਅਧਿਆਪਕ ਨਹੀਂ ਸੀ। ਇਸ ਕਰਕੇ ਨੇੜਲੇ ਪਿੰਡਾਂ ਦੇ ਬਹੁਤੇ ਵਿਦਿਆਰਥੀ ਬਾਪ ਤੋਂ ਟਿਊਸ਼ਨ ਪੜ੍ਹਨ ਆਉਂਦੇ ਸਨ। ਮੇਰੇ ਪਿਤਾ ਜੀ ਦਾ ਸਕੂਲ ਬਹੁਤ ਪੁਰਾਣਾ ਤੇ ਮੰਨਿਆ ਪ੍ਰਮੰਨਿਆ ਸਕੂਲ ਸੀ ਤੇ ਹੈ। ਸ਼ਾਇਰ ਸੁਰਜੀਤ ਪਾਤਰ, ਪ੍ਰਿੰਸੀਪਲ ਵੀਰ ਸਿੰਘ, ਪ੍ਰੋ. ਧਰਮ ਸਿੰਘ (ਖਾਲਸਾ ਕਾਲਜ ਦਾ ਸੇਵਾ ਮੁਕਤ ਪ੍ਰੋ) ਵੀ ਕਿਸੇ ਸਮੇਂ ਉਹਨਾਂ ਦੇ ਵਿਦਿਆਰਥੀ ਰਹੇ ਸਨ। ਟਿਊਸ਼ਨ ਪੜ੍ਹਨ ਲਈ ਨੇੜਲੇ ਪਿੰਡਾਂ ਦੀਆਂ ਮੈਟ੍ਰਿਕ ਦੀਆਂ ਲੜਕੀਆਂ ਵੀ ਆਉਂਦੀਆਂ ਸਨ। ਅੱਲੜ ਉਮਰ 'ਚ ਖ਼ਰਮਸਤੀਆਂ ਹਰ ਕੋਈ ਕਰਦਾ ਹੈ। ਇਹਨਾਂ ਕੁੜੀਆਂ ਵਿਚੋਂ ਬਹੁਤੀਆਂ ਮੇਰੇ ਨਾਲ ਸਾਂਝ ਵਧਾਉਣੀਆਂ ਚਾਹੁੰਦੀਆਂ ਸਨ ਪਰ ਬਾਪ ਵਲੋਂ ਆਖੇ ਸ਼ਬਦ 'ਪੁੱਤ ਇੱਜਤ ਨੂੰ ਦਾਗ਼ ਨਾ ਲਗਾਈ' ਮੇਰੇ ਨਾਲ ਨਾਲ ਚਲਦੇ ਰਹੇ ਪਰ ਫਿਰ ਵੀ ਚੋਰੀ ਛਿਪੇ ਦਾਅ ਲਗਾਉਣਾ ਮੇਰੀ ਆਦਤ ਰਹੀ ਹੈ। ਨੇੜਲੇ ਪਿੰਡ ਦੀ ਜੁਆਨ ਕੁੜੀ ਮੈਨੂੰ ਪਿਆਰ ਭਰੇ ਖ਼ਤ ਲਿਖਦੀ। ਉਹਦੇ ਖ਼ਤ ਉਹਦੀ ਸਾਇਕਲ ਦੀ ਕਾਠੀ ਦੇ ਕਵਰ ਹੇਠ ਹੁੰਦੇ। ਮੈਂ ਉਹ ਪੱਤਰ ਚੁੱਕ ਲੈਂਦਾ ਤਾਂ ਆਪਣਾ ਰੱਖ ਦਿੰਦਾ। ਕਈ ਵਾਰ ਉਹਨਾਂ ਪੱਤਰਾਂ ਵਿਚ ਇਲਾਚੀਆਂ ਤੇ ਮਹਿਕਦੇ ਰੁਮਾਲ ਹੁੰਦੇ। ਮੈਂ ਉਹਦੀਆਂ ਭੇਜੀਆਂ ਇਲਾਚੀਆਂ ਸੁਟ ਦਿੰਦਾ ਕਿਉਂਕਿ ਮੈਂ ਅੰਦਰਖਾਤੇ ਡਰਦਾ ਸਾਂ ਕਿਤੇ ਉਹ ਇਲਾਚੀਆਂ ਪੜ੍ਹੀਆਂ ਜਾਂ ਜਾਦੂ ਦੀਆਂ ਨਾ ਹੋਣ ਤੇ ਮੈਂ ਸਾਰੇ ਦਾ ਸਾਰਾ ਉਹਦਾ ਹੀ ਨਾ ਹੋ ਜਾਵਾਂ। ਤੇ ਬਾਪ ਦੇ ਕਹੇ ਸ਼ਬਦ ਮੇਰੇ ਸਾਹਮਣੇ ਖੇਤ 'ਚ ਖੜੇ ਡਰਾਉਣੇ ਵਾਂਗ ਬਣ ਜਾਂਦੇ ਸਨ। ਉਹ ਕੁੜੀ ਮੈਨੂੰ ਜੱਫੀ ਵਿਚ ਲੈ ਕੇ ਲੰਬੇ ਲੰਬੇ ਹਟਕੋਰੇ ਭਰਦੀ ਸੀ। ਉਹਦੀ ਸੱਜੀ ਛਾਤੀ ਦੇ ਹੇਠਾਂ ਬਣਿਆ ਇਕ ਲੱਸਣ ਦਾ ਨਿਸ਼ਾਨ ਮੈਂ ਕਈ ਵਾਰ ਚੁੰਮਿਆ ਸੀ।

ਮੇਰੇ ਨਾਨਕੇ ਪਿੰਡ ਕੁੱਕੜ ਪਿੰਡ ਜਲੰਧਰ ਦਾ ਜ਼ਿਕਰ ਕਰਨਾ ਵੀ ਮੇਰੇ ਲਈ ਜ਼ਰੂਰੀ ਹੈ। ਇਸ ਪਿੰਡ ਵਿਚ ਵੀ ਮੈਂ ਬਹੁਤਾ ਬਚਪਨ ਗੁਜਾਰਿਆ ਹੈ। ਪਤਾ ਨਹੀਂ ਕਿਉਂ ਸਕੂਲ 'ਚ ਹੁੰਦੀਆਂ ਛੁੱਟੀਆਂ ਇਸ ਪਿੰਡ ਵਿਚ ਗੁਜਾਰਨਾ ਮੇਰੇ ਅਤੇ ਵੱਡੀ ਭੈਣ ਲਈ ਇਕ ਹਿੱਸਾ ਹੀ ਬਣ ਗਿਆ ਸੀ। ਮੇਰੀ ਮਾਸੀ ਹੋਸਟਲ ਵਿਚ ਪੜ੍ਹਦੀ ਸੀ। ਉਹ ਵੀ ਛੁੱਟੀਆਂ 'ਚ ਘਰ ਆ ਜਾਂਦੀ ਸੀ ਜਿਸ ਕਰਕੇ ਸਾਡੇ ਚਾਅ ਨੂੰ ਚਾਰ ਚੰਨ ਲੱਗ ਜਾਂਦੇ ਸਨ। ਨਾਨਾ ਨਾਨੀ, ਵੱਡਾ ਤੇ ਛੋਟਾ, ਮਾਮਾ ਮਾਸੀ ਇੰਗਲੈਂਡ ਵਿਚ ਸਨ ਤੇ ਵਿਚਕਾਰਲਾ ਮਾਮਾ ਹਮੇਸ਼ਾ ਬਾਹਰਲੇ ਪੈਸਿਆਂ 'ਤੇ ਐਸ਼ ਕਰਦਾ ਸੀ। ਉਹਦੀ ਹਵੇਲੀ 'ਚ ਰੋਜ਼ਾਨਾ ਕੁੱਕੜ, ਬੱਕਰਾ ਤੇ ਪੇਟੀ ਸਿਰੀਆਂ ਰਿਝਦੇ ਰਹਿੰਦੇ ਸਨ। ਤਰ੍ਹਾਂ ਤਰ੍ਹਾਂ ਦੇ ਲੋਕ ਹਵੇਲੀ 'ਚ ਮਹਿਫਲਾਂ ਲਾਈ ਰੱਖਦੇ। ਨੇੜਲੇ ਪਿੰਡੋਂ ਸ਼ਰਾਬ ਲਿਆ ਕੇ ਦੇਣੀ, ਹੁੱਕਾ ਸਿਗਰਟਾਂ ਦੇਣੀਆਂ ਮੇਰੇ ਹਿੱਸੇ ਸੀ। ਮਾਮਾ ਮੈਨੂੰ ਵੀ ਰੋਜ਼ ਸ਼ਰਾਬ ਪਿਲਾ ਦਿੰਦਾ ਸੀ। ਮੈਨੂੰ ਅੱਜ ਤੱਕ ਉਹ ਜਲੰਧਰ ਛਾਉਣੀ ਦਾ ਜੋਤਸ਼ੀ ਨਹੀਂ ਭੁੱਲਦਾ ਜਿਸ ਨੇ ਚਿੱਟਾ ਕੁੜਤਾ ਤੇ ਧੋਤੀ ਲਾਈ ਹੁੰਦੀ, ਸਰੀਰ ਤੇ ਜੈਨਊ ਪਹਿਨਿਆ ਹੁੰਦਾ। ਉਹ ਸ਼ਰਾਬ ਪੀ ਕੇ ਬੱਕਰਾ ਖਾ ਕੇ ਟੱਲੀ ਹੋ ਜਾਂਦਾ। ਮੇਰਾ ਮਾਮਾ ਹਾਸੇ ਹਾਸੇ 'ਚ ਟੱਲੀ ਜੋਤਸ਼ੀ ਦੀ ਧੋਤੀ ਚੁਕ ਉਹਦੇ ਗੁਪਤ ਅੰਗ 'ਤੇ ਸੁਲਗਦੀਆਂ ਸਿਗਰਟਾਂ ਲਾ ਲਾ



ਉੱਚੀ ਉੱਚੀ ਹੱਸਦਾ ਸੀ। ਜੋਤਸ਼ੀ ਟਪੂਸੀਆਂ ਮਾਰਦਾ 'ਹਾਏ ਹਾਏ' ਕਰਦਾ ਤੇ ਨਾਲ ਤੇਰੀ ਭੈ... ਭੈ... ਅੱਧੀਆਂ ਕੁ ਗਾਲਾਂ ਕੱਢਦਾ ਮੇਰੇ ਅਤੇ ਨੌਕਰ ਤਾਰੂ ਲਈ ਇਕ ਖੇਡ ਹੁੰਦੀ।

1980-90 ਦੇ ਵਿਚਕਾਰਲਾ ਸਮਾਂ ਵੀ ਸਾਡੇ ਪਰਿਵਾਰ 'ਤੇ ਦੁਖਾਂਤ ਦਾ ਰਿਹਾ ਹੈ। ਖਾਲਸਾ ਸਕੂਲ ਵਿਚ ਮੇਰੇ ਪਿਤਾ ਹੀ ਇਕ ਮੋਨੇ ਅਧਿਆਪਕ ਸਨ। ਇਕ ਦਿਨ ਸਕੂਲ ਵਿਚ ਫੁਰਮਾਨ ਆ ਗਿਆ ਕਿ ਸਾਰੇ ਅਧਿਆਪਕ ਸਿੰਘ ਸਜ ਜਾਓ, ਅੰਮ੍ਰਿਤਪਾਨ ਛੱਕ ਕੇ ਸਿੰਘ ਸਜੋ ਨਹੀਂ ਤਾਂ ਸੋਧ ਦਿੱਤੇ ਜਾਣਗੇ। ਬੱਸ ਇਸ ਚਿੱਠੀ ਨੇ ਸਾਡੇ ਪਰਿਵਾਰ ਦੀ ਨੀਂਦ ਹਰਾਮ ਕਰ ਦਿੱਤੀ। ਦਿਨ ਮਿੱਥ ਦਿੱਤੇ ਗਏ ਸਨ। ਅਸੀਂ ਸਾਰਾ ਪਰਿਵਾਰ ਚਿੰਤਾ 'ਚ ਡੁੱਬਿਆ ਕਈ ਤਰ੍ਹਾਂ ਦੀਆਂ ਤਰਤੀਬਾਂ ਘੜਨ ਲੱਗੇ। ਬਾਪ ਇਕੱਲਾਕਾਰਾ, ਛੇ ਬੱਚੇ ਤੇ ਮਾਤਾ ਨੂੰ ਪਾਲਣ ਲਈ ਕਮਾਈ ਦਾ ਸਾਧਨ ਸੀ। ਸਾਨੂੰ ਸਭ ਨੂੰ ਮੂੰਹੋਂ ਰੋਟੀ ਖੁਸਦੀ ਨਜ਼ਰ ਆਵੇ। ਕਈ ਕਲਪਨਾ 'ਚ ਬਾਪ ਦੇ ਸਿਰ ਤੇ ਪੱਗ ਬੱਝੀ ਦੇਖਦੇ। ਅਸੀਂ ਬੱਚੇ ਉਪਜੀਵਕਾ ਕਮਾਉਣ ਦੇ ਹੋਰ ਸਾਧਨ ਲੱਭਣ ਦੀਆਂ ਵਿਚਾਰਾਂ ਵੀ ਕਰਦੇ। ਛੋਟਾ ਭਰਾ ਕਹਿੰਦਾ, 'ਭਾਅ ਮੈਂ ਮੋਗ੍ਹੀ ਨਾਲ ਦਿਹਾੜੀ ਜਾ ਆਇਆ ਕਰੂੰ। ਤੂੰ ਤਾਂ ਕਾਲਜ 'ਚ ਪੜ੍ਹਦੇ ਪੜ੍ਹੀ ਜਾਹ।' ਇਕ ਦਿਨ ਦੁਖੀ ਹੋਏ ਬਾਪ ਨੇ ਸਾਨੂੰ ਨੇੜੇ ਬਿਠਾ ਕੇ ਕਹਿ ਦਿੱਤਾ! ਮੈਂ ਤਾਂ ਹੁਣ ਸਾਰਾ ਕੁਝ ਰੱਬ ਤੇ ਸੁਟ ਦਿੱਤਾ, ਕਦੇ ਆਪਣੇ ਕਰਮ 'ਚ ਖ਼ੁਨਾਮੀ ਨਹੀਂ ਕੀਤੀ ਦੇਖੋ ਹੁਣ ਕੀ ਭਾਣਾ ਵਰਤਦੈ।"

ਫਿਰ ਉਹੀ ਗੱਲ ਹੋਈ, ਮਿੱਥੀ ਤਾਰੀਖ 'ਤੇ ਜਦੋਂ ਮੁਖ ਅਧਿਆਪਕ ਹਰਮਿੰਦਰ ਸਾਹਿਬ ਦੇ ਦੱਸੇ ਹੋਏ ਕਮਰੇ ਵਿਚ ਅੰਮ੍ਰਿਤਧਾਰੀਆਂ ਦੀ ਲਿਸਟ ਲੈ ਕੇ ਗਿਆ ਤਾਂ ਇਕ ਖਾੜਕੂ ਜੋ ਭਿੰਡਰਾ ਵਾਲਿਆ ਦਾ ਸੱਜਾ ਹੱਥ ਸੀ ਉਹ ਕਿਤੇ ਬਾਪ ਦਾ ਪੁਰਾਣਾ ਵਿਦਿਆਰਥੀ ਸੀ ਨਿਸ਼ੰਗ ਕਹਿਣ ਲੱਗਾ, "ਸ਼ੰਕਰ ਦਾਸ ਦਾ ਨਾਮ ਕੱਟ ਦਿੱਤਾ ਜਾਵੇ ਉਹ ਇੰਝ ਹੀ ਸਕੂਲ ਵਿਚ ਰਹਿਣਗੇ...।"

ਸੱਚਮੁਚ ਜਦੋਂ ਮੁਖ ਅਧਿਆਪਕ ਨੇ ਇਹ ਗੱਲ ਸੁਣਾਈ ਅਤੇ ਬਾਪ ਦਾ ਨਾਮ ਲਿਸਟ ਵਿਚੋਂ ਕੱਢਣ ਦੀ ਖੁਸ਼ੀ ਜੋ ਸਾਨੂੰ ਹੋਈ ਉਹ, ਉਹ ਕੁਦਰਤ ਹੀ ਜਾਣਦੀ ਹੈ। ਸਾਡੇ ਪਰਿਵਾਰ ਦੀਆਂ ਅੱਖਾਂ ਜੋ ਉਹਨੀਂ ਦਿਨੀਂ ਅੱਥਰੂਆਂ ਨਾਲ ਭਰੀਆਂ ਸਨ ਉਹ ਖੁਸ਼ੀ ਨਾਲ ਭਰ ਗਈਆਂ।

ਮੈਂ ਖਾਲਸਾ ਕਾਲਜ ਜਲੰਧਰ ਵਿਚ ਉਸ ਸਮੇਂ ਬੀ. ਏ. ਆਖਰੀ ਸਾਲ ਦਾ ਵਿਦਿਆਰਥੀ ਸਾਂ ਜਦੋਂ ਮੇਰੀ ਇਕ ਕਹਾਣੀ 'ਪੰਜਾਬੀ ਟ੍ਰਿਬਿਊਨ' ਵਿਚ ਛਪੀ, ਪ੍ਰੋ. ਢੇਸੀ ਨੇ ਉਸ ਸਮੇਂ ਕਲਾਸ ਵਿਚ ਮੈਨੂੰ ਕੁਝ ਸ਼ਬਦਾ ਦੀ ਸ਼ੁਧਤਾ ਬਾਰੇ ਤੇ ਕਹਾਣੀ ਦੇ ਵਿਸ਼ੇ ਬਾਰੇ ਕਈ ਕੁਝ ਦੱਸਿਆ। ਮੈਨੂੰ ਉਹ ਦਿਨ ਕਦੇ ਨਹੀਂ ਭੁਲਿਆ। ਐਮ. ਏ. ਪੰਜਾਬੀ ਡੀ. ਏ. ਵੀ. ਕਾਲਜ 'ਚ ਪੜ੍ਹਦਿਆਂ ਮੇਰੀਆਂ ਕਹਾਣੀਆਂ ਅੰਮ੍ਰਿਤਾ ਪ੍ਰੀਤਮ ਦੇ ਪਰਚੇ 'ਨਾਗਮਣੀ' ਵਿਚ ਛਪਣ ਲੱਗ ਪਈਆਂ ਸਨ। ਅੰਮ੍ਰਿਤਾ ਦੇ ਆਉਂਦੇ ਖ਼ਤ ਮੇਰੇ ਲਈ ਅਨਮੋਲ ਖਜ਼ਾਨਾ ਸਨ ਮੈਂ ਉਹ ਚੋਰੀ ਚੋਰੀ ਅਧਿਆਪਕਾਂ ਨੂੰ ਵਿਖਾਉਂਦਾ। ਅੰਮ੍ਰਿਤਾ ਪ੍ਰੀਤਮ ਦੀ ਕਹਾਣੀ ਬਾਰੇ ਰਾਏ ਸਚਮੁਚ ਪ੍ਰਭਾਵਸ਼ਾਲੀ ਹੁੰਦੀ ਸੀ। ਜਦੋਂ ਵੀ ਉਹ ਕਿਸੇ ਕਹਾਣੀ 'ਚ ਕੁਝ ਬਦਲਾਅ ਕਰਨ ਲਈ ਆਖਦੀ ਮੈਂ ਬਦਲ ਕੇ ਦੁਬਾਰਾ ਭੇਜ ਦਿੰਦਾ। ਉਹ ਮੈਨੂੰ ਇਕ ਅਸਲੀ ਤੇ ਜਿੰਮੇਵਾਰ ਆਲੋਚਕ ਵਾਂਗ ਰਾਏ ਦਿੰਦੀ ਸੀ। ਪਰ ਜਦੋਂ ਮੈਂ ਅੱਜ ਲੇਖਕਾਂ, ਆਲੋਚਕਾਂ ਦੀਆਂ ਢਾਣੀਆਂ ਵੱਲ ਨਜ਼ਰ ਮਾਰਦਾ ਹਾਂ ਤਾਂ ਸੁਆਰਥ ਦੇ ਭਰੇ ਕਈ ਰੰਗ ਮੈਨੂੰ ਨਜ਼ਰ ਆਉਂਦੇ ਹਨ। ਅਜਿਹੇ ਸੁਆਰਥਾਂ ਦੀ ਇਕ ਲੜੀ ਦਾ ਹਿੱਸਾ ਹੈ ਡਾ. ਅੰਮ੍ਰਿਤਲਾਲ ਪਾਲ ਦੀ ਜ਼ਿੰਦਗੀ। ਉਹ ਰਿਸ਼ਤੇ ਵਿਚ ਮੇਰਾ ਸੱਕਾ ਮਾਸੜ ਲੱਗਦਾ ਸੀ। ਮੰਨਿਆ ਉਸ ਵਿਚ ਔਗੁਣ ਸਨ ਪਰ ਉਸ ਦੀ ਖ਼ੂਬੀ ਵੀ ਸੀ। ਉਹ ਜਦੋਂ ਜਲੰਧਰ ਰੇਡੀਓ 'ਤੇ ਯੁਵਬਾਣੀ ਪ੍ਰੋਗਰਾਮ ਦਾ ਇੰਚਾਰਜ ਸੀ ਤਾਂ ਹਰ ਐਰਾ ਗੈਰਾ ਉਸ ਪ੍ਰੋਗਰਾਮ 'ਚ ਆਪਣੀ ਰਚਨਾ ਪੇਸ਼ ਕਰਨ ਲਈ ਤੁਰਿਆ ਰਹਿੰਦਾ ਸੀ। ਮੈਂ ਵੀ ਕਈ ਨਵੇਂ ਲੇਖਕਾਂ ਦੀ ਲਿਸਟ ਉਸ ਨੂੰ ਲਿਆ ਕੇ ਦਿੰਦਾ ਸਾਂ। ਲੇਖਕਾਂ, ਕਲਾਕਾਰਾਂ ਦਾ ਇਕ ਵੱਡਾ ਕਾਫ਼ਲਾ ਉਹਦੀ

ਸੰਗਤ ਵਿਚ ਰਹਿੰਦਾ ਸੀ। ਜਦੋਂ ਉਹ ਪਟਿਆਲਾ ਸਟੇਸ਼ਨ ਦਾ ਡਾਇਰੈਕਟਰ ਸੀ ਤਾਂ ਪੰਜਾਬੀ, ਹਿੰਦੀ ਸਾਹਿਤ ਦੇ ਵੱਡੇ ਵੱਡੇ ਵਿਦਵਾਨ ਉਹਦੇ ਕਮਰੇ ਵਿੱਚ ਬੈਠੇ ਰਹਿੰਦੇ ਸਨ। 'ਪਾਲ ਸਾਹਿਬ ਦੇ ਗੁਣਗਾਣ' ਗਾਉਣੇ ਉਹਨਾਂ ਲੇਖਕਾਂ ਦੀ ਪਹਿਲੀ ਆਦਤ ਸੀ। ਕਿਸੇ ਨੇ ਪਾਲ ਸਾਹਿਬ ਦੀ ਹੱਥ ਨਾਲ ਤਸਵੀਰ ਬਣਾ ਦਿੱਤੀ ਤੇ ਕਿਸੇ ਨੇ ਉਸਨੂੰ ਸਾਂਵਲਾਂ ਸੂਰਜਮੁਖੀ ਆਖਿਆ। ਕੋਈ ਉਸਨੂੰ ਨਾਰੀਅਲ ਦੇ ਨਾਲ ਤੁਲਨਾ ਦਿੰਦਾ। ਸਮਰੱਥ ਲੇਖਕ। ਆਲੋਚਕ ਵੀ ਆਪਣੇ ਸੁਆਰਥ ਜਾਂ ਚੰਦ ਪੈਸਿਆਂ ਲਈ ਅੰਮ੍ਰਿਤਲਾਲ ਦੇ ਕਸੀਦੇ ਗਾਉਂਦੇ ਫਿਰਦੇ ਮੈਂ ਕਈ ਵਾਰ ਵੇਖੇ। ਢੇਰਾਂ ਦੀਆਂ ਢੇਰ ਪੁਸਤਕਾਂ ਜਿਹੜੀਆਂ ਅੱਜ ਵੀ ਅੰਮ੍ਰਿਤਲਾਲ ਦੀ ਅਲਮਾਰੀ ਵਿਚ ਬੰਦ ਨੇ ਤਰ੍ਹਾਂ ਤਰ੍ਹਾਂ ਦੇ ਵਿਸ਼ੇਸ਼ਣ ਲਾ ਕੇ ਅੰਮ੍ਰਿਤ ਲਾਲ ਨੂੰ ਭੇਂਟ ਕੀਤੀਆਂ ਗਈਆਂ ਸਨ। ਕਈਆਂ ਨੇ ਤਾਂ ਸਮਰਪਿਤ ਹੀ ਅੰਮ੍ਰਿਤ ਪਾਲ ਨੂੰ ਕੀਤੀਆਂ ਹਨ। ਉਹ ਸਭ ਪੁਸਤਕਾਂ ਲੇਖਕਾਂ-ਕਲਾਕਾਰਾਂ ਦੇ ਕਿਰਦਾਰ ਦੀ ਜਿਉਂਦੀ ਜਾਗਦੀ ਤਸਵੀਰ ਨੇ। ਚੜ੍ਹਦੇ ਸੂਰਜ ਨੂੰ ਸਲਾਮ ਕਰਨ ਵਾਲੇ ਇਹ ਬਹੁਤੇ ਕਲਾਕਾਰ-ਲੇਖਕ ਮੇਰੇ ਲਈ ਸੰਦੇਹ ਦੇ ਪਾਤਰ ਨੇ। ਅੰਮ੍ਰਿਤਪਾਲ 2009 ਵਿੱਚ ਇਸ ਜਹਾਨ ਤੋਂ ਕੂਚ ਕਰ ਗਿਆ ਤੇ ਮੇਰੀ ਨਜ਼ਰ 'ਚ ਅਜੇ ਤੱਕ ਉਸ ਲੇਖਕ-ਕਲਾਕਾਰ ਦੇ ਕੋਈ ਚੰਦ ਸ਼ਬਦ ਵੀ ਨਜ਼ਰ ਨਹੀਂ ਆਏ ਜਿਹੜੇ ਪ੍ਰੋਗਰਾਮ ਲੈਣ ਲਈ ਉਹਦੀ ਵਡਿਆਈ ਕਰਨ ਲਈ ਝੂਠ ਬੋਲਦੇ ਸਨ। ਮੇਰੇ ਅੰਦਰ ਉਹਨਾਂ ਨਾਂਵਾ ਦੀ ਲਿਸਟ ਅੱਜ ਸਾਂਭੀ ਪਈ ਹੈ।

ਮੈਂ ਅੱਜ ਮਹਿਸੂਸ ਕਰਦਾ ਹਾਂ ਕਿ ਉਹ ਲੇਖਕ ਕਦੇ ਵੀ ਸੱਚ ਵੱਲ ਪੈਰ ਨਹੀਂ ਪੁੱਟ ਸਕਦਾ ਜਿਹੜਾ ਕਿਸੇ ਸਵਾਰਥ ਅਧੀਨ ਹੋ ਕੇ ਰਚਨਾ ਕਰਦਾ ਹੈ। ਸੱਚ ਲਿਖਣਾ ਬਹੁਤ ਔਖਾ ਹੈ। ਲੇਖਕ-ਕਲਾਕਾਰ ਨੂੰ ਨੰਗੇ ਧੜ ਲੜਨਾ ਪੈਂਦਾ ਹੈ।

ਇਹ ਯਾਦਾਂ ਰੂਪੀ ਪੰਡ ਅਜੇ ਭਾਰੀ ਹੈ। ਮੌਕਾ ਮਿਲਿਆ ਤਾਂ ਫਿਰ ਪੰਡ ਵਿਚਲੀਆਂ ਵਸਤਾਂ ਦਾ ਸੁਆਦ ਚਖਾਂਗਾ। ਅੱਜ ਮੈਨੂੰ ਵਾਰ ਵਾਰ ਕਿਸੇ ਵਿਦਵਾਨ ਦੀ ਗੱਲ ਯਾਦ ਆਉਂਦੀ ਹੈ ਕਿ ਪ੍ਰਸਿੱਧੀ ਨਾਲੋਂ ਇਮਾਨਦਾਰ ਹੋਣਾ ਜ਼ਿਆਦਾ ਬਿਹਤਰ ਹੈ।

ਮੋਬਾ. 99145-65255

## ਬਚਪਨ ਦਾ ਵਰਕਾ...../ - ਸੁਰਿੰਦਰ ਸੋਹਲ

ਸਾਰੀ ਸਾਧ ਸੰਗਤ ਖ਼ਾਮੋਸ਼ ਹੋ ਗਈ। ਬਾਬੇ ਪੂਰੀ ਨੇ ਅੱਖਾਂ ਮੀਟ ਲਈਆਂ। ਥੋੜ੍ਹੀ ਦੇਰ ਚੁੱਪ ਰਿਹਾ। ਫਿਰ ਉਸਨੇ ਰਹੱਸਮਈ ਆਵਾਜ਼ ਕੱਢ,'ਉਦਾਸੀ ਪਹਿਲੀ। ਆਸਾਮ ਦਾ ਇਲਾਕਾ। ਜਾਦੂਗਰਨੀਆਂ ਦੀ ਨਗਰੀ। ਮੋਹਣੀਆਂ ਦਾ ਦੇਸ਼...।' ਉਹ ਸਾਖੀ ਸੁਣਾਉਂਦਾ ਗਿਆ,'ਮਰਦਾਨਾ ਆ ਗਿਆ ਵਲ 'ਚ। ਮਨ 'ਚ ਗੁਰੂ ਦੇ ਨਾਮ ਦੀ ਥਾਂ ਮੋਹਣੀਆਂ ਦਾ ਹੁਸਨ ਵਸ ਗਿਆ। ਗੁਰੂ ਦੇ ਨਾਮ ਦੀ ਕਾਰ ਖਤਮ ਹੋ ਗਈ।..... ਬਸ ਦੇਖਦੇ ਹੀ ਦੇਖਦੇ ਮਰਦਾਨੇ ਦਾ ਸਰੀਰ ਵਟਣ ਲੱਗ ਪਿਆ। ਪੂਛ ਉੱਗ ਪਈ। ਜੱਤ ਉੱਗ ਪਈ। ਹੱਥ ਵੀ ਪੈਰਾਂ 'ਚ ਬਦਲਣ ਲੱਗੇ ਤੇ ਬੱਸ ਮਰਦਾਨਾ ਬਣ ਗਿਆ ਭੇਡੂ...। ਗਲ 'ਚ ਰੱਸੀ। ਦਰਖਤ ਨਾਲ ਬੱਝਾ ਹੋਇਆ। ਲੱਗਾ ਮਿਆਂਕ ਮਿਆਂਕ ਕੇ ਬਾਬੇ ਨੂੰ ਯਾਦ ਕਰਨ। ਬਾਬਾ ਜਾਣੀ ਜਾਣ। ਬਾਬੇ ਨੂੰ ਜਾ ਖਬਰਾਂ ਹੋਈਆਂ। ਬਾਬਾ ਬੋਹੜ ਦੇ ਦਰਖਤ ਹੇਠਾ ਬੈਠਾ ਸੀ। ਬਾਬੇ ਨੇ ਅੱਖਾਂ ਮੀਟੀਆਂ ਆ ਪਰਗਟ ਹੋਇਆ ਜਾਦੂਗਰਨੀਆਂ ਦੀ ਨਗਰੀ 'ਚ। ਮੋਹਣੀਆਂ ਲੱਗੀਆਂ ਡੋਰੇ ਸੁੱਟਣ। ਬਾਬੇ ਦੇ ਨੂਰਾਨੀ ਚਿਹਰੇ 'ਤੇ ਰੂਹਾਨੀ ਧੁੱਪ ਦਾ ਤੇਜ ਜਲਾਲ ਕਿਥੋਂ ਝੱਲਿਆ ਜਾਵੇ ਉਹਨਾਂ ਤੋਂ। ਜਿਹੜੀ ਆਵੇ ਬਾਬੇ ਨੂੰ ਵੱਸ ਕਰਨ 'ਸਤਿਨਾਮ' ਕਹਿ ਕੇ ਪੈਰੀਂ ਡਿੱਗ ਪਵੇ। ਭੇਡੂ ਵੱਲ ਦੇਖ ਕੇ ਬਾਬਾ ਹੱਸਿਆ। ਧੁੱਪ ਚੜ੍ਹ ਪਈ ਗਿਆਨ ਦੀ। 'ਉਂਕਾਰ' ਦੀ ਐਸੀ ਲਿਸ਼ਕੋਰ ਪਈ, ਮਰਦਾਨੇ ਦੀ ਕਾਇਆ ਕਲਪ ਹੋ ਗਈ। ਮਰਦਾਨਾ 'ਧੰਨ ਗੁਰ ਨਾਨਕ ਧੰਨ ਗੁਰ



ਨਾਨਕ' ਜਪਣ ਲੱਗਾ। ਬਾਬੇ ਨੇ ਮਰਦਾਨੇ ਨੂੰ ਹਿੱਕ ਨਾਲ ਲਾ ਲਿਆ..।'

ਸਾਰੀ ਸੰਗਤ 'ਧੰਨ ਗੁਰ ਨਾਨਕ' ਜਪਣ ਲੱਗ ਪਈ।

ਬਾਬਾ ਪੂਰੀ ਮੰਤਰ ਮੁਗਧ ਹੋਇਆ, ਅੱਖਾਂ ਬੰਦ ਕਰੀ ਸਾਖੀ ਇਵੇਂ ਸੁਣਾ ਰਿਹਾ ਸੀ, ਜਿਵੇਂ ਹੁਣੇ ਹੁਣੇ ਸਾਰਾ ਕੁਝ ਉਸਦੀਆਂ ਅੱਖਾਂ ਅੱਗੇ ਵਾਪਰਿਆ ਹੋਵੇ.....।

ਬਾਬੇ ਪੂਰੀ ਨੇ ਸਾਖੀ ਖਤਮ ਕਰ ਦਿੱਤੀ, ਪਰ ਮੇਰੇ ਜ਼ਿਹਨ ਵਿਚ ਇਹ ਸਾਖੀ ਸ਼ੁਰੂ ਹੋ ਗਈ...।

ਜਦੋਂ ਮਰਦਾਨੇ ਦੇ ਪੂਛ ਉਗਣੀ ਸ਼ੁਰੂ ਹੋਈ ਹੋਵੇਗੀ, ਉਸਨੇ ਕੀ ਮਹਿਸੂਸ ਕੀਤਾ ਹੋਵੇਗਾ? ਰੱਸੀ ਬਾਣ ਦੀ ਸੀ ਕਿ ਸਣ ਦੀ। ਭੇਡੂ ਬਣਿਆ ਮਰਦਾਨਾ ਤੂਤ ਨਾਲ ਬੱਝਾ ਸੀ ਕਿ ਡੇਕ ਨਾਲ। ਮਰਦਾਨੇ ਦੀ ਹਾਲਤ 'ਤੇ ਮੈਨੂੰ ਤਰਸ ਆਉਂਦਾ। ਬਾਬੇ ਨਾਨਕ ਦੇ ਹੱਸਦੇ ਚਿਹਰੇ ਬਾਰੇ ਕਲਪਨਾ ਕਰਦੇ ਹੀ ਮੇਰੀਆਂ ਅੱਖਾਂ ਅੱਗੇ ਧੁੱਪ ਚੜ੍ਹਨ ਲੱਗ ਪੈਂਦੀ। ਮੈਂ ਅੱਖਾਂ ਬੰਦ ਕਰਦਾ ਤਾਂ ਮੈਨੂੰ ਫਿਰ ਵੀ ਹਨ੍ਹੇਰੀਆਂ ਅੱਖਾਂ 'ਚ ਕੋਈ ਧੁੱਪ ਦੀ ਕਾਤਰ ਦਿਸਦੀ। ਜ਼ਰੂਰ ਬਾਬੇ ਪੂਰੀ ਨੂੰ ਵੀ ਇਹੀ ਧੁੱਪ ਦਿਸੀ ਹੋਵੇਗੀ, ਜਦੋਂ ਉਹ ਅੱਖਾਂ ਬੰਦ ਕਰੀ ਸਾਖੀ ਸੁਣਾ ਰਿਹਾ ਸੀ। ਓਪਰੀ ਥਾਂ, ਬਿਗਾਨੇ ਗਰਾਂ ਭੇਡੂ ਬਣੇ ਮਰਦਾਨੇ ਨੂੰ ਮੁਕਤ ਕਰਾਉਣ ਲਈ ਆਏ ਬਾਬੇ ਨਾਨਕ ਨੂੰ ਦੇਖ ਕੇ ਮਰਦਾਨੇ ਦੀਆਂ ਅੱਖਾਂ ਵਿਚ ਖ਼ੁਸ਼ੀ ਦੇ ਹੰਝੂ ਜ਼ਰੂਰ ਆ ਗਏ ਹੋਣਗੇ!

ਸਾਖੀ ਕਿੰਨੇ ਦਿਨ ਮੇਰੇ ਜ਼ਿਹਨ ਵਿਚ ਵਾਪਰਦੀ ਰਹੀ...। ਧੁੱਪ ਦੀਆਂ ਲਿਸ਼ਕੋਰਾਂ ਪੈਂਦੀਆਂ ਰਹੀਆਂ।

ਜੀਵਨ ਦੀ ਕਿਤਾਬ ਦਾ ਵਰਕਾ ਪਲਟਿਆ.....।

ਨਿਊਯਾਰਕ ਸ਼ਹਿਰ।

ਮੈਨਹਾਟਨ ਦੀਆਂ ਭੀੜ ਭਰੀਆਂ ਸੜਕਾਂ। ਰੰਗ ਬਰੰਗੀਆਂ ਉੱਚੀਆਂ ਉੱਚੀਆਂ ਇਮਾਰਤਾਂ। ਬੱਦਲਵਾਈ ਦਾ ਦਿਨ। ਹਵਾ ਰੁਕੀ ਹੋਈ। ਨਾ ਗਰਮੀ ਨਾ ਸਰਦੀ। ਕੂਲਾ ਕੂਲਾ ਝੜ।

ਮੈਂ ਹਰ ਚੀਜ਼ ਬੜੀ ਗ਼ੌਰ ਨਾਲ ਦੇਖ ਰਿਹਾ ਸਾਂ। ਹੈਰਾਨ ਹੋ ਰਿਹਾ ਸਾਂ। ਮੰਤਰ ਮੁਗਧ ਹੋ ਰਿਹਾ ਸਾਂ। ਹਰ ਚੀਜ਼ ਆਪਣੇ ਵੱਲ ਖਿਚ ਰਹੀ ਸੀ।

ਗਲੀਆਂ ਕੱਛਦਾ ਕੱਛਦਾ ਮੈਂ ਇਕ ਜਗ੍ਹਾ ਰੁਕਿਆ। ਸੜਕ ਦੇ ਪਾਰ ਦੁਕਾਨ ਮੈਨੂੰ ਆਵਾਜ਼ਾਂ ਮਾਰ ਰਹੀ ਸੀ। ਦਰਵਾਜ਼ੇ ਦੇ ਉੱਪਰ ਵੱਡੇ ਵੱਡੇ ਅੱਖਾਂ ਵਿਚ ਤਿੰਨ 'ਐਕਸ' ਜਗ-ਬੁਝ ਜਗ-ਬੁਝ ਕਰ ਰਹੇ ਸਨ। ਮਨ 'ਚ ਗੁਦਗੁਦੀ ਜਿਹੀ ਹੋਈ। ਪੈਰਾਂ ਨੂੰ ਕੋਈ ਜ਼ੰਜੀਰ ਪੈ ਗਈ। ਮੈਂ ਆਲਾ ਦੁਆਲਾ ਦੇਖਿਆ। ਓਪਰੀ ਭੀੜ ਦਾ ਦਰਿਆ, ਇਕਸਾਰ ਵਗ ਰਿਹਾ ਸੀ। ਆਪਣੀ ਚਾਲ ਵਿਚ ਮਘਨ। ਮੈਨੂੰ ਪਤਾ ਹੀ ਨਾ ਲੱਗਾ ਕਦੋਂ ਮੈਂ ਸੜਕ ਪਾਰ ਕਰਕੇ ਉਸ ਦੁਕਾਨ ਦੇ ਅੰਦਰ ਵੱਲ ਨੂੰ ਧੂਹਿਆ ਗਿਆ। ਦੁਕਾਨ ਸੀ ਕਿ ਜਾਦੂ ਨਗਰੀ। ਹਰ ਤਸਵੀਰ ਆਪਣੇ ਵੱਲ ਖਿੱਚ ਰਹੀ ਸੀ। ਖੁੱਲ੍ਹੇਆਮ ਉਹ ਰਿਸਾਲੇ ਪਏ ਸਨ, ਜਿਹਨਾਂ ਨੂੰ ਜਲੰਧਰ ਬੱਸ ਸਟੈਂਡ ਵਾਲੇ ਲੁਕੋ ਕੇ ਵੇਚਦੇ ਸਨ। ਮੂਵੀਆਂ ਦੇ ਪੋਸਟਰ ਮਨ ਵਿਚ ਵਿਸਮਾਦ ਪੈਦਾ ਕਰ ਰਹੇ ਸਨ। ਮੇਰੇ 'ਤੇ ਇਕ ਅਜੀਬ ਜਾਦੂ ਤਾਰੀ ਹੋ ਰਿਹਾ ਸੀ।

ਮੈਂ ਇਕ ਮੈਗਜ਼ੀਨ ਫਰੋਲਣ ਲੱਗ ਪਿਆ। ਅਜੀਬ ਤਰ੍ਹਾਂ ਦੇ ਤਜਰਬੇ ਕਾਰਨ ਮੇਰਾ ਸਰੀਰ ਮੇਰੇ ਵਸੋਂ ਬਾਹਰਾ ਹੋ ਰਿਹਾ ਸੀ। ਆਨੰਦਮਈ ਕਾਂਬਾ ਛਿੜ ਰਿਹਾ ਸੀ।

ਇਕ ਆਦਮੀ ਮੇਰੇ ਕੋਲੋਂ ਦੀ ਲੰਘਣ ਲੱਗਾ, ਮੇਰੇ ਵਿਚ ਵੱਜਾ ਤੇ ਇਕਦਮ ਬੋਲਿਆ,'ਓਹ! ਆਈ'ਮ ਸੌਰੀ...।'

'ਇਟਸ ਓ ਕੇ' ਕਹਿ ਕੇ ਮੇਰਾ ਧਿਆਨ ਮੈਗਜ਼ੀਨ ਵਿਚ ਛਪੇ ਜਾਦੂਈ ਜਿਸਮ ਵੱਲ ਖਿੱਚਿਆ ਗਿਆ।

ਉਹ ਆਦਮੀ ਮੇਰੇ ਕੰਨ ਕੋਲ ਮੂੰਹ ਕਰਕੇ ਕਹਿਣ ਲੱਗਾ,'ਇਫ ਯੂ ਵਾਂਟ ਗਰਲ, ਕਮ ਅਪ ਸਟੇਅਰਜ਼....।'

ਮੈਨੂੰ ਏਨੀ ਜ਼ੋਰ ਦੀ ਚੱਕਰ ਆਇਆ, ਜਿਵੇਂ ਘੁੰਮਦੀ ਧਰਤੀ ਦਾ ਅਹਿਸਾਸ ਮੈਨੂੰ ਹੋ ਗਿਆ ਹੋਵੇ। ਕੰਧਾਂ 'ਤੇ ਲੱਗੇ ਨਗਨ ਪੋਸਟਰ ਜਿਵੇਂ ਮੈਨੂੰ ਇਸ਼ਾਰੇ ਕਰਨ ਲੱਗ ਪਏ ਸਨ। ਮੇਰੇ ਸਰੀਰ ਵਿਚ ਕੀੜੀਆਂ ਤੁਰਨ ਲੱਗ ਪਈਆਂ। ਸਰੀਰ ਜਿਵੇਂ ਤਣਾਅ ਵਿਚ ਆ ਰਿਹਾ ਹੋਵੇ। ਮੈਂ ਤਿਰਛੀਆਂ ਨਜ਼ਰਾਂ ਨਾਲ ਉਪਰਲੀ ਛੱਤ ਵੱਲ ਜਾਂਦੀਆਂ ਘੁਸਮੁਸੇ ਰੰਗ ਦੀਆਂ ਪੌੜੀਆਂ ਵੱਲ ਦੇਖਿਆ। ਮੇਰੇ ਦਿਲ ਦੀ ਧੜਕਣ ਹੋਰ ਤੇਜ਼ ਹੋ ਗਈ ਸੀ। ਮੇਰੇ ਲੱਕ 'ਤੇ ਖੁਰਕ ਜਿਹੀ ਹੋਈ। ਜਿਵੇਂ ਕੁਝ ਉੱਗ ਰਿਹਾ ਸੀ। ਮੈਂ ਪਿੱਠ 'ਤੇ ਹੱਥ ਲਾ ਕੇ ਦੇਖਿਆ। ਮੇਰੀ ਲੂੰਈਂ ਇਸ ਤਰ੍ਹਾਂ ਖੜ੍ਹੀ ਹੋ ਗਈ, ਜਿਵੇਂ ਮੇਰੇ ਜੱਤ ਉੱਗਣੀ ਸ਼ੁਰੂ ਹੋ ਗਈ ਹੋਵੇ। ਸਾਹਮਣੇ ਵਾਲਾ ਪੀਲਪਾਵਾ ਭੂਤ ਦੇ ਰੁੱਖ ਵਿਚ ਵਟ ਰਿਹਾ ਸੀ। ਮੇਰੀ ਟਾਈ ਜਿਵੇਂ ਸਣ ਦੀ ਰੱਸੀ ਬਣ ਰਹੀ ਸੀ। ਅੱਖਾਂ ਅੱਗੇ ਹਨ੍ਹੇਰਾ ਛਾ ਰਿਹਾ ਸੀ। ਕੰਧਾਂ 'ਤੇ ਲੱਗੇ ਪੋਸਟਰ ਮੇਰੀ ਕਾਇਆ ਕਲਪ ਹੁੰਦੀ ਦੇਖ ਕੇ ਜਿਵੇਂ ਖਿੜ ਖਿੜਾ ਕੇ ਹੱਸਣ ਲੱਗ ਪਏ ਸਨ।

ਧਰਤੀ ਇਕ ਵਾਰ ਫਿਰ ਘੁੰਮੀ। ਓਪਰੀ ਧਰਤੀ, ਬਿਗਾਨਾ ਸ਼ਹਿਰ। ਅੱਖਾਂ ਅੱਗੇ ਹਨ੍ਹੇਰਾ ਵੱਧ ਰਿਹਾ ਸੀ।

ਮਨ ਦੇ ਹਨ੍ਹੇਰੇ ਕੋਨੇ ਵਿਚ ਧੁੱਪ ਦੀ ਕਾਤਰ ਚਮਕੀ। ਦੂਰ ਬਹੁਤ ਦੂਰ ਜੰਗਲ ਬੀਆਬਾਨ ਵਿਚ ਕਿਸੇ ਬੋਹੜ ਦੇ ਦਰਖ਼ਤ ਹੇਠ ਬੈਠਾ ਬਾਬਾ ਖਿੜ ਖਿੜਾ ਕੇ ਹੱਸਿਆ। ਜਿਵੇਂ ਕਹਿ ਰਿਹਾ ਸੀ,'ਮੈਨੂੰ ਖਬਰਾਂ ਹੋ ਗਈਆਂ ਨੇ...।'

ਹੌਲੀ ਹੌਲੀ ਬੋਹੜ ਹੇਠੋਂ ਉਪਜੀ ਧੁੱਪ ਦਾ ਚਾਨਣ ਮੇਰੀਆਂ ਅੱਖਾਂ ਵਿਚ ਆ ਗਿਆ ਸੀ।

ਮੇਰੀ ਸੁਰਤ ਪਰਤੀ। ਉਹੀ ਆਦਮੀ ਕਿਸੇ ਦੂਸਰੇ ਬੰਦੇ ਨਾਲ ਟਕਰਾ ਕੇ 'ਸੌਰੀ' ਕਹਿ ਰਿਹਾ ਸੀ।

ਮੈਂ ਆਤਮ ਵਿਸ਼ਵਾਸ ਨਾਲ ਅੱਖਾਂ ਉਤਾਂਹ ਚੁੱਕੀਆਂ ਤੇ ਦੁਕਾਨ ਤੋਂ ਬਾਹਰ ਆ ਗਿਆ। ਬਾਹਰ ਝੜ ਖਤਮ ਹੋ ਗਿਆ ਸੀ। ਧੁੱਪ ਇੰਝ ਚਮਕ ਰਹੀ ਸੀ, ਜਿਵੇਂ ਬਾਬੇ ਦੇ ਨੂਰਾਨੀ ਚਿਹਰੇ ਦੇ ਰੂਹਾਨੀ ਜਲਾਲ ਨੂੰ ਛੂਹ ਕੇ ਆਈ ਹੋਵੇ.....।



## ਇਮਤਿਹਾਨ

ਪ੍ਰਸਿੱਧ ਚਿੱਤਰਕਾਰ ਅਤੇ ਕਵੀ ਸੋਹਨ ਕਾਦਰੀ ਦਾ ਜਨਮ 2 ਨਵੰਬਰ 1932 ਨੂੰ ਪਿੰਡ ਚਾਚੋਕੀ (ਫਗਵਾੜਾ) ਨੇੜੇ ਹੋਇਆ। ਉਸਨੇ ਵਿਦਿਆ ਰਾਮਗੜ੍ਹੀਆ ਕਾਲਜ ਤੋਂ ਮੁਕੰਮਲ ਕੀਤੀ ਅਤੇ ਆਰਟ ਦਾ ਡਿਪਲੋਮਾ ਸ਼ਿਮਲੇ ਤੋਂ ਕੀਤਾ। ਕੁਝ ਦੇਰ ਰਾਮਗੜ੍ਹੀਆ ਕਾਲਜ ਵਿਚ ਪੜ੍ਹਾਇਆ। ਜਲੰਧਰ ਵਿਚ ਫੋਟੋਗ੍ਰਾਫੀ ਕੀਤੀ ਤੇ ਫਿਰ ਦੇਸ਼-ਵਿਦੇਸ਼ ਵਿਚ ਆਪਣੇ ਚਿੱਤਰਾਂ ਦੀਆਂ ਨੁਮਾਇਸ਼ਾਂ ਲਾਉਂਦਾ ਹੋਇਆ, ਡੈਨਮਾਰਕ ਵਿਚ ਪੱਕੇ ਤੌਰ 'ਤੇ ਰਹਿਣ ਲੱਗ ਪਿਆ। 2 ਮਾਰਚ 2011 ਨੂੰ ਕੈਨੇਡਾ ਵਿਚ ਉਸਦੀ ਮੌਤ ਹੋ ਗਈ। ਸੋਹਨ ਕਾਦਰੀ ਦੇ ਚਿੱਤਰ ਅਤੇ ਕਵਿਤਾ ਰਿਵਾਇਤਾਂ ਨੂੰ ਤੋੜਦੇ ਹਨ। ਉਸਦੀ ਅਸਥਾਪਤੀ-ਸਥਾਪਤੀ ਦੇ ਸੰਘਰਸ਼ ਦੇ ਦਿਨਾਂ ਦੀ ਇਹ ਘਟਨਾ ਹੈ।

ਚਿੱਤਰਕਾਰ ਸੋਹਨ ਕਾਦਰੀ ਉਸ ਰਾਤ ਸੌਂ ਨਾ ਸਕਿਆ। ਉਸਨੂੰ ਉਹ ਅਜਨਬੀ ਵਿਅਕਤੀ ਵਾਰ ਵਾਰ ਯਾਦ ਆ ਰਿਹਾ ਸੀ, ਜਿਸ ਨਾਲ ਉਸਨੇ ਫੋਨ 'ਤੇ ਗੱਲ ਕੀਤੀ ਸੀ। ਕਦੇ ਸੋਹਨ ਕਾਦਰੀ ਨੂੰ ਉਸ ਵਿਅਕਤੀ ਦੀ ਗੱਲ ਮਜ਼ਾਕ ਜਾਪਦੀ। ਕਦੇ ਕਦੇ ਵਿਅਕਤੀ ਦੀ ਗੰਭੀਰ ਆਵਾਜ਼ ਬਾਰੇ ਸੋਚਿਆਂ ਇਸ ਵਿਚੋਂ ਸੱਚਾਈ ਦੀ ਝਲਕ ਵੀ ਮਹਿਸੂਸ ਹੁੰਦੀ। ਮਜ਼ਾਕ ਅਤੇ ਸੱਚਾਈ ਦੀ ਖਿੱਚੋਤਾਣ ਵਿਚ ਉਸਨੇ ਸਾਰੀ ਰਾਤ ਪਾਸੇ ਮਾਰਦਿਆਂ ਲੰਘਾ ਦਿੱਤੀ।

1966 ਦੀ ਆਖਰੀ ਤਿਮਾਹੀ ਦੇ ਦਿਨ ਸਨ। ਸੋਹਨ ਕਾਦਰੀ ਆਪਣੀਆਂ ਤਸਵੀਰਾਂ ਦੀ ਨੁਮਾਇਸ਼ ਲਾਉਣ ਲਈ ਬਰੱਸਲਜ਼ ਆਇਆ ਹੋਇਆ ਸੀ। ਬਰੱਸਲਜ਼ ਵਿਚ ਉਸਦੀ ਪਹਿਲੀ ਨੁਮਾਇਸ਼ ਸੀ। ਕਾਦਰੀ ਇਹਨੀਂ ਦਿਨੀਂ ਸਥਾਪਤੀ-ਅਸਥਾਪਤੀ ਦਾ ਦੌਰ ਹੰਢਾ ਰਿਹਾ ਸੀ। ਇਕ ਕੰਪਨ ਦੀ ਸਥਿਤੀ ਵਿਚ ਸੀ। ਉਸਦੀ ਸਥਿਤੀ ਆਸਮਾਨ ਵਿਚ ਲਟਕਦੀ ਉਸ ਬੂੰਦ ਵਰਗੀ ਸੀ, ਜੋ ਕਿਸੇ ਸਿੱਪ ਵਿਚ ਪੈ ਕੇ ਮੋਤੀ ਵੀ ਬਣ ਸਕਦੀ ਸੀ ਅਤੇ ਕਿਸੇ ਗੁੰਮਨਾਮੀ ਦੇ ਵੀਰਾਨ ਮਾਰੂਥਲ ਵਿਚ ਡਿੱਗ ਕੇ ਫ਼ਨਾ ਵੀ ਹੋ ਸਕਦੀ ਸੀ। ਉਸਦੇ ਭਵਿੱਖ ਦਾ ਫੈਸਲਾ ਹੋਣਾ ਸੀ। ਉਂਝ ਵੀ ਚਾਚੋਕੀ ਤੋਂ ਆਏ ਮੁੰਡੇ ਦੀ ਨੁਮਾਇਸ਼ ਬਰੱਸਲਜ਼ ਵਿਚ ਲੱਗਣੀ ਕੋਈ ਸੌਖੀ ਗੱਲ ਨਹੀਂ ਸੀ।

ਉਹ ਦਿੱਲੀ ਦੇ ਆਰਟਿਸਟ ਸਹਿਗਲ ਕੋਲ ਠਹਿਰਿਆ ਹੋਇਆ ਸੀ। ਸਹਿਗਲ ਨੇ ਉਸ ਨਾਲ ਬੜੀ ਨੇੜਤਾ ਜਤਾਈ ਸੀ। ਸਹਿਗਲ ਨੇ ਸੋਚਿਆ, ਇਕ ਮੁੰਡਾ ਖੁੰਡਾ ਚਿੱਤਰਕਾਰ। ਕਾਰ ਵੀ ਰੱਖੀ ਹੋਈ ਹੈ। ਮੁਲਕ ਰਾਜ ਆਨੰਦ ਦੀ ਚਿੱਠੀ ਵੀ ਕੋਲ ਹੈ। ਬਰੱਸਲਜ਼ ਵਿਚ ਨੁਮਾਇਸ਼ ਲੱਗ ਰਹੀ ਹੈ। ਸਵਿਟਜ਼ਰਲੈਂਡ ਵਿਚ ਰਹਿੰਦਾ ਹੈ। ਚੰਗਾ ਆਰਟਿਸਟ ਹੀ ਹੋਵੇਗਾ।

ਕਾਦਰੀ ਆਪਣੀ ਕਾਰ ਵਿਚ ਆਪਣੀਆਂ ਤਸਵੀਰਾਂ ਲੱਦੀਆਂ ਅਤੇ ਬਰੱਸਲਜ਼ ਦੀ ਗੈਲਰੀ ਵਿਚ ਜਾ ਲਾਈਆਂ।

ਸਿਰਫ਼ ਇਕ ਤਸਵੀਰ ਵਿਕੀ।

ਸੋਹਨ ਕਾਦਰੀ ਦਾ ਦਿਲ ਢਹਿ ਗਿਆ। ਉਸ ਦਾ ਮਨ ਬਹੁਤ ਉਦਾਸ ਹੋ ਗਿਆ।

ਉਸਨੇ ਬਚੀਆਂ ਤਸਵੀਰਾਂ ਕਾਰ ਵਿਚ ਰੱਖੀਆਂ। ਕਾਰ ਸਟਾਰਟ ਕਰਨ ਦੀ ਕੋਸ਼ਿਸ਼ ਕੀਤੀ। ਕਾਰ 'ਘਰਰ ਘਰਰ' ਕਰਕੇ ਚੁੱਪ ਕਰ ਗਈ।

ਸਹਿਗਲ ਨੇ ਦੇਖਿਆ, ਕਾਦਰੀ ਦੀ ਕਾਰ ਖ਼ਰਾਬ ਹੋ ਗਈ ਸੀ। ਤਸਵੀਰ ਵੀ ਇਕ ਹੀ ਵਿਕੀ ਹੈ। ਹੋ ਸਕਦਾ ਹੈ ਹੁਣ ਕਾਦਰੀ ਕਾਰ ਰਿਪੇਅਰ ਕਰਾਉਣ ਲਈ ਪੈਸੇ ਮੰਗੇ। ਸਹਿਗਲ ਕਹਿਣ ਲੱਗਾ,'ਮੇਰੇ ਅੱਜ ਹੋਰ ਗੈਸਟ ਆਉਣੇ ਐਂ। ਤੂੰ ਕਿਤੇ ਹੋਰ ਇੰਤਜ਼ਾਮ ਕਰ ਲੈ।'

ਸਹਿਗਲ ਆਪਣੇ ਘਰ ਨੂੰ ਤੁਰ ਗਿਆ।

ਕਾਦਰੀ ਨੇ ਆਪਣੀ ਕਿਸੇ ਦੋਸਤ ਕੁੜੀ ਕੋਲ ਜਾਣ ਦਾ ਮਨ ਬਣਾ ਲਿਆ।

ਅਣਮੰਨੇ ਮਨ ਨਾਲ ਕਾਦਰੀ ਨੇ ਇਕ ਵਾਰ ਫਿਰ ਕਾਰ ਦੀ ਚਾਬੀ ਘੁੰਮਾਈ। ਕਾਰ 'ਫਰਰ ਫਰਰ' ਕਰਕੇ ਚੱਲ ਪਈ। ਸੋਹਨ ਕਾਦਰੀ ਦੀ ਪ੍ਰੇਸ਼ਾਨੀ ਰਤਾ ਕੁ ਘਟੀ। ਉਹ ਕਾਗ਼ਜ਼ੀ ਕਾਰਵਾਈ ਕਰਨ ਲਈ ਆਖਰੀ ਵਾਰ ਗੈਲਰੀ ਵਿਚ ਗਿਆ।

ਗੈਲਰੀ ਵਾਲੀ ਲੜਕੀ ਨੇ ਉਸਦੇ ਨਾਂ ਆਇਆ ਕਿਸੇ ਦਾ ਮੈਸੇਜ ਉਸਨੂੰ ਦਿੰਦੇ ਹੋਏ ਕਿਹਾ,'ਇਹ ਆਦਮੀ ਤੁਹਾਨੂੰ ਲਭਦਾ ਫਿਰਦਾ ਸੀ। ਇਹ ਉਸਦਾ ਫੋਨ ਨੰਬਰ ਹੈ।'

ਸੋਹਨ ਕਾਦਰੀ ਨੂੰ ਯਾਦ ਆਇਆ ਕਿ ਇਕ ਆਦਮੀ ਬੜੇ ਧਿਆਨ ਨਾਲ ਉਸਦੀਆਂ ਪੇਂਟਿੰਗਜ਼ ਦੇਖ ਰਿਹਾ ਸੀ। ਉਸ ਨਾਲ ਇਕ ਲੰਬੀ ਜਿਹੀ ਲੜਕੀ ਵੀ ਸੀ। ਹੋਵੇ ਨਾ ਹੋਵੇ, ਇਹ ਉਸੇ ਬੰਦੇ ਦਾ ਹੀ ਫੋਨ ਨੰਬਰ ਹੈ।

ਦੋਸਤ ਲੜਕੀ ਦੇ ਘਰ ਜਾ ਕੇ, ਤਸਵੀਰਾਂ ਚੁੱਕ ਕੇ ਉਸਨੇ ਗੈਰਾਜ ਵਿਚ ਰੱਖ ਦਿੱਤੀਆਂ। ਅੰਦਰ ਜਾ ਕੇ ਦਿੱਤੇ ਹੋਏ ਫੋਨ ਨੰਬਰ 'ਤੇ ਫੋਨ ਕੀਤਾ।

ਅੱਗਿਉਂ ਆਦਮੀ ਦੀ ਆਵਾਜ਼ ਆਈ। ਉਸ ਨੇ ਪੁੱਛਿਆ,'ਇਸ ਵਕਤ ਤੁਹਾਡੇ ਕੋਲ ਪੇਂਟਿੰਗਜ਼ ਦੀ ਲਿਸਟ ਹੈ?'

ਕਾਦਰੀ ਨੇ ਕਿਹਾ,'ਹਾਂ ਹੈ।'

ਆਦਮੀ ਨੇ ਕਿਹਾ ਕਿ ਇਸ ਇਸ ਨੰਬਰ ਵਾਲੀਆਂ ਪੰਜ ਤਸਵੀਰਾਂ ਤੇਰੀ ਕੀਮਤ 'ਤੇ। ਜਾਣੀ ਗੈਲਰੀ ਦੀ ਪ੍ਰਾਈਸ 'ਤੇ। ਬਾਕੀ ਪੰਦਰਾਂ ਤਸਵੀਰਾਂ ਮੇਰੀ ਪ੍ਰਾਈਸ 'ਤੇ।'

ਕਾਦਰੀ ਨੇ ਪੁੱਛਿਆ,'ਤੁਸੀਂ ਹੋ ਕੌਣ? '

ਉਸ ਆਦਮੀ ਨੇ ਕਿਹਾ,'ਇਸ ਨੂੰ ਭੁੱਲ ਜਾਵੋ। ਕੀ ਤੁਸੀਂ ਆਪਣੀਆਂ ਪੰਜ ਤਸਵੀਰਾਂ ਆਪਣੀ ਕੀਮਤ 'ਤੇ ਅਤੇ ਬਾਕੀ ਤਸਵੀਰਾਂ ਮੇਰੀ ਕੀਮਤ 'ਤੇ ਵੇਚਣੀਆਂ ਚਾਹੁੰਦੇ ਹੋ?'

ਸੋਹਨ ਕਾਦਰੀ ਨੂੰ ਯਕੀਨ ਨਾ ਆਵੇ।

ਉਸਨੇ ਫਿਰ ਪੁੱਛਿਆ,'ਪਰ ਤੁਸੀਂ..?'

ਉਸ ਆਦਮੀ ਨੇ ਕਿਹਾ,'ਤੁਹਾਨੂੰ ਇਸ ਨਾਲ ਕੀ? ਤਸਵੀਰਾਂ ਵੇਚਣੀਆਂ ਹਨ ਤਾਂ ਕੱਲ੍ਹ ਨੂੰ ਮੈਨੂੰ ਫੋਨ ਕਰੀਂ।'

ਸੋਹਨ ਕਾਦਰੀ ਸਾਰੀ ਰਾਤ ਸੌਂ ਨਾ ਸਕਿਆ। ਕੀ ਇਹ ਮਜ਼ਾਕ ਸੀ?

ਉਸਨੇ ਸ਼ਸੋਪੰਜ ਵਿਚ ਹੀ ਸਾਰੀ ਰਾਤ ਲੰਘਾ ਦਿੱਤੀ। ਸਵੇਰੇ ਉੱਠ ਕੇ ਉਸਨੇ ਠੰਢੇ ਦਿਮਾਗ਼ ਨਾਲ ਸੋਚਿਆ, ਪਹਿਲਾਂ ਉਸ ਅਣਜਾਣ ਆਦਮੀਂ ਵਾਸਤੇ ਪੰਜ ਤਸਵੀਰਾਂ ਹੀ ਲੈ ਕੇ ਜਾਵੇਗਾ। ਆਪੇ ਮਜ਼ਾਕ ਜਾਂ ਸੱਚਾਈ ਦਾ ਪਤਾ ਲੱਗ ਜਾਵੇਗਾ।

ਕਾਦਰੀ ਨੇ ਉਸ ਆਦਮੀ ਨੂੰ ਫੋਨ ਕੀਤਾ,'ਮੈਂ ਆ ਰਿਹਾ ਹਾਂ।'

ਉਹ ਅਣਜਾਣ ਆਦਮੀ ਪੁੱਛਣ ਲੱਗਾ,'ਕੀ ਫੈਸਲਾ ਕੀਤਾ ਹੈ?'

ਕਾਦਰੀ ਨੇ ਕਿਹਾ,'ਮੈਂ ਪੰਜ ਤਸਵੀਰਾਂ ਲੈ ਕੇ ਆ ਰਿਹਾ ਹਾਂ।'

ਉਸ ਆਦਮੀ ਨੇ ਡਾਇਰੈਕਸ਼ਨ ਦੇ ਦਿੱਤੀ।

ਕਾਦਰੀ ਗਿਆ।

ਘੰਟੀ ਵਜਾਈ।



ਦਰਵਾਜ਼ਾ ਖੁੱਲ੍ਹਿਆ। ਦਰਵਾਜ਼ਾ ਖੁੱਲ੍ਹਿਆ ਕਿ ਕਿਸੇ ਕਲਾ ਦੇ ਸਵਰਗ ਦਾ ਪਰਵੇਸ਼ ਦੁਆਰ ਸੀ ਇਹ। ਅੰਦਰ ਏਡਾ ਵੱਡਾ ਸਟੂਡੀਓ! ਹਰ ਪਾਸੇ ਪੇਂਟਿੰਗਾਂ ਹੀ ਪੇਂਟਿੰਗਾਂ। ਕਲਾ ਦੀ ਜਿਵੇਂ ਬਹਾਰ ਆਈ ਹੋਈ ਸੀ।

ਕਾਦਰੀ ਨੇ ਝਕਦੇ ਝਕਦੇ ਪੁੱਛਿਆ,'ਤੁਸੀਂ...?'

'ਵਿਲਾਂਵਿਕ।'

ਵਿਲਾਂਵਿਕ ਤਾਂ ਬੈਲਜੀਅਮ, ਬਲਕਿ ਯੂਰਪ ਦਾ ਬਹੁਤ ਵੱਡਾ ਆਰਟਿਸਟ ਸੀ। ਆਰਟ ਦੀ ਰਾਇਲ ਅਕੈਡਮੀ ਦਾ ਪ੍ਰੋਫੈਸਰ।

ਕਾਦਰੀ ਨੇ ਪੁੱਛਿਆ,'ਤੁਹਾਨੂੰ ਮੇਰੀਆਂ ਪੇਂਟਿੰਗ ਕਿਉਂ ਚਾਹੀਦੀਆਂ ਹਨ?'

ਪ੍ਰੋਫੈਸਰ ਨੇ ਕਿਹਾ,'ਮੈਨੂੰ ਨਹੀਂ ਚਾਹੀਦੀਆਂ। ਇਕ ਲੜਕੀ ਹੈ। ਉਹ ਇਥੋਂ ਕਿਊਬਿਕ ਸਿਟੀ ਮੂਵ ਹੋ ਰਹੀ ਹੈ ਉਹ ਕਿਊਬਿਕ ਸਿਟੀ ਵਿਚ ਆਰਟ ਗੈਲਰੀ ਖੋਲ੍ਹਣਾ ਚਾਹੁੰਦੀ ਹੈ। ਉਸਨੂੰ ਤੁਹਾਡਾ ਕੰਮ ਪਸੰਦ ਆਇਆ ਹੈ।'

ਸੋਹਨ ਕਾਦਰੀ ਨੂੰ ਯਾਦ ਆਇਆ, ਇਹ ਤਾਂ ਉਹੀ ਜੋੜਾ ਹੈ, ਜਿਹੜਾ ਉਸਦੀਆਂ ਪੇਂਟਿੰਗਜ਼ ਨੂੰ ਧਿਆਨ ਨਾਲ ਦੇਖ ਰਿਹਾ ਸੀ। ਉਹ ਲੜਕੀ ਪ੍ਰੋਫੈਸਰ ਨੂੰ ਮਾਹਿਰ ਦੇ ਤੌਰ 'ਤੇ ਲੈ ਕੇ ਗਈ ਸੀ। ਪ੍ਰੋਫੈਸਰ ਨੇ ਪੇਂਟਿੰਗਜ਼ ਦੀ ਤਾਰੀਫ਼ ਕੀਤੀ ਹੋਵੇਗੀ, ਉਹ ਲੜਕੀ ਸਾਰਾ ਕੰਮ ਖਰੀਦਣ ਲਈ ਤਿਆਰ ਹੋ ਗਈ।

ਸੋਹਨ ਕਾਦਰੀ ਨੇ ਕਿਹਾ,'ਮੈਂ ਤਾਂ ਪੰਜ ਹੀ ਪੇਂਟਿੰਗਜ਼ ਲੈ ਕੇ ਆਇਆ ਹਾਂ।'

ਪ੍ਰੋਫੈਸਰ ਵਿਲਾਂਵਿਕ ਨੇ ਕਿਹਾ,'ਸ਼ਾਬਾਸ਼! ਤੁਸੀਂ ਅਸਲੀ ਆਰਟਿਸਟ ਹੋ। ਤੁਸੀਂ ਜ਼ਰੂਰ ਤਰੱਕੀ ਕਰੋਗੇ।'

ਕਾਦਰੀ ਨੇ ਪੁੱਛਿਆ,'ਕਿਉਂ?'

ਪ੍ਰੋਫੈਸਰ ਬੋਲਿਆ,'ਤੁਸੀਂ ਸਿਰਫ਼ ਉਹੀ ਤਸਵੀਰਾਂ ਲੈ ਕੇ ਆਏ ਹੋ, ਜੋ ਤੁਹਾਡੀ ਆਪਣੀ ਪ੍ਰਾਈਸ ਦੀਆਂ ਹਨ। ਦੂਸਰੀਆਂ ਨਹੀਂ ਲਿਆਏ। ਤੁਹਾਡਾ ਇਹ ਆਤਮਵਿਸ਼ਵਾਸ ਦੱਸਦਾ ਹੈ ਕਿ ਤੁਸੀਂ ਜ਼ਰੂਰ ਕਾਮਯਾਬ ਹੋਵੋਗੇ।'

ਪਰ ਸੋਹਨ ਕਾਦਰੀ ਤਾਂ ਬਾਕੀ ਵੀ ਵੇਚਣੀਆਂ ਚਾਹੁੰਦਾ ਸੀ। ਉਹ ਤਾਂ ਸਿਰਫ਼ ਇਹ ਦੇਖਣ ਹੀ ਆਇਆ ਸੀ ਕਿ ਉਸ ਨਾਲ ਕਿਸੇ ਨੇ ਮਜ਼ਾਕ ਤਾਂ ਨਹੀਂ ਸੀ ਕੀਤਾ। ਉਹ ਚਾਹੁੰਦਾ ਸੀ ਕਿ ਕਹਿ ਦੇਵੇ ਕਿ ਉਹ ਬਾਕੀ ਤਸਵੀਰਾਂ ਵੀ ਲੈ ਆਉਂਦਾ ਹੈ। ਪਰ ਪ੍ਰੋਫੈਸਰ ਦੀ ਗੱਲ ਸੁਣ ਕੇ ਉਸਨੇ ਸੋਚਿਆ,'ਹੁਣ ਚੁੱਪ ਹੀ ਚੰਗੀ।'

ਪ੍ਰੋਫੈਸਰ ਵਿਲਾਂਵਿਕ ਨੇ ਇਕ ਆਰਟ ਦੇ ਐਕਸਪਰਟ ਨੂੰ ਸੋਹਨ ਕਾਦਰੀ ਦਾ ਕੰਮ ਦਿਖਾਇਆ। ਸੋਹਨ ਕਾਦਰੀ ਡਰਦਾ ਹੀ ਰਿਹਾ ਕਿ ਇਹ ਐਕਸਪਰਟ ਇਹ ਨਾ ਕਹਿ ਦੇਵੇ ਕਿ ਇਸ ਕੰਮ ਉੱਤੇ ਤਾਂ ਪੱਛਮੀਂ ਪ੍ਰਭਾਵ ਸਪੱਸ਼ਟ ਦਿਸਦਾ ਹੈ।

ਉਸ ਐਕਸਪਰਟ ਨੇ ਕਾਦਰੀ ਦੀਆਂ ਕਲਾ ਕਿਰਤਾਂ ਬਾਰੇ ਲੇਖ ਲਿਖਿਆ। ਉਸ ਨੇ ਲਿਖਿਆ ਕਿ ਇਸ ਆਰਟ ਦੀ ਸ਼ੈਲੀ ਪੂਰਬ ਵਲੋਂ ਆਈ ਹੈ। ਕਾਦਰੀ ਦੇ ਟੋਨਜ਼ ਯੂਰਪੀਨ ਨਹੀਂ ਹਨ।

ਬਸ ਫਿਰ ਕੀ ਸੀ! ਸੋਹਨ ਕਾਦਰੀ ਨੂੰ ਯਕੀਨ ਹੋ ਗਿਆ ਕਿ ਹੁਣ ਉਹ ਨਹੀਂ ਡਿੱਗੇਗਾ। ਆਪਣੀ ਮੌਲਕਤਾ ਕਾਰਨ ਉਹ ਆਰਟ ਦੀ ਦੁਨੀਆ ਵਿਚ ਆਪਣਾ ਥਾਂ ਬਣਾ ਲਵੇਗਾ। ਹੁਣ ਕੋਈ ਇਹ ਨਹੀਂ ਕਹਿ ਸਕੇਗਾ ਕਿ ਉਹ ਪੱਛਮੀਂ ਆਰਟ ਦੀ ਕਾਪੀ ਕਰਦਾ ਹੈ।

## ਸਾਹਿਤ ਦਾ ਹਿੱਸਾ ਬਣੀ ਯਾਦ/ -ਜਸਪਾਲ ਮਾਨਖੇੜਾ

ਸਾਡੇ ਵਾਰਡ ਦੇ ਕੌਂਸਲਰ ਦਾ ਨੇੜਲਾ ਸਮਰਥਕ ਡਿਪੂ ਹੋਲਡਰ ਡਿਪੂ ਦੀ ਕਣਕ ਵੇਚਦਾ ਫੜਿਆ ਗਿਆ। ਅਗਲੇ ਦਿਨ ਅਖ਼ਬਾਰਾਂ 'ਚ ਸੁਰਖੀਆਂ ਛਪ ਗਈਆਂ। ਡਿਪੂ ਸੀਲ ਹੋ ਗਿਆ।

ਕਣਕ ਫੜਨ ਦਾ ਸਬੱਬ ਵੀ ਕੌਂਸਲਰ ਦਾ ਨਿੱਜੀ ਵਿਰੋਧੀ ਪੱਤਰਕਾਰ ਹੀ ਬਣਿਆ। ਹਿੰਦੀ ਅਖ਼ਬਾਰ ਦੇ 'ਸ਼ੁਕੇ' ਜਿਹੇ ਪੱਤਰਕਾਰ ਨੇ ਹੀ ਸਾਰਾ ਤਾਣਾ-ਪੇਟਾ ਬੁਣਿਆ ਸੀ ਅਤੇ ਸਫ਼ਲ ਛਾਪਾ ਪੁਆ ਦਿੱਤਾ ਸੀ।

ਇਹ ਕੌਂਸਲਰ ਅਤੇ ਪੱਤਰਕਾਰ ਦੀ ਰੰਜਿਸ ਕਾਰਨ ਹੀ ਹੋਇਆ ਸੀ... ਨਹੀਂ ਤਾਂ ਇਹੋ ਜਿਹੇ ਘਪਲੇ ਕਦੋਂ ਨੰਗੇ ਹੁੰਦੇ ਹਨ। ਨਾਲੇ ਇਹ ਤਾਂ ਘਪਲਿਆਂ ਦੀ ਸਭ ਤੋਂ ਛੋਟੀ ਇਕਾਈ ਹੈ... ਵੱਡੇ ਘਪਲੇ ਹੋਰ ਬਥੇਰੇ ਨੇ।

ਕੌਂਸਲਰ ਦਾ ਇਕ ਲੜਕਾ ਮੇਰਾ ਸਹਿ ਕਰਮੀ ਹੈ। ਇਕ ਸ਼ਾਮ ਮੈਂ ਤੇ ਮੇਰਾ ਦੋਸਤ ਰਣਬੀਰ ਰਾਣਾ ਉਨ੍ਹਾਂ ਦੀ ਦੁਕਾਨ 'ਤੇ ਚਲੇ ਗਏ। ਖ਼ੈਰ ਸੁੱਖ ਪੁੱਛਣ।

"ਚਲੋ ਯਾਰ... ਡਿਪੂ ਵਾਲੇ ਸ਼ਰਮੇ ਨੂੰ ਵੀ ਮਿਲ ਆਈਏ... ਬਾਹਲਾਂ ਈ ਉਦਾਸ ਹੋਇਆ ਬੈਠਾ ਐ।" ਸਾਡੇ ਸਹਿ ਕਰਮੀ ਪੰਮੀ ਨੇ ਸਾਨੂੰ ਵੀ ਨਾਲ ਤੋਰ ਲਿਆ।

ਗਮੀਂ ਹੋਵੇ ਜਾਂ ਖੁਸ਼ੀ ਪੰਜਾਬੀ 'ਪੀ ਕੇ' ਮਨਾਉਂਦੇ ਨੇ। ਡਿਪੂ ਹੋਲਡਰ ਨੇ ਬੋਤਲ ਖੋਹਲ ਲਈ।

ਅਸੀਂ ਤਿੰਨੇ ਮੈਂ, ਰਾਣਾ ਤੇ ਪੰਮੀ ਉਹਦੀ ਸ਼ਰਾਬ ਦਾ ਮੁੱਲ ਮੋੜਨ ਲਈ 'ਚੱਕਵੀਆਂ ਗੱਲਾਂ' ਮਾਰਦੇ ਰਹੇ। ਕੇਸ ਰਫ਼ਾ ਦਫਾ ਕਰਾ ਦੇਣ ਦੀ ਹਿੱਕ ਠੋਕਦੇ ਰਹੇ। ਮੈਂ ਇਕ ਫੂਡ ਸਪਲਾਈ ਇੰਸਪੈਕਟਰ ਦੇ ਭਰਾ ਨੂੰ ਫੋਨ ਵੀ ਕੀਤਾ ਜੋ ਸਾਡਾ ਤਿੰਨਾਂ ਦਾ ਕੁਲੀਗ ਹੈ। ਅਸੀਂ ਤਾਂ ਉਸ ਕੁਲੀਗ ਨੂੰ ਉਥੇ 'ਹਾਜ਼ਰ' ਹੋਣ ਦਾ ਹੁਕਮ ਵੀ ਚਾੜ੍ਹ ਦਿੱਤਾ। ਪਰ ਉਹ ਕਿਧਰੇ ਰੁੱਝਿਆ ਹੋਇਆ ਸੀ। ਨਾ ਆਇਆ।

ਸਾਡੇ ਦਿਲਾਸੇ, ਦਿਲਬਰੀਆਂ ਨੇ ਡਿਪੂ ਹੋਲਡਰ ਨੂੰ ਥੋੜ੍ਹਾ ਚਿਰ ਹੀ ਹੌਸਲਾ ਦਿੱਤਾ। ਉਹ ਸਾਡੀਆਂ ਫੋਕੀਆਂ ਫੁੱਕਰੀਆਂ ਗੱਲਾਂ ਛੇਤੀ ਹੀ ਸਮਝ ਗਿਆ। ਨਿਤ ਦਾ ਭੇਤੀ ਪੰਮੀ ਵੀ ਉਸਦਾ ਰੁਖ ਤਾੜ ਗਿਆ।

ਅਸੀਂ ਤਿੰਨੇ ਪਹਿਲੇ 'ਸਟਾਪ' ਚੋਂ ਹੀ ਉੱਠ ਖੜ੍ਹੇ।

"ਬਾਈ ਇਕ ਘਰੇ ਕੁੜੀ ਨੂੰ ਸ਼ਗਨ ਦੇ ਕੇ ਆਉਣੈ। ਫਿਰ ਕਿਸੇ ਹੋਰ ਪਾਸੇ ਚੱਲਾਂਗੇ।"

ਪੰਮੀ ਸਾਨੂੰ ਰੇਲਵੇ ਦੇ ਇਕ ਦਰਜਾ ਚਾਰ ਮੁਲਾਜਮ ਦੇ ਘਰ ਲੈ ਗਿਆ। ਉਸਦੀ ਲੜਕੀ ਨੇ ਆਪਣੇ ਕਾਲਜੋਂ ਅਥਲੈਟਿਕਸ 'ਚ ਵੱਡਾ ਤਮਗਾ ਜਿੱਤਿਆ ਸੀ। ਉਸਦੇ ਮਾਪੇ ਆਪਣੀ ਹੋਣਹਾਰ ਇਕਲੌਤੀ ਧੀ ਦਾ ਜਨਮ ਦਿਨ ਧੂਮ ਧਾਮ ਨਾਲ ਮਨਾ ਰਹੇ ਸਨ। ਟੈਂਟ ਲਗਾ ਹੋਇਆ ਸੀ। ਹਲਵਾਈ ਖਾਣੇ ਤਿਆਰ ਕਰ ਰਹੇ ਸਨ। ਗੀਤ ਸੰਗੀਤ ਚੱਲ ਰਿਹਾ ਸੀ। ਸ਼ਾਇਦ ਕੋਈ ਜਾਗਰਣ, ਭੰਡਾਰਾ ਜਾਂ ਸਤਸੰਗ ਵੀ ਹੋਵੇ।

ਉਨ੍ਹਾਂ ਨੇ ਸਾਨੂੰ ਹੱਥਾਂ 'ਤੇ ਚੱਕ ਲਿਆ। ਉਨ੍ਹਾਂ ਦੇ ਰਿਸ਼ਤੇਦਾਰਾਂ, ਮਿੱਤਰਾਂ ਚੋਂ ਕਈ ਮੈਨੂੰ ਤੇ ਰਾਣੇ ਨੂੰ ਵੀ ਜਾਣਦੇ ਸਨ।

ਪੰਮੀ ਦੇ ਨਾਲ ਅਸੀਂ ਵੀ ਸ਼ਗਨ ਦਿੱਤਾ। ਕੁੜੀ ਟਰੈਕ ਸੂਟ ਵਿਚ ਫੱਬੀ ਹੋਈ, ਦਰਸ਼ਨੀ ਪਲੇਅਰ ਲਗਦੀ ਸੀ। ਸਾਨੂੰ ਬਹੁਤ ਖੁਸ਼ੀ ਹੋਈ ਅਤੇ ਅਵੱਲਾ ਜਿਹਾ ਚਾਅ ਚੜ੍ਹ ਗਿਆ।

ਘਰ ਵਾਲਿਆਂ ਨੇ ਤੇ ਹੋਰ ਕਈਆਂ ਨੇ ਬਹੁਤ ਜ਼ੋਰ ਲਾਇਆ। ਪਰ ਅਸੀਂ ਉਥੇ ਬੈਠੇ ਨਾ।

ਪੰਮੀ ਸਾਨੂੰ ਪਰਤਾਪ ਨਗਰ ਦੇ ਇਕ ਅਹਾਤੇ 'ਤੇ ਲੈ ਗਿਆ। ਅਹਾਤੇ ਵਾਲੇ ਨੇ ਸਾਨੂੰ ਨਿਵੇਕਲੀਆਂ ਕੁਰਸੀਆਂ ਡਹਾਂ ਦਿੱਤੀਆਂ ਮੇਜ ਲਗਾ ਦਿੱਤਾ।



ਮੇਰੇ ਦਿਮਾਗ਼ ਵਿਚ ਫੁਰਨੇ ਫੁਰਨ ਲੱਗੇ।

ਪਲੇਅਰ ਕੁੜੀ ਦਾ ਜੁੱਸਾ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗਾ। ਉਸਦੀਆਂ ਪ੍ਰਾਪਤੀਆਂ ਦਾ ਮੇਰੇ ਅੰਦਰ ਮਾਣ ਹੋਣ ਲੱਗਾ। ਉਹ ਮੈਨੂੰ ਆਪਣੀ ਹੀ ਨਹੀਂ ਪੰਜਾਬ ਦੀ ਮਾਣ ਮੱਤੀ ਧੀ ਜਾਪਣ ਲੱਗੀ। ਮੇਰੇ ਮਨ ਵਿਚ ਉਸਦੀਆਂ ਹੋਰ ਉੱਚੀਆਂ ਮੰਜਿਲਾ ਸਰ ਕਰਨ ਦੀਆਂ ਖਾਹਸ਼ਾਂ ਫੁੱਟਣ ਲੱਗੀਆਂ।

ਪੰਮੀ ਅਤੇ ਰਾਣੇ ਨਾਲ ਬੈਠਾ ਵੀ ਮੈਂ ਉਡ ਕੇ ਹੋਰਾਂ ਮੰਡਲਾਂ ਵਿਚ ਵਿਚਰਨ ਲੱਗਾ।

ਸ਼ਾਇਦ ਇਸ ਦਾ ਕਾਰਨ ਇਹ ਹੋਵੇ... ਮੇਰੀਆਂ ਦੋਵੇਂ ਧੀਆਂ ਰਿੰਕੇ ਅਤੇ ਸਰਵਜੋਤ ਉਸ ਸਮੇਂ ਉਸ ਖਿਡਾਰਨ ਕੁੜੀ ਦੀ ਉਮਰ ਦੀਆਂ ਸਨ। ਸ਼ਾਇਦ ਮੈਂ ਉਸ ਕੁੜੀ 'ਚੋਂ ਆਪਣੀਆਂ ਬੇਟੀਆਂ ਦਾ ਭਵਿੱਖ ਵੇਖ ਰਿਹਾ ਹੋਵਾਂ। ਸ਼ਾਇਦ ਸੋਚ ਰਿਹਾ ਹੋਵਾਂ ਮੇਰੀਆਂ ਲੜਕੀਆਂ ਵੀ ਉਸ ਲੜਕੀ ਵਾਂਗ ਨਾਮਣਾ ਖੱਟਣ।

ਮੈਂ ਸਿਰਫ ਆਪਣੀਆਂ ਧੀਆਂ ਲਈ ਹੀ ਨਹੀਂ ਬਲਕਿ ਸਾਰੇ ਸੰਸਾਰ ਦੀਆਂ ਕੁੜੀਆਂ ਨੂੰ ਤਰੱਕੀ ਕਰਦੀਆਂ ਅੱਗੇ ਵਧਦੀਆਂ ਵੇਖਣਾ ਲੋਚਦਾ ਹਾਂ।

ਖ਼ੈਰ ਸਬਜੈਕਟਿਵ ਹੁੰਦੀ ਹੁੰਦੀ ਮੇਰੀ ਸੋਚ ਅਬਜੈਕਟਿਵ ਹੋਣ ਲੱਗੀ ਮੇਰੇ ਮਨ ਵਿਚ ਕਹਾਣੀ ਦੇ ਬੀਜ ਫੁੱਟਣ ਲੱਗੇ 'ਚਾਂਦਨੀ ਕਿੱਥੇ ਐ' ਕਹਾਣੀ ਨੇ ਪਹਿਲੀ ਢੰਗੂਰ ਮਾਰੀ।

ਅਸੀਂ ਉਥੋਂ ਆ ਗਏ। ਕਹਾਣੀ ਮੇਰੇ ਮਨ ਵਿਚ ਉਸਰਦੀ ਰਹੀ। ਕਈ ਸਾਰੇ ਪਾਤਰ ਮੇਰੇ ਜਿਹਨ ਵਿਚ ਆਉਂਦੇ ਗਏ। ਮੈਂ ਉਨ੍ਹਾਂ ਨੂੰ ਛਿੱਲਦਾ ਤਰਾਸ਼ ਦਾ ਰਿਹਾ।

ਕਹਾਣੀ ਦੀ ਮੁੱਖ ਪਾਤਰ ਸੰਤੋਸ਼ ਅਤੇ ਇਕ ਹੋਰ ਪਾਤਰ ਮੀਨਾ ਸਿਰਜਣ ਵਿਚ ਮੈਨੂੰ ਮੁਸ਼ਕਲ ਆਉਣ ਲੱਗੀ।

ਉਹਨੀਂ ਦਿਨੀਂ 'ਮਿੱਡ ਡੇ ਮੀਲ' ਲਈ 'ਸੈਲਫ ਹੈਲਪ ਗਰੁੱਪ' ਬਣਾਏ ਗਏ ਸਨ। ਸਫ਼ਾਈ ਲਈ ਮੁਹੱਲਾ ਸਫਾਈ ਕਮੇਟੀਆਂ ਬਣਾਈਆਂ ਗਈਆਂ ਸਨ। ਮੇਰਾ ਇਕ ਕੁਲੀਗ ਇੰਸਪੈਕਟਰ 'ਇਸ ਕੰਮ' ਵਿਚ ਖਾਸੀ 'ਮੁਹਾਰਤ' ਹਾਸਲ ਕਰ ਗਿਆ। ਆਪਣੀਆਂ 'ਪ੍ਰਾਪਤੀਆਂ ' ਦੇ ਕਿੱਸੇ ਉਹ ਮੇਰੇ ਨਾਲ ਵੀ ਸਾਂਝੇ ਕਰ ਲੈਂਦਾ ਸੀ।

ਇਨ੍ਹਾਂ ਕਿੱਸਿਆ 'ਚੋਂ ਇਕ ਕਿੱਸਾ ਸੀ ਪਰਵੀਨ ਦਾ।

ਪਰਵੀਨ ਨਾਲ ਲੱਗਵੀਂ ਹਰਿਆਣੇ ਦੀ ਮੰਡੀ ਵਿਚ ਵਿਆਹੀ ਗਈ ਸੀ। ਖੂਬਸੂਰਤ ਪਰਵੀਨ ਨੂੰ ਉਸਦਾ ਨਕੰਮਾ ਪਤੀ ਵਸਾ ਨਹੀਂ ਸਕਿਆ ਸੀ। ਜਾਂ ਉਹ ਆਪ ਨਾ ਵਸੀ। ਦੋ ਜਵਾਕ ਚੁੱਕ ਉਹ ਮੁੜ ਪੇਕੀਂ ਆ ਗਈ।

ਫਿਰ ਆਪਣੇ ਬਲਬੂਤੇ ਉਸ ਆਪਣਾ ਘਰ ਬੰਨ੍ਹ ਲਿਆ। ਜਵਾਕ ਪੜ੍ਹਨ ਲਾ ਲਏ।

ਮੇਰੇ ਕੁਲੀਗ ਇਸਪੈਕਟਰ ਨੇ ਉਸਨੂੰ ਕਿਸੇ ਹੈਲਪ ਗਰੁਪ ਜਾਂ ਸਫ਼ਾਈ ਕਮੇਟੀ ਦੀ ਪ੍ਰਧਾਨ ਬਣਾਇਆ ਹੋਇਆ ਸੀ। ਪਰਵੀਨ ਦੇ ਘਰ ਉਸਦਾ 'ਆਉਣਾ ਜਾਣਾ' ਸੀ।

"ਯਾਰ ਮੈਂ ਵੀ ਚੱਲੂ ਤੇਰੇ ਨਾਲ ਉਸ ਨਗਰ ਦੀ ਸਫ਼ਾਈ ਚੈਕ ਕਰਨ।" ਕਹਾਣੀ ਦੀ ਉਧੇੜ ਬੁਣ ਕਰਦਿਆਂ ਇਕ ਦਿਨ ਮੈਂ ਆਪਣੇ ਕੁਲੀਗ ਨੂੰ ਕਿਹਾ। ਮੇਰੇ ਮਨ ਵਿਚ ਸਿਰਜੀ ਜਾ ਰਹੀ ਨਵੀਂ ਕਹਾਣੀ ਬਾਰੇ ਕੁੱਝ ਜਾਣਕਾਰੀ ਕੁੱਝ ਅਨੁਭਵ ਮੈਂ ਪਰਵੀਨ ਦੇ ਘਰੋਂ ਲੈਣਾ ਚਾਹੁੰਦਾ ਸਾਂ।

ਮੈਂ ਕੁਲੀਗ ਇੰਸਪੈਕਟਰ ਨਾਲ ਤਿੰਨ ਚਾਰ ਵਾਰ ਪਰਵੀਨ ਦੇ ਘਰ ਗਿਆ। ਚਾਹ ਪਾਣੀ ਵੀ ਪੀਤਾ। ਗੱਲਾਂ ਬਾਤਾਂ ਵੀ ਕੀਤੀਆਂ। ਆਲਾ-ਦੁਆਲਾ ਵੀ ਘੋਖਿਆ। ਸ਼ਲੀਨਤਾ ਦੀਆਂ ਹੱਦਾਂ ਲੰਘ ਕੇ ਗੱਲਾਂ ਵੀ ਹੋਈਆਂ। ਇਕ ਦਿਨ ਉਹਨਾਂ ਦੇ ਘਰੇ ਮੀਟ ਮੁਰਗਾ ਵੀ ਰਿੰਨ੍ਹਿਆ। ਬੈਠ ਕੇ ਸ਼ਰਾਬ ਵੀ ਪੀਤੀ। ਪਰਵੀਨ ਨੇ ਵੀ ਪੈੱਗ ਪੀਤੇ। ਮੇਰਾ ਕੁਲੀਗ 'ਉਪਰ' ਚੁਬਾਰੇ ਵਿਚ ਵੀ ਗਿਆ।

ਉਹ ਤਾਂ ਮੈਨੂੰ ਵੀ ਕਹਿੰਦਾ ਸੀ। ਪਰ ਮੈਂ ਤਾਂ ਕਹਾਣੀ ਲਈ ਗਿਆਨ ਇਕੱਠਾ ਕਰ ਰਿਹਾ ਸਾਂ। ਮੈਂ ਉਸਦੀ ਇਹ ਗੱਲ ਨਾ ਮੰਨੀ।

ਪਰਵੀਨ ਦੀ ਕੁੜੀ ਦਾ ਨਾਮ ਰੋਸ਼ਨੀ ਹੈ। ਪਲੱਸ ਟੂ 'ਚ ਪੜ੍ਹਦੀ ਦੀ ਹੀ ਉਸ ਦੀ ਮੰਗਣੀ ਕਰ ਦਿੱਤੀ ਸੀ।

"ਬੱਸ ਬਾਬੂ ਜੀ ਫੇਰ ਆਪਾਂ ਨੂੰ ਕੋਈ ਫਿਕਰ ਨੀ... ਇਕ ਵੇਰ ਰੋਸ਼ਨੀ ਨੂੰ ਤੋਰ ਦਿਆਂ ਵਿਆਹ ਕੇ ਫੇਰ ਮੌਜਾਂ ਹੀ ਮੌਜਾਂ।" ਉਹ ਕੁਲੀਗ ਇੰਸਪੈਕਟਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਹਿੰਦੀ।

ਉਹ ਸਾਡੇ ਕੋਲ ਬੈਠੀ ਵੀ ਰੋਸ਼ਨੀ ਨੂੰ ਅਵਾਜ਼ਾਂ ਮਾਰਦੀ ਨੀਂ ਰੋਸ਼ਨੀ ਕਿੱਥੇ ਐਂ... ਵੇ ਰੌਸ਼ਨੀ ਕਿੱਥੇ ਐ।

ਇਥੋਂ ਮੈਨੂੰ ਕਹਾਣੀ ਦਾ ਕਾਫੀ ਸਾਰਾ 'ਮੈਟਰ' ਮਿਲ ਗਿਆ।

ਉਧਰੋਂ ਮੂੰਹ ਮੋੜ ਕੇ ਮੈਂ ਆਪਣਾ ਮੂੰਹ ਰੇਲਵੇ ਕਾਲੋਨੀ ਵੱਲ ਕਰ ਲਿਆ। ਕਹਾਣੀ ਵਾਸਤੇ ਰੇਲਵੇ ਕਲਚਰ ਦੀ ਜਾਣਕਾਰੀ ਦੀ ਜ਼ਰੂਰਤ ਸੀ।

ਬਠਿੰਡਾ ਰੇਲਵੇ ਦਾ ਬਹੁਤ ਵੱਡਾ ਜੰਕਸਨ। ਇਥੇ ਸੱਤ ਲਾਈਨਾ ਪੈਂਦੀਆਂ ਹਨ। ਅੰਗਰੇਜ਼ ਕੱਚੇ ਅਤੇ ਤਿਆਰ ਮਾਲ ਦੀ ਢੋਅ ਢੁਆਈ ਲਈ ਰੇਲਾਂ ਲੈ ਕੇ ਆਏ ਸਨ। ਗੱਡੇ ਤਾਂਗਿਆਂ ਰੱਥਾਂ ਤੋਂ ਅੱਗੇ ਲੋਹੇ ਦੀਆਂ ਪਟੜੀਆਂ ਤੇ ਭਜਦੇ ਇੰਜਣ ਡੱਬੇ ਲੋਕਾਂ ਲਈ ਅਚੰਭਾ ਸਨ। ਲੋਕਾਂ ਨੇ ਬੁਝਾਰਤਾਂ ਘੜ ਲਈਆਂ ਸਨ।

ਨਿੱਕੇ ਨਿੱਕੇ ਟੋਟੂਏ ਸੰਦੂਕ ਚੱਕੀਂ ਜਾਂਦੇ ਨੇ,
ਰਾਜਾ ਪੁੱਛੇ ਰਾਣੀ ਨੂੰ ਕੀ ਜਨੌਰ ਜਾਂਦੇ ਨੇ
ਲੋਕਾਂ ਨੇ ਗੀਤ ਬਣਾ ਲਏ ਸਨ।
ਟੁੱਟ ਜਾਵੇਂ ਰੱਲ ਗੱਡੀਏ, ਨੀ ਤੂੰ ਰੋਕ ਲਿਆ ਚੰਨ ਮੇਰਾ।

ਰੇਲਾਂ ਦੀ ਆਮਦ ਅਵਾਮ ਵਿਚ ਜਾਗ੍ਰਤੀ ਕੁੱਛ ਕੁੱਛ ਖੁਸ਼ਹਾਲੀ ਅਤੇ ਆਵਾਜਾਈ ਦੀ ਸਹੂਲਤ ਲੈ ਕੇ ਆਈ ਸੀ।

ਬਠਿੰਡਾ ਜੰਕਸ਼ਨ ਕਰਕੇ ਇਥੋਂ ਦੀ ਰੇਲਵੇ ਕਾਲੋਨੀ ਵੀ ਬਹੁਤ ਵੱਡੀ ਹੈ। ਰੇਲਵੇ ਦੇ ਮੁਲਾਜਮਾਂ ਲਈ ਵੱਖਰੇ ਕੁਆਟਰ ਹਨ। ਅੰਗਰੇਜ਼ ਰੇਲ ਅਫ਼ਸਰਾਂ ਤੇ ਸਿਵਲ ਦੇ ਅੰਗਰੇਜ਼ ਅਫ਼ਸਰਾਂ ਲਈ ਵੱਖਰੀਆਂ ਵੱਡੀਆਂ ਕੋਠੀਆਂ ਹਨ। ਅਫ਼ਸਰਾਂ ਦੇ ਸੁੱਖ ਸਹੂਲਤ ਸੈਰ ਸਪਾਟੇ ਅਤੇ ਤਾਜੀ ਆਬੋ ਹਵਾ ਲਈ ਬਣਾਈ ਗਈ ਸੜਕ ਹੈ, ਠੰਡੀ ਸੜਕ।

ਠੰਡੀ ਸੜਕ ਉਦੋਂ ਸੱਚ ਮੁੱਚ ਠੰਡ ਪਾਉਂਦੀ ਸੀ। ਹਰੇ ਭਰੇ ਰੁੱਖ, ਫੁੱਲ ਬੂਟੇ ਸਰਹੰਦ ਨਹਿਰ ਦੇ ਸਪੈਸਲ ਮੋਘੇ 'ਚੋਂ ਪਾਣੀ ਦਾ ਭਰਿਆ ਖਾਲ। ਦੋਵੇਂ ਟਾਈਮ ਛਿੜਕਾ ਲਈ ਮਾਛਕੀ, ਸਫ਼ਾਈ ਲਈ ਸਵੀਪਰ, ਮਾਲੀ । ਠੰਡੀ ਸੜਕ ਸਵਰਗ ਦਾ ਨਮੂਨਾ ਸੀ ਤੇ ਰੇਲਵੇ ਕਾਲੋਨੀ ਦਾ ਇਕ ਹਿੱਸਾ।

ਉਦੋਂ ਇਹ ਸਵਰਗ ਸਿਰਫ ਅੰਗਰੇਜ਼ਾਂ ਲਈ ਸੀ। ਆਮ ਭਾਰਤੀਆਂ ਦਾ ਇਥੇ ਆਉਣਾ ਵਰਜਿਤ ਸੀ।

ਇਸੇ ਰੇਲਵੇ ਕਾਲੋਨੀ ਅਤੇ ਠੰਡੀ ਸੜਕ ਵੱਲ ਮੈਂ ਮੂੰਹ ਕਰ ਲਿਆ ਸੀ। ਰੇਲਵੇ ਕਾਲੋਨੀ ਸਾਡੇ ਘਰ ਦੇ ਨਜ਼ਦੀਕ ਹੀ ਐ। ਮੈਂ ਸਵੇਰੇ ਸ਼ਾਮ 'ਸੈਰ' ਕਰਨ ਇਧਰ ਜਾਣ ਲੱਗਾ। ਮੈਨੂੰ ਜਦੋਂ ਵੀ ਟਾਈਮ ਲਗਦਾ ਜਾਂ ਚਿੱਤ 'ਚ ਲੂਹਰੀ ਉਠਦੀ ਮੈਂ ਰੇਲ ਕਾਲੋਨੀ ਨੂੰ ਤੁਰ ਪੈਂਦਾ ਜਾਂ ਸਕੂਟਰ ਮੋੜ ਲੈਂਦਾ।

ਕੋਈ ਪੰਦਰਾਂ ਵੀਹ ਦਿਨ ਕਹਾਣੀ ਮੇਰੇ ਅੰਦਰ ਰਿੱਝਦੀ ਰਹੀ।

ਫਿਰ ਇਕੋ ਬੈਠਕ 'ਚ ਇਹ ਕਹਾਣੀ ਲਿਖ ਦਿੱਤੀ, 'ਚਾਂਦਨੀ ਕਿੱਥੇ ਐ' ਇਹ ਘਟਨਾਵਾਂ, ਯਾਦਾਂ ਸਾਹਿਤ ਬਣ ਗਈਆਂ।



## ਇੱਕ ਘਟਨਾ ਜਿਸ ਤੋਂ ਮੈਂ ਲੇਖਕ ਬਣਿਆ/-ਡਾ.ਕਰਮਜੀਤ ਸਿੰਘ ਨਡਾਲਾ

1979 'ਚ ਮੈਂ ਪੰਜਵੀਂ 'ਚ ਪੜ੍ਹਦਾ ਸਾਂ ਡੈਡੀ ਸਾਨੂੰ ਸ਼ਾਮ ਨੂੰ ਪੱਠੇ ਲੈਣ ਗਏ, ਨਾਲ ਲੈ ਜਾਂਦੇ। ਉਹ ਛਟਾਲਾ ਵੱਢਦੇ ਤੇ ਨਿੱਕੀਆਂ ਨਿੱਕੀਆਂ ਢੇਰੀਆਂ ਲਾਈ ਜਾਂਦੇ। ਅਸੀਂ ਤਿੰਨੇ ਭਰਾ ਲਾਗੇ ਖੇਡਦੇ ਮੱਲਦੇ। ਕਦੇ ਢੇਰੀਆਂ 'ਤੇ ਲੇਟਦੇ। ਕਦੇ ਖੜ੍ਹੇ ਪੱਠਿਆਂ 'ਚ ਇੱਕ-ਦੂਜੇ ਦੇ ਅੱਗੇ ਪਿੱਛੇ ਭੱਜਦੇ। ਬਾਜ਼ੀਆਂ ਲਾਉਂਦੇ। ਪੱਠੇ ਲਿਤਾੜਦੇ ਫਿਰਦੇ। ਹੱਸ ਹੱਸ ਦੋਹਰੇ ਹੁੰਦੇ। ਡੈਡੀ ਝਿੜਕਦੇ। ਕਦੇ ਪਿਆਰ ਕਰਦੇ। ਸਾਨੂੰ ਦਾਤਰੀ ਨਾਲ ਛਿੱਲ-ਛਿੱਲ ਮੂਲੀਆਂ ਤੇ ਸ਼ਲਗਮ ਖਾਣ ਨੂੰ ਦਿੰਦੇ। ਫਿਰ ਸਾਨੂੰ ਪੱਠੇ ਪਾਉਣ ਨੂੰ ਕਹਿੰਦੇ। ਅਸੀਂ ਤੱਪੜ ਵਿਛਾ ਕੇ ਢੇਰੀਆਂ ਚੁੱਕ ਚੁੱਕ ਪਾਉਣ ਲੱਗ ਪੈਂਦੇ।

ਸਾਡੇ ਪਿੰਡ ਨਡਾਲਾ ਤੋਂ ਖੇਤ ਕਿਲੋਮੀਟਰ ਦੀ ਵਾਟ 'ਤੇ ਸੜਕੋਂ ਪਾਰ ਸੀ। ਲਾਗੇ ਪਿੰਡ ਬਿਲਪੁਰ ਤੋਂ ਵਾਹਵਾ ਬਾਹਰਵਾਰ ਉਜਾੜ ਜਿਹਾ ਇਹ ਜ਼ਿੰਮੀਦਾਰ ਸੁਰੈਣ ਸਿੰਘ ਵਾਲੀਆ ਦਾ ਡੇਰਾ ਸੀ। ਇਕ ਮੋਟਰ ਵਾਲਾ ਕੋਠਾ ਤੇ ਨਾਲ ਦੋ ਕੁ ਖੁੱਲ੍ਹੇ-ਡੁੱਲ੍ਹੇ ਕਮਰੇ। ਲਾਗੇ ਅਮਰੂਦਾਂ ਦਾ ਵੱਡਾ ਸਾਰਾ ਬਾਗ਼ ਸੁਰੈਣ ਸਿੰਘ ਤੇ ਉਹਦਾ ਪਰਿਵਾਰ, ਫਗਵਾੜੇ ਰਹਿੰਦਾ। ਝੋਨਾ ਕਣਕ ਪੱਕਣ ਤੇ ਫ਼ਸਲ ਵਡਾਉਣ ਸਾਲ 'ਚ ਦੋ ਵਾਰੀ ਸਾਰਾ ਟੱਬਰ ਆ ਜਾਂਦਾ। ਮਹੀਨਾ ਕੁ ਰਹਿ ਕੇ ਸਾਂਭ ਸੰਭਾਲ ਕਰਕੇ ਵਾਪਸ ਚਲੇ ਜਾਂਦੇ। ਉਨ੍ਹਾਂ ਦੀ ਏਸ ਪੈਲੀ 'ਚੋਂ ਚਾਰ ਕੁ ਕਨਾਲਾਂ ਠੇਕੇ 'ਤੇ ਲੈ ਕੇ ਅਸੀਂ ਪੱਠੇ ਬੀਜ਼ ਲੈਂਦੇ।

ਡੈਡੀ ਪ੍ਰੋ ਬਲਦੇਵ ਸਿੰਘ ਵਾਲੀਆਂ ਜਦੋਂ ਪੱਠੇ ਵੱਢਦੇ ਹੁੰਦੇ ਤਾਂ ਇੱਕ ਮਾੜਚੂ ਜਿਹਾ ਬੰਦਾ ਡੇਰੇ 'ਚੋਂ ਨਿਕਲ ਕੇ ਆ ਜਾਂਦਾ। ਆਪਣੀ ਦਾਤਰੀ ਲੈ ਕੇ ਡੈਡੀ ਨਾਲ ਪੱਠੇ ਵਡਾਉਣ ਲੱਗ ਪੈਂਦਾ। ਨਾਲੋ-ਨਾਲ ਦੋਵੇਂ ਗੱਲਾਂ ਵੀ ਕਰੀ ਜਾਂਦੇ। ਡੈਡੀ ਉਹਨੂੰ ਪੰਡਤ ਜੀ ਕਹਿ ਕੇ ਸੰਬੋਧਨ ਕਰਦੇ। ਪਰ ਦੇਖਣ ਨੂੰ ਉਹ ਸਿੱਖ ਲੱਗਦਾ। ਸਿਰ 'ਤੇ ਉਹਨੇ ਹਮੇਸ਼ਾ ਪੀਲਾ ਸਾਫ਼ਾ ਲਪੇਟਿਆ ਹੁੰਦਾ।

ਜਦੋਂ ਪੱਠਿਆਂ ਦੀ ਪੰਡ ਡੈਡੀ ਨੇ ਸਿਰ 'ਤੇ ਚੁੱਕੀ ਹੁੰਦੀ ਤਾਂ ਤੁਰਦੇ ਆਉਂਦਿਆਂ ਡੈਡੀ ਨੇ ਦੱਸਣਾ ਕਿ ਇਹ ਪੰਡਤ ਇਸ ਉਜਾੜ ਬੀਆਬਾਨ ਡੇਰੇ 'ਤੇ 'ਕੱਲਾ ਹੀ ਰਹਿੰਦੈ। ਫਗਵਾੜੇ ਵਾਲਿਆ ਪੰਡਤ ਨੂੰ ਡੇਰੇ ਤੇ ਪੈਲੀ ਦੀ ਸਾਂਭ ਸੰਭਾਲ ਲਈ ਰੱਖਿਆ ਹੋਇਐ। ਇਹਦਾ ਕੋਈ ਅੱਗਾ ਪਿੱਛਾ ਨਹੀਂ। ਇਹ ਗਰੀਬੜਾ ਜਿਹਾ ਜ਼ਰੂਰ ਲੱਗਦੈ। ਪਰ ਕਦੇ ਇਹ ਬੜੇ ਅਮੀਰ ਹੁੰਦੇ ਸੀ। ਇਹ ਧੀਰ ਬ੍ਰਾਹਮਣਾਂ ਦੇ ਖਾਨਦਾਨ 'ਚੋਂ ਏ। ਇਸ ਵਿਚਾਰੇ ਨਾਲ ਬੜਾ ਵੱਡਾ ਭਾਣਾ ਵਾਪਰਿਐ। ਇਹਦੇ ਘਰਦੇ 19 ਜੀਅ ਇਹਦੀਆਂ ਅੱਖਾਂ ਸਾਮ੍ਹਣੇ ਪਾਕਿਸਤਾਨ ਦੀ ਵੰਡ ਵੇਲੇ ਲਾਹੌਰ 'ਚ ਮੁਸਲਮਾਨਾਂ ਨੇ ਵੱਢ ਸੁੱਟੇ ਸਨ। ਇਹ 'ਕੱਲਾ ਹੀ ਬਚਿਆ। ਇਹ ਦੌੜ ਕੇ ਦਰਵਾਜ਼ੇ ਦੇ ਪਿੱਛੇ ਲੁਕ ਗਿਆ। ਅਜੇ ਦਿਨ ਚੜ੍ਹਿਆ ਹੀ ਸੀ। ਸਭ ਜੀਅ ਉੱਠ ਪਏ ਸਨ। ਜਦੋਂ ਚਾਲੀ-ਪੰਜਾਹ ਦੇ ਕਰੀਬ ਜਾਨੂਨੀ ਮੁਸਲਮਾਨਾਂ ਦਾ ਟੋਲਾ ਆਦਮ ਬੋ ਆਦਮ ਬੋ ਕਰਦਾ, ਇਨ੍ਹਾਂ ਦੇ ਬੂਹੇ ਭੰਨਦਾ ਘਰ 'ਚ ਦਾਖ਼ਲ ਹੋਇਆ, ਉਦੋਂ ਇਹਦੀ ਮਾਂ ਵਿਹੜੇ 'ਚ ਦੁੱਧ ਰਿੜਕ ਰਹੀ ਸੀ। ਚਾਚੀਆਂ ਰੋਟੀ ਟੁੱਕ ਤੇ ਸਫ਼ਾਈਆਂ ਕਰਨ 'ਚ ਮਸਤ ਸਨ। ਦਾਦਾ ਦਾਦੀ ਲਾਗੇ ਮੰਜੇ 'ਤੇ ਬੈਠੇ ਹੋਏ। ਪਿਓ ਤੇ ਚਾਚੇ ਕਰਿਆਨੇ ਦੀ ਦੁਕਾਨ 'ਤੇ ਜਾਣ ਲਈ ਤਿਆਰੀਆਂ ਕੱਸ ਰਹੇ ਸਨ। ਸ਼ਹਿਰ ਦੇ ਹਾਲਾਤ ਤਾਂ ਪਹਿਲਾਂ ਹੀ ਬਹੁਤ ਖਰਾਬ ਸਨ। ਰੌਲਿਆਂ ਕਰਕੇ ਸਕੂਲਾਂ ਕਾਲਜਾਂ 'ਚ ਛੁੱਟੀਆਂ ਹੋ ਗਈਆਂ ਸਨ। ਸਭ ਨਿਆਣੇ ਵਿਹੜੇ 'ਚ ਇਧਰ ਉਧਰ ਖੇਡ ਮਨ ਰਹੇ ਸਨ। ਓਮ ਪ੍ਰਕਾਸ਼ ਉਦੋਂ ਪੰਜਵੀਂ 'ਚ ਪੜ੍ਹਦਾ ਸੀ। ਜਦੋਂ ਇਹ ਭਾਣਾ ਵਾਪਰਿਆ। ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ। ਕਿਰਪਾਨਾਂ, ਟਕੂਏ ਤੇ ਨੇਜਿਆਂ ਨਾਲ ਉਨ੍ਹਾਂ ਆਉਂਦਿਆਂ ਹੀ ਵੱਢਣਾਂ ਟੁੱਕਣਾ ਸ਼ੁਰੂ ਕਰ ਦਿੱਤਾ। ਓਮ ਪ੍ਰਕਾਸ਼ ਦਰਵਾਜ਼ੇ ਪਿੱਛੇ ਸੁੰਨ ਹੋਇਆ ਲੁਕਿਆ ਸ਼ੀਥ ਥਾਣੀ

ਸਾਰਾ ਦ੍ਰਿਸ਼ ਦੇਖਦਾ ਰਿਹਾ। ਜਦੋਂ ਉਹ ਤੁਰ ਗਏ ਤਾਂ ਕਿੰਨੇ ਸਮੇਂ ਤੱਕ ਡਰਿਆ ਸਹਿਮਿਆ ਬੂਹੇ ਪਿੱਛੇ ਹੀ ਲੁਕਿਆ ਰਿਹਾ।

ਫਿਰ ਰੋਂਦਾ ਕਰਲਾਉਂਦਾ , ਕਿਵੇਂ ਭਾਰਤੀ ਪੰਜਾਬ ਪਹੁੰਚਿਆ। ਅਨਾਥ ਹੋਇਆ ਥਾਂ ਥਾਂ ਧੱਕੇ ਖਾਂਦਾ। ਫਿਰਦਾ ਰਿਹਾ। ਥਾਂ ਕੁਥਾਂਅ ਉੱਜੜਦਿਆਂ ਜ਼ਿੰਦਗੀ ਨਾਲ ਟੱਕਰਾਂ ਲੈਂਦਾ ਰਿਹਾ। ਜ਼ਿਮੀਦਾਰਾਂ ਦੇ ਪੱਠੇ ਵੱਢਦਾ, ਦਿਨ ਕਟੀ ਕਰਦਾ ਰਿਹਾ।

ਫੇਰ ਇੱਕ ਦਿਨ ਕਿਸੇ ਦੇ ਢਹੇ ਚੜਕੇ ਉਹ ਦੱਖਣੀ ਭਾਰਤ ਚਲਾ ਗਿਆ। ਕਦੇ ਨਵੇਂ ਬਣ ਰਹੇ ਡੈਮਾਂ ਤੇ ਨੌਕਰੀ ਕਰਦਾ ਕਦੇ ਵਿਸ਼ਾਖਾਪਟਨਮ ਦੀ ਬੰਦਰਗਾਹ ਤੇ ਮਿੱਟੀ ਢੋਂਦਾ। ਕਦੇ ਪੁਲਾਂ ਦੇ ਪ੍ਰਜੈਕਟਾਂ ਤੇ ਮਜ਼ਦੂਰੀ ਕਰਦਾ ਕੇਰਲਾ ਜਾ ਪਹੁੰਚਦਾ। ਕਦੇ ਕਰਨਾਟਕ 'ਚ ਪਹਾੜੀਆਂ ਕੱਟਕੇ ਬਣ ਰਹੀਆਂ ਸੁਰੰਗਾਂ ਨਾਲ ਆਢੇ ਲੈਂਦਾ। ਕਦੇ ਮਹਾਂਰਾਸ਼ਟਰ ਦੀਆਂ ਲੋਹਾ ਪਿਘਲਾਉਣ ਵਾਲੀਆਂ ਫੈਕਟਰੀਆਂ 'ਚ ਕੰਮ ਕਰਦਾ ਰਿਹਾ। ਇਵੇਂ ਆਪਣੀ ਜ਼ਿੰਦਗੀ ਦੇ ਕਈ ਦਹਾਕੇ ਲੰਘਾਉਂਦਾ ਹੋਇਆ, ਉੱਥੇ ਹੀ ਬਚਪਨ ਤੋਂ ਜਵਾਨੀ ਤੇ ਫੇਰ ਅਧਖੜ ਹੁੰਦਾ ਹੋਇਆ ਬੁਢਾਪੇ ਵਲ ਕਦਮ ਵਧਾਉਣ ਲੱਗਾ ਤਾਂ ਆਪਣੇ ਪੰਜਾਬ ਨੂੰ ਮੂੰਹ ਕਰ ਲਿਆ। ਉਹਦੀ ਇਹ ਦਿਲ ਚੀਰਵੀ ਦਾਸਤਾਨ ਕਿੰਨੀਆਂ ਸਾਰੀਆਂ ਘਟਨਾਵਾਂ ਨਾਲ ਭਰਪੂਰ ਹੈ।

ਡੈਡੀ ਨੇ ਆਉਂਦਿਆਂ ਜਾਂਦਿਆਂ ਉਹਦੀਆਂ ਬਹੁਤ ਸਾਰੀਆਂ ਹੱਡ ਬੀਤੀਆਂ ਮੈਨੂੰ ਸੁਣਾਉਂਦੇ ਰਹਿਣਾ। ਮੈਂ ਉਦੋਂ ਛੋਟਾ ਹੀ ਸਾਂ। ਸਮਝ ਤਾਂ ਮੈਨੂੰ ਬਹੁਤੀ ਨਹੀਂ ਸੀ ਪਰ ਪੰਡਤ ਬਾਰੇ ਗੱਲਾਂ ਸੁਣਨਾਂ ਮੈਨੂੰ ਚੰਗਾ ਲਗਦਾ। ਉਦੋਂ ਤੋਂ ਹੀ ਮੈਨੂੰ ਕਹਾਣੀਆਂ ਸੁਣਨ ਦੀ ਦਿਲਚਸਪੀ ਪੈਦਾ ਹੋ ਗਈ ਸੀ।

ਪੰਡਤ ਓਮ ਪ੍ਰਕਾਸ਼ ਬਾਰੇ ਬਚਪਨ 'ਚ ਸੁਣੀ ਕਹਾਣੀ ਬੀਜ ਰੂਪ 'ਚ ਮੇਰੇ ਅੰਦਰ ਪਈ ਰਹੀ। 1984 'ਚ ਮੈਂ ਦਸਵੀਂ ਕਰ ਲਈ। ਪੇਪਰਾਂ ਤੋਂ ਬਾਅਦ ਛੁੱਟੀਆਂ ਹੋਈਆਂ। ਡੈਡੀ ਨੇ ਮੈਨੂੰ ਜਸਵੰਤ ਸਿੰਘ ਕੰਵਲ ਹੁਰਾਂ ਦਾ ਨਾਵਲ 'ਪੂਰਨਮਾਸੀ' ਪੜ੍ਹਨ ਨੂੰ ਦਿੱਤਾ। ਜੋ ਉਹਨਾਂ ਨੂੰ ਕਦੇ ਐਮ. ਏ. 'ਚ ਲੱਗਾ ਹੋਇਆ ਸੀ। ਮੈਂ ਅਣਮੰਨੇ ਜਿਹੇ ਨਾਲ ਪੜ੍ਹਨ ਲੱਗ ਪਿਆ। ਤਾਂ ਫਿਰ ਪੜ੍ਹਦਾ ਹੀ ਗਿਆ। ਉਸ ਨਾਵਲ ਨੇ ਤਾਂ ਜਿਵੇਂ ਮੇਰੀ ਜ਼ਿੰਦਗੀ ਹੀ ਬਦਲ ਕੇ ਰੱਖ ਦਿੱਤੀ ਸੀ।

ਹਾਇਰ ਸੈਕੰਡਰੀ ਕਰਨ ਤੋਂ ਬਾਅਦ ਮੈਂ, ਪ੍ਰੀ ਮੈਡੀਕਲ ਕਰ ਲਿਆ। 1987 'ਚ ਡਾਕਟਰੀ ਦੇ ਕੋਰਸ 'ਚ ਦਾਖਲ ਹੋ ਗਿਆ। ਨਾਲੋ ਨਾਲ ਪੰਜਾਬੀ ਸਾਹਿਤ ਵੀ ਮੈਂ ਖੂਬ ਪੜ੍ਹਦਾ। ਨਿੱਕੀ ਮੋਟੀ ਕਹਾਣੀ ਵੀ ਲਿਖਣ ਲੱਗ ਪਿਆ। ਸੰਤਾਲੀ 'ਚ ਉਜੜ ਕੇ ਆਇਆ ਪੰਡਤ ਚਾਰ ਕੁ ਕਿੱਲੋਮੀਟਰ ਦੂਰ ਪਿੰਡ ਦਾਊਦਪੁਰ ਜ਼ਿਮੀਦਾਰਾਂ ਦੇ ਲੱਗਾ ਹੋਇਆ ਸੀ। ਮੈਂ ਉੱਥੇ ਜਾ ਪਹੁੰਚਾ। ਇਸ ਕੋਲੋਂ ਦੁਬਾਰਾ ਸਾਰੀ ਕਹਾਣੀ ਸੁਣੀ। ਮੈਂ ਲਿਖਣਾ ਸ਼ੁਰੂ ਕਰ ਦਿੱਤਾ। ਜਦੋਂ ਇਹ ਛਪੀ ਤਾਂ ਐਸ ਪੀ ਗੁਰਪ੍ਰੀਤ ਸਿੰਘ ਤੂਰ ਹੁਰੀਂ ਪੜ੍ਹ ਕੇ ਆਪ ਨਡਾਲੇ ਆਏ ਤੇ ਕਹਿੰਦੇ ਜਿਹੜੀ ਕਹਾਣੀ ਤੁਸੀਂ ਪੰਡਤ ਓਮ ਪ੍ਰਕਾਸ਼ ਤੇ ਲਿਖੀ ਹੈ ।ਕੀ ਉਹ ਸੱਚੀ ਹੈ? ਮੈਂ ਹਾਂ 'ਚ ਜੁਆਬ ਦਿੱਤਾ। ਤੁਸੀਂ ਉਹ ਬੰਦਾ ਮੈਨੂੰ ਮਿਲਾ ਸਕਦੇ ਹੋ। ਮੈਂ ਜਦੋਂ ਪੰਡਤ ਨੂੰ ਮਿਲਾਉਣ ਗਿਆ ਤਾਂ ਉਹਨੂੰ ਦੇਖ ਕੇ ਤੂਰ ਪਸੀਜ ਹੀ ਗਏ। "ਓਏ ਤੂੰ ਕਿਵੇਂ ਜੀਂਦਾ ਪਿਐਂ। ਓਏ ਤੂੰ ਤਾਂ ਲੋਹੇ ਦਾ ਬੰਦੈਂ। ਤੂੰ ਏਨੇ ਦੁੱਖਾਂ 'ਚ ਜੀਂਦਾ ਰਿਹੈ ਕੰਬਖਤਾ। ਜੇ ਕੋਈ ਹੋਰ ਹੁੰਦਾ ਤਾਂ ਕਦੋਂ ਦਾ ਮਰ ਮੁੱਕ ਗਿਆ ਹੁੰਦਾ, ਤੂਰ ਸਾਹਿਬ ਨੇ ਉਹਨੂੰ ਕਲਾਜੇ ਨਾਲ ਲਾਇਆ ਤੇ ਨਵਾਂ ਸ਼ਹਿਰ ਆਪਣੇ ਨਾਲ ਹੀ ਲੈ ਗਏ। ਉਹਨੂੰ ਆਪਣੀ ਕੋਠੀ ਰੱਖਿਆ। ਸ਼ਹਿਰ 'ਚ ਘੁਮਾਇਆ-ਫਿਰਾਇਆ। ਮੈਂ ਜਦੋਂ ਵੀ ਵਿਹਲ ਮਿਲਦੀ ਮੈਂ ਹਸਪਤਾਲ ਚੋਂ ਵਿਹਲਾ ਹੋ ਕੇ ਕਾਗਜ਼ਾਂ ਦਾ ਪਲੰਦਾ ਚੁੱਕ ਕੇ ਤੁਰ ਪੈਂਦਾ। ਓਮ ਪ੍ਰਕਾਸ਼ ਦੀ ਦਾਉਦਪੁਰ ਵਾਲੀ ਡੰਗਰਾਂ ਵਾਲੀ ਹਵੇਲੀ 'ਚ ਜਾ ਪਹੁੰਚਦਾ। ਲਮਕਦੀਆਂ ਰੱਸੀਆਂ ਵਾਲੇ ਮੰਜੇ ਤੇ ਬਹਿ ਕੇ ਉਸਤੋਂ ਢੇਰਾਂ ਸਾਰੀਆਂ ਗੱਲਾਂ ਬਰੀਕੀ ਨਾਲ ਪੁੱਛ ਪੁੱਛ ਨੋਟ ਕਰਦਾ ਰਿਹਾ। ਇਨ੍ਹਾਂ ਘਟਨਾਵਾਂ ਤੇ ਮੈਂ ਢਾਈ ਕੁ ਸੌ ਪੇਜ ਦਾ ਨਾਵਲ ਲਿਖ ਦਿੱਤਾ ਹੈ।



ਅਜੇ ਉਹਦੀ ਸੋਧਾ ਸੁਧਾਈ ਚੱਲ ਰਹੀ ਹੈ। ਇਸ ਤੋਂ ਪਹਿਲਾਂ ਮੈਂ ਉਸ ਨਾਲ ਵਾਪਰੀਆਂ ਸਾਰੀਆਂ ਘਟਨਾਵਾਂ ਨੂੰ ਲੈ ਕੇ ਇਕ ਲੰਮੀ ਕਹਾਣੀ ਲਿਖੀ 'ਮੈਂ ਕਿਉਂ ਜੀਅ ਰਿਹੈਂ' ।

ਮੈਂ ਨਾਵਲ ਦੇ ਕੰਮ 'ਚ ਅਜੇ ਲੱਗਾ ਹੋਇਆ ਹਾਂ। ਓਮ ਪ੍ਰਕਾਸ਼ ਬੁੱਢਾ ਹੋ ਗਿਆ ਹੈ। ਪਰ ਚੜ੍ਹਦੀ ਕਲਾ 'ਚ ਐ। ਭੱਜਾ ਫਿਰਦਾ ਹੈ। ਉਹ ਵੀ ਜਦੋਂ ਮੇਰੇ ਕੋਲ ਆਉਂਦਾ ਹੈ ਤਾਂ ਪੁੱਛਦਾ ਰਹਿੰਦਾ ਹੈ। ਨਾਵਲ ਕਦੋਂ ਛਪੂ। ਮੈਂ ਕਹਿ ਦਿੰਦਾ ਹਾਂ ਬਸ ਜਲਦੀ ਹੀ।

ਬਸ ਇਹ ਓਮ ਪ੍ਰਕਾਸ਼ ਹੀ ਮੈਂ ਮੇਰਾ ਇਕ ਸ਼ਕਤੀਸ਼ਾਲੀ ਤੇ ਜ਼ਿੰਦਾ ਪਾਤਰ। ਜਿਸਦੇ ਜੀਵਨ 'ਚ ਆਇਆ ਤੁਫਾਨ ਤੇ ਹੋਈ ਉਥਲ ਪੁਥਲ। ਮੈਨੂੰ ਇਵੇਂ ਲੱਗਦਾ ਰਹਿੰਦੈ ਜਿਵੇਂ ਇਹ ਸਭ ਮੇਰੇ ਨਾਲ ਹੀ ਵਾਪਰਿਆ ਹੋਵੇ। ਜਦੋਂ ਉਹਦੀਆਂ ਗੱਲਾਂ ਪੜ੍ਹਦਾ ਤੇ ਸੋਧਦਾ ਜਾਂਦਾ ਹਾਂ ਤਾਂ ਅੱਥਰੂ ਛੰਮ ਛੰਮ ਆਪ ਮੁਹਾਰੇ ਹੀ ਵਹਿਣ ਲੱਗਦੇ ਹਨ। ਮੋਬਾ. 98151-86532

## ਯਾਦਾਂ ਦੇ ਖਿਲਰੇ ਵਰਕੇ/ -ਪ੍ਰੀਤ ਨੀਤਪੁਰ

ਗੱਲ 70 ਵਿਆਂ ਦੀ ਹੈ।

ਮੈਂ ਆਪਣੇ ਪਿਛਲੇ ਪਿੰਡ ਚੰਦ ਬਾਜਾ ਦੇ ਸਰਕਾਰੀ ਮਿਡਲ ਸਕੂਲ ਵਿਚੋਂ ਅੱਠਵੀਂ ਪਾਸ ਕਰਨ ਉਪਰੰਤ ਬਲਬੀਰ ਸਰਕਾਰੀ ਹਾਈ ਸਕੂਲ ਫਰੀਦਕੋਟ ਵਿਖੇ ਨੌਵੀਂ ਵਿਚ ਦਾਖਲ ਹੋਇਆ।

ਨਵਾਂ ਸਾਈਕਲ। ਨਵੀਂ ਵਰਦੀ। ਸ਼ਹਿਰ ਪੜ੍ਹਨ ਦਾ ਚਾਅ। ਮੇਰਾ ਪੱਬ ਧਰਤੀ 'ਤੇ ਨਹੀਂ ਸੀ ਲੱਗਦਾ। ਐਨਾ ਵੱਡਾ ਸਕੂਲ? ਵੇਖ ਕੇ ਹੈਰਾਨੀ ਹੋਈ, ਸਾਡੇ ਪਿੰਡ ਵਾਲੇ ਸਕੂਲ ਦੇ ਤਾਂ ਸਿਰਫ ਤਿੰਨ ਹੀ ਕਮਰੇ ਸੀ। ਤੇ ਇਕ ਛੋਟਾ ਜਿਹਾ ਦਫ਼ਤਰ। ਨਾ ਡੈਸਕ ਨਾ ਖੇਡਣ ਲਈ ਗਰਾਊਂਡ...।

ਨੌਵੀਂ ਕਲਾਸ ਦੇ ਚਾਰ ਪੰਜ ਸੈਸ਼ਨ ਸੀ। ਵਾਹਵਾ ਦਿਨ ਤਾਂ ਸਾਨੂੰ ਪੇਂਡੂ ਵਿਦਿਆਰਥੀਆਂ ਨੂੰ ਪਤਾ ਹੀ ਨਹੀਂ ਲੱਗਾ ਕਿ ਸਾਡੀ ਕਲਾਸ ਕਿਹੜੀ ਹੈ। ਊਂ-ਈਂ 'ਵੱਗ' ਚੋਂ ਖੁੰਝੀ ਵੱਛੀ ਆਂਗੂੰ ਇੱਧਰ ਉੱਧਰ ਘੁੰਮਦੇ ਰਹਿਣਾ।

ਫਿਰ ਮੈਂ ਮੁੰਡਿਆਂ ਤੋਂ ਪੁੱਛ ਪੁੱਛ ਕੇ ਆਪਣੀ ਕਲਾਸ ਲੱਭੀ। ਕਲਾਸ 'ਚ ਬੈਠਣਾ ਸ਼ੁਰੂ ਕੀਤਾ। ਕੋਈ ਪੀਰੀਡ ਲੱਗਦਾ ਕੋਈ ਨਾ ਲੱਗਦਾ। ਵਿਹਲੇ ਪੀਰੀਡ ਖੂਬ ਰੌਲਾ ਪੈਂਦਾ। ਕੋਈ ਆਈ ਜਾਂਦੈ। ਕੋਈ ਜਾਈ ਜਾਂਦੈ। ਕੋਈ ਪੁੱਛਣ ਵਾਲਾ ਹੀ ਨਹੀਂ ਸੀ। ਮੈਂ ਸੋਚਿਆ, ਇੱਥੇ ਤਾਂ ਮੌਜਾਂ ਪਿੰਡ ਮਿਡਲ ਸਕੂਲ ' ਚ ਤਾਂ ਨਿੱਤ ਡੰਡਾ ਵਰਦਾ ਸੀ।

ਥੋੜ੍ਹੇ ਦਿਨਾਂ ਵਿਚ ਹੀ ਮੇਰੇ ਵਾਹਵਾ ਦੋਸਤ ਬਣ ਗਏ। ਹਰਮਿੰਦਰ ਸਿੰਘ ਭੋਲਾ। ਉਹ ਹੈ ਵੀ ਭੋਲਾ ਹੀ ਸੀ। ਸੰਗਾਊ ਸਾਊ ਤੇ ਸਰੀਫ। ਘੱਟ ਬੋਲਣ ਵਾਲਾ। ਚੁੱਪ ਚੁਪੀਤਾ ਜਿਹਾ। ਕੰਨ ਰਸੀ ਤੇ ਘੁੱਗੀ ਬੜਾ ਸ਼ਰਾਰਤੀ ਸੀ। ਬਾਹਲਾ ਈ ਘਤਿੱਤੀ। ਚੁਟਕਲੇ ਟੋਟਕੇ ਸੁਣਾ ਸੁਣਾ ਢਿੱਡੀ ਪੀੜਾਂ ਪਾਉਣ ਵਾਲਾ। ਮਧਰਾ ਕੱਦ। ਗੱਲ੍ਹਾਂ 'ਤੇ ਉਤਰਦੀ ਦਾੜ੍ਹੀ। ਦੰਦਾਂ ਦਾ ਉਤਲਾ ਪੀੜ੍ਹਾ ਕੁੱਝ ਉੱਚਾ ਤੇ ਵਿਰਲਾ। ਪੋਚਵੀਂ ਨਿੱਕੀ ਜਿਹੀ ਪੱਗ ਬੰਨ੍ਹਦਾ ਹੁੰਦਾ ਸੀ ਉਹ। ਤੇ ਸੁਖਦੇਵ ਸਿੰਘ ਦਾ ਸਾਂਵਲਾ ਰੰਗ। ਦਰਮਿਆਨਾ ਕੱਦ। ਚਿਹਰੇ ਤੇ ਮਾਮੂਲੀ ਜਿਹੇ ਦਾਗ। ਪੜ੍ਹਾਈ 'ਚ ਵਾਹਵਾ ਹੁਸਿਆਰ।

ਮਾਸਟਰ ਚੋਪੜਾ ਸਾਹਿਬ ਸਾਨੂੰ ਅੰਗਰੇਜ਼ੀ ਪੜ੍ਹਾਉਂਦੇ ਸੀ। ਵਾਹਵਾ ਕੁੱਟਦੇ ਹੁੰਦੇ ਸੀ। ਪਰ ਜਿਹੜਾ ਵਿਦਿਆਰਥੀ ਉਨ੍ਹਾਂ ਕੋਲ ਟਿਊਸ਼ਨ ਰੱਖ ਲੈਂਦਾ ਸੀ। ਉਹਨੂੰ ਉਹ ਹੱਥ ਵੀ ਨਹੀਂ ਸੀ ਲਾਉਂਦੇ। ਇਹ ਸਾਡੇ ਹਾਜ਼ਰੀ ਇੰਨਚਾਰਜ਼ ਵੀ ਸਨ। ਕੁੱਟ ਤੋਂ ਡਰਦਿਆਂ ਤੇ ਘੁੱਗੀ ਤੇ ਭੋਲੇ ਦੇ ਕਹਿਣ ਤੇ ਮੈਂ ਵੀ ਚੋਪੜਾ ਜੀ

ਕੋਲ ਟਿਊਸ਼ਨ ਰੱਖੀ। ਪਰ ਅੰਗਰੇਜ਼ੀ ਦਿਮਾਗ਼ 'ਚ ਨਹੀਂ ਵੜੀ।

ਤੇ ਇਕ ਦਿਨ ਪੰਜਾਬੀ ਵਾਲੇ ਮਾਸਟਰ ਗਿਆਨੀ ਸ਼ੰਕਰ ਸਿੰਘ ਜੀ ਇਕੱਲੇ ਇਕੱਲੇ ਵਿਦਿਆਰਥੀ ਨੂੰ ਪੁੱਛਣ ਲੱਗੇ।

"ਹਾਂ ਬਈ, ਤੇਰਾ ਨਾਂਅ...?"

"ਜੀ ਮੱਖਣ ਸਿੰਘ।"

"ਪਿੰਡ?"

"ਜੀ ਟਾਹਿਣਾ।"

"ਬਾਪ ਕੀ ਕਰਦੈ?"

"ਜੀ ਖੇਤੀ।"

"ਬਹਿਜਾ ਚੱਲੋ ਬਈ ਅਗਲਾ।"

ਇਸੇ ਤਰ੍ਹਾਂ ਹਰ ਵਿਦਿਆਰਥੀ ਆਪਣੀ ਜਾਣ ਪਛਾਣ ਕਰਵਾਉਂਦਾ ਤੇ ਬਹਿ ਜਾਂਦਾ।

ਫਿਰ ਵਾਰੀ ਆਈ ਮੇਰੀ।

"ਹਾਂ ਬਈ, ਤੇਰਾ ਨਾਂਅ?"

"ਜੀ ਰਤਨ ਪਾਲ।"

"ਹੈਂ...! ਰਤਨ ਪਾਲ...?" ਮਾਸਟਰ ਜੀ ਬੜੇ ਹੈਰਾਨ ਹੋਏ। ਉਨ੍ਹਾਂ ਐਨਕਾਂ ਉਤੋਂ ਦੀ ਮੈਨੂੰ ਗਹੁ ਨਾਲ ਵੇਖਿਆ। ਮੈਂ ਬਚਪਨ ਤੋਂ ਹੀ ਕੇਸ ਰੱਖੇ ਹੋਏ ਸੀ। ਤੇ ਪੱਗ ਬੰਨ੍ਹਦਾ ਸੀ।

ਗਿਆਨੀ ਸ਼ਾਕਰ ਸਿੰਘ ਜੀ ਅੰਮ੍ਰਿਤਧਾਰੀ ਸਿੱਖ ਸੀ।

"ਹਾਂ ਜੀ, ਰਤਨ ਪਾਲ।"

"ਅੱਛਾ, ਤੇ ਪਿੰਡ ਕਿਹੜੈ?"

"ਜੀ ਚੰਦ ਬਾਜਾ।"

"ਬਾਪ ਕੀ ਕਰਦੈ?"

ਜੀ ਹੱਥ ਖੱਡੀ ਦਾ ਕੰਮ ਕਰਦੈ...।"

"ਬਈ ਤੂੰ ਆਪਣਾ ਨਾਂ ਬਦਲ।" ਗਿਆਨੀ ਜੀ ਨੇ ਮੈਨੂੰ ਸਲਾਹ ਦਿੱਤੀ, "ਸਰਦਾਰ ਮੁੰਡਿਆਂ ਦੇ ਨਾਂਅ ਨਾਲ ਸਿੰਘ ਜਿਆਦਾ ਜਚਦਾ ਹੈ। ਤੂੰ ਰਤਨ ਸਿੰਘ ਲਿਖਿਆ ਕਰ।" ਪਿੱਛੋਂ ਮੈਂ ਆਪਣਾ ਨਾਂਅ ਮਨਜੀਤ ਸਿੰਘ ਪ੍ਰੀਤ ਰੱਖ ਲਿਆ ਸੀ।

'ਹਾਂ ਬਈ ਤੇਰਾ ਨਾਂਅ?"

"ਜੀ ਸੁਖਦੇਵ ਸਿੰਘ।"

"ਪਿੰਡ।"

"ਜੀ ਇੱਥੇ ਈ ਆ, ਡੋਗਰ ਬਸਤੀ।"

"ਬਾਪ ਕੀ ਕਰਦੈ?"

ਸੁਖਦੇਵ ਜਮਾਂ ਚੁੱਪ।

"ਹਾਂ ਮੈਂ ਪੁੱਛਦੈ ਬਾਪ ਕੀ ਕਰਦੈ।"

ਮੁੰਡਾ ਫਿਰ ਚੁੱਪ ਰਿਹਾ।

ਪਰ ਉਹਦੇ ਬੁੱਲ੍ਹ ਕੰਬ ਰਹੇ ਸੀ। ਅੱਖਾਂ 'ਚ ਪਾਣੀ ਸਿੰਮ ਆਇਆ ਸੀ। ਚਿਹਰੇ 'ਤੇ ਪਲੱਤਣ ਦੀ ਪਰਤ



ਜੰਮ ਗਈ ਸੀ। ਉਹ ਜਮਾਂ ਨੀਵੀਂ ਪਾਈ ਖੜਾ ਸੀ। ਖਾਮੋਸ਼।

ਗਿਆਨੀ ਜੀ ਦੇ ਬਾਰ ਬਾਰ ਪੁੱਛਣ ਤੇ ਵੀ ਜਦੋਂ ਸੁਖਦੇਵ ਕੁੱਝ ਨਾ ਬੋਲਿਆ ਤਾਂ ਘੁੱਗੀ ਭੁੜਕ ਕੇ ਉੱਠਿਆ ਤੇ ਮੂੰਹ ਪਾੜ ਕੇ ਬੋਲਿਆ।

"ਜੀ ਇਹਦਾ ਡੈਡੀ ਮਰੇ ਹੋਏ ਕੱਟੇ ਚੁੱਕਦਾ ਜੀ।" ਘੁੱਗੀ ਐਨੀ ਗੱਲ ਕਹਿ ਕੇ ਝੱਟ ਬਹਿ ਗਿਆ ਸੀ।

ਸਾਰੀ ਕਲਾਸ ਖਿੜ ਖੜਾ ਕੇ ਹੱਸ ਪਈ ਸੀ। ਤੇ ਸੁਖਦੇਵ ਭੁੱਬੀਂ ਰੋ ਪਿਆ। ਗਿਆਨੀ ਜੀ ਨੇ ਕਲਾਸ ਨੂੰ ਝਿੜਕਿਆ ਤੇ ਸੁਖਦੇਵ ਨੂੰ ਕਲਾਵੇ 'ਚ ਲੈ ਕੇ ਪਿਆਰ ਨਾਲ ਸਮਝਾਇਆ।

"ਹੈਅਤ...ਕਮਲਾ ਨਾ ਹੋਵੇ ਤਾਂ। ਐਂ ਥੋੜ੍ਹੇ ਕਰੀਦੈ! ਕਮਲਿਆ, ਕੰਮ ਕੋਈ ਵੀ ਮਾੜਾ ਨਹੀਂ ਹੁੰਦਾ। ਕੰਮ ਵੱਡੇ ਛੋਟੇ ਜ਼ਰੂਰ ਹੁੰਦੇ ਆ। ਕੋਈ ਵਪਾਰ ਕਰਦੈ। ਕੋਈ ਦੁਕਾਨ ਕਰਦੈ। ਕੋਈ ਫੇਰੀ ਲਾਉਂਦੈ। ਕੋਈ ਮੁਰਦਾਰ ਚੁੱਕਦੈ। ਇਹ ਸਭ ਕਿਰਤ ਕਰਦੇ ਆ। ਕਿਰਤ ਕਰਨ 'ਚ ਕਾਹਦਾ ਮਿਹਣਾ? ਕਾਹਦੀ ਸ਼ਰਮ? ਹਾਂ ਜੇ ਤੂੰ ਇਸ ਕੰਮ ਨੂੰ ਮਾੜਾ ਘਟੀਆ ਸਮਝਦੈ, ਤਾਂ ਪੜ੍ਹ ਲਿਖ ਕੇ ਅਫ਼ਸਰ ਬਣੀ ਤੇ ਫਿਰ...।" ਗਿਆਨੀ ਜੀ ਕਿੰਨਾਂ ਈ ਚਿਰ ਸਿਆਣੀਆਂ ਗੱਲਾਂ ਕਰਦੇ ਰਹੇ।

ਸੁਖਦੇਵ ਦੇ ਚਿਹਰੇ 'ਤੇ ਲਾਲੀ ਤੇ ਅੱਖਾਂ 'ਚ ਚਮਕ ਜਿਹੀ ਉੱਭਰ ਆਈ ਸੀ। ਉਹਨੇ ਗਿਆਨੀ ਜੀ ਦੀਆਂ ਪ੍ਰੇਰਨਾਦਾਇਕ ਗੱਲਾਂ ਨੂੰ ਲੜ ਬੰਨ੍ਹ ਲਿਆ ਸੀ।

ਸੁਖਦੇਵ ਦੇ ਬਾਪ ਨੇ ਮੁਰਦਾ ਪਸ਼ੂ ਚੁੱਕਣ ਦਾ ਕੰਮ ਛੱਡਿਆ ਜਾਂ ਨਹੀਂ ਛੱਡਿਆ, ਇਹ ਤਾਂ ਨਹੀਂ ਪਤਾ। ਪਰ ਮੇਰਾ ਹਮਜਮਾਤੀ ਸੁਖਦੇਵ ਜ਼ਿਲ੍ਹਾ ਕਚਹਿਰੀ 'ਚ ਸਰਕਾਰੀ ਵਕੀਲ ਹੈ। ਉਪਰੋਕਤ ਪ੍ਰਸੰਗ ਮੇਰੀ ਕਹਾਣੀ 'ਪ੍ਰੇਰਣਾ' ਦਾ ਹਿੱਸਾ ਬਣਿਆ...।

ਤੁਸੀਂ ਇਸ ਗੱਲ ਨਾਲ ਸਹਿਮਤ ਹੋਵੋਗੇ, ਕਿ ਜ਼ਿੰਦਗੀ ਦੇ ਸਫ਼ਰ ਦੌਰਾਣ ਇਕ ਅਜਿਹਾ ਮੋੜ ਜਾਂ 'ਪੜਾ ਆਉਂਦੈ। ਜਦੋਂ ਕੀ ਚੰਗਾ, ਕੀ ਮਾੜਾ ਦੀ ਪਰਖ ਨਹੀਂ ਹੁੰਦੀ। ਲਾਭ-ਹਾਨੀ ਦੀ ਪਰਿਭਾਸ਼ਾ ਤੋਂ ਕੋਰੇ ਹੋਈਦੈ। ਭਵਿੱਖ ਦੀ ਚਿੰਤਾ ਨਹੀਂ ਹੁੰਦੀ। ਸਗੋਂ ਵਰਤਮਾਨ 'ਚ ਜੋ ਮਨ ਨੂੰ ਭਾਉਂਦੈ। ਚੰਗਾ ਲੱਗਦੈ। ਮਨੁੱਖ ਉੱਪਰ ਨੂੰ ਹੀ ਹੋ ਤੁਰਦੈ। ਉਦੋਂ ਮੈਂ ਨੌਂਵੀਂ 'ਚ ਪੜ੍ਹਦਾ ਹੁੰਦਾ ਸੀ। ਕਿ ਘਰੋਂ ਦੌੜਕੇ ਇਕ ਸਾਧ ਦਾ 'ਚੇਲਾ' ਹੋ ਗਿਆ ਸੀ। ਡੇਰੇ 'ਚ ਰਹਿਣ ਲੱਗ ਪਿਆ ਸੀ। ਮਾਂ ਪਿਉ ਨੇ ਬਥੇਰਾ ਸਮਝਾਇਆ ਬੁਝਾਇਆ। ਮਿੰਤਾਂ ਤਰਲੇ ਕੀਤੇ। ਪਰ ਮੈਂ ਕਿਸੇ ਦੀ ਇਕ ਨਾ ਮੰਨੀ। ਆਖਿਰ ਮੇਰੀ ਅੜੀ ਅੱਗੇ ਘਰਦਿਆਂ ਨੂੰ ਝੁਕਣਾ ਪਿਆ। ਫਿਰ ਬਕਾਇਦਾ ਧਾਰਮਿਕ ਰਸਮਾਂ ਨਾਲ ਮੈਂ ਬਾਬਿਆਂ ਦਾ 'ਚੇਲਾ' ਹੋ ਗਿਆ ਸੀ। ਬਾਬਿਆ ਨੇ ਮੇਰਾ ਨਾਂਅ ਬਲਜੀਤ ਮੁਨੀ ਰੱਖਿਆ ਸੀ। ਘਰਦਿਆਂ ਦੀ ਸ਼ਰਤ ਮੁਤਾਬਕ ਮੈਂ ਪੜ੍ਹਾਈ ਜਾਰੀ ਰੱਖੀ ਸੀ।

ਸਾਧ ਹੋਣ ਦਾ ਮਕਸਦ ਕੋਈ ਧਾਰਮਿਕ ਆਸਥਾ, ਨਾਮ ਬੰਦਗੀ, ਮੋਕਸ਼ ਜਾਂ ਮੁਕਤੀ ਵਗੈਰਾ ਪ੍ਰਾਪਤ ਕਰਨਾ ਹਰਗਿਜ਼ ਨਹੀਂ ਸੀ। ਉਦੋਂ ਤਾਂ ਇਨ੍ਹਾਂ ਗੱਲਾਂ ਦਾ ਜਮਾਂ ਈ ਪਤਾ ਨਹੀਂ ਸੀ ਹੁੰਦਾ। ਬਸ, ਉਮਰ ਹੀ ਅਜਿਹੀ ਸੀ ਕਿ ਇਸ ਪਾਸੇ ਪੈਰ ਪੱਟ ਲਿਆ।

ਇਹ ਡੇਰਾ, ਜਿੱਥੇ ਮੈਂ ਘਰ ਤਿਆਗ ਕੇ ਰਹਿਣ ਲੱਗ ਪਿਆ ਸੀ। ਕੁੱਝ ਸਾਲ ਪਹਿਲਾਂ ਹੀ ਆਬਾਦ ਹੋਇਆ ਸੀ। ਪਹਿਲਾਂ ਇੱਥੇ ਸੰਘਣੀ ਝਿੜੀ ਹੁੰਦੀ ਸੀ। ਚੁਫੇਰੇ ਮਾਰੂ ਜ਼ਮੀਨ। ਰੇਤ ਦੇ ਟਿੱਬੇ ਦੱਬ੍ਹ, ਸਰਕੜਾ, ਕਾਹੀ। ਮਲ੍ਹੇ-ਝਾੜੀਆਂ। ਥੋੜੀ ਦੂਰ ਬਰੋ ਬਰਾਬਰ ਵਗਦੀਆਂ ਦੋ ਵੱਡੀਆਂ ਨਹਿਰਾਂ। ਡੇਰੇ ਦੇ ਚੁਫੇਰੇ ਵਸੇ ਹਰ ਪਿੰਡ ਦੀ ਦੂਰੀ ਤਿੰਨ ਚਾਰ ਮੀਲ ਤੋਂ ਘੱਟ ਨਹੀਂ ਸੀ। ਡੇਰਾ ਬਹੁਤ ਹੀ ਖੂਬਸੂਰਤ ਤੇ ਇਕਾਂਤ ਜਗ੍ਹਾ ਤੇ ਸਥਿਰ ਸੀ। ਡੇਰੇ 'ਚ ਹਰ ਵੀਰਵਾਰ ਚੌਂਕੀ ਲੱਗਦੀ ਹੁੰਦੀ ਸੀ। ਦੂਰੋ-ਪਾਰੋ ਸੰਗਤ ਆਉਂਦੀ ਹੁੰਦੀ ਸੀ। ਜੇਠੇ ਵੀਰਵਾਰ ਵਾਹਵਾ ਸੰਗਤ ਜੁੜਦੀ ਸੀ। ਢੋਲਕੀ ਛੈਣੇ ਤੇ ਚਿਮਟੇ ਦੀ ਤਾਲ਼ ਤੇ ਭਜਨ ਗਾਏ ਜਾਂਦੇ ਸੀ। ਕਦੇ ਕਦਾਈ ਕੋਈ ਤੀਮੀ ਜਾਂ ਮੁਟਿਆਰ ਕੁੜੀ ਵਾਲ਼ ਖੋਲ੍ਹਕੇ ਸਿਰ ਘੁੰਮਾਉਂਦੀ। ਨੱਚਦੀ। ਤੇ ਅਵਾ- ਤਵਾ

ਬੋਲਦੀ ਹੁੰਦੀ ਸੀ। ਬਾਬੇ ਦੇ ਕਥਨ ਅਨੁਸਾਰ ਇਨ੍ਹਾਂ 'ਤੇ ਬਾਹਰੀ ਸ਼ੈਅ ਦਾ ਪਹਿਰਾ ਹੁੰਦਾ ਸੀ। ਜਾਣੀ ਜਿੰਨ ਭੂਤ ਦੀ ਕਰੋਪੀ...। ਬਾਬਾ ਭੂਤ ਕੱਢਣ ਦਾ ਇਲਾਜ਼ ਜਾਂ ਨਾਟਕ ਕਰਦਾ ਹੁੰਦਾ ਸੀ। ਉਹ ਉੱਚੀ ਸੁਰ 'ਚ ਬੋਲਦਾ, ਦਬਕੇ ਮਾਰਦਾ, ਭੂਤ ਨੂੰ ਭਸਮ ਕਰਨ ਦੇ ਡਰਾਵੇ ਦਿੰਦਾ, ਖੇਡਣ ਵਾਲੀ ਦੇ ਵਾਲ਼ ਫੜਕੇ ਮਾਰਦਾ-ਕੁੱਟਦਾ ਹੁੰਦਾ ਸੀ।

ਬਾਬਾ ਚੜ੍ਹਦੀ ਉਮਰ ਦਾ ਸੀ। ਮਸਾਂ ਤੀਹ ਬੱਤੀ ਸਾਲ ਦਾ। ਜਰਵਾਣਾ। ਕਣਕਵੰਨਾ ਰੰਗ। ਤਿੱਖੇ ਨੈਣ ਨਕਸ਼। ਬਾਜ਼ ਵਰਗੀਆਂ ਅੱਖਾਂ, ਦਰਮਿਆਨਾ ਕੱਦ। ਕਾਹਲੀ ਤੁਰਦੈ। ਕਾਹਲੀ ਬੋਲਦੈ। ਕਾਂ ਵਰਗਾ ਚਲਾਕ। ਦਾਤ ਵਰਗਾ ਤਿੱਖਾ। ਤੇ ਪਾਣੀ ਦੇ ਸੱਪ ਵਰਗਾ ਛੋਹਲਾ ਸਾਧ ਊਠ ਦੇ ਲੇਡੇ ਜਿੰਨੀ ਅਫੀਮ ਖਾਂਦਾ ਹੁੰਦਾ ਸੀ। ਵੈਸੇ ਡੇਰੇ 'ਚ ਕੋਈ ਵੀ ਨਸ਼ਾ ਵਰਜਿਤ ਨਹੀਂ ਸੀ। ਬਾਹਲੀਆਂ ਮੌਜਾਂ ਸੀ।

ਇਸ ਵਿਚ ਕੋਈ ਅੱਤਕਥਨੀ ਨਹੀਂ ਕਿ ਪਹਿਲੇ ਸਮਿਆ 'ਚ ਜੋ ਕੁੱਝ ਰਾਜੇ-ਰਾਣਿਆ ਦੇ 'ਹਰਮਾਂ' ਤੇ ਜਗੀਰਦਾਰਾਂ ਦੀਆਂ ਹਵੇਲੀਆਂ ਵਿਚ ਹੁੰਦਾ, ਹੁੰਦਾ ਸੀ। ਉਹੀ ਕੁੱਝ ਅੱਜ ਪਾਖੰਡੀ ਸਾਧਾਂ ਦੇ 'ਡੇਰਿਆਂ ਤੇ ਲੀਡਰਾਂ ਦੀਆਂ ਕੋਠੀਆਂ 'ਚ ਹੁੰਦਾ ਹੈ। ਇਨ੍ਹਾਂ ਦੀਆਂ ਕਰਤੂਤਾਂ ਦੇ ਕਿੱਸੇ ਤਾਂ ਹੁਣ ਜਗ ਜ਼ਾਹਰ ਹੋਏ ਪਏ ਆ।

ਮੈਂ ਭੋਲੇ ਲੋਕਾਂ ਦੀ ਆਸਥਾ ਸ਼ਰਧਾ ਦਾ ਸਤਿਕਾਰ ਕਰਦਾ ਹਾਂ। ਪਰ ਉਨ੍ਹਾਂ ਪਾਖੰਡੀ ਸਾਧਾਂ ਦਾ ਕੀ ਕਰੀਏ? ਜਿਹੜੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਲਵਾੜ ਕਰਦੇ ਹੈ। ਵਿਸ਼ਵਾਸ਼ ਤੋੜਦੇ ਹੈ।

ਡੇਰੇ ਨਾਲ ਮੇਰੀਆਂ ਬਹੁਤ ਸਾਰੀਆਂ ਯਾਦਾਂ ਜੁੜੀਆਂ ਬਸ ਸੰਖੇਪ 'ਚ ਇਕ ਦਾ ਹੀ ਜ਼ਿਕਰ ਕਰੂੰਗਾ।

ਭੂੰਡੋ ਬਹੁਤ ਹੀ ਖੂਬਸੂਰਤ ਤੇ ਪਿਆਰੀ ਜਿਹੀ ਕੁੜੀ ਸੀ। ਭਰ ਜੋਬਨ ਮੁਟਿਆਰ। ਹੁੰਦੜਹੇਲ। ਪੱਕਾ ਸਾਂਵਲਾ ਮੁਸ਼ਕੀ ਰੰਗ। ਕਰੇੜੇ ਦੰਦ। ਥੋੜ੍ਹੇ ਜਿਹੇ ਮੋਟੇ ਬੁੱਲ੍ਹ। ਮੋਟੀਆਂ ਭੂਰੀਆਂ ਅੱਖਾਂ। ਇਕ ਅੱਖ 'ਚ ਖਾਕੀ ਤਿਣ। ਨੱਕ 'ਚ ਹਰ ਹਰ ਦੇ ਦਾਣੇ ਜਿੱਡੇ ਨਗ ਵਾਲਾ ਕੋਕਾ। ਗਲ 'ਚ ਕਾਲੇ ਫੀਤੇ 'ਚ ਪਰੋ ਕੇ ਪਾਇਆ ਚਾਂਦੀ ਦਾ ਤਵੀਤ। ਲੰਮੇ, ਕਾਲੇ ਵਾਲ਼। ਉੱਭਰਵੀਆਂ ਛਾਤੀਆਂ ਤੇ ਭਾਰਾ ਪਿੱਛਾ।

ਮੇਰੇ ਅੰਦਰਲਾ ਸ਼ਾਇਰ ਉਦੋਂ ਮੈਂ ਕਵਿਤਾ ਗੀਤ ਲਿਖਦਾ ਹੁੰਦਾ ਸੀ। ਜਦੋਂ ਉਹਦੇ ਸਾਣ ਤੇ ਲੱਗੇ ਰੂਪ ਨੂੰ ਨਿਹਾਰਦੈ। ਤਾੜਦੈ। ਤਾਂ ਮੇਰੇ ਕਾਲਜੇ ਚੋਂ ਰੁੱਗ ਜਿਹਾ ਭਰਿਆ ਜਾਂਦਾ ਸੀ। ਅੰਦਰ ਇਕ ਧੁੰਨ ਜਿਹੀ ਗੂੰਜਦੀ।

ਤੇਰਾ ਕੰਮ ਕੀ ਸਾਧ ਦੇ ਡੇਰੇ,

ਪਾ ਕੇ ਲੱਪ ਸੁਰਮਾ।

ਭੂੰਡੋ ਨੂੰ ਪਹਿਲੀ ਵਾਰ ਡੇਰੇ ਆਈ ਵੇਖਕੇ, ਮੇਰਾ ਕਾਲਜਾ ਕੰਬਿਆ ਸੀ। ਮੱਥਾ ਠਣਕਿਆ ਸੀ। ਬੁੱਲ੍ਹ ਫਰਕੇ ਸੀ। ਇਹ ਤਾਂ ਸਾਧ ਨੇ ਭੂੰਡ ਦੇਣੀ ਆ।

ਜਿਵੇਂ ਔੜ ਮਾਰੀ ਧਰਤੀ ਨੂੰ ਵਰ੍ਹ ਜਾਣ ਵਾਲੇ ਬੱਦਲ ਦੀ ਉਡੀਕ ਹੁੰਦੀ ਹੈ। ਵੱਤਰ ਤੋਂ ਖਲਵੱਤਰ ਹੋਈ ਜਾਂਦੀ ਜ਼ਮੀਨ ਨੂੰ ਕਿਸੇ ਹਾਲੀ ਦੀ ਤਾਂਘ ਹੁੰਦੀ ਹੈ। ਵੀਹ-ਬਾਈ ਤੋਂ ਟੱਪੀ ਖੜੀ ਭੂੰਡੋ ਨੂੰ ਹਾਣੀ ਮਰਦ ਦੇ ਸਾਥ ਦੀ ਲੋੜ ਸੀ। ਉਹ ਵਿਆਹ ਦੇ ਯੋਗ ਸੀ। ਪਰ ਉਹਦਾ ਗਰੀਬ ਦਿਹਾੜੀਦਾਰ ਬਾਪ, ਉਹਦੇ ਹੱਥ ਪੀਲੇ ਕਰਨੋ ਅਸਮਰਥ ਸੀ। ਬੇਵੱਸ ਸੀ। ਇਹੋ ਤਾਂ ਦੁਖਾਂਤ ਹੈ ਦਲਿਤ ਸਮਾਜ ਦਾ।

ਭੂੰਡੋ ਕਦੇ ਗੁੰਮ-ਸੁੰਮ ਜਿਹੀ ਹੋ ਜਾਂਦੀ ਹੁੰਦੀ ਸੀ। ਜਮਾਂ ਚੁੱਪ ਗੜੁੱਪ। ਉਹਨੂੰ ਦੰਦਲ ਪੈ ਜਾਂਦੀ ਸੀ। ਹੱਥ ਪੈਰ ਮੁੜ ਜਾਂਦੇ ਸੀ। ਉਹ ਕਦੇ ਸਿਰ ਘੁੰਮਾਉਂਦੀ। ਚੀਕਾਂ ਮਾਰਦੀ। ਤੜਫਦੀ। ਲਿਟਦੀ। ਜਿਵੇਂ ਉਹਦੇ ਤਨ ਬਦਨ ਨੂੰ ਅੱਗ ਲੱਗੀ ਹੋਵੇ।

ਅੱਗ ਹੀ ਤਾਂ ਲੱਗੀ ਸੀ।



ਭੂੰਡੋ ਖੁਦ ਅੱਗ ਹੀ ਤਾਂ ਸੀ। ਨਿਰੀ ਅੱਗ। ਲਟ ਲਟ ਬਲਦੀ ਅੱਗ। ਸੂਹੀ ਲਾਟ।

ਬਾਬਾ ਉਹਦੀ 'ਮਰਜ਼' ਤੋਂ ਜਾਣੂ ਹੋ ਗਿਆ ਸੀ। ਉਹਦੇ ਜਵਾਨ ਹੋਏ ਅੰਗਾਂ ਦੀ ਰਮਜ਼ ਸਮਝ ਗਿਆ ਸੀ। ਉਹਦੀਆਂ ਅੱਖਾਂ ਦੀ 'ਭਸ਼ਮ' ਕਰ ਦੇਣ ਵਾਲੀ ਤੱਕਣੀ ਤੇ ਰਸੇ ਹੋਏ ਬੁੱਲ੍ਹਾਂ ਦੀ ਧੂਹ ਪਾਉਣ ਵਾਲੀ ਮੁਸਕਰਾਟ ਵੇਖ ਕੇ, ਸਹਿਜੇ ਹੀ ਅਹਿਸਾਸ ਹੋ ਜਾਂਦਾ ਸੀ ਕਿ ਗਰਮ ਲੋਹਾ ਵਦਾਨੀ ਸੱਟ ਦੀ ਉਡੀਕ ਵਿਚ ਹੈ। ਭੂੰਡੋ ਡੇਰੇ ਆ ਕੇ ਸ਼ਾਤ ਹੋ ਜਾਂਦੀ ਸੀ। ਸਾਂਵੀ ਹੋ ਜਾਂਦੀ ਸੀ। ਸਹਿਜ ਹੋ ਜਾਂਦੀ ਸੀ। ਉਹ ਕਿੰਨੀਂ ਭੋਲੀ, ਮਾਸੂਮ ਤੇ ਸਾਊ ਜਿਹੀ ਲੱਗਦੀ ਸੀ। ਜਾਣੀ ਜ਼ਮੀਨ ਤੋਂ ਅੱਖਾਂ ਨਾ ਚੁੱਕਦੀ। ਮੈਂ ਉਹਦੇ ਹਾਵ-ਭਾਵ ਤੋਂ ਤਾੜ ਗਿਆ ਸੀ ਕਿ ਨੀਵੀਆਂ ਅੱਖਾਂ ਰਾਹੀਂ 'ਸਾਧ' ਉਹਦੇ ਅੰਦਰ ਪ੍ਰਵੇਸ਼ ਕਰ ਗਿਆ ਹੈ। ਉਹ ਪੂਰੀ ਤਰ੍ਹਾਂ ਬਾਬੇ ਦੇ ਹੱਥੀਂ ਚੜ੍ਹ ਗਈ ਸੀ।

ਭੂੰਡੋ ਦਾ ਪਿੰਡ ਡੇਰੇ ਤੋਂ ਵਾਹਵਾ ਦੂਰ ਸੀ। ਉੱਧਰ ਕਿਤੇ ਮੋਗੇ ਕੰਨੀਂ। ਉਹਦੇ ਮਾਂ ਪਿਓ ਵਿਚ ਐਨੀ ਤਵੱਕੋ ਨਹੀਂ ਸੀ ਕਿ ਉਹ ਹਰ ਵੀਰਵਾਰ ਉਹਨੂੰ ਡੇਰੇ ਲੈ ਕੇ ਆਉਂਦੇ। ਦਿਹਾੜੀਆਂ ਵੀ ਭੰਨਣੀਆਂ ਤੇ ਭਾੜਾ ਕਰਾਇਆ ਵੀ ਖਰਚਣਾ, ਉਨ੍ਹਾਂ ਲਈ ਔਖਾ ਸੀ। ਸੋ ਉਹ ਭੂੰਡੋ ਨੂੰ ਉਹਦੇ ਨਾਨਕੇ ਪਿੰਡ ਛੱਡ ਗਏ ਸੀ। ਜਿਹੜਾ ਡੇਰੇ ਦੇ ਨੇੜੇ ਪੈਂਦਾ ਸੀ। ਗਰੀਬ ਅਨਪੜ੍ਹ, ਤੇ ਅੰਧਵਿਸ਼ਵਾਸੀ ਮਾਪੇ ਸਮਝਦੇ ਸੀ ਕਿ ਭੂੰਡੋ ਡੇਰੇ 'ਚ ਚੌਂਕੀਆਂ ਭਰ ਕੇ ਠੀਕ ਹੋ ਰਹੀ ਹੈ।

ਬਾਬਾ ਬੜੀ ਲੰਘੀ ਚੀਜ਼ ਸੀ। ਕੁੱਤੀ ਸ਼ੈਅ। ਜਿਹੜੀ ਵੀ ਤੀਮੀ 'ਚ ਉਹਦੀ ਦਿਲਚਸਪੀ ਹੁੰਦੀ ਸੀ। ਜਾਂ ਹਾਮੀ ਭਰਦੀ ਸੀ ਉਹ ਉਸ ਨੂੰ ਵੀਰਵਾਰ ਦੀ ਬਜਾਏ ਕਿਸੇ ਹੋਰ ਦਿਨ ਸੱਦ ਲੈਂਦਾ ਹੁੰਦਾ ਸੀ।

ਇਕ ਦਿਨ ਦੁਪਹਿਰ ਤੋਂ ਬਾਅਦ ਮੈਂ ਸਕੂਲੋ ਮੁੜਿਆ ਵੇਖਿਆ ਭੂੰਡੋ ਆਪਣੇ ਬਜ਼ੁਰਗ ਨਾਲ ਡੇਰੇ ਆਏ ਹੋਈ ਸੀ। ਉਹ ਦਰੀ 'ਤੇ ਚੁੱਪ ਗੜੁੱਪ ਗੋਡਿਆ 'ਚ ਸਿਰ ਦਈ ਬੈਠੀ ਸੀ। ਕਦੇ ਕਦੇ ਉਹ ਧੁੜਧੁੜੀ ਜਿਹੀ ਲੈ ਕੇ ਕੰਬਦੀ। ਜਿਵੇਂ ਕਰੰਟ ਲੱਗ ਗਿਆ ਹੁੰਦੈ। ਕਦੇ ਉਹ ਦੰਦ ਕਰੀਚ ਕੇ ਕਹਿੰਦੀ, "ਮੈਂ ਫਨਾਂਹ ਕਰਦੂੰ, ਜਿਹੜਾ ਮੇਰੇ ਰਾਹ 'ਚ ਰੋੜਾ ਬਣਿਐ।"

ਭੂੰਡੋ ਦੇ ਬਜ਼ੁਰਗ ਨਾਨੇ ਨੂੰ ਨਛੱਤਰ ਅਮਲੀ ਨੇ ਦਾਲ ਵਿਚ ਧੰਦੂਰੇ ਦੀ ਪੁੱਠ ਚੜ੍ਹੀ ਭੰਗ ਪਾ ਕੇ ਖਵਾ ਦਿੱਤੀ ਸੀ। ਭੰਗ ਦੇ ਤੇਜ਼ ਨਸ਼ੇ ਨੇ ਉਹਦੀ ਸੁੱਧਬੁੱਧ ਭੁਲਾ ਦਿੱਤੀ ਸੀ। ਉਹ ਉੱਲੂ ਜਿਹਾ ਬਣਿਆ ਬੈਠਾ, ਵਾੜ 'ਚ ਫਸੇ ਹੋਏ ਬਿੱਲੇ ਵਾਂਗੂੰ ਬਿੱਟ ਬਿੱਟ ਝਾਕੀ ਜਾਂਦਾ ਸੀ। ਵੈਸੇ ਉਹ ਭੂੰਡੋ ਦੇ ਖੇਖਣ ਤੇ ਸਾਧ ਦੀਆਂ ਕਰਤੂਤਾਂ ਨੂੰ ਤਾੜ ਗਿਆ ਸੀ ਪਰ ਵਿਚਾਰਾ ਬੋਲਣੋ ਅਸਮਰੱਥ ਸੀ।

ਸੂਰਜ ਜਮਾਂ ਛਿਪ ਗਿਆ ਸੀ ਚੁਫੇਰੇ ਹਨੇਰਾ ਪਸਰ ਗਿਆ ਸੀ। ਗਿੱਦੜਾਂ, ਬਿੱਲੀਆਂ, ਉੱਲੂਆਂ ਤੇ ਕੋਚਰੀਆਂ ਦੀਆਂ ਡਰਾਉਣੀਆਂ ਆਵਾਜ਼ਾਂ ਸਾਡੇ ਲਈ ਤਾਂ ਓਪਰੀਆਂ ਨਹੀਂ ਸੀ। ਪਰ ਭੰਡੋ...?

"ਬਜ਼ੁਰਗੋ ਤੁਸੀਂ ਘਰ ਨੂੰ ਜਾਓ।" ਬਾਬਾ ਬੋਲਿਆ, "ਕੁੜੀ ਤੇ ਤਾਂ ਬਾਹਰੀ ਸ਼ੈਅ ਦਾ ਪਹਿਰੈ ਏਹ ਤਾਂ ਦੋ ਕਦਮ ਨ੍ਹੀਂ ਤੁਰ ਸਕਦੀ।"

ਬਜ਼ੁਰਗ ਭੰਗ ਦੀ ਲੋਰ 'ਚ ਬੁੜ ਬੁੜ ਕਰਦਾ, ਜਿੱਧਰ ਨੂੰ ਮੂੰਹ ਹੋਇਆ ਤੁਰ ਗਿਆ ਸੀ। ਹਨੇਰੇ 'ਚ ਗੁਵਾਚ ਗਿਆ ਸੀ। ਹੁਣ ਭੂੰਡੋ ਬਾਬੇ ਦੀ ਧੂਣੇ ਵਾਲੀ ਛੰਨ ਵਿਚ ਸੀ।

"ਕੁੱਤਿਆ ਸਾਧਾ, ਤੂੰ ਸਾਡੇ ਨਾਲ ਚੰਗੀ ਨੀਂ ਕੀਤੀ। ਕੋਈ ਹੋਰ ਚੀਕਿਆ, "ਸਾਲਿਆ, ਭਗਵਾ ਪਾ ਕੇ ਏਹ ਕਰਤੂਤਾਂ ਕਰਦਾ ਫਿਰਦੈ।"

ਜਿਉਂ ਹੀ ਭੂੰਡੋ ਛੰਨ ਚੋਂ ਬਾਹਰ ਨਿਕਲੀ। ਉਹਦੇ ਘਰਦਿਆਂ ਨੇ ਉਹ ਨੂੰ ਬੱਕਰੀ ਆਂਗੂੰ ਢਾਹ ਲਈ। ਦੇਹ ਤੇਰੇ ਦੀ ਜਿੱਧਰ ਪੈਂਦੀ ਆ। ਇਸ ਤੋਂ ਬਾਅਦ ਭੂੰਡੋ ਨਾਲ ਕੀ ਬੀਤੀ, ਵਿਆਹ ਦਿੱਤੀ ਕਿ ਮਾਰ ਦਿੱਤੀ। ਨਹੀਂ ਪਤਾ। ਪਰ ਜਦੋਂ ਕਦੇ ਮੈਂ ਇਸ ਘਟਨਾ ਨੂੰ ਯਾਦ ਕਰਦੈ ਤਾਂ ਕੰਬ ਜਾਂਦਾ। ਬਾਅਦ ਵਿਚ ਮੈਂ

ਇਸ ਤੇ ਕਹਾਣੀ ਲਿਖੀ 'ਮਰਜਾਣੀ ਭੂੰਡੋ'

ਗੱਲ 1972 ਦੀ ਹੈ। ਉਦੋਂ ਮੈਂ ਦਸਵੀਂ 'ਚ ਪੜ੍ਹਦਾ ਸੀ। ਉਨ੍ਹਾਂ ਦਿਨਾਂ 'ਚ ਮੋਗਾ ਗੋਲੀ ਕਾਂਡ ਵਾਪਰਿਆ ਸੀ। ਇਸ ਖੂਨੀ ਕਾਂਡ ਦੇ ਵਿਰੁੱਧ ਸਮੂਹ ਵਿਦਿਆਰਥੀ ਵਰਗ ਨੇ ਰੋਹ ਭਰਪੂਰ ਤੇ ਜ਼ਬਰਦਸਤ ਸੰਘਰਸ਼ ਵਿੱਢ ਦਿੱਤਾ ਸੀ। ਆਮ ਲੋਕ ਵੀ ਉਸ ਸੰਘਰਸ਼ ਦੀ ਹਮਾਇਤ 'ਤੇ ਉਤਰ ਆਏ ਸੀ, ਇਸ ਲੋਕ ਘੋਲ ਦੀ ਘਰ ਘਰ ਖੂਹ ਟੋਭੇ, ਹੱਟੀ ਭੱਠੀ, ਸੱਥਾਂ ਖੁੰਢਾਂ 'ਤੇ ਚਰਚਾ ਹੁੰਦੀ ਸੀ। ਹਰ ਕੋਈ ਵਿਦਿਆਰਥੀਆਂ ਦੇ ਹੱਕ ਵਿਚ ਬੋਲਦਾ ਸੀ। ਸਰਕਾਰ ਨੇ ਸਕੂਲ ਕਾਲਜ ਬੰਦ ਕਰ ਦਿੱਤੇ ਸਨ।

ਜਿਸ ਦਿਨ ਵਿਦਿਆਰਥੀ ਜਥੇਬੰਦੀ ਦੀ ਕਾਲ ਤੇ ਪੰਜਾਬ ਬੰਦ ਹੋਇਆ ਸੀ। ਉਸ ਦਿਨ ਪੰਜਾਬ ਦੀਆਂ ਸੜਕਾਂ 'ਤੇ ਚਿੜੀ ਵੀ ਨਹੀਂ ਸੀ ਫੜਕੀ। ਵਿਦਿਆਰਥੀ ਵਰਗ ਦੀ ਪੂਰੀ ਚੜ੍ਹਤ ਸੀ। ਸਰਕਾਰ ਵੀ ਇਸ ਸੰਘਰਸ਼ ਨੂੰ ਦਬਾਉਣ ਲਈ ਪੱਬਾਂ ਭਾਰ ਹੋਈ ਫਿਰਦੀ ਸੀ। ਵੱਡੇ ਸ਼ਹਿਰਾਂ 'ਚ ਪੁਲੀਸ ਤੇ ਫੌਜ ਪੂਰੀ ਤਰ੍ਹਾਂ ਚੌਕਸ ਸੀ। ਸਰਕਾਰ ਦੀਆਂ ਕੋਸ਼ਿਸ਼ਾ ਦੇ ਬਾਵਜੂਦ ਕੋਈ ਸਮਝੌਤਾ ਸਿਰੇ ਨਹੀਂ ਸੀ ਲੱਗ ਰਿਹਾ।

ਇਕ ਦਿਨ ਬਿੱਕਰ ਸਿੰਘ ਐਸ਼ੀ (ਧਰਮ ਕੰਮੇਆਣਾ) ਦਾ ਭਰਾ ਕੁੱਝ ਸਾਥੀ ਸਾਈਕਲਾਂ ਤੇ ਸਾਡੇ ਪਿੰਡ 'ਚੰਦਬਾਜ' ਆਏ। ਉਨ੍ਹਾਂ ਦਾ ਸਰਕਾਰੀ ਬੱਸ ਫੂਕਣ ਦਾ ਇਰਾਦਾ ਸੀ। ਮੈਂ ਬਿੱਕਰ ਸਿੰਘ ਐਸ਼ੀ ਨੂੰ ਨਿੱਜੀ ਤੌਰ ਤੇ ਤਾਂ ਨਹੀਂ ਸੀ ਜਾਣਦਾ। ਪਰ ਮੈਂ ਕਈ ਵਾਰ ਉਹਨੂੰ ਕਾਲਜ ਦੀ ਸਟੇਜ ਤੇ ਭਾਸ਼ਣ ਦਿੰਦੇ ਸੁਣਿਆ ਸੀ। ਉਦੋਂ ਉਹਦੀ ਵਾਹਵਾ ਚੜ੍ਹਤ ਹੁੰਦੀ ਸੀ। ਉਹ ਵਿਦਿਆਰਥੀ ਲੀਡਰ ਸੀ।

ਮੈਂ, ਸੁਖਦੇਵ ਤੇ ਸੁਖਮੰਦਰ ਸਿੰਘ, ਜਿਹੜਾ ਐਸ਼ੀ ਹੋਰਾਂ ਨਾਲ ਕਾਲਜ ਪੜ੍ਹਦਾ ਸੀ ਉਨ੍ਹਾਂ ਦੇ ਨਾਲ ਤੁਰ ਪਏ ਸੀ। ਸਾਡੇ ਪਿੰਡੋਂ ਤਿੰਨ ਕੁ ਮੀਲ ਦੀ ਦੂਰੀ 'ਤੇ ਮੁੱਦਕੀ ਵਾਲੇ ਪੁਲ ਦੇ ਲਾਗੇ ਜਾ ਕੇ ਉਨ੍ਹਾਂ ਸਾਥੀਆਂ ਨੇ ਦਰੱਖਤ ਦਾ ਵੱਡਾ ਸਾਰਾ ਟਾਹਣਾ ਵੱਢ ਕੇ ਸੜਕ ਰੋਕ ਦਿੱਤੀ ਸੀ। ਇਸ ਤੋਂ ਪਹਿਲਾਂ ਅਸੀਂ ਆਪਣੇ ਸਾਈਕਲ ਪਿੰਡ ਲੁਹਾਮਾਂ ਵਾਲੇ ਪਾਸੇ, ਸੰਘਣੇ ਦੱਬ੍ਹ ਸਰਕੜੇ ਵਿਚ ਲਕੋਅ ਦਿੱਤੇ ਸੀ। ਪਹਿਲੀ ਬੱਸ ਪ੍ਰਾਈਵੇਟ ਕੰਪਨੀ ਦੀ ਆਈ। ਅਸੀਂ ਸਭ ਸਾਥੀ ਬੱਸ ਦੇ ਦਵਾਲੇ ਹੋ ਗਏ। ਡਰਾਇਵਰ ਤੇ ਸਵਾਰੀਆਂ ਨੂੰ ਪਤਾ ਲੱਗ ਗਿਆ ਸੀ ਕਿ ਮੁੰਡੇ ਬੱਸ ਨੂੰ ਅੱਗ ਲਾਉਣਗੇ। ਇਕ ਸਾਥੀ ਨੇ ਕਿਹਾ, "ਸਾਰੇ ਥੱਲੇ ਆ ਜੋ, ਅਸੀਂ ਬੱਸ ਫੂਕਣੀ ਆ।" ਪਰ ਡਰਾਇਵਰ ਦੀਆਂ ਲੇਲ੍ਹੜੀਆਂ ਤੇ ਸਵਾਰੀਆਂ ਦੇ ਮਿੰਤਾਂ ਤਰਲਿਆਂ ਨੇ ਸਾਨੂੰ ਬੱਸ ਫੂਕਣੋ ਰੋਕ ਲਿਆ ਸੀ। ਬਿੱਕਰ ਐਸ਼ੀ ਨੇ ਸਰਕਾਰ ਦੀਆਂ ਵਧੀਕੀਆਂ ਤੇ ਵਿਦਿਆਰਥੀਆਂ ਨਾਲ ਹੋਏ ਅਨਿਆ ਬਾਰੇ ਸਵਾਰੀਆਂ ਨੂੰ ਜਾਣੂ ਕਰਵਾਇਆ। ਫਿਰ ਉਸ ਬੱਸ ਨੂੰ ਇਸ ਸ਼ਰਤ 'ਤੇ ਜਾਣ ਦਿੱਤਾ ਕਿ ਕੋਈ ਪੁਲਸ ਨੂੰ ਸੂਚਨਾ ਨਹੀਂ ਦੇਵੇਗਾ।

ਫਿਰ ਕਿੰਨਾ ਚਿਰ ਕੋਈ ਬੱਸ ਨਾ ਆਈ। ਇਸ ਦੌਰਾਨ ਸਾਨੂੰ ਪਤਾ ਉਦੋਂ ਲੱਗਾ ਜਦੋਂ ਪੁਲਸ ਦਾ ਭਰਿਆ ਥ੍ਰੀਵੀਲਰ ਸਾਡੇ ਨੇੜੇ ਆ ਕੇ ਰੁੱਕਿਆ। ਫਿਰ ਜਿੱਧਰ ਨੂੰ ਕਿਸੇ ਦਾ ਮੂੰਹ ਹੋਇਆ ਸਭ ਦੌੜ ਗਏ। ਪੁਲਸ ਨੇ ਸਾਡਾ ਪਿੱਛਾ ਨਹੀਂ ਸੀ ਕੀਤਾ। ਪਰ ਉਹ ਸਾਡੇ ਸਾਇਕਲ ਲੈ ਗਏ ਸਨ। ਅਸੀਂ ਨੇਰ੍ਹੇ ਹੋਏ ਪਿੰਡ ਘਰ ਵੜੇ ਸੀ। ਫਿਰ ਥੋੜੇ ਦਿਨਾਂ ਪਿੱਛੋਂ ਮੈਨੂੰ ਤੇ ਸੁਖਦੇਵ ਨੂੰ ਪੁਲਿਸ ਨੇ ਘਰੋਂ ਚੁੱਕ ਲਿਆ ਸੀ। ਸਾਨੂੰ ਦੋਹਾਂ ਨੂੰ ਸਦਰ ਥਾਣੇ (ਫਰੀਦਕੋਟ ਲਿਆ ਕੇ ਹਵਾਲਾਤ ਵਿਚ ਬੰਦ ਕਰ ਦਿੱਤਾ ਸੀ। ਅਸੀਂ ਇਕ ਪੂਰਾ ਹਫ਼ਤਾ ਹਵਾਲਾਤ ਵਿਚ ਬੰਦ ਰਹੇ। ਉਹ ਜਮਾਂ ਛੋਟਾ ਜਿਹਾ ਕਮਰਾ ਸੀ। ਜਿਵੇਂ ਕੁੱਕੜਾਂ ਦਾ ਖੁੱਡਾ ਹੁੰਦੈ। ਇਕ ਪਾਸੇ ਥੜ੍ਹੇ 'ਤੇ ਟੱਟੀ ਪਿਸ਼ਾਬ ਕਰਨ ਲਈ ਘੜਾ ਰੱਖਿਆ ਹੋਇਆ ਸੀ। ਇਹ ਕੰਮ ਬੜਾ ਔਖਾ ਤੇ ਤਕਲੀਫਦੇਹ ਸੀ। ਸਾਨੂੰ ਦੋਹਾਂ ਨੂੰ ਦੋ ਕੰਬਲ ਮਿਲੇ ਸਨ। ਭਾਰੇ ਤੇ ਭੂਰੇ ਜਿਹੇ ਰੰਗ ਦੇ। ਸਾਡੀ ਖੁਸ਼ਕਿਸਮਤੀ ਇਹ ਸੀ ਕਿ ਸਾਨੂੰ ਪੇਸ਼ਾਵਰ ਅਪਰਾਧੀਆਂ ਨਾਲ ਨਹੀਂ ਸੀ ਡੱਕਿਆ। ਅਸੀਂ ਹਫਤਾ ਭਰ ਇਕੱਲੇ ਹੀ ਇਕ ਕੋਠੜੀ ਵਿਚ ਬੰਦ ਰਹੇ। ਪੁਲਿਸ ਵਾਲੇ ਰਾਤ ਨੂੰ ਦਾਰੂ ਪੀਂਦੇ ਤੇ ਅਪਰਾਧੀਆਂ ਨੂੰ ਕੁੱਟਦੇ। ਪਰ ਅੱਲਾ ਮੀਆਂ ਨੇ ਖੈਰ ਰੱਖੀ। ਕਿਤੇ ਅੱਠਵੇਂ ਦਿਨ ਜਾ ਕੇ ਸਾਡੀ ਜ਼ਮਾਨਤ ਹੋਈ ਸੀ। ਇਹ ਸਭ ਕੁੱਝ ਯਾਦ ਕਰਕੇ ਅੱਜ ਵੀ



ਝੁਣਝੁਣੀ ਜਿਹੀ ਆ ਜਾਂਦੀ ਹੈ। ਉਹ ਸੱਤ ਦਿਨ ਸਾਡੇ ਲਈ ਸੱਤ ਸਾਲ ਬਣ ਕੇ ਗੁਜਰੇ ਸੀ।

ਉਦੋਂ ਮੈਂ ਉਮਰ ਦੀ ਓਸ ਅਵਸਥਾ ਵਿਚ ਵਿਚਰ ਰਿਹਾ ਸੀ ਜਦੋਂ ਰੰਗ, ਫੁੱਲ, ਤਿੱਤਲੀਆਂ ਤੇ ਪੰਛੀ ਪਿਆਰੇ ਲੱਗਦੇ ਹਨ। ਫਿਰ ਇਕ ਦਿਨ ਜ਼ਿੰਦਗੀ ਵਿਚ ਇਕ ਹਾਦਸਾ ਵਾਪਰਿਆ। ਇਕ ਸ਼ੌਕੀਨ ਜਿਹੀ ਸ਼ਾਦੀ ਸੁਦਾ ਔਰਤ ਨੇ ਮੈਨੂੰ ਆਪਣੀਆਂ ਬਾਹਾਂ ਵਿਚ ਭਰ ਲਿਆ। ਐਨਾ ਇਸ਼ਕ ! ਤੌਬਾ !!

ਇਕ ਵਾਰ ਉਹਨੇ ਕਿਹਾ, "ਤੂੰ ਉਦੋਂ ਪੰਜਵੀਂ 'ਚ ਪੜ੍ਹਦਾ ਹੁੰਦਾ ਸੀ ਜਦੋਂ ਮੈਂ ਮੁਕਲਾਵੇ ਆਈ ਸੀ।"

ਇਹ ਹੈਰਾਨ ਕਰਨ ਵਾਲਾ ਸੱਚ ਹੈ ਕਿ ਔਰਤ ਦੇ ਸਬਰ, ਸਿੱਦਕ ਤੇ ਲੰਮੀ ਉਡੀਕ ਕਰਨ 'ਚ ਕੋਈ ਸਾਨੀ ਨਹੀਂ ਹੋ ਸਕਦੈ। ਪਰ ਜਦੋਂ ਇਹ ਥਿੜਕਦੀ ਹੈ ਤਾਂ ਸਭ ਕਾਇਦੇ ਕਾਨੂੰਨ ਮਰਿਯਾਦਾਵਾਂ ਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਤਹਿਸ਼ ਨਹਿਸ਼ ਕਰੀ ਤੁਰੀ ਜਾਂਦੀ ਹੈ।

ਵਰਜਿਤ ਰਿਸ਼ਤੇ ਦੀ ਉਮਰ ਔਰਤ ਦੀ ਮਰਜ਼ੀ ਤੇ ਨਿਰਭਰ ਨਹੀਂ ਕਰਦੀ ਹੈ। ਇਹ ਰਿਸ਼ਤੇ ਨਿਭਾਉਣੇ ਜਿੰਨੇ ਔਖੇ ਹੁੰਦੇ ਹਨ ਉਨੀਂ ਹੀ ਵੱਧ ਇਹਦੇ ਵਿਚ ਖਿੱਚ ਹੁੰਦੀ ਹੈ। ਕਸ਼ਿਸ ਹੁੰਦੀ ਹੈ। ਲੱਖ ਖਤਰਿਆਂ ਦੇ ਬਾਵਜੂਦ ਅਸੀਂ ਅਵੱਸ਼ ਮਿਲਦੇ। ਉਹ ਇਕ ਖਾਸ ਨਿਸ਼ਾਨੀ ਰਾਹੀਂ ਮਿਲਣ ਦਾ ਸੰਕੇਤ ਸੱਦਾ ਦਿੰਦੀ ਸੀ। ਉਸ ਨਿਸ਼ਾਨੀ ਦਾ ਮਤਲਬ ਹੁੰਦਾ ਸੀ ਕਿ ਅੱਜ ਮੈਂ ਇਕੱਲੀ ਹਾਂ। ਕੋਈ ਖਤਰਾ ਨਹੀਂ। ਬੂਹਾ ਖੁੱਲ੍ਹਾ ਹਊ। ਮੈਂ ਤੇਰੀ ਉਡੀਕ ਕਰੂੰਗੀ।"

... ਤੇ ਇਕ ਰਾਤ? ਜਿਉਂ ਹੀ ਮੈਂ ਦਲਾਣ ਦਾ ਬੂਹਾ ਅੰਦਰ ਨੂੰ ਧੱਕਿਆ। ਉਹ ਪਹਿਲਾਂ ਹੀ ਬੂਹੇ 'ਚ ਖੜੀ ਸੀ। ਇਸ ਤੋਂ ਪਹਿਲਾਂ ਕਿ ਮੈਂ ਅੰਦਰ ਪ੍ਰਵੇਸ਼ ਕਰਦਾ, ਉਹ ਦੰਦਾ ਥੱਲੇ ਜੀਭ ਲੈ ਕੇ, ਆਹਿਸਤਾ ਜਿਹੇ ਬੋਲੀ, "ਬੀ ਜੀ !" ਜਾਣੀ ਕਿ ਉਹਦੀ ਸੱਸ ਅੰਦਰਲੇ ਘਰੋਂ ਆ ਕੇ ਉਨ੍ਹਾਂ ਕੋਲ ਪੈ ਗਈ ਸੀ। ਬੀਜੀ ਸ਼ਬਦ ਸੁਣਦਿਆਂ ਹੀ ਮੈਂ ਤਾੜ੍ਹ ਕਰਦਾ ਥੱਪੜ ਉਹਦੇ ਮੂੰਹ ਤੇ ਮਾਰਿਆ ਤੇ ਉਨ੍ਹੀਂ ਪੈਰੀ ਵਾਪਸ ਮੁੜ ਪਿਆ ਸੀ।

ਉਸ ਰਾਤ ਮੈਂ ਜਮਾਂ ਨੀ ਸੁੱਤਾ। ਗੁੱਸਾ ਮੇਰੇ ਅੰਦਰ ਲਾਟੀ ਬਲਦਾ ਰਿਹਾ। ਹਿਰਖ ਰੋਸ ਤੇ ਅਚਵੀਂ ਜਿਹੀ ਨੇ ਮੈਨੂੰ ਬੇਚੈਨ ਕਰੀ ਰੱਖਿਐ। ਬਾਅਦ ਵਿਚ ਮੈਨੂੰ ਆਪਣੇ ਕੀਤੇ ਤੇ ਗਿਲਾਨੀ ਹੋਈ। ਸਵੇਰੇ ਖਿਮਾ ਮੰਗੀ, "ਰਾਤ ਦੀ ਵਧੀਕੀ ਲਈ ਮਾਫੀ ਚਾਹੁੰਨੈ।" ਉਹ ਬਿਨਾ ਬੋਲੇ ਮੇਰੇ ਵਲ ਝਾਕੀ।

ਮੈਂ ਵੇਖਿਆ ਉਹਦੀ ਖੱਬੀ ਅੱਖ ਸੁੱਜ ਕੇ ਭੜੋਲਾ ਹੋਈ ਪਈ ਸੀ। ਲਾਲ ਪੈਂਜੂੰ ਹੋਈ ਅੱਖ 'ਚੋਂ ਪਰਲ ਪਰਲ ਪਾਣੀ ਵਗ ਰਿਹਾ ਸੀ।

"ਤੇਰੀ ਅੱਖ ਨੂੰ ਕੀ ਹੋਇਆ?" ਮੈਂ ਪੁੱਛਿਆ।

"ਰਾਤ ਦਾ ਕਾਰੈ।" ਉਹਨੇ ਹੇਠਲਾ ਬੁੱਲ੍ਹ ਉਤਲੇ ਦੰਦਾਂ ਨਾਲ ਘੁੱਟਿਆ ਤੇ ਚੁੰਨੀ ਦੇ ਲੜ ਨਾਲ ਅੱਖ ਪੂੰਝੀ।

ਮੈਂ ਸਮਝ ਗਿਆ ਸੀ ਕਿ ਰਾਤ ਜਦੋਂ ਮੈਂ ਇਹਦੇ 'ਥੱਪੜ' ਮਾਰਿਆ ਸੀ। ਤਾਂ ਮੇਰੀ ਉਂਗਲ ਇਹਦੀ ਅੱਖ 'ਚ ਵੱਜੀ ਹਊ।

ਮੈਂ ਫਿਰ ਮਾਫੀ ਮੰਗੀ। ਉਹ ਬੋਲੀ, "ਮੈਨੂੰ ਰੰਜ਼ ਇਸ ਗੱਲ ਦੀ ਹੈ ਕਿ ਮਰਦ ਨੇ ਕਦੇ ਔਰਤ ਦੀ ਮਜਬੂਰੀ ਨਹੀਂ ਸਮਝੀ। ਉਹ ਹਮੇਸ਼ਾ ਔਰਤ ਦੇ ਸਬਰ, ਸਿੱਦਕ ਤੇ ਸਾਇਕੀ ਤੋਂ ਅਣਭਿੱਜ ਰਿਹਾ ਹੈ। ਜਮਾਂ ਕੋਰਾ।"

ਇਹ ਘਟਨਾ ਭਾਮੇਂ ਬੀਤੇ ਦੀ ਬਾਤ ਹੋ ਗਈ ਹੈ। ਪਰ ਜਦੋਂ ਕਦੇ ਯਾਦਾਂ ਦੇ ਵਰਕੇ ਫਰੋਲਦੈ, ਤਾਂ ਮੇਰੀਆਂ ਅੱਖਾਂ 'ਚ ਰੜਕ ਜਿਹੀ ਪੈਣ ਲੱਗ ਪੈਂਦੀ ਹੈ, ਇਸੇ ਰੜਕ 'ਚੋਂ ਪੈਦਾ ਹੋਈ ਸੀ ਕਹਾਣੀ 'ਕੱਚੀ ਇੱਟ' ਤੇ ਦਾਰੋ ਘਤਿੱਤੀ' ਕਹਾਣੀਆਂ ਵਿਚ ਵਰਤੀਆਂ ਦੀਆਂ ਯਾਦਾਂ ਦਾ ਕੋਈ ਅੰਤ ਹੀ ਨਹੀਂ। ਜਿਹੜੀਆਂ ਕਹਾਣੀਆਂ ਵਿਚ ਆ ਕੇ ਅਮਰ ਹੋ ਗਈਆਂ।

ਮੋਬਾ.98788-05238

# ਅੰਦਰਲੀ ਗੱਲ /- ਪਰਗਟ ਸਿੰਘ ਸਤੌਜ

ਮਰੇ ਹੋਏ ਕੁੱਕੜ ਵਾਂਗ ਮੇਰੀ ਗਰਦਨ ਪਿੱਛੇ ਨੂੰ ਲੁੜਕ ਰਹੀ ਸੀ। ਪੈਰ ਅੱਗੇ ਜਾਣ ਦੀ ਵਜਾਏ ਪਿੱਛੇ ਮੁੜ ਰਹੇ ਸਨ। ਮਾਂ ਤੇ ਬਾਪੂ ਮੇਰੀਆਂ ਦੋਵੇਂ ਕੱਛਾਂ ਵਿੱਚ ਆਪਣੇ ਮੋਢੇ ਦੇਈਂ ਤੁਰਨ ਲਈ ਕਹਿ ਰਹੇ ਸਨ ਪਰ ਮੈਥੋਂ ਤੁਰਿਆ ਨਹੀਂ ਜਾ ਰਿਹਾ ਸੀ। ਮੇਰਾ ਜੀਅ ਕੱਚਾ ਹੋ ਰਿਹਾ ਸੀ। ਸਿਰ ਭੰਗ ਚੜ੍ਹਿਆਂ ਵਾਂਗ ਘੁੰਮ ਰਿਹਾ ਸੀ। ਮੈਨੂੰ ਸਾਰੇ ਹਥਿਆਰ ਸੁੱਟੀਂ ਵੇਖ ਕੇ ਬਾਪੂ ਨੇ ਮੈਨੂੰ ਗੋਦੀ ਚੁੱਕ ਲਿਆ ਤੇ ਕਾਹਲੇ ਕਦਮੀਂ ਡੇਰੇ ਨੂੰ ਹੋ ਤੁਰਿਆ। ਮਾਂ ਘਬਰਾਈ ਹੋਈ ਪਿੱਛੇ ਪਿੱਛੇ ਤੁਰ ਪਈ ਸੀ।

ਓਦੋਂ ਮੇਰੀ ਉਮਰ ਪੰਦਰਾਂ ਸੋਲਾਂ ਸਾਲ ਹੋਵੇਗੀ। ਬਾਪੂ ਮੈਨੂੰ ਕੱਲ੍ਹ ਵੀ ਡੇਰੇ ਲੈ ਕੇ ਆਇਆ ਸੀ। ਸਾਧ ਨੇ ਤਾਂ ਬੜਾ ਢਮਗੰਜਾ ਕੀਤਾ ਸੀ ਪਰ ਮੈਨੂੰ ਕੋਈ ਫ਼ਰਕ ਨਹੀਂ ਪਿਆ ਸੀ। ਮੇਰੀ ਸਿਹਤ 'ਚ ਕੋਈ ਫ਼ਰਕ ਪਿਆ ਨਾ ਵੇਖ ਕੇ ਮੈਨੂੰ ਅੱਜ ਸਵੇਰੇ ਫਿਰ ਡੇਰੇ ਨੂੰ ਧੂ ਲਿਆ ਸੀ।

ਮੈਨੂੰ ਡੇਰੇ ਲਿਜਾ ਕੇ ਬਿਠਾ ਦਿੱਤਾ। ਬਾਪੂ ਨੇ ਪਹਿਲਾਂ ਡੇਰੇ ਦੇ ਸਾਧ ਅੱਗੇ ਰੁਪਏ ਰੱਖ ਕੇ ਮੱਥਾ ਟੇਕਿਆ ਤੇ ਫਿਰ ਬਾਬੇ ਨੂੰ ਸਾਰੀ ਗੱਲ ਦੱਸ ਦਿੱਤੀ। ਮਾਂ ਨੇ ਵੀ ਬਾਬੇ ਦੇ ਪੈਰੀਂ ਹੱਥ ਲਾ ਕੇ ਮੇਰੀ ਤੰਦਰੁਸਤੀ ਲਈ ਖ਼ੈਰ ਮੰਗੀ। ਬਾਬਾ ਅੰਦਰੋਂ ਮੋਰ ਦੇ ਖੰਭਾਂ ਦਾ ਗੁੱਛਾ ਚੁੱਕ ਲਿਆਇਆ। ਮੈਨੂੰ ਸਾਹਮਣੇ ਬਿਠਾ ਕੇ ਪਹਿਲਾਂ ਮੇਰੇ ਸਿਰ 'ਤੇ ਹੱਥ ਫੇਰਿਆ ਤੇ ਫਿਰ ਹਥੌਲਾ ਪਾਉਣ ਲੱਗ ਪਿਆ। ਉਹ ਮੋਰ ਦੇ ਖੰਭਾਂ ਨੂੰ ਧਰਤੀ 'ਤੇ ਲਾ ਕੇ ਮੇਰੇ ਸਿਰ ਨੂੰ ਵਾਰੀ ਵਾਰੀ ਛੁਹਾ ਰਿਹਾ ਸੀ। ਬਾਬੇ ਦੇ ਮੂੰਹ ਵਿੱਚੋਂ ਫੁਸ-ਫੁਸਾਉਣ ਦੀ ਅਵਾਜ਼ ਆ ਰਹੀ ਸੀ। ਉਸਦੀ ਕੋਈ ਅਵਾਜ਼ ਮੇਰੇ ਸਮਝ ਨਹੀਂ ਪੈ ਰਹੀ ਸੀ ਸਿਰਫ਼ ਕੁਝ ਧੁਨੀਆਂ ਸ. ਹ. ਫ. ਰ. ਅਤੇ ਹਿਲਦੇ ਬੁੱਲ੍ਹਾਂ ਚੋਂ 'ਫਿੱਸ ਫਿੱਸ, ਫੂੰ ਫੂੰ' ਸੁਣ ਰਹੀ ਸੀ। ਬਾਬੇ ਨੇ ਹਥੌਲਾ ਪਾਉਣ ਤੋਂ ਬਾਅਦ ਕੋਲ ਰੱਖੀ ਗੜ੍ਹਵੀ 'ਚੋਂ ਕੁਝ ਛਿੱਟੇ ਪਾਣੀ ਦੇ ਮੇਰੇ ਸਿਰ 'ਤੇ ਮਾਰੇ।

"ਭਾਈ ਸੋਡਾ ਤਾਂ ਕੋਈ ਇਹਦੇ ਉੱਤੋਂ ਦੀ ਸੁੱਖਿਆ ਹੋਇਆ ਅਖੰਡ ਪਾਠ ਨਿਕਲਦੈ।" ਬਾਬੇ ਨੇ ਏਨੇ ਸਵੈ ਭਰੋਸੇ ਨਾਲ ਦੱਸਿਆ ਕਿਵੇਂ ਉਸਨੇ ਮੇਰਾ ਰੋਗ ਚੁਟਕੀ ਵਿੱਚ ਫੜ ਲਿਆ ਹੋਵੇ।

"ਸੱਤ ਬਚਨ ਜੀ।" ਮਾਂ ਤੇ ਬਾਪੂ ਨੇ ਹੱਥ ਜੋੜ ਕੇ ਸਵੀਕਾਰ ਕਰ ਲਿਆ।

ਬਾਬੇ ਨੇ ਕੁਝ ਨਿਰਦੇਸ਼ ਦੇ ਕੇ ਭਭੂਤੀ ਦੀਆਂ ਦੋ ਤਿੰਨ ਪੁੜੀਆਂ ਮੇਰੀ ਮਾਂ ਨੂੰ ਫੜਾ ਦਿੱਤੀਆਂ। ਅਸੀਂ ਮੱਥਾ ਟੇਕ ਕੇ ਵਾਪਸ ਤੁਰ ਪਏ। ਹੁਣ ਮੈਂ ਪਹਿਲਾਂ ਨਾਲੋਂ ਕੁਝ ਠੀਕ ਮਹਿਸੂਸ ਕਰ ਰਿਹਾ ਸੀ। ਡੇਰਿਓਂ ਮੈਂ ਆਪਣੇ-ਆਪ ਤੁਰ ਕੇ ਘਰ ਆ ਗਿਆ। (ਕਈ ਸਾਲਾਂ ਬਾਅਦ ਮੇਰੇ ਘਰਦਿਆਂ ਨੇ ਇਹ ਅਖੰਡ ਪਾਠ ਵੀ ਕਰਵਾ ਦਿੱਤਾ ਸੀ)

ਕੁਝ ਸਮੇਂ ਬਾਅਦ ਮੇਰੀ ਹਾਲਤ ਫਿਰ ਉਵੇਂ ਹੋ ਗਈ। ਸਾਰੇ ਟੱਬਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਹਰ ਕੋਈ ਆਪਣੇ ਆਪਣੇ ਅੰਦਾਜ਼ੇ ਲਗਾਈ ਜਾਵੇ। ਮੇਰੀ ਭੂਆ ਭੱਜ ਕੇ ਚੌਂਪਣ ਵਿੱਚ ਚੁੱਲ੍ਹੇ ਅੱਗਿਓਂ ਅੱਗ ਪਾ ਲਿਆਈ। ਉਹ ਓਨੀ ਹੀ ਤੇਜ਼ੀ ਨਾਲ ਦੌੜ ਕੇ ਅੰਦਰ ਗਈ ਤੇ ਅੰਦਰੋਂ ਇੱਕ ਪੁਰਾਣਾ ਜਿਹਾ ਲਿਫ਼ਾਫ਼ਾ ਲੈ ਆਈ। ਭੂਆ ਕਾਹਲੀ ਕਾਹਲੀ ਲਿਫ਼ਾਫ਼ੇ ਦੀਆਂ ਗੰਢਾਂ ਖੋਲ੍ਹ ਰਹੀ ਸੀ ਜਿਵੇਂ ਐਮਰਜੈਂਸੀ ਵਾਰਡ 'ਚ ਆਪਣੇ ਮਰੀਜ਼ ਦੀ ਜਾਨ ਬਚਾਉਣ ਲਈ ਕੋਈ ਡਾਕਟਰਨੀ ਆਪਣਾ ਪੂਰਾ ਦਮ-ਖਮ ਵਰਤ ਰਹੀ ਹੋਵੇ। ਉਸਨੇ ਵਿੱਚੋਂ ਕੁਝ ਸੈਅ ਕੱਢ ਕੇ ਅੱਗ ਉੱਪਰ ਪਾ ਦਿੱਤੀ ਤੇ ਫਿਰ ਉਸ 'ਚੋਂ ਉਠਦੇ ਧੂੰਏਂ ਨੂੰ ਮੇਰੇ ਆਲ਼ੇ-ਦੁਆਲੇ ਘੁੰਮਾਉਣ ਲੱਗੀ ਜਿਵੇਂ ਚਾਚੇ ਦੇ ਸ਼ਗਨ ਵੇਲੇ ਵੱਡੇ ਬਾਬੇ ਨੇ ਚਾਚੇ ਦੇ ਸਿਰ ਉਪਰੋਂ ਦੀ ਪੈਸੇ ਵਾਰ ਕੇ ਉਸਦੀ ਝੋਲੀ ਪਾਏ ਸਨ। ਜਦੋਂ ਭੂਆ ਨੇ ਆਪਣਾ ਕਾਰਜ ਪੂਰਾ ਕਰ ਲਿਆ ਤਾਂ ਪਿੱਛੇ ਖੜ੍ਹੀ ਮੇਰੀ



ਦਾਦੀ ਸਾਰਿਆਂ ਨੂੰ ਧੁੱਸ ਦੇ ਕੇ ਮੇਰੇ ਉੱਪਰ ਆ ਝੁਕੀ, "ਕਿਸੇ ਤੋਂ ਕੁਛ ਲੈ ਕੇ ਤਾਂ ਨੀ ਖਾਧਾ?"

"......!" ਮੈਂ ਬੋਲਿਆ ਕੁਝ ਨਹੀਂ ਸਿਰਫ਼ ਡੌਰੂ ਵਾਂਗ 'ਨਾਂਹ' ਵਿੱਚ ਸਿਰ ਹਿਲਾਇਆ।

"ਕਿਸੇ ਨੇ ਕੁਛ ਸਿਰ-ਸੁਰ 'ਚ ਪਾਇਆ ਹੋਵੇ?" ਭੂਆ ਨੇ ਧੂੜ ਪਰ੍ਹਾਂ ਰੱਖ ਕੇ ਮੇਰੇ 'ਤੇ ਦੂਸਰਾ ਪ੍ਰਸ਼ਨ ਦਾਗ਼ਿਆ।

".......! ਮੇਰਾ ਫਿਰ 'ਨਾਂਹ' ਵਿੱਚ ਸਿਰ ਹਿੱਲਿਆ।

ਸਾਰਾ ਟੱਬਰ ਮੇਰੇ ਆਲ਼ੇ-ਦੁਆਲੇ ਖੜ੍ਹਾ ਮੈਨੂੰ ਕੁਝ ਨਾ ਕੁਝ ਪੁੱਛ ਰਿਹਾ ਸੀ। ਮੈਂ ਸੱਭਿਅਕ ਲੋਕਾਂ ਵਿਚਕਾਰ ਘਿਰੇ ਜੰਗਲੀ ਆਦਿਵਾਸੀ ਵਾਂਗ ਘਬਰਾਇਆ ਜਿਹਾ ਸਾਰਿਆਂ ਦੇ ਮੂੰਹ ਵੱਲ ਵੇਖ ਰਿਹਾ ਸਾਂ। ਮੈਨੂੰ ਟੱਬਰ ਦੀ ਕਿਸੇ ਵੀ ਗੱਲ ਦੇ ਕੋਈ ਅਰਥ ਸਮਝ ਨਹੀਂ ਲੱਗ ਰਹੇ ਸਨ। ਏਨੇ ਨੂੰ ਚਾਚਾ ਪਿੰਡ ਵਿਚਲੇ ਡਾਕਟਰ ਨੂੰ ਸੱਦ ਲਿਆਇਆ। ਉਸਨੇ ਸਟੈਥੋਸਕੋਪ ਮੇਰੀ ਛਾਤੀ 'ਤੇ ਲਾਇਆ। ਮੇਰੀਆਂ ਅੱਖਾਂ ਦੀਆਂ ਪੁਤਲੀਆਂ ਵੇਖੀਆਂ। ਫਿਰ ਚਾਚੇ ਦਾ ਦੋਸਤ ਹੋਣ ਕਰਕੇ ਉਸ ਨੂੰ ਚੰਗੀ ਰਾਏ ਦੇ ਦਿੱਤੀ, "ਇਸਨੂੰ ਸੰਗਰੂਰ ਬੱਚਿਆਂ ਵਾਲੇ ਫਲਾਨੇ ਡਾਕਟਰ ਦੇ ਲੈ ਜਾਓ।"

ਉਸਦੀ ਰਾਏ ਸੁਣ ਕੇ ਮੈਨੂੰ ਸੰਗਰੂਰ ਲੈ ਕੇ ਜਾਣ ਦੀਆਂ ਤਿਆਰੀਆਂ ਹੋਣ ਲੱਗੀਆਂ। ਚਾਚਾ ਚੀਮਿਆਂ ਤੋਂ ਜਾ ਕੇ ਕਿਰਾਏ ਤੇ ਜੀਪ ਲੈ ਆਇਆ। ਬਿਸਤਰੇ, ਭਾਂਡੇ ਜੀਪ ਵਿੱਚ ਰੱਖੇ ਗਏ। ਮੈਨੂੰ ਵੀ ਚੁੱਕ ਕੇ ਜੀਪ ਵਿੱਚ ਬਿਠਾ ਦਿੱਤਾ। ਮਾਂ, ਬਾਪੂ ਅਤੇ ਚਾਚਾ ਮੇਰੇ ਨਾਲ ਸੰਗਰੂਰ ਜਾਣ ਲਈ ਤਿਆਰ ਹੋ ਗਏ। ਬਾਪੂ ਤੇ ਤਾਇਆ ਅੰਦਰ ਕੁਝ ਪਲ ਘੁਸਰ-ਮੁਸਰ ਕਰਦੇ ਰਹੇ ਸ਼ਾਇਦ ਬਾਪੂ ਤਾਏ ਤੋਂ ਪੈਸੇ ਲੈ ਰਿਹਾ ਸੀ। ਜਦ ਬਾਪੂ ਜੀਪ 'ਚ ਆ ਕੇ ਬੈਠਿਆ, ਜੀਪ ਸੰਗਰੂਰ ਨੂੰ ਹੱਕ ਦਿੱਤੀ।

ਮੈਨੂੰ ਸੰਗਰੂਰ ਹਸਪਤਾਲ ਵਿੱਚ ਲਾਹਿਆ ਗਿਆ ਤਾਂ ਡਾਕਟਰ ਤੇ ਨਰਸ਼ਾਂ ਮੇਰੇ ਆਲ਼ੇ-ਦੁਆਲੇ ਮੱਖੀਆਂ ਵਾਂਗ ਭਿਣ ਭਿਣ ਕਰਨ ਲੱਗੇ। ਕਿੰਨੇ ਹੀ ਯੰਤਰ ਲਾ ਕੇ ਮੈਨੂੰ ਚੈੱਕ ਕੀਤਾ ਗਿਆ। ਫਿਰ ਡਾਕਟਰ ਨੇ ਮੇਰੇ ਇੱਕ ਟੀਕਾ ਲਗਾ ਦਿੱਤਾ। ਮੇਰੀਆਂ ਅੱਖਾਂ ਭਾਰੀ ਹੋਣ ਲੱਗੀਆਂ। ਸੁਰਤ ਗੁੰਮਣ ਲੱਗੀ।

ਜਦੋਂ ਮੈਨੂੰ ਹੋਸ਼ ਆਈ, ਮੈਂ ਬੈੱਡ ਉੱਪਰ ਪਿਆ ਸੀ। ਮੇਰੀ ਸੱਜੀ ਬਾਂਹ ਵਿੱਚ ਮੈਨੂੰ ਕੁਝ ਚੁੱਭਦਾ ਲੱਗਿਆ। ਮੈਂ ਨਿਗ੍ਹਾ ਮਾਰੀ। ਮੇਰੀ ਬਾਂਹ ਵਿੱਚ ਸੂਈਆਂ ਗੱਡੀਆਂ ਸਨ। ਸੂਈਆਂ ਉੱਪਰ ਚਿੱਟੀ ਚੇਪੀ ਲੱਗੀ ਹੋਈ ਸੀ। ਮੇਰੇ ਚੱਲ ਰਹੀ ਬੋਤਲ ਅੱਧੀ ਤੋਂ ਵੱਧ ਖ਼ਤਮ ਹੋ ਚੁੱਕੀ ਸੀ।

ਮੈਂ ਪਿਆ ਪਿਆ ਅਚਾਨਕ ਪਿੱਛੇ ਹੋਏ ਸਾਰੇ ਘਟਨਾਕ੍ਰਮ ਵੱਲ ਪਰਤ ਗਿਆ। 'ਹੈਂ!' ਅਚਾਨਕ ਮੇਰੇ ਦਿਮਾਗ਼ ਦੇ ਬੰਦ ਕਿਵਾੜ ਖੁੱਲ੍ਹੇ। ਮੈਨੂੰ ਮੇਰੀ ਇਸ ਬਿਮਾਰੀ ਦੇ ਕਾਰਨਾਂ ਦੀ ਜੜ੍ਹ ਲੱਭ ਗਈ।' ਜੇ ਮੈਂ ਇਹ ਸਾਰਾ ਕੁਝ ਘਰਦਿਆਂ ਨੂੰ ਪਹਿਲਾਂ ਹੀ ਦੱਸ ਦਿੰਦਾਂ? ਪਰ ਪਹਿਲਾਂ ਤਾਂ ਮੇਰੇ ਇਹ ਗੱਲ ਯਾਦ ਹੀ ਨਹੀਂ ਆਈ! ਜੇ ਹੁਣ ਦੱਸ ਦਿਆਂ? ਨਹੀਂ ਹੁਣ ਗੱਲ ਬਹੁਤ ਅੱਗੇ ਲੰਘ ਗਈ ਹੈ। ਹੁਣ ਵੇਲਾ ਨਹੀਂ ਹੈ ਦੱਸਣ ਦਾ। ਜੇ ਹੁਣ ਘਰਦਿਆਂ ਨੂੰ ਇਸ ਬਾਰੇ ਪਤਾ ਵੀ ਲੱਗ ਗਿਆ ਤਾਂ ਮੇਰੀ ਤਾਂ ਖ਼ੈਰ ਨਹੀਂ। ਜੇ ਓਦੋਂ ਹੀ ਇਹ ਗੱਲ ਮੇਰੇ ਦਿਮਾਗ਼ ਵਿੱਚ ਆ ਜਾਂਦੀ ਤੇ ਮੈਂ ਘਰਦਿਆਂ ਨੂੰ ਦੱਸ ਦਿੰਦਾ ਤਾਂ ਇਹ ਬੜੀ ਛੋਟੀ ਜਿਹੀ ਬਿਮਾਰੀ ਸੀ ਜਿਹੜੀ ਪਿੰਡ ਵਾਲੇ ਡਾਕਟਰ ਨੇ ਹੀ ਠੀਕ ਕਰ ਦੇਣੀ ਸੀ। ਉਸਨੇ ਕਈਆਂ ਨੂੰ ਠੀਕ ਕੀਤਾ ਸੀ। ਪਰ ਹੁਣ ਤਾਂ ਦੱਸਣ ਦਾ ਸਮਾਂ ਬਹੁਤ ਪਿੱਛੇ ਰਹਿ ਗਿਆ ਹੈ।'

ਹੁਣ ਮੈਨੂੰ ਇੱਕ ਹੋਰ ਡਰ ਵੀ ਸਤਾਉਣ ਲੱਗਿਆ, 'ਜੇ ਮੇਰੇ ਤਾਏ ਦੇ ਮੁੰਡੇ ਜਾਂ ਭੂਆ ਦੇ ਮੁੰਡੇ ਨੇ ਕਦੇ ਦੱਸ ਦਿੱਤਾ ਕਿ ਇਸ ਨੇ ਜਰਦਾ ਖਾਧਾ ਹੈ ਤਾਂ.....?' ਮੈਂ ਪਿਆ ਪਿਆ ਕੰਬ ਗਿਆ। ਮੇਰੇ ਯਾਦ ਆਇਆ ਮਾਂ ਕਹਿੰਦੀ ਹੁੰਦੀ ਸੀ ਕਿ ਜੇ ਕੋਈ ਬਾਬੇ ਰਮਾਣੇ ਦੀ ਸੁੱਖ, ਸੁੱਖ ਲਵੇ ਤਾਂ ਉਹ ਜ਼ਰੂਰ ਪੂਰੀ ਹੁੰਦੀ ਹੈ। ਮੈਂ ਪਏ ਪਏ ਨੇ ਸੁੱਖ ਲਿਆ, "ਹੇ ਬਾਬਾ ਰਮਾਣਾ! ਮੇਰੀ ਇਹ ਗੱਲ ਹੁਣ ਕਿਸੇ ਨੂੰ ਪਤਾ ਨਾ ਲੱਗੇ। ਮੈਂ ਤੇਰੇ ਦਰ 'ਤੇ

ਚਾਨਣੇ ਮੰਗਲਵਾਰ ਦੋ ਰੁਪਈਆਂ ਦੇ ਪਤਾਸੇ ਵੰਡ ਕੇ ਜਾਊਂਗਾ!" ਸੋਚ ਦਿਮਾਗ਼ 'ਚੋਂ ਫਿਰ ਵੀ ਨਾ ਨਿੱਕਲੇ, 'ਜੇ ਬਾਪੂ ਹੋਰਾਂ ਨੂੰ ਪਤਾ ਲੱਗ ਗਿਆ ਤਾਂ ਉਹਨਾਂ ਨੇ ਤਾਂ ਮੈਨੂੰ ਕੁੱਟ ਕੁੱਟ ਕੇ ਹੀ ਮਾਰ ਦੇਣਾ ਹੈ ਕਿ 'ਤੇਰੀਆਂ ਪਹਿਲਾਂ ਅੱਖਾਂ ਫੁੱਟੀਆਂ ਸੀ ਓਏ, ਘਰਦਿਆਂ ਦੇ ਐਨੇ ਪੈਸੇ ਉਈਂ ਲਵਾ ਦਿੱਤੇ। ਇਹ ਕੀ ਝਾੜਾਂ ਤੇ ਲੱਗਦੇ ਨੇ!' ਮੈਂ ਬਾਬੇ ਦੀ ਸੁੱਖ ਵਾਰ ਵਾਰ ਦੁਹਰਾਈ।

ਹੋ ਇੰਞ ਗਿਆ ਸੀ। ਮੈਂ, ਮੇਰੇ ਤਾਏ ਦਾ ਮੁੰਡਾ ਜਗਤਾਰ ਅਤੇ ਭੂਆ ਦਾ ਮੁੰਡਾ ਗੁਰਤੇਜ। ਅਸੀਂ ਦੁਪਹਿਰੇ ਬਾਗਲ ਵਿਚਲੀ ਬੈਠਕ ਵਿੱਚ ਖੇਡ ਰਹੇ ਸੀ। ਖੇਡਦਿਆਂ ਖੇਡਦਿਆਂ ਸਾਨੂੰ ਕਾਨਸ ਉਪਰੋਂ ਸਾਡੇ ਨੌਕਰ ਦੀ ਜਰਦੇ ਦੀ ਪੁੜੀ ਲੱਭ ਗਈ। ਮੇਰੀਆਂ ਅੱਖਾਂ ਅੱਗੇ ਮੱਘਰ ਦਾ ਉਹ ਦ੍ਰਿਸ਼ ਘੁੰਮਿਆ। ਜਰਦਾ ਅਤੇ ਕਲੀ ਨੂੰ ਤਲੀ 'ਤੇ ਰਗੜਨਾ। ਫਿਰ ਭੜਾਕਾ ਜਿਹਾ ਮਾਰਨਾ। ਤਲੀ ਤੋਂ ਢੂੰਡੀ ਭਰ ਕੇ ਹੇਠਲੇ ਬੁੱਲ੍ਹ ਥੱਲੇ ਦੇ ਲੈਣੀ। ਥੋੜ੍ਹੇ ਥੋੜ੍ਹੇ ਚਿਰ ਬਾਅਦ ਬੜੇ ਸਟਾਇਲ ਨਾਲ 'ਪੀਚਰ ਪੀਚਰ' ਕਰਕੇ ਥੁੱਕ ਦੀਆਂ ਪਿਚਕਾਰੀਆਂ ਸੁੱਟਣੀਆਂ। ਮੇਰਾ ਜੀਅ ਕੀਤਾ ਮੈਂ ਵੀ ਉਂਞੇ ਕਰਾਂ। ਮੈਂ ਪੁੜੀ ਚੁੱਕ ਕੇ ਐਲਾਨ ਕਰ ਦਿੱਤਾ, "ਓਏ! ਜਰਦਾ ਖਾਈਏ?"

"ਚਲੋ।" ਤਾਏ ਦੇ ਮੁੰਡੇ ਨੇ ਵੀ ਕੰਨ ਚੁੱਕ ਲਏ।

"ਕੌੜਾ ਤਾਂ ਨੀ?" ਭੂਆ ਦੇ ਮੁੰਡੇ ਨੂੰ ਚਿੰਤਾ ਲੱਗੀ।

"ਗੁੜ ਨਾਲ ਖਾ ਲੈਨਿਆਂ।" ਮੈਂ ਸੁਝਾ ਦਿੱਤਾ।

ਅਸੀਂ ਚਾਹ ਲਈ ਰੱਖਿਆ ਗੁੜ ਚੁੱਕਿਆ ਤੇ ਉਸ ਵਿੱਚ ਜਰਦਾ ਮਿਲਾ ਲਿਆ। ਤਾਏ ਅਤੇ ਭੂਆ ਦੇ ਮੁੰਡੇ ਨੂੰ ਤਾਂ ਖਾਣ ਲੱਗਿਆਂ ਕੌੜਾ ਲੱਗਿਆ ਤਾਂ ਉਨ੍ਹਾਂ ਨੇ ਤਾਂ ਵਾਪਸ ਥੁੱਕ ਦਿੱਤਾ। ਮੈਂ ਸਿਰੜੀ ਸੀ। ਕੌੜਾ ਹੋਵੇ ਚਾਹੇ ਮਿੱਠਾ, ਜਦੋਂ ਹੁਣ ਖਾਣ ਲੱਗੇ ਹਾਂ ਤਾਂ ਛੱਡੀਏ ਕਿਉਂ? ਮੈਂ ਅੱਖਾਂ ਮੀਚ ਕੇ ਗੁੜ 'ਚ ਰਲਾਇਆ ਜਰਦਾ ਅੰਦਰ ਸੁੱਟ ਲਿਆ।

ਥੋੜ੍ਹੇ ਸਮੇਂ ਬਾਅਦ ਮੇਰਾ ਸਿਰ ਚਕਰਾਉਣ ਲੱਗਿਆ।

"ਥੋਨੂੰ ਨਸ਼ਾ ਨੀ ਹੋਇਆ ਓਏ?" ਮੈਂ ਉਨ੍ਹਾਂ ਨੂੰ ਪੁੱਛਿਆ। ਦੋਵਾਂ ਨੇ ਸਿਰ 'ਨਾਂਹ' ਵਿੱਚ ਮਾਰ ਦਿੱਤੇ।

"ਮੈਨੂੰ ਤਾਂ ਹੋ ਗਿਆ!" ਮੈਂ ਆਪਣੀ ਸਥਿਤੀ ਦੱਸ ਦਿੱਤੀ। ਮੈਂ ਉਨ੍ਹਾਂ ਦੋਵਾਂ ਨੂੰ ਉੱਥੇ ਹੀ ਛੱਡ ਕੇ ਆਪ ਅੰਦਰਲੇ ਘਰ ਆ ਗਿਆ। ਬੱਸ ਥੋੜ੍ਹੇ ਸਮੇਂ ਬਾਅਦ ਹੀ 'ਚੱਕਲੋ ਚੱਕਲੋ' ਹੋ ਗਈ ਸੀ ਤੇ ਮੈਂ ਇਥੇ ਸੰਗਰੂਰ ਹਸਪਤਾਲ ਤੱਕ ਪਹੁੰਚ ਗਿਆ।

ਹਸਪਤਾਲ ਦੇ ਬੈੱਡ ਉੱਤੇ ਪਏ ਦੇ ਮੇਰੇ ਉਹ ਜਰਦਾ ਖਾਣ ਵਾਲਾ ਦ੍ਰਿਸ਼ ਵਾਰ ਵਾਰ ਦਿਮਾਗ਼ 'ਚ ਘੁੰਮ ਰਿਹਾ ਸੀ। 'ਮੈਂ ਇਥੇ ਪਿਆ ਸਜ਼ਾ ਭੁਗਤ ਰਿਹਾ ਹਾਂ ਉਹ ਦੋਵੇਂ ਖੇਡ ਰਹੇ ਹੋਣਗੇ। ਅੱਜ ਚੋਰ ਕੌਣ ਬਣਿਆ ਹੋਵੇਗਾ? ਮੇਰੀ ਮੁਰਗੀ ਨੇ ਅੱਜ ਆਂਡਾ ਦਿੱਤਾ ਹੋਊ ਪਤਾ ਨੀ ਨਾ? ਕਿਤੇ ਉਹ ਮੇਰੀ ਗੁਲੇਲ ਨਾ ਤੋੜ ਦੇਣ?' ਮੇਰੀਆਂ ਸੋਚਾਂ ਪਿੰਡ ਭਟਕ ਰਹੀਆਂ ਸਨ। ਪਿੰਡ ਦੀਆਂ ਗਲੀਆਂ, ਬਾਗਲਾਂ ਦਾ ਦ੍ਰਿਸ਼ ਅਤੇ ਦੋਸਤ-ਮਿੱਤਰ ਮੇਰੇ ਚੇਤਿਆਂ 'ਚ ਬਰੋਲਿਆਂ ਵਾਂਗ ਘੁੰਮੇਰੀਆਂ ਖਾ ਰਹੇ ਸਨ।

ਬੋਤਲ ਮੁੱਕੀ ਤੋਂ ਡਾਕਟਰ ਅਤੇ ਨਰਸ਼ਾਂ ਦਾ ਜਮ-ਘਟਾ ਫਿਰ ਮੇਰੇ ਦੁਆਲੇ ਹੋ ਗਿਆ। ਇੱਕ ਨਰਸ ਦੇ ਹੱਥ ਵਿੱਚ ਹੋਰ ਬੋਤਲ ਸੀ। ਡਾਕਟਰ ਟੀਕਾ ਭਰ ਰਿਹਾ ਸੀ। ਇੱਕ ਵਾਰ ਤਾਂ ਜੀਅ ਕੀਤਾ ਕਹਿ ਦਿਆਂ, "ਕਿਉਂ ਮੇਰੇ ਪੁੜੇ ਪਾੜੇ ਨੇ। ਮੈਨੂੰ ਤਾਂ ਆਹ ਬਿਮਾਰੀ ਐ।" ਪਰ ਕੋਈ ਡਰ ਮੇਰੀ ਘੰਡ 'ਚ ਸੰਮਾਂ ਵਾਲੀ ਡਾਂਗ ਲਈਂ ਖੜ੍ਹਾ ਸੀ, 'ਤੂੰ ਇਹ ਬੋਲ ਕੱਢ ਤਾਂ ਸਹੀ, ਫੇਰ ਦੇਖੀਂ!' ਮੈਂ ਡਰਦਾ ਸਭ ਕੁਝ ਜਰ ਗਿਆ।



ਮੈਨੂੰ ਹਸਪਤਾਲ ਪਿਆਂ ਤਿੰਨ-ਚਾਰ ਦਿਨ ਹੋ ਗਏ ਸਨ। ਡਾਕਟਰ ਦੀ ਮਿਹਰਬਾਨੀ ਨਾਲ ਮੇਰਾ ਸਰੀਰ ਸੁੱਕ ਕੇ ਤੀਲਾ ਹੋ ਗਿਆ ਸੀ। ਸ਼ਾਇਦ ਉਨ੍ਹਾਂ ਨੇ ਪਹਿਲਾਂ ਮੈਨੂੰ ਟੀਕੇ, ਬੋਤਲਾਂ ਲਾ ਕੇ ਸਖ਼ਤ ਮਰੀਜ਼ ਬਣਾਇਆ ਤੇ ਫਿਰ ਤਾਕਤ ਦੇ ਟੀਕੇ ਲਾ ਕੇ ਇਲਾਜ ਸ਼ੁਰੂ ਕੀਤਾ ਹੋਵੇਗਾ। ਮੈਨੂੰ ਪਹਿਲਾਂ ਕੁਝ ਦਿਨ ਤਾਂ ਟੱਟੀ ਪਿਸ਼ਾਬ ਵੀ ਬੈੱਡ ਉਪਰ ਹੀ ਕਰਵਾਇਆ ਗਿਆ ਸੀ। ਮੇਰੇ ਦੋਵੇਂ ਪੁੜੇ ਟੀਕਿਆਂ ਨਾਲ ਵਿੰਨ੍ਹੇ ਗਏ ਸਨ। ਬਾਂਹਾਂ ਦੀਆਂ ਨਾੜਾਂ ਬੋਤਲਾਂ ਨੇ ਪਾੜ ਦਿੱਤੀਆਂ ਸਨ ਪਰ ਮੈਂ ਬੇਵਸ ਡਾਕਟਰਾਂ ਦਾ ਨਾਟਕ ਵੇਖ ਰਿਹਾ ਸਾਂ। ਕਦੇ ਕਦੇ ਟੀਕੇ, ਬੋਤਲਾਂ, ਗੋਲੀਆਂ ਤੋਂ ਮਨ ਏਨਾ ਅੱਕ ਜਾਂਦਾ ਜੀਅ ਕਰਦਾ ਕਿ ਸਭ ਅੱਗੇ ਸੱਚ ਦੱਸ ਕੇ ਡਾਕਟਰਾਂ ਦਾ ਭਾਂਡਾ ਭੰਨ ਦਿਆਂ। ਦੌੜ ਕੇ ਘਰ ਜਾ ਵੜਾਂ ਪਰ ਅੰਦਰਲਾ ਡਰ ਮੈਨੂੰ ਬੋਲਣ ਨਾ ਦਿੰਦਾ।

ਇਸੇ ਤਰ੍ਹਾਂ ਫਸੇ ਹੋਇਆਂ ਮੈਨੂੰ ਹਫ਼ਤਾ ਬੀਤ ਗਿਆ। ਹਫ਼ਤੇ ਬਾਅਦ ਮੈਨੂੰ ਛੁੱਟੀ ਦਿੱਤੀ ਗਈ। ਮਾਂ ਤੇ ਬਾਪੂ ਡਾਕਟਰ ਅੱਗੇ ਹੱਥ ਜੋੜੀਂ ਖੜ੍ਹੇ ਧੰਨਵਾਦ ਕਰ ਰਹੇ ਸਨ। ਜਦੋਂ ਮੈਂ ਹਸਪਤਾਲ 'ਚੋਂ ਨਿੱਕਲਿਆ, ਮੈਥੋਂ ਪੈਰ ਮਸਾ ਪੁੱਟਿਆ ਜਾ ਰਿਹਾ ਸੀ। ਡਾਕਟਰਾਂ ਨੇ ਮੈਨੂੰ ਅਤੇ ਮੇਰੇ ਘਰਦਿਆਂ ਦੀਆਂ ਜੇਬਾਂ ਨੂੰ ਨਚੋੜ ਕੇ ਪਿੰਡ ਦੇ ਰਾਹ ਪਾ ਦਿੱਤਾ ਸੀ। ਫਿਰ ਵੀ ਮੈਂ ਮਹਿਸੂਸ ਕਰ ਰਿਹਾ ਸੀ ਜਿਵੇਂ ਮੈਂ ਵੀਹ ਸਾਲੀ ਸਜ਼ਾ ਕੱਟ ਕੇ ਘਰ ਪਰਤ ਰਿਹਾ ਹੋਵਾਂ।

ਹੁਣ ਉਹ ਦ੍ਰਿਸ਼ ਦੋ ਦਹਾਕਿਆ ਬਾਅਦ ਫਿਰ ਮੇਰੀਆਂ ਅੱਖਾਂ ਅੱਗੇ ਆ ਨੱਚਿਆ। ਮੈਂ, ਮੇਰੀ ਤਿੰਨ ਸਾਲਾ ਧੀ ਨੂੰ ਦਵਾਈ ਦਵਾਉਣ ਲਈ ਸੰਗਰੂਰ ਲੈ ਕੇ ਗਿਆ। ਸੰਗਰੂਰ ਰਹਿੰਦੇ ਕਿਸੇ ਸਾਹਿਤਕ ਮਿੱਤਰ ਤੋਂ ਚੰਗੇ ਡਾਕਟਰ ਬਾਰੇ ਪੁੱਛਿਆ। ਉਸ ਨੇ ਮੈਨੂੰ ਹਸਪਤਾਲ ਦਾ ਨਾਂ ਅਤੇ ਸਾਰੀ ਨਿਸ਼ਾਨੀ ਦੱਸ ਦਿੱਤੀ। ਜਦ ਮੈਂ ਹਸਪਤਾਲ ਅੱਗੇ ਮੋਟਰਸਾਇਕਲ ਤੋਂ ਉਤਰਿਆ ਤਾਂ ਮੇਰੀ ਹਾਸੀ ਨਿਕਲ ਗਈ। ਪਤਨੀ ਨੇ ਪੁੱਛਿਆ, "ਕਿਉਂ ਕੀ ਗੱਲ ਹੋ ਗੀ ਹੱਸੀ ਜਾਨੇਓਂ?"

"ਮੈਂ ਵੀ ਕਦੇ ਇਥੇ ਦਾਖ਼ਲ ਰਿਹਾ ਸੀ।" ਮੈਂ ਹੱਸਦਿਆਂ ਜਵਾਬ ਦਿੱਤਾ।

"ਫੇਰ ਇਹਦੇ 'ਚ ਹੱਸਣ ਵਾਲੀ ਕਿਹੜੀ ਗੱਲ ਐ?" ਜਿਸਨੂੰ ਵੀ ਮੇਰੀ ਪੂਰੀ ਗੱਲ ਦਾ ਪਤਾ ਨਹੀਂ ਸੀ, ਮੇਰੀ ਪਤਨੀ ਵਾਂਗ ਮੈਨੂੰ ਬੇਵਕੂਫ਼ ਹੀ ਸਮਝਦਾ। 'ਲੈ ਭਲਾਂ ਦਾਖ਼ਲ ਹੋਣ 'ਚ ਹੱਸਣ ਵਾਲੀ ਕਿਹੜੀ ਗੱਲ ਹੋਈ?'

ਜਦ ਮੈਂ ਮੇਰੀ ਪਤਨੀ ਨੂੰ ਅੱਗੇ ਹੋਰ ਕਿਸੇ ਨੂੰ ਇਹ ਗੱਲ ਨਾ ਦੱਸਣ ਦੀ ਤਾਕੀਦ ਕਰਕੇ ਸਾਰੀ ਗੱਲ ਦੱਸ ਦਿੱਤੀ ਤਾਂ ਉਹ ਮੇਰੇ ਮੂੰਹ ਵੱਲ ਵੇਖ ਵੇਖ ਹੱਸੀ ਜਾਵੇ, 'ਏਸ ਬੰਦੇ ਨਾਲ ਵੀ ਇਹ ਬਣੀ ਸੀ?'

ਇਹ ਰਾਜ ਮੈਂ ਪਹਿਲੀ ਵਾਰੀ ਮੇਰੀ ਪਤਨੀ ਨੂੰ ਦੱਸਿਆ ਹੈ ਤੇ ਦੂਸਰੇ ਤੁਸੀਂ ਹੋਂ, ਜਿਹੜੇ ਪੜ੍ਹ ਰਹੇ ਹੋ!

ਮੋਬਾ.95922-74200







# ਯਾਦਾਂ ਦੇ ਗਰਭ ਵਿਚੋਂ ਪੈਦਾ ਹੋਈ ਕਹਾਣੀ/-ਮਹਿੰਦਰ ਸਿੰਘ ਤਤਲਾ

ਗੱਲ ਦਸੰਬਰ 1973 ਦੀ ਹੈ ਮੇਰਾ ਬਾਪੂ ਠੁਰ ਠੁਰ ਕਰਦਾ ਖੇਤੋਂ ਘਰ ਆਇਆ। ਆਉਣ ਸਾਰ ਮੇਰੀ ਮਾਂ ਨੂੰ ਰੋਅਬ ਨਾਲ ਕਹਿਣ ਲੱਗਾ, "ਚਾਹ ਬਣਾ ਲੇਟ ਵਰਗੀ। ਪੱਤੀ ਭੋਰਾ ਵੱਧ ਰੱਖੀਂ। ਇਹ ਤਾਂ ਕਬੀਲਦਾਰੀ ਦੇ ਰੋਣੇ ਧੋਣੇ ਜੇ ਮੁਕਣੇ ਈ ਨੀ।" ਮੈਂ ਪਸ਼ੂਆਂ ਨੂੰ ਪੱਠੇ ਪਾ ਰਿਹਾ ਸੀ। ਸਾਇਦ ਬਾਪੂ ਦੀ ਨਿਗਾ ਮੇਰੇ ਵੱਲ ਸੀ। ਜਦ ਮੈਂ ਖੁਰਲੀ ਤੇ ਪਸ਼ੂ ਬੰਨ੍ਹ ਦਿੱਤੇ, ਬਾਪੂ ਬੋਲਿਆ, "ਉਰੇ ਆ ਓਇ ਗੱਲ ਸੁਣ?" ਮੈਂ ਸੋਚਿਆ ਮਨ ਖ਼ੈਰ ਨੀ। ਅੱਜ ਤਾਂ ਬਾਪੂ ਦੀ ਬੜਕ ਸੁਣਕੇ ਕਾਂਬਾ ਛਿੜਦਾ ਹੈ। ਮੈਂ ਬਾਪੂ ਪਾਸ ਜਾ ਕੇ ਉਸਦੇ ਮੰਜੇ ਦੇ ਪੈਂਦ ਬੈਠ ਗਿਆ। ਬਾਪੂ ਕਹਿਣ ਲੱਗਾ," ਗੱਲ ਸੁਣ। ਤੈਨੂੰ 14 ਪੜ੍ਹਾ ਤਾ ਹੁਣ ਤੈਨੂੰ ਨੌਕਰੀ ਮਿਲੂ ਕਿ ਨਹੀਂ।" ਮੈਂ ਆਖਿਆ, "ਬਾਪੂ ਜਦ ਇੰਟਰਵਿਊ ਆਉਂਦੀ ਆ ਮੈਂ ਸਰਟੀਫਿਕੇਟ ਚੱਕ ਕੇ ਤੁਰ ਪੈਂਦਾ ਹਾਂ। ਮੇਰੇ ਕਿਹੜਾ ਬੱਸ ਦੀ ਗੱਲ ਆ। ਸਿਫਾਰਸ ਜਾਂ ਪੈਸਾ ਚਲਦਾ।" ਕੁਝ ਸਮਾਂ ਸੋਚ ਕੇ ਉਸਨੇ ਆਖਿਆ, "ਇਉਂ ਕਰ ਸਾਈਕਲ ਦੀ ਹਵਾ ਹੁਵਾ ਚੈੱਕ ਕਰਲਾ ਕੱਲ ਨੂੰ ਪੱਠੇ ਵੱਢਕੇ ਚਲਾਂਗੇ। ਤੈਥੋਂ ਨੀ ਹੋਣਾ ਕੁਸ। ਮੈਂ ਦੁਆਊਂ ਤੈਨੂੰ ਨੌਕਰੀ।" ਦੂਜੇ ਦਿਨ ਮੈਂ ਬਾਪੂ ਨੂੰ ਸਾਈਕਲ ਦੇ ਕੈਰੀਅਰ ਤੇ ਬਹਾਇਆ ਅਤੇ ਫੁਲ ਸਪੀਡ ਤੇ ਸਾਈਕਲ ਚਲਾਉਣ ਲੱਗ ਪਿਆ। ਬਾਪੂ ਮੈਨੂੰ ਕਹਿੰਦਾ, "ਆਪਾਂ ਹੰਭੜੀ ਜਾਣਾ ਸਰਪੰਚ ਕੋਲ। ਉਹ ਮੇਰਾ ਮਸ਼ੇਰ ਆ। ਬੰਦਾ ਪੱਕਾ ਅਸੂਲੀ ਆ। ਜੇ ਉਹਨੇ 'ਹਾਂ' ਕਰਤੀ ਫਿਰ ਨੌਕਰੀ ਪੱਕੀ। ਤੂੰ ਚਾਚਾ ਜੀ ਕਹਿ ਕੇ ਗੱਲ ਕਰਨੀ ਆ। ਜਾ ਕੇ ਪੈਰੀਂ ਹੱਥ ਵੀ ਲਾਉਣੇ ਆ। ਜੋ ਕੁਸ਼ ਪੁਛੂ-ਸੱਚ ਸੱਚ ਦੱਸਣਾ।"

ਅਸੀਂ ਦਿਨ ਦੇ ਛਿਪਾ ਨਾਲ 40 ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਉਥੇ ਪਹੁੰਚ ਗਏ। ਬਾਪੂ ਨੇ ਜਾਣ ਸਾਰ ਚਾਹ ਪੀ ਕੇ ਗੱਲ ਤੋਰੀ, 'ਮਸੇਰਾ ਤੇਰੇ ਭਤੀਜੇ ਨੇ ਪੜ੍ਹਾਈ ਵਥੇਰੀ ਕੀਤੀ ਆ। ਪਰ ਨੌਕਰੀ ਨੀ ਮਿਲੀ। ਸਰਕਾਰੇ ਦਰਬਾਰੇ ਤੇਰੀ ਪੁਛ ਪੜਤਾਲ ਆ। ਇਸਨੂੰ ਕਿਤੇ ਨੌਕਰੀ ਦੁਆ।"

ਮੇਰਾ ਸਰਪੰਚ ਚਾਚਾ ਬੋਲਿਆ, "ਬਾਈ ਤੈਨੂੰ ਪਤੈ ਮੈਂ ਸਿਫ਼ਾਰਸ਼ ਦੇ ਹੱਕ 'ਚ ਨ੍ਹੀਂ। ਮੁੰਡਾ ਆਪਣੀ ਲਿਆਕਤ ਨਾਲ ਨੌਕਰੀ ਲਵੇ। ਲਿਆਕਤ ਆਪਾਂ ਹੁਣੇ ਪਰਖ ਲੈਨੇ ਆਂ।" ਉਹ ਮੈਨੂੰ ਕਹਿਣ ਲੱਗਾ, "ਤੈਨੂੰ ਦੋ ਸਵਾਲ ਪੁਛਣੇ ਆ। ਜੇ ਤੂੰ ਇਕ ਦਾ ਵੀ ਜਵਾਬ ਦੇ ਦੇਵੇਂ ਮੈਂ ਤੇਰੇ ਬਾਰੇ ਜ਼ਰੂਰ ਸੋਚੂੰ।"

ਪਹਿਲਾ ਸਵਾਲ ਜੋ ਉਸਨੇ ਪੁੱਛਿਆ ਉਹ ਇਸ ਤਰ੍ਹਾਂ ਹੈ, "ਇਕ ਆਦਮੀ ਨੇ ਅੰਦਰੋਂ ਕੁੰਡਾ ਲਾ ਕੇ ਗਾਡਰ ਨਾਲ ਰੱਸਾ ਬੰਨ੍ਹ ਕੇ ਫਾਹਾ ਲੈ ਲਿਆ। ਸ਼ਾਮ ਨੂੰ ਚੁਗਾਠ ਪੁੱਟ ਕੇ ਉਸਨੂੰ ਦੇਖਿਆ ਗਿਆ ਉਥੇ ਕੋਈ ਅਜੇਹੀ ਵਸਤੂ ਨਹੀਂ ਸੀ ਜਿਸ ਉੱਪਰ ਚੜ੍ਹਕੇ ਉਸਨੇ ਗਾਡਰ ਨਾਲ ਰੱਸਾ ਬੰਨਿਆ ਹੋਵੇ। ਥੱਲੇ ਸਿਰਫ ਪਾਣੀ ਸੀ। ਤੈਨੂੰ ਅੱਧੇ ਘੰਟੇ ਦਾ ਟਾਈਮ ਦਿੱਤਾ।" ਮੈਂ ਆਪਣੇ ਦਿਮਾਗ਼ ਤੇ ਬੋਝ ਪਾ ਕੇ ਸੋਚਣ ਲੱਗਾ ਪਰ ਮੇਰੇ ਪੱਲੇ ਕੁਸ਼ ਨਾ ਪਿਆ। 40 ਕੁ ਮਿੰਟਾਂ ਬਾਅਦ ਜਦ ਉਸਨੇ ਪੁੱਛਿਆ ਮੈਂ ਆਖਿਆ, ਚਾਚਾ ਜੀ ਮੈਨੂੰ ਤਾਂ ਕੋਈ ਪਤਾ ਨਹੀਂ। ਉਹ ਮੈਨੂੰ ਬਾਪੂ ਸਾਹਮਣੇ ਹੀ ਕਹਿਣ ਲੱਗ ਪਿਆ, "ਤੇਰੇ ਪੱਲੇ ਸਿਰਫ ਪੜਾਈ ਹੀ ਆ। ਹੋਰ ਕੁਸ਼ ਨੀ ਜਾਣਦਾ ਤੂੰ। ਸੁਣ ਉਥੇ ਬਰਫ ਦੇ ਬਲਾਕ ਪਏ ਸਨ। ਉਸ ਉਪਰ ਚੜ ਕੇ ਉਸਨੇ ਫਾਹਾ ਲੈ ਲਿਆ ਜਦ ਉਸਨੂੰ ਵੇਖਿਆ ਗਿਆ ਬਰਫ ਦਾ ਪਿਘਲ ਕੇ ਪਾਣੀ ਬਣ ਗਿਆ। ਇਹ ਯਾਦ ਮੈਂ ਕਹਾਣੀ 'ਕੰਧ ਤੇ ਲਿਖਿਆ ਲਫ਼ਜ਼' ਵਿੱਚ ਵਰਤੀ ਹੈ। ਪਿਓ ਵੱਲੋਂ ਬਲਾਤਕਾਰ ਦਾ ਸ਼ਿਕਾਰ ਹੋਈ ਲੜਕੀ ਇੱਕ ਕਮਰੇ ਵਿੱਚ ਬਰਫ਼ ਦੇ ਪਏ ਬਲਾਕਾਂ ਉੱਪਰ ਚੜ੍ਹ ਕੇ ਫਾਹਾ ਲੈ ਲੈਂਦੀ ਹੈ। ਜਦ ਉਸਨੂੰ ਦੇਖਿਆ ਜਾਂਦਾ ਹੈ ਫਰਸ਼ ਤੇ ਬਿਨਾ ਪਾਣੀ ਤੋਂ ਹੋਰ ਕੋਈ ਚੀਜ ਵਸਤ ਨੇੜੇ ਨਹੀਂ ਹੈ। ਇਹ ਬਿਰਤਾਂਤ ਓਹਲਾ ਕਹਾਣੀ ਦੇ ਅਖੀਰ ਤੱਕ ਰੱਖਿਆ ਜਾਂਦਾ ਹੈ।

ਦੂਜਾ ਸਵਾਲ ਉਸਨੇ ਪੁੱਛਿਆ, ਮੈਂ ਸਿਰ ਤੋਂ ਪੈਰਾਂ ਤੱਕ ਕੰਬ ਗਿਆ। ਮੈਨੂੰ ਇਉਂ ਲੱਗਿਆ ਜਿਵੇਂ



ਛਾਂਟ ਵਾਲੀ ਪਰਾਣੀ ਮੇਰੇ ਮੌਰਾਂ ਵਿੱਚ ਜੜ ਦਿਤੀ ਹੋਵੇ। ਬਾਪੂ ਵੀ ਸੁਣਕੇ ਘਬਰਾ ਗਿਆ। ਸਵਾਲ ਕਰਕੇ ਓਹ ਬਾਹਰ ਨਿਕਲ ਗਿਆ। ਬਾਪੂ ਕਹਿਣ ਲੱਗਾ, "ਇਹ ਤਾਂ ਸਿਰ ਫਿਰਿਆ ਅਸੂਲੀ ਬੰਦਾ। ਐਵੇਂ ਨਾ ਸ਼ਰਮ ਦਾ ਮਾਰਾ ਪਾਣੀ ਪਾਣੀ ਹੋ। ਸਵੇਰੇ ਸਾਜਰੇ ਸਾਈਕਲ ਚੱਕ ਇਥੋਂ ਤੁਰਦੇ ਬਣੀਏ। ਮੈਂ ਉਹ ਸਵਾਲ ਵੀ ਤੁਹਾਨੂੰ ਦੱਸਾਂਗਾ। ਉਸਨੇ ਮੈਨੂੰ ਜਵਾਬ ਦੇਣ ਲਈ 12 ਘੰਟੇ ਦਿੱਤੇ ਸੀ।

ਕਹਾਣੀ 'ਮੌਤ ਦੇ ਸਾਏ ਹੇਠ' ਦੀ ਉਥਲ ਪੁਥਲ ਕਈ ਸਾਲ ਮੇਰੇ ਦਿਮਾਗ਼ ਵਿੱਚ ਰੀਲ ਵਾਂਗ ਘੁੰਮਦੀ ਰਹੀ। ਇਕ ਵਾਰ ਮੈਂ ਲੁਧਿਆਣੇ ਤੋਂ ਬੱਸ ਰਾਹੀਂ ਜਗਰਾਉਂ ਆ ਰਿਹਾ ਸੀ। ਮੇਰੀ ਮੂਹਰਲੀ ਸੀਟ ਤੇ ਦੋ ਲੜਕੀਆਂ ਬੈਠੀਆਂ ਸਨ। ਇੱਕ ਦੂਜੀ ਨੂੰ ਕਹਿੰਦੀ, "ਤੂੰ ਉਨ੍ਹਾਂ ਕੋਲੋਂ ਕਿਵੇਂ ਬਚ ਗਈ?" ਇਹ ਸੁਣ ਕੇ ਮੈਂ ਵੀ ਉਨ੍ਹਾਂ ਦੀ ਗੱਲ ਧਿਆਨ ਨਾਲ ਸੁਣਨ ਲੱਗਾ। ਦੂਜੀ ਬੋਲੀ, 'ਮੈਂ ਤਾਂ ਟਰੈਕ ਖੇਲਿਆ।" "ਕੀ?" ਪਹਿਲੀ ਨੇ ਪੁੱਛਿਆ। ਮੈਂ ਆਖਿਆ ਮੈਨੂੰ ਏਡਜ਼ ਹੈ। ਬੱਸ ਏਡਜ਼ ਦਾ ਨਾਂ ਸੁਣ ਕੇ ਉਹ ਰਫੂ ਚੱਕਰ ਹੋ ਗਏ।" ਇਸ ਤਰ੍ਹਾਂ ਸਮਾਂ ਪੈ ਕੇ 'ਮੌਤ ਦੇ ਸਾਏ ਹੇਠ' ਕਹਾਣੀ ਦੀ ਸਿਰਜਣਾ ਹੋ ਸਕੀ। ਕਹਾਣੀ 'ਨੁਸਰਤ ਲਾਡੀ' ਵੀ ਏਡਜ ਨਾਲ ਸਬੰਧਤ ਹੈ। ਇਸ ਕਹਾਣੀ ਦਾ ਕੁਸ਼ ਦਰਦ ਮੈਂ ਖੁਦ ਆਪਣੇ ਪਿੰਡੇ 'ਤੇ ਹੰਢਾਇਆ ਹੈ। ਮੇਰੇ ਮਾਮੇ ਦਾ ਲੜਕਾ ਕਬੱਡੀ ਦਾ ਚੋਟੀ ਦਾ ਖਿਡਾਰੀ ਸੀ। ਮੇਰੇ ਨਾਲ ਉਸਦੀ ਬੜੀ ਨੇੜਤਾ ਸੀ। ਕੁਝ ਸਾਲਾਂ ਬਾਅਦ ਉਹ ਡੁੱਬਈ ਚਲਾ ਗਿਆ। ਜਦ ਉਹ ਵਾਪਸ ਆਇਆ ਉਸਦਾ ਗੋਰਾ ਨਿਸ਼ੋਹ ਰੰਗ ਕਾਲਾ ਧੁਤ ਹੋਇਆ ਪਿਆ ਸੀ। ਮੈਂ ਉਸਨੂੰ ਡਾਕਟਰ ਦੇ ਲੈ ਗਿਆ। ਡਾਕਟਰ ਨੇ ਪਰਦੇ ਨਾਲ ਆਖਿਆ ਕਿ ਇਸਦਾ ਐਚ ਆਈ ਵੀ ਟੈਸਟ ਕਰੋ। ਰਿਪੋਰਟ ਦੂਜੇ ਦਿਨ ਮੈਂ ਖੁ ਲਈ। ਉਸਦਾ ਐਚ. ਆਈ. ਵੀ. ਪੌਜੇਟਿਵ ਸੀ। ਮੈਂ ਸਭ ਕੁਝ ਆਪਣੀ ਭਰਜਾਈ ਭਾਵ ਉਸਦੀ ਪਤਨੀ ਨੂੰ ਦੱਸ ਦਿੱਤਾ। ਛੇਆਂ ਕੁ ਮਹੀਨਿਆਂ ਬਾਅਦ ਉਹ ਮੌਤ ਨਾਲ ਸੰਘਰਸ਼ ਕਰਦਾ ਚੱਲ ਵਸਿਆ। ਦੋ ਕੁ ਸਾਲਾਂ ਬਾਅਦ ਉਸਦੀ ਪਤਨੀ ਵੀ ਕੂਚ ਕਰ ਗਈ। ਇਸ ਘਟਨਾ ਨੇ ਮੈਨੂੰ ਹਿਲਾ ਕੇ ਰੱਖ ਦਿੱਤਾ। ਏਡਜ ਦਾ ਮਰੀਜ਼ ਖੁਦ ਤਾਂ ਦਰਦ ਭਰੀ ਮੌਤ ਮਰਦਾ ਹੀ ਹੈ। ਪਰ ਸਮਾਜ ਵੀ ਉਸਨੂੰ ਨਫ਼ਰਤ ਅਤੇ ਘਿਰਣਾ ਦੀ ਨਜ਼ਰ ਨਾਲ ਵੇਖਦਾ ਹੈ।

'ਦਹਿਸ਼ਤ' ਕਹਾਣੀ ਇੱਕ ਦੁਖਦਾਈ ਘਟਨਾ ਤੋਂ ਹੋਂਦ ਵਿਚ ਆਈ। ਮੈਨੂੰ ਪਿੰਡ ਤੋਂ ਆਪਣੀ ਪਤਨੀ ਨੂੰ ਸਕੂਲ ਛੱਡਣ ਲਈ 20 ਕਿਲੋਮੀਟਰ ਸਾਈਕਲ ਚਲਾਉਣਾ ਪੈਂਦਾ ਸੀ। ਬਾਅਦ ਵਿੱਚ ਮੈਂ ਆਪਣੇ ਸਕੂਲ ਆਉਂਦਾ ਸੀ। ਅਸੀਂ ਆਪਦੇ ਪਿੰਡ ਤੋਂ 7-8 ਕਿਲੋਮੀਟਰ ਤੇ ਇਕ ਕਸਬੇ ਵਿੱਚ ਮਕਾਨ ਕਿਰਾਏ ਤੇ ਲੈ ਕੇ ਰਹਿਣ ਲੱਗ ਪਏ। ਉਦੋਂ ਅੱਤਵਾਦ ਸਿਖਰਾਂ ਤੇ ਸੀ। ਇਕ ਦਿਨ ਸਿਖਰ ਦੁਪਹਿਰੇ ਤਿੰਨ ਅੱਤਵਾਦੀਆਂ ਦੇ ਬਜ਼ਾਰ ਵਿੱਚ ਅੰਨੇਵਾਹ ਗੋਲੀਆਂ ਚਲਾ ਕੇ ਚਾਰ ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਮੈਂ ਖੁਦ ਉਨ੍ਹਾਂ ਦਾ ਡੁੱਲ੍ਹਿਆ ਖ਼ੂਨ ਦੇਖਿਆ। ਪਲਾਂ ਵਿੱਚ ਹੀ ਦੁਕਾਨ ਬੰਦ ਹੋ ਗਈਆਂ। ਮੈਂ ਘਰ ਆ ਕੇ ਗੋਡਿਆਂ 'ਚ ਸਿਰ ਦੇ ਕੇ ਰੋਣ ਲੱਗ ਪਿਆ। ਸੋਚਿਆ ਧਰਮ ਦੇ ਨਾਂ ਤੇ ਹੀ ਮਨੁੱਖ, ਮਨੁੱਖ ਦਾ ਕਾਤਲ ਹੋ ਨਿਬੜਦਾ ਹੈ। ਉਦੋਂ 4-5 ਹਿੰਦੂ ਪਰਿਵਾਰ ਪੰਜਾਬ ਛੱਡ ਕੇ ਕਿਸੇ ਹੋਰ ਸਟੇਟ 'ਚ ਚਲੇ ਗਏ। ਇਸ ਘਟਨਾ ਨੇ ਮੈਨੂੰ ਝੰਜੋੜ ਕੇ ਰੱਖ ਦਿੱਤਾ।

'ਤਾਰੋ' ਕਹਾਣੀ ਦਾ ਪਲਾਟ ਮੈਨੂੰ ਉਦੋਂ ਮਿਲਿਆ ਸੀ ਜਦ ਮੈਂ ਆਪਣੇ ਖੇਤ ਲੇਬਰ ਵਾਲਿਆਂ ਨਾਲ ਮੱਕੀ ਗੁੱਡ ਰਿਹਾ ਸੀ। ਦੁਪਹਿਰ ਦੀ ਰੋਟੀ ਖਾਣ ਸਮੇਂ ਇੱਕ ਆਦਮੀ ਨੇ ਦੱਸਿਆ ਸੀ ਕਿ ਇੱਕ ਵਿਅਕਤੀ ਨੂੰ ਟਰੈਕਟਰ ਵੇਚਣਾ ਕਿੰਨਾ ਮਹਿੰਗਾ ਪੈ ਜਾਣਾ ਸੀ। ਉਸ ਕੋਲ ਰਕਮ ਦੇਖਕੇ ਦੋ ਆਦਮੀ ਉਸਦਾ ਪਿੱਛਾ ਕਰਨ ਲੱਗ ਪਏ। ਜਦ ਉਸਨੂੰ ਪਤਾ ਲੱਗਿਆ ਉਹ ਆਪਣੇ ਹੋਣ ਵਾਲੇ ਸਹੁਰਿਆਂ ਦੇ ਪਿੰਡ ਬੱਸ ਵਿਚੋਂ ਉਤਰ ਗਿਆ। ਉਸ ਰਾਤ ਪੈਸਿਆਂ ਦੇ ਲਾਲਚ ਵਿੱਚ ਆ ਕੇ ਉਸਨੇ ਸਾਲਿਆਂ ਨੇ ਉਸਨੂੰ ਕਤਲ ਕਰਨ ਦਾ ਇਰਾਦਾ ਬਣਾ ਲਿਆ। ਇਸਦਾ ਪਤਾ ਉਸਦੀ ਹੋਣ ਵਾਲੀ ਪਤਨੀ ਨੂੰ ਵੀ ਲੱਗ ਗਿਆ। ਉਹ ਰਾਤ ਦੇ ਹਨੇਰੇ ਵਿੱਚ ਆਪਣੇ ਪਤੀ ਨੂੰ ਉਠਾ ਕੇ ਸਦਾ ਲਈ ਆਪਦੇ ਪੇਕਿਆਂ ਨੂੰ ਅਲਵਿਦਾ ਕਹਿ ਆਈ।

'ਦਲਦਲ' ਕਹਾਣੀ ਵੀ ਇਕ ਨਿੱਕੀ ਯਾਦ ਤੋਂ ਸਿਰਜ ਹੋ ਗੀ। ਮੇਰੀ ਸਰਵਸ ਦੌਰਾਨ ਇਕ ਸਕੂਲ ਵਿੱਚ ਹੈਡਮਾਸਟਰ ਨੇ ਗੱਲ ਸੁਣਾਈ ਕਿ ਆਪਣੇ ਸ਼ਹਿਰ ਦਾ ਠਾਣੇਦਾਰ ਗ੍ਰਿਫਤਾਰ ਕੀਤੇ ਵਿਅਕਤੀ ਨੂੰ ਉਨ੍ਹਾਂ ਸਮਾਂ ਨਹੀਂ ਛੱਡਦਾ ਜਦ ਤਕ ਠਾਣੇਦਾਰ ਦੀ ਜੇਬ ਪੈਸੇ ਨਾਲ ਨਾ ਭਰੇ। ਇਕ ਵਾਰ ਠਾਣੇਦਾਰ ਨੇ ਇਕ ਵਿਅਕਤੀ ਨੂੰ ਕਿਸੇ ਕਾਰਨ ਗ੍ਰਿਫਤਾਰ ਕਰ ਲਿਆ। ਦੂਜੇ ਦਿਨ ਸਰਪੰਚ ਜਦ ਉਸਨੂੰ ਛੁਡਾਉਣ ਗਿਆ, ਉਹ ਵਿਅਕਤੀ ਠਾਣੇ ਦਾ ਸਾਹਮਣੇ ਇਕ ਹੋਟਲ ਤੇ ਚਾਹ ਪੀ ਰਿਹਾ ਸੀ। ਸਰਪੰਚ ਨੂੰ ਦੇਖ ਦੇ ਬਹੁਤ ਹੈਰਾਨੀ ਹੋਈ ਕਿਉਂਕਿ ਉਹ ਠਾਣੇਦਾਰ ਦੇ ਭੇਤੀ ਸੀ। ਦੋ ਕੁ ਮਹੀਨਿਆਂ ਬਾਅਦ ਪਤਾ ਲੱਗਿਆ ਕਿ ਉਸਦਾ ਇੱਕ ਮਿੱਤਰ ਰਾਤ ਨੂੰ ਠਾਣੇਦਾਰ ਨੂੰ ਪੈਸੇ ਦੇ ਆਇਆ ਸੀ। ਪਰ ਉਸਨੇ ਗ੍ਰਿਫਤਾਰ ਕੀਤੇ ਆਪਦੇ ਮਿੱਤਰ ਨੂੰ ਇਸ ਗੱਲ ਦੀ ਭਿਣਕ ਨਾ ਪੈਣ ਦਿੱਤੀ। 'ਦਲਦਲ' ਕਹਾਣੀ ਵਿੱਚ ਪਾਤਰ ਸੁਰਜੀਤ ਪੈਸੇ ਪੱਖੋਂ ਕੰਗਾਲ ਹੋਣ ਕਾਰਨ ਹਸਪਤਾਲ ਵਿੱਚ ਆਪਣੇ ਲੜਕੇ ਦਾ ਅਪਰੇਸ਼ਨ ਕਰਾਉਣ ਤੋਂ ਵੀ ਅਸਮਰੱਥ ਹੈ। ਉਹ ਆਪਣੇ ਸਕੇ ਭਾਈ ਖੜਕ ਸਿੰਘ ਨੂੰ ਦੁਸ਼ਮਣ ਸਮਝਦਾ ਹੈ। ਇਸ ਅਤਿ-ਨਾਜਕ ਅਤੇ ਤਰਸਯੋਗ ਹਾਲਤ ਵਿੱਚ ਖੜਕ ਸਿੰਘ, ਸੁਰਜੀਤ ਦੀ ਮਦਦ ਕਰਕੇ ਬਿਨਾ ਦੱਸੇ ਹੀ ਹਸਪਤਾਲ ਤੋਂ ਚਲਿਆ ਜਾਂਦਾ ਹੈ।

'47-ਏ-ਦਿੱਲੀ' ਕਹਾਣੀ ਲਿਖਣ ਲਈ ਮੈਨੂੰ ਕਾਫੀ ਜੱਦੋ ਜਹਿਦ ਕਰਨੀ ਪਈ। ਮੇਰੇ ਕੋਲ ਕੁਝ ਕੁ ਯਾਦਾਂ ਸਨ। ਦਿੱਲੀ ਜਾ ਕੇ ਉਨ੍ਹਾਂ ਥਾਵਾਂ ਨੂੰ ਦੇਖਣਾ ਪਿਆ ਜਿਥੇ ਸਿੱਖਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ। ਇਸ ਕਹਾਣੀ ਦਾ ਇੱਕ ਅੰਸ਼ 1970 ਤੋਂ ਹੀ ਮੇਰੇ ਦਿਮਾਗ਼ ਵਿੱਚ ਘਰ ਕਰ ਗਿਆ ਸੀ। ਉਦੋਂ ਮੈਂ ਬੀ. ਏ. ਪਾਰਟ ਵੰਨ ਵਿਚ ਪੜ੍ਹਦਾ ਸੀ। ਅਸੀਂ ਸਾਈਕਲ ਤੇ ਕਾਲਜ ਜਾਂਦੇ ਹੁੰਦੇ ਸੀ ਅਤੇ ਵਾਪਸੀ ਸਮੇਂ ਇੱਕ ਹੋਟਲ ਤੇ ਚਾਹ ਪੀਂਦੇ ਸਾਂ। ਇਕ ਦਿਨ ਮੈਂ ਉਥੇ ਅਖਬਾਰ ਵਿੱਚ ਇਕ ਕਹਾਣੀ ਪੜ੍ਹੀ। ਹੁਣ ਮੈਨੂੰ ਕਹਾਣੀ ਅਤੇ ਉਸ ਲੇਖਕ ਦਾ ਨਾਂ ਯਾਦ ਨਹੀਂ। ਜਿਹੜੀ ਘਟਨਾ ਉਦੋਂ ਕਹਾਣੀ ਪੜ੍ਹਕੇ ਮੇਰੇ ਅਚੇਤ ਮਨ ਵਿੱਚ ਵਸ ਗਈ, ਉਹ ਇਸ ਤਰ੍ਹਾਂ ਸੀ, ਇਕ ਬੁੱਢੀ ਔਰਤ ਹਮੇਸਾਂ ਹੀ ਆਪਦੇ ਸੰਦੂਕ ਨੂੰ ਜਿੰਦਾ ਲਾ ਕੇ ਰੱਖਦੀ। ਚਾਬੀ ਉਹ ਕਦੇ ਵੀ ਕਿਸੇ ਪਰਿਵਾਰ ਦੇ ਮੈਂਬਰ ਨੂੰ ਨਾ ਦਿੰਦੀ। ਜਦ ਉਸ ਬੁੱਢੀ ਦੀ ਮੌਤ ਹੋ ਗਈ ਤਾਂ ਜਿੰਦਾ ਖੋਲ ਕੇ ਸੰਦੂਕ ਨੂੰ ਚੰਗੀ ਤਰ੍ਹਾਂ ਦੇਖਿਆ ਗਿਆ। ਦਰੀਆਂ ਚਾਦਰਾਂ ਅਤੇ ਖੇਸਾਂ ਤੋਂ ਬਿਨਾਂ ਉਸ ਵਿੱਚੋਂ ਕੁਝ ਨਾ ਮਿਲਿਆ। ਬੁੱਢੀ ਦੀ ਇੱਕ ਸਿਆਣੀ ਨੂੰਹ ਨੇ ਸੁਝਾਅ ਦਿੱਤਾ ਕਿ ਸੰਦੂਕ ਵਿੱਚ ਕੋਈ ਰਖਣਾ ਦੇਖੋ। ਇਸ ਉਪਰੰਤ ਸੰਦੂਕ ਨੂੰ ਫਿਰ ਚੰਗੀ ਤਰ੍ਹਾਂ ਚੈੱਕ ਕੀਤਾ। ਤਾਂ ਦੇਖਿਆ ਕਿ ਇਕ ਪਾਸੇ ਛੋਟੇ ਜਿਹੇ ਰਖਣੇ ਨੂੰ ਜਿੰਦੀ ਲੱਗੀ ਹੋਈ ਹੈ। ਜਿੰਦੀ ਤੋੜਕੇ ਉਸਨੂੰ ਖੋਲ੍ਹਿਆ। ਉਸ ਵਿੱਚੋਂ ਮੋਹਰਾਂ ਦੀ ਭਰੀ ਪੋਟਲੀ ਨਿਕਲ। ਕਹਾਣੀ ਲਿਖਣ ਦੇ ਸਫਰ ਦੌਰਾਨ ਮੇਰੇ ਮਨ ਵਿਚ ਇਹ ਗੱਲ ਵਾਰ ਵਾਰ ਆਉਂਦੀ ਰਹੀ ਕਿ ਮੈਂ ਵੀ ਕੋਈ ਇਸ ਤਰ੍ਹਾਂ ਦੀ ਕਹਾਣੀ ਲਿਖਾਂ।

ਇਸ ਕਹਾਣੀ ਦਾ ਦੂਜਾ ਭਾਗ 'ਉਹ ਲੜਕੀ' ਜਦ ਪਾਤਰ ਪਰਮਜੀਤ ਨੇ ਦਵਿੰਦਰ ਸਿਧੂ ਨੂੰ ਪੱਤਰ ਲਿਖਿਆ ਉਸ ਸਮੇਂ ਹੀ ਮੇਰੇ ਮਨ ਵਿੱਚ ਉਤਪਨ ਹੋ ਗਈ ਸੀ। ਇਕ ਯਾਦਾਂ ਹੋਰ ਚੇਤੇ ਆ ਰਹੀ ਹੈ। ਸਾਡੇ ਇਲਾਕੇ ਵਿਚ ਇਕ ਕਾਲਜ ਵਿੱਚ ਦੋ ਦੋਸਤ ਇਕੋ ਕਲਾਸ ਵਿਚ ਪੜ੍ਹਦੇ ਸਨ। ਆਪਾਂ ਉਨ੍ਹਾਂ ਦਾ ਨਾਂ ਮੋਹਨ ਤੇ ਸੋਹਣ ਰੱਖ ਲੈਂਦੇ ਹਾਂ। ਉਨ੍ਹਾਂ ਦੀ ਦੋਸਤੀ ਸਿਰਫ ਬਾਹਰੀ ਤੌਰ ਤੇ ਸੀ ਭਾਵ ਉਹ ਇਕ ਦੂਜੇ ਦੇ ਘਰ ਨਹੀਂ ਸਨ ਗਏ। ਇਕ ਦਿਨ ਉਨ੍ਹਾਂ ਇਕੱਠਿਆ ਬਲਿਊ ਫਿਲਮ ਦੇਖੀ। ਸੋਹਣ ਕਹਿਣ ਲੱਗਾ, ਮੋਹਣ ਕਰ ਕੁਸ਼ ਯਾਰ। ਜਲੂਣ ਜੀ ਹੋਈ ਜਾਂਦੀ ਆ।' ਮੋਹਣ ਕਹਿੰਦਾ ' ਪਰਸੋ ਨੂੰ ਸ਼ਹਿਰ ਆਜੀਂ। ਮੇਰੀ ਮਾਸੀ ਦੀ ਕੋਠੀ ਦੀਆਂ ਚਾਬੀਆਂ ਮੇਰੇ ਪਾਸ ਈ ਆ। ਉਹ ਸਾਰਾ ਟੱਬਰ ਇੰਗਲੈਂਡ ਗਿਆ ਹੋਇਆ। ਜਦ ਸੋਹਣ ਉਥੇ ਪਹੁੰਚਿਆ ਮੋਹਨ ਨੇ ਸੈਨਤ ਨਾਲ ਇਕ ਕਮਰੇ ਵੱਲ ਇਸ਼ਾਰਾ ਕਰ ਦਿੱਤਾ। ਅਗਾਂਹ ਸੋਹਣ ਦੀ ਆਪਣੀ ਸਕੀ ਭੈਣ ਬੈਠੀ ਸੀ। ਉਸੇ ਸ਼ਾਮ ਸੋਹਣ ਨੇ ਨਹਿਰ ਵਿੱਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਇਹ ਸਦਮਾ ਨਾ ਸਹਾਰਦੀ ਹੋਈ ਉਸਦੀ ਭੈਣ ਸਲਫਾਸ ਦੀਆਂ ਗੋਲੀਆਂ ਖਾ ਕੇ ਖੁਦਕੁਸ਼ੀ ਕਰ



ਗਈ। ਬੱਸ ਇਸੇ ਯਾਦ ਵਿਚੋਂ ਕਹਾਣੀ 'ਕਮਰਾ ਨੰਬਰ-15' ਬਣੀ।

'ਕਲਰਕ' ਕਹਾਣੀ ਮੇਰੀਆਂ ਅਨੇਕਾਂ ਯਾਦਾਂ ਵਿਚੋਂ ਪੈਦਾ ਹੋਈ। ਮੇਰੀ ਸਿੱਖਿਆ ਵਿਭਾਗ ਵਿਚ 32 ਸਾਲ ਦੀ ਸਰਵਿਸ ਬਤੌਰ ਕਲਰਕ ਹੈ। ਜੇ ਮੈਂ ਚਾਹੁੰਦਾ ਤਾਂ ਇਸਤੇ ਨਾਵਲ ਵੀ ਲਿਖਿਆ ਜਾ ਸਕਦਾ ਸੀ। ਇਕ ਵਾਰ ਮੇਰੀ ਕਿਸੇ ਕਾਰਨ ਕਰਕੇ ਸਕੂਲ ਇਨਚਾਰਜ ਨਾਲ ਅਣ ਬਣ ਹੋ ਗਈ। ਐਸ. ਡੀ. ਐਮ. ਦਫ਼ਤਰ ਤੋਂ ਸਾਡੇ ਸਕੂਲ ਵਿਖੇ ਇਕ ਮੁਲਾਜ਼ਮ ਦੋ ਅਧਿਆਪਕਾਂ ਦੀ ਡਿਊਟੀ ਬਤੌਰ ਬੀ. ਐਲ. ਓ. ਲਗਾਉਣ ਲਈ ਆ ਗਿਆ। ਸਕੂਲ ਇਨਚਾਰਜ ਨੇ ਉਸ ਵਿੱਚ ਮੇਰਾ ਨਾਂ ਵੀ ਲਿਖ ਕੇ ਭੇਜ ਦਿੱਤਾ। ਮੈਂ ਲਗ ਭੱਗ 20 ਦਿਨ ਪਿੰਡ ਵਿੱਚ ਘੁੰਮ ਕੇ ਸੀ. ਐਲ. ਓ. ਦੀ ਡਿਊਟੀ ਨਿਭਾਉਂਦਾ ਰਿਹਾ। ਜਦ ਮੈਂ ਲਿਸਟਾ ਐਸ. ਡੀ. ਐਮ. ਦਫਤਰ ਜਮਾ ਕਰਵਾਉਣ ਗਿਆ ਤਾਂ ਦੇਖਿਆ ਕਿ ਮਾਰਕੀਟ ਕਮੇਟੀ ਦੇ ਮੁਲਾਜਮਾਂ ਦੀ ਡਿਊਟੀ ਏਦਾਂ ਦੀ ਸੁਧਾਈ ਲਈ ਲੱਗੀ ਹੋਈ ਹੈ। ਇਸ ਦਫ਼ਤਰੀ ਚੱਕਰ ਵਿਚੋਂ ਬੀਤੀਆਂ ਯਾਦਾਂ ਤੋਂ ਇਹ ਕਹਾਣੀ ਜਨਮੀ।

'ਤੇਰੇ ਜਾਣ ਪਿੱਛੋਂ' ਕਹਾਣੀ ਨੈਕਸਲਾਈਟ ਮੂਵਮੈਂਟ ਸਮੇਂ ਇਕ ਘਟਨਾ ਤੋਂ ਉਪਜੀ। ਉਦੋਂ ਕਿਤੇ ਅਖ਼ਬਾਰ ਵਿੱਚ ਪੜ੍ਹਿਆ ਸੀ ਕਿ ਇੱਕ ਵਿਅਕਤੀ ਆਪਦੇ ਬਿਮਾਰ ਬੇਟੇ ਲਈ ਪਿੰਡ ਦੇ ਦੂਜੇ ਪਾਸੇ ਡਾਕਟਰ ਨੂੰ ਬੁਲਾਉਣ ਚਲਾ ਗਿਆ। ਅਗਾਂਹ ਮੋੜ ਤੇ ਪੁਲਸ ਦਾ ਨਾਕਾ ਲੱਗਿਆ ਹੋਇਆ ਸੀ। ਸਮਾਂ ਰਾਤ ਦਾ ਸੀ। ਉਸਨੂੰ ਪੁਲੀਸ ਮੁਲਾਜ਼ਮ ਨੇ ਰੁਕਣ ਦਾ ਇਸ਼ਾਰਾ ਕੀਤਾ। ਉਸਤੋਂ ਸਕੂਟਰ ਰੋਕਦੇ ਰੋਕਦੇ ਵੀ ਦੋ ਕੁ ਕਰਮਾ ਅਗਾਂਹ ਚਲਿਆ ਗਿਆ। ਸਿਰਫ ਇਸ ਕਾਰਨ ਹੀ ਪੁਲੀਸ ਮੁਲਾਜਮਾਂ ਨੇ ਉਸਦੇ ਰਾਈਫਲਾਂ ਦੇ ਬੱਟ ਮਾਰਨੇ ਸ਼ੁਰੂ ਕਰ ਦਿੱਤੇ। ਇਕ ਮੁਲਾਜਮ ਤੋਂ ਗੋਲੀ ਚੱਲਣ ਕਾਰਨ ਦੂਜੇ ਮੁਲਾਜਮ ਦੀ ਲੱਤ ਵਿਚ ਗੋਲੀ ਲੰਘ ਲਈ। ਦੂਜੇ ਦਿਨ ਖ਼ਬਰ ਛਪੀ,' ਪੁਲੀਸ ਮੁਕਾਬਲੇ ਵਿਚ ਇਕ ਨੈਕਸਲਾਈਟ ਹਲਾਕ"

"ਮਾਂ" ਕਹਾਣੀ ਵੀ ਮੈਂ ਆਪਣੀਆਂ ਯਾਦਾਂ ਸਹਾਰੇ ਲਿਖੀ। ਮੇਰੇ ਬਾਪੂ ਤੇ ਕਤਲ ਦਾ ਕੇਸ ਪੈ ਗਿਆ ਸੀ। ਉਸ ਸਮੇਂ ਦੌਰਾਨ ਅਸੀਂ ਬਹੁਤ ਔਖੇ ਦਿਨ ਲੰਘਾਏ। ਖੇਤੀ 'ਚ ਖੜੋਤ ਆ ਗਈ। ਤੂੜੀ ਮੁਕਣ ਕਾਰਨ ਅਸੀਂ ਭੈਣਾ ਭਰਾਵਾਂ ਨੇ ਸਵੇਰਿਉਂ ਹੀ ਪੱਠਿਆ ਦੀ ਭਾਲ ਵਿੱਚ ਘਰੋਂ ਨਿਕਲ ਜਾਣਾ। ਕਮਾਦ ਦੇ ਆਗ ਲਹੁਣੇ। ਕਾਹੀ ਵੱਢਕੇ ਲਿਆਉਣੀ। ਮਾੜੀ ਆਰਥਿਕ ਹਾਲਤ ਹੋਣ ਕਾਰਨ ਵੀ ਉਸਨੂੰ ਪੀ. ਜੀ. ਆਈ. ਹਸਪਤਾਲ ਦਾਖਲ ਕਰਵਾਇਆ। ਪਰ ਮਾਂ ਨੂੰ ਅਰਾਮ ਨਾ ਆਇਆ। ਆਖੀਰ ਉਹ ਦਮ ਤੋੜ ਗਈ। ਇਹ ਕਹਾਣੀ ਲਿਖਣ ਲਈ ਮੈਨੂੰ ਬਹੁਤ ਜੂਝਣਾ ਪਿਆ। ਇਸਦੇ ਅੰਤਲੇ ਪੈਰ੍ਹੇ ਨੂੰ ਘੱਟੋ ਘੱਟ 15 ਵਾਰ ਕੱਟ ਕੇ ਲਿਖਣਾ ਪਿਆ।

ਦੂਜੇ ਦਿਨ ਮੇਰੇ ਸਰਪੰਚ ਚਾਚਾ ਜੀ ਨੇ ਸੁਵੱਖਤੇ ਹੀ ਉਠਾ ਲਿਆ। ਚਾਹ ਪਾਣੀ ਪੀ ਕੇ ਜਦ ਅਸੀਂ ਬੈਠ ਗਏ ਉਸਨੇ ਬਾਪੂ ਸਾਹਮਣੇ ਮੈਨੂੰ ਆਖਿਆ, "ਭਤੀਜ ਮੇਰੀ ਭਰਜਾਈ ਮਤਲਬ ਤੇਰੀ ਮਾਂ ਦਾ ਕੀ ਹਾਲ ਹੈ।" ਮੈਨੂੰ ਇਉਂ ਲੱਗਿਆ ਜਿਵੇਂ ਮੈਂ ਮੋੜੀਆਂ ਦੇ ਝਾਫਿਆਂ ਵਿਚ ਫਸ ਗਿਆ ਹੋਵਾਂ। ਮੈਂ ਕੁਸ ਆਖਦਾ ਬਾਪੂ ਮੁਸਕਰੀਏ ਹੱਸਦਾ ਹੋਇਆ ਪਹਿਲਾਂ ਹੀ ਬੋਲ ਪਿਆ, "ਪੁੱਤਰਾ ਕਹਿ ਕੇ ਆਪਣੇ ਚਾਚੇ ਨੂੰ ਬਈ ਉਹ ਤਾਂ ਅੱਠੋ ਅੱਠ ਮਾਰਦੀ ਆ।" ਫਿਰ ਚਾਚਾ ਮੈਨੂੰ ਕਹਿੰਦਾ, "ਉਹ ਤਾਂ ਠੀਕ ਹੈ। ਪਰ ਤੇਰੇ ਮੂੰਹ ਤੇ ਆਈ ਪਲੱਤਣ ਤੋਂ ਪਤਾ ਲਗਦਾ ਕਿ ਮੇਰੇ ਸਵਾਲ ਦਾ ਜਵਾਬ ਤੈਨੂੰ ਨੀ ਸੁਝਿਆ।"

ਮੈਂ 'ਹਾਂ' ਵਿਚ ਸਿਰ ਹਿਲਾ ਦਿੱਤਾ।

ਉਸਦਾ ਸਵਾਲ ਸੀ ਜੋ ਉਸਨੇ ਰਾਤ ਨੂੰ ਪੁੱਛਿਆ ਸੀ,"ਕੀ ਤੂੰ ਕਿਸੇ ਔਰਤ ਨਾਲ ਸੁੱਤਾ ਏਂ ਅਤੇ ਉਸ ਨਾਲ ਪਿਆਰ ਕੀਤਾ ਏ?" ਉਸਦੇ ਸਵਾਲ ਦਾ ਜਵਾਬ ਸੀ ਜੋ ਉਸਨੇ ਮੈਨੂੰ ਉਸ ਸਮੇਂ ਦੱਸਿਆ, "ਤੂੰ ਆਪਦੀ ਮਾਂ ਨਾਲ ਸੁੱਤਾਂ ਵੀ ਏ ਅਤੇ ਉਸ ਨਾਲ ਪਿਆਰ ਵੀ ਕੀਤਾ ਏ।"

ਬੱਸ ਇਸ ਯਾਦ ਤੋਂ ਹੀ 'ਮਾਂ' ਕਹਾਣੀ ਦੀ ਸਿਰਜਣਾ ਹੋ ਗਈ।

ਮੋਬਾ. 972653150

# ਕੋਈ ਅੰਤ ਨਹੀਂ ਯਾਦਾਂ ਦਾ / -ਬਿੰਦਰ ਸਿੰਘ ਭੁਮਸੀ

ਮੈਂ ਹੁਣ ਤੱਕ ਚਾਰ ਕਹਾਣੀਆਂ 'ਰਹੱਸ' , 'ਪੰਛੀ ਖੁਦਕੁਸ਼ੀ ਨਹੀਂ ਕਰਦੇ', 'ਅੰਦਰਲਾ ਜ਼ਖ਼ਮ', 'ਹਨੇਰੇ ਵਿਚ' ਲਿਖੀਆਂ ਹਨ। ਮੈਂਕੋਈ ਵੀ ਕਹਾਣੀ ਜ਼ੋਰ ਲਾ ਕੇ ਨਹੀਂ ਲਿਖੀ ਤੇ ਨਾ ਹੀ ਲਿਖ ਹੁੰਦੀ ਹੈ। ਕਹਾਣੀਆਂ ਦੀ ਤਰ੍ਹਾਂ ਹੀ ਇਨ੍ਹਾਂ ਨਾਲ ਸਬੰਧਤ ਯਾਦਾਂ ਮੈਂ ਸਾਹਿਜੇ ਹੀ ਲਿਖ ਲਈਆਂ ਹਨ। ਇਨ੍ਹਾਂ ਯਾਦਾਂ ਦਾ ਕਹਾਣੀ ਵਿਚ ਰੁਪਾਂਤਰਣ ਇਕ ਵੱਖਰਾ ਮਸਲਾ ਹੈ। ਇਹਦੇ ਬਾਰੇ ਮੈਂ ਸਿਰਫ ਇਸ਼ਾਰੇ ਹੀ ਕੀਤੇ ਹਨ। ਯਾਦਾਂ ਲਿਖਦੇ ਸਮੇਂ ਮੈਨੂੰ ਇਹ ਵੀ ਮਹਿਸੂਸ ਹੋਣ ਲੱਗ ਪਿਆ ਕਿ ਇਹ ਮੂਲ ਯਾਦਾਂ ਨੂੰ ਜਦੋਂ ਪਾਠਕ ਆਪਣੀ ਕਲਪਨਾ ਸ਼ਕਤੀ ਰਾਹੀਂ ਕਹਾਣੀਆਂ ਵਿਚੋਂ ਤੇ ਕਹਾਣੀਆਂ ਰਾਹੀਂ ਇਨ੍ਹਾਂ ਯਾਦਾਂ ਨੂੰ ਗ੍ਰਹਿਣ ਕਰੇਗਾ ਤਾਂ ਉਸਨੂੰ ਅਸਲ ਜ਼ਿੰਦਗੀ ਦੀ ਕਹਾਣੀ ਵਿਚ ਪੇਸ਼ਕਾਰੀ ਦਾ ਇਲਮ ਹੋਵੇਗਾ। ਕੋਈ ਯਾਦ ਜਾਂ ਘਟਨਾ ਜੋ ਅਸਲ ਜੀਵਨ ਹੁੰਦਾ ਹੈ ਉਹ ਤਿੰਨ ਢੰਗਾਂ ਰਾਹੀਂ ਕਹਾਣੀ ਦਾ ਰਚਨਾਤਮਕ ਅਮਲ ਬਣਦਾ ਹੈ। ਸਿੱਧੇ ਰੂਪ ਵਿਚ, ਅਸਿੱਧੇ ਰੂਪ ਵਿਚ ਜਾਂ ਕਈ ਵਾਰ ਉਹ ਘਟਨਾ ਕਹਾਣੀ ਦਾ ਹਿੱਸਾ ਨਹੀਂ ਬਣਦੀ ਸਗੋਂ ਕਹਾਣੀ ਲਿਖਣ ਲਈ ਤੁਹਾਨੂੰ ਪ੍ਰੇਰਿਤ ਕਰਦੀ ਹੈ।

ਮਨੋਵਿਗਿਆਨੀ ਦੱਸਦੇ ਹਨ ਕਿ ਵਿਅਕਤੀ ਦੁਆਰਾ ਬਚਪਨ 'ਚ ਗ੍ਰਹਿਣ ਕੀਤੇ ਅਨੁਭਵ ਹੀ ਉਸਦੀ ਸਮੁੱਚੀ ਜ਼ਿੰਦਗੀ ਦਾ ਆਧਾਰ ਬਣਦੇ ਹਨ। ਜਾਂ ਇੰਝ ਕਹਿ ਲਓ ਕਿ ਤੁਹਾਡੀ ਜ਼ਿੰਦਗੀ ਵਿਚ ਬਹੁਤ ਸਮਾਂ ਪਹਿਲਾਂ ਵਾਪਰੀਆਂ ਘਟਨਾਵਾਂ ਜੋ ਹੌਲੀ ਹੌਲੀ ਅਨੁਭਵ ਵਿਚ ਤਬਦੀਲ ਹੁੰਦੀਆਂ ਹਨ, ਰਚਨਾਤਮਕ ਅਮਲ ਬਣਦੀਆਂ ਹਨ। ਜੇਕਰ ਸਮਕਾਲੀ ਵਰਤਾਰੇ ਰਚਨਾਤਮਕ ਅਮਲ ਬਣਦੇ ਹਨ ਤਾਂ ਇਨ੍ਹਾਂ ਨੂੰ ਵੀ ਅਸੀਂ ਬਚਪਨ 'ਚ ਗ੍ਰਹਿਣ ਕੀਤੇ ਅਨੁਭਵ ਰਾਹੀਂ ਹੀ ਪੇਸ਼ ਕਰਦੇ ਹਾਂ। ਮੇਰੇ ਸਿਰਜਣਾਤਮਕ ਕਾਰਜ ਵਿਚ ਤਾਂ ਇਸੇ ਤਰ੍ਹਾਂ ਵਾਪਰਿਆ ਹੈ। ਕੁੱਲ ਚਾਰ ਕਹਾਣੀਆਂ ਵਿਚੋਂ ਤਿੰਨ ਕਹਾਣੀਆਂ ਬਚਪਨ ਦੀਆਂ ਯਾਦਾਂ ਨਾਲ ਸਬੰਧਤ ਹਨ। 'ਪੰਛੀ ਖੁਦਕੁਸ਼ੀ ਨਹੀਂ ਕਰਦੇ' ਕਹਾਣੀ ਵਿਚ ਹੀ ਬਹੁਤੀਆਂ ਸਮਕਾਲੀ ਘਟਨਾਵਾਂ ਹਨ। ਇਨ੍ਹਾਂ ਕਹਾਣੀਆਂ ਨਾਲ ਸਬੰਧਤ ਯਾਦਾਂ ਮੈਂ ਆਪ ਨਾਲ ਸਾਂਝੀਆਂ ਕਰਦਾ ਹਾਂ। 'ਰਹੱਸ' ਕਹਾਣੀ ਨਾਲ ਜੁੜੀਆਂ ਯਾਦਾਂ 'ਚ ਬਚਪਨ 'ਚ ਮੈਂ ਜਿਆਦਾਤਰ ਗੁਰਦਿਆਲ ਸਿੰਘ (ਰਾਧਾ ਸੁਆਮੀ) ਦੀ ਕਰਿਆਨੇ ਦੀ ਦੁਕਾਨ 'ਤੇ ਵਿਹਲੇ ਸਮੇਂ ਬੈਠਦਾ ਹੁੰਦਾ। ਸੌਦਾ ਵੇਚਣ ਵਿਚ ਉਹਦੀ ਮਦਦ ਕਰਦਾ। ਉਹਦੀ ਗ਼ੈਰ ਹਾਜ਼ਰੀ ਵਿਚ ਉਹਦਾ ਪੁੱਤਰ ਕਰਮ ਸਿੰਘ ਦੁਕਾਨ 'ਤੇ ਬੈਠਦਾ। ਉਸ ਦਿਨ ਉਹਦੇ ਕੋਲ ਬਾਹਰੋਂ ਬੰਦੇ ਆਏ ਹੋਏ ਸਨ। ਕਰਮ ਸਿੰਘ ਨੇ ਇਕ ਗੱਲ ਸੁਣਾਈ ਇਹ ਗੱਲ ਕਿਸੇ ਬਜ਼ੁਰਗ ਔਰਤ 'ਤੇ ਉਹਦੀ ਨੂੰਹ ਬਾਰੇ ਸੀ। ਵਿਆਹ ਹੋਏ ਨੂੰ ਕਈ ਸਾਲ ਹੋ ਚੁੱਕੇ ਸਨ ਪਰ ਨੂੰਹ ਦੀ ਗੋਦ ਖਾਲੀ ਸੀ। ਪੇਕੇ ਸਮਾਨ ਚੁੱਕਣ ਲਈ ਤਿਆਰ ਸਨ। ਕਿਉਂਕਿ ਵਿਆਹਾਂ ਤੋਂ ਬਾਅਦ ਉਸ ਬਜ਼ੁਰਗ ਔਰਤ ਦਾ ਮੁੰਡਾ ਇਕ ਦਿਨ ਵੀ ਤੰਦਰੁਸਤ ਨਹੀਂ ਰਿਹਾ ਸੀ। ਬਜ਼ੁਰਗ ਔਰਤ ਨੇ ਕਿਸੇ ਬਹਾਨੇ ਕਰਮ ਸਿੰਘ ਨੂੰ ਆਪਣੇ ਘਰ ਬੁਲਾਇਆ ਸੀ। ਉਹ ਦੱਸ ਰਿਹਾ ਸੀ-'ਜਦੋਂ ਮੈਂ ਉਨ੍ਹਾਂ ਦੇ ਘਰ ਗਿਆ। ਮੈਨੂੰ ਉਹ ਬੈਠਕ ਅੰਦਰ ਲੈ ਗਈ। ਜਲਦੀ ਹੀ ਦੁੱਧ ਦਾ ਵੱਡਾ ਗਿਲਾਸ ਮੇਰੇ ਸਾਹਮਣੇ ਪਏ ਟੇਬਲ 'ਤੇ ਰੱਖ ਦਿੱਤਾ। ਗਿਲਾਸ ਰੱਖ ਉਹ ਮਿੱਠੀਆਂ ਮਿੱਠੀਆਂ ਗੱਲਾਂ ਕਰਨ ਲੱਗੀ ਤੇ ਨਾਲ ਹੀ ਬੈਠਕ ਦੇ ਪਰਦੇ ਸੈੱਟ ਕਰਨ ਲੱਗੀ। ਉਪਰੋਂ ਹਨੇਰਾ ਉਤਰ ਰਿਹਾ ਸੀ। ਮੇਰਾ ਦਿਲ ਘਬਰਾਉਣ ਲੱਗਿਆ। ਕੁਝ ਸਮੇਂ ਬਾਅਦ ਉਹਦੀ ਨੂੰਹ ਬੈਠਕ 'ਚ ਆਈ। ਚੂੜੀਆਂ ਵਾਲੀ ਬਾਂਹ ਨੇ ਮੇਰਾ ਹੱਥ ਫੜ ਲਿਆ। ਮੈਂ ਆਪਣੀ ਬਾਂਹ ਛੁਡਾ ਕੇ ਉੱਥੋਂ ਭੱਜਣ ਦੀ ਕੀਤੀ।

ਉਸ ਦੁਆਰਾ ਸੁਣਾਈ ਇਹ ਘਟਨਾ ਮੇਰੇ ਅੰਦਰ ਬੈਠ ਗਈ। ਹੌਲੀ ਹੌਲੀ ਸਾਹਿਤ ਪੜ੍ਹਨ ਨਾਲ ਮੇਰੀ



ਸਮਝ ਬਣਨ ਲੱਗੀ ਤਾਂ ਦੋਵਾਂ ਸੱਸ ਨੂੰਹ ਦੀ ਮਜ਼ਬੂਰੀ ਮੈਨੂੰ ਸਮਝ ਆਉਣ ਲੱਗੀ। ਜਿਸਨੇ ਕਹਾਣੀ 'ਰਹੱਸ' ਦਾ ਰੂਪ ਧਾਰਨ ਕੀਤਾ।

ਇਕ ਹੋਰ ਯਾਦ... ਮੇਰੇ ਪਿੰਡ ਦਾ ਇਕ ਮੁੰਡਾ ਪਿੰਡ ਦੀ ਹੀ ਇਕ ਕੁੜੀ ਨੂੰ ਤਾੜਦਾ ਰਹਿੰਦਾ। ਉਹ ਮੁੰਡਾ ਕੁੜੀ ਤੇ ਮੈਂ ਇਕੋ ਜਮਾਤ ਨੌਵੀਂ ਵਿਚ ਪੜ੍ਹਦੇ ਹੁੰਦੇ। ਕੁੜੀ ਉਸਨੂੰ ਪਸੰਦ ਨਹੀਂ ਕਰਦੀ ਸੀ। ਮੁੰਡਾ ਉਸਦਾ ਪਿੱਛਾ ਕਰਦਾ। ਉਹ ਕੁੜੀ ਸ਼ਾਮ ਨੂੰ ਪਾਥੀਆਂ ਦਾ ਟੋਕਰਾ ਲੈਣ ਪੁਰਾਣੇ ਘਰ ਜਾਂਦੀ ਹੁੰਦੀ। ਇਕ ਸ਼ਾਮ ਮੁੰਡਾ ਵੀ ਮਗਰੇ ਚਲਾ ਗਿਆ। ਉਸ ਸਮੇਂ ਮੁੰਡੇ ਨੇ ਕੋਈ ਛੇੜਖਾਨੀ ਨਹੀਂ ਕੀਤੀ ਸੀ, ਸਿਰਫ ਉਸ ਕੋਲੋਂ ਲੰਘਿਆ ਸੀ। ਉਹ ਕੁੜੀ ਬੀਹੀ 'ਚ ਲੰਘੇ ਜਾਂਦੇ ਮੁੰਡੇ ਨੂੰ ਦੇਖਕੇ ਏਨਾ ਡਰ ਗਈ ਕਿ ਕੂਕਾਂ ਮਾਰਦੀ ਉੱਥੇ ਹੀ ਬੇਹੋਸ ਹੋ ਗਈ। ਕਹਾਣੀ ਵਿਚਲੀ ਬੇਵਸ ਬਜ਼ੁਰਗ ਔਰਤ ਮੁੰਡੇ ਦੀ ਜਗ੍ਹਾ ਲੈ ਲੈਂਦੀ ਹੈ ਜਿਸ ਬਾਰੇ ਸਾਰਿਆਂ ਦੀ ਧਾਰਨਾ ਹੈ ਕਿ ਉਹ ਕਿਸੇ ਤੇ ਵੀ ਕੁਝ ਕਰਾ ਕੇ ਧੂੜ ਸਕਦੀ ਹੈ। ਜਿਸ ਤਰ੍ਹਾਂ ਉਸ ਮੁੰਡੇ ਤੋਂ ਕੁੜੀਆਂ ਨੂੰ ਇਕ ਖਾਸ ਕਿਸਮ ਦਾ ਡਰ ਹੈ, ਕਹਾਣੀ ਵਿਚ ਉਹੀ ਡਰ ਉਸ ਬਜ਼ੁਰਗ ਔਰਤ ਤੋਂ ਬਹੁਤੇ ਲੋਕਾਂ ਨੂੰ ਹੈ।

'ਅੰਦਰਲਾ ਜ਼ਖ਼ਮ' ਕਹਾਣੀ ਵੀ ਯਾਦਾਂ ਦੇ ਟੁਕੜਿਆਂ ਨਾਲ ਬਣੀ.... ਸਾਡੇ ਪਿੰਡ ਇਕ ਦੇਵ ਨਾਂ ਦਾ ਬੰਦਾ ਹੁੰਦਾ ਸੀ ਜੋ ਸੰਗਲਾਂ ਨਾਲ ਬੰਨ੍ਹ ਹੋਣ ਦੇ ਬਾਵਜੂਦ ਰਾਤ ਨੂੰ ਹੀ ਛੁਡਾ ਕੇ ਨਹਿਰ 'ਚ ਛਾਲ ਮਾਰ ਖੁਦਕੁਸ਼ੀ ਕਰ ਗਿਆ ਸੀ। ਮਰਨ ਤੋਂ ਪਹਿਲਾਂ ਉਹ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਾ ਸੀ। ਉਸ ਬਾਰੇ ਬਹੁਤੇ ਪਿੰਡ ਵਾਲਿਆਂ ਦੀ ਇਹ ਧਾਰਨਾ ਸੀ ਕਿ ਉਸ ਤੋਂ ਕੋਈ ਤੀਵੀਂ ਵੱਖ-ਵੱਖ ਰੰਗਾਂ ਦੀਆਂ ਲੀਰਾਂ ਮੰਗ ਕੇ ਲੈ ਗਈ ਸੀ ਜਿਸ ਕਾਰਣ ਉਹਨੂੰ ਕਸਰ ਹੋਣ ਲੱਗੀ ਸੀ ਤੇ ਉਸਦਾ ਦਰਜੀ ਦਾ ਕੰਮ ਫੇਲ੍ਹ ਹੋਇਆ ਸੀ। ਉਨਮਾਦ ਜੀ ਹਾਲਤ 'ਚ ਉਹ ਸਾਰੇ ਪਿੰਡ ਵਿਚ ਗੇੜੇ ਕੱਢਦਾ ਹੋਇਆ ਕੁਝ ਨਾ ਕੁਝ ਬੋਲੀ ਜਾਂਦਾ। ਹਰ ਗਲਤ ਗੱਲ 'ਤੇ ਪ੍ਰਤੀਕਰਮ ਦਿੰਦਾ। ਪਲਟਵਾਰ ਹਮਲਾ ਵੀ ਕਰ ਦਿੰਦਾ। ਇਕ ਵਾਰ ਉਨ੍ਹਾਂ ਦੇ ਘਰ ਅੱਗੇ ਬਹੁਤ ਸਾਰੀ ਭੀੜ ਜਮ੍ਹਾਂ ਹੋਈ ਸੀ। ਅਸੀਂ ਬਹੁਤ ਸਾਰੇ ਜੁਆਕ ਵੀ ਉੱਥੇ ਪਹੁੰਚ ਗਏ। ਪਿੰਡ ਦਾ ਇਕ ਬੰਦਾ ਦੇਵ ਕੇ ਸਾਰੇ ਪਰਿਵਾਰ ਨੂੰ ਗਾਲਾਂ ਕੱਢ ਰਿਹਾ ਸੀ-'ਕੱਢੋ ਤਾਂ ਬਾਹਰ ਏਹਨੂੰ ਸਾਲੇ ਪਾਗਲ ਨੂੰ... ਇਹਦਾ ਪਾਗਲਪੁਣਾ ਹੁਣੇ ਠੀਕ ਨਾ ਕੀਤਾ ਤਾਂ ਇਹ ਕੀ ਜਾਣੂ...।" ਉਹਦੇ ਹੱਥ 'ਚ ਵੱਡੀ ਸਾਰੀ ਡਾਂਗ ਸੀ। "ਲੋਕਾਂ ਦੀਆਂ ਧੀਆਂ ਭੈਣਾਂ ਪਰਖਦਾ... ਥੋਡੀ ਆਪਦੀ ਕਿਹੜਾ ਘੱਟ ਤੀ...!" ਇਕ ਤੀਵੀਂ ਵੀ ਗਾਲਾਂ ਕੱਢ ਰਹੀ ਸੀ।

ਦੇਵ ਘਰ ਪਰਿਵਾਰ ਤੇ ਲੋਕਾਂ ਲਈ ਮੁਸੀਬਤ ਬਣਿਆ ਹੋਇਆ ਸੀ। ਮੈਂ ਇਹ ਗੱਲ ਬਚਪਨ ਵਿਚ ਹੀ ਸੁਣੀ ਸੀ ਕਿ ਜੱਟਾਂ ਦੀ ਬਾਰ੍ਹਵੀਂ ਕਲਾਸ 'ਚ ਪੜ੍ਹਦੀ ਕੁੜੀ ਕਰੰਟ ਲੱਗਣ ਨਾਲ ਮਰ ਗਈ ਸੀ। ਲੁਕਵੇਂ ਰੂਪ ਵਿਚ ਇਹ ਵੀ ਅਫਵਾਹ ਸੀ ਕਿ ਉਹ ਕੁੜੀ ਗਰਭਵਤੀ ਸੀ। ਜਿਸ ਕਾਰਨ ਘਰਦਿਆਂ ਨੇ ਇੱਜ਼ਤ ਬਚਾਉਣ ਲਈ ਉਸਨੂੰ ਕਰੰਟ ਲਗਾ ਕੇ ਮਾਰ ਦਿੱਤਾ ਸੀ।

ਉਸ ਵੇਲੇ ਮੈਂ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਸੀ ਮੇਰੇ ਤੋਂ ਵੱਡੇ ਮੁੰਡੇ ਵੀ ਸੀ ਆਰ ਕਿਰਾਏ ਤੇ ਲੈ ਕੇ ਆਉਂਦੇ। ਉਦੋਂ ਮਾਰ ਧਾੜ ਵਾਲੀਆਂ ਪੰਜਾਬੀ ਫਿਲਮਾ ਦਾ ਦੌਰ ਸੀ। ਮੈਂ ਤੇ ਮੇਰਾ ਭਰਾ ਜਗਜੀਵਨ ਘਰ ਆ ਕੇ ਉਸੇ ਤਰ੍ਹਾਂ ਐਕਟਿੰਗ ਕਰਦੇ। ਇਕ ਸ਼ਾਮ ਮੰਜਿਆਂ ਤੋਂ ਕੁੱਦਦਿਆਂ ਮੇਰਾ ਪੈਰ ਮੰਜੇ 'ਤੇ ਪਈ ਭੈਣ ਦੇ ਢਿੱਡ ਤੇ ਰੱਖਿਆ ਗਿਆ। ਉਹਦੇ ਢਿੱਡ ਵਿਚ ਦਰਦ ਰਹਿਣ ਲੱਗਿਆ। ਭਾਪਾ ਉਦੋਂ ਵੀ ਸਾਂਝੀ ਰਲਿਆ ਹੋਇਆ ਸੀ। ਅੱਤ ਦੀ ਗਰੀਬੀ ਸੀ। ਅਸੀਂ ਆਪਣੀ ਸਮਰੱਥਾ ਅਨੁਸਾਰ ਦੂਰੋਂ ਨੇੜਿਓਂ ਬਹੁਤ ਇਲਾਜ਼ ਕਰਵਾਇਆ। ਇਕ ਰਾਤ ਦਰਦ ਜਿਆਦਾ ਹੋਣ ਕਾਰਣ ਭੈਣ ਬਹੁਤ ਦੁਖੀ ਹੋ ਗਈ। ਕਰਾਹੁਣ ਲੱਗੀ। ਪਰ ਬਹੁਤੀ ਆਵਾਜ਼ ਬਾਹਰ ਨਾ ਕੱਢਦੀ। ਅੱਧੀ ਰਾਤ ਹੋ ਚੱਲੀ ਸੀ। ਆਂਢੀ ਗੁਆਂਢੀ ਵੀ ਘੂਕ ਸੁੱਤੇ ਪਏ ਸਨ।

ਮੇਰਾ ਭਾਪਾ ਭੈਣ ਕੋਲ ਹੀ ਬੇਵਸ ਹੋਇਆ ਮੰਜੇ ’ਤੇ ਬੈਠਾ ਸੀ। ਦਰਦ ਕਾਰਣ ਬੇਵਸ ਹੋਈ ਕੁੜੀ ਭਾਪੇ ਦੀ ਬਾਂਹ ਫੜਦਿਆਂ ਆਪਣੇ ਗਲ ਕੋਲ ਲੈ ਗਈ ਤੇ ਬੋਲੀ, “ਭਾਪਾ !... ਆਪਣੇ ਕੋਲ ਪੈਸੇ ਨੀ ਨਾ ਹੈਗੇ ਤੂੰ ਐਂ ਕਰ ਹੁਣ ਕੋਈ ਨੀ ਦੇਖਦਾ ਤੂੰ ਮੇਰਾ ਗਲ ਘੁੱਟ ਦੇ...!!” ਕਹਿ ਕੇ ਕੁੜੀ ਰੋਣ ਲੱਗ ਪਈ ਸੀ। ਕਈ ਸਾਲ ਪਹਿਲਾਂ ਵਾਪਰੀ ਇਹ ਘਟਨਾ ਬਾਰੇ ਦੱਸਦਾ ਹੋਇਆ ਭਾਪਾ ਹੁਣ ਵੀ ਰੋਣ ਲੱਗ ਪੈਂਦਾ ਹੈ।

ਸਾਡੇ ਪਿੰਡ ਇਕ ਸੁਨਿਆਰ ਹੁੰਦਾ ਸੀ। ਜੋ ਹੁਣ ਇਸ ਦੁਨੀਆਂ ਵਿਚ ਨਹੀਂ ਰਿਹਾ। ਉਸਦੀਆਂ ਚਾਰ ਕੁੜੀਆਂ ਤੇ ਇਕ ਮੁੰਡਾ ਹੈ। ਖਾੜਕੂਵਾਦ ਦੇ ਦੌਰ ਸਮੇਂ ਉਹ ਨਜਾਇਜ਼ ਸ਼ਰਾਬ ਵੇਚਦਾ ਸੀ। ਉਹ ਕੁੜੀਆਂ ਨੂੰ ਇਸ ਭਾਵਨਾ ਨਾਲ ਗੰਦੀਆਂ ਗਾਲਾਂ ਕੱਢਦਾ ਕਿ ਉਸ ਲਈ ਕੁੜੀਆਂ ਮੁਸੀਬਤ ਹਨ। ਇਕ ਰਾਤ ਖਾੜਕੂ ਉਹਨੂੰ ਮਾਰਨ ਆ ਗਏ। ਧੂਹ ਕੇ ਉਹਨੂੰ ਵਿਹੜੇ ਵਿਚਕਾਰ ਸੁੱਟ ਲਿਆ ਗਿਆ। ਚਾਰੇ ਕੁੜੀਆਂ ਬਾਪ ਦੇ ਉਪਰ ਲਿਟ ਗਈਆਂ ਕਿ ਸਾਨੂੰ ਮਾਰ ਦਿਓ ਪਰ ਸਾਡੇ ਪਾਪਾ ਨੂੰ ਨਾ ਮਾਰੋ। ਠੀਕਰੀ ਪਹਿਰੇ ਵਕਤ ਪਿੰਡ ਦੇ ਬੰਦੇ ਤੋਂ ਸੁਣੀ ਇਸ ਗੱਲ ਨੇ ਮੇਰੇ ਅੰਦਰ ਕੁੜੀਆਂ ਪ੍ਰਤੀ ਸਤਿਕਾਰ ਭਰ ਦਿੱਤਾ ਸੀ। ਕੁੜੀਆਂ ਦੀ ਘਰ ਪਰਿਵਾਰ ਲਈ ਮਿਟਣ ਵਾਲੀ ਭਾਵਨਾ ‘ਹਨੇਰੇ ਵਿਚ’ ਕਹਾਣੀ ਵਿਚਲੀ ਕੁੜੀ ਵਿਚ ਹੈ। ਪਰ ਉਹ ਘਟਨਾ ਕਹਾਣੀ ਵਿਚ ਨਹੀਂ ਆਈ। ਪਰ ਕਹਾਣੀ ਲਿਖਣ ਲਈ ਪ੍ਰੇਰਨਾ ਸਰੋਤ ਜ਼ਰੂਰ ਬਣੀ।

ਮੇਰਾ ਇਕ ਦੋਸਤ ਹੈ। ਅਸੀਂ ਖਾਸਾ ਸਮਾਂ ਇਕੱਠੇ ਹੀ ਪੜ੍ਹਦੇ ਰਹਿੰਦੇ ਰਹੇ ਹਾਂ। ਉਸ ਨਾਲ ਮੇਰੀ ਭਾਵੁਕ ਸਾਂਝ ਹੈ। ਉਦੋਂ ਉਹਨੇ ਐਮ. ਏ. ਕੀਤੀ ਸੀ। ਆਰਥਿਕ ਆਧਾਰ ਨਾ ਹੋਣ ਕਾਰਨ ਉਹ ਵਿਆਹ ਕਰਵਾਉਣ ਨਹੀਂ ਚਾਹੁੰਦਾ ਸੀ। ਪਰ ਮਾਂ ਬਾਪ ਨੇ ਖਹਿੜੇ ਪੈ ਕੇ ਉਹਦਾ ਵਿਆਹ ਕਰ ਦਿੱਤਾ ਕਿ ਖਰਚੇ ਪੱਖ ਤੋਂ ਉਹ ਪੂਰੀ ਮਦਦ ਕਰਨਗੇ। ਉਹਦਾ ਵਿਆਹ ਕੰਪਿਊਟਰ ਡਿਪਲੋਮਾ ਹੋਲਡਰ ਸ਼ਹਿਰ ’ਚ ਜੰਮੀ ਪਲੀ ਕੁੜੀ ਨਾਲ ਹੋ ਗਿਆ। ਸਹੁਰੇ ਪਰਿਵਾਰ ਖਾਸਕਰ ਸੱਸ ਨਾਲ ਕੁੜੀ ਦੀ ਬਹੁਤੀ ਨਾ ਬਣੀ। ਸੱਸ ਉਸ ਤੋਂ ਪਿੰਡ ਵਾਲੇ ਵਰਤ ਵਿਹਾਰ ਤੇ ਰਹਿਣ ਸਹਿਣ ਦੀ ਆਸ ਕਰਦੀ। ਉਹਦੇ ਹਰ ਕੰਮ ਵਿਚ ਨਘੋਚ ਕੱਢਦੀ। ਘਰ ਲੜਾਈ ਦਾ ਅਖਾੜਾ ਬਣ ਗਿਆ। ਦੋਸਤ ਦੀ ਪਤਨੀ ਅਲੱਗ ਹੋਣ ਲਈ ਉਸ ਤੇ ਜੋਰ ਪਾਉਂਦੀ। ਪਰ ਉਸ ਕੋਲ ਆਰਥਿਕ ਆਧਾਰ ਨਹੀਂ ਸੀ। ਮਾਂ ਤੇ ਪਤਨੀ ਵਿਚੋਂ ਉਹ ਕਿਸਦਾ ਪੱਖ ਪੂਰਦਾ। ਦੁਖੀ ਹੋਇਆ ਉਹ ਮੇਰੇ ਕੋਲ ਆ ਕੇ ਖੁਦਕੁਸ਼ੀ ਕਰਨ ਦੀਆਂ ਗੱਲਾਂ ਕਰਨ ਲੱਗ ਪਿਆ ਸੀ।

ਜਦੋਂ ਮੇਰਾ ਉਹੀ ਦੋਸਤ ਘਰੋਂ ਅਲੱਗ ਹੋ ਕੇ ਪਤਨੀ ਸਮੇਤ ਸ਼ਹਿਰ ਪ੍ਰਾਈਵੇਟ ਅਕੈਡਮੀ ਵਿਚ ਪੜ੍ਹਾਉਣ ਲੱਗਿਆ ਤਾਂ ਮੈਂ ਜਸਵੀਰ ਰਾਣਾ ਤੇ ਹਰਪਾਲ ਉਸਨੂੰ ਮਿਲਣ ਗਏ। ਉੱਥੇ ਹੀ ਉਨ੍ਹਾਂ ਇਕ ਕਮਰੇ ’ਚ ਰਹਾਇਸ ਕਰ ਲਈ ਸੀ। ਉਨ੍ਹਾਂ ਨੇ ਕਾਨਸ ਤੇ ਆਪਣੇ ਵਿਆਹ ਦੀਆਂ ਫੋਟੋਆ ਸਜਾਈਆਂ ਹੋਈਆਂ ਸਨ। ਉਨ੍ਹਾਂ ’ਚ ਇਕ ਫੋਟੋ ਗਾਇਕਾ ਤਾਨੀਆ ਗਿੱਲ ਦੀ ਵੀ ਸੀ। ਜੋ ਹੁਣ ਪੰਜਾਬੀ ਗਾਇਕੀ ’ਚ ਸਥਾਪਤੀ ਵੱਲ ਵਧ ਰਹੀ ਸੀ। ਤਾਨੀਆਂ ਗਿੱਲ ਨੇ ਦੋਸਤ ਦੇ ਵਿਆਹ ’ਤੇ ਵੀ ਗਾਇਆ ਸੀ। ਉਸ ਸਮੇਂ ਉਸ ਨਾਲ ਇਕ ਗਾਇਕ ਵੀ ਸੀ। ਗੱਲਾਂ ਬਾਤਾਂ ਹੋਣ ਲੱਗੀਆਂ। ਤਾਨੀਆਂ ਬਾਰੇ ਮੈਂ ਕਿਹਾ ਕਿ ਉਸਨੇ ਆਪਣੀ ਮਿਹਨਤ ਸਦਕਾ ਚੰਗੀ ਪਹਿਚਾਣ ਬਣਾ ਲਈ ਹੈ। ਮੇਰੀ ਗੱਲ ਕੱਟਦਿਆਂ ਰਾਣਾ ਜੀ ਨੇ ਕਿਹਾ, ‘ਤੂੰ ਇਹ ਸੋਚ ਬਈ ਉਸ ਨਾਲ ਜਿਹੜਾ ਗਾਇਕ ਸੀ ਉਹ ਉਥੇ ਹੀ ਕਿਉਂ ਰਹਿ ਗਿਆ? ਉਸਨੇ ਤਰੱਕੀ ਕਿਉਂ ਨੀ ਕੀਤੀ?” ਮੈਂ ਉਸ ਗਾਇਕ ਬਾਰੇ ਸੋਚਣ ਲੱਗਿਆ। ਉਸ ਬਾਰੇ ਸੋਚਦਿਆਂ ਮੈਨੂੰ ਲੱਗਿਆ ਕਿ ਉਹ ਬੰਦਾ ਵੀ ਪਰਿਵਾਰਕ, ਸਮਾਜਿਕ ਤੇ ਆਰਥਿਕ ਸਮੱਸਿਆਵਾਂ ਵਿਚ ਕਿਧਰੇ ਘਿਰ ਗਿਆ ਹੋਵੇਗਾ।

ਮੇਰਾ ਇਕ ਹੋਰ ਦੋਸਤ ਹੈ ਦੀਸਾ। ਉਹ ਮੇਰੇ ਨਾਲੋਂ ਉਮਰ ਵਿਚ ਚਾਰ ਪੰਜ ਸਾਲ ਵੱਡਾ ਹੈ। ਅਸੀਂ ਨਿੱਕੇ ਹੁੰਦੇ ਫਿਲਮੀ ਐਕਟਰ ਬਣਦੇ ਹੁੰਦੇ। ਉਹ ਹਮੇਸ਼ਾ ਧਰਮਿੰਦਰ ਜਾਂ ਸਤਰੂਘਣ ਸਿਨਹਾ ਬਣਦਾ। ਉਹਦੇ ਨਿੱਕੇ ਭਰਾ ਧੀਰੇ ਨੂੰ ਅਸੀਂ ਕੈਦ ਕਰ ਲੈਂਦੇ। ਦੀਸਾ ਨਕਲੀ ਗੰਨ ਨਾਲ ਸਾਨੂੰ ਸਾਰਿਆਂ ਨੂੰ ਮਾਰਦਾ ਹੋਇਆ ਭਰਾ



ਨੂੰ ਬਚਾ ਲੈਂਦਾ ਸੀ। ਅਚਾਨਿਕ ਹੀ ਉਹਦੇ ਨਿੱਕੇ ਭਰਾ ਦਾ ਕਤਲ ਹੋ ਗਿਆ। ਧੀਰਾ ਬਹੁਤ ਹੀ ਬੁਰੀ ਤਰ੍ਹਾਂ ਵੱਢਿਆ ਟੁੱਕਿਆ ਪਿਆ ਸੀ। ਕਤਲ ਏਨੀ ਬੁਰੀ ਤਰ੍ਹਾਂ ਹੋਇਆ ਸੀ ਕਿ ਮੈਂ ਰਾਤ ਨੂੰ ਬਹੁਤ ਸਮਾਂ ਇਕੱਲਾ ਨਾ ਪੈ ਸਕਿਆ। ਮੈਨੂੰ ਉਹਦੀ ਲਾਸ਼ ਦਿਸੀ ਜਾਵੇ। ਦੀਸ਼ੇ ’ਤੇ ਭਰਾ ਦੇ ਕਤਲ ਦਾ ਅਸਰ ਇਹ ਹੋਇਆ ਕਿ ਉਹ ਅਰਧ ਪਾਗਲ ਜਿਹਾ ਹੋ ਗਿਆ। ਉਹ ਭਰਾ ਦੇ ਕਾਤਲਾਂ ਨੂੰ ਮਾਰਨਾ ਚਾਹੁੰਦਾ ਸੀ। ਪਰ ਉਹ ਖੁਦ ਹੀ ਮਾਨਸਿਕ ਸੰਤੁਲਨ ਗੁਆ ਬੈਠਾ।

ਮੈਂ ਤੇ ਹਰਪਾਲ ਚੌਂਦਾ ਉਹਦੇ ਨਾਨਕੇ ਪਿੰਡ ਮਿਲਣ ਗਏ। ਉੱਥੇ ਕਾਨਸ ’ਤੇ ਇਕ ਪੁਰਾਣਾ ਜਿਹਾ ਅਖ਼ਬਾਰ ਪਿਆ ਸੀ। ਉਸ ਵਿਚ ਇਕ ਖ਼ਬਰ ਛਪੀ ਹੋਈ ਸੀ, ‘ਪੰਛੀ ਖੁਦਕੁਸ਼ੀ ਨਹੀਂ ਕਰਦੇ’ ਇਹ ਖ਼ਬਰ ਬਿਹਾਰ ਦੇ ਜਾਤੂੰਗਾ ਨਾਂ ਦੇ ਗਾਂਵ ਦੀ ਸੀ। ਉੱਥੋਂ ਇਹ ਅਫਵਾਹ ਫੈਲੀ ਸੀ ਕਿ ਮਨੁੱਖਾਂ ਦੀ ਤਰ੍ਹਾਂ ਪੰਛੀ ਵੀ ਖੁਦਕੁਸ਼ੀ ਕਰਨ ਲੱਗ ਪਏ ਹਨ। ਪਰ ਜਦੋਂ ਵਿਗਿਆਨੀਆਂ ਨੇ ਉੱਥੇ ਜਾ ਕੇ ਪੜਤਾਲ ਕੀਤੀ ਤਾਂ ਅੰਦਰਲੀ ਗੱਲ ਦਾ ਪਤਾ ਚੱਲਿਆ। ਬਹੁਤ ਜਿਆਦਾ ਧੁੰਦ ਤੇ ਕੋਰੇ ਕਾਰਨ ਉੱਡਦੇ ਪੰਛੀ ਅਰਧ ਪਾਗਲ ਜਿਹੇ ਹੋ ਜਾਂਦੇ। ਗਾਂਵ ਵਾਲਿਆਂ ਨੇ ਖੁੱਲ੍ਹੀਆਂ ਥਾਵਾਂ ਤੇ ਅੱਗਾਂ ਬਾਲਣੀਆਂ ਸ਼ੁਰੂ ਕਰ ਦਿੱਤੀਆਂ। ਕੋਰੇ ਤੇ ਧੁੰਦ ਦੇ ਭੰਨੇ ਪੰਛੀ ਅੱਗ ਕੋਲ ਆ ਕੇ ਰਾਹਤ ਮਹਿਸੂਸ ਕਰਦੇ। ਪਰ ਜਿਉਂ ਹੀ ਉਹ ਅੱਗ ਕੋਲ ਆਉਣ ਲੱਗਦੇ ਤਾਂ ਲੋਕ ਡੰਡੇ ਮਾਰ ਕੇ ਉਨ੍ਹਾਂ ਨੂੰ ਅੱਗ ਵਿਚ ਸੁੱਟ ਭੁੰਨ ਕੇ ਖਾ ਜਾਂਦੇ। ਚਲਾਕੀ ਨਾਲ ਉਨ੍ਹਾਂ ਨੇ ਇਸ ਵਰਤਾਰੇ ਨੂੰ ਖੁਦਕੁਸ਼ੀ ਦਾ ਨਾਮ ਦਿੱਤਾ ਸੀ। ਖ਼ਬਰ ਪੜ੍ਹਦਿਆਂ ਹੀ ਪੂਰੀ ਕਹਾਣੀ ਮੇਰੇ ਅੰਦਰ ਉਸਰਨ ਲੱਗ ਪਈ ਸੀ। ਮੇਰੇ ਤਾਏ ਦੇ ਮੁੰਡੇ ਰਾਜੇ ਦੇ ਕਬੂਤਰ ਰੱਖੇ ਹੋਏ ਸਨ। ਨਿੱਕਾ ਹੁੰਦਾ ਮੈਂ ਉਨ੍ਹਾਂ ਨੂੰ ਦੇਖਦਾ ਰਹਿੰਦਾ। ਉਨ੍ਹਾਂ ਨੂੰ ਚੋਗਾ ਚੁਗਦਿਆਂ ਤੇ ਉਡਦਿਆਂ ਦੇਖ ਕੇ ਮੈਨੂੰ ਸਕੂਨ ਮਿਲਦਾ ਸੀ। ਇਕ ਸਵੇਰ ਤਾਏ ਦਾ ਮੁੰਡਾ ਖੁੱਡੇ ਕੋਲ ਖੜ੍ਹਾ ਰੋ ਰਿਹਾ ਸੀ। ਕਿਉਂਕਿ ਕੋਈ ਬੰਦਾ ਉਸਦੇ ਸਾਰੇ ਕਬੂਤਰਾਂ ਨੂੰ ਚਾਕੂ ਨਾਲ ਵੱਢ ਕੇ ਸੁੱਟ ਗਿਆ ਸੀ। ਕਬੂਤਰਾਂ ਦੀਆਂ ਵੱਢੀਆਂ ਟੁੱਕੀਆਂ ਲਾਸ਼ਾਂ ਦਾ ਦਰਦ ਮੇਰੇ ਅੰਦਰ ਬੈਠ ਗਿਆ ਸੀ। ਤੇ ਮੈਂ ਇਨ੍ਹਾਂ ਯਾਦਾਂ ਦੇ ਸਹਾਰੇ ਕਹਾਣੀ ਲਿਖੀ ‘ਪੰਛੀ ਖੁਦਕੁਸ਼ੀ ਨਹੀਂ ਕਰਦੇ।’ ਮੋਬਾ. 98782-32775

## ਯਾਦਾਂ ਦੇ ਝਰੋਖੇ ’ਚੋਂ / -ਸਰਿੰਦਰ ਸ਼ਿੰਦਰ (ਜਗਨਾਲ)

ਮਨੁੱਖ ਵਰਤਮਾਨ ਵਿੱਚ ਵਿਚਰਦਿਆਂ ਜਿਥੇ ਭਵਿੱਖ ਬਾਰੇ ਸੋਚਦਾ ਹੈ ਉਥੇ ਬੀਤੇ ਨੂੰ ਕਦੇ ਭੁਲਦਾ ਨਹੀਂ, ਕਿਉਂਕਿ ਬੀਤਿਆਂ ਵਕਤ ਹੀ ਯਾਦਾਂ ਦਾ ਹਿੱਸਾ ਬਣਦਾ ਹੈ।

ਮੇਰੇ ਖਿਆਲ ਵਿੱਚ ਯਾਦਾਂ ਹੀ ਹਨ ਜਿਨ੍ਹਾਂ ਨੂੰ ਕੌੜੀਆਂ-ਮਿੱਠੀਆਂ, ਭੈੜੀਆਂ, ਡਰੌਣੀਆਂ ਅਤੇ ਪਿਆਰੀਆਂ ਵਿਚ ਵੰਡਿਆ ਜਾ ਸਕਦਾ ਹੈ। ਜਿਹੜੀਆਂ ਗੱਲਾਂ ਜ਼ਿੰਦਗੀ ਨੂੰ ਵਧੇਰੇ ਪ੍ਰਭਾਵਿਤ ਕਰਦੀਆਂ ਹਨ ਉਹ ਕਦੇ ਭੁਲਾਈਆਂ ਭੁਲਦੀਆਂ ਨਹੀਂ ਅਤੇ ਉਹ ਯਾਦਾਂ ਬਣ ਕੇ ਰਹਿ ਜਾਂਦੀਆਂ ਹਨ। ਇਕ ਔਰਤ ਲਈ ਯਾਦਾਂ ਨੂੰ ਲਿਖਤੀ ਰੂਪ ਵਿਚ ਸਾਂਝਿਆ ਕਰਨਾ ਟੇਢੀ ਖੀਰ ਹੁੰਦਾ ਹੈ। ਔਰਤ ਦੇ ਲਈ ਵਿਆਹ, ਬੱਚੇ ਦਾ ਜਨਮ ਤਲਾਕ ਆਦਿ ਵੀ ਯਾਦਗਾਰ ਹੀ ਬਣ ਕੇ ਰਹਿ ਜਾਂਦਾ ਹੈ। ਕਿਤੇ ਸਹੁਰੇ ਪਰਿਵਾਰ ਦੀਆਂ ਵਧੀਕੀਆਂ, ਕਿਤੇ ਅਣਸੁਖਾਵਾਂ ਮਹੌਲ, ਮਰਦ ਪ੍ਰਧਾਨ ਸਮਾਜ ਵਿੱਚ ਅਣਚਾਹਿਆ ਜੀਵਨ ਗੁਜ਼ਰਨਾ ਵੀ ਕੁਝ ਅਜੇਹੀਆਂ ਯਾਦਾਂ ਨੂੰ ਜਨਮ ਦੇਂਦਾ ਹੈ ਜਿਸ ਨੂੰ ਭੁਲਾਇਆ ਵੀ ਭੁਲਾਇਆ ਨਹੀਂ ਜਾ ਸਕਦਾ। ਕੁਝ ਯਾਦਾਂ ਦੀ ਸਾਂਝ ਪਾਂਦਿਆਂ ਹੋਇਆ ਸਭ ਤੋਂ ਪਹਿਲਾਂ ਉਨ੍ਹਾਂ ਯਾਦਾਂ ਦਾ ਜ਼ਿਕਰ ਵਾਰ ਵਾਰ ਸਾਹਮਣੇ ਆਉਂਦਾ ਹੈ ਜਿਨ੍ਹਾਂ ਯਾਦਾਂ ਦਾ ਬਾਵਸਤਾ ਮੇਰੀ ਉਸ ਮਾਂ ਦੇ ਨਾਲ ਹੈ ਜਿਸ ਦੀ ਗੋਦ ਵਿੱਚ ਬੈਠ ਕੇ ਮੈਂ ਆਪਣਾ ਹੋਸ਼ ਸੰਭਾਲਿਆ। ਮੇਰੀ ਮਾਂ ਦੇ ਉਹ ਗੁਣ ਹੀ ਅਸਲ ਵਿੱਚ ਮੇਰੀ ਜ਼ਿੰਦਗੀ ਦਾ

ਪ੍ਰੇਰਣਾ ਸਰੋਤ ਹਨ ਜਿਨ੍ਹਾਂ ਦੀ ਖ਼ੁਸ਼ਬੂ ਮੇਰੇ ਖ਼ੂਨ ਵਿੱਚ ਰਚ ਕੇ ਅੱਜ ਵੀ ਮੇਰੀ ਅੰਤਰ ਆਤਮਾ ਨੂੰ ਤਰੋਤਾਜ਼ਾ ਰੱਖਦੀ ਹੈ। ਮੇਰੀ ਮਾਂ ਦੀ ਅਸੀਸ ਰੂਪੀ ਸਤਾਂ ਤੋਂ ਸ਼ੁਰੂ ਹੋਇਆ ਮੇਰੀ ਜ਼ਿੰਦਗੀ ਦਾ ਸਫ਼ਰ ਜਿਸ ਵਿਚ ਮੱਤਾਂ ਦੇਦਿਆਂ ਕਈ ਕੁਝ ਸਮਝਾ ਦੇਣਾ, ਉਨ੍ਹਾਂ ਵੱਲੋਂ ਬੋਲੇ ਵਕਤ ਵਕਤ ਦੇ ਵਕਤੀ ਮੁਹਾਵਰੇ ਕੁਝ ਅਖਾਣ, ਉਨ੍ਹਾਂ ਦੀਆਂ ਅਸੀਸਾਂ ਮੇਰੀ ਸਾਹਿਤਕ ਜ਼ਿੰਦਗੀ ਵਿੱਚ ਜਿਵੇਂ ਅੱਜ ਵੀ ਹਮਸਫ਼ਰ ਬਣ ਕੇ ਮੇਰੇ ਅਹਿਸਾਸਾ ਦੀ ਗਰਿਮਾਂ ਨੂੰ ਰੋਸ਼ਨ ਰੱਖਦੀਆਂ ਹਨ।

ਅੱਜ ਜਦੋਂ ਮੈਂ ਇੰਗਲੈਂਡ ਦੀ ਧਰਤੀ ਤੇ ਪੁਜ ਕੇ ਆਪਣਿਆਂ ਬੱਚਿਆਂ ਅਤੇ ਆਪਣੇ ਪਤੀ ਦੇ ਨਾਲ ਇਕ ਖੁਸ਼ਹਾਲ ਜ਼ਿੰਦਗੀ ਬਸਰ ਕਰ ਰਹੀ ਹਾਂ ਤਾਂ ਇਸ ਸਾਰੀ ਖੁਸ਼ਹਾਲਤਾ ਪਿਛੇ ਵੀ ਮੇਰੀ ਮਾਂ ਦੀ ਯਾਦ ਹੈ ਜਿਥੇ ਸਾਡੇ ਘਰ ਦੇ ਬਾਹਰ ਲੱਗੇ ਪਬਲਿਕ ਨਲਕੇ ਤੋਂ ਪਾਣੀ ਲੈਣ ਆਈਆਂ ਔਰਤਾਂ ਦੇ ਵਿੱਚ ਇਕ ਨਵੇਂ ਫੈਸ਼ਨ ਦਾ ਕੱਪੜੇ ਅਤੇ ਗਹਿਣਿਆਂ ਦੇ ਨਾਲ ਸਿੰਗਾਰੀ ਇਕ ਸ਼ੌਕੀਨ ਜਿਹੀ ਔਰਤ ਖੜਿਆ ਕਰਦੀ ਸੀ। ਮੇਰੀ ਮਾਂ ਨੇ ਅਕਸਰ ਉਸ ਵੱਲ ਵੇਖ ਦੇ ਕਹਿਣਾ ਇਸ ਸ਼ੌਕੀਨ ਤੋਂ ਕੀ ਥੁੜ੍ਹਿਆ ਸੀ। ਪਹਿਲਾਂ ਆਪਣੇ ਘਰ ਨਲਕਾ ਤਾਂ ਲਗਵਾ ਲੈਂਦੀ। ਸ਼ੌਕੀਨੀਆਂ ਤਾਂ ਫਿਰ ਵੀ ਹੋ ਸਕਦੀਆਂ ਹਨ। ਸੱਜ ਵਿਆਹੀ ਜਦੋਂ ਮੈਂ ਇੰਗਲੈਂਡ ਪੁਜੀ ਤਾਂ ਇਥੋਂ ਦੀ ਮਿਹਨਤ ਭਰੀ ਜ਼ਿੰਦਗੀ ਵਿੱਚ ਮੈਂ ਸ਼ਾਮਲ ਤਾਂ ਹੋ ਸਕੀ ਕਿਉਂਕਿ ਮੇਰੀ ਮਾਂ ਦੇ ਉਸ ਸ਼ੌਕੀਨ ਔਰਤ ਪ੍ਰਤੀ ਕਹੇ ਸ਼ਬਦ ਮੇਰੀਆਂ ਯਾਦਾਂ ਵਿਚ ਗੂੰਜਦੇ ਸਨ। ਮਾਂ ਦੇ ਇਹ ਬੋਲ ਮੇਰੀ ਜ਼ਿੰਦਗੀ ਹੀ ਬਦਲ ਗਏ। ਮੇਰੇ ਪਤੀ ਅਕਸਰ ਮੈਨੂੰ ਰਹਿਮ ਦਿਲ ਕਹਿ ਕੇ ਨਿਵਾਜ਼ਦੇ ਹਨ। ਮੈਨੂੰ ਪਤੈ ਇਸ ਪਿਛੇ ਵੀ ਇਕ ਮੇਰੀ ਮਾਂ ਦੀ ਹੀ ਯਾਦ ਹੈ। ਉਨ੍ਹਾਂ ਦਿਨ੍ਹਾਂ ਵਿਚ ਮਾਂ ਨਿੱਤ ਨਿਆਈਂ ਵੱਲ ਰੋਟੀ ਲੈ ਕੇ ਜਾਂਦੀ ਸੀ। ਮੈਂ ਸੋਚਾ ਕਿ ਮਾਂ ਕਿੱਧਰ ਜਾਂਦੀ ਹੈ। ਇਕ ਦਿਨ ਮੈਂ ਮਾਂ ਦਾ ਪਿੱਛਾ ਕੀਤਾ। ਮੈਂ ਦੇਖਿਆ ਕਿ ਮਾਂ ਝਾੜੀਆਂ ਵਿਚ ਆਪਣੇ ਕਤੂਰਿਆਂ ਨਾਲ ਬੈਠੀ ਕੁੱਤੀ ਨੂੰ ਨਿੱਤ ਰੋਟੀ ਪਾਉਣ ਜਾਂਦੀ ਸੀ। ਉਹ ਕੁੱਤੀ ਹਰ ਰਾਹੀਂ ਨੂੰ ਭੋਂਕਦੀ ਸੀ ਪਰ ਮਾਂ ਨੂੰ ਨਹੀਂ। ਇਹ ਯਾਦ ਭਾਵੇਂ ਸਧਾਰਨ ਜਿਹੀ ਹੈ ਪਰ ਇਸ ਨੇ ਮੇਰੀ ਪੂਰੀ ਜ਼ਿੰਦਗੀ ਬਦਲ ਦਿੱਤੀ ਕਿ ਮੈਂ ਕੋਮਲ ਮਨ ਵਾਲੀ ਬਣ ਗਈ। ਬਚਪਨ ਵਿਚ ਮੈਂ ਇਕ ਪਾਗਲ ਨੌਜਵਾਨ ਨੂੰ ਦੇਖਦੀ ਸਾਂ। ਉਹ ਅਸਮਾਨ ਵੱਲ ਮੂੰਹ ਕਰਕੇ ਆਪਣੀ ਮਰੀ ਮਾਂ ਦੇ ਮਰ ਜਾਣ ਦੇ ਉਲ੍ਹਾਮੇ ਰੱਬ ਨੂੰ ਦੇਂਦਾ... ਰੋਟੀ ਖਾਣ ਤੋਂ ਪਹਿਲਾਂ ਹਰ ਬੁਰਕੀ ਨੂੰ ਅਸਮਾਨ ਵੱਲ ਉਲਾਰ ਕੇ ਉਹ ਰੋਟੀ ਆਪਣੀ ਮਾਂ ਨੂੰ ਖੁਆਣ ਦੀ ਕੋਸ਼ਿਸ਼ ਕਰਦਾ, ਲੋਕ ਇਸ ਨੂੰ ਪਾਗਲ ਦਾ ਪਾਗਲਪਨ ਕਹਿੰਦੇ ਅਤੇ ਮੇਰੀ ਯਾਦ ਦੇ ਝਰੋਖੇ ਵਿੱਚ ਅੱਜ ਵੀ ਇਹ ਗੱਲ ਸਮਾਈ ਹੋਈ ਹੈ ਕਿ ਜਿਸ ਨੂੰ ਮਾਂ ਦੀ ਕਦਰ ਦਾ ਪਤਾ ਹੈ, ਅੱਜ ਵੀ ਲੋਕ ਉਸ ਨੂੰ ਪਾਗਲ ਹੀ ਕਹਿੰਦੇ ਹਨ।

ਮੈਨੂੰ ਚੇਤੇ ਆ ਰਿਹਾ ਹੈ ਕਿ ਸਾਡੇ ਪਿੰਡ ਵਿਚ ਇਕ ਰਾਤ ਬਰਾਤ ਢੁੱਕੀ ਸੀ। ਉਨ੍ਹਾਂ ਦਿਨ੍ਹਾਂ ਵਿਚ ਬਰਾਤਾਂ ਰਾਤ ਨੂੰ ਢੁੱਕਦੀਆਂ ਸਨ। ਮੇਰੀ ਇਕ ਸਹੇਲੀ ਸੀ ਜਿਹੜੀ ਬਚਪਨ ਦੀ ਦਹਿਲੀਜ਼ ਵੀ ਨਹੀਂ ਸੀ ਟੱਪੀ। ਉਹ ਮੇਰੇ ਨਾਲ ਬਰਾਤ ਵੇਖਣ ਗਈ। ਸ਼ਰਾਬ ਨਾਲ ਰੱਜੇ ਬਰਾਤੀਆਂ ਵਿਚੋਂ ਇਕ ਜਣਾ ਸਾਨੂੰ ਰਾਤ ਦੇ ਹਨੇਰੇ ਵਿਚ ਬਾਹਰ ਲੈ ਗਿਆ। ਜੇ ਪਿੰਡ ਦੇ ਕੁੱਝ ਲੋਕ ਇਕੱਠੇ ਹੋ ਕੇ ਉੱਥੇ ਨਾ ਪੁੱਜਦੇ ਤਾਂ ....? ਅਨਰਥ ਹੋ ਜਾਂਦਾ। ਕੈਸੀ ਭਿਆਨਿਕ ਯਾਦ ਸੀ। ਜਵਾਨੀ ਵਿਚ ਜਿਵੇਂ ਹੀ ਅੰਗੜਾਈ ਲਈ ਤਾਂ ਇਕ ਸੋਹਣਾ ਜਿਹਾ ਗੱਭਰੂ ਖਿਆਲਾ ਵਿਚ ਆਣ ਵਸਿਆ। ਦਿਨ ਰਾਤ ਉਹਦਾ ਖਿਆਲ ਨਾ ਦਿਨ ਨੂੰ ਚੈਨ ਨਾ ਰਾਤ ਨੂੰ ਨੀਂਦ। ਭੁੱਖ ਪਿਆਸ ਸਭ ਕੁੱਝ ਉੱਡ ਗਿਆ। ਬਸ ਦਿਲ ਕਰੇ ਕਿ ਉਹੀ ਦਿਸੇ। ਮੇਰੇ ਨਾਲ ਗੱਲਾਂ ਕਰੇ। ਮੇਰੇ ਕੋਲ ਬੈਠੇ। ਬੀ. ਏ. ਵਿਚ ਪੜ੍ਹਦਾ ਉਹ ਤੂੰਬੀ ਵਜਾਉਣ ਦਾ ਸ਼ੌਕੀਨ ਸੀ। ਅਕਸਰ ਪਿੰਡ ਦੇ ਪ੍ਰੋਗਰਾਮ ਵਿਚ ਤੂੰਬੀ ਵਜਾਉਂਦਾ। ਬਸ ਉਹਦੀ ਤੂਬੀ ਮੇਰੀ ਧੜਕਣ ਦੇ ਨਾਲ ਵੱਜਣ ਲੱਗੀ। ਕੀ



ਕੀਤਾ ਜਾਵੇ ਸਮਝ ਨਾ ਆਵੇ। ਪੜ੍ਹਾਈ ਵਿਚ ਮਨ ਨਾ ਲੱਗਦਾ। ਸਾਰਾ ਦਿਨ ਬਿਮਾਰੀ ਦਾ ਬਹਾਨਾ ਕਰ ਕੇ ਪਈ ਰਹਿੰਦੀ ਕੋਈ ਪੁੱਛਦਾ ਤਾਂ ਕਹਿੰਦੀ ਸਿਰ ਦੁਖਦੈ। ਨਹੀਂ ਨਹੀਂ ਪੇਟ ਦੁਖਦਾ। ਇਕ ਦਿਨ ਕ੍ਰਿਸ਼ਮਾ ਹੋ ਗਿਆ। ਮੈਂ ਚਾਦਰ ਲਪੇਟ ਕੇ ਵਿਹੜੇ ਵਿਚ ਪਈ ਸੀ ਕਿ ਗੇਟ ਖੜਕਿਆ। ਮੈਂ ਉਧਰ ਦੇਖਿਆ ਤਾਂ ਮੇਰਾ ਭਰਾ ਤੇ ਉਹ ਤੂੰਬੀ ਵਾਲਾ ਮੁੰਡਾ ਅੰਦਰ ਵੜ ਰਹੇ ਹਨ। ਦੋਵੇਂ ਗੱਲਾਂ ਕਰਕੇ ਹੱਸ ਰਹੇ ਸਨ। ਦੋਵੇਂ ਮੇਰੇ ਮੰਜੇ ਕੋਲ ਆ ਕੇ ਰੁਕ ਗਏ।

"ਆਹ ਮੇਰੀ ਭੈਣ ਬਿਮਾਰ ਜਿਹੀ ਹੈ। ਪਤਾ ਨਹੀਂ ਠੀਕ ਹੀ ਨਹੀਂ ਹੁੰਦੀ।" ਭਰਾ ਨੇ ਮੇਰੀ ਜਾਣ ਪਛਾਣ ਦਿੱਤੀ।

ਉਸ ਨੇ ਹੱਸ ਕੇ ਮੇਰੇ ਵੱਲ ਦੇਖਿਆ, "ਕੀ ਗੱਲ ਹੋ ਗਈ ਜੀ?"

ਮੈਂ ਤਾਂ ਕੁਝ ਨਹੀਂ ਬੋਲੀ। ਪਰ ਦਾਦੀ ਬੋਲੀ, "ਲੱਗਦਾ ਕਾਕਾ ਕੋਈ ਕਸਰ ਹੋਗੀ।"

"ਨਹੀਂ ਨਹੀਂ ਕਸਰ ਕੀ ਹੋਣੀ ਹੈ।" ਉਸ ਨੇ ਕਿਹਾ। ਮੈਨੂੰ ਲੱਗਾ ਜਿਵੇਂ ਉਹ ਸਮਝ ਗਿਆ ਹੋਵੇ ਕਿ ਇਹਨੂੰ ਕੀ ਮਰਜ਼ ਹੈ। ਮੇਰੇ ਅੰਦਰ ਕਰੰਟ ਜਿਹਾ ਵੱਜਿਆ। ਦਿਲ ਖੁਸ਼ ਹੋ ਗਿਆ। ਸਾਰੇ ਜ਼ਿਸਮ 'ਚ ਖੁਸ਼ੀ ਦੀ ਲਹਿਰ ਜਿਹੀ ਉੱਠ ਪਈ। ਮੈਂ ਤੇਜੀ ਨਾਲ ਅੰਦਰ ਗਈ ਤਾਂ ਖਿੜਕੀ ਵਿਚ ਉਸਨੂੰ ਦੇਖਣ ਲੱਗੀ। ਉਹ ਚੁਸਕੀਆਂ ਲੈ ਕੇ ਚਾਹ ਪੀ ਰਿਹਾ ਸੀ। ਹੱਸ ਹੱਸ ਗੱਲਾਂ ਕਰ ਰਿਹਾ ਸੀ। ਜਿਨਾ ਚਿਰ ਉਹ ਬਾਹਰ ਬੈਠਾ ਰਿਹਾ ਮੈਂ ਅੰਦਰ ਛਾਲਾ ਮਾਰਦੀ ਰਹੀ। ਉਸ ਦਿਨ ਤੋਂ ਬਾਅਦ ਮੈਂ ਠੀਕ ਹੋ ਗਈ। ਉਸ ਨੂੰ ਮਨ ਵਿਚ ਵਸਾ ਕੇ ਸਾਰੇ ਕੰਮ ਤੇਜ਼ੀ ਨਾਲ ਕਰਦੀ। ਖੁਸ਼ ਰਹਿੰਦੀ ਜਿਵੇਂ ਬਸ ਜ਼ਿੰਦਗੀ ਨੂੰ ਤਾਕਤ ਮਿਲ ਗਈ ਜਿਉਣ ਦੀ। ਫਿਰ ਉਹੀ ਹੋਇਆ ਜੋ ਅਕਸਰ ਭਾਰਤੀ ਕੁੜੀਆਂ ਨਾਲ ਹੁੰਦਾ ਹੈ। ਮੇਰਾ ਅਚਾਨਿਕ ਵਿਆਹ ਤਹਿ ਹੋ ਗਿਆ। ਇਹ ਸਨੇਹ ਇਕ ਪਾਸੜ ਸੀ। ਉਸਨੂੰ ਕੁਝ ਵੀ ਪਤਾ ਨਾ ਲੱਗਾ ਕਿ ਕੋਈ ਉਸ 'ਤੇ ਜਾਨ ਵਾਰਦਾ ਹੈ। ਸਭ ਅਰਮਾਨ ਲੈ ਕੇ ਵਲੈਤ ਆ ਗਈ। ਪਰ ਕਹਾਣੀ ਏਥੇ ਵੀ ਖਤਮ ਨਹੀਂ ਹੋਈ। ਉਸਦੀ ਯਾਦ ਕਦੇ ਦਿਲ ਚੋਂ ਮਿਟੀ ਨਾ। ਬਸ ਦਿਲ ਵਿਚ ਇਹ ਦੁੱਖ ਸੀ ਕਿ ਕਾਸ਼! ਉਹਨੂੰ ਪਤਾ ਹੁੰਦਾ। ਭਾਵੇਂ ਉਹ ਹਾਸਲ ਹੁੰਦਾ ਜਾਂ ਨਾ। ਘਟੋ ਘਟ ਉਹਨੂੰ ਮੈਂ ਇਜ਼ਹਾਰ ਕੀਤਾ ਹੁੰਦਾ। ਤੀਹ ਸਾਲ ਇਸ ਆਸ ਨਾਲ ਬਿਤਾਏ ਕਿ ਕਦੇ ਉਸਨੂੰ ਜ਼ਰੂਰ ਦੱਸਾਗੀ। ਫਿਰ ਇਕ ਦਿਨ ਮੌਕਾ ਮਿਲਿਆ। ਉਨ੍ਹਾਂ ਦੇ ਪਿੰਡ ਵਿਆਹ ਤੇ ਜਾਣ ਦਾ। ਵਿਆਹ ਜਾਣ ਦਾ ਚਾਅ ਚੜ੍ਹ ਗਿਆ। ਮੈਂ ਇੰਗਲੈਂਡ ਤੋਂ ਆਈ ਇਹ ਅਰਮਾਨ ਲੈ ਕੇ ਕਿ ਉਹ ਵਿਆਹ 'ਚ ਮਿਲੇਗਾ। ਮੈਂ ਕੀ ਗੱਲਾਂ ਕਰਾਂਗੀ। ਉਸਨੂੰ ਕੀ ਕਹਾਂਗੀ। ਉਸਦੇ ਚਿਹਰੇ 'ਤੇ ਕਿਹੋ ਜਿਹੇ ਪ੍ਰਭਾਵ ਹੋਣਗੇ। ਜੋ ਉਹ ਕਹੇਗਾ ਮੈਂ ਕਿਵੇਂ ਸਹਿਨ ਕਰਾਗੀ। ਕਾਫੀ ਭਾਲ ਤੋਂ ਬਾਅਦ ਜਦੋਂ ਮੈਂ ਇਕ ਔਰਤ ਨੂੰ ਪੁੱਛਿਆ ਤਾਂ ਉਸ ਦਾ ਜਵਾਬ ਸੀ, "ਉਹ ਤਾਂ ਧੀਏ ਬਿਮਾਰ ਰਹਿੰਦਾ ਸੀ, ਪਿਛਲੇ ਮਹੀਨੇ ਹੀ ਉਸਦੀ ਮੌਤ ਹੋਈ ਹੈ।"

ਉਸ ਦਾ ਜਵਾਬ ਸੁਣ ਕੇ ਮੈਂ ਚਕਰਾ ਗਈ। ਮੈਂ ਕਿਹਾ, "ਕੀ???... ਹੈਂਅ??? ਸੱਚੀ????? ਤੁਹਾਨੂੰ ਪੱਕਾ ਪਤਾ??? " ਕਿੰਨੇ ਹੀ ਸਵਾਲ ਮੈਂ ਕਰ ਦਿੱਤੇ।

"ਹਾਂ ਪੱਕੀ ਖ਼ਬਰ ਹੈ ਬਿਲਕੁਲ ਪੱਕੀ। ਮੈਂ ਵੀ ਉਸ ਪਿੰਡ ਦੀ ਰਹਿਣ ਵਾਲੀ ਹਾਂ। " ਉਸਨੇ ਕਿਹਾ। ਉਸ ਵੇਲੇ ਮੇਰਾ ਜੋ ਹਾਲ ਸੀ ਬਿਆਨ ਨਹੀਂ ਕੀਤਾ ਜਾ ਸਕਦਾ।

## ਬਚਪਨ ਦੀਆਂ ਯਾਦਾਂ / -ਸਰੋਜ

ਗਰਮੀਆਂ ਦੀ ਤਿੱਖੜ ਦੁਪਹਿਰ, ਢਲਦੀਆਂ ਸ਼ਾਮਾਂ ਅਤੇ ਡੁੱਬਦਾ ਸੂਰਜ ਸ਼ੁਰੂ ਤੋਂ ਹੀ ਮੈਨੂੰ ਟੁੰਬਦੇ ਰਹੇ ਨੇ। ਜਦੋਂ ਇਨ੍ਹਾਂ ਬਾਰੇ ਸੋਚਦੀ ਹਾਂ ਤਾਂ ਹਰ ਵਾਰ ਬਚਪਨ ਦੀਆਂ ਸੁਨਿਹਰੀ ਯਾਦਾਂ ਮਨ ਮਸਤਕ ਤੇ ਭਾਰੂ ਹੋ ਜਾਂਦੀਆਂ ਹਨ। ਕਿੰਨਾਂ ਅਣਭੋਲ, ਨਿਰਛਲ ਅਤੇ ਆਜ਼ਾਦ ਜਿਹਾ ਸੀ ਬਚਪਨ। ਪਿੰਡ ਦੀਆਂ ਗਲੀਆਂ. ਖੁੱਲ੍ਹੇ ਵਿਹੜੇ, ਅੰਬ, ਅਮਰੂਦ , ਬੇਰੀਆਂ ਅਤੇ ਜਾਮਣਾਂ ਸਭ ਦੀਆਂ ਸਾਂਝੀਆਂ ਸਨ। ਕਿੰਨੀਆਂ ਹੀ ਖੇਡਾਂ ਜਿਵੇਂ ਗੇਂਦ ਰੋੜੇ, ਬਾਬੇ ਦੀਆਂ ਊਚਾਂ, ਲੁਕਾ ਛਿਪੀ, ਕੋਟਲਾ ਛਪਾਕੀ , ਬਾਂਦਰ ਕਿੱਲਾ, ਖੋ-ਖੋ ਕਦੇ ਬੰਟੇ ਤੇ ਕਦੇ ਸਲੇਟੀਆਂ ਦਾ ਕਲੀ ਜੋਟਾ ਖੇਡਣਾ। ਉਦੋਂ ਵਿਹੜੇ 'ਚ ਇਕੱਠ ਹੋ ਕੇ ਬੈਠਦੇ ਸੀ। ਲੋਕ ਘਰਾਂ ਵਿਚ ਦੁਬਕ ਕੇ ਘੱਟ ਬੈਠਦੇ ਸੀ। ਮਾਂ ਰੱਖੀ ਦਾ ਵੱਡਾ ਸਾਰਾ ਇੱਕ ਵਿਹੜਾ ਸੀ ਉਥੇ ਸ਼ਾਮ ਨੂੰ ਸਾਰੇ ਇਕੱਠੇ ਹੁੰਦੇ। ਡੈਡੀ ਜੀ ਜਦੋਂ ਦਫਤਰੋਂ ਘਰ ਆਉਂਦੇ ਤਾਂ ਉਥੇ ਥੋੜੀ ਦੇਰ ਜ਼ਰੂਰ ਬੈਠਦੇ । ਅਸੀ ਜਦੋਂ ਰੋਟੀ ਲਈ ਸੱਦਣ ਜਾਣਾ ਤਾਂ ਘਰਾਂ ਦਾ ਬਜ਼ੁਰਗ ਬਾਬਾ ਅਰਜਨ ਸਾਰਿਆ ਨੂੰ ਦੱਸ ਰਿਹਾ ਹੁੰਦਾ ਫਲਾਣੈ ਬੁੜੇ ਪੰਜ ਭਰਾ ਹੁੰਦੇ ਸੀ ਅਤੇ ਉਨ੍ਹਾਂ ਦੇ ਨਾਮ ਦੱਸਦਾ ਫਿਰ ਉਨ੍ਹਾਂ ਦੇ ਪਿਤਾ ਦਾ ਨਾਮ ਅੱਗਿਉ ਫਿਰ ਉਹਨਾਂ ਦੇ ਭਰਾਵਾਂ ਦੇ ਨਾਮ ...ਇਸ ਤਰ੍ਹਾਂ ਉਹ ਇਕ ਪੀੜ੍ਹੀ ਦਾ ਵੰਸ਼ਾਵਲੀ ਨਾਮਾ ਸੁਣਾ ਦਿੰਦਾ ਸੀ। ਅੱਜ ਕੌਣ ਹੈ ਜੋ ਬਾਬੇ ਅਰਜੁਨ ਦੀ ਤਰ੍ਹਾ ਪੀੜ੍ਹੀਆਂ ਨੂੰ ਉਹਨਾਂ ਦੇ ਬਾਪ ਦਾਦਿਆ ਨਾਲ ਜੋੜ ਸਕੇ।

ਮਾਂ ਰੱਖੀ ਅਤੇ ਤਾਈ ਬੰਤੀ ਜਿਨ੍ਹਾਂ ਉੱਤੇ ਮੈਂ ਕਵਿਤਾਵਾਂ ਵੀ ਲਿਖੀਆਂ ਹਨ ਉਹ ਸਦਾ ਮੇਰੇ ਚੇਤਿਆ ਵਿਚ ਵਸਦੀਆ ਹਨ। ਮਾਂ ਰੱਖੀ ਸਿਰ ਉਤੇ ਕਮਾਦ ਚੁੱਕੀ ਮੈਨੂੰ ਦੂਰੋ ਹੀ ਨਜ਼ਰ ਆ ਜਾਣੀ। ਜਦੋਂ ਟੋਕੇ ਅੱਗੇ ਭਰੀ ਸੁੱਟਣੀ ਤਾਂ ਵੀ ਆਵਾਜ਼ ਕੰਨੀ ਪੈ ਜਾਣੀ ਪਰ ਮੈਂ ਕੰਨੀ ਖੇਸਲ ਮਾਰ ਦੇਣੀ ਕਿ ਹੁਣ ਮੇਰੀ ਸ਼ਾਮਤ ਆ ਗਈ ਏ, ਸਖ਼ਤ ਆਗ ਕੁਤਰਨੇ ਪੈਣੇ ਨੇ ਇਸ ਲਈ ਉਸ ਤੋਂ ਬਚਦੀ ਮੈਂ ਦੌੜਦੀ ਉਹ ਮੇਰੇ ਮਗਰ ਮਗਰ ਦੌੜਦੀ ਹਫ਼ ਜਾਂਦੀ....ਆਖਿਰ ਵਿਚ ਮੈਂ ਹੀ ਹਾਰ ਮੰਨਦੀ ਤੇ ਉਹਦੇ ਮੂਹਰੇ ਲੱਗ ਤੁਰਦੀ ਤਾਂ ਉਸਦੀ ਉਹ ਜੇਤੂ ਮੁਸਕਾਨ ਅੱਜ ਵੀ ਯਾਦ ਕਰਦੀ ਹਾਂ।

ਮੰਮੀ ਜੀ ਘਰ ਦੀ ਰੌਣਕ ਹੁੰਦੇ ਸੀ । ਉਹ ਸਦਾ ਹੀ ਕਿਸੇ ਨਾ ਕਿਸੇ ਤ੍ਰੀਮਤ ਨੂੰ ਘਰ ਬਿਠਾਈ ਰੱਖਦੇ। ਉਹ ਗੱਲਾਂ ਵੀ ਕਰੀ ਜਾਂਦੇ ਅਤੇ ਘਰ ਦਾ ਕੰਮ ਵੀ ....ਮਹਿਮਾਨ ਨਿਵਾਜ਼ੀ ਦੀ ਉਹ ਮਾਹਰ ਸੀ ਉਹ ਘਰ ਆਏ ਪ੍ਰਾਹੁਣੇ ਨੂੰ ਰੋਟੀ ਖੁਆਏ ਬਿਨਾ ਜਾਣ ਨਹੀਂ ਸੀ ਦਿੰਦੀ। ਮੇਰੇ ਭਰਾਵਾ ਦੇ ਮੂੰਹ ਚੁੰਮਦੀ, ਲਾਡ ਲੁਡਾਉਂਦੀ ਤੇ ਸਾਨੂੰ ਪੜ੍ਹਦਿਆ, ਪਾਸ ਹੁੰਦਿਆ, ਕੋਰਸ ਕਰਦਿਆ ਦੇਖ ਉਹ ਖੁਸ਼ੀਆਂ ਮਨਾਉਂਦੀ। ਸਾਰੇ ਵਿਹੜੇ ਦਾ ਮੂੰਹ ਮਿੱਠਾ ਜ਼ਰੂਰ ਕਰਾਂਉਂਦੀ। ਕਦੇ ਕਦੇ ਉਹ ਆਪਣੀ ਮਾਂ ਨੂੰ ਯਾਦ ਕਰਦੀ ਤੇ ਕਦੇ ਆਪਣੀ ਮਾਸੀ ਧੰਨੋ ਨੂੰ ਯਾਦ ਕਰਕੇ ਰੋਣ ਲੱਗ ਜਾਂਦੀ ...ਮੈਂ ਕੋਲ ਬੈਠੀ ਹੋਵਾਂ ਤਾਂ ਮੈਂ ਵੀ ਰੋਂਦੀ ਸੀ। ਆਪਣੇ ਵੀਰ ਮਹਿੰਦਰ ਨੂੰ ਖ਼ਤ ਲਿਖਵਾਉਣਾ ਤਾਂ ਧੁਰ ਅੰਦਰੋਂ ਬੋਲਣਾ ਕਹਿਣਾ, 'ਇੰਦਾ ਲਿਖ' ਤੇ ਫਿਰ ਲਿਖਾਉਂਦੇ ਲਿਖਾਉਂਦੇ ਰੋਣ ਲੱਗ ਜਾਣਾ। ਉਹਦੇ ਅੰਦਰ ਭਾਵੇ ਦਰਦ ਸੀ ਪਰ ਉਹ ਤਾਂ ਹਮੇਸ਼ਾ ਹੱਸਦੀ ਰਹਿੰਦੀ ਸੀ ਕਦੇ ਵੀ ਮੱਥੇ ਵੱਟ ਨਹੀ ਸੀ ਪਾਉਂਦੀ। ਆਪਣਾ ਦੁੱਖ ਦਰਦ ਭੁੱਲ ਕੇ ਉਸ ਨੇ ਸਾਡੀ ਸਭ ਦੀ ਜ਼ਿੰਦਗੀ ਨੂੰ ਸੰਵਾਰਿਆ। ਜਦੋਂ ਸ਼ਾਮ ਹੁੰਦੀ ਉਹ ਡੈਡੀ ਜੀ ਦੀ ਉਡੀਕ ਕਰਦੀ। ਕਦੇ ਥੋੜਾ ਜਿਹਾ ਡੈਡੀ ਜੀ ਲੇਟ ਹੋ ਜਾਂਦੇ ਤਾਂ ਵਾਰ ਵਾਰ ਪੁੱਛਦੀ ," ਟੋਨੀ , ਤੇਰੇ ਡੈਡੀ ਨਹੀਂ ਆਏ...ਕੀ ਗੱਲ ਹੋ ਗਈ...ਜਾ ਰਾਹ 'ਤੇ ਦੇਖ ਕੇ ਆ।" ਅੱਜ ਜਦੋਂ ਉਹ ਸਮਾਂ ਯਾਦ ਕਰਦੀ ਹਾਂ ਤਾਂ ਆਪਣੇ ਹੰਝੂਆਂ ਨੂੰ ਰੋਕ ਨਹੀਂ ਪਾਉਂਦੀ ਕਿ ਜਦੋਂ ਉਹ



ਆਪ ਵਾਂਢੇ ਗਈ ਤਾਂ ਮੁੜ ਕੇ ਘਰ ਵਾਪਸ ਨਹੀਂ ਆਈ। ਉਹ ਮੇਰੇ ਨਾਲ ਹੀ ਗਈ ਸੀ ਪਰ ਮੈਂ ਉਸ ਨੂੰ ਸਹੀ ਸਲਾਮਤ ਪਿੰਡ ਲਿਆ ਨਾ ਸਕੀ। ਇੱਕ ਐਕਸੀਡੈਂਟ ਦੌਰਾਨ ਉਹ ਸਾਥੋਂ ਸਦਾ ਲਈ ਵਿਛੜ ਗਈ । ਘਰ ਵਿੱਚ ਬੈਠੀ ਉਹ ਕਦੇ ਪਰਿਵਾਰ ਦੇ ਹਰ ਮੈਂਬਰਾਂ ਦੀ ਉਡੀਕ ਕਰਦੀ ਹੁੰਦੀ ਸੀ ਤੇ ਉਸ ਦਿਨ ਸਾਰਾ ਪਿੰਡ ਉਸਦੀ ਮ੍ਰਿਤਕ ਦੇਹ ਨੂੰ ਉਡੀਕ ਰਿਹਾ ਸੀ। ਅੱਜ ਵੀ ਲੋਕ ਉਸ ਦੀ ਗੱਲਾਂ ਕਰਦੇ ਹਨ। ਉਸਦੇ ਨੇਕ ਕੰਮਾਂ ਨੂੰ ਯਾਦ ਕਰਦੇ ਹਨ। ਉਹ ਸਕੂਲਾਂ ਵਿਚ ਦਾਨ ਕਰਨ ਦੀ ਰੀਤ ਆਪਣੇ ਦੋਹਤੇ ਜੋਬਨ ਦੇ ਪਹਿਲੇ ਜਨਮ ਦਿਨ ਤੋਂ ਸ਼ੁਰੂ ਕਰ ਗਈ ਸੀ। ਉਦੋਂ ਪਿੰਡ ਦੇ ਸਕੂਲ ਵਿਚ ਫਰੂਟ ਅਤੇ ਸਟੇਸ਼ਨਰੀ ਦਿੱਤੀ ਸੀ ਅਤੇ ਉਸ ਰੀਤ ਨੂੰ ਮੈਂ ਅੱਜ ਤਕ ਬਰਕਰਾਰ ਰੱਖਿਆ ਹੈ। ਘੁੱਗ ਵਸਦੇ ਪਿੰਡ ਵਿੱਚ ਸੁੰਨ੍ਹਾ ਜਿਹਾ ਸਾਡਾ ਘਰ ਜਿੱਥੇ ਕਦੇ ਰੌਣਕਾਂ ਦਾ ਗੜ੍ਹ ਹੁੰਦਾ ਸੀ ਅੱਜ ਖਾਲੀ ਖਾਲੀ ਲੱਗਦਾ ਹੈ। ਜੂਨ ਦੀ 13 ਤਾਰੀਖ ਨੂੰ ਮੰਮੀ ਦੀ ਬਰਸੀ 'ਤੇ ਹਰ ਸਾਲ ਪਿੰਡ ਜਾਂਦੀ ਹਾਂ ਇੱਕਲੀ ਹੀ..ਉਦੋਂ ਮੈਨੂੰ.ਆਪਣੇ ਦੇਸ਼ ਵਿੱਚ ਵੀ ਪਰਦੇਸੀ ਹੋਣ ਦਾ ਅਹਿਸਾਸ ਹੁੰਦਾ ਹੈ। ਉਸ ਘਰ ਪਹੁੰਚ ਕੇ ਮਾਂ ਦੀਆਂ ਯਾਦਾਂ ਖ਼ਤਮ ਨਹੀਂ ਹੁੰਦੀਆਂ । ਗੁੰਮ ਸੁੰਮ ਜਿਹੀ ਘੁੰਮਦੀ ਇੱਕ ਪਲ ਵੀ ਉਸ ਦੀਆਂ ਯਾਦਾਂ ਤੋਂ ਪਰ੍ਹਾ ਨਹੀਂ ਹੋ ਸਕਦੀ। ਕੁਝ ਗੱਲਾਂ ਦਾ ਮੈਨੂੰ ਬਹੁਤ ਝੋਰਾ ਹੈ ਕਿ ਮੇਰੀ ਮੰਮੀ ਨੂੰ ਕੈਨੇਡਾ ਜਾਣ ਦਾ ਬਹੁਤ ਚਾਅ ਸੀ ਤੇ ਉਹ ਕੇਨੇਡਾ ਨਹੀਂ ਜਾ ਸਕੀ। ਉਹ ਅਕਸਰ ਕਹਿੰਦੀ ਹੁੰਦੀ ਸੀ ਕਿ ਮੇਰੀ ਧੀ ਕਮਲ ਮੈਨੂੰ ਸੱਦੇਗੀ, ਮੈਂ ਫਿਰ ਹੀ ਜਾਣਾ ਹੈ ਤੇ ਜਦੋਂ ਉਸ ਨੇ ਸੱਦ ਲਿਆ ਤਾਂ ਉਹ ਪਹੁੰਚ ਨਾ ਸਕੀ। ਦੂਜਾ ਮੈਂ ਨਿੱਜੀ ਤੌਰ ਤੇ ਹਮੇਸ਼ਾ ਹੀ ਇਸ ਗੱਲ ਉਤੇ ਉਦਾਸ ਹੋ ਜਾਂਦੀ ਹਾਂ ਮੇਰੇ ਵਿਆਹ ਤੋਂ ਉਹ ਖੁਸ਼ ਨਹੀਂ ਸੀ ਉਹ ਮੇਰੇ ਭਵਿੱਕ ਪ੍ਰਤੀ ਅਤਿ ਦੀ ਚਿੰਤਤ ਸੀ। ਪਰ ਅੱਜ ਜਦੋਂ ਮੇਰੇ ਕੋਲ ਹਰ ਸਹੂਲਤ ਤੇ ਖੁਸ਼ੀ ਹੈ ਕਿਸੇ ਵੀ ਚੀਜ਼ ਦੀ ਕਮੀ ਨਹੀਂ ਹੈ ਪਰ ਹੁਣ ਸਾਡਾ ਸੁੱਖ ਦੇਖਣ ਲਈ ਉਹ ਸਾਡੇ ਦਰਮਿਆਨ ਨਹੀਂ ਹੈ।

ਮੰਮੀ ਦੀ ਤਰ੍ਹਾ ਮੈਂ ਵੀ ਭਾਵੁਕ ਹੋ ਜਾਂਦੀ ਹਾਂ ਪਰ ਉਹਦੇ ਵਿੱਚ ਸਬਰ,ਸਿਦਕ ਅਤੇ ਸ਼ਹਿਣਸ਼ੀਲਤਾ ਜਿਹੇ ਮਹਾਨ ਗੁਣ ਸਨ। ਅੱਜ ਜਦੋਂ ਚਾਰ ਚੁਫੇਰੇ ਨਜ਼ਰ ਮਾਰਦੀ ਹਾਂ ਤਾਂ ਉਹਦੇ ਵਰਗਾ ਕੋਈ ਵੀ ਨਜ਼ਰ ਨਹੀਂ ਆਉਂਦਾ। ਰਿਸ਼ਤਿਆ ਦੇ ਮਾਇਨੇ ਹੀ ਬਦਲ ਗਏ ਹਨ । ਪੈਸਾ ਪ੍ਰਧਾਨ ਹੋ ਗਿਆ ਹੈ। ਚੀਜ਼ਾਂ ਦੀ ਅਹਿਮੀਅਤ ਵੱਧ ਗਈ ਹੈ। ਰਿਸ਼ਤੇ ਪੈਸੇ ਦੀ ਤਰਾਜੂ ਵਿਚ ਤੋਲ ਹੋ ਰਹੇ ਨੇ। ਗਰੀਬ ਭੈਣ ਜਾਂ ਭਰਾ ਨਾਲ ਦਿਨੋਂ ਦਿਨ ਰਾਬਤਾ ਘੱਟਦਾ ਘੱਟਦਾ ਫਿਰ ਬੰਦ ਹੀ ਹੋ ਜਾਂਦਾ ਹੈ। ਜੇਕਰ ਪਰਿਵਾਰ ਸੁੰਗੜ ਗਏ ਹਨ ਤਾਂ ਵਿਚਾਰ ਵੀ ਸੁੰਗੜ ਗਏ ਹਨ। ਵਿਦੇਸ਼ ਗਏ ਲੋਕਾਂ ਨੂੰ ਆਪਣੇ ਅੱਧੀ ਰਿਸ਼ਤੇਦਾਰੀ ਉਂਞ ਹੀ ਭੁੱਲ ਜਾਂਦੀ ਹੈ। ਬਾਕੀ ਦੀ ਰਿਸ਼ਤੇਦਾਰੀ ਤੋਂ ਵੀ ਉਹ ਦੂਰ ਹੋ ਜਾਂਦੇ ਹਨ। ਦੂਜੀ ਪੀੜ੍ਹੀ ਪੂਰੀ ਤਰ੍ਹਾਂ ਟੁੱਟ ਜਾਂਦੀ ਹੈ। ਸਮਾਜ ਤਾਂ ਸ਼ੀਸ਼ੇ ਦੀ ਤਰ੍ਹਾਂ ਹੈ। ਇਸ ਵਿਚ ਜੋ ਹੋ ਰਿਹਾ ਹੈ ਸਭ ਕੁਝ ਇਬਾਰਤ ਦੀ ਤਰ੍ਹਾਂ ਉਕਰ ਜਾਣਾ ਹੈ। ਪਰ ਇੱਕ ਗੱਲ ਦਾ ਮਨ ਨੂੰ ਧਰਵਾਸਾ ਵੀ ਹੈ ਕਿ ਮੇਰੀ ਧੀ ਜਨਮ ਸਮੇਂ ਉਹਦੇ ਹੱਥਾਂ ਵਿਚ ਸੀ । ਉਸ ਨੇ ਮੇਰੇ ਅਤੇ ਮੇਰੀ ਧੀ ਦੇ ਸਾਰੇ ਚਾਅ ਕੀਤੇ । ਹਰਲੀਨ ਨੂੰ ਕੁੱਛੜ ਚੁੱਕੀ ਗਲੀ ਵਿੱਚ ਘੁੰਮਦੀ ਅੱਜ ਵੀ ਮੇਰੀਆਂ ਅੱਖਾਂ ਅੱਗੇ ਆ ਜਾਂਦੀ ਹੈ। ਉਸਦੀਆਂ ਕੁਝ ਨਿਸ਼ਾਨੀਆਂ ਮੇਰੇ ਕੋਲ ਹਨ। ਪਤਾ ਨਹੀਂ ਉਹਦਾ ਪਰਤਾਪ ਹੈ ਕਿ ਮੈਨੂੰ ਇੰਨੀ ਛੇਤੀ ਛੇਤੀ ਸਭ ਕੁਝ ਪ੍ਰਾਪਤ ਹੋਇਆ ਹੈ ਜਿਸ ਦੀ ਕਿ ਮੈਨੂੰ ਆਸ ਵੀ ਨਹੀਂ ਸੀ।

ਬਹੁਤ ਕੁਝ ਬਦਲ ਗਿਆ ਹੈ। ਆਦਰਸ਼ਵਾਦ ਕਿਧਰੇ ਗੁੰਮ ਗਿਆ ਹੈ । ਦੁਨੀਆਂ ਪਦਾਰਥਵਾਦੀ ਹੋ ਗਈ ਹੈ। ਮੇਰੇ ਸਭ ਭੈਣ ਭਰਾਂ ਦੂਰ ਦੇਸ਼ ਦੇ ਵਾਸੀ ਬਣ ਬੈਠੇ ਨੇ ਜਿਥੇ ਰਿਸ਼ਤੇ ਵੀ ਮਸ਼ੀਨੀ ਨੇ। ਪਰ ਦੁੱਖ ਸੁੱਖ ਤਾਂ ਜ਼ਿੰਦਗੀ ਦੇ ਚੋਲੇ ਨੇ ਇਹ ਆਉਂਦੇ ਜਾਦੇ ਰਹਿਣੇ ਨੇ। ਕਈ ਵਾਰੀ ਸੋਚਦੀ ਹਾਂ ਕਿ ਪਰਦੇਸ ਹੋਣ ਦਾ ਦਰਦ ਤਾਂ ਮੈਂ ਹੰਢਾ ਰਹੀ ਹਾਂ। ਫੋਨ. 0181-2685313

# ਮੇਰੇ ਸਕੂਲ ਦੇ ਦਿਨ / - ਸ਼ਰਣ ਕੁਮਾਰ ਲਿੰਬਾਲੇ

ਮੈਨੂੰ ਯਾਦ ਹੈ ਕਿ ਇਕ ਵਾਰ ਮੇਰੀ ਬਰਾਦਰੀ ਦੇ ਪਰਸ਼ਿਆ ਨਾਂਅ ਦੇ ਲੜਕੇ ਨੇ ਭੁਤਾਲਸਿੱਧੀ ਦੀ ਮੂਰਤੀ 'ਤੇ ਪਿਸ਼ਾਬ ਕਰ ਦਿੱਤਾ ਸੀ। ਉਹ ਬਹੁਤ ਚਾਲੂ ਕਿਸਮ ਦਾ ਮੁੰਡਾ ਸੀ। ਮੈਂ ਸੋਚਦਾ ਸੀ ਕਿ ਉਸ ਤੇ ਜ਼ਰੂਰ ਭਗਵਾਨ ਦਾ ਪ੍ਰਕੋਪ ਹੋਵੇਗਾ, ਉਹ ਨਾਮਰਦ ਹੋ ਜਾਵੇਗਾ। ਬੇਵਕੂਫ ਨੇ ਬੇਕਾਰ ਹੀ ਮੂਰਤੀ 'ਤੇ ਪੇਸ਼ਾਬ ਕੀਤਾ। ਮੈਂ ਘਬਰਾ ਗਿਆ। ਤੌਬਾ-ਤੌਬਾ ਕਰਦਾ ਰਿਹਾ। ਧਰਮ ਮੇਰਾ ਵੀ ਹਿੰਦੂ ਹੈ, ਮੈਂ ਵੀ ਬੰਦਾ ਹਾਂ। ਪਿੰਡ ਦੇ ਦੂਜੇ ਲੜਕੇ ਭਗਵਾਨ ਦੀ ਮੂਰਤੀ ਦੇ ਪਾਸ ਜਾ ਸਕਦੇ ਹਨ, ਪਰ ਅਸੀਂ ਨਹੀਂ ਜਾ ਸਕਦੇ।

ਜਮਾਤ ਵਿੱਚ ਪੜ੍ਹਾਇਆ ਜਾਂਦਾ ਸੀ ਕਿ ਬੱਚੇ ਭਗਵਾਨ ਦੇ ਬਣਾਏ ਫੁੱਲ ਹਨ। ਤਾਂ ਕੀ ਅਸੀਂ ਭਗਵਾਨ ਦੇ ਬਣਾਏ ਫੁੱਲ ਨਹੀਂ ਹਾਂ? ਅਸਲ ਵਿੱਚ ਅਸੀਂ ਪਿੰਡੋਂ ਬਾਹਰ ਸੁੱਟੇ ਗਏ ਸੀ, ਕੂੜੇ ਕਚਰੇ ਦੀ ਤਰ੍ਹਾਂ। ਇੱਕੋ ਸਕੂਲ ਵਿੱਚ ਅਨੇਕਾਂ ਜਾਤਾਂ ਦੀਆਂ ਇਕਾਈਆਂ ਸਨ। ਸਾਡੀ ਬਸਤੀ ਦਾ ਸੰਬੰਧ ਪਿੰਡ ਨਾਲ ਨਹੀਂ ਸੀ। ਇਵੇਂ ਸੀ ਜਿਵੇਂ ਪਿੰਡ ਦੀ ਵੰਡ ਕਰਕੇ ਸਾਨੂੰ ਉਸ ਨਾਲੋਂ ਤੋੜਿਆ ਗਿਆ ਹੋਵੇ। ਬਚਪਨ ਤੋਂ ਹੀ ਸਾਹ ਲੈਂਦੇ ਹੋਏ ਤੇ ਰੋਂਦੇ ਹੋਏ ਵੀ ਮੈਂ ਇੱਥੇ ਪਰਾਇਆ ਜਿਹਾ ਹੀ ਰਿਹਾ ਹਾਂ। ਉਮਰ ਵਧਣ ਨਾਲ ਇਹ ਪਰਾਇਆਪਨ ਵੱਧਦਾ ਹੀ ਗਿਆ ਹੈ। ਮੇਰਾ ਬਚਪਨ ਮੈਨੂੰ ਅੱਜ ਵੀ ਡਰਾਉਣਾ ਲੱਗਦਾ ਹੈ।

ਸਾਉਣ ਦਾ ਮਹੀਨਾ ਹੋਣ ਕਰਕੇ ਸਕੂਲ ਤੇਲੀ ਦੀ ਕੋਠੀ ਵਿਚ ਲੱਗਿਆ ਕਰਦਾ ਸੀ। ਮੈਂ ਪਹਿਲੀ ਵਾਰ ਉਸ ਕੋਠੀ ਵਿੱਚ ਗਿਆ ਸੀ। ਜਾ ਕੇ ਮੁੰਡਿਆਂ ਵਿਚ ਬਹਿ ਗਿਆ। ਕੋਠੀ ਦੇ ਮਾਲਕ ਦੇ ਮੁੰਡੇ ਮਹਾਦਿਆ ਨੇ ਮੈਨੂੰ ਕਿਤੇ ਦੇਖ ਲਿਆ। ਉਹ ਭੱਜਦਾ ਹੋਇਆ ਆਇਆ। ਮੇਰੀ ਸਲੇਟ ਤੇ ਕਿਤਾਬਾਂ ਖੋਹ ਲਈਆਂ। ਪੂਰਾ ਜ਼ੋਰ ਲਾ ਕੇ ਉਹ ਮੈਨੂੰ ਕੁੱਟਣ ਲੱਗਾ। ਮੇਰੀਆਂ ਅੱਖਾਂ ਸਾਹਮਣੇ ਤਾਰੇ ਚਕਮਣ ਲੱਗੇ। ਸਾਰੇ ਬੱਚੇ ਮੇਰੀ ਤਰਫ਼ ਦੇਖ ਰਹੇ ਸਨ। ਮਾਸਟਰ ਜੀ ਆਏ। ਉਨ੍ਹਾਂ ਨੇ ਮੈਨੂੰ ਸਭ ਤੋਂ ਦੂਰ ਦਰਵਾਜ਼ੇ ਪਾਸ ਜਾ ਕੇ ਬਹਿਣ ਨੂੰ ਕਿਹਾ। ਮੈਂ ਉੱਥੇ ਇਕੱਲਾ ਬੈਠ ਗਿਆ। ਅੰਦਰ ਹੀ ਅੰਦਰ ਘੁਲਦਾ ਹੋਇਆ, ਧਰੂ ਤਾਰੇ ਵਾਂਗ ਅਹਿਲ।

ਜਦੋਂ ਸਕੂਲ ਮਾਰਵਾੜੀ ਦੀ ਕੋਠੀ ਵਿੱਚ ਲੱਗਦਾ ਤਾਂ ਮੈਂ ਬੈਠਕ ਦੇ ਹੇਠਾਂ ਬਹਿੰਦਾ। ਦੂਜੇ ਮੁੰਡੇ ਕੁੜੀਆਂ ਉਪਰ ਬਹਿੰਦੇ। ਮਾਸਟਰ ਜੀ ਹੋਰ ਉੱਚੀ ਜਗ੍ਹਾ ਬੈਠ ਕੇ ਸਵਰਨਾਂ ਦੇ ਮੁੰਡਿਆਂ ਨੂੰ ਗਣਿਤ ਸਮਝਾਉਂਦੇ। ਅਸੀਂ ਹੇਠਾਂ ਜੁੱਤੀਆਂ ਕੋਲ ਬੈਠੇ ਰਹਿੰਦੇ। ਸਭ ਤਰਫ਼ ਚੱਪਲਾਂ ਤੇ ਜੁੱਤੀਆਂ ਹੁੰਦੀਆਂ। ਰਤਨਾ ਨਾਂਅ ਦੀ ਕੁੜੀ ਦੀਆਂ ਚੱਪਲਾਂ ਬਹੁਤ ਸੋਹਣੀਆਂ ਲੱਗਦੀਆਂ। ਮਾਸਟਰ ਜੀ ਦੀਆਂ ਚੱਪਲਾਂ ਨੂੰ ਮੈਂ ਕਦੇ ਛੂੰਹਦਾ ਤੱਕ ਨਹੀਂ ਸੀ। ਸੋਚਦਾ, ਚੱਪਲਾਂ ਭਿੱਟ ਜਾਣਗੀਆਂ। ਗੁਰੂ ਜੀ ਦੀਆਂ ਚੱਪਲਾਂ ਮੈਨੂੰ ਰਾਮ ਦੀਆਂ ਖੜਾਵਾਂ ਜਿਹੀਆਂ ਪ੍ਰਤੀਤ ਹੁੰਦੀਆਂ।

ਪਿੰਡ ਦਾ ਮੁੱਖ ਭਾਗ ਕੀ ਹੁੰਦਾ ਹੈ, ਬਚਪਨ ਵਿੱਚ ਮੈਨੂੰ ਗਿਆਤ ਹੀ ਨਹੀਂ ਸੀ। ਮਹਾਰਾਂ ਦੀ ਬਸਤੀ ਵਿੱਚ ਹੀ ਖੇਡਦਾ ਸੀ। ਉੱਥੇ ਹੀ ਵੱਡਾ ਹੋਇਆ। ਕਚਰੇ ਦੇ ਢੇਰ, ਕੁੱਤੇ, ਸੂਰ ਤੇ ਝੌਂਪੜੀ ਇਹੋ ਮੇਰੇ ਸੰਗੀ-ਸਾਥੀ ਸਨ। ਜਗਨ ਨਾਥ ਪਟੇਲ ਦੇ ਢੇਰ 'ਤੇ ਦਿਨ ਭਰ ਖੇਡਦਾ ਰਹਿੰਦਾ।

ਪਹਿਲੀ ਵਾਰ ਜਦ ਮੈਂ ਸਕੂਲ ਵੇਖਿਆ ਸੀ, ਉਹ ਦਿਨ ਅੱਜ ਵੀ ਮੈਨੂੰ ਯਾਦ ਹੈ। ਛੋਟੇ ਛੋਟੇ ਬੱਚਿਆਂ ਨਾਲ ਭਰਿਆ ਹੋਇਆ ਕਮਰਾ। ਮੈਂ ਪਹਿਲੀ ਵਾਰ ਕੁਰਸੀ ਦੇਖੀ, ਬਲੈਕ ਬੋਰਡ ਦੇਖਿਆ, ਗੁਰੂ ਜੀ ਨੂੰ ਦੇਖਿਆ, ਸੋਟੀ ਦੇਖੀ। ਮੈਨੂੰ ਗੁਰੂ ਜੀ ਦੀ ਸੋਟੀ ਦੇ ਪ੍ਰਤੀ ਅਦਭੁੱਤ ਉੱਤਸੁਕਤਾ ਸੀ। ਸਹੀ ਅਰਥਾਂ ਵਿੱਚ ਮੇਰੀ ਪੜ੍ਹਾਈ ਤੀਸਰੀ ਤੋਂ ਸ਼ੁਰੂ ਹੋਈ। ਦੋ ਸਾਲ ਤੱਕ ਤਾਂ ਮਾਸਟਰਾਂ ਨੇ ਮੈਨੂੰ ਕਾਗਜ਼ਾਂ ਵਿੱਚ ਹੀ ਪਾਸ ਕੀਤਾ



ਸੀ। ਮੈਨੂੰ ਇਸ ਬਾਬਤ ਕੁਝ ਵੀ ਪਤਾ ਨਹੀਂ ਸੀ। ਮਾਸਟਰ ਬੁਲਾਉਣ ਆਉਂਦੇ ਤਾਂ ਮੈਂ ਨੱਠ ਜਾਂਦਾ, ਛੁਪ ਕੇ ਬਹਿ ਜਾਂਦਾ। ਅੱਜ ਲੱਗਦਾ ਹੈ ਕਿ ਅਸੀਂ ਮੈਂ, ਪਰਸ਼ਿਆਂ ਅਤੇ ਉਬਯਾ-ਕਾਫੀ ਚਾਲੂ ਸਾਂ। ਮਾਸਟਰ ਨੂੰ ਦੇਖਦਿਆਂ ਹੀ ਸਾਨੂੰ ਸ਼ਰਾਰਤ ਸੁੱਝਦੀ। 'ਮਾਸਟਰ, ਮਾਸਟਰ ਤੂੰ ਕਹਿੰਦਾ? ਬੱਚੇ ਭੱਜੇ, ਪਕੜ ਲਵਗਾ, ਚਿਲਾਉਂਦੇ ਹੋਏ ਅਸੀਂ ਤਿੰਨੋਂ ਭੱਜ ਜਾਂਦੇ।

ਹਮ ਉਮਰ ਮੁੰਡਿਆਂ ਨਾਲ ਮੈਂ ਪਹਿਲੇ ਦਿਨ ਸਕੂਲ ਗਿਆ ਸਾਂ। ਮੱਲਿਆ, ਮਾਰਤਿਆ ਅਤੇ ਨਿਲਿਆਂ ਜਿੱਥੇ ਬੈਠੇ ਸਨ। ਮੈਂ ਵੀ ਉੱਥੇ ਜਾ ਬੈਠਿਆ। ਉਸ ਦਿਨ ਮੈਨੂੰ ਬਹੁਤ ਕਾਹਲਾ ਪਿਸ਼ਾਬ ਆਇਆ, ਪਰ ਮਾਸਟਰ ਜੀ ਨੂੰ ਕਿਵੇਂ ਪੁੱਛਾ? ਮਾਸਟਰ ਜੀ ਮੇਰੇ ਤੋਂ ਕਾਫ਼ੀ ਦੂਰ ਬੈਠੇ ਸਨ। ਉਨ੍ਹਾਂ ਨੂੰ ਆਪਣੇ ਪਾਸ ਬੁਲਾਉਣ ਦੀ ਹਿੰਮਤ ਵੀ ਨਹੀਂ ਸੀ। ਪੇਸ਼ਾਬ ਲਈ ਜਾਣਾ ਹੋਵੇ ਤਾਂ ਆਪਣੀ ਛੋਟੀ ਉਂਗਲੀ ਅਲੱਗ ਕੱਢ ਕੇ ਦਿਖਾਣੀ ਹੁੰਦੀ ਹੈ, ਇਹ ਗੱਲ ਮੈਨੂੰ ਉਦੋਂ ਪਤਾ ਨਹੀਂ ਸੀ। ਮੇਰਾ ਪਿਸ਼ਾਬ ਨਿਕਲ ਗਿਆ। ਪਿਸ਼ਾਬ ਨਿੱਕਰ ਦੇ ਬਾਹਰ ਆ ਗਿਆ। ਬੱਚੇ ਹੋ ਹੱਲਾ ਕਰਨ ਲੱਗੇ। ਮੈਂ ਘਬਰਾ ਗਿਆ। ਮਾਸਟਰ ਜੀ ਨੇ ਮੈਨੂੰ ਜਮਾਤ ਵਿੱਚੋਂ ਕੱਢ ਦਿੱਤਾ। ਗਿੱਲੀ ਨਿੱਕਰ ਸਣੇ ਮੈਂ ਘਰ ਆ ਗਿਆ। ਬਾਅਦ ਵਿੱਚ ਮੈਂ ਦੋ ਦਿਨ ਤੱਕ ਸਕੂਲ ਨਹੀਂ ਗਿਆ। ਨਿੱਕਰ ਕਹਿਣ ਤੋਂ ਭਾਵ ਅੱਜ ਦੇ ਅੰਡਰਵੀਅਰ ਤੋਂ ਹੈ। ਬਹੁਤ ਹਲਕੇ ਦਰਜੇ ਦੇ ਸੂਤੀ ਕਪੜੇ ਦੀ ਬਣੀ ਅਜਿਹੀ ਨਿੱਕਰ ਹੀ ਮੈਂ ਸੱਤਵੀਂ ਤੱਕ ਪਹਿਨਦਾ ਸੀ, ਉਹ ਵੀ ਫਟੀ ਹੋਈ। ਮਾਂ ਉਸ ਦੇ ਪਿਛਲੇ ਪਾਸੇ ਟਾਕੀਆਂ ਲਾ ਦੇਂਦੀ ਸੀ। ਜਦ ਉਹ ਵੀ ਫਟ ਜਾਂਦੀਆਂ ਅਤੇ ਚਿੱਤੜ ਜਾਂ ਤੋਤੋ ਦਿਸਣ ਲੱਗਦੀ ਤਾਂ ਮੈਂ ਉਪਰੋਂ ਦੀ ਤੌਲੀਆਂ ਲਪੇਟ ਲੈਂਦਾ।

ਜਦੋਂ ਪਿਸ਼ਾਬ ਦੀ ਛੁੱਟੀ ਹੁੰਦੀ, ਬੱਚੇ ਛੇੜਨ ਲੱਗ ਪੈਂਦੇ। ਰੋੜੇ ਮਾਰਦੇ ਤੇ 'ਮਹਾਰ' 'ਮਹਾਰ' ਕਹਿ ਕੇ ਚਿਲਾਉਂਦੇ। ਮੈਂ ਬੇਹੱਦ ਪ੍ਰੇਸ਼ਾਨ ਹੋ ਜਾਂਦਾ। ਇੱਕ ਦਿਨ ਪਿੰਡ ਦੇ ਬੱਚਿਆਂ ਨੇ ਮੈਨੂੰ ਬਿਨਾਂ ਮਤਲਬ ਘੇਰ ਲਿਆ। ਮੇਰਾ ਸਾਥੀ ਨਿੱਲਿਆ ਨੱਠ ਗਿਆ। ਬੱਚੇ ਅਵਾਰਾ ਸਾਨ੍ਹ ਵਾਂਗ ਹੌਲੀ-ਹੌਲੀ ਮੇਰੇ ਵੱਲ ਨੂੰ ਵੱਧਣ ਲੱਗੇ। ਮੈਂ ਬੇਹੱਦ ਪ੍ਰੇਸ਼ਾਨ ਹੋ ਗਿਆ। ਇਵੇਂ ਲੱਗਣ ਲੱਗਾ ਜਿਵੇਂ ਆਸਮਾਨ ਟੁੱਟ ਕੇ ਮੇਰੇ ਸਰੀਰ 'ਤੇ ਡਿੱਗ ਪਵੇਗਾ। ਰਾਮ ਜਲਕੋਟੇ ਨਾਂਅ ਦੇ ਇੱਕ ਸਵਰਨ ਜਾਤ ਦੇ ਮੁੰਡੇ ਨੇ ਮੇਰੇ ਮੂੰਹ 'ਤੇ ਥੱਪੜ ਮਾਰਿਆ। ਮੈਂ ਰੋਣ ਲੱਗਾ। ਉਹ ਸਭ ਭੱਜ ਗਏ। ਬਾਅਦ ਦੇ ਦਿਨਾਂ ਵਿੱਚ ਜਦ ਵੀ ਰਾਮ ਜਲਕੋਟੇ ਨੂੰ ਵੇਖਦਾ ਮੈਂ ਕੰਬਣ ਲੱਗਦਾ।

15 ਅਗਸਤ ਅਤੇ 26 ਜਨਵਰੀ ਨੂੰ ਪ੍ਰਭਾਤ ਫੇਰੀ ਨਿਕਲਦੀ। ਸਭ ਬੱਚੇ ਸਕੂਲੀ ਵਰਦੀ ਪਾ ਕੇ ਜਾਂਦੇ। ਮੈਂ ਅਲਬੱਤਾ ਨਿੱਕਰ ਵਿੱਚ ਸ਼ਰਟ ਦੇ ਲੈਂਦਾ। ਪ੍ਰਭਾਤ ਫੇਰੀ ਕੇਵਲ ਪਿੰਡ ਵਿੱਚ ਘੁੰਮਦੀ। ਮੇਰੇ ਮਨ ਵਿਚ ਆਉਂਦਾ, ਉਹ ਸਭ ਮੇਰੀ ਬਸਤੀ ਵਿੱਚ ਵੀ ਆਉਣ। ਮੇਰੀ ਬਸਤੀ ਦੇ ਲੜਕੇ ਮੈਨੂੰ ਇਸ ਪ੍ਰਭਾਤ ਫੇਰੀ ਵਿੱਚ ਦੇਖ ਲੈਣ। ਮਾਸਟਰ ਸਾਨੂੰ ਕਤਾਰਾਂ ਵਿੱਚ ਲੈ ਜਾਂਦੇ। ਕਤਾਰ ਵਿੱਚ ਚਲਦੇ ਨੂੰ ਤੇ ਨਾਅਰੇ ਲਾਉਂਦੇ ਨੂੰ ਦੇਖ ਦੇ ਮੇਰੀ ਨਾਨੀ ਖੁਸ਼ ਹੋ ਜਾਂਦੀ। ਉਸ ਦਾ ਮਨ ਭਰ ਆਉਂਦਾ। ਉਸ ਨੂੰ ਆਪਣਾ ਜੀਵਨ ਸਾਰਥਕ ਪ੍ਰਤੀਤ ਹੁੰਦਾ। ਮੇਰੀ ਨਾਨੀ ਦਾ ਨਾਂਅ ਸੀ ਸੰਤਾਮਾਏ। ਉਸੇ ਨੇ ਮੈਨੂੰ ਪਾਲਿਆ ਪੋਸਿਆ ਸੀ।

ਮੇਰੀ ਨਾਨੀ ਸੜਕ 'ਤੇ ਝਾੜੂ ਫੇਰਨ ਦਾ ਕੰਮ ਕਰਦੀ ਸੀ। 15 ਅਗਸਤ ਜਾਂ 26 ਜਨਵਰੀ ਨੂੰ ਉਹ ਝਾੜੂ ਲਾਉਂਦੀ ਹੋਈ ਮੈਨੂੰ ਦਿਖਾਈ ਦੇਂਦੀ। ਉਸ ਨੂੰ ਦੇਖ ਕੇ ਮੈਨੂੰ ਜੋਸ਼ ਆਉਂਦਾ ਤੇ ਮੈਂ ਜ਼ੋਰ ਜ਼ੋਰ ਨਾਲ ਨਾਅਰੇ ਲਾਉਂਦਾ। ਮੈਨੂੰ ਦੇਖ ਕੇ ਉਹ ਹੱਸਦੀ। ਬਹੁਤ ਉਤਸ਼ਾਹ ਨਾਲ ਝਾੜੂ ਲਾਉਂਦੀ। ਘਰ ਪਰਤਣ 'ਤੇ ਉਹ ਮੈਨੂੰ ਲਾਡ ਨਾਲ ਚੁੰਮਦੀ। ਉਸ ਦੇ ਮੂੰਹ 'ਚੋਂ ਗੁਰਗੰਧ ਆਉਂਦੀ। ਮਿੱਸੀ (ਇਕ ਤਰ੍ਹਾਂ ਦਾ ਮੰਜਨ) ਲਗਾਉਣ ਕਾਰਨ ਉਸ ਦੇ ਦੰਦ ਕਾਲੇ ਦਿਖਦੇ।

ਸਕੂਲੋਂ ਛੁੱਟੀ ਮਿਲਣ 'ਤੇ ਅਸੀਂ ਨਦੀ-ਕਿਨਾਰੇ ਖਾਣਾ ਖਾਣ ਜਾਂਦੇ। ਰੇਤ ਵਿੱਚ ਬੈਠ ਕੇ ਖਾਂਦੇ। ਨਦੀ

'ਚ ਤੈਰਦੇ। ਨਦੀ ਦੇ ਉਪਰਲੇ ਘਾਟ 'ਤੇ ਸਵਰਨ ਪਾਣੀ ਭਰਦੇ। ਉਨ੍ਹਾਂ ਦੀਆਂ ਔਰਤਾਂ ਕਪੜੇ ਧੋਂਦੀਆਂ। ਨਦੀ ਦੇ ਹੇਠਲੇ ਘਾਟ 'ਤੇ ਧਨਗਰ ਤੇ ਕੁਨਬੀ ਪਾਣੀ ਭਰਦੇ, ਨਹਾਉਂਦੇ, ਕਪੜੇ ਧੋਂਦੇ, ਆਪਣੇ ਜਾਨਵਰਾਂ ਨੂੰ ਨਹਾਉਂਦੇ। ਉਸ ਤੋਂ ਹੇਠਲੇ ਘਾਟ ਤੋਂ ਅਸੀਂ ਲੋਕ ਪਾਣੀ ਭਰਦੇ, ਨਹਾਉਂਦੇ ਤੇ ਕਪੜੇ ਧੋਂਦੇ। ਉਪਰਲੇ ਦੋਹਾਂ ਘਾਟਾ ਤੋਂ ਗੰਦਾ ਹੋ ਕੇ ਆਇਆ ਪਾਣੀ ਸਾਡੇ ਹਿੱਸੇ ਆਉਂਦਾ। ਅਸੀਂ ਉਨ੍ਹਾਂ ਦੇ ਘਾਟ 'ਤੇ ਨਹੀਂ ਜਾ ਸਕਦੇ ਸੀ।

ਇੱਕ ਦਿਨ ਮੈਂ ਨਦੀ ਵਿਚਕਾਰ ਖੜਾ ਹੋ ਕੇ ਪਾਣੀ ਪੀ ਰਿਹਾ ਸੀ। ਉਪਰਲੇ ਕਿਸੇ ਘਾਟ 'ਤੇ ਕਿਸੇ ਮਾਂ ਨੇ ਆਪਣੇ ਛੋਟੇ ਬੱਚੇ ਦਾ ਸ਼ਾਇਦ ਟੱਟੀ ਨਾਲ ਭਰਿਆ ਹੋਇਆ ਕੋਈ ਕਪੜਾ ਧੋਤਾ ਸੀ। ਉਸ ਟੱਟੀ ਦਾ ਹੜ੍ਹ ਮੇਰੇ ਨਜ਼ਦੀਕ ਆ ਰਿਹਾ ਸੀ। ਉਲਟੀ ਆ ਗਈ। ਪਰ ਕਹਾਂ ਕਿਸੇ ਨੂੰ? ਤੇ ਫਿਰ ਜਲ ਤੋਂ ਪਵਿੱਤਰ ਹੋਰ ਕਿਹੜੀ ਵਸਤ ਹੈ! ਸਵਰਨਾਂ ਦੇ ਘਾਟ ਤੋਂ ਆਏ ਗੰਦੇ ਪਾਣੀ ਨੂੰ ਅਸੀਂ ਲੋਕ ਪਚਾ ਰਹੇ ਸੀ।

ਪਿੰਡ ਦੇ ਰੱਜੇ ਪੁੱਜੇ ਘਰਾਂ ਵਿਚ ਜਦ ਸ਼ਾਦੀਆਂ ਹੁੰਦੀਆਂ। ਅਸੀਂ ਬਹੁਤ ਜਿਆਦਾ ਖੁਸ਼ ਹੁੰਦੇ। ਰੱਜੇ ਪੁੱਜੇ ਲੋਕ ਸਾਰੇ ਪਿੰਡ ਨੂੰ ਨਿਉਂਦਾ ਦੇਂਦੇ। ਪਰ ਸਭ ਦੇ ਭੁਗਤ ਜਾਣ ਉਪਰੰਤ ਆਖਿਰ ਵਿਚ ਸਾਡੀ ਬਸਤੀ ਨੂੰ ਬੁਲਾਵਾ ਆਉਂਦਾ।

ਇਸ ਤਰ੍ਹਾਂ ਦੀਆਂ ਸ਼ਾਦੀਆਂ ਵਿੱਚ ਮੈਂ ਅਤੇ ਮਿੱਤਰ ਦਿਨ ਭਰ ਉਸ ਘਰ ਦੇ ਆਲੇ-ਦੁਆਲੇ ਮੰਡਰਾਂਦੇ ਰਹਿੰਦੇ। ਸ਼ਾਮਿਆਨਾਂ ਦੇਖਦੇ, ਵਾਜਾ ਸੁਣਦੇ, ਲਾਊਡ ਸਪੀਕਰ 'ਤੇ ਵੱਜ ਰਹੇ ਗਾਣੇ ਸੁਣਦੇ, ਸਜੀਆਂ ਸੰਵਰੀਆਂ ਕੁੜੀਆਂ ਵੇਖਦੇ, ਬਿਹਤਰੀਨ ਭੋਜਨ ਦੀ ਮਹਿਕ ਸੁੰਘਣ ਨੂੰ ਮਿਲਦੀ। ਅਸੀਂ ਛੋਟੇ-ਛੋਟੇ ਬੱਚੇ ਦਿਨ ਭਰ ਸ਼ਾਮਿਆਨੇ ਹੇਠਾਂ ਮੰਡਰਾਉਂਦੇ ਰਹਿੰਦੇ। ਵਾਜਾ ਵੱਜਣ ਲੱਗਦਾ ਤਾਂ ਅਸੀਂ ਨੱਚਣ-ਕੁੱਦਣ ਲੱਗਦੇ। ਏਨੇ ਨੂੰ ਅਚਾਨਕ ਕੋਈ ਪਿੰਡ ਵਾਲਾ ਜਾਂ ਉਸ ਘਰ ਵਾਲਾ ਆਦਮੀ ਸਾਨੂੰ ਝਿੜਕ ਕੇ ਉੱਥੋਂ ਭਜਾ ਦੇਂਦਾ। ਅਸੀਂ ਥੋੜ੍ਹੀ ਦੇਰ ਲਈ ਭੱਜ ਜਾਂਦੇ, ਪਰ ਫਿਰ ਹੌਲੀ ਹੌਲੀ ਇਕੱਠੇ ਹੋ ਜਾਂਦੇ।

ਸ਼ਾਦੀ ਧੂਮਧਾਮ ਨਾਲ ਹੁੰਦੀ। ਰਿਸ਼ਤੇਦਾਰਾਂ ਨੂੰ ਭੋਜਨ ਕਰਵਾਇਆ ਜਾਂਦਾ। ਅਸੀਂ ਬਾਹਰ ਖੜ੍ਹੇ ਭੁੱਖ ਨਿਗਲਦੇ ਰਹਿੰਦੇ। ਕਤਾਰ 'ਤੇ ਕਤਾਰ ਬੈਠਦੀ। ਉਨ੍ਹਾਂ ਦੀ ਆਵਾਜ਼ ਸੁਣਾਈ ਦੇਂਦੀ। ਘਰ ਦਾ ਕੋਈ ਸਿਆਣਾ ਆਦਮੀ ਗੰਭੀਰ ਆਵਾਜ਼ ਵਿੱਚ ਪੁੱਛਦਾ, "ਸਭ ਨੂੰ ਪਰੋਸ ਦਿੱਤਾ ਹੈ ਨਾ? "

"ਸ਼ਰਮਾਓ ਨਹੀਂ, ਆਰਾਮ ਨਾਲ ਖਾਓ।"

ਪਰੋਸਣ ਵਾਲੇ ਕਤਾਰ ਦੇ ਕੋਲ ਦੀ ਆਵਾਜ਼ ਦੇਂਦੇ ਹੋਏ ਲੰਘਦੇ, "ਸਬਜ਼ੀ? " ..."ਖੀਰ?"...ਕੋਈ ਪੁੱਛਦਾ, "ਫੁੱਲਕਾ ਆਵੇ? "... "ਘਿਉ ਲਓ ਜੀ।" "ਅਸੀਂ ਸਭ ਇਨ੍ਹਾਂ ਆਵਾਜ਼ਾਂ ਨੂੰ ਸੁਣਦੇ ਤੇ ਭੁੱਖ ਨਾਲ ਬੇਹਾਲ ਹੋ ਜਾਂਦੇ। ਸਾਡੇ ਪੇਟ ਕੰਨਾਂ ਤੱਕ ਆ ਜਾਂਦੇ। ਸਾਡੇ ਪੇਟ ਕੰਨ ਬਣ ਜਾਂਦੇ। ਪੇਟ ਕਤਾਰ ਵਿੱਚਲੇ ਆਦਮੀ ਹੋ ਜਾਂਦੇ।"

ਸ਼ੁਰੂ ਵਿੱਚ ਭਗਵਾਨ ਨੇ ਬੰਦੇ ਨੂੰ ਇੱਕ ਹੀ ਪੇਟ ਦਿੱਤਾ ਸੀ। ਆਦਮੀ ਖਾਣ-ਪੀਣ ਲੱਗਾ। ਬਹੁਤ ਮਜ਼ਾ ਆਉਣ ਲੱਗਾ। ਕੀ ਖਾਈਏ ਤੇ ਕੀ ਨਹੀਂ-ਅਜਿਹੀ ਸਥਿਤੀ ਪੈਦਾ ਹੋ ਗਈ। ਖਾਣ ਲਈ ਬਹੁਤ ਕੁਝ ਸੀ ਪਰ ਪੇਟ ਇੱਕ ਹੀ ਸੀ। ਆਦਮੀ ਪ੍ਰੇਸ਼ਾਨ ਹੋ ਗਿਆ। ਉਸ ਸੋਚਿਆ, ਖਾਣ ਲਈ ਤਾਂ ਭਗਵਾਨ ਨੇ ਬਹੁਤ ਕੁਝ ਬਣਾ ਦਿੱਤਾ ਹੈ, ਪਰ ਪੇਟ ਤਾਂ ਇਕ ਹੀ ਦਿੱਤਾ ਹੈ। ਇਸ ਕਾਰਨ ਉਹ ਮੁੜ ਭਗਵਾਨ ਦੇ ਪਾਸ ਗਿਆ ਤੇ ਕਹਿਣ ਲੱਗਾ, "ਭਗਵਾਨ ਜੀ, ਮੈਨੂੰ ਇਕੋ ਪੇਟ ਦੇ ਕੇ ਤੁਸਾਂ ਬਹੁਤ ਗਲਤੀ ਕੀਤੀ ਹੈ। ਮੈਂ ਤਾਂ ਬਹੁਤ ਕੁਝ ਖਾਣਾ ਹੈ ਤੇ ਬਹੁਤ ਕੁਝ ਪੀਣਾ ਹੈ। ਜੇ ਤੁਸੀਂ ਦੋ ਪੇਟ ਦੇ ਦੇਵੋ ਤਾਂ ਬਹੁਤ ਮਿਹਰਬਾਨੀ ਹੋਵੇਗੀ।"

ਭਗਵਾਨ ਨੇ ਉਸ ਨੂੰ ਸਮਝਾਇਆ , "ਬੱਚਾ ਤੂੰ ਜਾ ਅਤੇ ਪਹਿਲਾਂ ਇਸ ਇਕ ਪੇਟ ਦੀ ਭੁੱਖ ਤਾਂ ਸ਼ਾਂਤ ਕਰ ਲੈ, ਫਿਰ ਮੇਰੇ ਪਾਸ ਆਈਂ। ਉਦੋਂ ਤੈਨੂੰ ਦੂਜਾ ਪੇਟ ਦੇਵਾਂਗਾ, ਜ਼ਰੂਰ ਦੇਵਾਂਗਾ।"



ਉਸ ਦਿਨ ਤੋਂ ਆਹ ਦਿਨ! ਆਦਮੀ ਇਸ ਇਕੋ ਪੇਟ ਦੀ ਅੱਗ ਨੂੰ ਸ਼ਾਂਤ ਕਰਨ ਵਿੱਚ ਲੱਗਿਆ ਹੋਇਆ ਹੈ। ਹੁਣ ਉਸ ਲਈ ਇਕ ਪੇਟ ਨੂੰ ਭਰਨਾ ਵੀ ਮੁਸ਼ਕਲ ਹੋ ਗਿਆ ਹੈ। ਉਹ ਹੁਣ ਅੱਧ ਭੁੱਖਾ ਰਹਿਣ ਲੱਗਾ ਹੈ। ਭੁੱਖ ਦੇ ਕਾਰਨ ਉਹ ਖੁਦ ਨੂੰ ਵੇਚਣ ਲੱਗਾ ਹੈ। ਭੁੱਖ ਦੇ ਕਾਰਨ ਹੀ ਔਰਤ ਵੇਸਵਾ ਬਣਨ ਲਗਦੀ ਹੈ ਤੇ ਮਰਦ ਚੋਰੀ ਕਰਨ ਲੱਗਦਾ ਹੈ। ਭੁੱਖ ਆਦਮੀ ਤੋਂ ਸਭ ਪ੍ਰਕਾਰ ਦੇ ਕੰਮ ਕਰਵਾ ਲੈਂਦੀ ਹੈ। ਉਹ ਘਰਾਂ ਚੋਂ ਟੱਟੀਆਂ ਸਾਫ ਕਰਨ ਲਗਦਾ ਹੈ ਤੇ ਗੰਦਗੀ ਨੂੰ ਸਿਰ ਤੇ ਚੁੱਕ ਕੇ ਲੈ ਜਾਣ ਲਗਦਾ ਹੈ। ਹੁਣ ਉਸ ਨੂੰ ਮਹਿਸੂਸ ਹੋਣ ਲੱਗਾ ਹੈ ਕਿ ਭਗਵਾਨ ਨੇ ਪੇਟ ਦੇ ਕੇ ਗ਼ਲਤੀ ਕੀਤੀ ਹੈ। ਮੈਨੂੰ ਵੀ ਹਮੇਸ਼ਾ ਅਜਿਹਾ ਹੀ ਮਹਿਸੂਸ ਹੁੰਦਾ।

ਸਾਦੀ ਵਾਲੇ ਘਰਾਂ ਅੱਗੇ ਮੈਂ ਭੁੱਖਾ ਪੇਟ ਲਈ ਖੜ੍ਹਾ ਹੁੰਦਾ। ਬਸਤੀ ਨੂੰ ਕਦ ਬੁਲਾਵਾ ਆਉਂਦਾ ਹੈ, ਇਹ ਉਡੀਕਦਾ ਹੋਇਆ। ਸ਼ਾਦੀ ਵਾਲੇ ਘਰੋਂ ਸੱਦਾ ਲੈ ਕੇ ਮਹਾਰ ਆਉਂਦਾ। "ਖਾਣੇ ਲਈ ਚੱਲੋ" ਦੀ ਆਵਾਜ਼ ਦੇਂਦਾ। ਪੂਰੀ ਬਸਤੀ ਨਿਕਲ ਤੁਰਦੀ। ਉਸ ਦਿਨ ਸਭ ਦੇ ਚੁੱਲ੍ਹੇ ਬੰਦ ਹੁੰਦੇ। ਸਭ ਦੇ ਸਭ ਨਿਕਲ ਤੁਰਦੇ, ਕੁੱਤੇ ਵੀ। ਪਹਿਲਾ ਔਰਤਾਂ ਨੂੰ ਪਰੋਸਿਆ ਜਾਂਦਾ। ਔਰਤਾਂ ਆਪਣੇ-ਆਪਣੇ ਬੱਚਿਆਂ ਨੂੰ ਨਾਲ ਲੈ ਕੇ ਨਿਕਲਦੀਆਂ। ਜੱਥੇ ਦਾ ਜੱਥਾ ਸ਼ਾਦੀ ਵਾਲੇ ਘਰ ਵੱਲ ਨੂੰ ਨਿਕਲਦਾ। ਮੇਰੀ ਮਾਂ ਕਦੇ ਕਿਸੇ ਪੰਗਤ ਵਿੱਚ ਨਹੀਂ ਬੈਠੀ। ਕਿਸੇ ਦੇ ਨਿਉਂਦੇ 'ਤੇ ਕਦੇ ਨਹੀਂ ਗਈ। ਮੈਂ ਆਪਣੀ ਨਾਨੀ ਸੰਤਾ ਮਾਏ ਦੇ ਨਾਲ ਖਾਣ ਜਾਂਦਾ। ਨਾਲ ਹੀ ਭੈਣਾਂ ਵੀ ਜਾਂਦੀਆਂ। ਮੇਰੇ ਪਿਤਾ ਨਹੀਂ ਹਨ। ਮੈਂ ਕਿਸੇ ਦੇ ਵੀ ਨਾਲ ਤੁਰ ਪੈਂਦਾ। ਕਮੀਜ਼ ਹੇਠਾਂ ਥਾਲੀ ਛੁਪਾ ਲੈਂਦਾ।

ਥਾਲੀ ਵਿੱਚ ਖੀਰ ਪਰੋਸੀ ਜਾਂਦੀ। ਛੋਟੇ ਬੱਚਿਆਂ ਨੂੰ ਥੋੜ੍ਹਾ ਹੀ ਪਰੋਸਿਆ ਜਾਂਦਾ। ਮੈਂ ਝੱਟ ਖਾਣਾ ਸ਼ੁਰੂ ਕਰ ਦੇਂਦਾ। ਬਹੁਤ ਤੇਜ਼ੀ ਨਾਲ ਥਾਲੀ ਖਾਲੀ ਕਰ ਦੇਂਦਾ। ਫਿਰ ਪਰੁਸਵਾ ਲੈਂਦਾ। ਮਾਂ ਘਰ ਭੁੱਖੀ ਬੈਠੀ ਰਹਿੰਦੀ। ਇੰਨਾ ਵਧੀਆ ਭੋਜਨ ਘਰ ਲੈ ਜਾਣ ਦੀ ਇੱਛਾ ਪੈਦਾ ਹੁੰਦੀ। ਪੰਗਤ ਉੱਠਣ ਉਪਰੰਤ ਥਾਲੀ ਵਿੱਚ ਬਚੀ ਖੀਰ ਲੈ ਕੇ ਘਰ ਵੱਲ ਨਿਕਲਦਾ। ਖੁਸ਼ੀ ਹੁੰਦੀ। ਪਰ ਇੱਕ ਪਾਰ ਭੀਮਾਪਾ ਨੇ ਖੀਰ ਨਾਲ ਭਰੀ ਮੇਰੀ ਥਾਲੀ ਖੋਹ ਲਈ। ਵਗ੍ਹਾ ਕੇ ਮਿੱਟੀ ਵਿੱਚ ਮਾਰੀ। ਉਹ ਮੈਨੂੰ ਕੁੱਟਣ ਲੱਗਾ ਤੇ ਝਿੜਕ ਕੇ ਬੋਲਿਆ, "ਇੰਨਾ ਜਿਆਦਾ ਕਿਓ ਪਰੁਸਵਾਉਂਦੇ ਹੋ? ਚੋਰੀ ਕਰਦੇ ਹੋ? ਫੇਰ ਕਿਸੇ ਨਿਉਂਦੇ ਵਿੱਚ ਦਿਸਿਆ ਤਾਂ ਦੇਖੂੰਗਾ ਤੈਨੂੰ। ਇਨ੍ਹਾਂ ਦੀ ਜਾਤ ਹੀ ਗੰਦੀ ਹੈ। ਸਾਲੇ ਖਾਂਦੇ ਵੀ ਹਨ ਤੇ ਘਰ ਵੀ ਲੈ ਕੇ ਜਾਂਦੇ ਹਨ।"

ਮੈਂ ਰੋਂਦਾ ਹੋਇਆ ਘਰ ਆਇਆ। ਭੀਮੱਪਾ ਚੌਕਸ ਹੋ ਕੇ ਹੋਰਾਂ ਵੱਲ ਵੀ ਵੇਖਣ ਲੱਗਾ। ਉਹ ਖੀਰ ਲੈ ਕੇ ਜਾਣ ਵਾਲਿਆਂ ਨੂੰ ਰੋਕ ਰਿਹਾ ਸੀ। ਗਾਲ੍ਹਾਂ ਕੱਢ ਰਿਹਾ ਸੀ ਉਨ੍ਹਾਂ ਵਿੱਚ ਮੇਰੀ ਭੈਣ ਨਾਗੀ ਵੀ ਸੀ।

ਮੈਂ ਖਾਲੀ ਥਾਲੀ ਲੈ ਕੇ ਆਇਆ। ਪਰ ਸੰਤਾ ਮਾਏ ਅਤਿਅੰਤ ਚਾਲਾਕੀ ਨਾਲ ਥੋੜ੍ਹੀ ਜਿਹੀ ਖੀਰ ਲੈ ਹੀ ਆਈ। ਚੋਰੀ ਹੀ ਉਸ ਖੀਰ ਨੂੰ ਅਸੀਂ ਘਰੇ ਖਾਂਦੇ। ਖੀਰ ਖੱਟੀ-ਮਿੱਠੀ ਲੱਗਦੀ ਸੀ। ਸੰਤਾ ਮਾਏ ਅਜਿਹੀ ਖੀਰ ਵਿੱਚ ਪਾਣੀ ਤੇ ਗੁੜ ਪਾ ਕੇ ਤੇ ਗਰਮ ਕਰਕੇ ਸਾਨੂੰ ਪਰੋਸਦੀ।

ਕਦੇ ਕਦੇ ਸੰਤਾਮਾਏ ਨੂੰ ਸ਼ਾਦੀ ਵਾਲੇ ਘਰ ਹੀ ਝਾੜੂ ਫੇਰਨ ਤੇ ਲਿੱਪਣ ਦਾ ਕੰਮ ਮਿਲ ਜਾਂਦਾ। ਉਦੋਂ ਤਾਂ ਬਹੁਤ ਹੀ ਖੀਰ ਮਿਲ ਜਾਂਦੀ। ਖਾਣ ਉਪਰੰਤ ਵੀ ਖੀਰ ਬਚ ਜਾਂਦੀ ਤਾਂ ਉਹ ਉਸ ਦੀਆਂ ਵੜੀਆਂ ਬਣਾ ਲੈਂਦੀ। ਮਤਲਬ, ਖੀਰ ਦੇ ਛੋਟੇ ਛੋਟੇ ਗੋਲੇ ਬਣਾ ਕੇ ਸੁੱਕਣ ਨੂੰ ਰੱਖ ਦੇਂਦੀ। ਸੁੱਕਣ ਮਗਰੋਂ ਉਹ ਉਨ੍ਹਾਂ ਨੂੰ ਕਿਸੇ ਸੁਰੱਖਿਅਤ ਥਾਂ 'ਤੇ ਰੱਖ ਦੇਂਦੀ। ਜਦੋਂ ਭੁੱਖ ਲੱਗਦੀ ਤਾਂ ਅਸੀਂ ਉਨ੍ਹਾਂ ਨੂੰ ਇਮਲੀ ਦੀ ਗਿਟਕ ਵਾਂਗ ਚੂਸਦੇ।

ਇਕ ਵਾਰ ਅਜਿਹਾ ਹੀ ਪਿੰਡ ਦਾ ਭੋਜਨ ਸੀ। ਸੰਤਾਮਾਏ ਅਤੇ ਮੇਰੀਆਂ ਭੈਣਾਂ ਖਾ ਕੇ ਆ ਗਈਆਂ। ਚੋਰੀ ਚੋਰੀ ਖੀਰ ਵੀ ਲੈ ਆਈਆਂ ਸਨ। ਮੈਂ ਖੀਰ ਮੰਗ ਰਿਹਾ ਸੀ। ਮਾਂ ਕਹਿ ਰਹੀ ਸੀ, "ਥਾਲੀ ਲੈ ਕੇ ਉੱਥੇ

ਖਾਣ ਜਾ ਨਾ!" ਪਰ ਮੈਨੂੰ ਹੁਣ ਇਸ ਤਰ੍ਹਾਂ ਪਿੰਡ ਵਿੱਚ ਥਾਲੀ ਲੈ ਕੇ ਜਾਣ 'ਚ ਸੰਕੋਚ ਹੁੰਦਾ ਸੀ। ਜੇ ਇਸ ਹਾਲਤ ਵਿੱਚ ਕਿਸੇ ਹਮਜਮਾਤੀ ਮੁੰਡੇ ਨੇ ਵੇਖ ਲਿਆ ਤਾਂ? ਬਾਅਦ ਵਿੱਚ ਉਹ ਮੈਨੂੰ ਚਿੜ੍ਹਾਉਣਗੇ। ਰਾਹ ਵਿੱਚ ਨਾਲ ਪੜ੍ਹਦੀਆਂ ਕੁੜੀਆਂ ਦੇ ਵੀ ਘਰ ਸਨ। ਉਨ੍ਹਾਂ ਦੇ ਘਰ ਕੋਲੋਂ ਦੀ ਲੰਘਦੇ ਨੂੰ 'ਚੋਰ' ਹੋਣ ਦਾ ਅਹਿਸਾਸ ਹੁੰਦਾ। ਮੇਰੀ ਇੱਛਾ ਹੀ ਨਹੀਂ ਹੁੰਦੀ ਸੀ ਜਾਣ ਦੀ। ਮਾਂ ਜਾਣ ਨੂੰ ਕਹਿੰਦੀ, ਗਾਲ੍ਹਾਂ ਕੱਢਦੀ। ਥਾਲੀ ਪਕੜ ਕੇ ਬਾਹਰ ਕੱਢਦੀ, ਤੇ ਕਹਿੰਦੀ, "ਘਰ ਵਿੱਚ ਖਾਣ ਨੂੰ ਕੀ ਹੈ, ਸਿਵਾਏ ਮਿੱਟੀ ਦੇ? ਕੀ ਕਦੇ ਖੁਦ ਕਮਾ ਕੇ ਕੁਝ ਲੈ ਕੇ ਆਇਆ ਏਂ? ਜਾ ਖਾ ਕੇ ਆ। ਇੱਜ਼ਤ, ਸੰਕੋਚ, ਲੱਜਾ ਦੀ ਗੱਲ ਤੂੰ ਬਹੁਤ ਕਰ ਰਿਹਾ ਏਂ। ਮੈਂ ਤੈਨੂੰ ਖਾਣ ਲਈ ਕਿੱਥੋਂ ਲਿਆ ਦੇਵਾਂ? ਮੇਰੀ ਜਾਨ ਲਈ ਬਿਨਾਂ ਸ਼ਾਇਦ ਤੈਨੂੰ ਠੰਡ ਨਹੀਂ ਪੈਣੀ!"

ਮੈਂ, ਚੁੱਪਚਾਪ ਨਿਕਲ ਜਾਂਦਾ। ਥਾਲੀ ਕਮੀਜ਼ ਹੇਠਾਂ ਛੁਪਾ ਲੈਂਦਾ। ਜਿੰਨਾ ਪਰੋਸਦੇ, ਓਨਾ ਖਾਂਦਾ। ਮੰਗਦਾ ਨਹੀਂ ਸੀ। ਸਾਨੂੰ ਲੋਕਾਂ ਨੂੰ ਖਾਣਾ ਤਾਂ ਦਿੱਤਾ ਜਾਂਦਾ ਸੀ, ਪਰ ਪਾਣੀ ਕਦੇ ਨਹੀਂ। ਪਾਣੀ ਪੀਣ ਲਈ ਘਰ ਆਉਣਾ ਪੈਂਦਾ ਸੀ। ਘਰ ਆ ਕੇ ਮਾਂ ਦੀਆਂ ਗਾਲ੍ਹਾਂ ਸੁਣਨੀਆਂ ਪੈਂਦੀਆਂ, "ਖੀਰ ਕਿਉਂ ਨਹੀਂ ਲੈ ਕੇ ਆਇਆ?" ਮੈਂ ਜੂਠਨ ਨਾਲ ਭਰੀ ਥਾਲੀ ਫੜੀ ਚੁੱਪਚਾਪ ਸੁਣਦਾ ਰਹਿੰਦਾ।

ਸੰਤਾਮਾਏ ਦੇ ਨਾਲ ਮੈਂ ਗੋਹਾ ਇਕੱਠਾ ਕਰਨ ਨਿਕਲਦਾ। ਉਹ ਅੱਗੇ-ਅੱਗੇ, ਮੈਂ ਪਿੱਛੇ ਪਿੱਛੇ, ਪੁਲਸ ਦੇ ਸੋਘੂ ਕੁੱਤਿਆਂ ਵਾਂਗ ਗੋਹੇ ਦੀ ਭਾਲ ਵਿੱਚ ਇੱਧਰ-ਉੱਧਰ ਸੁੰਘਦੇ ਹੋਏ। ਮਾਂ (ਮੈਂ ਆਪਣੀ ਨਾਨੀ ਨੂੰ ਮਾਂ ਕਹਿ ਕੇ ਹੀ ਸੰਬੋਧਨ ਕਰਿਆ ਕਰਦਾ ਹਾਂ) ਦੀ ਪਿੱਠ 'ਤੇ ਇੱਕ ਥੈਲਾ ਹੁੰਦਾ ਸੀ, ਵੇਤਾਲ ਵਾਂਗ। ਟੁੱਟੀ ਚੱਪਲ ਨੂੰ ਘਸੀਟਦੀ ਹੋਈ ਉਹ ਪੂਰੇ ਪਿੰਡ ਦੇ ਪਹਾੜ ਦਾ ਚੱਕਰ ਕੱਢਦੀ। ਮੈਨੂੰ ਵੀ ਜਦੋਂ ਕਿਤੇ ਗੋਹਾ ਦਿਖਦਾ, ਇੰਜ ਖੁਸ਼ੀ ਹੁੰਦੀ ਜਿਵੇਂ ਰੋਟੀ ਮਿਲ ਗਈ ਹੋਵੇ। ਅਸੀਂ ਗੋਹੇ ਦੀਆਂ ਪਾਥੀਆਂ ਬਣਾ ਕੇ ਵੇਚਦੇ ਅਤੇ ਪੇਟ ਦੀ ਅੱਗ ਬੁਝਾਉਂਦੇ।

ਫ਼ਸਲ ਦੇ ਦਿਨੀਂ ਜਾਨਵਰ ਜ਼ਿਆਦਾ ਖਾ ਲੈਂਦੇ। ਮੱਕੀ ਦੀਆਂ ਛੱਲੀਆਂ ਖਾਣ ਬਾਅਦ ਉਨ੍ਹਾਂ ਦੇ ਗੋਹੇ ਵਿੱਚ ਫੁੱਲੇ ਹੋਏ ਪੀਲੇ ਦਾਣੇ ਦਿਖਾਈ ਦਿੰਦੇ। ਦਾਣਿਆਂ ਨਾਲ ਭਰੇ ਅਜਿਹੇ ਗੋਹੇ ਨੂੰ ਸੰਤਾਮਾਏ ਅਲੱਗ ਰੱਖਦੀ। ਘਰ ਪਰਤਦੇ ਸਮੇਂ ਨਦੀ ਦੇ ਪਾਣੀ ਵਿਚ ਉਸ ਗੋਹੇ ਨੂੰ ਧੋਂਦੀ। ਗੋਹਾ ਰੁੜ੍ਹ ਜਾਂਦਾ ਤੇ ਦਾਣੇ ਅਲੱਗ ਹੋ ਜਾਂਦੇ। ਮਾਂ ਉਨ੍ਹਾਂ ਦਾਣਿਆਂ ਨੂੰ ਸੁਕਾਉਂਦੀ। ਸੁੱਕਣ ਉਪਰੰਤ ਉਹ ਥੋੜ੍ਹੇ ਰਹਿ ਜਾਂਦੇ। ਮੇਰੇ ਮਨ 'ਚ ਆਉਂਦਾ, ਇਨ੍ਹਾਂ ਨੂੰ ਸੁਕਾਉਣਾ ਹੀ ਨਹੀਂ ਚਾਹੀਦਾ। ਸੁਕਾਉਣ ਉਪਰੰਤ ਤਾਂ ਉਹ ਥੋੜ੍ਹੇ ਰਹਿ ਜਾਂਦੇ ਹਨ। ਦਾਣਿਆਂ ਨੂੰ ਸੁਕਾ ਕੇ ਅਸੀਂ ਘਰ ਪਰਤਦੇ। ਉਨ੍ਹਾਂ ਨੂੰ ਉਹ ਚੱਕੀ ਵਿੱਚ ਖੁਦ ਪੀਸਦੀ, ਗਾਉਂਦੀ-ਗਾਉਂਦੀ।

ਉਸ ਦੀ ਮਿੱਠੀ ਆਵਾਜ਼ ਤੇ ਚੱਕੀ ਦੀ ਆਵਾਜ਼-ਦੋਵੇਂ ਇਕ ਹੋ ਜਾਂਦੀਆਂ। ਹੌਲੀ ਹੌਲੀ ਸ਼ਾਮ ਹੋ ਜਾਂਦੀ। ਮਿੱਟੀ ਦੇ ਤੇਲ ਦਾ ਦੀਵਾ ਤਪਦਿਕ ਦੇ ਰੋਗੀ ਵਾਂਗ ਜਲਦਾ। ਇਕ ਅੱਧ ਚੂਹਾ ਅਚਾਨਿਕ ਦਿਖਾਈ ਦੇਂਦਾ। ਸੁਕਾਉਣ ਲਈ ਪਾਏ ਕਪੜੇ ਵਾਂਗ ਦਹਿਲੀਜ਼ 'ਤੇ ਕੁੱਤਾ ਬੈਠਾ ਰਹਿੰਦਾ। ਦਾਦਾ ਬੀੜੀ ਪੀਂਦੇ ਹੋਏ ਝੌਂਪੜੀ ਦੇ ਕੋਨੇ ਰਸ ਕੱਢ ਕੇ ਸੁੱਟੀ ਗੰਨੇ ਦੀ ਪੋਰੀ ਵਾਂਗ ਪ੍ਰਤੀਤ ਹੁੰਦਾ। ਮੈਂ ਦਾਦਾ ਨੂੰ ਕਹਿੰਦਾ, 'ਕਹਾਣੀ ਸੁਣਾਓ?" ਉਹ ਕਹਿੰਦਾ, "ਪੈਰ ਦਬਾ।"

ਮੈਂ ਉਨ੍ਹਾਂ ਦੇ ਪੈਰ ਦਬਾਉਂਦਾ। ਦਾਦਾ ਕਹਾਣੀ ਸੁਣਾਉਂਦੇ-ਇਕ ਸੀ ਚਿੜੀ ਤੇ ਇਕ ਸੀ ਕਾਂ।

ਗੋਹੇ ਵਿੱਚੋਂ ਕੱਢੇ ਦਾਣਿਆਂ ਨੂੰ ਪੀਸਣ ਮਗਰੋਂ ਸੰਤਾਮਾਏ ਉੱਠਦੀ। ਤੇਜ਼ ਧੁੱਪ ਵਿੱਚ ਬੰਜ਼ਰ ਜ਼ਮੀਨ 'ਤੇ ਘੁੰਮ ਕੇ ਆਈ ਸੰਤਾਮਾਏ ਦਾ ਚਿਹਰਾ ਤੇ ਬਦਨ ਸੁੱਕਿਆ ਹੋਇਆ ਹੁੰਦਾ। ਭੁੱਖ ਮਾਰਨ ਦੀ ਆਦੀ ਹੋ ਗਈ ਸੀ ਉਹ। ਲੀਰਾਂ, ਫਟੇ ਕਾਗਜ਼, ਸੁੱਕੇ ਡੰਡਲ ਆਦਿ ਉਹ ਚੁੱਲ੍ਹੇ ਵਿੱਚ ਪਾਉਂਦੀ। ਉਸ ਇੱਕ ਲੀਰ ਮੈਨੂੰ ਦਿੱਤੀ। ਕਿਹਾ ਮਸਾਮਾਂ (ਇਹ ਮੇਰੀ ਅਸਲ ਮਾਂ ਹੈ) ਪਾਸੋਂ ਇੱਕ ਜਲਦਾ ਕੋਲਾ ਲੈ ਆ। ਸੰਤਾਮਾਏ ਉਸ ਕੋਲੇ



ਨੂੰ ਚੁੱਲ੍ਹੇ ਵਿੱਚ ਰੱਖ ਕੇ ਫੂਕਾਂ ਮਾਰਨ ਲੱਗੀ। ਧੂੰਆਂ ਵਧਣ ਲੱਗਾ। ਕੁਝ ਹੀ ਮਿੰਟਾਂ ਵਿਚ ਅੱਗ ਦੀ ਲਾਟ ਧੂੰ ਧੂੰ ਕਰਨ ਲੱਗੀ। ਚੁੱਲ੍ਹੇ ਦੇ ਇਸ ਪ੍ਰਕਾਸ਼ ਵਿੱਚ ਪਸੀਨੇ ਨਾਲ ਤਰਬਤਰ ਸੰਤਾਮਾਏ ਦਿਖਣ ਲੱਗੀ। ਚੁੱਲ੍ਹਾ ਮੇਰੇ ਮਸਤਕ ਵਾਂਗ ਜਲ ਰਿਹਾ ਸੀ। ਧੂੰਏ ਨਾਲ ਸਾਰਾ ਘਰ ਪ੍ਰੇਸ਼ਾਨ ਤੇ ਬੇਹਾਲ ਸੀ। ਕਿਨਾਰਾਕਸ਼ ਕੈਦੀਆਂ ਵਾਂਗ ਮੱਛਰ ਬਾਹਰ ਭੱਜ ਰਹੇ ਸਨ। ਉਨ੍ਹਾਂ ਦੀ ਆਵਾਜ਼ ਨਾਲ ਸਾਰਾ ਘਰ ਗੂੰਜ ਰਿਹਾ ਸੀ।

ਅਨੁ. ਸੁਰਿੰਦਰ ਅਜਨਾਤ

## ਮਰੇ ਹੋਏ ਡੰਗਰ ਚੁੱਕਣ ਦਾ ਕੰਮ / -ਓਮ ਪ੍ਰਕਾਸ਼ ਵਾਲਮੀਕ

ਉਨ੍ਹਾਂ ਦਿਨਾਂ 'ਚ ਮੈਂ ਨੌਵੀਂ ਕਲਾਸ 'ਚ ਸਾਂ। ਘਰ ਦੀ ਆਰਥਿਕ ਹਾਲਤ ਕਮਜ਼ੋਰ ਹੋ ਚੁੱਕੀ ਸੀ। ਇਕ-ਇਕ ਪੈਸੇ ਲਈ ਪਰਿਵਾਰ ਦੇ ਹਰੇਕ ਜਣੇ ਨੂੰ ਘੁੱਲਣਾ ਪੈਂਦਾ ਸੀ। ਮੇਰੇ ਕੋਲ ਪਾਠ-ਪੁਸਤਕਾਂ ਦੀ ਹਮੇਸ਼ਾ ਕਮੀ ਰਹਿੰਦੀ ਸੀ। ਦੋਸਤਾਂ ਤੋਂ ਮੰਗ ਕੇ ਕੰਮ ਚਲਾਉਣਾ ਪੈਂਦਾ ਸੀ। ਕੱਪੜਿਆਂ ਦੀ ਵੀ ਇਹੀ ਹਾਲਤ ਹੁੰਦੀ ਸੀ। ਜੋ ਵੀ ਮਿਲ ਗਿਆ, ਪਹਿਨ ਲਿਆ। ਜੋ ਵਕਤ 'ਤੇ ਮਿਲਿਆ, ਖਾ ਲਿਆ, ਵਰਗੀ ਸਥਿਤੀ ਸੀ।

ਉਨ੍ਹਾਂ ਦਿਨਾਂ 'ਚ ਪਿੰਡਾਂ 'ਚ ਮਰੇ ਪਸ਼ੂਆਂ ਨੂੰ ਚੁੱਕਣ ਦਾ ਕੰਮ ਚੂਹੜਿਆਂ ਨੂੰ ਹੀ ਕਰਨਾ ਪੈਂਦਾ ਸੀ। ਇਸ ਦੇ ਬਦਲੇ ਕੋਈ ਮਜ਼ਦੂਰੀ ਨਹੀਂ ਮਿਲਦੀ ਸੀ। ਜਿਸ ਦੇ ਘਰ ਜੋ ਵੀ ਕੰਮ ਕਰਦਾ ਸੀ, ਉਸ ਨੂੰ ਉਨ੍ਹਾਂ ਦੇ ਮਰੇ ਪਸ਼ੂ ਵੀ ਚੁੱਕਣੇ ਪੈਂਦੇ ਸੀ। ਜਿਸ ਦੇ ਘਰ ਕੋਈ ਪਸ਼ੂ ਮਰ ਜਾਂਦਾ ਸੀ ਤਾਂ ਉਸ ਨੂੰ ਉਹ ਪਸ਼ੂ ਚੁਕਵਾਉਣ ਦੀ ਬਹੁਤ ਕਾਹਲੀ ਹੁੰਦੀ ਸੀ। ਇਸ ਲਈ ਉਹ ਵਾਰ-ਵਾਰ ਬਸਤੀ 'ਚ ਆ ਕੇ ਰੌਲਾ ਪਾਉਂਦਾ ਹੁੰਦੀ ਸੀ ਜੇ ਦੇਰ ਹੋ ਜਾਂਦੀ ਤਾਂ ਸ਼ਰੇਆਮ ਗਾਲ੍ਹਾਂ ਕੱਢਦਾ ਹੁੰਦਾ ਸੀ। ਪਸ਼ੂ ਚੁੱਕਣ ਵਾਲੇ ਬੰਦਿਆਂ ਨੂੰ 'ਕੱਠਿਆਂ ਕਰਨ 'ਚ ਅਕਸਰ ਦੇਰ ਹੋ ਜਾਂਦੀ ਸੀ।

ਮਰੇ ਹੋਏ ਪਸ਼ੂ ਚੁੱਕਣਾ ਬਹੁਤ ਔਖਾ ਕੰਮ ਹੁੰਦਾ ਸੀ। ਉਸ ਦੇ ਅਗਲੇ-ਪਿਛਲੇ ਖੁਰਾਂ ਨੂੰ ਰੱਸੀ ਨਾਲ ਬੰਨ੍ਹ ਕੇ ਬਾਂਸ ਦੀਆਂ ਮੋਟੀਆਂ ਮੋਟੀਆਂ ਬਾਹੀਆਂ ਨਾਲ ਚੁੱਕਣਾ ਪੈਂਦਾ ਸੀ। ਇੰਨੇ ਮਿਹਨਤ ਦੇ ਕੰਮ ਬਦਲੇ ਮਿਲੀਆਂ ਸਨ ਗੰਦੀਆਂ ਗੰਦੀਆਂ ਗਾਲ੍ਹਾਂ। ਕਿੰਨੇ ਜ਼ਾਲਮ ਸਮਾਜ 'ਚ ਰਹੇ ਹਾਂ ਅਸੀਂ, ਜਿਥੇ ਮਿਹਨਤ ਦਾ ਕੋਈ ਮੁੱਲ ਹੀ ਨਹੀਂ ਸਗੋਂ ਗ਼ਰੀਬੀ ਨੂੰ ਬਰਕਰਾਰ ਰੱਖਣ ਦੀ ਇਕ ਸਾਜ਼ਿਸ਼ ਸੀ ਇਹ।

ਮਰੇ ਹੋਏ ਪਸ਼ੂਆਂ ਦੀ ਖੱਲ ਮੁਜ਼ੱਫਰਨਗਰ ਦੇ ਚਮੜਾ ਬਾਜ਼ਾਰ 'ਚ ਵਿਕ ਜਾਂਦੀ ਸੀ। ਉਨ੍ਹਾਂ ਦਿਨਾਂ 'ਚ ਪਸ਼ੂਆਂ ਦੀ ਖੱਲ ਵੀਹ-ਪੰਝੀ ਰੁਪਏ ਦੀ ਵਿਕ ਜਾਂਦੀ ਸੀ। ਮਜ਼ਦੂਰੀ ਵਗ਼ੈਰਾ ਦੇ ਕੇ ਇਕ ਖੱਲ ਦੇ ਦਸ ਪੰਦਰਾਂ ਰੁਪਏ ਹੀ ਪੱਲੇ ਪੈਂਦੇ ਸਨ। ਤੰਗੀ ਦੇ ਦਿਨਾਂ 'ਚ ਦਸ ਪੰਦਰਾਂ ਰੁਪਏ ਵੀ ਬਹੁਤ ਵੱਡੀ ਰਕਮ ਲੱਗਦੀ ਹੁੰਦੀ ਸੀ।

ਚਮੜਾ ਖ਼ਰੀਦਣ ਵਾਲਾ ਦੁਕਾਨਦਾਰ ਖੱਲ 'ਚ ਕਈ ਮੀਨ ਮੇਖਾਂ ਕੱਢਦਾ ਸੀ। ਕਟ-ਫਟ ਜਾਣ 'ਤੇ ਖੱਲ ਬੇਕਾਰ ਹੋ ਜਾਂਦੀ ਸੀ। ਖੱਲ ਨੂੰ ਲਾਹ ਕੇ ਉਸ 'ਤੇ ਲੂਣ ਭੁੱਕਣਾ ਪੈਂਦਾ ਸੀ, ਨਹੀਂ ਤਾਂ ਦੂਜੇ ਦਿਨ ਖੱਲ ਖ਼ਰਾਬ ਹੋ ਜਾਂਦੀ, ਜਿਸ ਨੂੰ ਦੁਕਾਨਦਾਰ ਖ਼ਰੀਦਣ ਤੋਂ ਸਾਫ਼ ਇਨਕਾਰ ਕਰ ਦਿੰਦਾ ਸੀ।

ਇਕ ਦਿਨ ਬ੍ਰਹਮਦੇਵ ਤਿਆਗੀ ਦਾ ਬਲਦ ਖੇਤਾਂ 'ਚੋਂ ਆਉਂਦਾ ਹੋਇਆ ਮਰ ਗਿਆ। ਉੱਠ ਨਹੀਂ ਸਕਿਆ, ਮਰ ਗਿਆ ਸੀ। ਕੁਝ ਹੀ ਦੇਰ ਬਾਅਦ ਬ੍ਰਹਮਦੇਵ ਨੇ ਸਾਡੇ ਘਰ ਆ ਕੇ ਖ਼ਬਰ ਕਰ ਦਿੱਤੀ ਸੀ। ਪਿਤਾ ਜੀ ਅਤੇ ਮੇਰੇ ਵੱਡੇ ਭਾਈ ਉਸ ਦਿਨ ਕਿਤੇ ਰਿਸ਼ਤੇਦਾਰੀ 'ਚ ਗਏ ਹੋਏ ਸਨ। ਘਰ 'ਚ ਸਿਰਫ਼ ਮੇਰੀ ਮਾਂ, ਭੈਣ ਮਾਇਆ ਤੇ ਸਭ ਤੋਂ ਵੱਡੀ ਭਾਬੀ ਰੈਹਤੀ ਦੇਵੀ ਹੀ ਸਨ। ਜਸਬੀਰ ਉਨ੍ਹਾਂ ਦਿਨਾਂ 'ਚ ਮਾਮੇ ਕੋਲ ਸੀ।

ਮਾਂ ਪ੍ਰੇਸ਼ਾਨ ਸੀ ਕਿ ਬਲਦ ਦੀ ਖੱਲ ਲਾਹੁਣ ਕਿਸ ਨੂੰ ਭੇਜੇ। ਬਸਤੀ 'ਚ ਇਕ ਦੋ ਜਣੇ ਹੀ ਸਨ ਪਰ

ਕੋਈ ਵੀ ਜਾਣ ਨੂੰ ਤਿਆਰ ਨਹੀਂ ਸੀ। ਮਾਂ ਨੇ ਚਾਚੇ ਨਾਲ ਗੱਲ ਕੀਤੀ, ਉਹ ਤਿਆਰ ਹੋ ਗਏ ਸਨ। ਪਰ ਉਸ ਨਾਲ ਕੋਈ ਦੂਜਾ ਵੀ ਚਾਹੀਦਾ ਸੀ ਕਿਉਂਕਿ ਇਕੱਲਿਆ ਖੱਲ ਨਹੀਂ ਸੀ ਲਾਹੀ ਜਾਣੀ।

ਉਸ ਸਮੇਂ ਮੈਂ ਸਕੂਲ 'ਚ ਸਾਂ। ਮਾਂ ਨੇ ਅਖ਼ੀਰ ਮੈਨੂੰ ਹੀ ਬੁਲਾ ਲਿਆ ਸੀ। ਮੈਂ ਕਦੇ ਇਹ ਕੰਮ ਨਹੀਂ ਕੀਤਾ ਸੀ। ਮਾਂ ਵੀ ਨਹੀਂ ਚਾਹੁੰਦੀ ਸੀ ਕਿ ਮੈਨੂੰ ਇਹ ਕੰਮ ਕਰਨਾ ਪਵੇ। ਪਲ ਖੱਲ ਵੇਚ ਕੇ ਜਿਹੜੇ ਦਸ ਪੰਦਰਾਂ ਰੁਪਏ ਮਿਲਣੇ ਸਨ, ਮਾਂ ਉਨ੍ਹਾਂ ਨੂੰ ਛੱਡਣ ਦੀ ਸਥਿਤੀ 'ਚ ਹੀ ਨਹੀਂ ਸੀ। ਹਾਰ-ਥੱਕ ਕੇ ਮਾਂ ਨੇ ਚਾਚੇ ਨਾਲ ਮੈਨੂੰ ਭੇਜ ਦਿੱਤਾ। ਮੇਰਾ ਚਾਚਾ ਸੋਲ੍ਹੜ ਮਹਾਂ ਕੰਮਚੋਰ ਸੀ। ਬਸ, ਸਾਰਾ ਦਿਨ ਖੇਡ ਤਮਾਸ਼ਿਆਂ 'ਚ ਹੀ ਲੱਗਾ ਰਹਿੰਦਾ ਸੀ। ਮਿਹਨਤ ਦੇ ਕੰਮ ਤੋਂ ਬਚਦਾ ਰਹਿੰਦਾ ਸੀ।

ਮਾਂ ਨੂੰ ਫ਼ਿਕਰ ਲੱਗੀ ਹੋਈ ਸੀ ਕਿ ਸਾਡੇ ਪੁੱਜਣ ਤੋਂ ਪਹਿਲਾਂ ਹੀ ਬਲਦ ਨੂੰ ਇੱਲਾਂ ਜਾਂ ਜੰਗਲੀ ਜਾਨਵਰ ਖਾਣਾ ਨਾ ਸ਼ੁਰੂ ਕਰ ਦੇਣ।

ਚਾਚੇ ਨੇ ਖੱਲ ਲਾਹੁਣੀ ਸ਼ੁਰੂ ਕਰ ਦਿੱਤੀ। ਮੈਂ ਉਸ ਦੀ ਮਦਦ ਕਰ ਰਿਹਾ ਸਾਂ। ਚਾਚੇ ਦਾ ਹੱਥ ਹੌਲੀ ਹੌਲੀ ਚੱਲ ਰਿਹਾ ਸੀ। ਪਿਤਾ ਜੀ ਵਰਗੀ ਫੁਰਤੀ ਉਸ ਵਿਚ ਨਹੀਂ ਸੀ। ਥੋੜ੍ਹੀ ਦੇਰ ਬਾਅਦ ਹੀ ਥੱਕ ਕੇ ਉਹ ਬੀੜੀ ਪੀਣ ਬਹਿ ਗਿਆ ਸੀ।

ਚਾਚੇ ਨੇ ਇਕ ਛੁਰੀ ਮੇਰੇ ਹੱਥ 'ਚ ਫੜਾ ਦਿੱਤੀ ਸੀ। ਉਹ ਬੋਲਿਆ, "ਹੌਲੀ-ਹੌਲੀ ਛੁਰੀ ਫੇਰ, 'ਕੱਲੇ -'ਕੱਲੇ ਤਾਂ ਸ਼ਾਮ ਤਕ ਨਹੀਂ ਖੱਲ ਲਹਿਣੀ।"

ਛੁਰੀ ਫੜਦਿਆਂ ਹੀ ਮੇਰੇ ਹੱਥ ਕੰਬਣ ਲੱਗੇ ਸਨ। ਅਜੀਬ ਜਿਹੀ ਦੁਬਿਧਾ ਵਿਚ ਫਸ ਗਿਆ ਸਾਂ। ਚਾਚੇ ਨੇ ਛੁਰੀ ਚਲਾਉਣ ਦਾ ਢੰਗ ਸਿਖਾਇਆ। ਉਸ ਦਿਨ ਮੇਰੇ ਅੰਦਰ ਕੁਝ ਟੁੱਟ ਜਿਹਾ ਰਿਹਾ ਸੀ। ਚਾਚੇ ਦੀ ਹਦਾਇਤ 'ਤੇ ਮੈਂ ਬਲਦ ਦੀ ਖੱਲ ਲਾਹੀ ਸੀ। ਮੈਂ ਖ਼ੁਦ ਹੀ ਜਿਵੇਂ ਗਹਿਰੀ ਦਲਦਲ 'ਚ ਫਸ ਰਿਹਾ ਸਾਂ। ਜਿਥੋਂ ਮੈਂ ਬਾਹਰ ਆਉਣਾ ਚਾਹੁੰਦਾ ਸੀ। ਹਾਲਾਤ ਮੈਨੂੰ ਉਸੇ ਦਲਦਲ 'ਚ ਘਸੀਟ ਰਹੇ ਸਨ। ਉਸ ਸਿਖਰ ਦੁਪਹਿਰੇ ਮੈਂ ਜਿਹੜਾ ਸੰਤਾਪ ਝੱਲਿਆ ਸੀ, ਉਸ ਦੇ ਜ਼ਖ਼ਮ ਅੱਜ ਵੀ ਮੇਰੇ ਸਰੀਰ ਅਤੇ ਮਨ 'ਤੇ ਤਾਜ਼ੇ ਹਨ।

ਜਿਵੇਂ ਜਿਵੇਂ ਖੱਲ ਲਹਿ ਰਹੀ ਸੀ, ਮੇਰੇ ਅੰਦਰਲਾ ਖ਼ੂਨ ਜੰਮ ਗਿਆ ਸੀ। ਖੱਲ ਲਹਿਣ 'ਚ ਕਈ ਘੰਟੇ ਲੱਗ ਗਏ। ਚਾਚੇ ਨੇ ਖੱਲ ਨੂੰ ਜ਼ਮੀਨ ਤੇ ਵਿਛਾ ਦਿੱਤਾ ਸੀ। ਉਸ 'ਤੇ ਲੱਗੇ ਖ਼ੂਨ ਨੂੰ ਖੁਸ਼ਕ ਜ਼ਮੀਨ ਨੇ ਪੀ ਲਿਆ ਸੀ।

ਚਾਚੇ ਨੇ ਖੱਲ ਨੂੰ ਚਾਦਰ ਨਾਲ ਬੰਨ੍ਹ ਦਿੱਤਾ ਸੀ। ਇਹ ਗੰਢ ਚੁੱਕ ਕੇ ਉਸ ਸਿਰ 'ਤੇ ਰੱਖ ਲਈ ਸੀ। ਲਗਪਗ ਦੋ ਮੀਲ ਦੀ ਦੂਰੀ 'ਤੇ ਸਾਡਾ ਘਰ ਸੀ। ਭਾਰ ਹੋਣ ਕਰਕੇ ਚਾਚੇ ਨੂੰ ਤੇਜ਼ੀ ਨਾਲ ਚੱਲਣਾ ਪੈ ਰਿਹਾ ਸੀ। ਮੈਂ ਹੱਥ 'ਚ ਛੁਰੀ ਫੜੀ, ਜਲਦੀ-ਜਲਦੀ ਭੱਜ ਜਿਹਾ ਰਿਹਾ ਸਾਂ। ਬਸੇੜਾ ਜਾਣ ਵਾਲੀ ਪੱਕੀ ਸੜਕ ਤੋਂ ਅਸੀਂ ਬੱਸ ਅੱਡੇ ਕੋਲ ਪੁੱਜ ਗਏ ਸਾਂ। ਗੰਢ ਸਿਰ ਤੋਂ ਲਾਹ ਕੇ ਚਾਚੇ ਨੇ ਜ਼ਮੀਨ 'ਤੇ ਰੱਖ ਦਿੱਤੀ ਸੀ। "ਇਥੋਂ ਤੂੰ ਅੱਗੇ ਲੈ ਜਾ, ਮੈਂ ਥੱਕ ਗਿਆ ਹਾਂ।"

ਉਸ ਦਿਨ ਮੈਂ ਚਾਚੇ ਅੱਗੇ ਬਹੁਤ ਤਰਲੇ ਕੀਤੇ ਕਿ ਉਹ ਮੈਨੂੰ ਬੱਸ ਅੱਡੇ ਦੀ ਭੀੜ ਪਾਰ ਕਰਾ ਦੇਵੇ। ਮੇਰੇ ਸਕੂਲ ਦੀ ਛੁੱਟੀ ਦਾ ਸਮਾਂ ਹੈ। ਜੇ ਮੇਰੇ ਸਕੂਲ ਦੇ ਸਾਥੀਆਂ ਨੇ ਇਹ ਸਭ ਕੁਝ ਲਿਜਾਂਦਿਆਂ ਵੇਖ ਲਿਆ ਤਾਂ ਮੈਨੂੰ ਬਹੁਤ ਤੰਗ ਕਰਨਗੇ। ਪਰ ਚਾਚੇ ਦੇ ਮਨ 'ਤੇ ਕੋਈ ਅਸਰ ਨਹੀਂ ਹੋਇਆ। ਗੰਢ ਲਾਹ ਕੇ ਮੇਰੇ ਸਿਰ 'ਤੇ ਰੱਖ ਦਿੱਤੀ ਸੀ। ਗੰਢ ਵਜ਼ਨ ਮੇਰੇ ਵਜੂਦ ਨਾਲੋਂ ਵੀ ਜ਼ਿਆਦਾ ਸੀ। ਮਜਬੂਰੀ ਕਰਕੇ ਮੈਨੂੰ ਇਹ ਗੰਢ ਚੁੱਕ ਕੇ ਤੁਰਨਾ ਪਿਆ। ਬੱਸ ਅੱਡੇ ਦੀ ਪਛਾਣੀ ਹੋਈ ਭੀੜ 'ਚੋਂ ਮੈਂ ਜਿਵੇਂ ਨਿਕਲਿਆ, ਮੇਰਾ ਮਨ ਹੀ ਜਾਣਦਾ ਹੈ। ਇਕ ਭੈਅ ਲਗਾਤਾਰ ਮੇਰਾ ਪਿੱਛਾ ਕਰ ਰਿਹਾ ਸੀ, ਕੋਈ ਵੇਖ ਨਾ ਲਵੇ। ਕੋਈ ਸਕੂਲੀ ਦੋਸਤ ਨਾ ਮਿਲ ਜਾਵੇ, ਜੇ ਕਿਸੇ ਨੇ ਪੁੱਛ ਲਿਆ ਤਾਂ ਕੀ ਦੱਸਾਂਗਾ?



ਘਰ ਤਕ ਪੁੱਜਦਿਆਂ-ਪੁੱਜਦਿਆਂ ਮੇਰੀਆਂ ਲੱਤਾਂ ਜਵਾਬ ਦੇ ਗਈਆਂ ਸਨ। ਲੱਗ ਰਿਹਾ ਸੀ ਕਿ ਹੁਣ ਡਿਗਿਆ ਕਿ ਡਿਗਿਆ। ਪਿੰਡ ਤੋਂ ਬਾਹਰੋ ਬਾਹਰ ਚਲ ਕੇ ਇਕ ਲੰਮਾ ਚੱਕਰ ਕੱਟਿਆ ਸੀ। ਬਸਤੀ ਤਕ ਪਹੁੰਚਣ ਲਈ।

ਮੈਨੂੰ ਉਸ ਹਾਲ 'ਚ ਵੇਖ ਕੇ ਮਾਂ ਰੋ ਪਈ ਸੀ। ਮੈਂ ਸਿਰ ਤੋਂ ਪੈਰਾਂ ਤੱਕ ਗੰਦਗੀ ਨਾਲ ਭਰਿਆ ਹੋਇਆ ਸੀ। ਕੱਪੜਿਆਂ 'ਤੇ ਖ਼ੂਨ ਦੇ ਧੱਬੇ ਸਾਫ਼ ਦਿਸ ਰਹੇ ਸਨ। ਵੱਡੀ ਭਾਬੀ ਨੇ ਉਸ ਦਿਨ ਕਿਹਾ ਸੀ ਮਾਂ ਨੂੰ, "ਇਸ ਤੋਂ ਇਹ ਕੰਮ ਨਾ ਕਰਵਾਓ... ਅਸੀਂ ਭੁੱਖੇ ਰਹਿ ਲਵਾਂਗੇ... ਇਸ ਨੂੰ ਗੰਦਗੀ 'ਚ ਨਾ ਘਸੀਟੋ... ਭਾਬੀ ਦੇ ਇਹ ਸ਼ਬਦ ਅੱਜ ਵੀ ਮੇਰੇ ਲਈ ਹਨੇਰੇ 'ਚ ਰੌਸ਼ਨੀ ਦਾ ਕੰਮ ਕਰਦੇ ਹਨ। ਮੈਂ ਇਸ ਗੰਦਗੀ 'ਚੋਂ ਬਾਹਰ ਨਿਕਲ ਆਇਆ ਹਾਂ, ਪਰ ਲੱਖਾਂ ਲੋਕ ਅੱਜ ਵੀ ਇਹੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹਨ। ਅਗਲੇ ਦਿਨ ਹਿਰਮ ਸਿੰਘ ਨਾਲ ਮੈਨੂੰ ਖੱਲ ਲੈ ਕੇ ਸ਼ਹਿਰ ਜਾਣਾ ਪਿਆ। ਪਿਤਾ ਜੀ ਤੇ ਜਨੇਸਰ ਤੋਂ ਪਰਤੇ ਨਹੀਂ ਸਨ। ਹਿਰਮ ਸਿੰਘ ਦਾ ਪਰਿਵਾਰ ਜਾਨਵਰਾਂ ਦੀਆਂ ਹੱਡੀਆਂ ਤੇ ਖੱਲ ਲੈ ਕੇ ਸ਼ਹਿਰ ਵੇਚਦੇ ਸਨ।

ਤਾਂਗੇ 'ਚ ਖੱਲ ਨੂੰ ਲੁਕੋ ਕੇ ਰੱਖਿਆ ਸੀ ਤਾਂ ਕਿ ਕੋਈ ਸਵਾਰੀਆਂ ਦਾ ਧਿਆਨ ਉਧਰ ਨਾ ਜਾਵੇ। ਬੱਸ 'ਚ ਕੰਡਕਟਰ ਚੜ੍ਹਨ ਨਹੀਂ ਦਿੰਦਾ ਸੀ। ਮੁਸਲਮਾਨ ਤਾਂਗੇ ਵਾਲੇ ਦੇ ਨਾਲ ਹਿਰਮ ਨੇ ਗੱਲ ਕਰ ਲਈ ਸੀ। ਤਾਂਗੇ ਵਾਲੇ ਨੇ ਸਵਾਰੀਆਂ ਵੱਡੇ ਹਸਪਤਾਲ ਸਾਹਮਣੇ ਉਤਾਰ ਦਿੱਤੀਆਂ ਸਨ। ਉਹ ਸਾਨੂੰ ਲੈ ਕੇ ਚਮੜਾ ਬਾਜ਼ਾਰ ਗਿਆ ਸੀ।

ਚਮੜਾ ਬਾਜ਼ਾਰ 'ਚ ਚਹੁੰ ਪਾਸੇ ਚਮੜੇ ਦੇ ਢੇਰ ਲੱਗੇ ਹੋਏ ਸਨ। ਸੁੱਕੀਆਂ ਹੱਡੀਆਂ ਦੇ ਗੋਦਾਮਾਂ 'ਚੋਂ ਤੇਜ਼ ਬਦਬੂ ਆ ਰਹੀ ਸੀ। ਸਾਹ ਲੈਣਾ ਵੀ ਮੁਸ਼ਕਲ ਹੋ ਗਿਆ ਸੀ।

ਖੱਲ ਪੱਚੀ ਰੁਪਏ 'ਚ ਵਿਕ ਗਈ ਸੀ। ਦੋ ਰੁਪਏ ਤਾਂਗੇ ਵਾਲੇ ਨੇ ਕਿਰਾਏ ਦੇ ਲਏ ਸਨ।

ਸ਼ਾਮ ਤੋਂ ਪਹਿਲਾਂ ਹੀ ਅਸੀਂ ਵਾਪਸ ਪਰਤ ਆਏ ਸਾਂ। ਬਚੇ ਹੋਏ ਪੈਸੇ ਮੈਂ ਮਾਂ ਨੂੰ ਦਿੱਤੇ ਤਾਂ ਉਸ ਮੈਨੂੰ ਵਾਪਸ ਕਰ ਦਿੱਤੇ, "ਤੇਰੇ ਕੋਲ ਸਕੂਲ ਦੀਆਂ ਕਿਤਾਬਾਂ ਨਹੀਂ ਹਨ, ਲੈ ਲਈਂ। ਘਰ ਦਾ ਖ਼ਰਚਾ ਤਾਂ ਕਿਵੇਂ ਨਾ ਕਿਵੇਂ ਚਲ ਹੀ ਜਾਵੇਗਾ।"

ਮੈਂ ਮਾਂ ਨੂੰ ਕਿਹਾ, "ਇਹਦੇ ਵਿਚੋਂ ਕੁਝ ਚਾਚੇ ਨੂੰ ਵੀ ਦੇ ਦੇ।"

ਮਾਂ ਨੇ ਝਿੜਕਦਿਆਂ ਕਿਹਾ ਸੀ, "ਉਸ ਦਾ ਨਾਂ ਨਾ ਲੈ ਮੇਰੇ ਕੋਲ, ਆ ਲੈਣ ਦੇ ਤੇਰੇ ਬਾਪੂ ਨੂੰ, ਉਸ ਦੀਆਂ ਹੱਡੀਆਂ ਤੁੜਵਾਵਾਂਗੀ।"

ਮਾਂ ਚਾਚੇ 'ਤੇ ਗੁੱਸੇ ਸੀ। ਉਸ ਦਿਨ ਤੋਂ ਚਾਚਾ ਵੀ ਮਾਂ ਦੇ ਸਾਹਮਣੇ ਆਉਣ ਤੋਂ ਕਤਰਾ ਰਿਹਾ ਸੀ। ਮੇਰਾ ਚਾਚਾ ਮਾਂ ਦਾ ਆਦਰ ਕਰਦਾ ਸੀ। ਮਾਂ ਭਾਵੇਂ ਕਿੰਨਾ ਕੌੜਾ ਬੋਲੇ, ਪਰ ਦੋਨੋਂ ਚਾਚੇ ਸੋਲ੍ਹੜ ਤੇ ਸ਼ਿਆਮ ਲਾਲ ਨੂੰ ਬਹੁਤ ਪਿਆਰ ਤੇ ਨਿੱਘ ਦਿੰਦੀ ਸੀ। ਉਨ੍ਹਾਂ ਦੇ ਨਿਕੰਮੇਪਣ ਤੋਂ ਦੁਖੀ ਹੁੰਦੀ ਸੀ, ਫਿਰ ਵੀ ਉਨ੍ਹਾਂ ਦੇ ਛੋਟੇ ਤੋਂ ਛੋਟੇ ਦੁੱਖ 'ਚ ਨਾਲ ਰਹਿੰਦੀ ਸੀ। ਪਿਤਾ ਜੀ ਦੇ ਉਹ ਚਾਚੇ ਦੇ ਪੁੱਤਰ ਸਨ, ਪਰ ਉਨ੍ਹਾਂ ਨੂੰ ਸਕੇ ਹੀ ਮੰਨਦੀ ਸੀ।

ਪਰਿਵਾਰਕ ਇਕਜੁਟਤਾ ਦਾ ਅਹਿਸਾਸ ਮੈਨੂੰ ਪਿਤਾ ਜੀ ਦੀ ਵਿਰਾਸਤ ਤੋਂ ਹੀ ਮਿਲਿਆ ਹੈ। ਇਕ ਦਿਨ ਮਾਮਾ ਸੁਰਜਨ ਨੂੰ ਲੈ ਕੇ ਬਰਲਾ ਆ ਗਿਆ ਸੀ। ਮਾਂ ਨੇ ਉਸ ਨੂੰ ਕਿਹਾ ਸੀ, "ਇਹ ਹੁਣ ਇਥੇ ਹੀ ਪੜ੍ਹੇਗਾ, ਦੇਹਰਾਦੂਨ 'ਚ ਇਸ ਦਾ ਰਹਿਣਾ ਠੀਕ ਨਹੀਂ ਹੈ, ਇਸ ਦੀ ਸੋਹਬਤ ਖ਼ਰਾਬ ਹੋ ਗਈ ਹੈ। ਇਥੋਂ ਦੇ ਸਕੂਲ 'ਚ ਇਸ ਦਾ ਦਾਖ਼ਲਾ ਕਰਾ ਦੇ।"

ਸੁਰਜਨ ਦਾ ਦਾਖ਼ਲਾ ਨੌਵੀਂ 'ਚ ਹੋਇਆ ਸੀ। ਸੁਰਜਨ ਤੇ ਮੈਂ ਨੌਵੀਂ ਕਲਾਸ 'ਚ ਇਕੱਠੇ ਸਾਂ। ਦੋਨਾਂ ਦਾ ਸੈਕਸ਼ਨ ਵੀ ਇਕੋ ਹੀ ਸੀ। **ਅਨੁ.-ਦਵਾਰਕਾ ਭਾਰਤੀ**

# ਮਨੁੱਖੀ ਮਾਨਸਿਕ ਪੀੜਾ ਦਾ ਬਿਰਤਾਂਤ-ਖੰਡਰ / -ਪ੍ਰੋ. ਸਤਿੰਦਰ ਕੌਰ

ਬਲਬੀਰ ਕੌਰ ਸੰਘੇੜਾ ਪਰਵਾਸ ਵਿਚ ਵਿਚ ਰਹਿਣ ਵਾਲੀ ਅਜਿਹੀ ਕਥਾਕਾਰ ਹੈ ਜਿਸਦੀਆਂ ਕਹਾਣੀਆਂ ਨੇ ਦ੍ਰਿਸ਼ਟੀਗਤ ਪਾਸਾਰ ਤਾਂ ਮਾਨਵ ਦੁਆਲੇ ਘੁੰਮਦੇ ਹਨ ਪ੍ਰੰਤੂ ਸੁਚੇਤ ਰੂਪ ਵਿਚ ਉਸਨੇ ਕਹਾਣੀ ਪੂਰਬ ਨਿਸ਼ਚਿਤ ਧਾਰਨਾਵਾਂ ਤੋਂ ਮੁਕਤ ਕਰਨ ਵੱਲ ਪਹਿਲ ਕਦਮੀ ਕੀਤੀ ਹੈ। ਇਸ ਤੋਂ ਪਹਿਲਾ ਜਿਹੜੀਆਂ ਇਸਤਰੀ ਕਹਾਣੀਕਾਰਾਂ ਨੇ ਕਹਾਣੀਆਂ ਲਿਖੀਆਂ ਉਨ੍ਹਾਂ ਨੇ ਮੱਧ ਵਰਗੀ ਨਾਰੀ ਸੰਵੇਦਨਾ ਨੂੰ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ। ਉਸ ਦੇ ਨਵੇਂ ਕਹਾਣੀ ਸੰਗ੍ਰਹਿ 'ਖੰਡਰ' ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਉਸ ਨੇ ਆਪਣੀਆਂ ਕਹਾਣੀਆਂ ਵਿਚ ਪਾਤਰਾਂ ਦੇ ਵਿਵਹਾਰ ਨੂੰ ਸਥਿਤੀਆਂ ਦੇ ਅਨੁਸਾਰ ਚਿਤਰਿਆ ਹੈ। ਇਹ ਸਥਿਤੀਆਂ ਉਹਨਾਂ ਮੂਲ ਤੱਤਾਂ ਨਾਲ ਸੰਬੰਧਿਤ ਹਨ ਜਿਹੜੇ ਤੱਤ ਵੱਖਰੇ ਵੱਖਰੇ ਪ੍ਰਸੰਗਾਂ ਤੋਂ ਮਨੁੱਖੀ ਵਿਵਹਾਰ ਨੂੰ ਪ੍ਰਭਾਵਿਤ ਕਰਦੇ ਹਨ। ਇਹ ਸਾਰੇ ਤੱਤ ਪਾਤਰਾਂ ਦੇ ਮਾਨਸਿਕ ਵਿਵਹਾਰ ਨੂੰ ਚਿਤਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਇਸ ਵਿਚ ਇਕ ਤੱਤ ਮਨੁੱਖ ਦੀ ਸਮਾਜਿਕ ਹੋਂਦ ਨਾਲ ਜੁੜੇ ਹੋਏ ਮਸਲਿਆਂ ਅਤੇ ਉਸ ਮਸਲਿਆਂ ਕਾਰਨ ਹੁੰਦੀ ਟੁੱਟ ਭੱਜ ਨਾਲ ਸੰਬੰਧਿਤ ਹਨ। ਇਸ ਟੁੱਟ ਭੱਜ ਦੇ ਕੇਂਦਰ ਵਿਚ ਦੁੱਖ ਭੋਗਦੇ ਪਾਤਰਾਂ ਦੀ ਮਾਨਸਿਕ ਪੀੜਾ ਦਾ ਬਿਰਤਾਂਤ ਹੈ। ਇਹ ਪੀੜਾ ਪਰੰਪਰਾਗਤ ਪੰਜਾਬੀ ਕਹਾਣੀ ਦੇ ਦੁਖਾਂਤਕ ਪੈਟਰਨ ਅਨੁਸਾਰ ਔਰਤ-ਮਰਦ ਪਰਵਰਗਾਂ ਵਿੱਚ ਵੰਡਣ ਦੀ ਥਾਂ ਮਨੁੱਖੀ ਪੀੜਾ ਦੀ ਸਮੁੱਚਤਾ ਨੂੰ ਸੰਬੋਧਿਤ ਹੈ।

ਮਨੁੱਖੀ ਪੀੜਾ ਦਾ ਪ੍ਰਮੁੱਖ ਪਾਸਾਰ ਔਰਤ ਮਰਦ ਸੰਬੰਧਾਂ ਦੀ ਕਬਿਲਾਈ ਮਾਨਸਿਕਤਾ ਦੇ ਵਿਹਾਰ ਨਾਲ ਜੁੜਿਆ ਹੋਇਆ ਹੈ। ਇਸ ਮਾਨਸਿਕਤਾ ਦੇ ਕਾਰਨ ਪੱਛਮੀ ਸਭਿਆਚਾਰ ਨਾਲ ਸਥਾਪਿਤ ਵਿੱਥ ਵਿੱਚ ਮੌਜੂਦ ਹਨ ਇਹ ਵਿੱਥ ਔਰਤ-ਮਰਦ ਦੋਹਾਂ ਨੇ ਸਥਾਪਿਤ ਕੀਤੀ ਹੋਈ ਹੈ। ਇਸ ਦੇ ਕਾਰਨ ਭਾਰੂ ਗਿਣਤੀ ਵਿੱਚ ਪਾਤਰਾਂ ਦੇ ਕਿਸਾਨੀ ਮਾਨਸਿਕਤਾ ਵਾਲੇ ਪਿਛੋਕੜ ਵਿੱਚ ਪਏ ਹਨ। ਕਿਸਾਨੀ ਆਪਣੇ ਸਭਿਆਚਾਰਕ ਅਵਚੇਤਨ ਨਾਲ ਭਾਵੁਕ ਰੂਪ ਵਿੱਚ ਜੁੜੀ ਹੋਣ ਕਰਕੇ ਔਰਤ ਮਰਦ ਸੰਬੰਧਾਂ ਦੇ ਪ੍ਰਸੰਗ ਵਿੱਚ ਕਬਿਲਾਈ ਮਾਨਸਿਕਤਾ ਦੀ ਧਾਰਨੀ ਹੁੰਦੀ ਹੈ। ਇਸੇ ਲਈ ਪੰਜਾਬੀ ਪ੍ਰਵਾਸੀ ਆਰਥਿਕ ਖੇਤਰ ਵਿੱਚ ਗਤੀਸ਼ੀਲ ਸੰਬੰਧਾਂ ਨੂੰ ਜਲਦੀ ਗ੍ਰਹਿਣ ਕਰ ਲੈਂਦੇ ਹਨ ਪ੍ਰੰਤੂ ਔਰਤ-ਮਰਦ ਸੰਬੰਧਾਂ ਨਾਲ ਜੁੜੇ ਵਿਹਾਰ ਨੂੰ ਲੈ ਕੇ ਪਿਛਾਕੜੀ ਕਦਰਾਂ-ਕੀਮਤਾਂ ਦੇ ਧਾਰਨੀ ਹਨ। **'ਬਸ ਹੋਰ ਨੀ'** ਕਹਾਣੀ ਦਾ ਹਰਦੇਵ ਆਪਣੀ ਪਤਨੀ ਅਤੇ ਧੀ ਪ੍ਰਤੀ ਜਿਹੜਾ ਵਿਹਾਰ ਅਪਣਾਉਂਦਾ ਹੈ ਉਹ ਪਿਛਾਕੜੀ ਮਾਨਸਿਕਤਾ ਦੀਆਂ ਅਲਾਮਤਾਂ ਹਨ ਉਹ ਸਾਰੀ ਉਮਰ ਆਪਣੀ ਪਤਨੀ ਨੂੰ ਆਪਣੀ ਗੁਲਾਮ ਸਮਝਦਾ ਹੈ ਅਤੇ ਪਤਨੀ ਵੀ ਉਸਦੀ ਹਰ ਜ਼ਿਆਦਤੀ ਨੂੰ ਪਰੰਪਰਾਗਤ ਸੰਸਕਾਰਾਂ ਅਧੀਨ ਸਹਿ ਲੈਂਦੀ ਹੈ, "ਡਾਇਵੋਰਸ ਦੀ ਗੱਲ ਤੋਂ ਸੋਚਦੀ ਕਿ ਹੋ ਸਕਦੈ ਮੇਰੀ ਮਾਂ ਸਹੀ ਆਖਦੀ ਹੋਵੇ, ਪਰ ਜਦੋਂ ਘਰ ਅੰਦਰ ਬੰਦੇ ਨੂੰ ਐਨਾ ਡਰਾ ਧਮਕਾ ਕੇ ਰੱਖਿਆ ਹੋਵੇ, ਉਹ ਕੋਈ ਕਦਮ ਕਿੱਦਾ ਚੁੱਕੇ?"

ਸਥਾਈ ਰਿਸ਼ਤਿਆਂ ਨੂੰ ਹੋਰ ਸਥਾਈ ਬਣਾਉਣ ਲਈ ਹਰਦੇਵ ਦੀ ਪਤਨੀ ਸਾਰੀ ਉਮਰ ਆਪ ਤਾਂ ਆਪਣੇ ਆਪ ਦਾ ਸ਼ੋਸ਼ਣ ਕਰਾਉਂਦੀ ਹੈ ਪ੍ਰੰਤੂ ਜਦੋਂ ਹਰਦੇਵ ਉਸਦੀ ਧੀ ਨੀਤੀ ਸੰਬੰਧੀ ਆਪਣੀ ਮਾਨਸਿਕਤਾ ਦਰਸਾਉਂਦਾ ਤਾਂ ਉਹ ਹਰਦੇਵ ਦੀਆਂ ਜ਼ਿਆਦਤੀਆਂ ਨੂੰ ਤਿਆਗ ਦਿੰਦੀ ਹੈ ਪ੍ਰੰਤੂ ਪਹਿਲਾਂ ਉਹ ਹਰ ਹਾਲਤ ਵਿਚ ਏਸ ਰਿਸ਼ਤੇ ਨੂੰ ਨਿਭਾਉਣ ਦੀ ਕੋਸ਼ਿਸ਼ ਕਰਦੀ ਹੈ। ਕਿਉਂਕਿ ਉਸਦੇ ਸਾਹਮਣੇ ਸਮਾਜਿਕ ਕਦਰਾਂ ਕੀਮਤਾਂ ਆ ਜਾਂਦੀਆਂ ਹਨ।

ਇਸੇ ਪ੍ਰਕਾਰ **'ਚੱਪਾ ਕੁ ਸੂਰਜ'** ਕਹਾਣੀ ਵਿੱਚ ਉਹ ਪੱਛਮ ਤੇ ਪੂਰਵ ਦੀ ਔਰਤ ਦਾ ਇੱਕ ਤੁਲਨਾਤਮਕ



ਅਧਿਐਨ ਪੇਸ਼ ਕਰਦੀ ਹੋਈ ਉਥੋਂ ਦੀ ਔਰਤ ਨੂੰ ਮਰਦ ਨਾਲੋਂ ਸ਼ਕਤੀਸ਼ਾਲੀ ਤੇ ਤਰਕਸ਼ੀਲ ਬਣਾ ਕੇ ਪੇਸ਼ ਕਰਦੀ ਹੈ ਇਸੇ ਪ੍ਰਕਾਰ **'ਖੰਡਰ'** ਕਹਾਣੀ ਵਿਚ ਜਿਹੜਾ ਪਾਤਰ ਪੇਸ਼ ਕਰਦੀ ਹੈ ਉਹ ਪੱਛਮੀ ਸਮਾਜ ਦੀ ਆਦਰਸ਼ਕ ਔਰਤ ਬਣਾ ਕੇ ਪੇਸ਼ ਕਰਦੀ ਹੈ। ਸੰਘੇੜਾ ਇਥੇ ਤੁਲਨਾਤਮਕ ਵਿਧੀ ਦੀ ਵਰਤੋਂ ਕਰਦੀ ਹੋਈ ਬਿਰਤਾਂਤ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ। ਬਲਵੀਰ ਕੌਰ ਸੰਘੇੜਾ ਇਹਨਾਂ ਕਹਾਣੀਆਂ ਵਿੱਚ ਰਿਸ਼ਤਿਆਂ ਦੇ ਅਮਾਨਵੀਕਰਨ ਦੇ ਵਰਤਾਰੇ ਨੂੰ ਮਨੁੱਖੀ ਪੀੜਾ ਦਾ ਹਿੱਸਾ ਬਣਾ ਕੇ ਪੇਸ਼ ਕਰਦੀ ਹੈ ਉਹ ਇਸਦਾ ਤਰਕ ਵਿਸ਼ਵੀਕਰਨ ਦੇ ਵਰਤਾਰੇ ਵਿਚੋਂ ਤਲਾਸ਼ਦੀ ਹੈ। ਵਿਸ਼ਵੀਕਰਨ ਦੇ ਵਰਤਾਰੇ ਨੇ ਅਤੇ ਪੱਛਮ ਦੀ ਪੈਸੇ ਦੀ ਦੌੜ ਨੇ ਪ੍ਰਵਾਸੀ ਮਨੁੱਖ ਨੂੰ ਸਭ ਤੋਂ ਵਧੇਰੇ ਪ੍ਰਭਾਵਿਤ ਕੀਤਾ ਹੈ। ਇਹ ਪ੍ਰਭਾਵ ਸਮਾਜਿਕ ਪ੍ਰਸੰਗ ਵਿੱਚ ਰਿਸ਼ਤਿਆਂ ਦੇ ਅਮਾਨਵੀਕਰਨ ਦੇ ਵਰਤਾਰੇ ਤੱਕ ਪਹੁੰਚ ਗਿਆ ਹੈ। ਸੰਘੇੜਾ ਇਸ ਵਰਤਾਰੇ ਨੂੰ ਆਪਣੀਆਂ ਕਹਾਣੀਆਂ ਦੇ ਵਸਤੂਗਤ ਸੰਸਾਰ ਦਾ ਆਧਾਰ ਬਣਾਉਂਦੀ ਹੈ। **'ਹਾਈਪੋਥਰਮੀਆ'** ਕਹਾਣੀ ਵਿੱਚ ਉਹ ਇਸ ਵਰਤਾਰੇ ਨੂੰ ਇਸ ਕਹਾਣੀ ਦੇ ਮੁੱਖ ਪਾਤਰ ਭਜਨ ਦੇ ਮਾਧਿਆਮ ਰਾਹੀਂ ਪੇਸ਼ ਕਰਦੀ ਹੈ। ਭਜਨ ਇਸ ਕਹਾਣੀ ਦੇ ਮੁੱਖ ਪਾਤਰ ਬਾਪੂ ਦੀ ਜ਼ਮੀਨ ਨੂੰ ਹੌਲੇ-ਹੌਲੇ ਆਪਣੇ ਕਬਜ਼ੇ ਵਿੱਚ ਕਰ ਲੈਂਦਾ ਹੈ। ਸੰਘੇੜਾ ਇਸਦੇ ਕਾਰਨ ਪੱਛਮੀ ਸਮਾਜ ਪੈਸੇ ਦੀ ਦੌੜ ਵਿੱਚੋਂ ਲੱਭਦੀ ਹੈ।

ਇਸੇ ਪ੍ਰਕਾਰ **'ਚੀਕ'** ਕਹਾਣੀ ਵਿੱਚ ਉਹ ਮਾਨਵੀ ਵਰਤਾਰੇ ਦੀ ਇਸੇ ਸੋਚ ਨੂੰ ਉਭਾਰਦੀ ਹੈ। ਰਿਸ਼ਤਿਆਂ ਦੇ ਅਮਾਨਵੀਕਰਨ ਦਾ ਸਿਖਰ **'ਸਿਉਂਕ'** ਕਹਾਣੀ ਵਿੱਚ ਪੇਸ਼ ਹੁੰਦਾ ਹੈ। ਇਸ ਕਹਾਣੀ ਦਾ ਬਿਰਤਾਂਤਕਾਰ ਇੱਕ ਅਜਿਹੀ ਮਾਨਸਿਕ ਅਵਸਥਾ ਵਿੱਚੋਂ ਨਿਕਲਦਾ ਹੈ ਜਿਹੜਾ ਆਪਣੇ ਸਾਹਮਣੇ ਹੀ ਰਿਸ਼ਤਿਆਂ ਦੇ ਨਿਘਾਰ ਨੂੰ ਦੇਖਦਾ ਹੈ। ਇਸ ਕਹਾਣੀ ਦੇ ਬਿਰਤਾਂਤਕਾਰ ਸਾਹਮਣੇ ਇੱਕ ਪਾਸੇ ਘਰ ਦੀ ਸਥਿਤੀ ਦੂਜੇ ਪਾਸੇ ਪ੍ਰਵਾਸੀ ਮਹਿੰਗਾ ਸਿੰਘ ਹੈ ਜਿਸ ਦੇ ਸਾਹਮਣੇ ਉਹ ਮਾਨਸਿਕ ਹੀਣਤਾ ਦਾ ਸ਼ਿਕਾਰ ਹੋਇਆ ਮਹਿਸੂਸ ਕਰਦਾ ਹੈ। ਬਲਬੀਰ ਕੌਰ ਸੰਘੇੜਾ ਪ੍ਰਵਾਸੀ ਜੀਵਨ ਦੇ ਪ੍ਰਸੰਗ ਵਿੱਚ ਭਾਰਤੀ ਅਤੇ ਪੱਛਮੀ ਸਾਂਸਕ੍ਰਿਤੀ ਦਾ ਤੁਲਨਾਤਮਕ ਰੂਪ ਪੇਸ਼ ਕਰਦੀ ਹੈ ਉਹ ਅਜਿਹਾ ਕਰਦੇ ਹੋਏ ਕਿਸੇ ਵੀ ਪੂਰਵ ਨਿਸ਼ਚਿਤ ਧਾਰਨਾ ਨੂੰ ਪੇਸ਼ ਕਰਨ ਦੀ ਥਾਂ ਸਥਿਤੀਆਂ ਦੇ ਪਰਿਪੇਖ ਵਿੱਚ ਕਹਾਣੀ ਦਾ ਬਿਰਤਾਂਤ ਉਸਾਰਦੀ ਹੈ। **'ਖੰਡਰ'** ਕਹਾਣੀ ਵਿੱਚ ਉਹ ਪੱਛਮੀ ਸਮਾਜ ਅਤੇ ਭਾਰਤੀ ਜੀਵਨ ਜਾਂਚ ਦਾ ਤੁਲਨਾਤਮਕ ਰੂਪ ਪੇਸ਼ ਕਰਦੀ ਹੈ। ਇਸ ਵਿੱਚੋਂ ਕਈ ਪਾਤਰਾਂ ਦੇ ਜੀਵਨ ਨੂੰ ਸਮਾਂਨਤਰ ਰੂਪ ਵਿੱਚ ਉਸਾਰਦੀ ਹੈ। ਅਜਿਹਾ ਕਰਦੇ ਹੋਏ ਉਹ ਪੱਛਮੀ ਸੰਸਕ੍ਰਿਤੀ ਦਾ ਸਕਾਰਾਤਮਕ ਰੂਪ ਵੀ ਸਾਹਮਣੇ ਲਿਆਉਂਦੀ ਹੈ। ਦੂਜੇ ਪਾਸੇ ਬਿਰਤਾਂਤਕਾਰ ਆਪਣੀ ਸਥਿਤੀ ਨੂੰ ਪੇਸ਼ ਕਰਦੀ ਹੈ ਇਸ ਤੁਲਨਾ ਦੇ ਵਿੱਚ ਹੀ ਉਹ ਸਮਲਿੰਗੀ ਸੰਬੰਧਾਂ ਨੂੰ ਪੇਸ਼ ਕਰਨ ਵਾਲੀ ਕਹਾਣੀ **'ਆਖਰ ਉਹ ਜਿੱਤ ਗਿਆ'** ਵਿੱਚ ਕੁਲਦੀਪ ਦੀ ਮਨੋਦਸ਼ਾ ਨੂੰ ਪੂਰਵੀ ਸੰਸਕ੍ਰਿਤੀ ਦੀ ਜਿੱਤ ਬਣਾ ਕੇ ਪੇਸ਼ ਕਰਦੀ ਹੈ। ਸੰਘੇੜਾ ਆਪਣੀਆਂ ਕਹਾਣੀਆਂ ਵਿੱਚ ਜਿਹੜੇ ਕਨੈਡਾ ਦੇ ਪਾਤਰ ਪੇਸ਼ ਕਰਦੀ ਹੈ ਉਹਨਾਂ ਵਿੱਚੋਂ ਕਨੇਡੀਅਨ ਸਮਾਜ ਪ੍ਰਤੀ ਸਕਾਰਾਤਮਕ ਪਹੁੰਚ ਅਪਣਾਉਂਦੀ ਹੈ। ਜਿਵੇਂ **'ਬੱਸ ਹੋਰ ਨੀ'** ਦੀ ਐਲਨ, **'ਖੰਡਰ'** ਦੀ ਐਡਵਰਡ ਅਜਿਹੇ ਹੀ ਪਾਤਰ ਹਨ।

ਬਲਵੀਰ ਕੌਰ ਸੰਘੇੜਾ ਆਪਣੀਆਂ ਕਹਾਣੀਆਂ ਦੇ ਕੇਂਦਰ ਵਿਚ ਮਨੁੱਖ ਦੇ ਸਾਕਾਰਤਮਕ ਰੂਪ ਵਿੱਚ ਜੀਵ ਦੇ ਸੁਭਾਅ ਨੂੰ ਪੇਸ਼ ਕਰਦੀ ਹੈ। **'ਹੁਣ ਅਸੀਂ ਠੀਕ-ਠਾਕ ਹਾਂ'** ਕਹਾਣੀ ਵਿੱਚੋਂ ਪ੍ਰਵਾਸੀ ਸਮੱਸਿਆ ਨੂੰ ਪੰਜਾਬੀ ਪ੍ਰਵਾਸੀਆਂ ਦੇ ਸੀਮਤ ਘੇਰੇ ਵਿੱਚੋਂ ਕੱਢ ਕੇ ਸਮੁੱਚੀ ਦੁਨੀਆਂ ਦੇ ਪ੍ਰਵਾਸੀਆਂ ਤੱਕ ਫੈਲਾ ਦਿੰਦੀ ਹੈ। ਇਹ ਕਹਾਣੀ ਯੋਗੁਸਲਾਵੀਆਂ ਦੀ ਲੜਾਈ ਵਿੱਚੋਂ ਨਿਕਲ ਕੇ ਆਏ ਲੋਕਾਂ ਦੀ ਹੈ। ਇਸ ਕਹਾਣੀ ਦੇ ਪਾਤਰ ਆਪਣਾ ਘਰ ਘਾਟ ਲੁਟਾ ਕੇ ਕੈਨੇਡਾ ਵਿੱਚ ਵੱਸਣ ਲਈ ਆਉਂਦੇ ਹਨ ਉਹ ਆਪਣੇ ਦੁਖਾਂਤ ਮੂਲਕ ਅਤੀਤ ਨੂੰ ਭੁੱਲ ਕੇ ਵਰਤਮਾਨ ਵਿੱਚ ਜੀਣ ਦੀ ਖਵਾਹਿਸ਼ ਨੂੰ ਪਾਲਦੇ ਹਨ। ਇਸ ਕਹਾਣੀ ਦਾ

ਪਾਤਰ ਸ਼ੈਨਨ ਆਪਣੇ ਮਾਂ ਪਿਉ ਨੂੰ ਅਤੀਤ ਨੂੰ ਭੁੱਲਣ ਲਈ ਪ੍ਰੇਰਦਾ ਹੈ।

ਬਲਬੀਰ ਕੌਰ ਸੰਘੇੜਾ ਦੀਆਂ ਕਹਾਣੀਆਂ ਦਾ ਅੰਦਰੂਨੀ ਸੰਗਠਨ ਵਿਸਥਾਰਮਈ ਰੂਪ ਵਿੱਚ ਬਿਰਤਾਂਤ ਨੂੰ ਵਿਸਥਾਰਦਾ ਹੈ ਅਜਿਹਾ ਉਹ ਕਹਾਣੀ ਨੂੰ ਲੰਮੀ ਕਰਨ ਲਈ ਨਹੀਂ ਕਰਦਾ ਸਗੋਂ ਪਾਤਰਾਂ ਦੀ ਮਨੋ ਅਵਸਥਾ ਅਤੇ ਸਥਿਤੀਆਂ ਦੇ ਟਕਰਾਉ ਨੂੰ ਤਰਕਮੂਲਕ ਬਣਾਉਣ ਲਈ ਕਰਦੀ ਹੈ। ਸੰਘੇੜਾ ਕਹਾਣੀ ਵਿਚਲੇ ਸਾਰੇ ਪਾਤਰਾਂ ਨੂੰ ਸਮੁੱਚੇ ਬਿਰਤਾਂਤ ਵਿੱਚ ਬਰਾਬਰ ਦੀ ਪੱਧਰ ਤੇ ਰੱਖ ਕੇ ਚਿਤਰਦੀ ਹੈ ਅਜਿਹਾ ਕਰਦੇ ਹੋਏ ਨਾ ਉਹ ਅਖੌਤੀ ਨਾਰੀਵਾਦ ਦਾ ਸ਼ਿਕਾਰ ਹੁੰਦੀ ਹੈ ਅਤੇ ਨਾ ਹੀ ਸਮਾਜ ਦੇ ਕਿਸੇ ਰਿਸ਼ਤੇ ਨੂੰ ਤ੍ਰਿਸਕਾਰ ਦੀ ਭਾਵਨਾ ਨਾਲ ਸਿਰਜਦੀ ਹੈ। ਉਸਦੀਆਂ ਕਹਾਣੀਆਂ ਵਿੱਚ ਜੇ ਔਰਤ ਸੰਕਟ ਭੋਗਦੀ ਹੈ ਤਾਂ ਮਰਦ ਵੀ ਅਜਿਹੀ ਹੀ ਮਾਨਸਿਕ ਪੀੜਾ ਵਿੱਚੋਂ ਗੁਜ਼ਰਦੇ ਹਨ। ਸੰਘੇੜਾ ਦੇ ਸਾਹਮਣੇ ਮਾਨਵੀ ਵਿਹਾਰ ਨੂੰ ਪੇਸ਼ ਕਰਨ ਦੀ ਇੱਕ ਸਕਾਰਾਤਮਕ ਦ੍ਰਿਸ਼ਟੀ ਮੌਜੂਦ ਹੈ ਇਸੇ ਦ੍ਰਿਸ਼ਟੀ ਅਧੀਨ ਉਹ ਕੋਈ ਵੀ ਦ੍ਰਿਸ਼ਟੀਗਤ ਫੈਸਲਾ ਪਾਠਕ ਉੱਪਰ ਠੋਸਦੀ ਨਹੀਂ ਸਗੋਂ ਪਾਠਕ ਦੇ ਸੋਚਣ ਲਈ ਬਹੁਤ ਕੁਝ ਛੱਡ ਜਾਂਦੀ ਹੈ। ਇਸੇ ਕਰਕੇ ਉਸਦੀਆਂ ਕਹਾਣੀਆਂ ਦੇ ਅੰਤ ਧਿਆਨ ਨਾਲ ਵੇਖਣ ਵਾਲੇ ਹਨ। ਬਲਵੀਰ ਕੌਰ ਸੰਘੇੜਾ ਜੀਵੰਤ ਬਿਰਤਾਂਤ ਸਿਰਜਦੀ ਹੋਈ ਪ੍ਰਵਾਸੀ ਮਾਨਸਿਕਤਾ ਤੇ ਵਿਹਾਰ ਅਨੁਸਾਰ ਆਪਣੇ ਭਾਸ਼ਾਈ ਪੈਟਰਨਾਂ ਦੀ ਵਰਤੋਂ ਕਰਦੀ ਹੈ। ਕਿਉਂਕਿ ਪ੍ਰਵਾਸ ਵਿੱਚ ਲੰਮਾ ਸਮਾਂ ਰਹਿਣ ਤੋਂ ਬਾਅਦ ਇਹ ਭਾਸ਼ਾਈ ਪੈਟਰਨ ਮਨੁੱਖੀ ਅਭਿਵਿਅਕਤੀ ਦਾ ਸੁਭਾਵਿਕ ਹਿੱਸਾ ਬਣ ਜਾਂਦੇ ਹਨ। ਇਸ ਪ੍ਰਕਾਰ ਬਲਬੀਰ ਕੌਰ ਸੰਘੇੜਾ ਆਪਣੀਆਂ ਕਹਾਣੀਆਂ ਦੇ ਵਸਤੂ ਸਥਿਤੀ, ਬਿਰਤਾਂਤਕ ਪੈਟਰਨ ਅਤੇ ਦ੍ਰਿਸ਼ਟੀਗਤ ਪਰਿਪੇਖ ਕਰਕੇ ਪੰਜਾਬੀ ਕਹਾਣੀ ਜਗਤ ਵਿੱਚ ਵੱਖਰੀ ਖੜੀ ਨਜ਼ਰ ਆਉਂਦੀ ਹੈ।

## ‘ਆਪਣੀ ਜੂਹ’ ਦਾ ਸਭਿਆਚਾਰਕ ਸੰਦਰਭ / - ਪ੍ਰੋ. ਸਿਮਰਜੀਤ ਕੌਰ

ਮੁਖਤਾਰ ਗਿਲ ਪੇਂਡੂ ਪੰਜਾਬੀ ਸਭਿਆਚਾਰਕ, ਛੋਟੀ ਕਿਸਾਨੀ ਤੇ ਖੇਤ ਮਜ਼ਦੂਰਾਂ ਦੀ ਤ੍ਰਾਸਦੀ ਨੂੰ ਚਿਤਰਣ ਵਾਲਾ ਸਮਰੱਥ ਕਹਾਣੀਕਾਰ ਹੈ। ਇਸ ਨਵੇਂ ਕਹਾਣੀ ਸੰਗ੍ਰਹਿ ਵਿਚ 10 ਕਹਾਣੀਆਂ ਸੰਕਲਿਤ ਹਨ। ਜਿਸ ਵਿਚ ਭਾਰਤ-ਪਾਕਿਸਤਾਨ ਸਰਹੱਦ ਨਾਲ ਲਗਦੇ ਮਾਝੇ ਦੇ ਭਗੋਲਿਕ ਖਿੱਤੇ ਦੇ ਲੋਕਾਂ ਦੇ ਸ਼ਰਲ ਤੇ ਸਾਦਾ ਜੀਵਨ ਨਿਰਬਾਹ ਨਾਲ ਸੰਬੰਧਿਤ ਹਨ। ਇਹਨਾਂ ਵਿਚ ਮਾਝੇ ਖਿੱਤੇ ਦੇ ਕਿਸਾਨਾਂ, ਕਿਰਤੀ ਕਾਮਿਆਂ ਦੀਆਂ ਤੰਗੀਆਂ-ਤੁਰਸੀਆਂ, ਖੁਸ਼ੀਆਂ, ਹੇਰਵਿਆਂ ਸਹਿਤ ਭਰਪੂਰ ਪੇਂਡੂ ਪੰਜਾਬੀ ਸਭਿਆਚਾਰਕ ਜੀਵਨ ਜਾਚ ਦੀ ਤਰਜਮਾਨੀ ਹੋਈ ਹੈ। ਇਸ ਉਪ ਸਭਿਆਚਾਰ ਦੀ ਪੇਸ਼ਕਾਰੀ ਨੇ ਸਮੂਹ ਪੰਜਾਬ ਦੇ ਕੁਲ ਖੇਤਰ ਦੇ ਜਨ ਸਮੂਹਕ ਪੰਜਾਬੀ ਸਭਿਆਚਾਰ ਨੂੰ ਦ੍ਰਿਸ਼ਮਾਨ ਕਰ ਦਿੱਤਾ ਹੈ। ਲੇਖਕ ਨੇ ਸਭਿਆਚਾਰਕ ਮਾਨਸਿਕਤਾ ਨੂੰ ਓਪਰੇ ਚਿੰਤਨ ਰਾਹੀਂ ਕਹਾਣੀਆਂ ਵਿਚ ਰੁਪਾਂਤ੍ਰਨ ਨਹੀਂ ਕੀਤਾ ਸਗੋਂ ਹੇਠਲੇ ਪੱਧਰ ਤੇ ਪਾਤਰਾਂ ਦੀ ਮਾਨਸਿਕਤਾ ਨੂੰ ਚਿਤਰਦਾ ਹੈ। ਲੇਖਕ ਨੇ ਉਥੋਂ ਦੇ ਜਨਸਮੂਹ ਦੇ ਨਿਵੇਕਲੇ ਜੀਵਨ ਢੰਗ, ਵਿਸ਼ੇਸ਼ ਭਾਸ਼ਾਈ ਮੁਹਾਵਰੇ, ਧਰਮ, ਕਲਾ, ਦਰਸ਼ਨ ਦੇ ਸਭਿਆਚਾਰਕ ਅੰਸ਼ਾ ਦੇ ਸੰਕਲਪ ਨੂੰ ਸਮਾਜਿਕ, ਆਰਥਿਕ, ਧਾਰਮਿਕ, ਵਿਭਿੰਨ ਕੋਣਾਂ ਤੋਂ ਵਿਸ਼ਾਲ ਰੂਪ ਵਿਚ ਉਘਾੜਿਆ ਹੈ।

ਸਰੀਰਿਕ ਸਡੋਲਤਾ, ਬਹਾਦਰੀ, ਦਲੇਰੀ, ਉਪਜਾਊ ਜ਼ਮੀਨ, ਪੋਸ਼ਟਿਕ ਆਹਾਰ, ਜ਼ਿੰਦਗੀ ਮਾਨਣ ਲਈ ਜੋਸ਼ ਤੇ ਉਮਾਹ, ਵਿਹਾਰਕ ਖੁੱਲ੍ਹਾਂ, ਪ੍ਰਹੁਣਚਾਰੀ, ਸਖੀਪੁਣਾ, ਸਾਂਝੀਵਾਲਤਾ, ਵੱਡਿਆ ਦਾ ਸਤਿਕਾਰ, ਸਵੈਧੀਨਤਾ, ਨਿਡਰਤਾ, ਸੁਹ੍ਰਿਦਤਾ, ਉਦਾਰਤਾਂ ਨਿਰਛੱਲ ਮਿੱਤਰਤਾ ਅਤੇ ਅੰਤਰਕੌਮੀ ਸਦਭਾਵਨਾ ਮੂਲਕ ਸੰਬੰਧਾਂ ਨੂੰ ਸਹਿਜਰੂਪ ਵਿਚ ਦਰਪੇਸ਼ ਕੀਤਾ ਹੈ।

ਪੇਂਡੂ ਪੰਜਾਬ ਦਾ ਰਹਿਣ-ਸਹਿਣ, ਚੱਜ ਅਚਾਰ, ਖਾਣ-ਪੀਣ ਪਹਿਰਾਵਾ, ਵਿਵਹਾਰਕ, ਰੀਤੀ-






ਰਿਵਾਜ ਦਾ ਸੰਕਲਪ ਸਮਾਜਿਕ ਕੌਣ ਨਾਲ ਸੰਬੋਧਤ ਹੈ। ਵੱਡੇ ਸਾਂਝੇ ਪਰਿਵਾਰ, ਭਾਈਚਾਰਕਤਾ, ਸਾਂਝੀਵਾਲਤਾ, ਰਿਸ਼ਤਾ-ਪ੍ਰਨਾਲੀ, ਵਿਆਹ ਪ੍ਰਬੰਧ, ਮੇਲੇ ਤਿਉਹਾਰ ਲੋਕ ਖੇਡਾਂ, ਲੋਕ ਕਿੱਤੇ, ਸਾਧਨ, ਸੰਦਾ, ਫ਼ਸਲਾ ਸਾਕਾਦਾਰੀ, ਲੋਕਾਚਾਰੀ, ਨਿਯਮ ਸੰਸਕਾਰ ਦਸਤੂਰ ਮਰਯਾਦਾ, ਪਰਉਪਕਾਰਤਾ, ਆਦਿ ਸਭਿਆਚਾਰਕ ਅੰਸ਼ਾਂ ਤੇ ਸਭਿਅਤਾ ਨੂੰ ਸਮੂਹ ਕਹਾਣੀਆਂ ਵਿੱਚੋਂ ‘ਆਪਣੀ ਜੂਹ’, ‘ਸੂਹੀ ਸਾਂਝ’, ‘ਆਰ ਨਾ ਪਾਰ’, ‘ਸਤਾਰਵੀ’, ‘ਬਰਕਤ’ ਕਹਾਣੀਆਂ ਵਿਚ ਬੜੀ ਕੁਸ਼ਲਤਾ ਨਾਲ ਉਜਾਗਰ ਕੀਤਾ ਹੈ। ਉਸ ਦੀ ਕਹਾਣੀ ਆਸ਼ਾਵਾਦੀ ਦ੍ਰਿੜਤਾ, ਹੱਡ-ਭੰਨਵੀਂ ਮਿਹਨਤ, ਸਿੱਖਿਆ ਅਤੇ ਸੱਭਿਆਚਾਰਕ ਹੇਰਵੇ ਨੇ ਸਭਿਆਚਾਰਕ ਅੰਸ਼ਾ ਵਿਚ ਬਹੁਲਤਾ ਲਿਆਂਉਂਦੀ ਹੈ।

ਪੰਜਾਬ ਸਰਹੱਦੀ ਸੂਬਾ ਰਹਿਣ ਕਾਰਨ ਨਿੱਤ ਮਹਿੰਮਾ ਦੀਆਂ ਪ੍ਰਸਥਿਤੀਆਂ ਵਿਚ ਰਿਹਾ ਜਿਸ ਦੌਰਾਨ ਧਾਰਮਿਕ ਸਭਿਆਚਾਰ ਜੱਪ-ਤੱਪ ਤੇ ਡੂੰਘੀ ਅਧਿਆਤਮਕਤਾ ਵਾਲਾ ਨਹੀਂ ਰਿਹਾ। ਧਰਮ ਨੂੰ ਕੇਵਲ ਸਮਾਜਿਕ ਪੱਧਰ ਤੇ ਗ੍ਰਹਿਣ ਕਰਕੇ ਵਿਚਰਨ ਤੱਕ ਅਪਨਾਇਆ ਗਿਆ। ਲੇਕਿਨ ਇਸ ਸਭਿਆਚਾਰ ਵਿਚ ਨੈਤਿਕ ਕਦਰਾ-ਕੀਮਤਾ ਦੀ ਪ੍ਰਧਾਨਤਾ ਰਹੀ ਹੈ। ਇਸ ਪ੍ਰੰਪਰਾ ਦੇ ਸੰਬੰਧ ਵਿਚ ਸਮੇਂ ਸਮੇਂ ਵਿਕਸਿਤ ਤੇ ਪਰਿਵਰਤਿਤ ਵੀ ਹੁੰਦਾ ਰਿਹਾ ਹੈ। ਵਿਸ਼ਿਸਟ ਧਰਮ ਤੇ ਲੋਕ ਧਰਮ ਲੋਕ ਵਿਸ਼ਵਾਸ਼, ਅਨੁਸ਼ਠਾਨ, ਦੇ ਧਾਰਮਿਕ ਸਭਿਆਚਾਰਕ ਅੰਸ਼ਾਂ ਨੂੰ ਲੋਕਾਂ ਦੇ ਨਿੱਤ ਜੀਵਨ ਪ੍ਰਕਾਰਜਾ ਵਿਚ ਸਮਿਲਤ ਹੋਏ ਕਈ ਕਹਾਣੀਆਂ ਵਿਚ ਪੇਸ਼ ਹੈ। ਸੂਹੀ ਸਾਂਝ, ਆਰ-ਨਾ ਪਾਰ, ਸ਼ੂਕਦੀ ਨਦੀ ਦਾ ਕਹਿਰ, ਰੂਹਾਂ ਦੇ ਰਿਸ਼ਤੇ ਕਹਾਣੀਆਂ ਦੇ ਪਾਤਰਾਂ ਨੇ ਇਹਨਾਂ ਅੰਸ਼ਾਂ ਨੂੰ ਥਾਂ ਥਾਂ ਆਪਣੀ ਜੀਵਨ ਜਾਂਚ ਵਿਚ ਸ਼ਾਮਿਲ ਕੀਤਾ ਹੈ। ਇਸਤਰੀ ਦੀ ਮਾਨ ਮਰਿਆਦਾ ਆਪਸੀ ਸਾਂਝ, ਊਚ-ਨੀਚ, ਦਾ ਭੇਦ ਭਾਵ ਦਾ ਤੇ ਪਵਿੱਤਰ ਅਪਵਿੱਤਰ ਪਾਖੰਡਵਾਦ ਵਿਰੋਧ, ਪੰਜਾਬ ਦੀ ਖਾਸੀਅਤ ਦਿਖਾਈ ਹੈ।

ਪੰਜਾਬੀ ਦੀ ਆਰਥਿਕ ਬਣਤਰ ਵਿਅਕਤੀਗਤ ਜਗੀਰੂ ਮਾਲਕੀ ਵਾਲੀ ਹੈ। ਉਤਪਾਦਨ ਦੇ ਸਾਰੇ ਸਾਧਨ, ਪਰਿਵਾਰਕ, ਆਰਥਿਕ, ਸਮਾਜਿਕ ਫੈਸਲੇ ਸੰਪਤੀ ਮਾਲਕ ਦੇ ਹੱਥ ਵਿਚ ਹੋਣ ਕਾਰਨ ਸੰਬੋਧਿਤ ਸਭਿਆਚਾਰਕ ਤੱਤਾ ਦਾ ਵਿਕਾਸ ਵੀ ਉਸੇ ਦੇ ਹੱਥ ਹੈ। ਕਹਾਣੀ ਬਰਕਤ, ਆਰ ਨਾ ਪਾਰ, ਮਾਸੂਮ ਸੁਪਨੇ ਦਾ ਮਾਤਮ, ਸਤਾਰਵੀਂ, ਦੋਹਰੀ ਮਾਰ ਵਿਚ ਕਿਸਾਨੀ ਆਰਥਿਕਤਾ ਤੋਂ ਪ੍ਰਭਾਵਿਤ ਸਭਿਆਚਾਰ ਨੂੰ ਪੇਸ਼ ਕੀਤਾ ਹੈ। ਪੇਂਡੂ ਪੰਜਾਬ ਦਾ ਮੁਖ ਕਿੱਤਾ ਖੇਤੀਬਾੜੀ ਨਾਲ ਸਬੰਧਿਤ ਕਿਸਾਨੀ ਤਬਕੇ ਨਾਲ ਹੋਰ ਕਿੱਤਾਕਾਰ ਵੀ ਸਿੱਧੇ ਅਸਿੱਧੇ ਢੰਗ ਨਾਲ ਆਪਣੀਆਂ ਆਰਥਿਕ ਲੋੜਾਂ ਪੂਰੀਆਂ ਕਰਦੇ ਹਨ। ਫਲਸਰੂਪ ਉਥੋਂ ਦੇ ਸਾਰੇ ਸਭਿਆਚਾਰਕ ਅੰਸ਼ ਅਨੁਕੂਲ, ਪ੍ਰਤੀਕੂਲ ਪ੍ਰਭਾਵਸ਼ੀਲਤਾ ਕਬੂਲਦੇ ਹਨ। ਜਿਵੇਂ ਰਿਸ਼ਤੇਦਾਰੀ, ਸਾਕਾਦਾਰੀ, ਰੀਤੀ-ਰਿਵਾਜ਼, ਵਿਆਹ ਪ੍ਰਬੰਧ, ਭਾਈਚਾਰਕ ਸਾਂਝ। ਪੇਂਡੂ ਆਰਥਿਕਤਾ ਦੇ ਵਿਕਾਸ ਵਿਚ ਨਵੀਂ ਮਸ਼ੀਨਰੀ, ਬੀਜ਼, ਸਿੰਚਾਈ ਸਾਧਨ, ਢੰਗ, ਸਿੱਖਿਆ, ਕਲਾ, ਦਰਸ਼ਨ, ਤਕਨੀਕ ਨੇ ਵੱਡੀ ਪੱਧਰ ਤੇ ਯੋਗਦਾਨ ਪਾਇਆ ਹੈ ਜਿਹੜਾ ਕਿ ਲਗਭਗ ਹਰ ਕਹਾਣੀ ਵਿਚ ਪਸਰਿਆ ਹੈ।

ਬਾਕੀ ਹੋਰ ਸਾਂਝੇ ਤੌਰ ਤੇ ਪੰਜਾਬੀ ਸਭਿਆਚਾਰਕ ਪਰਿਵਰਤਨ ਦੀ ਗੱਲ ਕਰੀਏ ਤਾਂ ਇਹ ਲਗਭਗ ਕਹਾਣੀਆਂ ਵਿਚ ਸਮਾਜਿਕ ਆਰਥਿਕ, ਰਾਜਨੀਤਿਕ ਢਾਂਚੇ ਵਿਚ ਤੀਬਰਤਾ ਭਰਪੂਰ ਤਬਦੀਲੀ, ਸਾਕਾਦਾਰੀ ਦਾਰੋਮਦਾਰ ਵਿਚ ਨਿਘਾਰ, ਸਾਂਝੇ ਪਰਿਵਾਰਾਂ ਦਾ ਸੰਕਲਪ ਟੁੱਟਦਾ, ਵਿਅਕਤੀਵਾਦੀ ਰੁਚੀਆਂ ਦੀ ਪ੍ਰਧਾਨਤਾ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ‘ਆਪਣੀ ਜੂਹ’, ‘ਰੂਹਾਂ ਦੇ ਰਿਸ਼ਤੇ’, ‘ਸ਼ੂਕਦੀ ਨਦੀ ਦਾ ਕਹਿਰ’, ‘ਸੂਹੀ ਸਾਂਝ’, ‘ਬਰਕਤ’, ਅਜਿਹੇ ਪਰਿਵਰਤਨ ਦੇ ਸਰੂਪ ਦੀ ਸਾਖੀ ਵੀ ਭਰਦੀਆਂ ਹਨ।

# ਮੇਰੀਆਂ ਚੋਣਵੀਆਂ ਕਹਾਣੀਆਂ (ਜਿੰਦਰ) - ਡਾ. ਮਿਨਾਕਸ਼ੀ ਰਾਠੌਰ




ਹਥਲਾ ਕਹਾਣੀ ਸੰਗ੍ਰਹਿ 'ਮੇਰੀਆਂ ਚੋਣਵੀਆਂ ਕਹਾਣੀਆਂ' 2014 ਦਾ ਨਵਪ੍ਰਕਾਸ਼ਤ ਕਹਾਣੀ ਸੰਗ੍ਰਹਿ ਹੈ।ਜਿਸ ਵਿਚ ਕੁਲ 15 ਕਹਾਣੀਆਂ ਸੰਮਲਿਤ ਹਨ।ਇਹਨਾਂ ਵਿਚ ਉਸ ਨੇ ਵਿਕੋਲਿਤਰੇ ਵਿਸ਼ਿਆਂ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ ਹੈ। ਜਿੰਦਰ ਅਜਿਹਾ ਕਹਾਣੀਕਾਰ ਹੈ, ਜਿਸ ਦੀ ਆਧੁਨਿਕ ਯਥਾਰਥਵਾਦੀ ਰਚਨਾ ਦ੍ਰਿਸ਼ਟੀ ਵਿਭਿੰਨ ਕਿਸਮ ਦੇ ਸਰੋਕਾਰ ਆਪਣੇ ਕਲੇਵਰ ਵਿਚ ਸਮੋਈ ਬੈਠੀ ਹੈ।ਜਿਹਨਾਂ ਵਿਚ ਪ੍ਰੋਖ ਤੇ ਅਪ੍ਰੋਖ ਰੂਪ ਵਿਚ ਜੀਵਨ ਯਥਾਰਥ ਦੇ ਅਸਤਿੱਤਵੀ ਸੰਕਟ, ਬੇਗਾਨਗੀ, ਪੂੰਜੀਵਾਦੀ ਵਿਵਸਥਾ ਵਿਚ ਮਨੁੱਖੀ ਪਛਾਣ ਦੇ ਖ਼ੁਰਦੇ ਜਾਣ ਦੀ ਵੇਦਨਾ, ਔਰਤ ਮਰਦ ਦੇ ਨਜਾਇਜ਼ ਸੰਬੰਧ, ਨਾਰੀ ਚੇਤਨਾ, ਭ੍ਰਿਸ਼ਟ ਰਾਜਨੀਤੀ, ਖ਼ਪਤ ਸੱਭਿਆਚਾਰ, 1947 ਦੀ ਵੰਡ ਦਾ ਦੁਖਾਂਤ ਆਦਿ ਨੂੰ ਪ੍ਰਮੁੱਖ ਰੂਪ ਵਿਚ ਰਚਨਾ ਵਸਤੂ ਬਣਾਇਆ ਹੈ।ਜਿਸ ਵਿਚ ਵਿਸ਼ਵੀਕਰਨ ਦੀ ਪ੍ਰਕ੍ਰਿਆ ਅਧੀਨ ਮਾਨਵਤਾ ਦੇ ਉਪਭੋਗੀ ਸੁਹਜ ਸੁਆਦ ਦੀ ਵੀ ਅਜਿਹੀ ਤਸਵੀਰ ਉੱਭਰਦੀ ਹੈ ਜੋ ਮਾਨਵ ਪੱਖੀ ਰੁਚੀਆਂ ਦਾ ਮਲੀਆਮੇਟ ਕਰ ਅਮਾਨਵੀਕਰਨ ਨੂੰ ਹੱਲਾਸ਼ੇਰੀ ਦੇਂਦੀ ਹੈ।ਜਿਸ ਵਿਚੋਂ ਮਾਨਵੀ ਰਿਸ਼ਤਿਆਂ ਦਾ ਨਿੱਘ ਵੀ ਗ਼ਾਇਬ ਹੋ ਰਿਹਾ ਹੈ। ਇਸ ਪਾਠ ਪਾਠ ਵਿਚ ਵਿਚਰਦਿਆਂ ਸਭ ਤੋਂ ਆਰੰਭਕ ਕਹਾਣੀ 'ਕਤਲ' ਪਾਠਕ ਦਾ ਧਿਆਨ ਖਿੱਚਦੀ ਹੈ।ਇਹ ਕਹਾਣੀ ਜਿੰਦਰ ਦੀਆਂ ਚਰਚਿਤ ਕਹਾਣੀਆਂ ਵਿਚੋਂ ਹੈ ਜੋ ਇਕ ਪਾਤਰ ਪਰਧਾਨ ਮਨੋਵਿਗਿਆਨਕ ਕਹਾਣੀ ਹੈ।'ਮੈਂ' ਪਾਤਰ ਦਾ ਬਾਪੂ ਬਿਰਤਾਂਤ ਦੇ ਕੇਂਦਰ ਵਿਚ ਰਹਿੰਦਾ ਹੈ।ਜਿਸ ਦੇ ਆਪਣੇ ਪਰਿਵਾਰ ਨਾਲ ਸੰਬੰਧ ਹਮੇਸ਼ਾਂ ਹੀ ਅਸਾਵੇਂ ਰਹੇ ਹਨ।ਬਾਪੂ ਅੱਜ ਜਦੋਂ ਮਰਨ ਕਿਨਾਰੇ ਹੈ ਤਾਂ ਚਲਚਿੱਤਰ ਵਾਂਗ ਸਾਰੀਆਂ ਘਟਨਾਵਾਂ ਇਕ ਇਕ ਕਰਕੇ 'ਮੈਂ' ਪਾਤਰ ਦੇ ਜ਼ਿਹਨ ਵਿਚ ਵਾਪਰਦੀਆਂ ਹਨ ਕਿ ਕਿਵੇਂ ਬਚਪਨ ਤੋਂ ਹੀ ਉਹ ਪਿਉ ਦੇ ਦਾਬੇ ਵਿਚ ਰਿਹਾ ਹੈ। ਅਜਿਹੀ ਸਥਿਤੀ ਹੀ ਉਸ ਦੀ ਮਾਂ ਦੀ ਹੈ ਜੋ ਪਤੀ ਦੀ ਮਾਰ ਕੁੱਟ ਸਹਿੰਦੀ ਨਰਕ ਵਰਗੀ ਜ਼ਿੰਦਗੀ ਭੋਗਦੀ ਹੈ।ਅੱਜ ਭਾਵੇਂ 'ਮੈਂ' ਪਾਤਰ ਨੌਕਰੀ ਕਰਦਾ ਸ਼ਹਿਰ ਵਿਚ ਜਾ ਵਸਿਆ ਹੈ ਤੇ ਪਿੰਡ ਉਸ ਦਾ ਗੇੜਾ ਕਦੇ ਕਦਾਈਂ ਹੀ ਲੱਗਦਾ ਹੈ ਪਰ ਉਸ ਦੀ ਬਾਪੂ ਨਾਲ ਅਲਗਾਵ ਵਾਲੀ ਸਥਿਤੀ ਬਰਕਰਾਰ ਹੈ ਤੇ ਬਾਪੂ ਵਿਚ ਵੀ ਇਸ ਪ੍ਰਤੀ ਕਦੇ ਸਹਿਜਤਾ ਨਹੀਂ ਆਉਂਦੀ।

ਇਸੇ ਤਰ੍ਹਾਂ 'ਮੀਤੂ ਜ਼ਿੰਦਾਬਾਦ' ਕਹਾਣੀ ਵੀ ਮਲਕੀਅਤ ਸਿੰਘ ਉਰਫ਼ ਮੀਤੂ ਦੀ ਦਾਸਤਾਨ ਹੈ ਜੋ ਇੰਗਲੈਂਡ ਦੇ ਕੁਵੈਂਟਰੀ ਸ਼ਹਿਰ ਵਿਚ ਰਹਿ ਰਿਹਾ ਹੈ।ਪਿਉ ਦੀ ਮਰਜ਼ੀ ਨਾਲ ਬਲਬੀਰੋ ਨਾਲ ਵਿਆਹ ਕਰਵਾ ਜੱਦੀ ਸ਼ਹਿਰ ਲੁਧਿਆਣਾ ਤੋਂ ਇੰਗਲੈਂਡ ਪਹੁੰਚ ਜਾਂਦਾ ਹੈ।ਉਹ ਪਿਉ ਅੱਗੇ ਕਦੇ ਵੀ ਉਭਾਸਰ ਨਾ ਸਕਿਆ।ਅੱਜ ਜਦੋਂ ਉਹ ਆਪ ਇਕ ਪੁੱਤਰ ਦਾ ਪਿਉ ਹੈ ਤਾਂ ਉਸ ਅੰਦਰ ਬੈਠਾ ਮੀਤੂ ਉਸ ਨੂੰ ਕਿਸੇ ਵੀ ਤਰ੍ਹਾਂ ਦੀ ਅਧੀਨਗੀ ਸਵੀਕਾਰ ਕਰਨ ਤੋਂ ਵਰਜਦਾ ਪੁੱਤਰ ਕੋਲ ਸ਼ਿਫ਼ਟ ਹੋਣ ਤੋਂ ਰੋਕਦਾ ਹੈ। ਮੀਤੂ ਉਸ ਅੰਦਰਲਾ ਸਵੈਮਾਣ ਹੈ ਜੋ ਕਿਸੇ ਵੀ ਤਰ੍ਹਾਂ ਦੀ ਅਧੀਨਗੀ ਨੂੰ ਸਵੀਕਾਰ ਕਰਨ ਤੋਂ ਇਨਕਾਰੀ ਹੋ ਬਾਦਸ਼ਾਹੀ ਨਾਲ ਜਿਉਣਾ ਸਿਖਾਉਂਦਾ ਹੈ।ਇਹ ਵੀ ਇਕ ਮਨੋਵਿਗਿਆਨਕ ਕਹਾਣੀ ਹੈ ਜੋ ਕੇਂਦਰੀ ਪਾਤਰ ਦੇ ਪਲ ਪਲ ਬਦਲਦੇ ਮਿਜਾਜ਼ ਦਾ ਬਾਖ਼ੂਬੀ ਚਿਤਰਨ ਕਰਦੀ ਹੈ।

ਕਹਾਣੀ 'ਦਰਦ' ਗੱਲ ਕੱਥ ਦੀ ਵਿਧੀ ਰਾਹੀਂ ਅੱਗੇ ਵੱਧਦੀ ਹੈ।'ਮੈਂ' ਪਾਤਰ ਜੋ ਫ਼ੌਜ ਵਿਚੋਂ ਰਿਟਾਇਰਡ ਹੈ, ਆਪਣੀ ਬੀਵੀ ਨੂੰ ਆਪਣੇ ਕਾਰਗਿਲ ਯੁੱਧ ਦੀ ਵਾਰਤਾ ਸੁਣਾ ਰਿਹਾ ਹੈ। 'ਦੋਵੇਂ ਦੇਸ਼ਾਂ ਦੇ ਪਰਧਾਨ ਮੰਤਰੀਆਂ (ਭਾਰਤ ਤੇ ਪਾਕਿ) ਦਾ ਆਪਸ ਵਿਚ ਦੋਸਤੀ ਦਾ ਹੱਥ ਵਧਾਉਣਾ, ਭਵਿੱਖ ਵਿਚ ਇਕ ਦੂਜੇ ਨਾਲ ਨਾ ਲੜਨ ਦਾ ਵਾਅਦਾ ਕਰਨ ਦੇ ਬਾਵਜੂਦ 'ਪਾਕਿਸਤਾਨ ਫ਼ੌਜ ਦੇ ਜਰਨੈਲ ਦੇ ਚੁੱਪ ਚੁਪੀਤੇ ਕਾਰਗਿਲ ਦੀਆਂ ਚੌਂਕੀਆਂ ਤੇ ਕਬਜ਼ਾ ਕਰਨਾ' ਦੇ ਚਿਹਨਕੀ ਜੁੱਟ ਪਾਕਿਸਤਾਨ ਦੀਆਂ ਦਕੀਆਨੂਸੀ ਨੀਤੀਆਂ ਤੇ ਚਾਲਾਂ ਦਾ ਪ੍ਰਗਟਾਵਾ ਕਰਦੇ ਯਥਾਰਥਕ ਦ੍ਰਿਸ਼ ਉਭਾਰਦੇ ਹਨ।ਦੂਜੇ ਪਾਸੇ ਸਰਹੱਦ ਦੀ ਰਾਖੀ ਕਰਦੇ 'ਮੈਂ' ਪਾਤਰ ਦਾ ਪਾਕਿਸਤਾਨੀ ਫ਼ੌਜ ਦੇ ਜ਼ਖ਼ਮੀ ਜਮੀਲ ਅਹਿਮਦ ਦੀ ਮੱਦਦ ਕਰ ਸੁਰੱਖਿਅਤ ਥਾਂ ਤੇ ਪਹੁੰਚਾਉਣ ਦਾ ਬਿਰਤਾਂਤਕੀ ਪਰਿਪੇਖ ਹੈਵਾਨੀਅਤ ਦੇ ਨਾਲ ਇਨਸਾਨੀਅਤ ਦਾ ਸਬੂਤ ਦਿੰਦਾ ਹੈ।



'ਜਿੱਤ' ਕਹਾਣੀ ਦਾ 'ਮੈਂ' ਪਾਤਰ ਅਮਰੀਕਨ ਫ਼ੌਜ ਦਾ ਸਿਪਾਹੀ ਹੈ।ਜੋ ਭਾਰਤੀ ਤੇ ਅਮਰੀਕਨ ਕਦਰਾਂ ਕੀਮਤਾਂ ਵਿਚ ਉਲਝਿਆ ਕਸ਼ਮਕਸ਼ ਵਿਚ ਹੈ।ਪਾਠ ਵਿਚ ' ਜਿੱਤ' ਦਾ ਸੰਕਲਪ ਪ੍ਰਤੀਕਾਤਮਕ ਰੂਪ ਵਿਚ ਵਿਅੰਗਾਤਮਕ ਸੁਰ ਉਭਾਰਦਾ ਹੈ।ਬਿਰਤਾਂਤਕਾਰ ਨੇ ਬਿਰਤਾਂਤਕੀ ਪਾਠ ਵਿਚ ' ਅਪਰੇਸ਼ਨ ਈਰਾਕੀ ਫ਼ਰੀਡਮ' ਦਾ ਬਿਰਤਾਂਤ ਸਿਰਜਿਆ ਹੈ।

ਇਸੇ ਤਰ੍ਹਾਂ ਦਾ ਦਰਦ ' ਜ਼ਖ਼ਮ' ਕਹਾਣੀ ਵਿਚ ਉੱਭਰਦਾ ਹੈ।'ਮੈਂ' ਪਾਤਰ ਜਗਮੋਹਣ ਗੋਗਨਾ ਜੋ ਸਟੇਟ ਯੂਨੀਵਰਸਿਟੀ ਨਿਊਯਾਰਕ ਵਿਚ ਮਾਨਵ ਸ਼ਾਸਤਰ ਦਾ ਪ੍ਰੋਫ਼ੈਸਰ ਹੈ, ਦੀ ਮੁਲਾਕਾਤ ਪ੍ਰੋ: ਜਾਵੇਦ ਨਾਲ ਹੁੰਦੀ ਹੈ।ਜਿਸ ਦੇ ਮਾਂ ਪਿਉ ਨੂੰ ਨੂਰ ਮਹਿਲ ਤੋਂ ਉੱਜੜ ਕੇ ਪਾਕਿਸਤਾਨ ਜਾਣਾ ਪਿਆ।ਜਿਸ ਦੇ ਪਰਿਵਾਰ ਦੇ ਬਾਰ੍ਹਾਂ ਬੱਚਿਆਂ ਸਮੇਤ ਬਹੁਤ ਸਾਰੇ ਮੈਂਬਰ ਮਾਰੇ ਵੰਡ ਦੀ ਭੇਂਟ ਚੜ੍ਹ ਜਾਂਦੇ ਹਨ।

'ਹਵੇਲੀ' ਕਹਾਣੀ ਦਾ 'ਮੈਂ' ਪਾਤਰ ਜਦੋਂ ਪਾਕਿਸਤਾਨ ਜਾਂਦਾ ਹੈ ਤਾਂ ਉਸ ਦੀ ਮੁਲਾਕਾਤ ਇਕ ਅਫ਼ਜ਼ਲ ਨਾਂ ਦੇ ਬੰਦੇ ਨਾਲ ਹੁੰਦੀ ਹੈ, ਭਾਰਤ-ਪਾਕਿ ਵੰਡ ਵੇਲੇ ਜਿਸ ਦੇ ਪਰਿਵਾਰ ਦੇ ਅਠਾਰ੍ਹਾਂ ਜੀਆਂ ਦਾ ਕਤਲ ਨਕੋਦਰ ਦੀ ਹਵੇਲੀ ਵਿਚ ਕਰ ਦਿੱਤਾ ਜਾਂਦਾ ਹੈ।ਵੰਡ ਵੇਲੇ ਦੇ ਉਹਨਾਂ ਜ਼ਖ਼ਮਾਂ ਦੀਆਂ ਪੀੜਾ ਉਹ ਅੱਜ ਵੀ ਆਪਣੇ ਨਾਲ ਚੁੱਕੀ ਫ਼ਿਰਦਾ ਹੈ।ਜਿਸ ਦੀ ਦਾਸਤਾਨ ਉਹ 'ਮੈਂ' ਪਾਤਰ ਨੂੰ ਸੁਣਾਉਂਦਾ ਭਾਵੁਕ ਵਹਿਣ ਵਿਚ ਵਹਿ ਤੁਰਦਾ ਹੈ।ਪਾਕਿਸਤਾਨ ਆ ਕੇ ਅੱਜ ਉਸ ਕੋਲ ਸਭ ਕੁਝ ਹੈ ਪਰ ਇਕ ਭਟਕਣ ਮਨ ਵਿਚ ਹਮੇਸ਼ਾਂ ਰਹਿੰਦੀ ਹੈ। ਹਿੰਦੁਸਤਾਨ ਵਿਚ ਛੱਡੀਆ ਯਾਦਾਂ ਅੱਜ ਵੀ ਪੀੜਾਂ ਬਣ ਉਸ ਦਾ ਪਿੱਛਾ ਕਰਦੀਆਂ ਹਨ।ਉਸ ਦੇ ਲਈ ਨਾਸੂਰ ਬਣੇ ਜ਼ਖ਼ਮਾਂ ਨੂੰ ਉਦੋਂ ਕੁਝ ਠਾਹਰ ਮਿਲਦੀ ਪ੍ਰਤੀਤ ਹੁੰਦੀ ਹੈ ਜਦੋਂ ਉਹ ਆਪਣਾ ਦੁੱਖ ਕਿਸੇ ਹੋਰ ਨਾਲ ਸਾਂਝਾ ਨਾ ਕਰਕੇ 'ਮੈਂ' ਪਾਤਰ ਨਾਲ ਸਾਂਝਾ ਕਰਦਾ ਹੈ।

ਜਿੰਦਰ ਨੇ ਆਪਣੇ ਬਹੁਤ ਸਾਰੇ ਬਿਰਤਾਂਤਕੀ ਵਰਤਾਰਿਆਂ ਵਿਚ ਪਰਿਵਾਰਕ ਰਿਸ਼ਤਿਆਂ ਵਿਚ ਉਪਜੇ ਮਾਨਸਿਕ ਤਣਾਓ ਤੇ ਵੱਧਦੇ ਪਾੜਿਆਂ ਦੀ ਬਾਤ ਵੀ ਪਾਈ ਹੈ ਕਿ ਅੱਜ ਦੀ ਪੀੜ੍ਹੀ ਸਵੈ ਕੇਂਦਰਿਤ ਤੇ ਸਵਾਰਥੀ ਹੋ ਸਿਰਫ਼ ਆਪਣੇ ਲਈ ਹੀ ਸੋਚਦੀ ਹੈ ।ਦੂਸਰਿਆਂ ਦੀਆਂ ਭਾਵਨਾਵਾਂ ਉਹਨਾਂ ਲਈ ਕੋਈ ਅਰਥ ਨਹੀਂ ਰੱਖਦੀਆਂ। ਇਸ ਸੰਦਰਭ ਵਿਚ ਉਸ ਦੀ ਕਹਾਣੀ ' ਡਰ' ਮਹਤੱਵਪੂਰਨ ਹੈ। ਪਾਠ ਵਿਚ 'ਮੈਂ' ਪਾਤਰ ਤੇ ਉਸ ਦੀ ਪਤਨੀ ਹਰ ਵੇਲੇ ਆਪਣੇ ਬੱਚਿਆਂ ਲਈ ਚਿੰਤਤ ਰਹਿੰਦੇ ਹਨ। ਪਰ ਬੱਚੇ ਕਿਸੇ ਗੱਲ ਦੀ ਕੋਈ ਪਰਵਾਹ ਨਾ ਕਰਦੇ ਮਨਮਰਜ਼ੀ ਨਾਲ ਜਿਉਣਾ ਲੋਚਦੇ ਹਨ। ਉਹਨਾਂ ਨੂੰ ਮਾਂ ਪਿਉ ਦੀ ਦਖ਼ਲਅੰਦਾਜ਼ੀ ਕਿਸੇ ਤਰ੍ਹਾਂ ਵੀ ਪਸੰਦ ਨਹੀਂ।

ਅਗਲਾ ਬਿਰਤਾਂਤ 'ਹਮਜ਼ਾਦ' ਇਕ ਕਲਰਕ ਦਾ ਬਿਰਤਾਂਤ ਸਿਰਜਦਾ ਹੈ, ਜਿਸ ਨੂੰ ਦਫ਼ਤਰ ਦੇ ਫ਼ਰਮੇ ਪੜ੍ਹਨ ਤੋਂ ਹੀ ਵਿਹਲ ਨਹੀਂ।ਉਸ ਨੂੰ ਫ਼ਰਮੇ ਪੜ੍ਹ ਪੜ੍ਹ ਪੈਸੇ ਕਮਾਉਣ ਦੀ ਹੌੜ ਜਿਹੀ ਲੱਗੀ ਰਹਿੰਦੀ ਹੈ।ਘਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਿੱਤੋਂ ਵੱਧ ਕੰਮ ਕਰਦਾ ਹੈ।ਮਕਾਨ ਬਣਾਉਣ ਖ਼ਾਤਰ ਲਏ ਕਰਜ਼ੇ ਨੂੰ ਉਤਾਰਨ ਲਈ ਕੰਮ ਵਿਚ ਰੁੱਝਿਆ ਬੀਵੀ ਤੇ ਬੱਚੇ ਵੱਲ ਵੀ ਕੋਈ ਧਿਆਨ ਨਹੀਂ ਦੇ ਪਾਉਂਦਾ ਹੈ। ਜਿਸ ਨਾਲ ਘਰ ਵਿਚ ਤਣਾਓ ਦੀ ਸਥਿਤੀ ਆਮ ਹੀ ਬਣੀ ਰਹਿੰਦੀ ਹੈ।ਅੱਜ

ਦਾ ਯੁੱਗ ਜਿਸ ਨੂੰ ਅਸੀਂ ਵਿਸ਼ਵ ਮੰਡੀ ਦਾ ਯੁੱਗ ਕਹਿੰਦੇ ਹਾਂ, ਵਿਚ ਬੰਦੇ ਨੂੰ ਪੈਸਾ ਕਮਾਉਣ ਲਈ ਕਈ ਤਰ੍ਹਾਂ ਦੇ ਪਾਪੜ ਵੇਲਣੇ ਪੈਂਦੇ ਹਨ।ਜਿਵੇਂ ਕਿ ਬਿਰਤਾਂਤਕੀ ਪਾਠ ਵਿਚ ਵਿਲਾਬਲ ਨੂੰ ਰੋਜ਼ੀ ਰੋਟੀ ਕਮਾਉਣ ਲਈ ਚਾਹ ਦੀ ਦੁਕਾਨ ਕਰਨੀ ਪੈਂਦੀ ਹੈ ਤੇ ਕਦੇ ਭਾਂਡਿਆਂ ਦੀ ।ਪਰ ਮੁਕਾਬਲੇ ਦੀ ਮੰਡੀ ਵਿਚ ਆਪਣੀ ਆਰਥਿਕ ਮੰਦਹਾਲੀ ਕਾਰਨ ਥੋੜ੍ਹੇ ਸਮੇਂ ਬਾਅਦ ਹੀ ਹਾਰ ਜਾਂਦਾ ਹੈ।

'ਰਫ਼ਤਾਰ' ਵੀ ਇਸੇ ਤਰ੍ਹਾਂ ਦੀ ਕਹਾਣੀ ਹੈ।ਕੇਂਦਰੀ ਪਾਤਰ ਪੂਨਮ ਜਿਸ ਨੇ ਕੰਪਿਊਟਰ ਮੈਨਟੇਨਸ ਵਿਚ ਬੀ.ਐਸ.ਸੀ ਕੀਤੀ ਹੋਈ ਹੈ।ਉਸ ਨੂੰ 15 ਹਜ਼ਾਰ ਦੀ ਨੌਕਰੀ ਦੀ ਆਫ਼ਰ ਵੀ ਬੜੀ ਥੋੜ੍ਹੀ ਲੱਗਦੀ ਹੈ।ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਉਹ ਸਭ ਤੋਂ ਅੱਗੇ ਲੰਘ ਜਾਣਾ ਚਾਹੁੰਦੀ ਹੈ।ਮੰਡੀਕਰਨ ਦੇ ਦੌਰ ਵਿਚ ਮਨੁੱਖ ਪੂੰਜੀ ਦਾ ਗ਼ੁਲਾਮ ਬਣ ਕੇ ਰਹਿ ਗਿਆ ਹੈ।ਜਿਥੇ ਰਿਸ਼ਤਿਆਂ ਦੀ ਵੀ ਕੋਈ ਅਹਿਮੀਅਤ ਨਜ਼ਰ ਨਹੀਂ ਆਉਂਦਾ।

ਇਹ 'ਕਦੇ ਫੋਨ ਕਰ ਲਿਆ ਕਰੀਂ" ਵਾਲੀ ਸਥਿਤੀ ਪੂਨਮ ਦੀ ਮਾਂ ਨੂੰ ਅਚੰਭਿਤ ਕਰ ਭੰਬਲਭੂਸੇ ਵਿਚ ਪਾ ਦੇਂਦੀ ਹੈ ਕਿ ਫਿਰ ਪੂਨਮ ਦਾ ਹਰਸੂਰਤ ਨਾਲ ਇਹ ਕਿਹੋ ਜਿਹਾ ਸੰਬੰਧ ਸੀ, ਕਿਉਂਕਿ ਉਸ ਨੇ ਇਸ ਤਰ੍ਹਾਂ ਦੀ ਖੁੱਲ੍ਹ ਖੇਡ ਆਪਣੇ ਜੀਵਨ ਵਿਚ ਕਦੇ ਵੀ ਨਹੀਂ ਵੇਖੀ ਸੀ। ਇਹ ਫਿਰ ਕਿਹੋ ਜਿਹਾ ਯੁੱਗ ਹੈ, ਜਿਸ ਵਿਚ ਰਿਸ਼ਤਿਆਂ ਦੇ ਨਿੱਘ ਦੀ ਲੋਚਾ ਕੁਝ ਹੋਰ ਹੀ ਅਰਥ ਰੱਖਦੀ ਹੈ।

ਇਸ ਤੋਂ ਇਲਾਵਾ ਬਿਰਤਾਂਤਕਾਰ ਨੇ ਦਲਿਤ ਤੇ ਦਮਿਤ ਦੀ ਬਾਤ ਵੀ ਪਾਈ ਹੈ।ਇਸ ਸੰਦਰਭ ਵਿਚ ਪਹਿਲੀ ਕਹਾਣੀ 'ਸੌਰੀ' ਵਾਚਣਯੋਗ ਹੈ।ਦਲਿਤ ਸਾਹਿਤ ਉਹ ਹੈ ਜੋ ਦਲਿਤ ਤੇ ਦਮਿਤ ਦੋਨਾਂ ਦੀ ਅਭਿਵਿਅਕਤੀ ਕਰਦਾ ਹੈ।ਜੋ ਵਿਦਰੋਹ ਤੇ ਸੰਘਰਸ਼ ਦਾ ਸਾਹਿਤ ਹੈ।ਜਿਸ ਦਾ ਕੇਂਦਰ ਬਿੰਦੂ ਮਾਨਵ ਹੈ।ਪਿਛਲੇ ਦੋ ਕੁ ਦਹਾਕਿਆਂ ਤੋਂ ਪੰਜਾਬੀ ਕਹਾਣੀ ਵਿਚਲਾ ਦਲਿਤ ਪਰਿਪੇਖ ਬੜੇ ਸ਼ਕਤੀਸ਼ਾਲੀ ਰੂਪ ਵਿਚ ਉੱਭਰ ਕੇ ਸਾਹਮਣੇ ਆਇਆ ਹੈ।ਹਾਸ਼ੀਆਗਤ ਲੋਕਾਂ ਦੀਆਂ ਸਮਾਜਿਕ ਯਥਾਰਥ ਦੀਆਂ ਵਿਭਿੰਨ ਪਰਤਾਂ ਸਮੇਂ ਨਾਲ ਸੰਵਾਦ ਰਚਾ ਨਵੀਨ ਦਿਸਹੱਦੇ ਸਿਰਜਦੀਆਂ ਹਨ। ਸਰਮਾਏਦਾਰੀ ਪ੍ਰਬੰਧ ਵਿਚ ਦਲਿਤ ਮਨੁੱਖ ਨੂੰ ਮਿਲੀ ਆਰਥਿਕ ਸੰਪੰਨਤਾ ਨੇ ਉਸ ਅੰਦਰ ਮੌਕਾਪ੍ਰਸਤੀ, ਸਵਾਰਥ,ਮੱਧਵਰਗੀ ਕੁਰੁੱਚੀਆਂ, ਆਪਣੀ ਜਾਤੀਗਤ ਹੀਣਤਾ ਦੇ ਮਾਰੇ ਜਾਤ ਗੋਤ ਲੁਕਾਉਣ ਦੀ ਜੋ ਭਰਮ ਚੇਤਨਾ ਅਤੇ ਦੁਬਿਧਾ ਦਵੰਦ ਉਤਪੰਨ ਕੀਤਾ ਹੈ।ਬਿਰਤਾਂਤਕਾਰ ਉਸ ਨੂੰ ਵੀ ਕਾਟੇ ਹੇਠ ਲਿਆਉਂਦਾ ਹੈ।ਹਥਲੀ ਕਹਾਣੀ 'ਸੌਰੀ' ਵਿਚ ਵੀ ਦਲਿਤ ਤੇ ਦਮਿਤ ਨਾਲ ਸੰਬੰਧਤ ਪਹਿਲਾ ਸਵਾਲ ਇਹ ਉਭਾਰਿਆ ਹੈ ਕਿ ਕਿਵੇਂ ਸ਼ਹਿਰਾਂ ਵਿਚ ਪੜ੍ਹੇ ਲਿਖੇ ਲੋਕਾਂ ਵਿਚ ਰਹਿੰਦਿਆਂ ਵੀ ਉਹਨਾਂ ਨੂੰ ਜਾਤੀਗਤ ਵਿਤਕਰਿਆ ਦਾ ਸਾਹਮਣਾ ਕਰਨਾ ਪੈਂਦਾ ਹੈ।ਮਿਸਜ਼ ਸਿੰਘ ਤੇ ਤਿਵਾੜੀ ਨਾਲ ਵਾਲੇ ਨੌਕਰ ਕੁਆਟਰ ਵਿਚ ਰਹਿ ਰਹੀ ਬੰਤੀ ,ਜਿਸ ਦਾ ਪਤੀ ਚਪੜਾਸੀ ਹੈ, ਨੂੰ ਕੋਸਦੇ ਹਨ।ਗਾਲ੍ਹਮ ਗਾਲ੍ਹੀ ਹੁੰਦੇ ਉਸ ਦੇ ਬੇਟੇ ਦੇਸੇ ਨੂੰ ਚੋਰ ਦੱਸਦੇ ਹਨ।ਵਾਸਤਵ ਵਿਚ ਉਹਨਾਂ ਲੋਕਾਂ ਤੋਂ ਬੰਤੀ ਦੇ ਪੁੱਤਰ ਦੇਸ ਰਾਜ ਉਰਫ਼ ਦੇਸੇ ਦਾ ਪੜ੍ਹਾਈ ਵਿਚ ਹੁਸ਼ਿਆਰ ਹੋਣਾ ਸਹਿਨ ਨਹੀਂ ਹੁੰਦਾ ਕਿਉਂਕਿ ਉਹ ਲੋਕ ਨਹੀਂ ਚਾਹੁੰਦੇ ਕਿ ਦੇਸਾ ਪੜ੍ਹ ਲਿਖ ਕੇ ਉਹਨਾਂ ਦੇ ਬਰਾਬਰ ਆ ਜਾਵੇ। 'ਮੈਂ' ਪਾਤਰ ਲੱਧੜ ਸਾਹਿਬ ਜੋ ਖ਼ੁਦ ਨੀਵੀਂ ਜਾਤ ਨਾਲ ਸੰਬੰਧਤ ਹੈ, ਵੀ ਉੱਚ ਜਾਤੀ ਦੀ ਕੁੜੀ ਨਾਲ ਵਿਆਹ ਕਰਵਾ ਆਪਣੇ ਆਪ ਨੂੰ ਕਿਸਮਤ ਵਾਲਾ ਸਮਝਦਾ ਹੈ।ਆਪਣੇ ਬੇਟੇ ਦੇ ਨਾਂ ਨਾਲ ਵੀ ਆਪਣੀ ਪਤਨੀ ਦਾ ਗੋਤ 'ਗਿੱਲ' ਲਗਾਉਂਦਾ ਹੈ ਤੇ ਸ਼ਹਿਰ ਆ ਆਪਣੇ ਆਪ ਨੂੰ ਉੱਚ ਸ਼੍ਰੇਣੀ ਦੇ ਲੋਕਾਂ ਵਿਚ ਸਥਾਪਤ ਕਰ ਲੈਂਦਾ ਹੈ। ਉਹ ਜਾਤ ਗੋਤ ਛੁਪਾਉਣ ਦੇ ਚੱਕਰ ਵਿਚ ਚਾਹੁੰਦਿਆਂ ਹੋਇਆ ਵੀ ਬੰਤੀ ਦੀ ਮੱਦਦ ਨਹੀਂ ਕਰਦਾ। ਸਗੋਂ ਇਸ ਦੇ ਉਲਟ ਕਾਲੋਨੀ ਵਿਚ ਰਹਿ ਰਹੇ ਉੱਚ ਜਾਤੀ ਦੇ ਲੋਕਾਂ ਨਾਲ ਮਿਲ ਉਸ ਨੂੰ ਕੋਸਦਾ ਹੈ।



ਦੂਜੇ ਪਾਸੇ ਬੰਤੀ ਹੈ ਜੋ ਆਪਣੇ ਪੁੱਤਰ ਦਾ ਫ਼ਾਰਮ ਭਰਵਾਉਣ ਲੱਗਿਆਂ ਬੜੇ ਮਾਣ ਨਾਲ 'ਚਮਾਰ' ਲਿਖਵਾਉਂਦੀ ਹੈ।ਇਥੇ ਬਿਰਤਾਂਤਕਾਰ ਦਲਿਤ ਚੇਤਨਾ ਅਧੀਨ ਸਵੈਮਾਣ ਨਾਲ ਜਿਉਣ ਦਾ ਸੁਨੇਹਾ ਦੇਂਦਾ ਬੰਤੀ ਵਰਗਾ ਜੇਰਾ ਰੱਖਣ ਦੀ ਨਿਸ਼ਾਨਦੇਹੀ ਕਰਦਾ ਹੈ ।ਇਥੇ ਵਿਅੰਗ ਚਿਤਰ ਇਹ ਉੱਭਰਦਾ ਹੈ ਕਿ ਦਲਿਤਾਂ ਵਿਚ ਪੈਦਾ ਹੋ ਰਹੀ ਇਲੀਟ ਕਲਾਸ ਆਪਣੀਆਂ ਸਮਾਜਕ, ਆਰਥਿਕ ਤੇ ਰਾਜਨੀਤੀਕ ਲਾਲਸਾਵਾਂ ਦੀ ਪੂਰਤੀ ਹਿੱਤ ਆਪਣੇ ਹੱਥੀਂ ਵਿਹਾਜੇ ਫ਼ਲਸਫ਼ੇ ਨੂੰ ਤਿਲਾਂਜਲੀ ਦੇ ਸ਼ੋਸ਼ਕ ਦਾ ਹੀ ਪੱਖ ਪੂਰਦੀ ਹੈ।

'ਪਾਪ' ਕਹਾਣੀ ਵਿਚ ਜਾਤਪਾਤੀ ਵਿਤਕਰਿਆਂ ਦੇ ਨਾਲ ਔਰਤ ਦੇ ਸ਼ੋਸ਼ਣ ਦਾ ਸਵਾਲ ਵੀ ਉਠਾਇਆ ਗਿਆ ਹੈ।'ਮੈਂ' ਪਾਤਰ ਜਿਸ ਦਾ ਪੁੱਤਰ ਐਬਨੌਰਮਲ ਹੈ ਤੇ ਪਤੀ ਨੂੰ ਅਧਰੰਗ ਮਾਰਿਆ ਹੈ, ਨੂੰ ਆਪਣੀ ਗ੍ਰਹਿਸਥੀ ਜੀਵਨ ਪ੍ਰਤੀ ਫ਼ਰਜ਼ਾਂ ਨੂੰ ਪੂਰਿਆਂ ਕਰਨ ਲਈ ਕਈ ਤਰ੍ਹਾਂ ਦੀਆਂ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ।ਦਫ਼ਤਰ ਵਿਚ ਵੀ ਹਰ ਕੋਈ ਉਸ ਦੀ ਮਜ਼ਬੂਰੀ ਦਾ ਫ਼ਾਇਦਾ ਉਠਾਉਂਦਾ ਹੈ।ਇਥੋਂ ਤੱਕ ਕਿ ਉਸ ਨੂੰ ਆਪਣੀ ਬਦਲੀ ਰੁਕਵਾਉਣ ਲਈ ਬੌਸ ਨਾਲ ਰਾਤਾਂ ਬਿਤਾਉਣੀਆਂ ਪੈਂਦੀਆਂ ਹਨ।ਜਿਸ ਦੀ ਉਸ ਨੂੰ ਸਮਝ ਨਹੀਂ ਆਉਂਦੀ ਕਿ ਉਹ ਕੋਈ ਪਾਪ ਕਰ ਰਹੀ ਹੈ ਜਾਂ ਪੁੰਨ।ਦੂਜਾ ਸਰੋਕਾਰ ਜੋ ਇਸ ਵਰਤਾਰੇ ਵਿਚ ਉੱਭਰਦਾ ਹੈ, ਉਹ ਇਹ ਹੈ ਕਿ ਅੱਜ ਦੀ ਔਰਤ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਜਾਂ ਕਾਰਪੋਰੇਟ ਸੈਕਟਰ ਰਾਹੀਂ ਘਰ ਦੀ ਚਾਰ ਦੀਵਾਰੀ ਤੋਂ ਤਾਂ ਬਾਹਰ ਆਈ ਹੈ ਪਰ ਆਪਣੇ ਪਤਨੀ ਤੇ ਮਾਂ ਵਾਲੇ ਮੂਲ ਰੋਲ ਦੀਆਂ ਜ਼ਿੰਮੇਵਾਰੀਆਂ ਦੇ ਬੋਝ ਤੋਂ ਬਿਲਕੁਲ ਮੁਕਤ ਨਹੀਂ ਹੋ ਸਕੀ।

ਇਸੇ ਤਰ੍ਹਾਂ ਦਾ ਮਾਨਵੀ ਸ਼ੋਸ਼ਣ ਦਾ ਬਿਰਤਾਂਤ ' ਦੋ ਮਿੰਟ ਹੋਰ ਰੁਕ ਜਾ' ਕਹਾਣੀ ਵਿਚ ਉੱਭਰਦਾ ਹੈ।'ਮੈਂ' ਪਾਤਰ ਦਿਨ ਰਾਤ ਜੀਅ ਜਾਨ ਨਾਲ ਹੱਡ ਭੰਨਵੀਂ ਮਿਹਨਤ ਕਰਨ ਦੇ ਬਾਵਜੂਦ ਵੀ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰੱਥ ਰਹਿੰਦਾ ਹੈ।ਸਵਾਰਥੀ ਤੇ ਹਓਮੈਂ ਨਾਲ ਭਰੀ ਮਾਲਕਣ ਦਿਹਾੜੀਦਾਰ ਸੇਮੇ ਤੋਂ ਵਗ਼ਾਰ ਕਰਵਾਉਣ ਤੋਂ ਵੀ ਨਹੀਂ ਹਿਚਕਦੀ ਸਗੋਂ ਦਿਹਾੜੀ ਪੂਰੀ ਹੋ ਜਾਣ ਤੋਂ ਬਾਅਦ ਵੀ ਉਸ ਨੂੰ ਫ਼ਾਲਤੂ ਦੇ ਕੰਮਾਂ ਵਿਚ ਲਗਾ ਕੇ ਉਸ ਦਾ ਸ਼ੋਸ਼ਣ ਕਰਦੀ ਹੈ। ਬਾਹਰੀ ਰੂਪ ਵਿਚ ਵੇਖਣ ਵਿਚ ਲੱਗਦਾ ਹੈ ਕਿ ਉਹ ਸੇਮੇ ਨਾਲ ਬੜੀ ਹਮਦਰਦੀ ਰੱਖਦੀ ਹੈ , ਜਦੋਂ ਕਿ ਵਾਸਤਵਿਕ ਸੱਚਾਈ ਇਹ ਕਿ ਉਹ ਆਪਣੀਆਂ ਗੱਲਾਂ ਵਿਚ ਵਰਗ਼ਲਾ ਕੇ ਉਸ ਦਾ ਸ਼ੋਸ਼ਣ ਕਰਦੀ ਹੈ। ਥੋੜ੍ਹੇ ਜਿਹੇ ਪੈਸਿਆਂ ਬਦਲੇ ਵਿੱਤੋਂ ਵੱਧ ਕੰਮ ਲਿਆ ਜਾਂਦਾ ਹੈ:

ਸਥਿਤੀ ਉਦੋਂ ਹੋਰ ਤਰਸਮਈ ਬਣ ਜਾਂਦੀ ਹੈ, ਜਦੋਂ ਸੇਮਾ ਮਾਲਕਣ ਦੇ ਕੰਮ ਕਰਦਾ ਇੰਨਾ ਲੇਟ ਹੋ ਜਾਂਦਾ ਹੈ ਕਿ ਉਦੋਂ ਤੱਕ ਬਜ਼ਾਰ ਵੀ ਬੰਦ ਹੋ ਜਾਂਦਾ ਹੈ ਤੇ ਬੱਚੇ ਨੂੰ ਬੂਟ ਲਿਆ ਕੇ ਦੇਣ ਦਾ ਵਾਅਦਾ ਅੱਜ ਫਿਰ ਮੁਲਤਵੀ ਕਰਨਾ ਪੈਂਦਾ ਹੈ।ਪਾਠ ਵਿਚ ਪੇਂਡੂ ਤੇ ਸ਼ਹਿਰੀ ਕਲਚਰ ਦਾ ਪ੍ਰਗਟਾਵਾ ਵੀ ਕੀਤਾ ਮਿਲਦਾ ਹੈ।ਅਜੋਕੇ ਸਮੇਂ ਵਿਚ ਨੈਤਿਕਤਾ ਤੇ ਪਰਉਪਕਾਰ ਦੀਆਂ ਮਾਨਤਾਵਾਂ ਮਨਫ਼ੀ ਹੋ ਰਹੀਆਂ ਹਨ 'ਤੁਸੀਂ ਨਹੀਂ ਸਮਝ ਸਕਦੇ' ਕਹਾਣੀ ਵਿਚ ਉਭਾਰਿਆ ਹੈ।ਲਾਲਾ ਮਜ਼ਦੂਰਾਂ ਤੋਂ ਕੰਮ ਤਾਂ ਪੂਰਾ ਲੈਂਦਾ ਹੈ ਪਰ ਬਦਲੇ ਵਿਚ ਮਜ਼ਦੂਰੀ ਪੂਰੀ ਨਹੀਂ ਦੇਂਦਾ।ਸੱਪਾਂ ਦੀਆਂ ਸਿਰੀਆਂ ਮਿੱਧ ਮਿੱਧ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਮਿਹਨਤ ਦਾ ਫ਼ਲ ਲਾਲਾ ਮਾਣਦਾ ਹੈ।ਜੋਗਿੰਦਰ ਕਾਰ ਡਰਾਇਵਰ ਤੋਂ ਟਰੈਕਟਰ ਡਰਾਇਵਰ ਬਣ ਸਾਰੇ ਕੰਮ ਧੰਦੇ ਬੜੀ ਇਮਾਨਦਾਰੀ ਨਾਲ ਕਰਦਾ ਹੈ ਪਰ ਫਿਰ ਵੀ ਉਸ ਦੀ ਨੇਕ ਨੀਤੀ ਤੇ ਸ਼ੱਕ ਕੀਤਾ ਜਾਂਦਾ ਹੈ

'ਆਤਮ ਪੁਰਾਣ' ਇਕ ਫ਼ਿਲਾਸਫ਼ੀਕਲ ਕਹਾਣੀ ਹੈ।ਔਰਤ ਮਰਦ ਵਿਚ ਦੂਰੀਆਂ ਦੀ ਜੜ੍ਹ ਦੇ

ਕੀ ਕਾਰਨ ਹਨ? ਮਰਦ ਔਰਤ ਤੋਂ ਕਿਉਂ ਡਰਦਾ ਹੈ? ਜਾਂ ਔਰਤ ਤੇ ਮਰਦ ਇਕ ਦੂਜੇ ਤੋਂ ਕਿਉਂ ਡਰਦੇ ਹਨ? ਅਨੇਕਾਂ ਅਜਿਹੇ ਸਵਾਲ ਹਨ ਜਿਹਨਾਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਾਠ ਵਿਚ ਤਿੰਨ ਔਰਤਾਂ ਦਾ ਆਤਮ ਪੁਰਾਨ ਹੈ ਜੋ ਆਪੋ ਆਪਣੇ ਤਰੀਕੇ ਨਾਲ ਜ਼ਿੰਦਗੀ ਬਤੀਤ ਕਰਦੀਆਂ ਸੰਤਾਪ ਹੰਢਾਉਂਦੀਆਂ ਹਨ।ਜੀਵਨ ਦੇ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਦੀਆਂ ਜਿੰਦਗੀ ਤੋਂ ਭਾਂਜ ਨਹੀਂ ਖਾਂਦੀਆਂ।

ਪਾਠ ਵਿਚਲਾ ਕਲਾਤਮਕ ਪੱਖ ਵੀ ਮਹਤੱਵਪੂਰਨ ਹੈ।ਉੱਤਮ ਪੁਰਖੀ ਵਿਧੀ ਵਿਚ ਰਚੀ ਲੰਮੀ ਵੀ ਕਹਾਣੀ ਪਾਠਕ ਦਾ ਧਿਆਨ ਖਿੱਚਦੀ ਹੈ।ਦਿਲਚਸਪ ਵੇਰਵੇ ਰੋਚਕਤਾ ਭਰ ਪਾਠਕੀ ਮਨ ਨੂੰ ਧੂੰਹਦੇ ਚਲੇ ਜਾਂਦੇ ਹਨ।ਯਥਾਰਥਕ ਛੋਹਾਂ ਨਾਲ ਆਪਣੇ ਅਨੁਭਵ ਨੂੰ ਪੇਸ਼ ਕਰਨਾ ਜਿੰਦਰ ਦੀ ਕਹਾਣੀ ਕਲਾ ਦੇ ਅਹਿਮ ਲੱਛਣ ਹਨ।ਕਥਾ ਰਸ, ਮਨੋਵਿਗਿਆਨਕ ਛੋਹਾਂ, ਜੀਵਨ ਕਾਰਜ ਦੇ ਜੀਵੰਤ ਚਿੱਤਰ ਸਿਰਜਣਾ, ਵਿਅੰਗ ਵਿਧੀ, ਸੰਗਠਿਤ ਕਥਾਨਕ ਰਾਹੀਂ ਰਸ ਪੈਦਾ ਕਰਨਾ ਆਦਿ ਉਸ ਦੀਆਂ ਪ੍ਰਮੁੱਖ ਬਿਰਤਾਂਤਕ ਜੁਗਤਾਂ ਹਨ। ਕਹਾਣੀਆਂ ਵਿਚਲੇ ਬਹੁਤ ਸਾਰੇ ਵੇਰਵੇ ਲੇਖਕ ਦੇ ਆਪਣੇ ਵਿਅਕਤੀਤੱਵ ਤੇ ਨਿੱਜਤੱਵ ਦਾ ਵੀ ਪ੍ਰਗਟਾਵਾ ਕਰਦੇ ਭਾਸਦੇ ਹਨ। ਪਰ ਫ਼ਿਰ ਵੀ ਉਹ ਕਹਾਣੀ ਰਸ ਨਾਲ ਪਾਠਕ ਉੱਤੇ ਆਪਣੀ ਪਕੜ ਮਜ਼ਬੂਤ ਕਰਨ ਵਿਚ ਸਫ਼ਲ ਰਹਿੰਦਾ ਹੈ।ਕਹਾਣੀਆਂ ਵਿਚ ਪੜ੍ਹਨਯੋਗਤਾ ਹੈ। ਸਾਰੀਆ ਗੱਲਾਂ ਬੜੀ ਸਹਿਜਤਾ ਨਾਲ ਪੇਸ਼ ਹੁੰਦੀਆਂ ਹਨ।ਜਿਸ ਤੋਂ ਕਹਾਣੀ ਕਲਾ ਸੰਬੰਧੀ ਨਿਕਟ ਭਵਿੱਖ ਵਿਚ ਵੀ ਬਹੁਤ ਸਾਰੀਆਂ ਸੰਭਾਵਨਾਵਾਂ ਜਾਗਦੀਆਂ ਹਨ।

## ਪੁਸਤਕ ਰੀਵਿਊ-ਸਰੋਜ





**ਪਰਵਾਸੀ ਪੰਜਾਬੀ ਸਾਹਿਤ ਸੰਦਰਭ ਕੋਸ਼ (ਭਾਗ ਛੇਵਾਂ-ਕਹਾਣੀ)**
**ਡਾ. ਹਰਚੰਦ ਸਿੰਘ ਬੇਦੀ**
**ਪ੍ਰਕਾਸ਼ਕ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**
**ਮੁੱਲ 450, ਪੰਨੇ 423**

ਗੁਰੂ ਨਾਨਕ ਦੇਵ ਯੂਨੀ. ਵਲੋਂ ਸੈਂਟਰ ਫ਼ਾਰ ਇਮੀਗਰੈਂਟ ਸਟੱਡੀਜ਼ ਦੇ ਕੋਆਰਡੀਨੇਟਰ ਡਾ. ਬੇਦੀ , ਪਰਵਾਸੀ ਸਾਹਿਤ ਦੇ ਕੋਸ਼ ਪਿਛਲੇ ਕਾਫੀ ਸਾਲਾਂ ਤੋਂ ਤਿਆਰ ਕਰਨ ਲੱਗੇ ਹੋਏ ਹਨ। ਇਹ ਛੇਵਾਂ ਭਾਗ ਹੈ ਜਿਸ ਵਿਚ ਕਹਾਣੀ ਵਿਧਾ ਦੇ ਅੰਤਰਗਤ ਹਰ ਜਾਣਕਾਰੀ ਦਿੱਤੀ ਗਈ ਹੈ।118 ਪੰਨਿਆਂ ਦੀ ਲੰਮੀ ਭੂਮਿਕਾ ਵਿਚ ਡਾ. ਬੇਦੀ ਨੇ ਪਰਵਾਸ ਦੇ ਹਰ ਮਸਲੇ ਨਾਲ ਸੰਵਾਦ ਕਹਾਣੀ ਦੇ ਸੰਦਰਭ ਵਿਚ ਰਚਾਇਆ ਹੈ। ਗੌਲਣਯੋਗ ਭੂਮਿਕਾ ਵਿਚ ਪਰਵਾਸ ਨਾਲ ਜੁੜੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਉਪਰੰਤ ਹਰ ਲੇਖਕ ਦੀ ਪੁਸਤਕ ਦਾ ਵੇਰਵਾ, ਉਸ ਦੀ ਕਹਾਣੀ ਕਲਾ ਦਾ ਵਰਣਨ ਕੀਤਾ ਗਿਆ ਹੈ। ਜਿਸ ਵਿਚ ਹਰ ਲੇਖਕ ਦਾ ਕਹਾਣੀ ਸੰਗ੍ਰਹਿ, ਉਸ ਵਿਚ ਸਾਮਿਲ ਕਹਾਣੀਆਂ ਅਤੇ ਉਸ ਦੀ ਕਹਾਣੀ ਦ੍ਰਿਸ਼ਟੀ ਬਾਰੇ ਜ਼ਿਕਰ ਹੈ। ਅੰਤ ਵਿਚ ਇੰਡੈਕਸਾਂ ਦੀ ਸੂਚੀ ਹੈ-ਜਿਸ ਵਿਚ ਖੋਜੀ ਵਿਦਿਆਰਥੀਆਂ ਦੀ ਸਹੂਲਤ ਲਈ ਕਹਾਣੀ ਸੰਗ੍ਰਹਿ, ਲੇਖਕ, ਸਿਰਲੇਖ, ਪ੍ਰਕਾਸ਼ਨ ਆਦਿ ਅਧੀਨ ਵਰਗ ਵੰਡ ਕੀਤੀ ਗਈ ਹੈ। ਇਸ ਤਰ੍ਹਾਂ ਦੇ ਕੋਸ਼ ਸਰਕਾਰੀ ਅਦਾਰੇ ਹੀ ਤਿਆਰ ਕਰਵਾ ਸਕਦੇ ਹਨ। ਇਹ ਪੁਸਤਕ ਪਰਵਾਸੀ ਕਹਾਣੀ ਦੀ ਅਹਿਮ ਦਸਤਾਵੇਜ਼ ਹੈ ਜਿਹੜੀ ਖੋਜੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਕੰਮ ਆਵੇਗੀ।



**ਜਤਿੰਦਰ ਹਾਂਸ ਦੀ ਕਥਾ ਸੰਵੇਦਨਾ (ਸੰਪਾਦਕ ਡਾ. ਦਵਿੰਦਰ ਸਿੰਘ ਬੋਹਾ)**
**ਪ੍ਰਕਾਸ਼ਕ ਪੁਸਤਕ ਸੱਥ, ਕੋਟਕਪੂਰਾ**
**ਮੁੱਲ 125, ਪੰਨੇ 136**





ਜਤਿੰਦਰ ਹਾਂਸ ਪੰਜਾਬੀ ਦਾ ਚਰਚਾ ਵਿਚ ਰਹਿਣ ਵਾਲਾ ਕਹਾਣੀਕਾਰ ਹੈ। 'ਪਾਵੇਂ ਨਾਲ ਬੰਨ੍ਹਿਆ ਕਾਲ' ਕਿਤਾਬ ਦੀਆਂ ਕਹਾਣੀਆਂ ਨੇ ਪਾਠਕਾਂ ਦਾ ਧਿਆਨ ਖਿੱਚਿਆ ਸੀ। ਦੂਜੀ ਕਿਤਾਬ ਨਾਲ ਪਾਠਕਾਂ ਦੀ ਆਸ ਤੇ ਉਹ ਖਰਾ ਉਤਰਿਆ। ਇਸੇ ਕਿਤਾਬ ਤੇ ਹੱਥਲੀ ਆਲੋਚਨਾ ਪੁਸਤਕ ਸੰਪਾਦਤ ਕੀਤੀ ਗਈ ਹੈ। ਜਿਸ ਵਿਚ ਜੇ. ਬੀ. ਸੇਖੋਂ, ਡਾ. ਜਸਵਿੰਦਰ ਕੌਰ ਬਿੰਦਰਾ, ਡਾ. ਗੁਰਮੇਲ ਸਿੰਘ, ਲਾਲ ਸਿੰਘ, ਡਾ. ਨਛੱਤਰ ਖੀਵਾ, ਅਕਵਿੰਦਰ ਕੌਰ, ਕੁਲਦੀਪ ਸਿੰਘ ਦੀਪ, ਸਰਘੀ, ਡਾ. ਰਵੀ ਰਵਿੰਦਰ, ਪ੍ਰੇਮ ਪ੍ਰਕਾਸ਼ ਤੇ ਡਾ. ਸਤਿੰਦਰ ਸਿੰਘ ਨੂਰ ਨੇ ਹਾਂਸ ਦੀ ਕਹਾਣੀ ਦਾ ਵਿਸ਼ਲੇਸ਼ਣ ਕੀਤਾ ਹੈ। ਪਿੰਡ ਦੀ ਉਭਰ ਰਹੀ ਨਵੀਂ ਸੰਸਕ੍ਰਿਤੀ ਨੂੰ ਹਾਂਸ ਨੇ ਆਪਣੀਆਂ ਕਹਾਣੀਆਂ ਵਿਚ ਲੈ ਕੇ ਆਂਦਾ ਹੈ। ਜਿਸ ਵਿਚ ਰਿਸ਼ਤਿਆਂ ਦੀ ਟੁੱਟ ਭੱਜ ਅਤੇ ਨਾਰੀ ਉਭਾਰ ਨੂੰ ਸਮਾਜਿਕ ਸੰਦਰਭ ਵਿਚ ਪੇਸ਼ ਕੀਤਾ ਹੈ। ਨਵੇਂ ਕਹਾਣੀਕਾਰਾਂ ਤੇ ਆਲੋਚਨਾ ਦਾ ਕਾਰਜ ਹੋਣ ਲੱਗਾ ਹੈ ਇਸ ਨਾਲ ਲੇਖਕ ਦੀ ਕਲਮ ਨੂੰ ਉਤਸਾਹ ਮਿਲਦਾ ਹੈ।




**ਸਿਰਜਣਾ-ਸਮਾਲੋਚਨਾ (ਸੰਪਾਦਕ ਇੰਛੂਪਾਲ)**
**ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਲੁਧਿਆਣਾ**
**ਪੰਨਾ 184, ਮੁੱਲ 275**


ਇਹ ਪੁਸਤਕ ਜੰਮੂ ਕਸ਼ਮੀਰ ਵਿਚ ਲਿਖੀ ਜਾ ਰਹੀ ਕਹਾਣੀ ਦਾ ਵਿਸ਼ਲੇਸ਼ਣ ਕਰਦੀ ਹੈ। ਕਹਾਣੀ ਪਾਠ ਅਤੇ ਉਪਰੰਤ ਉਸ ਦੀ ਸਮਾਲੋਚਨਾ ਰਾਹੀ ਕਹਾਣੀ ਨੂੰ ਸਮਝਿਆ ਗਿਆ ਹੈ। ਕੰਵਲ ਕਸ਼ਮੀਰੀ, ਸਰਨ ਸਿੰਘ, ਗੁਰਚਰਨ ਸਿੰਘ ਗੁਲਸ਼ਨ, ਹਰਭਜਨ ਸਿੰਘ ਸਾਗਰ, ਭਗਵੰਤ ਕੌਰ ਦੀ ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਹਨ। ਨਾਲ ਹੀ ਇਕ ਇਕ ਕਹਾਣੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।




**ਮਕਾਨ (ਡੋਗਰੀ ਨਾਵਲ) ਓ. ਪੀ. ਸ਼ਰਮਾ ਸਾਰਥੀ, ਅਨੁ. ਇੰਛੂਪਾਲ**
**ਪ੍ਰਕਾਸ਼ਕ ਉਡਾਨ ਪਬਲੀਕੇਸ਼ਨਜ਼, ਮਾਨਸਾ**
**ਮੁੱਲ 120 ਰੁਪਏ, ਪੰਨੇ 80**

ਇਹ ਨਾਵਲ ਮਨੋਵਿਗਿਆਨ ਧਰਾਤਲ ਤੇ ਉਸਰਦਾ ਹੈ। ਜਿਸ ਵਿਚ ਇਕ ਪਾਤਰ ਜੋ ਕਿਰਾਏ ਦੇ ਮਕਾਨ ਵਿਚ ਰਹਿੰਦਾ ਹੈ, ਮਾਲਕ ਮਕਾਨ ਉਸ ਨੂੰ ਖਾਲੀ ਕਰਨ ਦਾ ਕਹਿ ਕੇ ਉਹਦੀ ਮਾਨਸਿਕਤਾ ਵਿਚ ਖ਼ਲਲ ਪਾਉਂਦਾ ਹੈ। ਮਕਾਨ ਇਕ ਚਿਹਨ ਹੈ ਜਿਹਦੇ ਆਲੇ ਦੁਆਲੇ ਨਾਵਲ ਦੇ ਪਾਤਰ ਦੀ ਮਾਨਸਿਕਤਾ ਉਸਰਦੀ ਹੈ। ਉਹਦੀਆਂ

ਸਿਮਰਤੀਆਂ ਮਕਾਨ ਦੇ ਹਰ ਅੰਗ ਨਾਲ ਜੁੜਦੀਆਂ ਹਨ। ਗਿਆਨ ਦਾ ਦਰਸ਼ਨ ਨਾਵਲ ਵਿਚ ਥਾਂ ਥਾਂ ਪਿਆ ਮਿਲਦਾ ਹੈ। ਨਾਵਲ ਵਿਚ ਇਕ ਕੁੜੀ ਪਾਤਰ ਆਉਂਦੀ ਹੈ ਜਿਹਦਾ ਨਾਂ ਲੇਖਕ ਮਾਇਆ ਰੱਖਦਾ ਹੈ। ਮਾਇਆ ਨੂੰ ਵੀ ਉਹ ਚਿਹਨ ਦੇ ਤੌਰ ਤੇ ਵਰਤਦਾ ਹੈ। ਮਕਾਨ ਵਿਚ ਪੋਥੀਆਂ ਭਾਵ ਕਿ ਕਿਤਾਬਾਂ ਭਾਵ ਕਿ ਗਿਆਨ ਪਿਆ ਹੈ। ਜਿਸ ਰਾਹੀਂ ਪਾਤਰ ਗਿਆਨ ਦਾ ਪਸਾਰ ਕਰਦਾ ਹੈ। ਜਗਤ ਨਾਂ ਦਾ ਪਾਤਰ ਵੀ ਅਰਥ ਭਰਪੂਰ ਹੈ। ਚੇਤਨਾ ਪ੍ਰਵਾਹ ਨਾਵਲ ਦਾ ਹਿਸਾ ਹੈ। ਯਥਾਰਥਵਾਦੀ ਧਰਾਤਲ ਤੋਂ ਦੂਰ ਮਨੋਵਿਗਿਆਨਕ ਧਰਾਤਲ ਤੇ ਲਿਖਿਆ ਚੰਗਾ ਨਾਵਲ ਹੈ।




**ਚਿਤਰਕਾਰ ਜਰਨੈਲ ਸਿੰਘ (ਹਰਭਜਨ ਸਿੰਘ ਹੁੰਦਲ)**
**ਐਮ. ਪੀ. ਪ੍ਰਕਾਸ਼ਨ, ਦਿੱਲੀ, ਮੁੱਲ 200 ਰੁਪਏ, ਪੰਨੇ 96**

ਜਰਨੈਲ ਸਿੰਘ ਪੰਜਾਬੀ ਸਭਿਆਚਾਰ ਨੂੰ ਚਿਤਰਨ ਵਾਲਾ ਰੰਗਾ ਨਾਲ ਪੰਜਾਬੀ ਜਨਜੀਵਨ ਦੀ ਕਹਾਣੀ ਕਹਿਣ ਵਾਲਾ ਪ੍ਰਸਿੱਧ ਚਿੱਤਰਕਾਰ ਹੈ। ਉਸ ਦੀ ਚਿੱਤਰਕਾਰੀ ਤੋਂ ਹਰ ਪੰਜਾਬੀ ਜਾਣੂ ਹੈ। ਪੰਜਾਬੀ ਦੇ ਕਵੀ ਹਰਭਜਨ ਸਿੰਘ ਨੇ ਉਨ੍ਹਾਂ ਚਿੱਤਰਾ ਦੇ ਸਭਿਆਚਾਰਕ ਪੱਖ, ਰੰਗਾ ਦਾ ਮਿਸ਼ਰਨ, ਪੁਰਾਣੇ ਪੰਜਾਬ ਜਾ ਜਨ ਜੀਵਨ, ਪੇਂਡੂ ਔਰਤਾਂ ਅਤੇ ਹੋਰ ਅਨੇਕਾਂ ਰਹੱਸਾਂ ਨੂੰ ਕੇਂਦਰ ਵਿਚ ਰੱਖ ਕੇ ਪੁਸਤਕ ਵਿਚ ਗੱਲ ਕੀਤੀ ਹੈ।





**ਨਿੱਕੇ ਵੱਡੇ ਮੈਟਰੋ (ਕਹਾਣੀ ਸੰਗ੍ਰਹਿ) ਬੀ. ਐਸ. ਬੀਰ**
**ਪ੍ਰਕਾਸ਼ਕ ਆਰਸ਼ੀ ਪਬਲਿਸ਼ਰਜ਼, ਦਿੱਲੀ,**
**ਮੁੱਲ 325, ਪੰਨੇ 215**

ਬੀ. ਐਸ ਬੀਰ ਦਾ ਇਹ ਨਵਾਂ ਕਹਾਣੀ ਸੰਗ੍ਰਹਿ ਹੈ। ਜਿਸ ਵਿਚ ਉਸ ਨੇ ਆਪਣੀਆਂ ਨਵੀਆਂ 22 ਕਹਾਣੀ ਨੂੰ ਸਾਮਿਲ ਕੀਤਾ ਹੈ। ਅਜੋਕੇ ਸਮੇਂ ਵਿਚ ਨਵੇਂ ਸਮਾਜ ਦੀ ਗੱਲ ਕਰਨ ਵਾਲਾ ਬੀਰ ਅਜਿਹਾ ਕਹਾਣੀਕਾਰ ਨੇ ਜਿਸ ਨੇ ਆਪਣੀ ਕਹਾਣੀ ਵਿਚ ਤਕਨੀਕ ਦੇ ਯੁੱਗ ਵਿਚ ਵਿਚਰ ਰਹੇ ਨਵੇਂ ਮਨੁੱਖ ਦੀ ਪਛਾਣ ਕੀਤੀ ਹੈ। ਕਿਵੇਂ ਉਸ ਦੀ ਸੰਵੇਦਨਾ ਮਸ਼ੀਨੀ ਦੌਰ ਵਿਚ ਬਦਲ ਰਹੀ ਹੈ। ਰਿਸ਼ਤਿਆਂ ਦਾ ਟੁੱਟਣਾ ਅਤੇ ਮਨੁੱਖ ਦਾ ਇਕੱਲਾ ਹੋਣਾ ਸ਼ਹਿਰ ਅਤੇ ਕਸਬਿਆਂ ਦਾ ਮਨੁੱਖ ਦਾ ਮਸ਼ੀਨ ਵਾਂਗ ਵਿਹਾਰ ਕਰਨਾ ਇਹ ਸਾਰੇ ਮੁੱਦੇ ਬੀਰ ਨੇ ਆਪਣੀਆਂ ਕਹਾਣੀਆਂ ਵਿਚ ਲੈ ਆਂਦੇ ਹਨ। ਬੀਰ ਸ਼ਹਿਰੀ ਮੱਧਵਰਗੀ ਪਾਤਰਾਂ ਵਿਚ ਵਿਚਰਨ ਵਾਲਾ ਕਹਾਣੀਕਾਰ ਹੈ। ਉਹ ਮਹਾਂਨਗਰੀ ਕਲਚਰ ਨੂੰ ਸਮਝਣ ਵਾਲਾ ਕਹਾਣੀਕਾਰ ਹੈ। ਮਹਾਨਗਰ ਵਿਚ ਟੁੱਟ ਰਿਹਾ ਮਨੁੱਖ ਕਹਾਣੀਆਂ ਦਾ ਵਿਸ਼ਾ ਹੈ। ਸਮਾਜ ਬਦਲ ਰਿਹਾ ਹੈ, ਵਿਸ਼ਵੀਕਰਨ ਦੇ ਬਜ਼ਾਰ ਵਿਚ ਬੰਦਾ ਮਨਫੀ ਹੋ ਰਿਹਾ ਹੈ, ਨੈਤਿਕਤਾ ਟੁੱਟ ਰਹੀ ਹੈ। ਬੀਰ ਇਨ੍ਹਾਂ ਦੀ ਸੰਵੇਦਨਾ ਵੀ ਫੜਦਾ ਹੈ।

**ਲਸਰਾਂ ਵਾਲਾ ਪਰਦਾ (ਕਹਾਣੀ ਸੰਗ੍ਰਹਿ) ਤਰਸਪਾਲ ਕੌਰ**
**ਪ੍ਰਕਾਸ਼ਕ ਸੰਗਮ ਪਬਲੀਕੇਸ਼ਨ, ਸਮਾਣਾ**
**ਮੁੱਲ 150 ਰੁਪਏ, ਪੰਨੇ 104**

ਤਰਸਪਾਲ ਕੌਰ ਪੰਜਾਬੀ ਦੀ ਨਵੀਂ ਕਹਾਣੀਕਾਰ ਹੈ। ਪੰਜਾਬੀ ਕਹਾਣੀ ਵਿਚ ਦਿਨੋਂ ਦਿਨ ਔਰਤ






ਕਹਾਣੀਕਾਰਾਂ ਦੀ ਗਿਣਤੀ ਘਟਦੀ ਜਾ ਰਹੀ ਹੈ। ਇਹ ਚੰਗੀ ਗੱਲ ਹੈ ਕਿ ਤਰਸਪਾਲ ਕੌਰ ਇਸ ਦੌਰ ਵਿਚ ਆਪਣੀ ਪਲੇਠੀ ਕਹਾਣੀਆਂ ਦੀ ਪੁਸਤਕ ਪਾਠਕਾਂ ਦੇ ਸਨਮੁੱਖ ਕਰ ਰਹੀ ਹੈ। ਇਹ ਲੇਖਿਕਾ ਉਸ ਦੌਰ ਦੀ ਕਹਾਣੀਕਾਰ ਹੈ ਜਿਸ ਵਿਚ ਔਰਤ ਦੀ ਸਥਿਤੀ ਕਾਫੀ ਬਦਲ ਗਈ ਹੈ। ਉਸ ਦੀਆਂ ਕਹਾਣੀਆਂ ਵਿਚ ਨਵੀਂ ਨਾਰੀ ਦਾ ਬਿੰਬ ਉਭਰ ਕੇ ਸਾਹਮਣੇ ਆਉਂਦਾ ਹੈ। ਤਰਸਪਾਲ ਕੌਰ ਦੇ ਪਾਤਰ ਨੈਤਿਕਤਾ ਵਿਚ ਬੱਝੇ ਹੋਏ ਹਨ। ਉਹ ਸਮਾਜ ਦਾ ਜੋ ਨੇਮ ਪ੍ਰਚਲੱਤ ਹਨ ਉਨ੍ਹਾਂ ਦੇ ਤਾਣੇ ਬਾਣੇ ਵਿਚ ਸਮਾਜ ਵਿਚ ਵਿਚਰਦੇ ਹਨ। 'ਪਿਆਰ' ਕਹਾਣੀ ਵਿਚ ਦੋ ਕਲਾਕਾਰ ਦਾ ਮਿਲਾਪ ਹੁੰਦਾ ਹੈ। ਜਿਹੜੀ ਉਨ੍ਹਾਂ ਦੀ ਕਲਾ ਹੁੰਦੀ ਹੈ ਉਹ ਲੋਕ ਪੱਖੀ ਹੁੰਦੀ ਹੈ। ਕਿਤਾਬ ਦੀ ਸਿਰਲੇਖ ਵਾਲੀ ਕਹਾਣੀ 'ਲਸਰਾਂ ਵਾਲਾ ਪਰਦਾ' ਵਿਚ ਉਹ ਨਾਰੀ ਦੇ ਹੱਕ ਵਿਚ ਖੜਦੀ ਹੈ। ਜਦੋਂ ਕਹਾਣੀ ਵਿਚ ਮਰਦ ਪਾਤਰ ਔਰਤ ਪਾਤਰ ਮਿਹਰ ਨੂੰ ਪਿਆਰ ਨਹੀਂ ਦਿੰਦਾ ਤਾਂ ਉਹ ਦੂਜੇ ਮਰਦ ਵੱਲ ਝੁਕ ਜਾਂਦੀ ਹੈ। 'ਨੰਦੂ ਕਬਾੜੀਆਂ' ਵਿਚ ਵੀ ਸਥਿਤੀ ਇਹੋ ਜਿਹੀ ਹੈ। ਜਿਸ ਵਿਚ ਮਰਦ ਪਾਤਰ ਆਪਣੀ ਪਤਨੀ ਕਵਿਤਾ ਨੂੰ ਪਿਆਰ ਤੋਂ ਵਿਹੂਣਾ ਕਰ ਦਿੰਦਾ ਹੈ ਤਾਂ ਇਕੱਲਤਾ ਨੂੰ ਭਰਨ ਲਈ ਨਿਮਨ ਵਰਗ ਦੀ ਲੜਕੀ ਨੂੰ ਅਪਣਾ ਲੈਂਦੀ ਹੈ। 'ਕਾਮਰੇਡ ਦੀ ਧੀ' ਕਹਾਣੀ ਖੱਬੇ ਪੱਖੀ ਸੋਚ ਰੱਖਣ ਵਾਲੇ ਲੋਕਾਂ ਤੇ ਤਿੱਖਾ ਵਿਅੰਗ ਹੈ। ਜਿਹੜੇ ਸਮਾਜ ਨੂੰ ਇਕ ਕਰਨ ਦਾ ਹੋਕਾ ਦਿੰਦੇ ਹਨ ਪਰ ਅੰਤਰਜਾਤੀ ਵਿਆਹ ਨੂੰ ਮਾਨਤਾ ਨਹੀਂ ਦਿੰਦੇ। ਤਰਸਪਾਲ ਕੌਰ ਦੀਆਂ ਕਹਾਣੀਆਂ ਦੇ ਪਾਤਰ ਸ਼ਹਿਰੀ ਮੱਧਵਰਗ ਦੇ ਪਾਤਰ ਹਨ। ਜਿਹੜੇ ਨਗਰਾ-ਮਹਾਂਨਗਰਾ ਵਿਚ ਵਿਚਰਦੇ ਹਨ। ਉਹਦੀਆਂ ਕਹਾਣੀਆਂ ਵਿਚ ਨਵੀਂ ਸੋਚ ਵਾਲੀ ਨਾਰੀ ਉਭਰਦੀ ਹੈ।




**ਮੈਂ ਤੇ ਮੇਰੀ ਖ਼ਾਮੋਸ਼ੀ (ਸ਼ਬਦ ਚਿੱਤਰ) ਜਸਵੀਰ ਸਿੰਘ ਰਾਣਾ**
**ਪ੍ਰਕਾਸ਼ਕ ਚੇਤਨਾ ਪ੍ਰਕਾਸ਼ਕ, ਲੁਧਿਆਣਾ**
**ਮੁੱਲ 175, ਪੰਨੇ 128**

ਜਸਵੀਰ ਰਾਣਾ ਪੰਜਾਬੀ ਦਾ ਪ੍ਰਤੀਨਿੱਧ ਕਹਾਣੀਕਾਰ ਹੈ। ਇਸ ਦੇ ਨਾਲ ਨਾਲ ਉਸ ਨੇ ਕੁਝ ਲੇਖਕਾਂ ਅਤੇ ਆਪਣੇ ਨੇੜੇ ਦੇ ਰਿਸ਼ਤੇਦਾਰਾਂ ਸਬੰਧੀ ਸ਼ਬਦ ਚਿੱਤਰ ਵੀ ਲਿਖੇ ਹਨ। ਇਨ੍ਹਾਂ ਸ਼ਬਦ ਚਿੱਤਰਾ ਨੂੰ ਪੜ੍ਹ ਕੇ ਕਿਹਾ ਜਾ ਸਕਦਾ ਹੈ ਕਿ ਉਸ ਕੋਲ ਕਿਸੇ ਦੀ ਸ਼ਖ਼ਸੀਅਤ ਨੂੰ ਉਗਾੜਨਾ ਦੀ ਨਿੱਗਰ ਕਲਾ ਹੈ। ਘਟਨਾਵਾਂ ਦਾ ਅਜਿਹਾ ਬਿਰਤਾਂਤ ਸਿਰਜਦਾ ਹੈ ਕਿ ਆਪ ਮੁਹਾਰੇ ਉਸ ਮੁੱਖ ਪਾਤਰ ਦਾ ਕੱਦ ਤੁਹਾਡੇ ਸਾਹਮਣੇ ਖੜਾ ਹੋ ਜਾਂਦਾ ਹੈ। ਮੋਹਨ ਭੰਡਾਰੀ , ਰਾਮ ਸਰੂਪ ਅਣਖੀ ਅਤੇ ਪ੍ਰੇਮ ਪ੍ਰਕਾਸ਼ ਦੇ ਸ਼ਬਦ ਚਿੱਤਰਾਂ ਵਿਚ ਉਨ੍ਹਾਂ ਦੀਆਂ ਲਿਖਤਾਂ ਚੋਂ ਉਸਰਦਾ ਕੱਦ, ਉਨ੍ਹਾਂ ਦੇ ਸੁਭਾ, ਅਤੇ ਸਾਹਿਤ ਪ੍ਰਤੀ ਪ੍ਰਤੀਬੱਧਤਾ ਦਾ ਪਤਾ ਲੱਗਦਾ ਹੈ।

ਇਸ ਪੁਸਤਕ ਦਾ ਦੂਜਾ ਪੱਖ ਬੱਗਾ ਮਾਮਾ ਦਾ ਲਿਖਿਆ ਸ਼ਬਦ ਚਿੱਤਰ। ਜਿਸ ਨੂੰ ਅਧਾਰ ਬਣਾ ਕੇ ਉਸ ਨੇ ਪਹਿਲਾਂ ਕਹਾਣੀ ਵੀ ਲਿਖੀ ਸੀ। ਬੱਗਾ ਪੰਜਾਬੀ ਸਭਿਆਚਾਰ ਦਾ ਜਿਉਂਦਾ ਜਾਗਦਾ ਹਰ ਥਾਂ ਮਿਲਣ ਵਾਲਾ ਪਾਤਰ ਹੈ। ਲੇਖਕ ਨੇ ਬੜਾ ਇਮਾਨਦਾਰੀ ਨਾਲ ਮਾਮਾ ਦੀ ਪੂਰੀ ਜ਼ਿੰਦਗੀ ਸਾਡੇ ਸਾਹਮਣੇ ਲਿਆ ਦਿੱਤੀ ਹੈ। ਇਹ ਇਕ ਚੰਗਾ ਮਾਸਟਰ ਪੀਸ ਹੈ। ਆਪਣੇ ਦੂਜੇ ਮਾਮੇ ਕੇਸਰ ਦਾ ਵੱਖਰਾ ਸ਼ਬਦ ਚਿੱਤਰ

ਲਿਖਿਆ ਹੈ। ਇਹ ਵੀ ਬੜਾ ਖਤਰਨਾਕ ਪਾਤਰ ਹੈ। ਜਿਸ ਦੀ ਜ਼ਿੰਦਗੀ ਦੇ ਅਨੇਕਾਂ ਪੱਖਾ ਨੂੰ ਲੇਖਕ ਸਾਡੇ ਸਾਹਮਣੇ ਲਿਆ ਰੱਖਦਾ ਹੈ। ਦੂਜੀ ਰਚਨਾ ਹੈ 'ਗੁਰਮੀਤ ਵੜੈਚ ਮੇਰਾ ਸਾਲਾ ਸੀ' ਜਿਸ ਵਿਚ ਲੇਖਕ ਨੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਨੂੰ ਚਿੱਤਰਿਆ ਹੈ। ਇਹ ਬੜਾ ਗੁੰਝਲਦਾਰ ਪਾਤਰ ਹੈ। ਜਿਸ ਦੇ ਚੰਗੇ ਮਾੜੇ ਪੱਖਾਂ ਨੂੰ ਸਾਡੇ ਸਾਹਮਣੇ ਰੱਖਿਆ ਹੈ। 'ਮੈਂ ਤੇ ਮੇਰੀ ਖ਼ਾਮੋਸ਼ੀ' ਲੇਖਕ ਦਾ ਸਵੈ ਚਿੱਤਰ ਹੈ। ਆਪਣੇ ਬਾਰੇ ਲਿਖਣਾ ਬੜਾ ਔਖਾ ਹੈ। ਇਹ ਲੇਖਕ ਦੀ ਸਮਰੱਥਾ ਤੇ ਇਮਾਨਦਾਰੀ ਤੇ ਨਿਰਭਰ ਕਰਦਾ ਹੈ ਕਿ ਉਸ ਨੇ ਰਚਨਾ ਵਿਚ ਵੀ ਕਿੰਨਾ ਆਪਣੇ ਆਪ ਨੂੰ ਨੰਗਾ ਕਰਨਾ ਹੈ। ਇਸ ਰਚਨਾ ਨੂੰ ਲੇਖਕ ਕਾਫੀ ਸਫ਼ਲ ਹੋਇਆ ਹੈ। ਉਹ ਨੇ ਆਪਣੇ ਸਾਡੇ ਚੰਗੇ ਮਾੜੇ ਪੱਖ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਰਾਣਾ ਦੀ ਇਹ ਪੁਸਤਕ ਇਸ ਲਈ ਪੜ੍ਹਨ ਵਿਚ ਦਿਲਚਸਪੀ ਪੈਦਾ ਕਰਦੀ ਹੈ ਕਿਉਂਕਿ ਉਸ ਨੇ ਵਿਕਸਨ ਦੇ ਤੱਤ ਇਨ੍ਹਾਂ ਰਚਨਾਵਾਂ ਵਿਚ ਮਰਨ ਨਹੀਂ ਦਿੱਤੇ।




**ਕਲਮ ਕਾਫ਼ਲਾ (ਸੰਪਾਦਕ ਦਰਸ਼ਨ ਸਿੰਘ ਆਸ਼ਟ)**
**ਪ੍ਰਕਾਸ਼ਕ ਸੰਗਮ ਪਬਲੀਕੇਸ਼ਨ, ਸਮਾਣਾ**
**ਮੁੱਲ 650, ਪੰਨੇ 664**


ਬਾਲ ਸਾਹਿਤਕਾਰ ਦਰਸਨ ਸਿੰਘ ਅਸ਼ਟ ਨੇ ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਨਾਲ ਜੁੜੇ ਲੇਖਕਾਂ ਦੀਆਂ ਰਚਨਾਵਾਂ ਨੂੰ ਸੰਪਾਦਤ ਕੀਤਾ ਹੈ। ਹਰ ਲੇਖਕ ਦੀ ਫੋਟੋ ਨਾਲ ਜੀਵਨ ਵੇਰਵਾ ਅਤੇ ਉਪਰੰਤ ਉਸ ਦੀਆਂ ਪ੍ਰਤੀਨਿੱਧ ਰਚਨਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਇਨ੍ਹਾਂ ਰਚਨਾਵਾਂ ਵਿਚ ਕਵਿਤਾ, ਗੀਤ, ਗ਼ਜ਼ਲ, ਮਿੰਨੀ ਕਹਾਣੀ ਅਤੇ ਛੋਟੇ ਲੇਖ ਦਿੱਤੇ ਹਨ। ਵੱਡ ਅਕਾਰੀ ਪੁਸਤਕ ਵਿਚ ਸਭਾ ਦੇ ਲੇਖਕਾਂ ਨੂੰ ਇਕ ਥਾਂ ਪੜ੍ਹ ਪਾਠਕ ਦੇ ਮਨ ਵਿਚ ਬੱਝਵਾ ਪ੍ਰਭਾਵ ਪੈਂਦਾ ਹੈ। ਕਿਰਪਾਲ ਸਿੰਘ ਕਸੇਲ, ਅਵਲ ਸਰਹੱਦੀ, ਸਤਵੰਤ ਕੈਂਥ, ਰਾਜਵੰਤ ਕੌਰ ਪੰਜਾਬੀ, ਰਵੇਲ ਸਿੰਘ ਭਿੰਡਰ, ਅਸ਼ਟ ਸਮੇਤ ਬਹੁਤ ਸਾਰੇ ਨਵੇਂ ਚਿਹਰਿਆਂ ਦੀਆਂ ਰਚਨਾਵਾਂ ਨੂੰ ਵੀ ਪ੍ਰਕਾਸ਼ਤ ਕੀਤਾ ਗਿਆ ਹੈ।




**ਖ਼ਾਲੀ ਥਾਵਾਂ (ਕਵਿਤਾ) ਅਜਾਇਬ ਸਿੰਘ ਹੁੰਦਲ**
**ਪ੍ਰਕਾਸ਼ਕ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**
**ਮੁੱਲ 120, ਪੰਨੇ 88**

ਹੁੰਦਲ ਪੰਜਾਬੀ ਦਾ ਪ੍ਰਤੀਨਿੱਧ ਸ਼ਾਇਰ ਹੈ। ਉਸ ਨੇ ਸਾਇਰੀ ਵਿਚ ਨਵੇਂ ਕਾਵਿ ਮੁਹਾਵਰੇ ਨਾਲ ਆਪਣੀ ਪਛਾਣ ਬਣਾਈ ਹੈ। ਇਸ ਨਵੇਂ ਕਾਵਿ ਸੰਗ੍ਰਹਿ ਵਿਚ ਉਸ ਨੇ ਸੂਖ਼ਮ ਅਹਿਸਾਸਾਂ ਨੂੰ ਆਪਣੀ ਕਵਿਤਾ ਵਿਚ ਪ੍ਰਗਟ ਕੀਤਾ ਹੈ। ਉਸ ਦੀ ਕਵਿਤਾ ਵਿਚ ਬੜੀ ਸਾਦਗੀ ਹੈ। ਕਾਵਿਤਾਵਾਂ ਵਾਲੀ ਕਾਪੀ ਚੰਗੀ ਨਜਮ ਹੈ। ਧੀ ਦੇ ਅਹਿਸਾਸ ਨੂੰ 'ਕਿੰਨਾ ਚੰਗਾ ਲੱਗਦਾ ਹੈ' ਕਵਿਤਾ ਵਿਚ ਪੇਸ਼ ਕੀਤਾ ਹੈ। ਕਵਿਤਾ ਦੇ ਅਹਿਸਾਸ ਨਿੱਕੇ ਤੇ ਤਿੱਖੇ ਹਨ। ਨਵੇਂ ਪੌਦੇ ਬਾਰੇ ਕਵਿਤਾ ਹੈ। ਨਾਰੀ ਮਨ ਨੂੰ ਪੇਸ਼ ਕਰਨ ਵਾਲੀਆਂ ਕਵਿਤਾਵਾਂ ਵੀ ਹਨ। ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਯਾਦਾਂ ਤੇ ਅਧਾਰਤ ਹਨ।






**ਅਜੇ ਨਾ ਗਿਣ (ਗ਼ਜ਼ਲਾਂ) ਅਜਾਇਬ ਸਿੰਘ ਹੁੰਦਲ**
**ਪ੍ਰਕਾਸ਼ਕ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**
**ਮੁੱਲ 120, ਪੰਨੇ 80**


ਕਵਿਤਾਂ ਵਾਂਗ ਹੁੰਦਲ ਦੀ ਗ਼ਜ਼ਲ ਵੀ ਡੂੰਘੇ ਅਹਿਸਾਸ ਵਾਲੀ ਹੈ। ਚੰਗੀ ਗ਼ਜ਼ਲ ਕਹਿਣ ਵਾਲਾ ਅਜਾਇਬ ਸਿੰਘ ਹੁੰਦਲ ਨੇ ਆਪਣੀ ਗ਼ਜ਼ਲ ਵਿਚ ਸੂਖ਼ਮ ਚਿਹਨ ਵਰਤੇ ਹਨ। ਇਕ ਇਕ ਸ਼ਿਅਰ ਅਰਥ ਭਰਪੂਰ ਹੈ। ਪੁਸਤਕ ਵਿਚ 74 ਗ਼ਜ਼ਲਾਂ ਹਨ। ਇਨ੍ਹਾਂ ਨੂੰ ਪੰਜਾਬੀ ਸਮਾਜ ਦੀ ਨਿੱਘਰ ਰਹੀ ਸਥਿਤੀ ਬਿਆਨ ਕੀਤੀ ਗਈ ਹੈ। ਕਵੀ ਉਨ੍ਹਾਂ ਲੋਕਾਂ ਨੂੰ ਆਪਣੇ ਸ਼ਿਆਰਾ ਰਾਹੀਂ ਜ਼ੁਬਾਨ ਦਿੰਦਾ ਹੈ ਜਿਹੜੇ ਮੋਨ ਹਨ।


## ਗ਼ਲਤ ਮਲਤ ਜ਼ਿੰਦਗੀ

(ਕਹਾਣੀ ਸੰਗ੍ਰਹਿ)

*ਕਹਾਣੀਕਾਰ*

**ਪਰਗਟ ਸਿੰਘ ਸਤੌਜ**




ਪਰਗਟ ਸਿੰਘ ਸਤੌਜ ਨੇ ਆਪਣੇ ਪਹਿਲੇ ਹੀ ਨਾਵਲ 'ਭਾਗੂ' ਨਾਲ ਆਪਣੀ ਲੇਖਣੀ ਦਾ ਲੋਹਾ ਮਨਵਾ ਲਿਆ ਸੀ। ਫਿਰ ਜਦੋਂ ਉਸਦਾ ਦੂਸਰਾ ਨਾਵਲ 'ਤੀਵੀਆਂ' ਛਪਿਆ ਤਾਂ ਹਰ ਪਾਸੇ ਉਸਦੀ ਖ਼ੂਬ ਚਰਚਾ ਹੋਈ। ਇਸ ਨਾਵਲ ਦੇ ਉਪਰੋਥਲੀ ਤਿੰਨ ਐਡੀਸ਼ਨ ਛਪੇ। ਉਸਦੀ ਲੇਖਣੀ ਦਾ ਹੀ ਕਮਾਲ ਹੈ ਕਿ ਉਸਨੇ ਬਹੁਤ ਥੋੜ੍ਹੇ ਸਮੇਂ ਵਿੱਚ ਬੜਾ ਵੱਡਾ ਪਾਠਕ ਵਰਗ ਆਪਣੇ ਨਾਲ ਜੋੜ ਲਿਆ ਹੈ। ਉਸਦੇ ਨਾਵਲਾਂ ਤੋਂ ਬਾਅਦ ਇਹ ਉਸਦਾ ਪਹਿਲਾ ਕਹਾਣੀ ਸੰਗ੍ਰਹਿ ਹੈ। ਇਹਨਾਂ ਕਹਾਣੀਆਂ ਵਿੱਚੋਂ ਕੁਝ ਕਹਾਣੀਆਂ ਹਿੰਦੀ, ਅੰਗਰੇਜ਼ੀ, ਉਰਦੂ ਅਤੇ ਰਾਜਸਥਾਨੀ ਵਿੱਚ ਅਨੁਵਾਦ ਹੋ ਕੇ ਚੰਗੀ ਚਰਚਾ ਬਟੋਰ ਚੁੱਕੀਆਂ ਹਨ। ਉਸਦੀਆਂ ਕਹਾਣੀਆਂ 'ਤੇ ਪਕੜ, ਪੇਸ਼ਕਾਰੀ ਅਤੇ ਵਿਸ਼ੇ ਬਾਰੇ ਇੱਥੇ ਕੁਝ ਕਹਿਣ ਦੀ ਲੋੜ ਨਹੀਂ, ਤੁਸੀਂ ਕਹਾਣੀਆਂ ਪੜ੍ਹ ਕੇ ਖੁਦ ਮਹਿਸੂਸ ਕਰ ਸਕਦੇ ਹੋ।

**ਪ੍ਰਕਾਸ਼ਕ**
**ਸੰਗਮ ਪਬਲੀਕੇਸ਼ਨ,**
**ਸਮਾਣਾ**
**ਸਫੇ-102, ਕੀਮਤ-130**